# ਸਭਹਨ ਕੇ ਸਿਰਮੌਰ

(ਸ੍ਰੀ ਸਤਿਗੁਰੂ ਰਾਮ ਸਿੰਘ ਜੀ - ਜੀਵਨੀ)

ਤਾਰਾ ਸਿੰਘ ਅਨਜਾਣ

ਐਵਿਸ ਪਬਲੀਕੇਸ਼ਨਜ਼
ਦਿੱਲੀ/ਪੰਜਾਬ

**Sabhan Ke Sirmor** *(A biography of Sh. Satguru Ram Singh Ji)*

*by*

Tara Singh Anjan

*All rights reserved. No part of this books may be reproduced, stored in a retrieval system, or transmitted in any form or by any means, electronic, mechanical, photocopying recording or otherwise without prior written permission from both Author and Publisher.*

**Avis Publications**

Delhi Off. : 12-B, Pleasure Garden Market, Chandni Chowk, Delhi-110066

Chd Off. : SCO : 9, Ist Floor, VIP Shopping Complex, Nr. Syndicate Bank. VIP Road, Zirakpur-140603 (Distt. S.A.S. Nagar)

email : avispublications@gmail.com

website : www.avispublications.com

ISBN : 978-93-844027-3-0

Edition : 2016

© All Rights Reserved

ਪ੍ਰਕਾਸ਼ਕ : ਐਵਿਸ ਪਬਲੀਕੇਸ਼ਨਜ਼

12-ਬੀ, ਪਲੱਈਅਰ ਗਾਰਡਨ ਮਾਰਕੀਟ,

ਚਾਂਦਨੀ ਚੌਕ, ਦਿੱਲੀ-110006

ਫ਼ੋਨ ਨੰ.: 9873237223, 8699844844

ਐਸ ਸੀ.ਓ.-9, ਵੀ.ਆਈ.ਪੀ. ਸ਼ਾਪਿੰਗ ਕੰਪਲੈਕਸ,

ਵੀ.ਆਈ.ਪੀ. ਰੋਡ, ਜ਼ੀਰਕਪੁਰ-140603 (ਮੋਹਾਲੀ) ਪੰਜਾਬ

ਫ਼ੋਨ ਨੰ.: 01762-652999, 9873237223

ਪ੍ਰਿੰਟਰ ਰਚਨਾ ਪ੍ਰਿੰਟਰਜ਼, ਦਿੱਲੀ-110006

ਸੈਟਿੰਗ ਗ੍ਰੈਫ਼ਿਕ ਡਿਜ਼ਾਇਨ ਹਾਊਸ, ਦਿਲਸ਼ਾਦ ਕਾਲੋਨੀ, ਦਿੱਲੀ-95

ਫ਼ੋਨ ਨੰ.: 9212589410, 9311041166

ਮੁੱਲ 350/-

ਪੂਜਨੀਕ ਪਿਤਾ

ਸੰਤ ਭਗਤ ਸਿੰਘ ਜੀ

ਦੀ

ਪਵਿੱਤਰ ਯਾਦ

ਨੂੰ

# ਮੁਖਬੰਦ

ਸਤਿਗੁਰੂ ਰਾਮ ਸਿੰਘ ਜੀ ਭਾਰਤ ਦੀ ਅਜੇਹੀ ਮਾਣਯੋਗ ਹਸਤੀ ਹਨ ਜਿਨ੍ਹਾਂ ਨੇ ਧਰਮ, ਦੇਸ ਅਤੇ ਸਭਿਆਚਾਰ ਦੇ ਖੇਤਰ ਵਿਚ ਵਡਮੁੱਲੀ ਸੇਵਾ ਕੀਤੀ, ਗ਼ਫਲਤ ਵਿਚ ਸੁੱਤੀ ਕੌਮ ਨੂੰ ਝੂਣ ਕੇ ਜਗਾਇਆ ਅਤੇ ਉਹਨੂੰ ਆਪਣੇ ਦੇਸ ਦੀਆਂ ਠੇਠ ਕਦਰਾਂ-ਕੀਮਤਾਂ ਨਾਲ ਜੋੜਿਆ। ਲੋਕਾਂ ਵਿਚ ਆਪਣੇ ਸਮੇਂ ਦੇ ਇਤਿਹਾਸ ਨਾਲ ਜਿਉਂਦਾ-ਜਾਗਦਾ ਸੰਬੰਧ ਸਥਾਪਿਤ ਕਰਨ ਦੀ ਚੇਤਨਾ ਜਗਾਈ, ਜਿਸਦੀ ਜੋਤ ਲਗਭਗ ਡੇਢ ਸਦੀ ਬੀਤਣ ਬਾਅਦ ਦੀ ਆਪਣੀ ਪਹਿਲੀ ਆਬ-ਤਾਬ ਨਾਲ ਜਗਦੀ ਪ੍ਰਤੀਤ ਹੁੰਦੀ ਹੈ। ਉਹਨਾਂ ਦੇ ਵਰੋਸਾਏ ਲੋਕ ਉਹਨਾਂ ਦੀ ਕਰਨੀ ਅਤੇ ਉਪਦੇਸ਼ ਦੇ ਜੀਵਿਤ ਨਕਸ਼ ਹਨ। ਕਿਸੇ ਵੀ ਧਰਮ ਦੀ ਪਰਮਾਣੀਕ ਪਛਾਣ ਉਸ ਧਰਮ ਨੂੰ ਮੰਨਣ ਵਾਲਿਆਂ ਰਾਹੀਂ ਹੀ ਪ੍ਰਾਪਤ ਹੋ ਸਕਦੀ ਹੈ। ਸਤਿਗੁਰੂ ਰਾਮ ਸਿੰਘ ਜੀ ਦੇ ਪੈਗਾਮ ਦੀ ਝਲਕ ਉਹਨਾਂ ਦੇ ਸਾਜੇ ਨਾਮਧਾਰੀ ਸਿੰਘਾਂ ਦੇ ਕਿਰਦਾਰ ਅਤੇ ਗੁਫ਼ਤਾਰ ਵਿਚ ਪਛਾਣੀ ਜਾ ਸਕਦੀ ਹੈ। ਸਰਲ ਸਿਧਾਂਤ ਤੇ ਸਵੱਛ ਰਹੁਰੀਤ ਉਹਨਾਂ ਦੇ ਦੋ ਪ੍ਰਮੁਖ ਲੱਛਣ ਹਨ। ਗੁਰੂ ਵਿਚ ਦ੍ਰਿੜ੍ਹ ਵਿਸ਼ਵਾਸ ਅਤੇ ਆਪਣੀ ਆਸਥਾ ਦਾ ਬੇਬਾਕ ਪ੍ਰਗਟਾਵਾ ਇਹਨਾਂ ਦੇ ਨਵੇਕਲੇ ਗੁਣ ਹਨ। ਇਸੇ ਕਾਰਨ ਹੀ ਇਹ ਕੂਕੇ ਨਾਮ ਨਾਲ ਵੀ ਪ੍ਰਸਿੱਧ ਹਨ।

ਨਾਮਧਾਰੀ ਪ੍ਰੰਪਰਾ ਦੇ ਹੀ ਇਕ ਸਿੰਘ, ਤਾਰਾ ਸਿੰਘ ਅਨਜਾਣ, ਨੇ ਸਤਿਗੁਰੂ ਰਾਮ ਸਿੰਘ ਦੇ ਜੀਵਨ ਅਤੇ ਕਰਨੀ ਨਾਲ ਸੰਬੰਧਿਤ ਦੋ ਸੌ ਤੋਂ ਉਪਰ ਸਫ਼ਿਆਂ ਦੀ ਇਹ ਕਿਤਾਬ ਲਿਖੀ ਹੈ ਜਿਸ ਵਿਚ ਜੀਵਨੀ ਤੋਂ ਇਲਾਵਾ ਇਤਿਹਾਸ ਦੀ ਜਾਣਕਾਰੀ ਮਿਲਦੀ ਹੈ ਅਤੇ ਕੂਕਿਆਂ ਦੀ ਜੀਵਨ-ਜਾਚ ਦਾ ਵੀ ਖਾਸਾ ਭਰਪੂਰ ਚਿਤਰ ਉਭਰਦਾ ਹੈ। ਵੀਰ ਅਨਜਾਣ ਨੂੰ ਮੈਂ ਪਿਛਲੇ ਪੰਦਰਾਂ ਸਾਲਾਂ ਤੋਂ ਜਾਣਦਾ ਹਾਂ। ਉਹ ਦਿੱਲੀ ਦੇ ਸਕੂਲਾਂ ਵਿਚ ਪੰਜਾਬੀ ਅਧਿਆਪਕ ਵਜੋਂ ਕੰਮ ਕਰਦੇ ਹਨ ਤੇ ਇਸੇ ਖੇਤਰ ਵਿਚ ਪੰਜਾਬੀ ਅਧਿਆਪਨ ਦੇ ਮੁਦਈ ਵਜੋਂ ਜਾਣੇ ਜਾਂਦੇ ਹਨ। ਲਿਬਾਸ ਉਹਨਾਂ ਦਾ ਠੇਠ ਨਾਮਧਾਰੀ, ਬੋਲੀ ਉਹਨਾਂ ਦੀ ਸਵੱਛ, ਆਪਣੇ ਬੋਲ ਦੇ ਪੱਕੇ। ਮੈਨੂੰ ਜਾਪਿਆ ਕਿ ਉਹਨਾਂ ਨੇ ਨਾਮਧਾਰੀ ਰਹਿਤ-ਬਹਿਤ ਨੂੰ ਹੀ ਪੰਜਾਬੀ ਅਧਿਆਪਨ ਦੇ ਖੇਤਰ ਵਿਚ ਉਤਾਰਿਆ ਹੈ। ਪੰਜਾਬੀਅਤ ਦੀ ਸੇਵਾ ਜਿਵੇਂ ਉਹਨਾਂ ਦੀ ਮਾਲਾ ਹੈ ਜਿਸਨੂੰ ਉਹ ਸਵਾਸ-ਸਵਾਸ ਫੇਰਦੇ ਰਹਿੰਦੇ ਹਨ। ਉਹ ਲੇਖਕ ਵੀ ਹਨ, ਇਸ ਗਲ ਦਾ ਜ਼ਿਕਰ ਉਹਨਾਂ ਕਦੀ ਨਹੀਂ ਕੀਤਾ।

ਅਸਲ ਵਿਚ ਆਪਣੇ ਆਪ ਨੂੰ ਜਤਾਉਣਾ ਉਹਨਾਂ ਦੀ ਜੀਵਨ-ਜਾਚ ਦਾ ਹਿੱਸਾ ਨਹੀਂ।

ਇਹ ਪੁਸਤਕ ਉਹਨਾਂ ਇਕਾਗਰ ਲਗਨ ਅਤੇ ਅਟੁੱਟ ਸ਼ਰਧਾ ਨਾਲ ਲਿਖੀ ਹੈ। ਸ਼ਰਧਾ ਵਿਚ ਵੀ ਆਪਣੀ ਕਿਸਮ ਦਾ ਸੰਤੁਲਨ ਹੈ। ਇਹ ਪੁਸਤਕ ਲਿਖਣ ਲਈ ਉਹਨਾਂ ਆਪ ਵੀ ਖ਼ਾਸਾ ਅਧਿਐਨ ਕੀਤਾ ਹੈ, ਪਰ ਕਿਸੇ ਵੀ ਥਾਂ ਆਪਣੀ ਵਿਦਵਤਾ ਦਾ ਵਿਖਾਲਾ ਪਾਉਣ ਦੀ ਕੋਸ਼ਿਸ਼ ਨਹੀਂ ਕੀਤੀ। ਇਹੋ ਹੀ ਇਕ ਚੰਗੇ ਲੇਖਕ ਦੀ ਨਿਸ਼ਾਨੀ ਹੈ। ਉਤਮ ਲੇਖਕ ਲਈ, ਸਤਿ ਅਤੇ ਸੁੰਦਰਤਾ ਉਸ ਤੋਂ ਬਾਹਰ ਸ੍ਰਿਸ਼ਟੀ ਵਿਚ ਫੈਲਿਆ ਹੈ ਜਿਸ ਨੂੰ ਉਹਨੇ ਆਪਣੇ ਅੰਦਰ ਲਿਜਾਣਾ ਹੁੰਦਾ ਹੈ। ਅਨਜਾਣ ਦੀ ਨਜ਼ਰ ਵਿਚ ਸਭ ਗੁਣ ਸਤਿਗੁਰੂ ਰਾਮ ਸਿੰਘ ਦੀ ਜ਼ਾਤ ਅਤੇ ਕਰਨੀ ਵਿਚ ਹਨ, ਲਿਖਤ ਇਹਨਾਂ ਗੁਣਾਂ ਦੇ ਨੇੜੇ ਢੁਕ ਕੇ ਬੈਠਣ ਦਾ ਉਪਰਾਲਾ ਹੈ। ਜੋ ਵੀ ਇਸ ਪੁਸਤਕ ਨੂੰ ਪੜ੍ਹੇਗਾ, ਉਹਨੂੰ ਇਕ ਮਹਾਂਪੁਰਖ ਦੇ ਨੇੜ ਦਾ ਅਹਿਸਾਸ ਹੋਵੇਗਾ। ਅਨਜਾਣ ਜੀ ਇਕ ਪਾਰਦਰਸ਼ੀ ਸ਼ੀਸ਼ੇ ਵਾਂਗ ਆਪਣੇ ਥਾਣੀ ਮਹਾਂਪੁਰਖਾਂ ਦੇ ਦਰਸ਼ਨ ਕਰਾ ਦੇਂਦੇ ਹਨ ਅਤੇ ਆਪਣੇ ਆਪ ਨੂੰ ਬਿਲਕੁਲ ਹੀ ਉਜਾਗਰ ਨਹੀਂ ਹੋਣ ਦੇਂਦੇ।

ਨਾਮਧਾਰੀ ਜੀਵਨ ਦੀ ਸਰਲਤਾ ਇਸ ਪੁਸਤਕ ਦੀ ਬੋਲੀ ਵਿਚ ਪ੍ਰਤੱਖ ਹੈ। ਬੋਲੀ ਸੁਗਮ, ਸੁਖੈਨ ਅਤੇ ਰਵਾਂ ਹੈ। ਇਹਨੂੰ ਪੜ੍ਹਨ ਲਗਿਆਂ ਕਿਤੇ ਵੀ ਦਿਮਾਗ਼ ਉਪਰ ਭਾਰ ਪਾਉਣ ਦੀ ਲੋੜ ਮਹਿਸੂਸ ਨਹੀਂ ਹੁੰਦੀ। ਇਹਨੂੰ ਪੜ੍ਹਦਿਆਂ ਮੈਨੂੰ ਨਾਮਧਾਰੀ ਸਮਾਜ ਬਾਰੇ, ਉਹਦੇ ਸਭਿਆਚਾਰਕ ਤੇ ਸਦਾਚਾਰਕ ਪੱਖ ਬਾਰੇ, ਵਿਸ਼ੇਸ਼ ਕਰਕੇ ਇਸਤ੍ਰੀ-ਜਾਤੀ ਪ੍ਰਤੀ ਉਹਨਾਂ ਦੇ ਵਿਹਾਰ ਬਾਰੇ ਕਈ ਖ਼ੂਬਸੂਰਤ ਨੁਕਤੇ ਪ੍ਰਾਪਤ ਹੋਏ ਹਨ। ਇਸ ਪੁਸਤਕ ਵਿਚ ਬਹੁਤ ਕੁਝ ਹੈ, ਧਰਮ-ਸਾਧਨਾਂ, ਦੇਸ-ਭਗਤੀ, ਸਮਾਜ-ਸੇਵਾ ਅਤੇ ਜੀਵਨ ਦੇ ਹੋਰ ਵੀ ਅਨੇਕਾਂ ਪੱਖ ਸਾਦਗੀ ਅਤੇ ਸੰਜੀਦਗੀ ਨਾਲ ਪੇਸ਼ ਹੋਏ ਹਨ।

ਪੰਜਾਬੀ ਸਭਿਆਚਾਰ ਦੇ ਪਾਠਕਾਂ ਨੂੰ ਮੈਂ ਨਿਰਸੰਕੋਚ ਸਿਫ਼ਾਰਸ਼ ਕਰਦਾ ਹਾਂ ਕਿ ਉਹ ਇਸ ਪੁਸਤਕ ਨੂੰ ਸਹਿਜ ਭਾਵ ਨਾਲ ਪੜ੍ਹਨ। ਉਹਨਾਂ ਨੂੰ ਇਸ ਵਿਚ ਬਹੁਤ ਕੁਝ ਅਜੇਹਾ ਮਿਲੇਗਾ ਜਿਸ ਦੀ ਉਹਨਾਂ ਨੂੰ ਆਧੁਨਿਕ ਗੁੰਝਲਦਾਰ ਜੀਵਨ ਵਿਚ ਬੜੀ ਲੋੜ ਹੈ।

ਸੀ-158, ਮਾਨਸਰੋਵਰ ਗਾਰਡਨ<br>ਨਵੀਂ ਦਿੱਲੀ<br>1986 ਈ.

**ਹਰਿਭਜਨ ਸਿੰਘ**<br>(ਡਾਕਟਰ)

ਦ੍ਵਾਦਸ ਪੁਰਖ ਹੈ ਆਦਿ ਸੇ ਸਭਹਨ ਕੇ ਸਿਰਮੌਰ।
ਸ਼ਕਤ ਅਨੰਤੀ ਆਇ ਹੈਂ ਆਦਿ ਇਹੈ ਨਹੀਂ ਔਰ।

—ਸ੍ਰੀ ਗੁਰਿੰਡ ਨਾਮਹ

# ਤਤਕਰਾ


| | | |
|---|---|---|
| 1. | ਆਗਮਨ | 13 |
| 2. | ਸੰਤ ਸਿਪਾਹੀ | 18 |
| 3. | ਕਿਰਤ ਤੇ ਚਿੰਤਨ | 24 |
| 4. | ਜੁਝਾਰੂ ਜਥੇਬੰਦੀ | 31 |
| 5. | ਕਾਫ਼ਲਾ ਵਧਦਾ ਗਿਆ | 42 |
| 6. | ਅਰਧ ਕੁੰਭੀ ਦਾ ਮੇਲਾ-ਹਰਿਦੁਆਰ | 48 |
| 7. | ਦਿਵਾਲੀ ਅੰਮ੍ਰਿਤਸਰ ਦੀ | 52 |
| 8. | ਘਰ ਘਰ ਰਾਮ ਸਿੰਘ | 56 |
| 9. | ਸੱਤਿਆਗ੍ਰਹਿ | 70 |
| 10. | ਮੁੜ ਅੰਮ੍ਰਿਤਸਰ | 77 |
| 11. | ਚੜ੍ਹਦੀ ਕਲਾ | 82 |
| 12. | ਕੌਮਾਂਤਰੀ ਸੰਬੰਧ | 93 |
| 13. | ਮਿਟੈ ਕਸਟ ਗਉਆਨ | 105 |
| 14. | ਸਿਰੁ ਦੀਜੈ ਕਾਣਿ ਨ ਕੀਜੈ | 132 |
| 15. | ਦੇਸ-ਨਿਕਾਲਾ | 159 |
| 16. | ਰਾਜਸੀ ਕੈਦੀ | 176 |
| 17. | ਦਮਨ ਚੱਕਰ | 196 |
| 18. | ਸਭਹਨ ਕੇ ਸਿਰਮੌਰ | 200 |
| 19. | ਸਤਿਗੁਰੂ ਜੀ ਦੇ ਬਾਈ ਸੂਬੇ | 206 |
| 20. | ਸਹਾਇਕ ਪੁਸਤਕਾਂ ਤੇ ਪਤ੍ਰਿਕਾਵਾਂ | 221 |

# ਆਗਮਨ

ਰਾਤ ਦਾ ਸਮਾਂ ਸੀ। ਮਾਘ ਦਾ ਮਹੀਨਾ ਸੀ। ਕਣੀਆਂ ਪੈ ਰਹੀਆਂ ਸਨ। ਠੱਕਾ ਵੱਜ ਰਿਹਾ ਸੀ। ਰਾਤ ਠੰਢੀ ਸੀ, ਰੱਜ ਕੇ ਠੰਢੀ। ਬਹੁਤੇ ਲੋਕ ਬੂਹੇ ਬਾਰੀਆਂ ਬੰਦ ਕਰਕੇ, ਰਜਾਈਆਂ ਵਿੱਚ ਨਿੱਘੇ ਹੋਏ ਪਏ ਸਨ। ਪਰ ਕੁਝ, ਆਪਣੇ ਮਹਿਬੂਬ ਦੇ ਉਡੀਕਵਾਨਾਂ, ਨੂੰ ਆਰਾਮ ਕਿੱਥੇ? ਉਹ ਬੇਚੈਨ ਸਨ, ਜਾਗ ਰਹੇ ਸਨ, ਬਾਹਰ ਫਿਰ ਰਹੇ ਸਨ, ਕੱਛਾਂ ਵਿੱਚ ਹੱਥ ਦੇ ਕੇ। ਠੱਕੇ ਦੀ ਮਾਰ ਤੋਂ ਬਚਣ ਲਈ ਕਦੀ ਬੋਹੜਾਂ-ਪਿੱਪਲਾਂ ਦੇ ਉਹਲੇ ਹੋ ਜਾਂਦੇ। ਨਜ਼ਰਾਂ ਪਿੰਡ ਦੇ ਰਾਹ ਤੇ ਟਿਕੀਆਂ ਹੋਈਆਂ ਸਨ। ਸ਼ਭ ਚੁਪ ਸਨ, ਮਾਲਾ ਫੇਰ ਰਹੇ ਸਨ, ਪਰ ਕਦੀ ਕਦੀ ਡੁਬ-ਡਬਾਈਆਂ ਅੱਖਾਂ ਨਾਲ ਇੱਕ ਦੂਜੇ ਵੱਲ ਵੇਖ ਲੈਂਦੇ ਤੇ ਫਿਰ ਨੀਵੀਂ ਪਾ ਲੈਂਦੇ, ਇੱਕ ਹਉਕਾ ਜਿਹਾ ਭਰਕੇ।

ਪਰ, ਇਹ ਕੀ? ਪੁਲਿਸ? ਇਸ ਵਿੱਚ ਸਬ-ਇਨਸਪੈਕਟਰ ਵੀ ਤੇ ਸਾਰੇ ਘੋੜ ਚੜ੍ਹੇ? ਉਹ ਪੁਲਿਸ ਨੂੰ ਵੇਖਕੇ ਡਰ ਗਏ, ਸਹਿਮ ਗਏ ਅਤੇ ਬਿਟ ਬਿਟ ਵੇਖਣਾ ਲੱਗੇ। ਕੋਈ ਰੁੱਖ ਉਹਲੇ ਹੋ ਗਿਆ, ਕੋਈ ਕੰਧ ਉਹਲੇ। ਮੂੰਹ ਵਿੱਚ ਉਂਗਲਾਂ ਪਾ ਲਈਆਂ। ਬੱਚੇ ਵੱਡਿਆਂ ਦੀਆਂ ਲੱਤਾਂ ਨੂੰ ਚੰਬੜ ਗਏ, ਵੱਡਿਆਂ ਇੱਕ ਦੂਜੇ ਦੇ ਮੋਢੇ ਤੇ ਹੱਥ ਰਖਿਆ, ਘੁਟਿਆ, ਕਸੀਸ ਵੱਟੀ ਤੇ ਠੰਢਾ ਸਾਹ ਛੱਡਿਆ, ਹੌਲੀ ਹੌਲੀ। ਪੁਲਿਸ ਨੇ ਕਿਸੇ ਨੂੰ ਕਿਹਾ ਕੁਝ ਨਹੀਂ, ਹਾਂ ਡੇਰੇ ਦੇ ਆਗੂਆਂ ਕੋਲੋਂ ਪੁਛ-ਪੜਤਾਲ ਕੀਤੀ ਅਤੇ ਫਿਰ ਉਹ ਵੀ ਪਿੰਡ ਨੂੰ ਆਉਂਦੇ ਰਾਹ ਵਲ ਵੇਖਣ ਲੱਗੇ।

ਅੱਧੀ ਰਾਤ ਨੂੰ ਸਫ਼ੈਦ ਬਸਤਰਾਂ ਵਿੱਚ, ਚਾਰ ਪੰਜ ਘੋੜ ਸਵਾਰ ਆਉਣ ਦਾ ਝਉਲਾ ਪਿਆ, ਉਹ ਨੇੜੇ ਆ ਗਏ। ਸ਼ਰਧਾਲੂਆਂ ਨੂੰ ਚਾਅ ਚੜ੍ਹ ਗਿਆ, ਇੱਕ ਨਸ਼ਾ ਜਿਹਾ ਆ ਗਿਆ, ਸਰੂਰ ਜਿਹਾ। ਉਹਨਾਂ ਨਮਸਕਾਰ ਕੀਤੀ। ਇੱਕ ਦੂਜੇ ਵੱਲ ਵੇਖਿਆ। ਸਭ ਦੇ ਚਿਹਰਿਆਂ ਤੇ ਰੌਣਕ ਸੀ।

ਘੋੜਸਵਾਰ ਡੇਰੇ ਲਾਗੇ ਆਏ, ਘੋੜਿਆਂ 'ਤੋਂ ਥਲੇ ਉੱਤਰੇ। ਸਬ-ਇਨਸਪੈਕਟਰ, ਸ਼ਾਹ ਵਲੀ ਸ਼ਾਹ ਅੱਗੇ ਹੋਇਆ, ਉਸ ਸ਼ਾਹੀ ਫੁਰਮਾਨ ਸੁਣਾਇਆ। ਸੁਰਖੀ ਘੋੜੀ

ਦੇ ਅਸਵਾਰ ਨੇ ਕੁਝ ਚਿਰ ਰੁਕਣ ਦਾ ਇਸ਼ਾਰਾ ਕੀਤਾ। ਗੁਰਦਿੱਤ ਸਿੰਘ ਨੂੰ ਗੱਡਾ ਤਿਆਰ ਕਰਨ ਦਾ ਹੁਕਮ ਹੋ ਗਿਆ, ਕਰਮੋ ਦੀ ਕਾਲੀ ਕੰਬਲੀ ਮੰਗਵਾਈ ਗਈ। ਚਾਰ ਸਰੀਰ ਗੱਡੇ ਤੇ ਬੈਠੇ ਤੇ ਕਿਹਾ, ਚਲੋ।

ਗੱਡਾ ਤੁਰ ਪਿਆ, ਅੱਗੇ ਸਿਪਾਹੀ, ਪਿੱਛੇ ਸਬ-ਇਨਸਪੈਕਟਰ। ਗੱਡੇ ਦੇ ਤੁਰਦਿਆਂ ਹੀ ਦਿਲ ਦਰਿਆਵਾਂ ਦੇ ਠੱਲ੍ਹੇ ਵਹਿਣ ਬੇਕਾਬੂ ਹੋ ਗਏ। ਲੋਕੀਂ ਭੁੱਬਾਂ ਮਾਰ ਕੇ ਰੋਣ ਲੱਗ ਪਏ, 'ਨਾ ਜਾਓ, ਨਾ ਜਾਓ', ਕਹਿੰਦੇ ਗੱਡੇ ਦੇ ਮਗਰ ਤੁਰਨ ਲੱਗੇ। ਉਨ੍ਹਾਂ ਦੀਆਂ ਕੂਕਾਂ, ਚੀਕਾਂ ਤੇ ਫਰਿਆਦਾਂ ਨੇ ਫ਼ਿਜ਼ਾ ਨੂੰ ਸੋਗੀ ਬਣਾ ਦਿੱਤਾ ਸੀ। ਕੇਸ ਗਲਾਂ ਵਿੱਚ, ਜ਼ਬਾਨ ਤੇ ਤਰਲਾ, ਹਾਲੋਂ ਬੇਹਾਲ ਅਤੇ ਅੱਖਾਂ ਵਿੱਚ ਹੰਝੂ ਸਨ। ਕੰਬਲੀ ਵਾਲੇ ਦਾ ਪਿਤਾ ਅੱਡ ਹੰਝੂ ਕੇਰ ਰਿਹਾ ਸੀ ਪਰਲ ਪਰਲ, ਭਰਾ ਅਡ ਦੀਦੇ ਸੁਜਾਈ ਫਿਰਦਾ ਸੀ ਰੋ ਰੋ ਕੇ, ਧੀ ਵਿਚਾਰੀ ਨੂੰ ਤਾਂ ਗਸ਼ਾਂ ਪੈ ਪੈ ਜਾਂਦੀਆਂ। ਉਸਦੇ ਦਿਵਾਨੇ ਡਿੱਗ ਡਿੱਗ ਪੈਂਦੇ, ਟਕਰਾਂ ਮਾਰਦੇ। ਸਭ ਦੇ ਦਿਲ ਨੂੰ ਰੁੱਗ ਭਰਿਆ ਗਿਆ ਸੀ।

ਕਿੱਥੇ ਚੱਲਿਆ ਸੀ? ਕਿਉਂ ਚੱਲਿਆ ਸੀ? ਕਿੰਨੇ ਚਿਰ ਵਾਸਤੇ ਚੱਲਿਆ ਸੀ? ਕਦ ਪਰਤਨਾ ਸੀ? ਕੋਈ ਨਹੀਂ ਸੀ ਜਾਣਦਾ। ਫਿਰ ਇਸ਼ਾਰਾ ਸਮਝ ਕੇ ਗੁਰਦਿੱਤ ਸਿੰਘ ਨੇ ਗੱਡਾ ਰੋਕ ਦਿੱਤਾ। ਕਾਲੀ ਕੰਬਲੀ ਵਾਲੇ ਨੇ ਬਿਹਬਲ ਦਿਵਾਨਿਆਂ ਨੂੰ ਰੁਕਣ ਲਈ ਕਿਹਾ ਤੇ ਧਰਵਾਸ ਦਿੱਤਾ, 'ਛੇਤੀ ਮੁੜ ਆਵਾਂਗਾ, ਹੌਸਲਾ ਰਖੋ ਤੇ ਗੱਡਾ ਤੋਰਨ ਦਾ ਇਸ਼ਾਰਾ ਦਿੱਤਾ। ਰੋਂਦਿਆਂ ਕੁਰਲਾਂਦਿਆਂ ਨੂੰ ਛੱਡ ਕੇ ਗੱਡਾ ਅੱਗੇ ਵਧ ਗਿਆ।

ਇਸ ਗੱਡੇ ਵਿੱਚ ਬੈਠੇ ਸਨ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਉਹਨਾਂ ਦੇ ਸੂਬੇ ਤੇ ਸੇਵਕ। ਅੰਗਰੇਜ਼ ਹਾਕਮਾਂ ਨੇ ਉਹਨਾਂ ਨੂੰ ਲੁਧਿਆਣੇ ਸੱਦਿਆ ਸੀ।

ਸਰਕਾਰ ਨੂੰ ਹੈਰਾਨੀ ਤੇ ਔਖਿਆਈ ਇਸ ਗੱਲ ਦੀ ਸੀ ਕਿ ਜਿਹੜੀ ਆਜ਼ਾਦੀ ਦੀ ਸ਼ਮ੍ਹਾਂ ਉਸਨੇ ਰਾਜ ਦਰਬਾਰਾਂ, ਮਹਿਲਾਂ, ਨਗਰਾਂ ਵਿੱਚ ਬੁਝਾ ਦਿੱਤੀ ਸੀ, ਉਹ ਫਿਰ ਭੈਣੀ ਪਿੰਡ ਦੇ ਕੱਚੇ ਕੋਠਿਆਂ ਵਿੱਚ ਕਿਵੇਂ ਬਲ ਪਈ? ਇਸ ਦੀ ਜ਼ੁੰਮੇਵਾਰੀ ਸਤਿਗੁਰੂ ਰਾਮ ਸਿੰਘ ਦੀ ਸੀ ਸੋ ਉਨ੍ਹਾਂ ਨੂੰ ਲੁਧਿਆਣੇ ਸੱਦਿਆ ਗਿਆ ਸੀ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਪ੍ਰਕਾਸ਼ ਸੰਮਤ 1872 ਬਿ:(1816 ਈ:) ਮਾਘ ਸੁਦੀ ਪੰਜਵੀਂ ਤੇ ਛੇਵੀਂ ਦੀ ਵਿਚਕਾਰਲੀ ਰਾਤ ਨੂੰ ਰਾਈਆਂ ਪਿੰਡ ਵਿੱਚ ਹੋਇਆ। ਆਪ ਜੀ ਦੇ ਪਿਤਾ ਬਾਬਾ ਜੱਸਾ ਸਿੰਘ ਤੇ ਮਾਤਾ ਸਦਾ ਕੌਰ ਸਨ। ਆਪ ਦੀਆਂ ਦੋ ਵੱਡੀਆਂ ਭੈਣਾਂ ਸਨ ਤੇ ਇਕ ਛੋਟਾ ਭਰਾ। ਆਪਦੇ ਦਾਦਾ ਲਧਾ ਸਿੰਘ ਨੂੰ ਪਿੰਡ ਵਾਲਿਆਂ ਸੇਪੀ ਕਰਨ ਲਈ ਲਿਆਂਦਾ ਸੀ। ਏਥੇ ਹੀ ਆਪ ਦੇ ਤਾਇਆ ਨੱਥਾ ਸਿੰਘ ਤੇ ਪਿਤਾ ਜੀ ਕੰਮ ਕਰਦੇ ਸਨ।

ਰਾਈਆਂ ਦੋ ਪੱਤੀਆਂ ਦੀ ਜ਼ਮੀਨ ਸੀ। ਇੱਕ ਪੱਤੀ ਨੇ ਜ਼ਮੀਨ ਦੂਰ ਪੈਣ ਕਰਕੇ ਨਵਾਂ ਪਿੰਡ ਬੰਨ੍ਹ ਲਿਆ, ਭੈਣੀ ਆਲਾ। ਇਹ ਪਿੰਡ ਉੱਜੜ ਗਿਆ ਤਾਂ ਦੂਜਾ ਪਿੰਡ ਵਸਾਇਆ ਗਿਆ, ਭੈਣੀ ਭੂੰਦੜ। ਏਸੇ ਪਿੰਡ ਦਾ ਨਾਂ ਹੁਣ ਸ੍ਰੀ ਭੈਣੀ ਸਾਹਿਬ ਹੈ, ਇਹ ਚੰਡੀਗੜ੍ਹ ਵਾਲੀ ਸੜਕ ਤੇ ਲੁਧਿਆਣੇ ਤੋਂ 25 ਕੁ ਕਿਲੋ ਮੀਟਰ ਦੂਰ ਹੈ।

ਭੈਣੀ ਭੂੰਦੜ ਦੇ ਜ਼ਿਮੀਂਦਾਰਾਂ ਨੂੰ ਨਿਤ ਦੇ ਲੁਹਾਰੇ ਤਰਖਾਣੇ ਕੰਮ ਕਰਵਾਉਣ ਲਈ ਨਾਲ ਦੇ ਪਿੰਡੀਂ ਜਾਣਾ ਪੈਂਦਾ ਸੀ। ਉਹਨਾਂ ਬਾਬਾ ਜਸਾ ਸਿੰਘ ਜੀ ਨੂੰ ਰਾਈਆਂ ਤੋਂ ਲਿਆਂਦਾ। ਕਿਉਂਕਿ ਆਪ ਨੂੰ ਉਚੇਚਾ ਲਿਆਂਦਾ ਗਿਆ ਸੀ ਤੇ ਹੈ ਵੀ ਆਪ ਸਾਧ ਬਿਰਤੀ ਵਾਲੇ ਹੀ ਸਨ ਸੋ, ਸਾਰੇ ਪਿੰਡ ਦੇ ਲੋਕ ਆਪ ਦਾ ਪੂਰਾ ਆਦਰ ਮਾਣ ਕਰਦੇ ਸਨ। ਐਨਸਾਈਕਲੋਪੀਡੀਆ ਬ੍ਰਿਟੇਨਕਾ ਅਨੁਸਾਰ,

"ਜਸਾ ਸਿੰਘ, ਇੱਕ ਤਰਖਾਣ ਤੇ ਕਿਸਾਨ, ਛੋਟੇ ਪੰਜਾਬੀ ਭਾਈ ਚਾਰੇ ਦਾ ਸਤਿਕਾਰਿਆ ਮੈਂਬਰ ਸੀ।"

ਸਤਿਗੁਰੂ ਰਾਮ ਸਿੰਘ ਜੀ ਨੇ ਭੈਣੀ ਸਾਹਿਬ ਹੀ ਆਪਣਾ ਬਚਪਨ ਗੁਜ਼ਾਰਿਆ। ਸੰਨ 1821 ਈ: ਵਿੱਚ ਆਪ ਜੀ ਦੀ ਕੁੜਮਾਈ ਧਰੋੜ ਜ਼ਿਲ੍ਹਾ ਲੁਧਿਆਣਾ ਦੇ ਸਾਹਿਬ ਸਿੰਘ ਦੀ ਲੜਕੀ ਜੱਸਾਂ ਨਾਲ ਹੋਈ। 1822 ਈ: ਵਿੱਚ ਆਪ ਦੀ ਸ਼ਾਦੀ ਵੀ ਵੈਦਿਕ ਰੀਤੀ ਨਾਲ ਕੀਤੀ ਗਈ। ਅਸਲ ਵਿੱਤ ਉਸ ਸਮੇਂ ਵਿਆਹ ਸ਼ਾਦੀ ਦੀ ਰਸਮ ਪੰਡਤਾਂ ਰਾਹੀਂ ਹੀ ਪੂਰੀ ਕੀਤੀ ਜਾਂਦੀ ਸੀ ਅਤੇ ਬਚਪਨ ਵਿੱਚ ਵੀ ਫੇਰੇ ਹੀ ਕਰ ਦਿੱਤੇ ਜਾਂਦੇ ਸਨ। ਆਪ ਦੇ ਬਾਕੀ ਭੈਣਾਂ ਭਰਾਵਾਂ ਦਾ ਵਿਆਹ ਵੀ ਏਸੇ ਰੀਤ ਅਨੁਸਾਰ ਹੀ ਹੋਇਆ।

ਆਪ ਦੇ ਮਾਤਾ ਜੀ ਵੀ ਬੜੇ ਸੁਘਣ ਸਿਆਣੇ ਸਨ। ਗੁਰਮੁਖੀ ਅੱਖਰਾਂ ਦਾ ਵੀ ਉਨ੍ਹਾਂ ਨੂੰ ਗਿਆਨ ਸੀ। ਸੋ ਮਾਤਾ ਜੀ ਨੇ ਆਪਨੂੰ ਗੁਰਮੁਖੀ ਅੱਖਰਾਂ ਦੀ ਪਛਾਣ ਕਰਵਾਈ। ਆਪ ਨੂੰ ਮਾਤਾ ਜੀ ਨੇ ਸ਼ਰਧਾ-ਭਗਤੀ ਅਤੇ ਪ੍ਰੇਮ-ਭਾਵ ਦੀਆਂ ਕਥਾਵਾਂ ਤੇ ਗਾਥਾਵਾਂ ਸੁਣਾ ਸੁਣਾ ਕੇ ਆਪ ਜੀ ਦੀ ਸੂਝ ਤੇ ਗਿਆਨ ਵਿੱਚ ਵਾਧਾ ਕੀਤਾ। ਮਾਤਾ ਜੀ ਨੇ ਆਪ ਨੂੰ ਪੂਜਾ ਪਾਠ ਕਰਨ ਵਲ ਵੀ ਪ੍ਰੇਰਿਆ। ਆਪ ਨਾਮ ਸਿਮਰਨ ਦਾ ਆਨੰਦ ਵੀ ਮਾਨਣ ਲੱਗੇ। ਕੁਝ ਚਿਰ ਲਈ ਆਪ ਧਾਰਮਿਕ ਗਿਆਨ ਤੇ ਵਿੱਦਿਆ ਪ੍ਰਾਪਤੀ ਲਈ ਬਿਲਗੇ ਸਾਧੂਆਂ ਦੇ ਡੇਰੇ ਵੀ ਭੇਜੇ ਗਏ।

1825 ਈ: ਤੋਂ ਆਪ ਨੇ ਘਰ ਦੇ ਕੰਮ ਕਾਰ ਨੂੰ ਹੱਥ ਪਾਉਣਾ ਸ਼ੁਰੂ ਕਰ ਦਿੱਤਾ। ਆਪ ਆਪਣੇ ਅੱਡੇ ਉੱਤੇ ਕਾਰੀਗਰੀ ਦੇ ਕੰਮ ਵਿੱਚ ਆਪਣੇ ਪਿਤਾ ਦਾ ਹੱਥ ਵਟਾਉਂਦੇ, ਮੰਜੀ ਪੀੜ੍ਹੀ ਠੋਕਦੇ, ਫ਼ਾਲ ਪੱਚਰ ਲਾਉਂਦੇ, ਰੰਬੇ ਦਾਤੀਆਂ ਠੱਪਦੇ, ਛਾਲੇ ਡੰਗਦੇ ਤੇ ਹੋਰ ਨਿੱਕਾ ਮੋਟਾ ਸਾਮਾਨ ਬਣਾਉਂਦੇ।

ਆਪ ਘਰ ਦਾ ਡੰਗਰ ਵੱਛਾ ਚਾਰਨ ਵੀ ਬਾਹਰ ਲੈ ਜਾਂਦੇ। ਆਪ ਦੇ ਨਾਲ ਬਾਕੀ ਵਾਗੀ ਮੁੰਡੇ ਵੀ ਹੁੰਦੇ, ਉਹ ਆਪਣੇ ਡੰਗਰ ਖੁਲ੍ਹੇ ਛਡਕੇ ਰੁੱਖਾਂ ਦੀ ਛਾਂਵੇ ਬੈਠੇ ਰਹਿੰਦੇ ਜਾਂ ਕੋਈ ਖੇਡ, ਕਰਾਨ ਡੰਡਾ, ਬਾਰਾਂ ਟਾਹਣੀ, ਆਦਿ ਖੇਡਣ ਲੱਗ ਜਾਂਦੇ। ਪਰ ਆਪ ਉਨ੍ਹਾਂ ਤੋਂ ਨਵੇਕਲੇ ਹੋ ਕੇ ਜਾਂ ਬੈਠ ਕੇ ਭਜਨ ਬੰਦਗੀ ਕਰਦੇ ਜਾਂ ਸ਼ਬਦ ਪੜ੍ਹਦੇ। ਕਈ ਵਾਰ ਦੂਜੇ ਵਾਗੀਆਂ ਨੇ ਆਪ ਨੂੰ ਇਕਾਗਰ ਚਿਤ ਹੋਇਆਂ ਵੇਖਿਆ। ਉਹ ਆਪ ਤੋਂ ਪ੍ਰਭਾਵਤ ਹੋਏ। ਉਨ੍ਹਾਂ ਆਪ ਨੂੰ ਉਹਨਾਂ ਨੂੰ ਵੀ ਆਪਣੇ ਪਾਸੇ ਲਾਉਣ ਲਈ ਤਰਲਾ ਕੀਤਾ। ਆਪ ਉਨ੍ਹਾਂ ਤੇ ਬੜੇ ਖੁਸ਼ ਹੋਏ। ਰੱਸੀਆਂ ਲਈਆਂ, ਉਹਨਾਂ ਨੂੰ ਗੰਢਾ ਮਾਰੀਆਂ, ਮਾਲਾ ਬਣਾਈਆਂ ਅਤੇ ਸਾਥੀਆਂ ਦੇ ਹੱਥਾਂ 'ਚ ਫੜਾ ਦਿੱਤੀਆਂ। ਸਾਰੇ ਬੈਠ ਕੇ ਸਿਮਰਨ ਕਰਨ ਲੱਗੇ। ਇਹ ਉਨ੍ਹਾਂ ਦਾ ਨਿਤਨੇਮ ਬਣ ਗਿਆ।

ਪੁੱਤਰ ਨੂੰ ਵੱਡਾ ਹੁੰਦਾ ਵੇਖ ਕੇ ਜਿੱਥੇ ਪਿਤਾ ਫੁੱਲਿਆ ਨਾ ਸਮਾਉਂਦਾ ਉਥੇ ਆਪਣਾ ਕੰਮ ਵਧਾਉਣ ਦੀਆਂ ਵਿਉਂਤਾਂ ਵੀ ਬਣਾਉਣ ਲੱਗਾ। ਉਸਨੇ ਜ਼ਮੀਨ ਹਿੱਸੇ ਤੇ ਲੈ ਲਈ। ਵਾਹੀ ਦਾ ਕੰਮ ਸ਼ੁਰੂ ਕਰ ਦਿੱਤਾ। ਆਪਣੇ ਪੁੱਤਰ ਨੂੰ ਹਲ ਦੀ ਜੰਘੀ ਫੜਾ ਦਿੱਤੀ। ਸਤਿ ਬਚਨੀ ਪੁੱਤਰ ਹੁਣ ਵਾਹੀ ਦੇ ਕੰਮ ਵਿੱਚ ਡਟੇ ਗਿਆ।

ਗੁਰੂ ਰਾਮ ਸਿੰਘ ਜੀ ਕਸਰਤ ਕਰਦੇ। ਆਪ ਘੋਲ, ਕਬੱਡੀ ਤੇ ਹੋਰ ਪੇਂਡੂ ਖੇਡਾਂ ਵਿੱਚ ਵੀ ਸਾਵਾਂ ਹਿੱਸਾ ਲੈਂਦੇ। ਇਸ ਸਮੇਂ ਹੀ ਆਪਦਾ ਇੱਕ ਮਿੱਤਰ ਬਣਿਆਂ ਲਹਿਣਾ ਸਿੰਘ। ਉਹ ਆਪ ਉੱਤੇ ਪੂਰਾ ਇਤਕਾਦ ਰੱਖਦਾ ਸੀ। ਉਹ ਆਪ ਜੀ ਦੀ ਕਾਰਗੁਜ਼ਾਰੀ ਤੇ ਖੁਸ਼ ਸੀ।

ਆਪ ਭਰ ਜੁਆਨ ਹੋਏ ਤਾਂ ਉੱਚੇ ਲੰਮੇ ਗਭਰੂ ਹੋ ਨਿੱਖਰੇ। ਆਪ ਦਾ ਸਰੀਰ ਭਰਵਾਂ ਸੀ, ਦਰਸ਼ਨੀ ਜਵਾਨ ਸਨ। ਆਪ ਵਲ ਤੱਕਿਆਂ ਭੁੱਖ ਲਹਿੰਦੀ ਸੀ। ਆਪ ਦਾ ਸਰੂ ਜਿਹਾ ਕੱਦ, ਲੰਮਾ ਨੱਕ, ਹੰਸ ਵਰਗੀ ਲੰਮੀ ਗਰਦਨ, ਚਮਕੀਲੇ ਨੈਣ, ਚੌੜਾ ਮੱਥਾ, ਬਰੀਕ ਤੇ ਨਾਜ਼ੁਕ ਬੁਲ੍ਹ, ਆਜ਼ਾਨ ਬਾਹੂ, ਛੋਟੀ ਗੋਲ ਦਾਹੜੀ, ਮੁਛਾਂ, ਭਰਵਾਂ ਚਿਹਰਾ, ਗੋਰਾ ਨਿਛੋਹ ਰੰਗ ਸੀ। ਜੋ ਵੀ ਆਪ ਵਲ ਨਜ਼ਰ ਭਰ ਕੇ ਵੇਖਦਾ ਦੈਵੀ ਪ੍ਰਭਾਵ ਕਬੂਲ ਕਰਦਾ।

ਆਪ ਜੀ ਦੇ ਗ੍ਰਹਿ ਵਿਖੇ ਦੋ ਬੱਚੀਆਂ ਅਤੇ ਇੱਕ ਬੱਚੇ ਨੇ ਜਨਮ ਲਿਆ। ਇਕ ਬੱਚੀ ਦਾ ਨਾਂ ਨੰਦ ਕੌਰ ਤੇ ਦੂਜੀ ਦਾ ਨਾਂ ਦਇਆ ਕੌਰ ਰੱਖਿਆ ਗਿਆ। ਆਪ ਦਾ ਪੁਤੱਰ ਛੋਟਾ ਹੁੰਦਾ ਹੀ ਗੁਜ਼ਰ ਗਿਆ।

1836 ਈਸਵੀਂ ਤੱਕ ਆਪਨੇ ਆਪਨੇ ਪਿੰਡ ਦੇ ਸਿਧੇ-ਸਾਦੇ, ਛਲਕਪਟ ਰਹਿਤ ਮਾਹੌਲ ਵਿੱਚ ਵਿਚਰ ਕੇ ਬਹੁਤ ਕੁਝ ਗ੍ਰਹਿਣ ਕੀਤਾ। ਆਲੇ ਦੁਆਲੇ ਤੋਂ ਸਿੱਖਣ ਲਈ ਬਾਬਾ ਜਸਾ ਸਿੰਘ ਦੀ ਦੁਕਾਨ ਹੀ ਸਭ ਤੋਂ ਚੰਗੀ ਥਾਂ ਸੀ।

ਉਥੇ ਹਰ ਤਰ੍ਹਾਂ ਦੇ ਲੋਕ ਆਉਂਦੇ। ਚੰਗੇ-ਮਾੜੇ, ਗਭਰੂ-ਬਜ਼ੁਰਗ, ਔਰਤਾਂ-ਮਰਦ, ਅਮੀਰ-ਗ਼ਰੀਬ, ਛੋਟੇ-ਵੱਡੇ, ਚਤੁਰ-ਚਲਾਕ, ਸਿਧੇ-ਸਾਦੇ, ਮਿਠ ਬੋਲੜੇ ਤੇ ਬੜਬੋਲੇ। ਸਭ ਦੀ ਗਲ-ਬਾਤ, ਚਾਲ-ਢਾਲ ਆਪਣਾ ਪ੍ਰਭਾਵ ਛੱਡਦੀ। ਕਈ ਤਾਂ ਕੰਮ ਕਰਵਾਉਣ ਆਉਂਦੇ ਤੇ ਕਈ ਬਿਰਧ ਗਲਾਂ-ਬਾਤਾਂ ਕਰਕੇ ਆਪਣਾ ਸਮਾਂ ਬਤੀਤ ਕਰਨ ਆਉਂਦੇ। ਦੁਖ-ਦਰਦ, ਔਖ-ਸੌਖ ਵੇਲੇ ਵੀ ਕਈ ਬਾਬਾ ਜੀ ਦੀ ਵੱਡਮੁਲੀ ਰਾਏ ਲੈਣ ਲਈ ਆਉਂਦੇ। ਆਪ ਨੇ ਇਸ ਪਵਿਤਰ ਪੇਂਡੂ ਵਾਤਾਵਰਨ ਤੋਂ ਜ਼ਿੰਦਗੀ ਭਰ ਕੰਮ ਆਉਣ ਵਾਲਾ ਬਹੁਤ ਕੁਝ ਸਿੱਖਿਆ। ਇਥੇ ਰਹਿ ਕੇ ਹੀ ਆਪ ਦਾ ਉੱਚਾ-ਸੁੱਚਾ ਚਰਿਤਰ ਨਿੱਤਰਿਆ ਤੇ ਨਿੱਖਰਿਆ।

ਐਮ. ਐਮ. ਆਹਲੂਵਾਲੀਏ ਦੇ ਸ਼ਬਦਾਂ ਵਿਚ, "ਪਿੰਡ ਦੇ ਪਵਿੱਤਰ ਵਾਤਾਵਰਨ ਵਿੱਚ ਮਾਤੇ ਮਾਂ-ਪਿਆਰ ਦੀ ਨਿੱਘੀ ਪਿਆਰੀ ਗੋਦ ਵਿੱਚ ਹੀ ਆਪਦਾ ਚਰਿੱਤਰ ਢਾਲਿਆ ਗਿਆ ਜਿਸ ਵਿੱਚ ਮਨੋਭਾਵਾਂ ਦੀ ਪਵਿਤਰਤਾ, ਕਰਮ ਦੀ ਉਤਕ੍ਰਿਸ਼ਟਤਾ ਅਤੇ ਅਗਵਾਈ ਦੀ ਨਿਰਭੈਤਾ ਖਾਸ ਗੁਣ ਸਨ।"

—ਕੂਕਾਜ਼

# ਸੰਤ ਸਿਪਾਹੀ

ਉਨੀਂਵੀਂ ਸਦੀ ਦੇ ਪਹਿਲੇ ਅੱਧ ਵਿੱਚ ਬਹੁਤੇ ਲੋਕ ਆਪਣੇ ਪਿੰਡ ਜਾਂ ਨਗਰ ਵਿੱਚ ਹੀ ਦਸਾਂ ਨਹੁੰਆਂ ਦੀ ਕਿਰਤ ਕਰਦੇ ਸਨ। ਘਰ ਦੇ ਸਾਰੇ ਜੀਅ ਇੱਕੋ ਚੁਲ੍ਹੇ ਉੱਤੇ ਪਕਾਉਂਦੇ ਖਾਂਦੇ ਅਤੇ ਇੱਕੋ ਅੱਡੇ ਉੱਤੇ ਕੰਮ ਕਰਦੇ ਸਨ, ਪਰ ਜੇ ਕਿਸੇ ਨੌਜਵਾਨ ਨੂੰ ਫ਼ੌਜ ਦੀ ਨੌਕਰੀ ਮਿਲ ਜਾਂਦੀ ਤਾਂ ਉਸ ਦੇ ਤੇ ਉਸ ਦੇ ਪਰਵਾਰ ਦੇ ਪੈਰ ਭੁੰਜੇ ਨਾ ਲਗਦੇ। ਪੰਜਾਬ ਵਿੱਚ ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜ ਦੀ ਨੌਕਰੀ ਤਾਂ ਸੋਨੇ ਤੇ ਸੁਹਾਗਾ ਸੀ। ਇਸ ਨਾਲ ਰੋਜ਼ਗਾਰ ਮਿਲਣ ਦੇ ਨਾਲ ਕੌਮ ਤੇ ਵਤਨ ਦੀ ਸੇਵਾ ਵੀ ਸਮਝੀ ਜਾਂਦੀ ਸੀ।

ਗੁਰੂ ਰਾਮ ਸਿੰਘ ਜੀ ਦੀ ਵੱਡੀ ਭੈਣ ਸਾਹਿਬ ਕੌਰ ਰਾਇ ਪੁਰ ਦੇ ਸ ਕਾਬਲ ਸਿੰਘ ਨਾਲ ਵਿਆਹੀ ਹੋਈ ਸੀ। ਸ. ਕਾਬਲ ਸਿੰਘ ਲਾਹੌਰ ਦਰਬਾਰ ਵਿੱਚ ਗੋਲਾ ਅੰਦਾਜ਼ ਸੀ। ਉਹ ਜਮਾਦਾਰ ਦੇ ਆਹੁਦੇ ਤੇ ਸੀ ਅਤੇ ਹੈ ਸੀ ਪੱਕ ਨਿਸ਼ਾਨਚੀ। ਉਹ ਛੁੱਟੀ ਆਇਆ ਤਾਂ ਭੈਣੀ ਸਾਹਿਬ ਵੀ ਮਿਲਣ ਗਿਆ। ਉਸ ਨੇ ਬਾਬਾ ਜੱਸਾ ਸਿੰਘ ਨਾਲ ਗੁਰੂ ਰਾਮ ਸਿੰਘ ਨੂੰ ਫ਼ੌਜ ਵਿੱਚ ਭਰਤੀ ਕਰਾਉਣ ਦੀ ਗੱਲ ਤੋਰੀ। ਉਹ ਬੜੇ ਖੁਸ਼ ਹੋਏ। ਜਾਂਦਾ ਹੋਇਆ ਸ. ਕਾਬਲ ਸਿੰਘ, ਗੁਰੂ ਰਾਮ ਸਿੰਘ ਨੂੰ ਨਾਲ ਹੀ ਲੈ ਗਿਆ।

1837 ਈਸਵੀ ਵਿੱਚ ਆਪ ਨੂੰ ਕੰਵਰ ਨੌ ਨਿਹਾਲ ਸਿੰਘ ਦੀ ਪਲਟਨ ਵਿੱਚ ਭਰਤੀ ਕਰਵਾ ਦਿੱਤਾ ਗਿਆ। ਜਿਸ ਰਜਮੈਂਟ ਵਿੱਚ ਆਪ ਸਨ, ਉਸ ਦ ਹਵਾਲਦਾਰ ਕਾਹਨ ਸਿੰਘ, ਵੱਡਾ ਚੱਕ ਰਿਆਸਤ ਮਲੇਰ ਕੋਟਲੇ ਤੋਂ ਸੀ।

ਏਥੇ ਫ਼ੌਜ ਵਿੱਚ ਹੀ ਆਪ ਜੀ ਦਾ ਮੇਲ ਗਿੱਲਾਂ ਦੇ ਬਾਬਾ ਜਮੀਅਤ ਸਿੰਘ ਨਾਲ ਹੋਇਆ। ਇਸ ਨੂੰ ਆਪ ਗੁਰਮਰਿਆਦਾ ਤੇ ਚਲਣ ਵਾਲਾ ਅੱਧਾ ਸਿੱਖ ਮੰਨਦੇ ਸਨ।

ਫ਼ੌਜੀ ਨੌਕਰੀ ਸਮੇਂ ਵੀ ਆਪਦਾ ਬਹੁਤਾ ਧਿਆਨ ਭਜਨ ਬੰਦਗੀ ਵੱਲ ਹ ਰਹਿੰਦਾ। ਆਪ ਸੱਚ, ਸੁੱਚ, ਪਵਿਤਰਤਾ ਦਾ ਲੜ ਵੀ ਫੜੀ ਰੱਖਦੇ। ਸੁੱਚਮ ਰਖਣ ਵਾਸਤੇ ਲੰਗਰ ਵਿਚੋਂ ਸੁੱਕੀ ਰਸਦ ਲੈਂਦੇ ਅਤੇ ਅੰਨ ਪਾਣੀ ਆਪ ਤਿਆਰ ਕਰਦੇ

ਰਜਮੈਂਟ ਵਿੱਚ ਫੌਜੀ ਆਪ ਦਾ ਬੜਾ ਆਦਰ ਕਰਦੇ। ਸਾਧ ਬਿਰਤੀ ਕਰਕੇ ਸਾਰੇ ਆਪ ਨੂੰ ਸੰਤ ਜੀ' ਭਗਤ ਜੀ ਜਾਂ ਮਸਤਾਨਾ ਕਹਿੰਦੇ। ਆਪ ਹਰ ਇੱਕ ਨੂੰ ਸੌਚ-ਸੁੱਚ, ਸੇਵਾ, ਸੰਜਮ, ਭਜਨ ਬੰਦਗੀ ਦਾ ਲੜ ਫੜਨ ਲਈ ਹੀ ਕਹਿੰਦੇ। ਕਾਹਨ ਸਿੰਘ ਵੀ ਇਨ੍ਹਾਂ ਗੁਣਾਂ ਦਾ ਹੀ ਗਾਹਕ ਸੀ ਸੋ ਉਸਦਾ ਆਪ ਨਾਲ ਪ੍ਰੇਮ ਸੀ। ਕੁਝ ਹੋਰ ਸਾਥੀ ਵੀ ਆਪ ਜੀ ਦੀ ਪ੍ਰੇਰਨਾ ਨਾਲ ਭਜਨ ਬੰਦਗੀ ਵੱਲ ਖਿੱਚੇ ਗਏ। ਇਹਨਾਂ ਵਾਲੀ ਰਜਮੈਂਟ ਦਾ ਨਾਂ ਵੀ ਭਗਤਾਂ ਵਾਲੀ ਰਜਮੈਂਟ ਕਰ ਕੇ ਮਸ਼ਹੂਰ ਹੋ ਗਿਆ।

ਸਿੱਖ ਫ਼ੌਜ ਵਿੱਚ ਰਹਿ ਕੇ ਆਪ ਨੇ ਮਹਿਸੂਸ ਕੀਤਾ ਕਿ ਵੇਖਣ ਨੂੰ ਤਾਂ ਸਾਰੇ ਸਿੱਖੀ ਸਰੂਪ ਵਿਚ ਸਨ ਪਰ ਸਿੱਖੀ ਰਹਿਤ ਮਰਿਆਦਾ ਦਾ ਕਿਸੇ ਨੂੰ ਚਿੱਤ ਚੇਤਾ ਵੀ ਨਹੀਂ ਸੀ। ਸਿੱਖ ਸਿਧਾਂਤਾਂ ਦਾ ਕਿਤੇ ਪਰਛਾਵਾਂ ਵੀ ਨਹੀਂ ਸੀ।

ਸਿੱਖ ਸਰਦਾਰ ਮੁਗਲ ਨਵਾਬਾਂ ਵਰਗੇ ਸਨ। ਧਨ-ਦੌਲਤ, ਜ਼ਮੀਨ-ਜਾਇਦਾਦ ਬੇਅੰਤ ਸੀ। ਐਸ਼ ਪ੍ਰਸਤੀ ਲਈ ਪੈਸਾ ਪਾਣੀ ਵਾਂਗ ਵਹਾਇਆ ਜਾਂਦਾ ਸੀ। ਸ਼ਰਾਬੀ-ਕਬਾਬੀ ਅੱਤ ਦਰਜੇ ਦੇ ਸਨ। ਵੇਸਵਾਵਾਂ ਨਚਾਉਣੀਆਂ ਉਨ੍ਹਾਂ ਦੇ ਸ਼ੌਕ ਸਨ। ਰਖੇਲਾਂ ਵੀ ਰਖੀਆਂ ਹੋਈਆਂ ਸਨ। ਵਿਸ਼ੇ ਵਿਕਾਰਾਂ ਵਿੱਚ ਗਲਤਾਨ, ਰੱਬ ਭੁੱਲੀ ਬੈਠੇ ਸਨ। ਭੰਡ, ਡੂਮ, ਮਰਾਸੀ, ਨਕਲੀਏ, ਵਿਹਲੇ ਬੈਠਿਆਂ ਦਾ ਨਕਲਾਂ ਲਾ ਲਾ ਕੇ ਦਿਲ ਪਰਚਾਵਾ ਕਰਦੇ ਰਹਿੰਦੇ ਸਨ।

ਗੁਲਾਬਦਾਸੀਏ ਇਨ੍ਹਾਂ ਨੂੰ ਰਹੁ ਰੀਤ ਸਮਝਾਉਣ ਵਾਲੇ ਸਨ। ਉਹਨਾਂ ਦਾ ਹਾਲ, 'ਆਪ ਤਾਂ ਗਲਿਓਂ ਬਾਮ੍ਹਣਾ ਜਜਮਾਨ ਵੀ ਗਾਲੇ', ਵਾਲਾ ਸੀ। ਹਾਂ, ਸ਼ਾਇਦ ਮਾਇਆ ਦੇ ਗਹਿਰੇ ਗੱਫੇ ਮਿਲ ਜਾਂਦੇ ਸਨ ਜਿਸ ਨਾਲ ਅਮੀਰੀ ਠਾਠ ਵਧਦੇ ਗਏ ਤੇ ਅਧਿਆਤਮਕ ਰਾਹ ਭੁਲਦੇ ਗਏ।

ਰਾਜਨੀਤਕ ਪਖੋ ਵੀ, ਈਸਬਗੋਲ ਤੇ ਕੁਝ ਨਾ ਫੋਲ। ਸ਼ੇਰੇ-ਪੰਜਾਬ ਦਾ ਰਾਜ ਜੋ ਹਿੰਦੂ, ਸਿੱਖ, ਮੁਸਲਮਾਨ ਦਾ ਸਾਂਝਾ ਰਾਜ ਸੀ, ਇਸ ਨੂੰ ਘੁਣ ਖਾ ਰਿਹਾ ਸੀ। ਸਤਲੁਜੋਂ ਦੂਜੇ ਪਾਸੇ ਦੀਆਂ ਸਿੱਖ ਰਿਆਸਤਾਂ, ਫ਼ਰੀਦਕੋਟ, ਨਾਭਾ, ਪਟਿਆਲਾ, ਜੀਂਦ ਆਦਿ ਤਾਂ ਪਹਿਲਾਂ ਹੀ ਅੰਗਰੇਜ਼ ਦੀ ਈਨ ਮੰਨੀ ਬੈਠੀਆਂ ਸਨ, ਹੱਥ ਬਧੀ ਗੁਲਾਮ ਸਨ।

ਆਪ ਇਸ ਧਾਰਮਕ ਤੇ ਰਾਜੀਤਕ ਪਤਨ ਦੀ ਗਲ ਦੂਜੇ ਫ਼ੌਜੀਆਂ ਨਾਲ ਵੀ ਕਰ ਲੈਂਦੇ। ਇੱਕ ਵਾਰ ਆਪ ਨੇ ਕਹਿ ਦਿੱਤਾ, "ਲਾਹੌਰ ਵਿੱਚ ਵੀ ਗੋਰਿਆਂ ਦੇ ਵਾਜੇ ਵਜਣਗੇ। ਏਥੇ ਆਕੇ-ਫ਼ਰੰਗੀਆਂ ਫਤੂਰ ਪਾਉਣਾ ਹੈ, ਗਦਾਰਾਂ ਕਾਰਨ ਸਾਰਾ ਰਾਜ-ਭਾਗ ਨਸ਼ਟ ਹੋ ਜਾਣਾ ਹੈ।"

ਸ਼ਿਕਾਇਤੀ ਤਾਂ ਸਦਾ ਇਸ ਤਰ੍ਹਾਂ ਦੇ 'ਸੁਨਹਿਰੀ ਮੌਕੇ' ਦੀ ਭਾਲ ਵਿੱਚ ਰਹਿੰਦੇ ਹਨ ਜਦੋਂ ਉਹ ਕਿਸੇ ਦੀ ਸ਼ਿਕਾਇਤ ਕਰ ਕੇ ਆਪਣੀ ਵਫ਼ਾਦਾਰੀ ਦਾ

ਸਬੂਤ ਦੇ ਸਕਣ। ਝੱਟ ਮਹਾਰਾਜੇ ਨੂੰ ਖ਼ਬਰ ਪਹੁੰਚਾ ਦਿੱਤੀ ਗਈ ਕਿ ਮਸਤਾਨਾ ਉਨ੍ਹਾਂ ਦੇ ਰਾਜ ਭਾਗ ਦਾ ਖ਼ੈਰ ਖ਼ਾਹ ਨਹੀਂ। ਮਹਾਰਾਜੇ ਨੇ ਦੂਲਾ ਸਿੰਘ ਕੋਤਵਾਲ ਨੂੰ ਆਪ ਨੂੰ ਪੇਸ਼ ਕਰਨ ਦਾ ਹੁਕਮ ਸੁਣਾ ਦਿੱਤਾ। ਆਪ ਨੇ ਮਹਾਰਾਜੇ ਅਗੇ ਖੜੇ ਹੋ ਕੇ ਵੀ ਬੜੀ ਨਿਰਭੈਤਾ ਨਾਲ ਆਪਣੀ ਗੱਲ ਕਹੀ। ਮਹਾਰਾਜੇ ਬੜਾ ਗੁਸਾ ਕੀਤਾ ਤੇ ਉਸ ਦੇ ਹੁਕਮ ਨਾਲ ਆਪ ਨੂੰ ਜੇਲ੍ਹ ਅੰਦਰ ਡੱਕ ਦਿੱਤਾ ਗਿਆ।

ਮਹਾਰਾਜਾ ਸੋਚੀ ਪੈ ਗਿਆ ਕਿ ਆਪ ਮਸਤਾਨੇ ਹੋ, ਭਜਨ ਬੰਦਗੀ ਕਰਨ ਵਾਲੇ ਹੋ, ਆਪ ਦਾ ਕਿਹਾ ਸੱਚ ਵੀ ਹੋ ਸਕਦਾ ਸੀ। ਸੋ ਭਰਮ ਨਵਿਰਤ ਕਰਨ ਲਈ ਮਹਾਰਾਜੇ ਨੇ ਲੁਧਿਆਣਿਓ ਅੰਗਰੇਜ਼ੀ ਬੈਂਡ ਮੰਗਵਾ ਕੇ, ਲਾਹੌਰ ਸ਼ਹਿਰ, ਛਾਉਣੀ, ਸ਼ਾਹੀ ਕਿਲ੍ਹੇ ਆਦਿ ਸਭ ਥਾਈ ਵਜਵਾਇਆ। ਆਪ ਨੂੰ ਇਸ ਬਾਰੇ ਦੱਸ ਦਿੱਤਾ ਗਿਆ ਤੇ ਬੰਧਨ ਮੁਕਤ ਵੀ ਕਰ ਦਿੱਤਾ ਗਿਆ।

ਆਪ ਜਦ ਵੀ ਛੁਟੀ ਲੈ ਕੇ ਪਿੰਡ ਜਾਂਦੇ ਤਾਂ ਰਾਹ ਵਿੱਚ ਲੁਧਿਆਣੇ ਇਸਾਈ ਮਿਸ਼ਨਰੀ ਦਾ ਪ੍ਰਚਾਰ ਤੇ ਪਰਸਾਰ ਹੁੰਦਾ ਵੇਖਦੇ ਤੇ ਮਹਿਸੂਸ ਕਰਦੇ। ਆਪ ਨੂੰ ਇਸਾਈ ਧਰਮ ਅਤੇ ਅੰਗਰੇਜ਼ ਰਾਜ ਦਾ ਫੈਲਾਵ ਵੀ ਪ੍ਰਤੱਖ ਨਜ਼ਰ ਆਉਂਦਾ। ਏਸੇ ਕਰ ਕੇ ਆਪ ਅੰਦਰ ਗੰਢ ਬੱਝ ਗਈ ਕਿ ਇੱਕ ਦਿਨ ਗੋਰੇ ਆਪਣੀ ਚਤੁਰਾਈ ਨਾਲ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਵੀ ਹੜਪ ਕਰ ਲੈਣਗੇ।

ਸੰਨ 1839 ਮੁਤਾਬਕ 1896 ਬਿਕਰਮੀ ਨੂੰ ਸ਼ੇਰੇ-ਪੰਜਾਬ ਅੱਖਾਂ ਮੀਟ ਗਿਆ। ਉਸ ਦੀ ਮੌਤ ਦਾ ਕਾਰਨ ਲੰਮੀ ਬਿਮਾਰੀ ਸੀ ਜਿਸ ਦੀਆਂ ਜੜ੍ਹਾਂ, ਬੇਬਹਾ ਸ਼ਰਾਬ ਪੀਣ, ਆਪਣੀ ਕਾਮ ਵਾਸ਼ਨਾ ਦੀ ਤ੍ਰਿਪਤੀ ਲਈ ਅਡ ਅਡ ਉਮਰ ਤੇ ਪਧਰ ਉੱਤੇ ਆਪਣੇ ਹਰਮ ਵਿਚ 44 ਔਰਤਾਂ ਰੱਖਣ ਵਿੱਚ ਸਨ, ਅਜੇ ਮਹਾਰਾਜ ਦਾ ਅੰਗੀਠਾ ਠੰਢਾ ਹੀ ਹੋਇਆ ਸੀ ਕਿ ਗੱਦੀ ਲਈ ਗ੍ਰਹਿ ਯੁਧ ਸ਼ੁਰੂ ਹੋ ਗਿਆ। ਰਾਜ ਦਰਬਾਰ ਵਿੱਚ ਤੇ ਮਹਾਰਾਜੇ ਦੇ ਪਰਵਾਰ ਵਿੱਚ ਆਪਾ ਧਾਪੀ ਪੈ ਗਈ। ਨਾ ਰਿਹਾ ਮਹਾਰਾਜਾ ਖੜਗ ਸਿੰਘ ਤੇ ਨਾ ਹੀ ਉਸਦਾ ਪ੍ਰਧਾਨ ਮੰਤਰੀ ਚੇਤ ਸਿੰਘ। ਉਸ ਦੇ ਲਾਡਲੇ ਕੰਵਰ ਨੌ ਨਿਹਾਲ ਸਿੰਘ ਦਾ ਵੀ ਉਦੋ ਹੀ ਘੁੱਟ ਭਰ ਦਿੱਤਾ ਗਿਆ। ਮਹਾਰਾਣੀ ਚੰਦ ਕੌਰ ਦਾ ਖ਼ੂਨ ਵੀ ਧਰਤੀ ਵਿੱਚ ਸਮਾ ਗਿਆ। ਸੰਧਾਵਾਲੀਏ ਸਰਦਾਰਾਂ ਲਹਿਣਾ ਸਿੰਘ ਤੇ ਅਜੀਤ ਸਿੰਘ ਨੇ ਮਹਾਰਾਜਾ ਸ਼ੇਰ ਸਿੰਘ ਤੇ ਕੰਵਰ ਪ੍ਰਤਾਪ ਸਿੰਘ ਦੇ ਸਿਰ ਕਲਮ ਕੀਤੇ। ਫਿਰ ਧਿਆਨ ਸਿੰਘ ਡੋਗਰੇ ਨੂੰ ਮਾਰਨ ਬਾਅਦ ਉਹ ਆਪ ਵੀ ਕਿਰਪਾਨ ਦੀ ਭੇਟ ਚੜ੍ਹਾ ਦਿੱਤੇ ਗਏ। ਪੰਜ ਸਾਲ ਦੇ ਅਰਸੇ ਵਿੱਚ ਹੀ ਸ਼ੇਰੇ-ਪੰਜਾਬ ਦਾ ਪਰਵਾਰ ਤਬਾਹ ਕਰ ਦਿੱਤਾ ਗਿਆ। ਲਾਹੌਰ ਦਰਬਾਰ ਕਤਲਗਾਹ ਬਣ ਗਿਆ। ਇਕ ਦੂਜੇ ਹਥੋ 36 ਰਾਜੇ, ਮਹਾਰਾਜੇ ਜਾਂ ਮਖ ਹਸਤੀਆਂ ਕਤਲ ਹੋਈਆਂ। ਪੰਜਾਬ ਦਾ ਰਾਜ ਭਾਗ ਲੜਖੜਾ ਗਿਆ।

ਸ਼ਾਹ ਮੁਹੰਮਦ ਦੇ ਸ਼ਬਦਾਂ ਵਿੱਚ :

ਜਿਹੜਾ ਬਹੇ ਗੱਦੀ ਉਸਨੂੰ ਮਾਰ ਦੇਂਦੇ,
ਪਈ ਨਿੱਤ ਹੁੰਦੀ ਮਾਰੋ ਮਾਰ ਮੀਆਂ।

ਸੰਨ 1841 ਵਿੱਚ ਫ਼ੌਜ ਨੇ ਸਰਕਾਰੀ ਖਜ਼ਾਨਾ ਲਿਆਉਣ ਲਈ ਲਾਹੌਰ ਤੋਂ ਪਿਸ਼ਾਵਰ ਕੂਚ ਕੀਤਾ। ਇਸ ਫ਼ੌਜੀ ਦਸਤੇ ਵਿੱਚ ਸਤਿਗੁਰੂ ਰਾਮ ਸਿੰਘ ਜੀ ਵੀ ਸਨ। ਅਰਾਜਕਤਾ ਫੈਲੀ ਹੋਈ ਸੀ। ਕੁਝ ਅਰਸੇ ਤੋਂ ਫ਼ੌਜੀਆਂ ਨੂੰ ਤਨਖਾਹ ਵੀ ਨਹੀਂ ਸੀ ਮਿਲੀ। ਸੋ ਫ਼ੌਜੀ ਵੀ ਰਾਹ ਵਿੱਚ ਲੁੱਟ ਖਸੁੱਟ ਕਰੀ ਜਾਣ, ਫ਼ਸਲ ਉਜਾੜੀ ਜਾਣ, ਮੁਸਾਫ਼ਰਾਂ ਨੂੰ ਮਾਰ ਕੁੱਟ ਕੇ ਮਾਲ ਖੋਹੀ ਜਾਣ ਲੱਗੇ। ਸਾਰੇ ਇਲਾਕੇ ਵਿੱਚ ਹਾਹਾ ਕਾਰ ਮੱਚ ਗਈ। ਜੇ ਫ਼ੌਜ ਅਜੇ ਵਜ਼ੀਰਾਬਾਦ ਹੁੰਦੀ ਤਾਂ ਗੁਜਰਾਤ ਵਿੱਚ ਲੋਕ ਥਰ ਥਰ ਕੰਬਣ ਲੱਗ ਜਾਂਦੇ। ਜਦ ਫ਼ੌਜ ਪੋਠੋਹਾਰ ਪਹੁੰਚੀ ਤਾਂ ਹਜ਼ਰੋ ਦੇ ਸ਼ਰਧਾਵਾਨ ਸਿੱਖ ਗੁਰੂ ਬਾਲਕ ਸਿੰਘ ਜੀ ਕੋਲ ਜਾ ਕੇ ਆਪਣਾ ਦੁੱਖ ਰੋਣ ਲੱਗੇ। ਉਹਨਾਂ ਅੱਗੇ ਅਰਜ਼ਾਂ ਕਰਨ ਲੱਗੇ ਕਿ ਉਹਨਾਂ ਨੂੰ ਇਸ ਮੁਸੀਬਤ ਤੋਂ ਬਚਾਇਆ ਜਾਵੇ। ਸਤਿਗੁਰਾਂ ਨੇ ਹੌਸਲਾ ਦਿੱਤਾ ਕਿ ਘਬਰਾਉਣ ਦੀ ਲੋੜ ਨਹੀਂ ਸਭ ਠੀਕ ਹੋ ਜਾਵੇਗਾ।

ਅਜੇ ਫ਼ੌਜ ਅਟਕ ਦਰਿਆ ਦੇ ਉਰਲੇ ਪਾਸੇ ਹੀ ਸੀ ਕਿ ਅਗੋਂ ਪਿਸ਼ਾਵਰ ਦੀ ਫ਼ੌਜ ਖ਼ਜ਼ਾਨਾ ਲੈ ਕੇ ਆ ਮਿਲੀ। ਥੌਲੀ ਤੋਂ ਉਹ ਖ਼ਜ਼ਾਨਾ ਦੇ ਕੇ ਵਾਪਸ ਮੁੜ ਗਏ ਤੇ ਲਾਹੌਰ ਦੀ ਫ਼ੌਜ ਨੇ ਹਜ਼ਰੋ ਦੇ ਕਿਲ੍ਹੇ ਵਿੱਚ ਜਾ ਡੇਰਾ ਲਾਇਆ। ਉੱਥੋਂ ਦੇ ਲੋਕ ਲੁੱਟ ਮਾਰ ਤੋਂ ਬਚਣ ਕਰਕੇ ਸਤਿਗੁਰ ਬਾਲਕ ਸਿੰਘ ਦੇ ਕ੍ਰਿਤੱਗ ਸਨ।

ਹਜ਼ਰੋ ਪਹੁੰਚ ਕੇ ਸਤਿਗੁਰੂ ਬਾਲਕ ਸਿੰਘ ਜੀ ਦੀ ਮਹਿਮਾ ਸੁਣੀ ਤਾਂ ਆਪਣੇ ਫ਼ੌਜੀ ਅਫ਼ਸਰ ਤੋਂ ਇਜ਼ਾਜ਼ਤ ਲੈਕੇ, ਬਾਬਾ ਜਮੀਅਤ ਸਿੰਘ ਗਿੱਲ, ਆਪ ਦੇ ਦਰਸ਼ਨ ਕਰਨ ਗਏ। ਆਪਨੇ ਭਜਨ ਵੀ ਪੁੱਛਿਆ ਤੇ ਆ ਕੇ ਪੂਰੇ ਸਤਿਗੁਰ ਦੀ ਮਹਿਮਾ ਕੀਤੀ। ਫਿਰ ਕੁਝ ਹੋਰ ਫ਼ੌਜੀ ਵੀ ਦਰਸ਼ਨ ਕਰਕੇ, ਉਪਦੇਸ਼ ਸੁਣਕੇ ਤੇ ਗੁਰ ਮੰਤਰ ਲੈਕੇ ਨਿਹਾਲ ਹੋ ਗਏ।

ਗੁਰੂ ਰਾਮ ਸਿੰਘ ਜੀ ਵੀ ਕੁਝ ਸਾਥੀਆਂ ਨਾਲ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਬਾਰ ਵਿੱਚ ਹਾਜ਼ਰ ਹੋਏ। ਮੱਥਾ ਟੇਕਿਆ, ਦੋਇ ਕਰ ਜੋੜ ਨਾਮ ਦੀ ਦਾਤ ਮੰਗੀ। ਉਹਨਾਂ ਨੇ ਜੱਦ ਨੇਤਰ ਭਰ ਕੇ ਆਪ ਨੂੰ ਸਿਰ ਤੋਂ ਪੈਰਾਂ ਤੱਕ ਤੱਕਿਆ ਤਾਂ ਆਪ ਦੀ ਅਦੁਤੀ, ਪ੍ਰਭਾਵਸ਼ਾਲੀ ਸ਼ਖ਼ਸੀਅਤ ਤੱਕ ਕੇ ਗਦ ਗਦ ਹੋ ਗਏ। ਕੋਲ ਬਿਠਾ ਲਿਆ। ਕੰਨ ਵਿੱਚ ਗੁਰ-ਮੰਤਰ ਦਿੱਤਾ। ਗੱਦੀ ਤੋਂ ਉੱਠੇ। ਥਾਲ ਵਿੱਚ ਪੰਜ ਪੈਸੇ ਤੇ ਨਾਰੀਅਲ ਰਖਿਆ ਤੇ ਆਪ ਅਗੇ ਧਰ ਕੇ ਮੱਥਾ ਦਿੱਤਾ। ਸਤਿਗੁਰੂ ਬਾਲਕ ਸਿੰਘ ਜੀ ਨੇ ਆਪ ਨੂੰ ਦੱਸਿਆ ਕਿ ਗੁਰਗੱਦੀ ਆਪ ਜੀ ਦੀ ਵਸਤੂ ਸੀ, ਅਮਾਨਤ, ਜੋ ਉਹ ਸੰਭਾਲੀ ਬੈਠੇ ਸਨ। ਨਾਮ ਜਪਣ

ਤੇ ਜਪਾਣ ਲਈ ਵੀ ਕਿਹਾ। ਉਸ ਦਿਨ ਅੱਸੂ ਦੀ ਸੰਗਰਾਂਦ ਸੀ। ਸੰਮਤ ਸੀ 1898 ਬਿਕਰਮੀ।

ਇਸ ਸਮੇਂ ਸਤਿਗੁਰਾਂ ਦੇ ਕੋਲ ਹੀ, ਕਾਹਨ ਸਿੰਘ ਹਵਾਲਦਾਰ ਵੱਡਾ ਚੱਕ, ਮਤਾਬ ਸਿੰਘ ਉੱਬੋਕੇ, ਦੁੱਲਾ ਸਿੰਘ ਰਾਜੇ ਆਣੀਆਂ, ਅਣੋਖਾ ਸਿੰਘ ਬਿੱਲੀਆਂ ਜਲੰਧਰ, ਬਘੇਲ ਸਿੰਘ ਰਾਜਾਜੰਗ, ਜੋਤਾ ਸਿੰਘ ਢਪਈ, ਕਾਹਨ ਸਿੰਘ ਫ਼ਿਰੋਜ਼ ਪੁਰ, ਜਮੀਅਤ ਸਿੰਘ ਗਿੱਲ, ਬੁਧ ਸਿੰਘ ਗੁੱਜਰਵਾਲ, ਮਤਾਬ ਸਿੰਘ ਹਠੂਰ, ਹਰਸਾ ਸਿੰਘ ਕੰਗਣ ਪੁਰ ਆਦਿ ਪੰਝੀ ਸਿੱਖ ਸਿਪਾਹੀ ਵੀ ਬੈਠੇ ਸਨ। ਗੁਰੂ ਬਾਲਕ ਸਿੰਘ ਜੀ ਨੇ ਸਭ ਨੂੰ ਗੁਰਮੰਤਰ ਦਿੱਤਾ ਤੇ ਅੰਮ੍ਰਿਤ ਵੇਲੇ ਜਾਗਣ, ਇਸ਼ਨਾਨ ਕਰਨ ਸੀਲ, ਸੰਤੋਖ, ਸੱਚ-ਸੁੱਚ, ਸੰਜਮ ਰੱਖਣ ਅਤੇ ਅੱਠੇ ਪਹਿਰ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਪੂਰਾ ਗੁਰੂ ਕਰਕੇ ਜਾਨਣ ਤੇ ਉਹਨਾਂ ਦਾ ਹੁਕਮ ਮੰਨਣ ਦੀ ਤਾਕੀਦ ਕੀਤੀ।

ਕੁਝ ਸਾਥੀਆਂ ਤਨਖਾਹ ਨਾ ਮਿਲਣ ਸੰਬੰਧੀ ਅਰਜ਼ ਕੀਤੀ ਤਾਂ ਸਤਿਗੁਰੂ ਬਾਲਕ ਸਿੰਘ ਜੀ ਨੇ ਹੌਸਲਾ ਦਿੱਤਾ ਕਿ ਪ੍ਰੇਸ਼ਾਨ ਹੋਣ ਦੀ ਲੋੜ ਨਹੀਂ ਤਨਖਾਹ ਮਿਲੇਗੀ। ਸਾਰੇ ਗਦ ਗਦ ਹੋ ਕੇ, ਸਤਿਗੁਰ ਦੀਆਂ ਖੁਸ਼ੀਆਂ ਲੈ ਕੇ ਆਪਣੇ ਸਾਥੀਆਂ ਵਿੱਚ ਆ ਰਲੇ ਤੇ ਫਿਰ ਫ਼ੌਜ ਨੇ ਲਾਹੌਰ ਵਲ ਕੂਚ ਕੀਤਾ।

ਲਾਹੌਰ ਦਰਬਾਰ ਵਿੱਚ ਅਰਾਜਕਤਾ ਦਿਨ ਪ੍ਰਤੀ ਦਿਨ ਵਧਦੀ ਜਾ ਰਹੀ ਸੀ। ਹਰ ਕੋਈ ਆਪਣੇ ਅਸਰ ਰਸੂਖ, ਧਨ ਪਦਾਰਥ, ਬਾਹੂ ਬਲ ਨੂੰ ਨਿੱਜੀ ਲਾਭ ਹਿਤ ਹੀ ਵਰਤਦਾ ਸੀ। ਕਿਸੇ ਨੂੰ ਰਾਜ ਬਾਰੇ ਫਿਕਰ ਨਹੀਂ ਸੀ। ਗੁਰੂ ਰਾਮ ਸਿੰਘ ਜੀ ਇਸ ਨਿੱਘਰਦੀ ਜਾਂਦੀ ਅਵਸਥਾ ਬਾਰੇ ਖੁਲ੍ਹਮ ਖੁਲ੍ਹਾ ਤੇ ਬੁਲੰਦ ਅਵਾਜ਼ ਵਿੱਚ ਕਹਿਣ ਲੱਗੇ। ਪਰ ਜਿਨ੍ਹਾਂ ਕੋਲ ਤਾਕਤ ਸੀ ਉਹ ਅੰਨ੍ਹੇ ਬੋਲੇ ਹੋਏ ਬੈਠੇ ਸਨ। ਕਈਆਂ ਨੇ ਆਪ ਦੇ ਭਣਵਈਏ ਕਾਬਲ ਸਿੰਘ ਨੂੰ ਉਲਾਂਭੇ ਦਿੱਤੇ। ਸ. ਕਾਬਲ ਸਿੰਘ ਨੇ ਆਪਣੀ ਬਦਨਾਮੀ ਤੋਂ ਬਚਣ ਲਈ ਗੁੱਸੇ ਵਿੱਚ ਆ ਕੇ ਆਪ ਨੂੰ ਤੋਪ ਨਾਲ ਬੰਨ੍ਹ ਦਿੱਤਾ। ਆਪ ਨੂੰ ਬੜਾ ਮਹਿਸੂਸ ਹੋਇਆ ਕਿ ਰੁੜ੍ਹਦੇ ਜਾਂਦੇ ਰਾਜ ਨੂੰ ਕੋਈ ਨਹੀਂ ਸੀ ਬਚਾਉਂਦਾ ਸਗੋਂ ਰਾਜ ਭਾਗ ਦੀ ਪੀੜ ਰੱਖਣ ਵਾਲੇ ਨੂੰ ਹੀ ਸਜਾ ਦਿੱਤੀ ਜਾਂਦੀ ਸੀ। ਆਪ ਨੇ ਦੁਖੀ ਹਿਰਦੇ ਨਾਲ ਕਹਿ ਦਿੱਤਾ ਕਿ ਉਸ ਤੋਪ ਨਾਲ ਹੀ ਉਸਨੂੰ ਉਡਾਇਆ ਜਾਵੇਗਾ। ਇਹ ਸਰਾਪ ਤੋਂ ਸ. ਕਾਬਲ ਸਿੰਘ ਡਰ ਗਿਆ ਤੇ ਉਸ ਨੇ ਆਪ ਨੂੰ ਫੌਰਨ ਖੋਲ੍ਹ ਦਿੱਤਾ।

ਆਪ ਛੁੱਟੀ ਲੈਕੇ ਘਰ ਆਏ। ਇਸ ਸਮੇਂ ਆਪ ਦੇ ਘਰ ਇੱਕ ਲੜਕੇ ਨੇ ਜਨਮ ਲਿਆ ਪਰ ਖੁਸ਼ੀਆਂ ਨਾਲ ਭਰਿਆ ਵਿਹੜਾ ਛੇਤੀ ਹੀ ਸੁੰਞਾ ਹੋ ਗਿਆ। ਬੱਚਾ ਰੱਬ ਨੂੰ ਪਿਆਰਾ ਹੋ ਗਿਆ। ਆਪ ਨੇ ਆਪਣੀ ਪਤਨੀ ਨੂੰ ਵੀ ਰੱਬ ਦਾ ਭਾਣਾ ਮੰਨਣ ਲਈ ਹੀ ਕਿਹਾ।

ਦਸੰਬਰ 1845 ਈਸਵੀ ਵਿੱਚ ਲੜਾਈ ਦਾ ਬਿਗਲ ਵੱਜਾ। ਪਹਿਲੀ ਹਿੰਦ-ਪੰਜਾਬ ਦੀ ਲੜਾਈ ਹੋਣ ਵਾਲੀ ਸੀ। ਸੂਰਮਿਆਂ ਨੂੰ ਗਿੱਠ ਗਿੱਠ ਲਾਲੀਆਂ ਚੜ੍ਹ ਗਈਆਂ। ਉਨ੍ਹਾਂ ਨੂੰ ਭਰੋਸਾ ਸੀ ਕਿ ਮੈਦਾਨੀ ਲੜਾਈ ਵਿੱਚ ਉਹ ਅੰਗਰੇਜ਼ੀ ਫੌਜ ਦੇ ਛੱਕੇ ਛੁਡਾ ਦੇਣਗੇ। ਛੁੱਟੀ ਗਏ ਫ਼ੌਜੀ ਲਾਹੌਰ ਦਰਬਾਰ ਨੇ ਵਾਪਸ ਬੁਲਾ ਲਏ। ਕੂਚ ਸਮੇਂ, ਜਰਨੈਲਾਂ ਨੇ ਭਗਤਾਂ ਦੀ ਪਲਟਣ ਨੂੰ ਕੜਾਹ ਪ੍ਰਸ਼ਾਦ ਤਿਆਰ ਕਰਕੇ ਫਤਿਹ ਲਈ ਅਰਦਾਸ ਕਰਨ ਲਈ ਕਿਹਾ। ਅਰਦਾਸ ਲਈ ਗੁਰੂ ਰਾਮ ਸਿੰਘ ਜੀ ਨੂੰ ਕਿਹਾ ਗਿਆ। ਆਪ ਚੜ੍ਹਦੇ ਵਲ ਮੂੰਹ ਕਰਕੈ, ਦੋਇ ਕਰ ਜੋੜ, ਨੈਣ ਮੁੰਦ ਕੇ ਖੜ੍ਹੇ ਹੋ ਗਏ। ਆਪ ਨੇ ਸਾਰੇ ਬੀਤੇ ਦਾ ਵਿਸ਼ਲੇਸ਼ਨ ਕੀਤਾ। ਵਰਤਮਾਨ ਵਲ ਧਿਆਨ ਮਾਰਿਆ। ਆਪ ਦੀ ਮਨ ਬਿਰਤੀ ਇਕਾਗਰ ਨਾ ਹੋਈ, ਨਾ ਹੀ ਅਰਦਾਸ ਕਰਨ ਨੂੰ ਮਨ ਮੰਨਿਆਂ। ਆਪ ਨੇ ਨਿਰਭੈ, ਹੋ ਕੇ ਆਪਣੇ ਅੰਤਰ ਆਤਮੇ ਦੀ ਆਵਾਜ਼, ਨਿਸੰਕੋਚ ਸਭ ਨੂੰ ਸੁਣਾ ਦਿੱਤੀ, ਕਿ 'ਅਰਦਾਸ ਭਾਵੇਂ ਕਰੋ ਜਾਂ ਨਾ ਕਰੋ ਖ਼ਾਲਸਾ ਫ਼ੌਜ ਦੀ ਜਿੱਤ ਦੇ ਆਸਾਰ ਨਜ਼ਰ ਨਹੀਂ ਆਉਂਦੇ।' ਆਪ ਨੇ ਅਰਦਾਸ ਕਰਨ ਤੋਂ ਵੀ ਇਨਕਾਰ ਕਰ ਦਿੱਤਾ।

ਭਾਵੇਂ ਕਈ ਫ਼ੌਜੀ ਅਫ਼ਸਰਾਂ ਨੇ ਇਹ ਬਦ-ਸ਼ਗਨੀ ਸਮਝੀ ਪਰ ਮਸਤਾਨੇ ਦੀ ਗੱਲ ਤੋਂ ਬੇਪਰਵਾਹ ਹੋ ਕੇ ਫ਼ੌਜ ਨੇ ਮੁਦਕੀ ਨੂੰ ਕੂਚ ਕੀਤਾ। 18 ਦਸੰਬਰ 1845 ਨੂੰ ਅੰਗਰੇਜ਼ ਸੈਨਾ ਦੇ ਮੁਕਾਬਲੇ ਸਿੱਖ ਫੌਜ ਡੱਟ ਗਈ। ਆਪ ਵਾਲੀ ਰਜਮੈਂਟ ਵੀ ਮੰਜ਼ਲਾਂ ਮਾਰਦੀ ਹਰੀਕੇ ਪੱਤਣ ਪਹੁੰਚੀ। ਇਥੇ ਆਪ ਨੇ ਖ਼ਾਲਸਾ ਫ਼ੌਜ ਦੇ ਹਾਰਨ ਦੀ ਗਲ ਫਿਰ ਦੁਹਰਾਈ ਅਤੇ ਫ਼ੌਜ ਦੇ ਆਗੂਆਂ ਦੀ ਬਦ ਨੀਤੀ ਨੂੰ ਭਾਂਪ ਕੇ, ਫੌਜੀ ਜ਼ਿੰਦਗੀ ਨੂੰ ਅਲਵਿਦਾ ਆਖੀ।

ਦੇਸ਼ ਧਰੋਹੀ, ਕੌਮ ਘਾਤਕ, ਗਦਾਰ ਜਰਨੈਲਾਂ, ਐਸ਼ਪ੍ਰਸਤ ਰਈਸਾਂ, ਸਰਦਾਰਾਂ ਅੰਗਰੇਜ਼ ਭਗਤ ਰਾਜਿਆਂ ਦੀ ਸਾਜ਼ਸ ਦਾ ਹੀ ਸਿੱਟਾ ਸੀ ਕਿ ਕਈ ਬਹਾਦਰ ਤੇ ਅਣਖੀ ਜਰਨੈਲ ਇਸ ਲੜਾਈ ਦੀ ਭੇਟ ਚੜ੍ਹ ਗਏ। ਖ਼ਾਲਸੇ ਨੂੰ ਮੂੰਹ ਦੀ ਖਾਣੀ ਪਈ।

ਆਪ ਦੇ ਦਿਲ ਤੇ ਭਾਰੀ ਸੱਟ ਵੱਜੀ। ਆਪ ਭੈਣੀ ਸਾਹਿਬ ਨੂੰ ਚਾਲੇ ਪਾਏ। ਆਪ ਅੰਗਰੇਜ਼ ਦੇ ਵੱਧਦੇ ਪ੍ਰਭਾਵ ਨੂੰ ਠਲ੍ਹ ਪਾਉਣ ਲਈ ਤੇ ਸਿੱਖਾਂ ਦੇ ਨੈਤਿਕ ਪਤਨ ਨੂੰ ਰੋਕਣ ਲਈ ਨਵੀਆਂ ਵਿਉਂਤਾਂ ਸੋਚਣ ਲੱਗੇ।

# ਕਿਰਤ ਤੇ ਚਿੰਤਨ

ਸਤਿਗੁਰੂ ਰਾਮ ਸਿੰਘ ਜੀ ਫ਼ੌਜ ਤੋਂ ਵੱਖ ਹੋ ਕੇ ਪੱਤਣ ਤੇ ਆ ਬੈਠੇ। ਆਪ ਨੇ ਮਲਾਹ ਨੂੰ ਬੇੜੀ ਉੱਤੇ ਚੜ੍ਹਾ ਕੇ ਦਰਿਆ ਪਾਰ ਕਰਾਉਣ ਲਈ ਕਿਹਾ। ਮਲਾਹ ਨੇ ਆਪ ਦੀ ਗੱਲ ਨਾ ਗੌਲੀ। ਆਪ ਨੇ ਕਪੜੇ ਲਾਹ ਕੇ ਉਨ੍ਹਾਂ ਦੀ ਗੰਢ ਬਣਾ ਕੇ ਸਿਰ ਤੇ ਰੱਖ ਲਈ ਤੇ ਠਿਲ੍ਹ ਪਏ, ਦਰਿਆ ਸਤਲੁਜ ਵਿੱਚ। ਚੰਗੇ ਤਾਰੂ ਹੋਣ ਕਰਕੇ ਅੱਖ ਦੇ ਫੋਰ ਵਿੱਚ ਦਰਿਆ ਪਾਰ ਕਰ ਗਏ।

ਆਪ ਲੁਧਿਆਣੇ ਆ ਗਏ। ਆਪਣੇ ਮਾਮੇ ਹਰੀ ਸਿੰਘ ਦਾ ਬੂਹਾ ਖੜਕਾਇਆ। ਮਾਮੀ ਨੇ ਬੂਹਾ ਖੋਲ੍ਹਿਆ। ਉਹ ਆਪ ਨੂੰ ਸਨਮੁਖ ਵੇਖ ਕੇ ਬਾਗ਼ ਬਾਗ਼ ਹੋ ਗਈ। ਇਸ ਖ਼ੁਸ਼ੀ ਵਿੱਚ ਮਾਮੀ ਪਤਾਸਿਆਂ ਦਾ ਥਾਲ ਭਰ ਕੇ ਲੈ ਆਈ ਅਤੇ ਆਪ ਨੂੰ ਹੀ ਸਭ ਨੂੰ ਵੰਡਣ ਲਈ ਕਿਹਾ। ਹੋਰ ਸਭ ਨੂੰ ਤਾਂ ਆਪ ਨੇ ਪਰਸ਼ਾਦ ਦੇ ਦਿੱਤਾ ਪਰ ਆਪਣੇ ਮਾਮੇ ਦੀ ਨੂੰਹ ਭੋਲੀ ਤੋਂ ਪ੍ਰਣ ਲੈਕੇ ਕਿ, 'ਉਹ ਸੱਸ ਸਹੁਰੇ ਦੀ ਸੇਵਾ ਕਰੇਗੀ', ਪਰਸ਼ਾਦ ਦਿੱਤਾ।

ਆਪ ਦਾ ਮਾਮਾ ਉਸਾਰੀ ਦੇ ਕੰਮ ਦਾ ਸਿਆਣਾ, ਸਰਦਾ ਪੁੱਜਦਾ ਠੇਕੇਦਾਰ ਸ਼ੀ। ਉਸਦਾ ਪੁੱਤਰ ਖਜ਼ਾਨ ਸਿੰਘ ਵੀ ਉਸ ਨਾਲ ਹੀ ਕੰਮ ਕਰਦਾ ਸੀ। ਉਹਨਾਂ ਨੂੰ ਧਰਮ ਦੀ ਕਿਰਤ ਕਰਨ ਦੇ ਨਾਲ ਨਾਲ ਨਾਮ ਸਿਮਰਨ ਦੀ ਪ੍ਰੇਰਨਾ ਵੀ ਆਪ ਨੇ ਦਿੱਤੀ।

ਲੁਧਿਆਣੇ ਹੀ ਮੌਲਵੀ ਹਬੀਬੁਲਾ ਰਹਿਮਾਨ ਨਾਲ ਆਪ ਦਾ ਮੇਲ ਹੋਇਆ। ਉਸਨੂੰ ਵੀ ਆਪ ਨੇ ਦੇਸ਼ ਭਗਤੀ ਤੇ ਬੰਦਗੀ ਵੱਲ ਧਿਆਨ ਦੇਣ ਲਈ ਕਿਹਾ।

ਢੰਡਾਰੀ ਪਿੰਡ ਆਪ ਜੀ ਦੀ ਤਾਏ ਦੀ ਧੀ ਭੈਣ ਰੂਪਾਂ ਰਹਿੰਦੀ ਸੀ। ਆਪ ਉਸ ਨੂੰ ਮਿਲਣ ਗਏ ਤੇ ਗੁਰਮਤਿ ਦਾ ਉਪਦੇਸ਼ ਦਿੱਤਾ। ਉਥੋਂ ਦੇ ਲੋਕ ਅੰਧਵਿਸਵਾਸ਼ੀ ਸਨ। ਗੋਰਾਂ, ਮੜ੍ਹੀਆਂ, ਥਾਨਾਂ ਆਦਿ ਨੂੰ ਪੂਜਦੇ ਸਨ। ਉਹ ਡਰਦੇ ਵੀ ਸਨ ਕਿ ਜੇ ਉਨ੍ਹਾਂ ਨੇ ਮਾਨਤਾ ਨਾ ਕੀਤੀ ਤਾਂ ਕੋਈ ਬਾਹਰ ਦੀ ਚੀਜ਼ ਚੰਬੜ ਜਾਏਗੀ ਤੇ ਉਨ੍ਹਾਂ ਦਾ ਪਰਵਾਰਿਕ ਸੁਖ ਗੁਆਚ ਜਾਵੇਗਾ। ਆਪ ਜਡਾਲੀ ਗਏ

ਉੱਥੇ ਆਪ ਨੇ ਆਪ ਕਹੀ ਫੜ ਕੇ ਗੋਰ ਢਾਹ ਦਿੱਤੀ, ਇੱਟਾਂ ਨੂੰ ਖਲਾਰ ਦਿੱਤਾ।

ਲੋਕਾਂ ਨੂੰ ਸਮਝ ਆ ਗਈ ਕਿ ਗੋਰਾਂ ਵਿੱਚ ਕੋਈ ਕਰਾਮਾਤ ਨਹੀਂ ਜੇ ਕਿਸੇ ਗੋਰ ਵਿੱਚ ਕੋਈ ਗੈਬੀ ਸ਼ਕਤੀ ਹੁੰਦੀ ਤਾਂ ਉਹ ਆਪ ਜੀ ਨੂੰ ਵੀ ਨੁਕਸਾਨ ਪਹੁੰਚਾ ਸਕਦੀ ਸੀ। ਪਿੰਡ ਦੇ ਲੋਕਾਂ ਨੇ ਅੱਗੋਂ ਲਈ ਮੜ੍ਹੀਆਂ, ਮਸਾਣਾਂ, ਗੋਰਾਂ ਆਦਿ ਪੂਜਣੀਆਂ ਛੱਡ ਦਿੱਤੀਆਂ।

ਆਪ ਰਾਈਆਂ ਤੋਂ ਹੁੰਦੇ ਹੋਏ ਭੈਣੀ ਸਾਹਿਬ ਪਹੁੰਚੇ। ਆਪ ਦੇ ਮਾਤਾ-ਪਿਤਾ, ਪਤਨੀ, ਬੱਚੀਆਂ, ਵੀਰ ਤੇ ਮਿੱਤਰ ਲਹਿਣਾ ਸਿੰਘ ਆਦਿ ਸਭ ਆਪ ਨੂੰ ਮਿਲ ਕੇ ਅਤਿਅੰਤ ਪ੍ਰਸੰਨ ਹੋਏ।

ਏਥੇ ਆਪ ਨੇ ਸੁਖੂ ਨੰਬਰਦਾਰ ਨਾਲ ਵਾਹੀ ਕੀਤੀ। ਆਪ ਬਾਹਰ ਪੈਲੀਆਂ ਨੂੰ ਬਣਾਉਂਦੇ ਸੁਆਰਦੇ। ਘਰ ਦਾ ਸਾਰਾ ਕਾਰਵਿਹਾਰ ਆਪ ਜੀ ਦੀ ਸੁਘੜ, ਸਿਆਣੀ, ਸੁਚੱਜੀ, ਜੀਵਨ ਸਾਥਣ ਕਰਦੀ। ਆਪ ਨੇ ਘਰ ਵਿੱਚ ਇਕ ਛੋਟੀ ਜਿਹੀ ਹੱਟੀ ਵੀ ਪਾ ਲਈ। ਗ਼ਰੀਬ ਗੁਰਬੇ ਨੂੰ ਇਸ ਹੱਟੀ ਤੋਂ ਮੁਫ਼ਤ ਸੌਦਾ ਮਿਲਦਾ।

ਛੇਤੀ ਹੀ ਭੈਣੀ ਸਾਹਿਬ ਤੋਂ ਆਪ ਦਾ ਦਿਲ ਉਚਾਟ ਹੋ ਗਿਆ ਕਿਉਂਕਿ ਹਮੀਰੇ ਜੱਟ ਤੇ ਹੋਰਾਂ ਦਾ ਵਿਹਾਰ ਆਪ ਨਾਲ ਚੰਗਾ ਨਹੀਂ ਸੀ। ਆਪ ਰਾਈਆਂ ਚਲੇ ਗਏ ਤੇ ਉਥੋਂ ਦੇ ਨੰਬਰਦਾਰ ਜਿਉਣ ਸਿੰਘ ਨਾਲ ਭਿਆਲੀ ਪਾਈ ਤੇ ਉਥੇ ਖੇਤੀ ਕਰਨੀ ਸ਼ੁਰੂ ਕੀਤੀ। ਆਪ ਨੇ ਆਪਣੇ ਨਾਲ ਦੋ ਕਾਮੇ ਰੱਖੇ। ਆਪ ਸਵਾ ਪਹਿਰ ਦੇ ਤੜਕੇ ਉਠਦੇ ਤੇ ਦਿਨ ਚੜ੍ਹਨ ਤਕ ਹਲ ਵਾਹੁੰਦੇ ਰਹਿੰਦੇ ਫਿਰ ਦੂਸਰੇ ਕਾਰਵਿਹਾਰ ਕਰਦੇ। ਆਪ ਇਸ਼ਨਾਨ ਵੀ ਅੰਮ੍ਰਿਤ ਵੇਲੇ ਹੀ ਕਰ ਲੈਂਦੇ । ਕੰਮ ਕਰਨ ਸਮੇਂ ਆਪ ਭਜਨ ਬੰਦਗੀ ਹੀ ਕਰਦੇ ਰਹਿੰਦੇ ਸਨ। ਗੱਲ ਤਾਂ ਲੋੜ ਪੈਣ ਤੇ ਹੀ ਕਰਦੇ, ਨਹੀਂ ਤਾਂ ਚੁੱਪ-ਚਾਪ ਹੱਥ ਕਾਰ ਵੱਲ, ਚਿੱਤ ਯਾਰ ਵੱਲ। ਪਿੰਡ ਦੇ ਲੋਕ ਆਦਰ ਨਾਲ ਆਪ ਨੂੰ ਭਾਈ ਜੀ ਕਹਿੰਦੇ। ਜਿਉਣ ਸਿੰਘ ਵੀ ਭਲਾਮਾਣਸ ਸੀ। ਉਹ ਆਪ ਨੂੰ ਮੁਸ਼ਕਲ ਤੇ ਭਾਰੇ ਕੰਮ ਨੂੰ ਹੱਥ ਨਾ ਪਾਉਣ ਦੇਂਦਾ।

ਹਮੀਰਾ ਜੱਟ ਕੋਹੜੀ ਹੋ ਗਿਆ ਤੇ ਗੁਜਰ ਗਿਆ। ਭੈਣੀ ਸਾਹਿਬ ਦੇ ਲੋਕਾਂ ਨੂੰ ਧਿਆਨ ਆਇਆ ਕਿ ਸਤਿਗੁਰੂ ਰਾਮ ਸਿੰਘ ਜੀ ਦਾ ਦਿਲ ਦੁਖਾਉਣ ਕਰਕੇ ਉਸ ਨੂੰ ਨਰਕ ਭੋਗਣਾ ਪਿਆ ਹੈ। ਆਪ ਦਾ ਹੀ ਸਰਾਪ ਲੱਗਾ ਹੈ। ਉਹ ਇਸ ਗਲੋਂ ਵੀ ਡਰ ਗਏ ਕਿ ਕਿਤੇ ਪਿੰਡ ਵਿੱਚ ਹੋਰ ਸਾੜ੍ਹ ਸਤੀ ਨਾ ਆ ਜਾਵੇ। ਸੋ ਅਰਜ਼ ਬੇਨਤੀ ਕਰਕੇ ਆਪ ਨੂੰ ਵਾਪਸ ਲਿਆਉਣ ਦੀ ਵਿਚਾਰ ਬਣੀ। ਪਿੰਡ ਦੇ ਸਿਰਕਰਦਾ ਬੰਦੇ, ਨੰਬਰਦਾਰ ਅਤੇ ਆਪ ਦੇ ਪਰਮ ਮਿੱਤਰ ਲਹਿਣਾ ਸਿੰਘ, ਰਾਈਆਂ ਆਪ ਕੋਲ ਪਹੁੰਚੇ। ਉਹਨਾਂ ਆਪਨੂੰ ਵਾਪਸ ਭੈਣੀ ਸਾਹਿਬ ਆਉਣ

ਲਈ ਮਨਾ ਲਿਆ। ਆਪ ਨੇ ਭੈਣੀ ਸਾਹਿਬ ਥਾਂ ਦੀ ਤੰਗੀ ਦੀ ਗੱਲ ਕੀਤੀ ਤਾਂ ਲਹਿਣਾ ਸਿੰਘ ਨੇ ਆਪਣੀਆਂ ਤਿੰਨਾਂ ਥਾਵਾਂ ਵਿਚੋਂ ਕੋਈ ਥਾਂ ਲੈਣ ਦੀ ਖੁਲ੍ਹ, ਆਪ ਨੂੰ, ਦਿੱਤੀ।

ਆਪ 1848 ਈਸਵੀ ਮੁਤਾਬਕ 1905 ਬਿਕਰਮੀ ਵਿੱਚ ਮੁੜ ਭੈਣੀ ਸਾਹਿਬ ਆ ਵੱਸੇ। ਲਹਿਣਾ ਸਿੰਘ ਨੇ ਸ਼ਾਮਲਾਟ ਵਿੱਚ ਵਲਿਆ ਸਾਰਾ ਵਾੜਾ ਆਪ ਜੀ ਦੇ ਹਵਾਲੇ ਕਰ ਦਿੱਤਾ। ਆਪ ਨੇ ਭਜਨ ਬੰਦਗੀ ਕਰਨ ਲਈ ਏਥੇ ਇਕ ਕੋਠਾ ਛੱਤਿਆ, ਵਲਗਣ ਕੀਤਾ ਤੇ ਆ ਡੇਰੇ ਲਾਏ। ਪੁਰਾਣਾ ਘਰ ਭਾਈ ਬੁਧ ਸਿੰਘ ਦੇ ਹਵਾਲੇ ਕਰ ਦਿੱਤਾ। ਆਪ ਦੇ ਮਾਤਾ ਪਿਤਾ ਵੀ ਏਥੇ ਹੀ ਆਪ ਦੇ ਨਾਲ ਰਹਿਣ ਲੱਗੇ। ਆਪ ਨੇ ਹੋਰ ਕੋਠੇ ਵੀ ਛੱਤ ਲਏ। ਮੁੱਖ ਤੌਰ ਉੱਤੇ ਕੰਮ ਵਾਹੀ ਦਾ ਹੀ ਰਖਿਆ, ਏਥੇ ਹੀ ਆਪ ਨੇ ਆਪਣੀਆਂ ਦੋਹਾਂ ਸਪੁਤਰੀਆਂ, ਨੰਦ ਕੌਰ ਤੇ ਦਇਆ ਕੌਰ ਦੇ ਵਿਆਹ ਖਟੜੀਂ ਤੇ ਨਾਰੰਗਵਾਲ ਦੇ ਪਰਵਾਰਾਂ ਵਿੱਚ ਕੀਤੇ।

ਅੰਮ੍ਰਿਤ ਵੇਲੇ ਉਠ ਕੇ, ਇਸ਼ਨਾਨ ਕਰਕੇ ਜਦ ਆਪ ਭਜਨ ਬੰਦਗੀ ਤੇ ਚਿੰਤਨ ਕਰਨ ਬੈਠਦੇ ਤਾਂ ਗਲੀ ਦੇ ਲਾਗੇ ਕੋਠਾ ਹੋਣ ਕਰਕੇ ਬਲਦਾਂ ਗਲ ਪਾਏ ਘੁੰਗਰੂਆਂ ਤੇ ਟੱਲੀਆਂ ਦੀਆਂ ਅਵਾਜ਼ਾਂ ਅਤੇ ਲੰਘਦੇ ਜਾਂਦੇ ਲੋਕਾਂ ਦਾ ਰੌਲਾ ਰੱਪਾ ਆਪ ਦੀ ਮਨ ਬਿਰਤੀ ਨੂੰ ਕਈ ਵਾਰ ਉਖਾੜ ਦੇਂਦਾ। ਆਪ ਨੇ ਲਹਿਣਾ ਸਿੰਘ ਨਾਲ ਗੱਲ ਕੀਤੀ। ਉਸ ਨੇ ਦੱਖਣ ਵਾਲੇ ਪਾਸੇ ਤੂਤਾਂ ਵਾਲੇ ਖੂਹ ਨਾਲ ਚਾਰ ਵਿਘੇ ਜ਼ਮੀਨ ਹੋਰ ਦੇ ਦਿੱਤੀ। ਆਪ ਨੇ ਉਥੇ ਇੱਕ ਕੱਚਾ ਕੋਠਾ ਪਾ ਲਿਆ। ਇੱਕ ਥੜ੍ਹਾ ਬਣਾ ਲਿਆ। ਥੜ੍ਹੇ ਦੇ ਚਾਰ ਚੁਫੇਰੇ ਇੱਕ ਨਾਲੀ ਬਣਾ ਦਿੱਤੀ। ਆਪ ਏਥੇ ਅਕਾਲ ਪੁਰਖ ਦਾ ਸਿਮਰਨ ਕਰਨ ਲਈ ਆਸਣ ਲਾਉਣ ਤੋਂ ਪਹਿਲਾ ਨਾਲੀ ਵਿੱਚ ਪਾਣੀ ਭਰ ਦੇਂਦੇ ਤਾਂਕਿ ਕੋਈ ਕੀੜਾ-ਮਕੌੜਾ ਅੰਦਰ ਆ ਕੇ ਆਪ ਨੂੰ ਡੰਗ ਮਾਰ ਕੇ ਉਚਾਟ ਨਾ ਕਰ ਸਕੇ। ਸੰਮਤ 1908 ਬਿਕਰਮੀ ਤੋਂ ਪ੍ਰਦੇਸ਼ ਜਾਣ ਸਮੇਂ ਤਕ ਆਪ ਏਥੇ ਹੀ ਤਪ ਕਰਦੇ ਰਹੇ। ਇਸ ਥਾਂ ਨੂੰ ਹੀ ਅਕਾਲ ਬੁੰਗਾ ਕਿਹਾ ਜਾਂਦਾ ਹੈ।

1849 ਈਸਵੀ ਵਿੱਚ ਪੰਜਾਬ ਦਾ ਤਖ਼ਤ ਈਸਟ ਇੰਡੀਆ ਕੰਪਨੀ ਸੰਭਾਲ ਚੁਕੀ ਸੀ। ਕੰਪਨੀ ਨੇ ਉਸਦੀ ਮਦਦ ਕਰਨ ਵਾਲਿਆਂ ਨੂੰ ਜਗੀਰਾਂ, ਜਾਇਦਾਦਾਂ, ਇਨਾਮ, ਅਹੁਦੇ, ਖ਼ਿਤਾਬ, ਰਾਜ ਤੇ ਸਰਦਾਰੀਆਂ ਆਦਿ ਵੰਡ ਕੇ 'ਸ਼ੇਰ ਸ਼ਾਹੀ' ਦੀ ਕਦਰ ਕੀਤੀ ਸੀ। ਮਹਾਰਾਣੀ ਜਿੰਦਾਂ, ਮਹਾਰਾਜ ਸਿੰਘ, ਦੀਵਨ ਮੂਲ ਰਾਜ ਆਦਿ, ਪੰਜਾਬ ਦੀ ਪੀੜ ਰਖਣ ਵਾਲਿਆਂ ਨੂੰ ਬੇਅੰਤ ਤਸੀਹੇ ਝਲਣੇ ਪਏ ਸਨ। ਜੌਨ ਲਾਰੰਸ ਨੂੰ ਪੰਜਾਬ ਦਾ ਚੀਫ਼ ਕਮਿਸ਼ਨਰ ਨਿਯੁਕਤ ਕੀਤਾ ਗਿਆ। ਪੰਜਾਬੀਆਂ ਤੋਂ ਖਾਸ ਕਰਕੇ ਸਿੱਖਾਂ ਤੋਂ ਹਥਿਆਰ ਸੁਟਵਾ ਲਏ ਗਏ ਸਨ। ਅਗੋਂ ਲਈ ਕ੍ਰਿਪਾਨ

ਜਾਂ ਕੋਈ ਹੋਰ ਅਸਤਰ ਸ਼ਸ਼ਤਰ ਰੱਖਣ ਤੇ ਪਾਬੰਦੀ ਲਗਾ ਰੱਖੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੂੰ ਸਾਰਾ ਹਾਲ ਪਤਾ ਲੱਗਾ ਤਾਂ ਆਪ ਸੋਚੀਂ ਪੈ ਗਏ! ਆਪ ਚਿੰਤਨ ਕਰਦੇ ਰਹਿੰਦੇ ਕਿ ਕਿਵੇਂ ਮੁੜ ਅੰਗਰੇਜ਼ ਦੇ ਪੈਰ ਉਖਾੜੇ ਜਾਣਾ, ਇਸ ਧਰਤੀ ਦੇ ਜਾਇਆਂ ਨੂੰ ਏਥੇ ਰਾਜ ਕਰਨ ਦਾ ਹੱਕ ਪ੍ਰਾਪਤ ਹੋਵੇ।

ਅੰਗਰੇਜ਼ ਨੇ ਪੰਜਾਬ ਵਿੱਚ ਆਪਣੇ ਢੰਗ ਦੀ ਉਸਾਰੀ ਵੀ ਸ਼ੁਰੂ ਕਰ ਦਿੱਤੀ। ਫ਼ਿਰੋਜ਼ਪੁਰ ਛਾਉਣੀ ਦੀ ਉਸਾਰੀ ਸ਼ੁਰੂ ਹੋਈ। ਉਹ ਉਥੇ ਕਿਲ੍ਹਾ ਵੀ ਉਸਾਰਨ ਲੱਗੇ। ਸ਼ਹਿਰ ਦੀਆਂ ਸੜਕਾਂ ਬਣਾਉਣ ਦੀ ਵਿਉਂਤਬੰਦੀ ਵੀ ਕੀਤੀ ਗਈ। ਟੈਂਡਰਾਂ ਰਾਹੀਂ ਠੇਕੇ ਦਿੱਤੇ ਗਏ। ਸਤਿਗੁਰਾਂ ਦੇ ਮਾਮੇ ਦੇ ਪੁੱਤਰ ਭਰਾ, ਖਜ਼ਾਨ ਸਿੰਘ ਨੇ ਠੇਕਾ ਲਿਆ। ਕੰਮ ਕਰਨ ਲਈ ਉਸਨੇ ਸਾਰੇ ਰਿਸ਼ਤੇਦਾਰਾਂ ਨੂੰ ਵੀ ਸੱਦ ਲਿਆ। 1850 ਈਸਵੀ ਵਿੱਚ ਆਪ ਵੀ ਉਸਦੇ ਕਹਿਣ ਉੱਤੇ ਫ਼ਿਰੋਜ਼ਪੁਰ ਪਹੁੰਚੇ। ਉਸਨੂੰ ਕਹਿ ਕੇ ਆਪ ਨੇ ਉੱਥੇ ਇੱਕ ਕਮਰਾ ਨਵੇਕਲਾ ਬਣਵਾ ਲਿਆ। ਇਸ ਕਮਰੇ ਵਿੱਚ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਗਿਆ। ਸਵੇਰੇ ਸ਼ਾਮ ਹਰੀ ਕੀਰਤਨ ਤੇ ਨਿਤਨੇਮ ਹੋਣ ਲੱਗਾ। ਪਦਮ ਆਸਣ ਬੈਠ ਕੇ ਬੰਦਗੀ ਕੀਤੀ ਜਾਂਦੀ। ਲੰਗਰ ਸਾਂਝਾ ਸੀ। ਪਰ ਸੁੱਚ ਪਵਿੱਤੱਰਤਾ ਦਾ ਪੂਰਾ ਖਿਆਲ ਰਖਿਆ ਜਾਂਦਾ ਸੀ। ਕੰਮ ਦੇ ਨਾਲ ਰੱਬ ਵਲ ਧਿਆਨ ਜੋੜਨ ਕਰਕੇ ਆਪ ਸਭ ਲਈ ਸ਼ਰਧਾ ਦੇ ਪਾਤਰ ਸਨ।

ਸ਼ਰਧਾਵਾਨ ਆਪ ਕੋਲ ਨਿਜੀ ਲੋੜਾਂ ਤੇ ਥੋੜਾਂ ਬਾਰੇ ਵੀ ਅਰਜ਼ਾਂ ਕਰਦੇ। ਆਪ ਦਾ ਉਪਦੇਸ਼ ਸੁਣਦੇ। ਆਪਣੀ ਮੰਗ ਪੂਰੀ ਹੋਣ ਉੱਤੇ ਉਹ ਗਦ ਗਦ ਹੋ ਜਾਂਦੇ। ਮਹਿਤੇ ਪੁਰ ਦਾ ਇਕ ਮਿਸਤਰੀ ਹੀਰਾ ਸਿੰਘ ਸੀ। ਉਸਦੇ ਬੱਚੇ ਛੋਟੀ ਉਮਰ ਵਿੱਚ ਹੀ ਗੁਜ਼ਰ ਜਾਂਦੇ ਸਨ। ਉਹ ਬਹੁਤ ਦੁੱਖੀ ਸੀ। ਉਸਨੇ ਇਸ ਬਾਰੇ ਆਪ ਅੱਗੇ ਅਰਜ਼ ਕੀਤੀ। ਆਪ ਨੇ ਧੀਰ ਬੰਧਾਈ। ਅਕਾਲ ਪੁਰਖ ਤੇ ਭਰੋਸਾ ਰਖਕੇ ਸਿਮਰਨ ਕਰਨ ਦੀ ਸਿੱਖਿਆ ਦਿੱਤੀ। ਉਸ, 'ਸੱਤ ਬਚਨ' ਕਹਿ ਕੇ ਸਿਰ ਝੁਕਾਇਆ। ਉਸਦੇ ਬੱਚੇ ਬਚਨ ਲੱਗੇ। ਉਸ ਦਾ ਆਪ ਤੇ ਰੱਬ ਵਰਗਾ ਭਰੋਸਾ ਹੋ ਗਿਆ।

ਮਿਸਤਰੀ ਨਿਹਾਲ ਸਿੰਘ ਗ਼ਰੀਬੀ ਦਾ ਗ੍ਰੱਸਿਆ ਹੋਇਆ ਸੀ। ਉਸਨੇ ਵੀ ਆਪ ਅਗੇ ਬਰਕਤ ਪਾਉਣ ਲਈ ਅਰਜ਼ ਕੀਤੀ। ਆਪ ਨੇ ਉਸਨੂੰ ਦਸਾਂ ਨਹੁੰਆਂ ਦੀ ਕਿਰਤ ਕਰਨ, ਦੱਬ ਦੇ ਕੰਮ ਕਰਨ, ਸਬਰ ਸੰਤੋਖ ਰਖਣ ਅਤੇ ਘੱਟ ਖਰਚ ਕਰਨ ਲਈ ਕਿਹਾ ਤਾਂ ਉਸਦੇ ਵੀ ਦਿਨ ਫਿਰਨ ਲੱਗੇ। ਸਮਾਂ ਪਾ ਕੇ ਉਹ ਠੇਕੇਦਾਰ ਬਣ ਗਿਆ ਅਤੇ ਨੋਟਾਂ ਵਿੱਚ ਖੇਡਣ ਲਗਾ।

ਆਪ ਦੇ ਨਿਵਾਜੇ ਸੇਵਕ ਆਪ ਜੀ ਦੀ ਮਹਿਮਾ ਚਹੁੰ ਕੂਟਾਂ ਵਿੱਚ ਫੈਲਾਉਣ

ਲੱਗੇ।

ਆਪ ਦੇ ਮਾਮੇ ਨੇ ਆਪ ਨੂੰ ਆਪਣੇ ਕੰਮਾਂ ਦੀ ਨਿਗਰਾਨੀ ਸੌਂਪੀ। ਡਗਰੂ ਦਾ ਬੰਗਲਾ ਤੇ ਮੁਕਤਸਰ ਦੀ ਸਰਾਂ ਵੀ ਆਪ ਦੀ ਨਿਗਰਾਨੀ ਹੇਠ ਹੀ ਬਣੀਆਂ। ਮੁਕਤਸਰ ਰਹਿਣ ਸਮੇਂ ਆਪਣੇ ਇਤਿਹਾਸਕ ਗੁਰਦੁਆਰਿਆਂ ਦੀ ਮੁਰੰਮਤ ਵੀ ਕਰਵਾਈ। ਖਰਚ ਆਪਣੇ ਪਲਿਓਂ ਕੀਤਾ।

ਫ਼ਿਰੋਜ਼ਪੁਰ ਕਿਲ੍ਹੇ ਦੀ ਉਸਾਰੀ ਤੇ ਤਿਆਰੀ ਦਾ ਕੰਮ ਮੁਕਾ ਕੇ ਆਪ 1855 ਈਸਵੀ ਵਿੱਚ ਵਾਪਸ ਭੈਣੀ ਸਾਹਿਬ ਆ ਗਏ। ਭੈਣੀ ਸਾਹਿਬ ਆ ਕੇ ਆਪਣੇ ਡੇਰੇ ਵਾਲਾ ਦਰਵਾਜ਼ਾ ਦਖਣ ਵਾਲੇ ਪਾਸਿਓਂ ਪੁੱਟ ਕੇ ਉੱਤਰ ਵਾਲੇ ਪਾਸੇ ਲਾ ਲਿਆ। ਸੱਜੇ ਪਾਸੇ ਹਟੀ ਪਾ ਲਈ, ਖੱਬੇ ਪਾਸੇ ਲੰਗਰ ਵਾਸਤੇ ਕੁਝ ਥਾਂ ਛੱਡ ਦਿੱਤੀ।

ਆਪ ਨੂੰ ਖ਼ਬਰ ਮਿਲੀ ਕਿ ਖਜ਼ਾਨ ਸਿੰਘ ਰੱਬ ਨੂੰ ਪਿਆਰਾ ਹੋ ਗਿਆ ਹੈ। ਆਪ ਸੁਣਦੇ ਸਾਰ ਹੀ ਆਪਣੇ ਮਾਮੇ ਦੇ ਘਰ ਪਹੁੰਚੇ। ਆਪ ਦਾ ਮਾਮਾ ਆਪਣੇ ਲੜਕੇ ਦੇ ਫੁੱਲ ਤਾਰਨ ਹਰਿਦੁਆਰ ਜਾ ਰਿਹਾ ਸੀ। ਉਹ ਵੀ ਰਾਹ ਵਿੱਚ ਹੀ ਪੂਰਾ ਹੋ ਗਿਆ।

ਆਪ ਦੀ ਮਾਮੀ ਕੋਲ ਬਹੁਤ ਧਨ ਸੀ। ਉਸਨੇ ਆਪ ਨੂੰ ਅਧੋ ਅੱਧ ਨਫ਼ੇ ਤੇ ਅਨਾਜ ਦਾ ਵਿਉਪਾਰ ਕਰਨ ਲਈ ਕਿਹਾ। ਆਪ ਨੇ ਮਾਮੀ ਦੀ ਗੱਲ ਮੰਨ ਲਈ, ਦਾਣੇ ਖਰੀਦਣ ਲਈ ਇਤਬਾਰੀ ਬੰਦੇ, ਰਣ ਸਿੰਘ ਨੂੰ ਭੇਜਿਆ। ਸਸਤਾ ਸਮਾਂ ਸੀ। ਰੁਪਏ ਦਾ, ਪੰਜ ਛੇ ਮਣ ਬੇਰੜਾ, ਸਾਢੇ ਚਾਰ ਮਣ ਕਣਕ, ਅਠ ਸੇਰ ਘਿਉ ਸੀ। ਆਪ ਨੇ ਸਾਮਾਨ ਖਰੀਦ ਕੇ ਦੁਕਾਨ ਵਿੱਚ ਰਾਸ ਪਾ ਲਈ। ਇਸ ਤੋਂ ਬਿਨਾ ਲੋਹਾ, ਕਪੜਾ, ਪਰਚੂਨ ਵੀ ਰੱਖ ਲਿਆ, ਕੰਮ ਚੰਗਾ ਚੱਲ ਪਿਆ। ਆਪ ਨਫ਼ਾ ਵੀ ਵਾਜਬ ਹੀ ਲੈਂਦੇ, ਰੁਪਏ ਮਗਰ ਇੱਕ ਆਨਾ। ਆਪ ਦੀ ਸੋ ਆਲੇ ਦੁਆਲੇ ਦੇ ਪਿੰਡਾਂ ਵਿੱਚ ਵੀ ਫੈਲਣ ਲੱਗੀ। ਉਹ ਵੀ ਆਪ ਦੀ ਦੁਕਾਨ ਤੇ ਹੀ ਸੌਦਾ ਲੈਣ ਆਉਣ ਲੱਗੇ। ਆਪ ਮਾਮੀ ਨੂੰ ਵੀ ਬਣਦਾ ਨਫ਼ਾ ਦੇਂਦੇ।

ਆਪ ਦੀ ਸੁੱਚੀ ਕਿਰਤ, ਚੰਗੇ ਵਰਤਾ, ਨੂਰਾਨੀ ਝਲਕ ਦੀ ਸੋ ਹੱਦ ਬੰਨੇ ਵੀ ਪਾਰ ਕਰਦੀ ਗਈ। ਗੌਂਦਾ ਖੱਤਰੀ ਆਪ ਦੀ ਸੋ ਸੁਣ ਕੇ ਕੇਵਲ ਦਰਸ਼ਨ ਮਾਤਰ ਨੂੰ ਆਇਆ, ਫਿਰ ਆਪ ਦਾ ਹੀ ਹੋ ਕੇ ਰਹਿ ਗਿਆ। ਲਾਹੌਰ ਦਰਬਾਰ ਦੇ ਆਪਦੇ ਸਾਥੀ ਵੀ ਆਪ ਵਲ ਆਉਣ ਲੱਗੇ। ਰਾਜ ਭਾਗ ਖੁੱਸਣ ਬਾਰੇ ਵਿਚਾਰਾਂ ਹੁੰਦੀਆਂ। ਗਲਾਂ ਬਾਤਾਂ ਨਾਲ ਉਹਨਾਂ ਦੀ ਬੇਚੈਨੀ ਘੱਟਦੀ। ਸੁਧ ਸਿੰਘ ਮੰਢੌਰ, ਕਾਹਨ ਸਿੰਘ ਸੂਬੇਦਾਰ, ਚੱਕ, ਸੰਤ ਦਿਆਲ ਦਾਸ ਆਦਿ ਭੈਣੀ ਸਾਹਿਬ ਡੇਰੇ ਲਾ ਬੈਠੇ। ਵਰਿਆਮ ਸਿੰਘ ਭੌਰੜ ਨੇ ਆਪਦਾ ਵਾਹੀ ਦਾ ਕੰਮ ਸੰਭਾਲ ਲਿਆ। ਗੁਪਾਲ ਸਿੰਘ ਮੰਢੌਰ ਪਿੰਡ ਦਾ ਵੀ, ਭੈਣੀ ਵਾਲੇ ਜੋਗਾ ਹੀ ਹੋ ਕੇ ਰਹਿ

ਗਿਆ।

ਲਾਭ ਸਿੰਘ ਰਾਗੀ, ਸੂਰਮਾ ਸਿੰਘ ਸੀ। ਉਹ ਆਤਮਕ ਸ਼ਾਂਤੀ ਲਈ ਗੁਰੂ ਬਾਲਕ ਸਿੰਘ ਕੋਲ ਪੁੱਜਾ। ਉਨ੍ਹਾਂ ਇਹ ਕਹਿ ਕੇ ਭੈਣੀ ਸਾਹਿਬ ਤੋਰ ਦਿੱਤਾ ਕਿ ਜਿਸ ਦੀ ਵਸਤ ਸੀ, ਉਹ ਲੈ ਗਏ ਸਨ। ਉਸ ਨੇ ਵੀ ਏਥੇ ਹੀ ਆ ਡੇਰਾ ਲਾਇਆ।

ਭੈਣੀ ਸਾਹਿਬ ਹੁਣ ਆਤਮਕ ਸ਼ਾਂਤੀ ਦੇ ਚਾਹਵਾਨਾਂ ਲਈ ਵੀ ਤੀਰਥ ਬਣਦਾ ਜਾ ਰਿਹਾ ਸੀ। ਏਥੇ ਆ ਕੇ ਸਭ ਦੇ ਮਨ ਦੀ ਭਟਕਨਾ ਦੂਰ ਹੁੰਦੀ। ਸਤਿਗੁਰਾਂ ਨੇ ਲੰਗਰ ਲਾ ਰਖਿਆ ਸੀ। ਸੋ ਸਭ ਨੂੰ ਲੰਗਰੋ ਪਰਸ਼ਾਦਾ ਮਿਲਦਾ। ਸਵੇਰੇ ਸ਼ਾਮ ਕਥਾ ਕੀਰਤਨ ਤੇ ਨਾਮ ਸਿਮਰਨ ਹੁੰਦਾ। ਲੋਕ ਉਚੇਚਾ ਸਮਾਂ ਕੱਢ ਕੇ ਦਿਵਾਨ ਵਿੱਚ ਆਉਂਦੇ।

ਆਪਦੇ ਮਨ ਵਿੱਚ ਵੈਰਾਗ ਜਾਗਿਆ। ਸਤਿਗੁਰੂ ਬਾਲਕ ਸਿੰਘ ਦੇ ਦਰਸ਼ਨ ਕਰਨ ਦੀ ਸਿੱਕ ਪੈਦਾ ਹੋਈ। ਆਪ ਨੇ ਕੁਝ ਸਾਥੀ ਨਾਲ ਲਏ ਤੇ ਮੰਜ਼ਲੋ ਮੰਜ਼ਲੀ ਹਜ਼ਰੋ ਸਾਹਿਬ ਜਾ ਪਹੁੰਚੇ। ਗੁਰੂ ਬਾਲਕ ਸਿੰਘ ਜੀ ਬਹੁਤ ਪ੍ਰਸੰਨ ਹੋਏ। ਜਦ ਆਪ ਮੁੜੇ ਤਾਂ ਉਨ੍ਹਾਂ ਤਾਗੀਦ ਕੀਤੀ ਕਿ ਨਾਮ ਦਾ ਖੁਲ੍ਹਾ ਛੱਟਾ ਦਿਓ।

ਅੰਗਰੇਜ਼ ਹਾਕਮ ਇਸ ਸਮੇਂ ਤਕ ਪੰਜਾਬ ਵਿੱਚ ਵੀ ਪੂਰੀ ਤਰ੍ਹਾਂ ਪੈਰ ਪਸਾਰ ਚੁੱਕਾ ਸੀ। ਉਸ ਦਾ ਕਾਨੂੰਨ ਲਾਗੂ ਸੀ। ਅਦਾਲਤਾਂ ਖੋਲ੍ਹੀਆਂ ਜਾ ਚੁਕੀਆਂ ਸਨ। ਗੱਡੀਆਂ ਤੇ ਡਾਕ ਤਾਰ ਦਾ ਪਸਾਰ ਹੋ ਰਿਹਾ ਸੀ। ਵਿਦੇਸੀ ਕਪੜਾ ਲੋਕਾਂ ਨੇ ਵਰਤਣਾ ਸ਼ੁਰੂ ਕਰ ਦਿੱਤਾ ਸੀ। ਰਾਜਨੀਤਕ ਤੌਰ ਉੱਤੇ ਅੰਗ਼ਰੇਜ਼ ਪੂਰੀ ਤਰ੍ਹਾਂ ਛਾ ਗਏ ਸਨ।

ਧਾਰਮਕ ਪੱਖ ਤੋਂ ਪਾਦਰੀਆਂ ਨੂੰ ਖੁਲ੍ਹ ਸੀ ਕਿ ਉਹ ਏਥੋਂ ਦੇ ਲੋਕਾਂ ਨੂੰ ਇਸਾਈ ਬਣਾਉਣ, ਸਮਝਾ ਬੁਝਾ ਕੇ ਜਾਂ ਲਾਲਚ ਦੇਕੇ। ਉਨ੍ਹਾਂ ਨੂੰ ਜੇਲ੍ਹਾਂ ਵਿੱਚ ਜਾ ਕੇ ਵੀ ਧਰਮ ਪ੍ਰਚਾਰ ਕਰਨ ਦੀ ਪੂਰਨ ਖੁਲ੍ਹ ਸੀ। ਥਾਂ ਥਾਂ ਮਿਸ਼ਨਰੀਆਂ ਖੁਲ੍ਹ ਰਹੀਆਂ ਸਨ। ਚਰਚ ਬਣ ਰਹੇ ਸਨ।

ਅੰਗ਼ਰੇਜ਼ ਆਪਣੇ ਦੇਸ਼ ਕੌਮ ਤੇ ਧਰਮ ਪ੍ਰਤੀ ਵਫ਼ਾਦਾਰ ਸਨ। ਈਸਟ ਇੰਡੀਆ ਕੰਪਨੀ ਇੱਕ ਵਪਾਰਕ ਸੰਸਥਾ ਸੀ। ਉਸ ਨੇ ਸਾਰੇ ਭਾਰਤ ਤੇ ਕਬਜ਼ਾ ਕਰ ਲਿਆ। ਉਸ ਨੇ ਇਹ ਰਾਜ ਬਰਤਾਨੀਆਂ ਸਲਤਨਤ ਨੂੰ ਸੌਂਪ ਦਿੱਤਾ। ਦੂਜੇ ਪਾਸੇ ਭਾਰਤੀਆਂ ਨੇ ਤੇਗਾਂ ਮਾਰ ਕੇ ਲਿਆ ਆਪਣੀ ਧਰਤੀ ਤੇ ਆਪਣਾ ਰਾਜ ਗਦਾਰੀ ਕਰ ਕੇ ਅੰਗ਼ਰੇਜ਼ ਦੀ ਝੋਲੀ ਪਾ ਦਿੱਤਾ। ਦੇਸ਼ ਭਗਤੀ ਤੇ ਅਣਖ ਮਰ ਚੁੱਕੀ ਸੀ। ਸਮਾਜਕ, ਧਾਰਮਕ ਅਤੇ ਸਦਾਚਾਰਕ ਪਖੋਂ ਵੀ ਗਿਰਾਵਟ ਆ ਚੁੱਕੀ ਸੀ। ਹਿੰਦੀ ਦਿਸ਼ਾਹੀਨ ਭਟਕ ਰਹੇ ਸਨ।

ਸਤਿਗੁਰੂ ਰਾਮ ਸਿੰਘ ਜੀ ਅਕਾਲ ਬੁੰਗੇ ਬਹਿ ਕੇ ਜਿਥੇ ਅਕਾਲ ਪੁਰਖ

ਦਾ ਸਿਮਰਨ ਕਰਦੇ ਉਥੇ ਲਗਾਤਾਰ ਸੋਚਦੇ ਵੀ ਰਹਿੰਦੇ ਕਿ ਕਿਵੇਂ ਗੁਲਾਮੀ ਦਾ ਤੌਕ ਗਲੋਂ ਲਥੇ? ਕਿਵੇਂ ਲੋਕਾਂ ਅੰਦਰ ਨਵੀਂ ਰੂਹ ਫੂਕੀ ਜਾਵੇ? ਉਨ੍ਹਾਂ ਅੰਦਰ ਦੇਸ਼ ਪਿਆਰ ਦਾ ਸੁੱਤਾ ਜਜ਼ਬਾ ਮੁੜ ਉਭਾਰਿਆ ਜਾਵੇ, ਉਹ ਆਪਣਾ ਮੂਲ ਪਛਾਨਣ, ਉਨ੍ਹਾਂ ਨੂੰ ਆਪੇ ਦੀ ਸੋਝੀ ਆਵੇ, ਉਹ ਅੰਧ ਵਿਸਵਾਸ਼, ਵਹਿਮ ਭਰਮ, ਲੋਭ ਲਾਲਚ, ਮੋਹ ਪਿਆਰ ਛੱਡ ਕੇ, ਦੇਸ਼, ਕੌਮ ਤੇ ਧਰਮ ਲਈ ਆਪਾ ਕੁਰਬਾਨ ਕਰਨ ਲਈ ਤਿਆਰ ਹੋਣ।

ਆਪ ਨੇ, ਆਪਣੇ ਧੁਰ ਅੰਦਰ ਦੀ ਪੀੜ ਨੂੰ ਲੋਕ ਪੀੜ ਬਣਾਉਣ ਦਾ ਪੂਰਾ ਨਿਸਚਾ ਕਰ ਲਿਆ। ਉਨ੍ਹਾਂ ਹਿੰਦੀਆਂ ਤੇ ਖਾਸ ਕਰਕੇ ਸਿੱਖਾਂ ਅੰਦਰ ਆਤਮ ਸਨਮਾਨ ਜਗਾਉਣ ਦਾ ਬੀੜਾ ਉਠਾਇਆ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, "ਬਰਤਾਨਵੀ ਰਾਜ ਅਤੇ ਸਿੱਖਾਂ ਦੀ ਕਮਜ਼ੋਰੀ ਤੇ ਗਿਰਾਵਟ ਬਾਰੇ ਲਗਾਤਾਰ ਫਿਕਰਮੰਦ ਰਹਿੰਦਿਆਂ ਹੋਇਆਂ ਆਪ ਨੇ ਦੁਬਾਰਾ ਆਤਮ ਗੌਰਵ ਪ੍ਰਾਪਤ ਕਰਨ ਲਈ ਸਿੱਖਾਂ ਦੀ ਮਦਦ ਕਰਨ ਦਾ ਫੈਸਲਾ ਕੀਤਾ।"

# ਜੁਝਾਰੂ ਜਥੇਬੰਦੀ

ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ ਤੀਜਾ ਪੰਥ ਤਿਆਰ ਕੀਤਾ ਜੋ ਮੜੀ, ਗੋਰ, ਦੇਵਲ ਨੂੰ ਨਹੀਂ ਸੀ ਮੰਨਦਾ। ਸਗੋਂ ਇੱਕ ਅਕਾਲ ਪੁਰਖ ਦਾ ਸਿਮਰਨ ਕਰਦਾ ਸੀ। ਗਊ ਗ਼ਰੀਬ ਦਾ ਰਾਖਾ ਸੀ। ਸਾਰੀ ਸ੍ਰਿਸ਼ਟੀ ਨੂੰ ਸੁਖੀ ਦੇਖਣ ਦਾ ਚਾਹਵਾਨ ਸੀ। ਅੰਮ੍ਰਿਤ ਛਕਣ ਵਾਲਾ ਹਰ ਬਸ਼ਰ ਧਰਮ ਦੀ ਫ਼ਤਿਹ ਦਾ ਡੰਕਾ ਵਜਾਉਂਦਾ ਸੀ। ਉਸ ਦਾ ਚੱਜ ਆਚਾਰ ਉੱਚਾ ਸੁੱਚਾ ਹੁੰਦਾ ਸੀ। ਪਰ ਸਮਾਂ ਪਾ ਕੇ ਉਹ ਸਿੱਖੀ ਆਦਰਸ਼ ਤੇ ਆਚਰਣ ਅਤੇ ਰਹਿਣੀ ਬਹਿਣੀ ਨੂੰ ਭੁਲ ਗਿਆ। ਗਿਆਨੀ ਗਿਆਨ ਸਿੰਘ ਦੇ ਸ਼ਬਦਾਂ ਵਿੱਚ :-

ਔਰੈ ਰੀਤ, ਔਰੇ ਮੀਤ, ਔਰੈ ਪ੍ਰਤੀਤ, ਪ੍ਰੀਤਿ,
ਖਾਨ ਪਹਿਰਾਨ, ਗਯਾਨ, ਮਾਨ, ਔਰੈ, ਜਨ ਕੈ।
ਡਾਰੇ ਦਸਤਾਰੇ, ਸਾਫੇ ਭਾਰੇ ਹੈਂ ਸੰਭਾਰੇ,
ਕਛੈ ਤਜ ਗਏ, ਧੋਤੀ, ਸੁਥੁ, ਸੰਗ ਤਨ ਕੈ।
ਧਾਰੇ ਹੈ ਗਰਾਰੇ, ਤੰਬੇ, ਤਹਮਤ, ਅਧਿਕ ਲੰਬੇ,
ਜਿਨੈ ਦੇਖ ਸਿੱਖੀ ਗਊ ਕੰਬੈ, ਤੁਰਕ ਗਨ ਕੈ।
ਸਿਖੀ ਦਸਮੇਸ਼ ਕੀ ਸੁ ਕੀ ਅਪਰ ਦੇਸ ਦੀ,
ਅਸਿਖੀ ਭਰੀ ਪੇਸ਼ਗੀ ਛਿਨਾਰ ਬਨ ਠਨ ਕੈ।

–ਪੰਥ ਪ੍ਰਕਾਸ਼।

ਸਤਿਗੁਰੂ ਰਾਮ ਸਿੰਘ ਜੀ ਨੇ ਦਸਮੇਸ਼ ਜੀ ਦੀ ਦਸੀ ਹੋਈ ਮਰਿਆਦਾ ਨੂੰ ਹੋਰ ਧਰਮਾਂ ਦੀਆਂ ਮਰਿਆਦਾਵਾਂ ਨਾਲੋਂ ਉਤਮ ਜਾਤਾ ਪਰ ਇਸ ਵਿੱਚ ਆਈਆਂ ਊਣਤਾਈਆਂ ਵੀ ਖ਼ਤਮ ਕਰਨੀਆਂ ਜ਼ਰੂਰੀ ਸਨ। ਨਾਲ ਹੀ ਜ਼ਰੂਰਤ ਸੀ ਸਮੇਂ ਦੀ ਲੋੜ ਅਨੁਸਾਰ ਕੁਝ ਹੋਰ ਆਦਰਸ਼ਕ ਅਸੂਲਾਂ ਦੀ ਜਿੰਨ੍ਹਾਂ ਤੇ ਅਮਲ ਕਰ ਕੇ ਜਨ ਸਾਧਾਰਨ ਨੂੰ ਚੰਗੀ ਜੀਵਨ ਜਾਚ ਆ ਜਾਵੇ। ਆਪ ਨੇ ਸਿੱਖੀ ਰਹਿਤ ਮਰਿਆਦਾ ਨੂੰ ਫੇਰ ਸੁਰਜੀਤ ਕਰਨ ਲਈ ਵਸਾਖੀ ਦਾ ਦਿਹਾੜਾ ਚੁਣਿਆ।

ਸੰਨ 1857 ਮੁਤਾਬਕ ਸੰਮਤ 1914 ਦੀ ਵਸਾਖੀ ਸੀ, 12 ਅਪ੍ਰੈਲ ਦੀ। ਭੈਣੀ ਸਾਹਿਬ ਅਤੇ ਆਲੇ ਦੁਆਲੇ ਦੇ ਇਲਾਕੇ ਵਿੱਚ ਰਹਿੰਦੇ, ਸਤਿਗੁਰੂ ਰਾਮ ਸਿੰਘ ਜੀ ਦੇ ਸ਼ਰਧਾਲੂ, ਅੰਮ੍ਰਿਤ ਵੇਲੇ ਆਸਾ ਦੀ ਵਾਰ ਦੇ ਕੀਰਤਨ ਸਮੇਂ ਭੈਣੀ ਸਾਹਿਬ ਵਿੱਚ ਇਕੱਠੇ ਹੋਏ ਸਨ। ਵਾਰ ਦਾ ਭੋਗ ਪਿਆ। ਸਤਿਗੁਰਾਂ ਨੇ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕਰਵਾਇਆ। ਇਹ ਅੰਮ੍ਰਿਤ ਪਹਿਲਾਂ ਕਾਹਨ ਸਿੰਘ ਨਿਹੰਗ, ਲਾਭ ਸਿੰਘ ਰਾਗੀ, ਆਤਮਾ ਸਿੰਘ, ਨੈਣਾ ਸਿੰਘ ਤੇ ਸੁਧ ਸਿੰਘ ਨੂੰ ਛਕਾਇਆ ਗਿਆ ਉਹਨਾਂ ਦੇ ਕੇਸਾਂ ਵਿੱਚ ਤੇ ਨੇਤਰਾਂ ਵਿਚ ਅੰਮ੍ਰਿਤ ਦੇ ਛਿੱਟੇ ਮਾਰੇ ਗਏ , ਕੰਨ ਵਿੱਚ ਗੁਰਮੰਤਰ ਦਿੱਤਾ ਗਿਆ। ਸੁੱਚ, ਸੋਧ, ਨਾਮ, ਬਾਣੀ ਦਾ ਉਪਦੇਸ਼ ਦੇ ਕੇ ਸਿੱਖੀ ਰਹਿਤ ਮਰਿਆਦਾ ਤੇ ਚਲਣ ਦਾ ਪ੍ਰਣ ਲਿਆ ਗਿਆ। ਇਸ ਤਰ੍ਹਾਂ ਬਾਰ੍ਹਵੇ ਗੁਰੂ ਨਾਨਕ ਨੇ ਇੱਕ ਵਾਰ ਫੇਰ ਪੰਜ ਪਿਆਰੇ ਸਾਜੇ।

ਸ੍ਰੀ ਮਹਾਰਾਜ ਬੀਰ ਸਿੰਘ ਜੀ ਦੇ ਸ਼ਬਦਾਂ ਵਿੱਚ, "ਉਸਤੋਂ (ਗੁਰੂ ਗੋਬਿੰਦ ਸਿੰਘ ਦੇ ਸਿਖ ਸਜਾਉਣ ਤੋਂ) ਪੂਰੇ 158 ਸਾਲ ਬਾਅਦ ਸਤਿਗੁਰੂ ਰਾਮ ਸਿੰਘ ਜੀ ਨੇ ਫਿਰ ਇੱਕ ਵਾਰੀ ਪੰਜਾਂ ਪਿਆਰਿਆਂ ਨੂੰ ਅੰਮ੍ਰਿਤ ਛਕਾ ਕੇ ਸੰਤ ਖਾਲਸੇ ਦੀ ਪਦਵੀ ਦਿੱਤੀ। ਇਹ ਪੰਜ ਪਿਆਰੇ ਵੀ ਉਵੇਂ ਹੀ ਅੰਗਰੇਜ਼ਾਂ ਦੀ ਬਦੇਸ਼ੀ ਹਕੂਮਤ ਦੇ ਖ਼ਿਲਾਫ਼ ਜੁਝਾਰੂ ਅਮਲ ਦਾ ਪ੍ਰਤੀਕ ਬਣੇ ਜਿਵੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਹੋਏ ਪੰਜ ਪਿਆਰੇ ਉਸ ਸਮੇਂ ਦੇ ਮੁਗਲ ਸ਼ਾਸਨ ਦੇ ਖ਼ਿਲਾਫ਼ ਸੰਗਠਤ ਸੰਗਰਾਮ ਦਾ ਪ੍ਰਤੀਕ ਸਨ।"

—ਸਿਖ ਪ੍ਰੰਪਰਾ, ਸਰੂਪ ਤੇ ਮਰਿਆਦਾ

ਖ਼ਾਲਸਾ ਫ਼ੌਜ ਵਿੱਚ, ਜਿਸ ਪਲਟਨ ਵਿੱਚ ਆਪ ਸਨ ਉਸ ਪਲਟਨ ਵਿੱਚ ਕਾਹਨ ਸਿੰਘ ਹਵਾਲਦਾਰ ਸੀ। ਉਹ ਵੱਡਾ ਚੱਕ ਰਿਆਸਤ ਮਲੇਰ ਕੋਟਲਾ ਦਾ ਰਹਿਣ ਵਾਲਾ ਸੀ। ਮੁੱਦਕੀ ਦੀ ਲੜਾਈ ਪਿਛੋਂ ਘਰ ਆ ਗਿਆ। ਫਿਰ ਆਪ ਜੀ ਦੀ ਸ਼ੋਭਾ ਸੁਣ ਕੇ ਸ੍ਰੀ ਭੈਣੀ ਸਾਹਿਬ ਪੁੱਜਾ।

ਲਾਭ ਸਿੰਘ ਸੂਰਮਾ ਸਿੰਘ ਸੀ, ਅੰਮ੍ਰਿਤਸਰ ਦਾ ਰਾਗੀ ਸੀ। ਸਰੰਦਾ ਵਜਾਉਂਦਾ ਸੀ, ਕਮਾਲ ਦਾ। ਗੁਰੂ ਬਾਲਕ ਸਿੰਘ ਕੋਲੋਂ ਦੀਖਿਆ ਲੈਣ ਗਿਆ। ਉਹਨਾਂ ਭੈਣੀ ਸਾਹਿਬ ਭੇਜ ਦਿੱਤਾ। ਫਿਰ ਏਥੇ ਹੀ ਰਹਿ ਗਿਆ।

ਆਤਮਾ ਸਿੰਘ ਦਾ ਪਿੰਡ ਆਲੋਮੁਹਾਰ ਜ਼ਿਲਾ ਸਿਆਲਕੋਟ ਦਾ ਸੀ, ਚੰਗਾ ਵਿਦਵਾਨ ਸੀ, ਪਰ ਮਨ ਨਾ ਟਿਕੇ। ਘਰੋਂ ਕਿਸੇ ਪੂਰਨ ਸੰਤ ਦੀ ਭਾਲ ਵਿੱਚ ਤੁਰ ਪਿਆ। ਪਹਿਲਾਂ ਵਜ਼ੀਰਾਬਾਦ ਗਿਆ, ਫਿਰ ਲਾਹੌਰ ਤੇ ਫੇਰ ਫਿਰਦਾ ਫਿਰਾਂਦਾ ਭੈਣੀ ਸਾਹਿਬ ਪਹੁੰਚਿਆ। ਸਤਿਗੁਰਾਂ ਦੇ ਮਧੁਰ ਬਚਨ ਸੁਣ ਕੇ ਆਤਮਕ ਸੁਖ ਅਨੁਭਵ ਕੀਤਾ।

ਨੈਣਾ ਸਿੰਘ ਵਰਿਆਹ, ਜ਼ਿਲਾ ਅੰਮ੍ਰਿਤਸਰ ਦਾ ਵਸਨੀਕ ਸੀ ਇਹ ਲਾਭ

ਸਿੰਘ ਤੋਂ ਸੋ ਸੁਣ ਕੇ ਭੈਣੀ ਸਾਹਿਬ ਅਪੜਿਆ।

ਸੁਧ ਸਿੰਘ ਦੁਰਗਪੁਰ ਜ਼ਿਲਾ ਜਲੰਧਰ ਦਾ ਰਹਿਣ ਵਾਲ ਸੀ।

ਇਹਨਾਂ ਪੰਜਾਂ ਤੋਂ ਪਿਛੋਂ ਬ੍ਰਹਮਬੂਟੇ ਦੇ ਅਖਾੜੇ ਦੇ ਸਾਧ, ਬ੍ਰਹਮ ਸੁਧ ਨੇ ਅੰਮ੍ਰਿਤ ਛਕਿਆ, ਆਪ ਦਾ ਨਾਂ ਸਾਹਿਬ ਸਿੰਘ ਰਖਿਆ ਗਿਆ। ਫਿਰ ਤਾਂ ਅੰਮ੍ਰਿਤ ਛਕਣ ਅਤੇ ਗੁਰਮੰਤਰ ਲੈਣ ਵਾਲਿਆਂ ਦਾ ਤਾਂਤਾ ਹੀ ਬੱਝ ਗਿਆ। ਇਨ੍ਹਾਂ ਦੀ ਗਿਣਤੀ ਦਿਨ ਪ੍ਰਤੀਦਿਨ ਵਧਣ ਲੱਗੀ।

ਸਤਿਗੁਰੂ ਰਾਮ ਸਿੰਘ ਜੀ ਦੀ ਦੱਸੀ ਜੀਵਨ ਜਾਚ ਦਾ ਆਧਾਰ ਨਾਮ ਸੀ। ਆਪ ਨਾਮ ਸਿਮਰਨ ਲਈ ਉਚੇਚੀ ਤਾਕੀਦ ਕਰਦੇ। ਇਸ ਕਰ ਕੇ ਹੀ ਇਹ ਪੰਥ ਨਾਮਧਾਰੀ ਪੰਥ ਬਣਿਆ। ਨਾਮਧਾਰੀ ਢੋਲਕੀ ਛੈਣਿਆਂ ਨਾਲ ਉੱਚੀ ਸੁਰ ਵਿੱਚ ਕੀਰਤਨ ਕਰਦੇ। ਉੱਚੀ ਕੂਕਣ ਕਰ ਕੇ ਹੀ ਆਪ ਕੂਕੇ ਅਖਵਾਏ। 'ਕੂਕਾ' ਹੀ ਸਰਕਾਰ ਦੀਆਂ ਕਾਰਗੁਜ਼ਾਰੀਆਂ ਵਿੱਚ ਪ੍ਰਚਲਤ ਹੋਇਆ।

ਸਤਿਗੁਰਾਂ ਨੇ ਧਾਰਮਕ, ਸਮਾਜਕ, ਭਾਈਚਾਰਕ, ਸਦਾਚਾਰਕ ਤੇ ਰਾਜਨੀਤਕ ਇਨਕਲਾਬ ਲਈ ਨਿਰੋਰ ਅਸੂਲ ਆਪਣੇ ਪੈਰੋਕਾਰਾਂ ਨੂੰ ਦੱਸੇ। ਆਪ ਨੇ ਹਰ ਇੱਕ ਨੂੰ ਉਨ੍ਹਾਂ ਅਸੂਲਾਂ ਉੱਤੇ ਕਰੜਾਈ ਨਾਲ ਅਮਲ ਕਰਨ ਲਈ ਜ਼ੋਰ ਦਿੱਤਾ। ਨਾਮਧਾਰੀ ਜੀਵਨ ਜਾਚ ਦੇ ਮੁਖ ਅਸੂਲਾਂ ਬਾਰੇ ਅਗੇ ਲਿਖਿਆ ਜਾ ਰਿਹਾ ਹੈ:

## ਗੁਰਮਤਿ ਪ੍ਰਚਾਰ

ਜਦ ਵੀ ਕਿਸੇ ਨੇ ਕਿਸੇ ਦੂਸਰੇ ਦੇਸ਼ ਤੇ ਰਾਜ ਕੀਤਾ ਤਾਂ ਉਥੋਂ ਦੀ ਜਨਤਾ ਦੇ ਧਾਰਮਕ ਅਕੀਦਿਆਂ ਨੂੰ ਬਦਲਣ ਲਈ ਪੂਰਾ ਟਿੱਲ ਲਾਇਆ ਹੈ। ਭਾਰਤ ਦਾ ਪਿਛੋਕੜ ਵੀ ਏਸੇ ਤਰ੍ਹਾਂ ਦਾ ਸੀ। ਅਸ਼ੋਕ ਨੇ ਬੁਧ ਧਰਮ ਦਾ ਤੇ ਮੁਸਲਮਾਨਾਂ ਨੇ ਇਸਲਾਮ ਦਾ ਪ੍ਰਚਾਰ ਕੀਤਾ। ਮੁਗਲ ਸ਼ਾਸਕਾਂ ਦੀ ਹਿੰਦੂਆਂ ਨੂੰ ਮੁਸਲਮਾਨ ਬਣਾਉਣ ਲਈ ਕੀਤੀ ਜ਼ਬਰਦਸਤੀ ਵੀ ਇਤਿਹਾਸ ਦੇ ਵਰਕਿਆਂ ਤੋਂ ਮਿਟਾਈ ਨਹੀਂ ਜਾ ਸਕਦੀ। ਅੰਗਰੇਜ਼ ਚਤੁਰ ਚਲਾਕ ਹਾਕਮ ਸੀ ਜੋ ਸੱਤ ਸਮੁੰਦਰ ਪਾਰ ਕਰਕੇ ਭਾਰਤ ਉੱਤੇ ਰਾਜ ਕਰ ਰਿਹਾ ਸੀ। ਉਸ ਨੇ ਵੀ ਏਥੇ ਰਾਜ ਪ੍ਰਬੰਧ ਨਾਲ ਧਰਮ ਪ੍ਰਚਾਰ ਵੀ ਸ਼ੁਰੂ ਕੀਤਾ। ਪਾਦਰੀਆਂ ਨੂੰ, ਲੱਬ ਲੋਭ ਦੇ ਕੇ, ਸਬਜ਼ਬਾਗ਼ ਵਿਖਾ ਕੇ ਵੀ, ਕੈਦੀਆਂ ਤੱਕ ਨੂੰ ਈਸਾਈ ਬਣਾਉਣ ਦੀ ਖੁਲ੍ਹੀ ਛੁੱਟੀ ਸੀ। ਉਹ ਆਪਣੇ ਮਿਸ਼ਨ ਵਿੱਚ ਕਾਮਯਾਬ ਵੀ ਸਨ। ਹਿੰਦੂ ਸਿੱਖ ਤੇ ਮੁਸਲਮਾਨ, ਇਸਾਈਅਤ ਨੂੰ ਅਪਨਾ ਰਹੇ ਸਨ। ਬਰਤਾਨਵੀ ਰਾਜ ਦੇ ਵਫਾਦਾਰ ਤੇ ਹਮਦਰਦ ਲੋਕਾਂ ਦਾ ਇੱਕ ਸਮੂਹ ਹੋਂਦ ਵਿੱਚ ਆ ਰਿਹਾ ਸੀ।

ਇਸਾਈ ਧਰਮ-ਪ੍ਰਚਾਰ ਨੂੰ ਠਲ੍ਹ ਪਾਉਣੀ ਜ਼ਰੂਰੀ ਸੀ। ਇਹ ਤਾਂ ਹੀ ਸੰਭਵ ਸੀ ਜੇ ਲੋਕ ਆਪਣੇ ਧਰਮ ਪ੍ਰਤੀ ਦ੍ਰਿੜ ਹੋ ਜਾਣ। ਉਹ ਆਪਣੀ ਮਾਨ

ਮਰਿਆਦਾ ਨੂੰ ਅਪਨਾ ਲੈਣ। ਆਪਣੀ ਰਹਿਣੀ ਬਹਿਣੀ ਅਤੇ ਧਰਮ ਕਰਮ ਪ੍ਰਤੀ ਆਸਥਾ ਰੱਖਣ ਕਰਕੇ ਹੀ ਉਹ ਆਪਣੇ ਦੇਸ਼ ਤੇ ਕੌਮ ਪ੍ਰਤੀ ਵੀ ਨਿਸ਼ਠਾਵਾਨ ਹੋਣਗੇ ਤਾਂ ਹੀ ਉਹ ਵਿਦੇਸ਼ੀ ਰਾਜ ਵਿਰੁਧ ਆਜ਼ਾਦੀ ਦੀ ਲੜਾਈ ਲੜ ਸਕਣਗੇ।

ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਬਣਨ ਦੇ ਇਛੁਕ ਹਰ ਸ਼ਖਸ ਲਈ ਅੰਮ੍ਰਿਤ ਛਕਣਾ ਜ਼ਰੂਰੀ ਕਰਾਰ ਦਿੱਤਾ। ਕੂਕਿਆਂ ਦਾ ਨਿਤਨੇਮ ਸਵਾ ਪਹਿਰ ਦੇ ਤੜਕੇ ਜਾਗਣਾ, ਜੰਗਲ ਮੈਦਾਨ ਜਾ ਕੇ, ਦਾਤਨ ਕਰਕੇ ਖੂਹ ਜਾਂ ਨਦੀ ਦੇ ਜਲ ਨਾਲ ਸਣੇ ਕੇਸੀ ਇਸ਼ਨਾਨ ਕਰਨਾ, ਪਦਮ ਆਸਣ ਬੈਠ ਕੇ ਮਾਲਾ ਫੇਰਨੀ ਤੇ ਭਜਨ ਕਰਨਾ, ਜਪ, ਜਾਪ, ਦੋਹਾਂ ਦੇ ਸ਼ਬਦ ਹਜ਼ਾਰਿਆਂ ਦਾ ਪਾਠ ਕਰਨਾ, ਸੂਰਜ ਦੀ ਟਿੱਕੀ ਨਾਲ ਚੰਡੀ ਦੀ ਵਾਰ ਦਾ ਭੋਗ ਪਾਉਣਾ, ਉਗਰਦੰਤੀ ਦਾ ਪਾਠ ਕਰਨਾ, ਸਵੇਰੇ ਆਸਾ ਦੀ ਵਾਰ ਦਾ ਕੀਰਤਨ ਕਰਨਾ ਤੇ ਫਿਰ ਦਿਨੇ ਕਾਰਵਿਹਾਰ ਕਰਦਿਆਂ ਵੀ ਨਾਮ ਸਿਮਰਨ ਕਰਦੇ ਰਹਿਣਾ ਸੀ। ਕੂਕਿਆਂ ਨੂੰ ਕਿਸੇ ਪੀਰ ਫਕੀਰ, ਗੁਗੇ, ਭੈਰੋ, ਮਾਤਾ, ਦੇਵੀ, ਠਾਕਰ ਦੁਆਰੇ ਨੂੰ ਪੂਜਣ ਦੀ ਮਨਾਹੀ ਕੀਤੀ ਗਈ। ਨਾ ਮੜ੍ਹੀਆਂ ਮਸਾਣਾਂ ਨੂੰ ਮੱਥਾ ਟੇਕਣਾ ਅਤੇ ਨਾ ਹੀ ਮੰਨਤਾਂ ਮੰਨਣਾ ਉਨ੍ਹਾਂ ਦੀ ਮਰਿਆਦਾ ਦਾ ਹਿੱਸਾ ਸੀ।

ਸ੍ਰੀ ਆਦਿ ਗ੍ਰੰਥ ਸਾਹਿਬ ਤੇ ਸ੍ਰੀ ਦਸਮ ਗ੍ਰੰਥ ਦੀ ਬਾਣੀ ਪੜ੍ਹਨੀ ਅਤੇ ਪਾਠ ਕਰਕੇ ਭੋਗ ਪੁਅਉਣੇ ਜ਼ਰੂਰੀ ਸਨ।

ਰਹਿਣੀ ਬਹਿਣੀ ਵਿੱਚ ਸੁੱਚ ਸੋਧ ਰੱਖਣੀ ਜ਼ਰੂਰੀ ਸੀ। ਪਰਸ਼ਾਦਾ ਵੀ ਇਸ਼ਨਾਨ ਕਰਕੇ ਤਿਆਰ ਕਰਨਾ ਜਾਂ ਸੋਧੀ ਹਥੋਂ ਹੀ ਛਕਣਾ। ਗੜਵਾ, ਡੋਰੀ, ਪਉਏ, ਮਾਲਾ ਨਾਲ ਰਖਣੇ। ਕਿਸੇ ਅਣਮਤੀਏ ਘਰੋਂ ਪ੍ਰਸ਼ਾਦਾ ਨਹੀਂ ਛਕਣਾ।

ਨਾਮਧਾਰੀ ਪਹਿਰਾਵਾ ਵੀ ਨਵੇਕਲਾ ਸੀ, ਬਸਤਰ ਸਫੈਦ ਹੀ ਪਹਿਨਣੇ ਹੁੰਦੇ ਸਨ, ਸਿਰ ਤੇ ਸਿਧੀ ਦਸਤਾਰ, ਗਲ ਕਤਰਾਂ ਕੱਛੀਆਂ ਵਾਲਾ ਕੁੜਤਾ, ਤੇੜ ਬਰੀਆਂ ਵਾਲਾ ਕਛਹਿਰਾ ਤੇ ਚੂੜੀਦਾਰ ਪਜਾਮਾ, ਗਲ ਉੱਨ ਦੀ ਮਾਲਾ। ਪੰਜ ਕਕਾਰ ਕੇਸ, ਕੰਘਾ, ਕੜਾ, ਕਿਰਪਾਨ, ਕਛਹਿਰਾ, ਕਿਉਂਕਿ ਸਰਕਾਰ ਵਲੋਂ ਵੱਡੀ ਕ੍ਰਿਪਾਨ ਰਖਣ ਦੀ ਮਨਾਹੀ ਸੀ, ਸੋ ਕਿਰਪਾਨ ਕੰਘੇ ਨਾਲ ਹੀ ਹੁੰਦੀ। ਹਾਂ, ਸਫਾਜੰਗ ਰੱਖਣ ਦਾ ਹੁਕਮ ਸੀ।

ਸਤਿਜੁਗੀ ਬਾਣੇ ਦੇ ਨਾਲ ਭੋਜਨ ਵੀ ਸਤੋ ਗੁਣੀ ਹੀ ਸੀ। ਪੂਰਨ ਸ਼ਾਕਾਹਾਰੀ ਭੋਜਨ। ਕੂਕਿਆਂ ਨੇ ਮਾਸ, ਮੱਛੀ, ਅੰਡੇ ਬਿਲਕੁਲ ਨਹੀਂ ਸਨ ਖਾਣੇ। ਉਨ੍ਹਾਂ ਫੀਮ ਭੰਗ. ਪੋਸਤ, ਸ਼ਰਾਬ ਆਦਿ ਨਸ਼ੀਲੇ ਪਦਾਰਥਾਂ ਦੀ ਵਰਤੋਂ ਵੀ ਨਹੀਂ ਸੀ ਕਰਨੀ।

ਸਤਿਗੁਰਾਂ ਨੇ ਹਵਨ ਕਰਨ ਦੀ ਵੀ ਹਦਾਇਤ ਕੀਤੀ। ਹਵਨ ਸਮੇਂ ਸ੍ਰੀ

ਆਦਿ ਗ੍ਰੰਥ ਜਾਂ ਸ੍ਰੀ ਦਸਮ ਗ੍ਰੰਥ ਦੀ ਨਿਸ਼ਚਿਤ ਬਾਣੀ ਪੜ੍ਹਨ ਲਈ ਕਿਹਾ ਗਿਆ। ਹਵੱਨ ਵਿਚ ਲਕੱੜ ਚੰਦਨ, ਪਲਾਹ ਜਾਂ ਬੇਰੀ ਦੀ ਪਾਉਣ ਦੀ ਮਰਿਆਦਾ ਰਖੀ ਗਈ, ਨਾਲ ਨਾਰੀਅਲ ਰੱਖਣਾ, ਕਪੜੇ ਵਿੱਚ ਲਪੇਟ ਕੇ, ਫੂਕ ਨਹੀਂ ਮਾਰਨੀ, ਹਵਨ ਵਾਲੀ ਥਾਂ ਤੇ ਮਿੱਟੀ ਦਾ ਪੋਚਾ ਫੇਰਨਾ, ਗੋਹੇ ਦਾ ਨਹੀਂ। ਹਵਨ ਸੌਚਾਂ ਰਹਿਤ-ਮਰਿਆਦਾ ਵਾਲੇ ਸਰੀਰਾਂ ਨੇ ਕਰਨਾ ਹੁੰਦਾ ਸੀ।

ਨਾਮਧਾਰੀ ਸਿੱਖਾਂ ਲਈ ਰਾਤ ਸਮੇਂ, ਆਪਣੇ ਪਿੰਡਾਂ ਜਾਂ ਨਗਰਾਂ ਵਿੱਚ, ਇੱਕ ਥਾਂ ਤੇ ਇੱਕਠੇ ਹੋ ਕੇ ਕੀਰਤਨ ਕਰਨ ਦਾ ਹੁਕਮ ਸੀ। ਉਹ ਢੋਲਕੀ ਛੈਣਿਆਂ, ਖੜਤਾਲਾਂ ਤੇ ਵਾਜੇ ਆਦਿ ਨਾਲ ਉੱਚੀ ਉੱਚੀ ਸ਼ਬਦ ਪੜ੍ਹਦੇ। ਦਿਵਾਨ ਵਿੱਚ ਗੁਰਬਾਣੀ ਹੀ ਪੜ੍ਹਨੀ ਹੁੰਦੀ ਸੀ। ਪ੍ਰਚਾਰਕ ਗੁਰਬਾਣੀ ਦੀ ਵਿਆਖਿਆ ਵੀ ਕਰਦੇ ਸਨ।

**ਸਮਾਜਿਕ**

ਧਰਮ ਸਦਾ ਸਮਾਜ ਨੂੰ ਸੇਧ ਦੇਂਦਾ ਹੈ। ਇਹ ਮਨੁੱਖ ਨੂੰ ਮੰਦੇ ਕੰਮ ਕਰਨੋਂ ਵਰਜਦਾ ਹੈ। ਪੁੰਨ ਪਾਪ ਦੇ ਫਲ ਸਵਰੂਪ ਮਨੁੱਖ ਨਰਕ ਜਾਂ ਸਵਰਗ ਭੋਗਦਾ ਹੈ। ਇਸ ਡਰ ਕਰਕੇ ਮਨੁੱਖ ਕਈ ਮੰਦੇ ਕੰਮਾਂ ਤੋਂ ਬਚਿਆ ਰਹਿੰਦਾ ਹੈ। ਸਮਾਜ ਵੀ ਚੰਗਾ ਬਣਿਆ ਰਹਿੰਦਾ ਹੈ। ਇਹ ਤਾਂ ਹੀ ਹੁੰਦਾ ਹੈ ਜਦ ਮਨੁੱਖ ਕਿਸੇ ਪਹੁੰਚੇ ਵਿਅਕਤੀ ਨੂੰ ਆਪਣਾ ਗੁਰੂ ਮੰਨਦਾ ਹੈ। ਉਸਦੀ ਮੱਤ ਅਨੁਸਾਰ ਚਲਦਾ ਹੈ। ਜਦ ਮਨੁੱਖ ਗੁਰਮਤਿ ਛੱਡ ਕੇ ਮਨਮਤ ਅਪਨਾ ਲੈਂਦਾ ਹੈ, ਤਾਂ, ਸਿਰ ਤੇ ਨਹੀਂ ਕੁੰਡਾ ਹਾਥੀ ਫਿਰੇ ਲੁੰਡਾ ਅਨੁਸਾਰ, ਉਹ ਆਪਹੁਦਰਾ ਹੋ ਜਾਂਦਾ ਹੈ। ਉਸ ਅੰਦਰ ਕਈ ਸਮਾਜਕ ਬੁਰਾਈਆਂ ਪਨਪਦੀਆਂ, ਜਨਮਦੀਆਂ ਤੇ ਵਧਦੀਆਂ ਫੁਲਦੀਆਂ ਹਨ।

ਗੁਰੂ ਰਾਮ ਸਿੰਘ ਜੀ ਦੇ ਸਮੇਂ ਵੀ ਸਮਾਜਕ ਬੁਰਾਈਆਂ 'ਰਿਵਾਜ' ਬਣ ਚੁਕੀਆਂ ਸਨ। ਆਪ ਇਨ੍ਹਾਂ ਦੇ ਟਾਕਰੇ ਤੇ ਵੀ ਡੱਟ ਕੇ ਖਲੋ ਗਏ।

ਸਮਾਜ ਵਿੱਚ ਔਰਤ ਸਭ ਤੋਂ ਮਜ਼ਲੂਮ ਹੁੰਦੀ ਸੀ। ਉਸ ਤੇ ਸਦਾ ਜ਼ੁਲਮ ਹੁੰਦੇ ਰਹੇ ਜਿਹੜੇ ਅਜੇ ਵੀ ਮੁੱਕੇ ਨਹੀਂ ਸਨ। ਉਸ ਦਾ ਜੰਮਣਾ ਵੀ ਨਹਿਸ਼ ਸਮਝਿਆ ਜਾਂਦਾ ਸੀ। ਜੰਮਦੀ ਕੁੜੀ ਨੂੰ ਮਾਰਨਾ ਭਾਰਤ ਵਿੱਚ ਆਮ ਰਿਵਾਜ ਸੀ। ਉਸਨੂੰ ਮਾਰ ਕੇ ਨਾ ਕਿਸੇ ਦਾ ਜੀਅ ਖੁਸਦਾ ਨਾ ਹੀ ਕਿਸੇ ਦੀਆਂ ਆਂਦਰਾਂ ਨੂੰ ਧੂਹ ਪੈਂਦੀ। ਗੁਰੂ ਰਾਮ ਸਿੰਘ ਜੀ ਦਾ ਤਾਂ ਹੁਕਮ ਸੀ ਕਿ ਜੀਵ ਹੱਤਿਆ ਨਹੀਂ ਕਰਨੀ। ਏਥੋਂ ਤਕ ਕਿ ਕੀੜੀ ਅਤੇ ਸੱਪ ਨੂੰ ਵੀ ਨਹੀਂ ਮਾਰਨਾ। ਕੁੜੀਆਂ ਨੂੰ ਮਾਰਨਾ ਤਾਂ ਵੱਡਾ ਗੁਨਾਹ ਤੇ ਪਾਪ ਸੀ। ਸੋ ਸਤਿਗੁਰਾਂ ਨੇ ਕੁੜੀਆਂ ਮਾਰਨ ਦੀ ਉਚੇਚੇ ਤੌਰ ਤੇ ਮਨਾਹੀ ਕੀਤੀ ਕਿਉਂਕਿ ਔਰਤ ਨੂੰ ਜੀਣ ਦਾ ਹੱਕ ਕਿਸੇ ਤਰ੍ਹਾਂ ਵੀ ਮਰਦ ਨਾਲੋਂ ਘੱਟ ਨਹੀਂ।

ਜਿਹੜੇ ਲੋਕ ਕੁੜੀਆਂ ਨਹੀਂ ਸਨ ਮਾਰਦੇ, ਉਹ ਉਹਨਾਂ ਦੇ ਵਿਆਹ ਦੀ ਬੜੀ ਕਾਹਲੀ ਕਰਦੇ। ਅਜੇ ਬਚਪਨ ਦੇ ਖੇਡਣ ਮੱਲ੍ਹਣ ਦੇ ਦਿਨ ਹੀ ਹੁੰਦੇ, ਅਜੇ ਕੁੜੀ ਚਰਖੇ ਤੇ ਪੂਣੀ ਕਤੱਣ ਜੋਗੀ ਵੀ ਨਾ ਹੁੰਦੀ ਕਿ ਉਸਨੂੰ ਰੱਤੇ ਸਾਲੂ ਵਿੱਚ ਲਪੇਟ ਕੇ ਆਪਣੇ ਘਰ' ਭੇਜ ਦਿੱਤਾ ਜਾਂਦਾ। ਨਾ ਉਸਨੂੰ ਹੋਸ਼ ਹੁੰਦੀ ਨਾ ਸਮਝ। ਕਈਆਂ ਦੇ ਤਾਂ ਫੇਰੇ ਵੀ ਪਰਾਤ ਵਿੱਚ ਬਿਠਾ ਕੇ ਕਰ ਦਿੱਤੇ ਜਾਂਦੇ, ਕੇਵਲ ਬਹੁਤ ਛੋਟੀ ਹੋਣ ਕਰਕੇ ਹੀ। ਸਤਿਗੁਰੂ ਰਾਮ ਸਿੰਘ ਜੀ ਨੇ ਬਾਲ ਵਿਆਹ ਦੀ ਸਖ਼ਤ ਮਨਾਹੀ ਕੀਤੀ।

ਉਸ ਸਮੇਂ ਮਹਾਮਾਰੀ ਬਹੁਤ ਪੈਂਦੀ ਸੀ ਜਿਹੜੀ ਕਈ ਵਾਰ ਘਰਾਂ ਦੇ ਘਰ ਖਾਲੀ ਕਰ ਜਾਂਦੀ ਸੀ। ਸਭ ਤੋਂ ਵੱਡੀ ਮੁਸੀਬਤ ਉਸ ਕੁੜੀ ਦੀ ਹੁੰਦੀ ਜਿਹੜੀ ਅਜੇ ਮੁਕਲਾਵਾ ਵੀ ਨਹੀਂ ਸੀ ਆਈ ਹੁੰਦੀ ਤੇ ਜਿਸਦੇ ਸਿਰ ਦਾ ਸਾਈਂ ਰੱਬ ਨੂੰ ਪਿਆਰਾ ਹੋ ਜਾਂਦਾ ਹੈ। ਉਸ ਦੀ ਆਪਣੀ ਉਮਰ ਵੀ ਛੋਟੀ ਹੀ ਹੁੰਦੀ 8-10 ਸਾਲ ਦੀ ਉਮਰ ਵਿੱਚ ਹੀ ਉਹ ਵਿਧਵਾ ਹੋ ਜਾਂਦੀ। ਸਮਾਜ ਉਸ ਨੂੰ ਮੁੜ ਘਰ ਵਸਾਉਣ ਦੀ ਇਜਾਜ਼ਤ ਨਹੀਂ ਸੀ ਦੇਂਦਾ। ਉਹ ਸਾਰੀ ਉਮਰ ਭਤੀਜਿਆਂ ਦੇ ਬੂਹਿਆਂ ਤੇ ਰੁਲਦੀ ਰਹਿੰਦੀ। ਉਸ ਨੂੰ ਛਿਬੀਆਂ ਲੈਣੀਆਂ ਪੈਂਦੀਆਂ, ਮਿਹਣੇ ਲੈਣੇ ਪੈਂਦੇ, ਕੁਲੱਛਣੀ, ਕੁਲਹਿਣੀ ਕਹਿ ਕੇ ਦੁਰਕਾਇਆ ਜਾਂਦਾ। ਉਸ ਨੂੰ ਚੰਗਾ ਖਾਣ, ਹੰਡਾਣ ਤੇ ਹੱਸ ਕੇ ਬੋਲਣ ਦੀ ਵੀ ਮਨਾਹੀ ਸੀ। ਕਈ ਵਿਧਵਾਵਾਂ ਇਸ ਦੁਰਦਸ਼ਾ ਤੋਂ ਤੰਗ ਆਈਆਂ ਕੁਰਾਹੇ ਪੈ ਜਾਂਦੀਆਂ, ਵਿਭਚਾਰਨਾਂ ਬਣ ਜਾਂਦੀਆਂ ਜਾਂ ਕਿਸੇ ਭੈੜੇ ਮਨੁੱਖ ਦੇ ਜ਼ੁਲਮ ਦਾ ਸ਼ਿਕਾਰ ਹੋ ਜਾਂਦੀਆਂ।

ਸਤਿਗੁਰੂ ਰਾਮ ਸਿੰਘ ਜੀ ਨੇ ਵਿਧਵਾਵਾਂ ਤੇ ਬਹੁਤ ਵੱਡਾ ਪਰਉਪਕਾਰ ਕੀਤਾ। ਉਹਨਾਂ ਨੂੰ ਮੁੜ ਵਿਆਹ ਕਰਨ ਦੀ ਇਜਾਜ਼ਤ ਦੇ ਦਿੱਤੀ। ਵਿਧਵਾ ਵਿਆਹ, ਸ਼ੁਰੂ ਕਰਕੇ ਆਪ ਨੇ ਸਮਾਜ ਦੇ ਮੱਥੇ ਤੋਂ ਇਹ ਕਲੰਕ ਲਾਹਿਆ।

ਕੁੜੀਆਂ ਮਾਰਨ ਦਾ ਰਿਵਾਜ ਹੋਣ ਕਰ ਕੇ ਮੁੰਡਿਆਂ ਦੀ ਗਿਣਤੀ ਕੁੜੀਆਂ ਤੋਂ ਕਿਤੇ ਵਧ ਜਾਂਦੀ ਸੀ। ਜਿਸ ਦਾ ਵੀ ਵਿਆਹ ਨਾ ਹੁੰਦਾ ਉਹ ਮੁੱਲ ਦੀ ਤੀਵੀਂ ਲੈ ਆਉਂਦਾ। ਕੁੜੀ ਦੇ ਮਾਪੇ ਸ਼ਰੇ ਆਮ ਕੁੜੀ ਦਾ ਮੁਲ ਕਰਦੇ ਜਿਵੇਂ ਜਿਨਸ ਵੇਚ ਰਹੇ ਹੋਣ। ਸੋਹਣੀ, ਸੁਨੱਖੀ, ਸੁਸ਼ੀਲ, ਸਿਆਣੀ ਮੁਟਿਆਰ ਕਿਸੇ ਕੋਝੇ ਕਰੂਪ ਦੇ ਲੜ ਲਾ ਦਿੱਤੀ ਜਾਂਦੀ। ਭਾਵੇਂ ਉਹ ਕਾਣਾ ਹੁੰਦਾ ਜਾਂ ਲੰਙਾ, ਨੌਜਵਾਨ ਹੁੰਦਾ ਜਾਂ ਬੁੱਢਾ ਠੇਰਾ। ਕੁੜੀ ਸਹੁਰੇ ਘਰ ਜਾ ਕੇ ਸੁਖੀ ਨਾ ਰਹਿੰਦੀ, ਉਹ ਨਰਕ ਭੋਗਦੀ। ਮਨੋਵਿਗਿਆਨਕ ਤੌਰ ਤੇ ਉਖੜੀ ਉਖੜੀ ਰਹਿੰਦੀ ਕਈ ਵਾਰ ਵਿਭਚਾਰ ਦੀ ਖਾਈ ਵਿੱਚ ਜਾ ਡਿੱਗਦੀ। ਸਤਿਗੁਰੂ ਰਾਮ ਸਿੰਘ ਜੀ ਨੇ ਕੁੜੀ ਦਾ ਪੈਸਾ ਲੈਣਾ ਬਹੁਤ ਬੁਰਾ ਜਾਤਾ ਤੇ ਕੁੜੀ ਦਾ ਪੈਸਾ ਲੈਣ ਦੀ ਵੀ ਸਖ਼ਤ ਮਨਾਹੀ ਕੀਤੀ।

ਵੱਟਾ ਕਰਨਾ ਵੀ ਅਨਜੋੜ ਤੇ ਅਯੋਗ ਵਿਆਹ ਹੀ ਸੀ। ਇਸ ਨਾਲ ਵੀ ਪਰਵਾਰਿਕ ਸੁਖ ਨਹੀਂ ਸੀ ਬਣਦਾ ਸੋ ਸਤਿਗੁਰਾਂ ਨੇ ਵੱਟਾ ਕਰਨ ਦੀ ਵੀ ਸਖ਼ਤ ਮਨਾਹੀ ਕੀਤੀ।

ਸਤਿਗੁਰਾਂ ਇੱਕ ਹੁਕਮਨਾਮੇ ਵਿੱਚ ਉਚੇਚੇ ਤੌਰ ਤੇ ਲਿਖਿਆ, "ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀਂ ਲੈਣਾ। ਬੱਟਾ ਨਹੀਂ ਕਰਨਾ। ਸਾਰੇ ਬਹੀਰ ਨੂੰ ਇਹ ਹੁਕਮ ਸੁਣਾ ਦੇਣਾ ਜੋ ਪੰਦਰਾਂ ਸੋਲਾਂ ਬਰਸ ਤੇ ਘੱਟ ਕੋਈ ਨਾ ਕੁੜੀ ਬਿਆਹੇ।"

ਮਾਪਿਆਂ ਵਾਸਤੇ ਆਪਣੀਆਂ ਕੁੜੀਆਂ ਲਈ ਚੰਗਾ ਵਰ ਘਰ ਲਭ ਕੇ ਉਨ੍ਹਾਂ ਨੂੰ ਵਿਆਹੁਣਾ ਇੱਕ ਵੱਡੀ ਮੁਸੀਬਤ ਸੀ, ਇਸ ਦਾ ਮੁੱਖ ਕਾਰਨ ਸੀ ਦਾਜ। ਜੇ ਕੁੜੀਆਂ ਮਾਰਨ, ਵੇਚਣ ਜਾਂ ਵੱਟਾ ਕਰਨ ਜਿਹੀਆਂ ਸਮਾਜਕ ਬੁਰਾਈਆਂ ਨੇ ਸਿਰ ਚੁਕਿਆ ਤਾਂ ਇਸ ਦਾ ਇੱਕ ਕਾਰਨ ਦਾਜ ਵੀ ਸੀ। ਸਤਿਗੁਰਾਂ ਨੇ ਮਹਿਸੂਸ ਕੀਤਾ ਕਿ ਜਦ ਤਕ ਦਾਜ ਦੀ ਜੜ੍ਹ ਨਾ ਪੁੱਟੀ ਜਾਏ, ਔਰਤ ਦਾ ਸਮਾਜ ਵਿੱਚ ਆਦਰਯੋਗ ਥਾਂ ਨਹੀਂ ਬਣ ਸਕਦਾ। ਦਾਜ ਦੀ ਕਮੀ, ਕੁੜੀ ਦੀ ਬੇਕਦਰੀ ਕਰਾਉਂਦੀ ਸੀ। ਦਾਜ ਗੁਣ ਹੀਨ ਕੁੜੀ ਦੀ ਵੀ ਕਦਰ ਪੁਆ ਦੇਂਦਾ ਸੀ। ਜਾਂ ਤਾਂ ਗਰੀਬ ਮਾਪੇ ਕੁੜੀ ਦਾ ਦਾਜ ਬਣਾਉਣ ਲਈ ਕਰਜ਼ਾ ਚੁਕਦੇ, ਜ਼ਮੀਨ ਗਹਿਣੇ ਪਾਉਂਦੇ ਅਤੇ ਜਾਂ ਕੁੜੀ ਦਾ ਵਿਆਹ ਹਾਣ-ਪਰਵਾਨ ਨਾਲ ਨਾ ਹੁੰਦਾ, ਕਿਸੇ ਪਿਉ ਦੀ ਉਮਰ ਦੇ ਬੁੱਢੇ ਨਾਲ ਹੁੰਦਾ ਜਾਂ ਫਿਰ ਸਾਰੀ ਉਮਰ ਸਹੁਰੇ ਘਰ ਝਿੜਕਾਂ, ਗਾਹਲਾਂ, ਘਸੁੰਨ-ਮੁੱਕੀ, ਲੱਤਾਂ ਜਾਂ ਡੰਡੇ ਆਦਿ ਖਾਂਦੀ ਆਪਣਾ ਜੂਨ ਗੁਜ਼ਾਰਾ ਕਰਦੀ ਰਹਿੰਦੀ। ਸਤਿਗੁਰਾਂ ਦਾਜ ਦੇਣ ਤੇ ਲੈਣ ਦੀ ਵੀ ਸਖ਼ਤ ਨਿਖੇਧੀ ਤੇ ਮਨਾਹੀ ਕੀਤੀ। ਦਾਜ ਲੈਣ ਦੇਣ ਵਾਲੇ ਨੂੰ ਨਾਮਧਾਰੀ ਭਾਈਚਾਰੇ ਵਿਚੋਂ ਛੇਕਿਆ ਜਾਂਦਾ ਜਾਂ ਤਨਖਾਹ ਲਾਈ ਜਾਂਦੀ।

## ਸਦਾਚਾਰਕ ਅਸੂਲ

ਸਤਿਗੁਰੂ ਰਾਮ ਸਿੰਘ ਜੀ ਨਾਮਧਾਰੀਆਂ ਨੂੰ ਆਦਰਸ਼ ਵਿਅਕਤੀ ਬਨਾਉਣਾ ਲੋਚਦੇ ਸਨ। ਏਸੇ ਕਰਕੇ ਆਪ ਨੇ ਕੂਕਿਆਂ ਨੂੰ ਚਰਿਤਰ ਨਿਰਮਾਣ ਕਰਨ ਵਾਲੇ ਅਸੂਲਾਂ ਦੀ ਪਾਲਣਾ ਕਰਨ ਦਾ ਆਦੇਸ਼ ਦਿੱਤਾ। ਆਪ ਨੇ ਕਿਸੇ ਨਾਲ ਧੋਖਾ ਕਰਨ, ਚੋਰੀ ਜਾਂ ਠੱਗੀ ਕਰਨ ਦੀ ਸਖ਼ਤ ਮਨਾਹੀ ਕੀਤੀ। ਆਪ ਦਾ ਹੁਕਮ ਸੀ ਕਿ ਬੇਗਾਨੀ ਚੀਜ਼ ਜੇ ਲੱਭ ਵੀ ਪਵੇ ਤਾਂ ਵੀ ਸਵੀਕਾਰ ਨਹੀਂ ਕਰਨੀ। ਉਧਾਰ ਲੈ ਕੇ ਕਿਸੇ ਦਾ ਪੈਸਾ ਮਾਰਨਾ ਨਹੀਂ। ਵਿਆਜ ਵੀ ਨਹੀਂ ਲੈਣਾ। ਦਸਾਂ ਨਹੁੰਆਂ ਦੀ ਕਿਰਤ ਕਰਨੀ ਤੇ ਹੱਕ ਹਲਾਲ ਦੀ ਕਮਾਈ ਖਾਣੀ।

ਗਲ ਕੀ ਹਰ ਉਹ ਰਸਮ ਰਿਵਾਜ ਤੇ ਆਦਤ ਜੋ ਮਨੁੱਖ ਦਾ ਕਿਰਦਾਰ

ਖ਼ਰਾਬ ਕਰੇ, ਸਤਿਗੁਰਾਂ ਨੂੰ ਭੈੜੀ ਲੱਗੀ। ਆਪ ਨੇ ਜੀਵਨ ਆਦਰਸ਼ ਦੇ ਰਾਹ ਵਿੱਚ ਰੋੜਾ ਬਣਨ ਵਾਲੇ ਹਰ ਐਬ ਤੇ ਔਗੁਣ ਨੂੰ ਤਿਆਗਣ ਤੇ ਬਲ ਦਿੱਤਾ।

ਇਸ ਤਰ੍ਹਾਂ ਆਪ ਨੇ ਨਾਮਧਾਰੀਆਂ ਨੂੰ ਸੁਚਜੀ ਜੀਵਨ ਜਾਚ, ਉੱਚੀ ਸੁੱਚੀ ਰਹਿਣੀ ਬਹਿਣੀ, ਸਹੀ ਗੁਰਮਰਿਆਦਾ, ਲੋੜੀਂਦੇ ਸਮਾਜ ਸੁਧਾਰ ਨਾਲ ਜੋੜ ਕੇ ਇਕ ਇਨਕਲਾਬ ਦਾ ਮੁੱਢ ਬੱਧਾ। ਇੱਕ ਨਵੀਂ ਸਵੇਰ ਹੋਈ। ਅਲਸਾਏ ਲੋਕਾਂ ਨੇ ਰੂੜੀਵਾਦੀ ਜੁੱਲੀਆਂ ਲਾਹ ਕੇ ਅੰਗੜਾਈ ਲਈ। ਇਹੀ ਸੁਤੰਤਰਤਾ ਸੰਗਰਾਮ ਦਾ ਮੁੱਢ ਸੀ।

ਐਮ. ਐਮ. ਆਹਲੂਵਾਲੀਆ ਨੇ ਲਿਖਿਆ ਹੈ, "ਉਸ ਨੇ ਸਮਝਿਆ ਕਿ ਸੁਤੰਤਰਤਾ ਸੰਗਰਾਮ, ਜਿਹੜਾ ਉਸਦੇ ਧਰਮ ਦਾ ਕੋਈ ਛੋਟਾ ਜਿਹਾ ਹਿੱਸਾ ਨਹੀਂ ਸੀ, ਸਮਾਜਕ ਤੇ ਸਦਾਚਾਰਕ ਉਚਿਆਈ ਬਿਨਾ ਮਸਾਂ ਹੀ ਜਿਤਿਆ ਜਾ ਸਕਦਾ ਸੀ। ਏਸੇ ਕਰਕੇ ਹੀ ਉਸ ਨੇ ਸਚਿਆਈ ਤੇ ਈਮਾਨਦਾਰੀ ਦਾ ਉਪਦੇਸ਼ ਦੇ ਕੇ ਮੁੱਢ ਬੰਨ੍ਹਿਆ।"

## ਸੁਦੇਸ਼ੀ ਲਹਿਰ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦਾ ਉਲੀਕਿਆ ਕਾਰਜਕਰਮ ਵੇਖਣ ਨੂੰ ਨਿਰੋਲ ਧਾਰਮਕ ਲਗਦਾ ਸੀ ਪਰ ਅਸਲ ਵਿਚ ਮਨੁਖੀ ਸੂਝ ਸਰਬ ਪਖੀ ਤੌਰ ਤੇ ਵਿਕਾਸ ਕਰ ਰਹੀ ਸੀ। ਆਪ ਦਾ ਨਿਸ਼ਾਨਾ ਸੀ ਕਿ ਭਾਰਤੀ ਆਪਣਾ ਮੂਲ ਪਛਾਨਣ, ਸੁਚੇਤ ਹੋਣ ਅਤੇ ਆਪਣੇ ਹੱਕਾਂ ਲਈ ਲੜਨ। ਉਹ ਆਰਥਕ ਤੌਰ ਤੇ ਬਲਵਾਨ ਅਤੇ ਆਤਮ ਨਿਰਭਰ ਹੋਣ, ਉਹਨਾਂ ਦੀ ਰਾਜਨੀਤਕ ਸੂਝ ਤੇ ਚੇਤਨਤਾ ਵੀ ਵਧੇ।

ਇੱਕ ਗੱਲ ਬੜੀ ਸਪਸ਼ਟ ਸੀ ਕਿ ਭਾਰਤੀ ਹਥਿਆਰਬੰਦ ਲੜਾਈ ਲੜਨ ਵਿੱਚ ਨਾਕਾਮਯਾਬ ਹੋਣ ਕਰਕੇ ਹੀ ਗੁਲਾਮ ਹੋ ਚੁਕੇ ਸਨ। ਬਰਤਾਨਵੀ ਸਰਕਾਰ ਨੇ ਪੰਜਾਬੀਆਂ ਨੂੰ ਵੀ ਨਕਾਰਾ ਤੇ ਨਿਹੱਥਾ ਕਰ ਦਿੱਤਾ ਸੀ। ਲੋਕਾਂ ਨੂੰ ਬਿਨਾ ਲਾਈਸੰਸ ਤਲਵਾਰ ਰਖਣ ਦੀ ਵੀ ਮਨਾਹੀ ਸੀ। ਉਹ ਡਰੇ ਤੇ ਸਹਿਮੇ ਹੋਏ ਸਨ। ਉਹ ਬਰਤਾਨਵੀ ਰਾਜ ਦੇ ਖ਼ਿਲਾਫ਼ ਚੂੰ ਤਕ ਨਹੀਂ ਸਨ ਕਰਨਾ ਚਾਹੁੰਦੇ। ਉਹਨਾਂ ਨੂੰ ਰਾਜ ਦੇ ਖ਼ਿਲਾਫ਼ ਵਿਦਰੋਹ ਲਈ ਹਥਿਆਰਬੰਦ ਕਰਨਾ ਬੜਾ ਮੁਸ਼ਕਲ ਸੀ। ਲੋਕ ਇਹ ਸੋਚ ਕੇ ਹੀ ਤਸੱਲੀ ਕਰ ਲੈਂਦੇ ਸਨ ਕਿ ਘਾਹੀਆਂ ਦੇ ਪੁਤਾਂ ਘਾਹ ਹੀ ਖੋਦਣਾ ਹੈ, ਰਾਜ ਕਿਸੇ ਦਾ ਵੀ ਹੋਵੇ। ਇਹੋ ਜਹੇ ਹਾਲਾਤ ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਨਵੇਕਲਾ ਰਾਹ ਚੁਣਿਆ।

ਆਪ ਸਮਝਦੇ ਸਨ ਕਿ ਅੰਗਰੇਜ਼ ਮੁੱਖ ਤੌਰ ਤੇ ਵਪਾਰੀ ਹੈ। ਆਪਣਾ ਵਪਾਰ ਚੱਲੇ ਬਿਨਾ ਉਹ ਭਾਰਤ ਵਿੱਚ ਟਿਕ ਨਹੀਂ ਸਕਦਾ। ਉਸਨੂੰ ਆਪਣੀ

ਖਪਤ ਲਈ ਮੰਡੀ ਦੀ ਲੋੜ ਸੀ। ਵਪਾਰ ਕਰਕੇ ਹੀ ਉਸਦਾ ਰਾਜ ਬਣਿਆ, ਰਾਜ ਕਰਕੇ ਉਸਨੇ ਵਪਾਰ ਨਹੀਂ ਕੀਤਾ। ਆਪ ਨੇ ਭਾਰਤ ਦੀ ਮੰਡੀ ਵਿੱਚੋਂ ਅੰਗਰੇਜ਼ੀ ਵਸਤਾਂ ਦੀ ਖਪਤ ਖ਼ਤਮ ਕਰਨ ਲਈ ਇੱਕ ਨੇਮਬਧ ਪ੍ਰੋਗ੍ਰਾਮ ਦਿੱਤਾ।

ਆਪ ਨੇ ਵਿਦੇਸੀ ਵਸਤਾਂ ਦੇ ਬਾਈਕਾਟ ਕਰਨ ਲਈ ਪ੍ਰਚਾਰ ਸ਼ੁਰੂ ਕੀਤਾ। ਸੁਦੇਸ਼ੀ ਵਸਤਾਂ ਦੀ ਵਰਤੋਂ ਤੇ ਆਪਣੇ ਦੇਸ਼ ਦੀਆਂ ਬਣੀਆਂ ਚੀਜ਼ਾਂ ਦੀ ਵਰਤੋਂ ਤੇ ਜ਼ੋਰ ਦਿੱਤਾ।

ਆਪ ਨੇ ਨਾ ਮਿਲਵਰਤਨ ਲਹਿਰ ਦਾ ਮੁੱਢ ਬੰਨਿਆ। ਆਪ ਨੇ ਅੰਗਰੇਜ਼ੀ ਸਿਖਿਆ ਪ੍ਰਣਾਲੀ ਦਾ ਬਾਈਕਾਟ ਕੀਤਾ। ਅੰਗਰੇਜ਼ਾਂ ਨੇ ਕਲਰਕ ਭਰਤੀ ਕਰਨ ਲਈ ਨਵੇਂ ਸਕੂਲ ਖੋਲ੍ਹੇ ਸਨ। ਪੜ੍ਹਾਈ ਦੇ ਵਿਸ਼ੇ ਵੀ ਆਪਣੀ ਲੋੜ ਅਨੁਸਾਰ ਰੱਖੇ ਗਏ ਸਨ। ਕੁਝ ਵੀ ਦੇਸ਼ ਭਗਤੀ, ਭਾਰਤੀ ਸਭਿਅਤਾ ਤੇ ਸਭਿਆਚਾਰ ਦੀ ਸਿੱਖਿਆ ਦੇਣ ਵਾਲਾ ਨਹੀਂ ਸੀ। ਸਰਕਾਰ ਦੇ ਗੁਣ ਹੀ ਗਾਉਣੇ ਸਿਖਾਏ ਜਾਂਦੇ ਸਨ। ਆਪ ਨੇ ਗ਼ੁਲਾਮੀ ਦੀ ਸਿਖਿਆ ਦੇਣ ਵਾਲੀ ਵਿਦਿਆ ਦਾ ਬਾਈਕਾਟ ਕੀਤਾ। ਕੂਕਿਆਂ ਨੂੰ ਆਪਣੇ ਬੱਚਿਆਂ ਨੂੰ ਸਰਕਾਰੀ ਸਕੂਲਾਂ ਵਿੱਚ ਨਾ ਪੜ੍ਹਾਉਣ ਦਾ ਹੁਕਮ ਦਿੱਤਾ। ਪਰ ਇਸ ਦਾ ਇਹ ਵੀ ਮਤਲਬ ਨਹੀਂ ਕਿ ਆਪ ਵਿਦਿਆ ਦੇਣ ਦੇ ਵਿਰੁਧ ਸਨ। ਆਪ ਤਾਂ ਹਰ ਨਾਮਧਾਰੀ ਨੂੰ ਆਪਣੇ ਬੱਚੀ ਬੱਚੇ ਨੂੰ ਪੜ੍ਹਾਉਣ ਲਈ ਉਪਦੇਸ਼ ਦੇਂਦੇ ਸਨ, "ਲੜਕੇ ਲੜਕੀਆਂ ਨੂੰ ਅੱਖਰ ਪੜ੍ਹਾਉਣੇ ਹੋਸ਼ ਆਉਣ ਦੇ ਨਾਲ।"

ਆਪ ਨੇ ਕੂਕਿਆਂ ਨੂੰ ਸਰਕਾਰੀ ਨੌਕਰੀ ਕਰਨ ਦੀ ਸਖ਼ਤ ਮਨਾਹੀ ਕੀਤੀ। ਕਿਉਂਕਿ ਸਰਕਾਰੀ ਨੌਕਰੀ ਕਰਨ ਨਾਲ ਅਸੀਂ ਉਸ ਮਸ਼ੀਨਰੀ ਦਾ ਹੀ ਪੁਰਜ਼ਾ ਬਣ ਜਾਂਦੇ ਹਾਂ ਜਿਸ ਨੂੰ ਅਸੀਂ ਬੰਦ ਕਰਨਾ ਚਾਹੁੰਦੇ ਹਾਂ। ਇਸ ਨਾਲ ਵੀ ਜੀ ਹਜ਼ੂਰੀ ਤੇ ਗੁਲਾਮੀ ਦੀ ਹੀ ਭਾਵਨਾ ਪੈਦਾ ਹੁੰਦੀ ਹੈ।

ਆਪ ਨੇ ਅਦਾਲਤਾਂ ਵਿੱਚ ਆਪਣੇ ਮੁਕੱਦਮੇ ਲੈ ਜਾਣ ਦੀ ਵੀ ਮਨਾਹੀ ਕੀਤੀ। ਅਦਾਲਤਾਂ ਵਿੱਚ ਜਾ ਕੇ ਪੈਸਾ, ਸਮਾਂ ਤੇ ਸ਼ਕਤੀ ਬਰਬਾਦ ਹੁੰਦੇ ਸਨ। ਪ੍ਰੇਸ਼ਾਨੀ ਵਧਦੀ ਸੀ। ਅਦਾਲਤਾਂ ਨਿਆਂ ਨਹੀਂ ਸਨ ਦੇਂਦੀਆਂ, ਸਿਰਫ ਫੈਸਲਾ ਸੁਣਾਉਂਦੀਆਂ ਸਨ, ਉਹ ਵੀ ਗਵਾਹੀਆਂ ਦੇ ਸਿਰ ਤੇ। ਆਪ ਨੇ ਆਪਸੀ ਝਗੜੇ ਆਪਣੀਆਂ ਪਰ੍ਹੇ ਪੰਚਾਇਤਾਂ ਇਕਠੀਆਂ ਕਰਕੇ, ਉਨ੍ਹਾਂ ਵਿੱਚ ਨਬੇੜਨ ਦਾ ਹੁਕਮ ਦਿੱਤਾ। ਸੂਬਾ ਗਿਆਨੀ ਰਤਨ ਸਿੰਘ ਨੂੰ ਆਪ ਨੇ ਮੈਜਿਸਟ੍ਰੇਟ ਦਾ ਅਹੁਦਾ ਦਿੱਤਾ। ਵੱਡੇ ਤੇ ਗੁੰਝਲਦਾਰ ਝਗੜੇ ਉਹ ਹੀ ਨਿਪਟਾਉਂਦਾ।

ਆਪ ਨੇ ਵਿਦੇਸ਼ੀ ਕਪੜੇ ਦਾ ਬਾਈਕਾਟ ਕਰਨ ਦਾ ਵੀ ਹੁਕਮ ਦਿੱਤਾ। ਆਪ ਸਮਝਦੇ ਸਨ ਕਿ ਸਾਡੇ ਦੇਸ਼ ਤੋਂ ਕੱਚਾ ਮਾਲ ਅੰਗਰੇਜ਼ ਲੈ ਜਾਂਦੇ ਸਨ। ਇੰਗਲੈਂਡ ਦੀਆਂ ਮਿਲਾਂ ਵਿੱਚ ਕਪੜਾ ਬਣਦਾ ਸੀ ਤੇ ਫਿਰ ਭਾਰਤ ਵਿੱਚ ਹੀ

ਮਹਿੰਗੇ ਭਾਅ ਵਿਕਦਾ ਸੀ। ਮਾਨਚੈਸਟਰ ਦੇ ਕਾਮੇ ਤੇ ਕਾਰਖਾਨੇਦਾਰ ਮਾਲਾ ਮਾਲ ਹੋ ਰਹੇ ਸਨ। ਦੇਸ਼ ਦੇ, ਹੱਥਾਂ ਦੇ ਸੁੱਚੇ ਜੁਲਾਹੇ ਬੇਕਾਰ ਹੁੰਦੇ ਜਾ ਰਹੇ ਸਨ। ਉਹਨਾਂ ਦੀ ਆਮਦਨ ਘਟ ਰਹੀ ਸੀ, ਹਥੋਂ ਕੰਮ ਖੁਸ ਰਿਹਾ ਸੀ ਦੇਸ਼ ਦਾ ਧਨ ਬਾਹਰ ਜਾ ਰਿਹਾ ਸੀ। ਸੋ ਵਿਦੇਸ਼ੀ ਕਪੜੇ ਦਾ ਬਾਈਕਾਟ ਕਰਨ ਨਾਲ ਦੇਸੀ ਕਪੜੇ ਦੀ ਖਪਤ ਵਧਣ ਤੇ ਵਿਦੇਸ਼ੀ ਵਪਾਰ ਨੂੰ ਸੱਟ ਵਜਣ ਦੀ ਸੰਭਾਵਨਾ ਸੀ।

ਸਤਿਗੁਰੂ ਰਾਮ ਸਿੰਘ ਜੀ ਨਹੀਂ ਸਨ ਚਾਹੁੰਦੇ ਕਿ ਅੰਗ੍ਰੇਜ਼ ਦੀ ਕਿਸੇ ਚੀਜ਼ ਵਲ ਵੀ ਸਾਡਾ ਧਿਆਨ ਖਿਚਿਆ ਜਾਵੇ। ਉਹ ਸੁਚੇਤ ਜਾਂ ਅਚੇਤ ਤੌਰ ਤੇ ਸਾਡੇ ਮਨਾਂ ਵਿਚ ਅੰਗਰੇਜ਼ ਹਾਕਮਾਂ ਪ੍ਰਤੀ ਨਫ਼ਰਤ ਪੈਦਾ ਕਰਨਾ ਚਾਹੁੰਦੇ ਸਨ। ਉਹਨਾਂ ਕੂਕਿਆਂ ਨੂੰ ਗੱਡੀ ਤੇ ਚੜ੍ਹਨ ਤੋਂ ਵੀ ਮਨ੍ਹਾ ਕੀਤਾ।

ਹੋਰ ਤਾਂ ਹੋਰ ਡਾਕਖਾਨਿਆਂ ਵਿੱਚ ਚਿਠੀ ਪਾਉਣ ਦਾ ਵੀ ਕੂਕਿਆਂ ਨੂੰ ਹੁਕਮ ਨਹੀਂ ਸੀ। ਸਤਿਗੁਰਾਂ ਨੇ ਆਪਣਾ ਸੁਤੰਤਰ ਤੇ ਸਮਾਨਾਂਤਰ ਡਾਕ ਪ੍ਰਬੰਧ ਲਾਗੂ ਕੀਤਾ। ਇਹ ਪ੍ਰਬੰਧ ਸੂਬਾ ਸਾਹਿਬ ਸਿੰਘ ਨੂੰ ਸੌਂਪਿਆ ਗਿਆ। ਉਂਜ ਉਸ ਸਮੇਂ ਬਹੁਤੀ ਰਿਸ਼ਤੇਦਾਰੀ ਨੇੜੇ ਨੇੜੇ ਹੀ ਹੁੰਦੀ ਸੀ। ਦੁਖ ਸੁਖ ਵੇਲੇ, ਗ਼ਮੀ ਖੁਸ਼ੀ ਦਾ ਸੱਦਾ, ਨਾਈ - ਜਿਸ ਨੂੰ ਰਾਜਾ ਕਹਿੰਦੇ ਹਨ - ਹੀ ਦੇ ਆਉਂਦਾ ਸੀ। ਪਰ ਆਪ ਦਾ ਚਲਾਇਆ ਡਾਕ ਪ੍ਰਬੰਧ ਸੰਗਠਿਤ ਸੀ। ਇਹ ਡਾਕ ਪ੍ਰਬੰਧ ਜਥੇਬੰਦਕ ਸੁਨੇਹੇ ਪਹੁੰਚਾਉਣ ਲਈ ਬੜਾ ਸਹਾਈ ਹੋਇਆ।

ਨਾਮਧਾਰੀ ਡਾਕ ਪ੍ਰਬੰਧ ਨਾਲ ਇੱਕ ਤਾਂ ਚਿੱਠੀ ਜਾਂ ਸੁਨੇਹਾ ਛੇਤੀ ਪਹੁੰਚਦਾ। ਦੂਜਾ ਰਾਜ਼, ਰਾਜ਼ ਹੀ ਰਹਿੰਦਾ ਕਿਉਂਕਿ ਰਾਹ ਵਿੱਚ ਨਾ ਕੋਈ ਚਿੱਠੀ ਖੋਲ੍ਹਦਾ, ਨਾ ਪੜ੍ਹਦਾ। ਸਰਕਾਰ ਦੇ ਪੱਲੇ ਕੋਈ ਵੀ ਭੇਦ ਭਰੀ ਜਥੇਬੰਦਕ ਗੱਲ ਨਾ ਪੈਂਦੀ ਕਿਉਂਕਿ ਚਿੱਠੀ ਸੈਂਸਰ ਹੀ ਨਹੀਂ ਸੀ ਹੋ ਸਕਦੀ। ਬਹੁਤੇ ਗੁਪਤ ਸੁਨੇਹੇ ਸੰਕੇਤਾਂ ਰਾਹੀਂ ਹੀ ਦਿੱਤੇ ਜਾਂਦੇ ਜਿਸ ਨੂੰ ਸੰਬੰਧਤ ਵਿਅਕਤੀ ਬਿਨਾ ਕੋਈ ਸਮਝ ਹੀ ਨਾ ਸਕਦਾ।

ਜਿਸ ਦੇ ਜ਼ੁੰਮੇ ਸੁਨੇਹਾ ਪਹੁੰਚਾਉਣ ਦੀ ਸੇਵਾ ਲੱਗਦੀ ਉਹ ਸੱਤ ਕੰਮ ਛਡ ਕੇ ਵੀ ਸੁਨੇਹਾ ਅਗਲੇ ਪੜਾਅ ਤੇ ਪਹੁੰਚਾ ਆਉਂਦਾ। ਅਗਲਾ ਵਿਅਕਤੀ ਵੀ ਰੋਟੀ ਵਿਚੇ ਛੱਡ ਕੇ ਸੁਨੇਹਾ ਅਗੇ ਪਹੁੰਚਾਉਣ ਦੇ ਕਾਰਜ ਨੂੰ ਪਹਿਲ ਦੇਂਦਾ ਤੇ ਇਸ ਤਰ੍ਹਾਂ ਪੜਾਉ-ਪੜਾਈ ਸੁਨੇਹਾ ਲਿਖਤੀ ਜਾਂ ਜ਼ਬਾਨੀ ਸੰਬੰਧਤ ਵਿਅਕਤੀ ਨੂੰ ਪਹੁੰਚ ਜਾਂਦਾ। ਇਸ ਤੇ ਖਰਚੇ ਦੀ ਬੱਚਤ ਹੁੰਦੀ ਤੇ ਵਕਤ ਵੀ ਘੱਟ ਲਗਦਾ। ਲੋੜ ਪੈਣ ਤੇ ਜੁਆਬ ਵੀ ਮੁੜਦੀ ਡਾਕ ਹੀ ਆ ਜਾਂਦਾ।

ਇਸ ਤਰ੍ਹਾਂ ਗੁਰੂ ਰਾਮ ਸਿੰਘ ਜੀ ਨੇ ਧਾਰਮਕ ਰਹਿਤ ਮਰਿਆਦਾ ਨੂੰ ਮੰਨਣ ਵਾਲੇ, ਨਾਮ ਬਾਣੀ ਦੇ ਅਭਿਆਸੀ, ਸਮਾਜਕ ਕੁਰੀਤੀਆਂ ਦੇ ਵਿਰੋਧੀ, ਸਦਾਚਾਰਕ

ਕਦਰਾਂ ਕੀਮਤਾਂ ਦੇ ਧਾਰਨੀ, ਵਿਦੇਸ਼ੀ ਵਸਤਾਂ ਦਾ ਬਾਈਕਾਟ ਕਰਨ ਵਾਲੇ, ਸਰਕਾਰ ਨੂੰ ਨਾ ਮਿਲਵਰਤਨ ਦੇਣ ਵਾਲੇ, ਸੱਚੇ ਸੁੱਚੇ ਦੇਸ਼ ਭਗਤ, ਆਜ਼ਾਦੀ ਦੇ ਦਿਵਾਨੇ, ਸੁਤੰਤਰਤਾ ਸੰਗਰਾਮੀਆਂ ਦੀ ਇੱਕ ਐਸੀ ਜਥੇਬੰਦੀ ਤਿਆਰ ਕੀਤੀ ਜਿਸ ਦੀਆਂ ਕਾਰਵਾਈਆਂ ਨੇ ਬਰਤਾਨੀਆਂ ਸਲਤਨਤ ਦੇ ਪੈਰਾਂ ਹੇਠੋਂ ਜ਼ਮੀਨ ਕੱਢ ਦਿੱਤੀ।

# ਕਾਫਲਾ ਵਧਦਾ ਗਿਆ

1914 ਬਿਕਰਮੀ ਦੀ ਵਸਾਖੀ ਵਾਲੇ ਦਿਨ ਨਾਮਧਾਰੀ ਪੰਥ ਦੀ ਸਾਜਨਾ ਪਿਛੋਂ ਇਸ ਦਾ ਪ੍ਰਚਾਰ ਤੇ ਪ੍ਰਸਾਰ ਸ਼ੁਰੂ ਹੋਇਆ। ਆਤਮਕ ਸ਼ਾਂਤੀ ਲਈ ਲੋਕ ਭੈਣੀ ਸਾਹਿਬ ਆਉਂਦੇ, ਗੁਰਮੰਤਰ ਲੈਂਦੇ ਤੇ ਸਤਿਗੁਰ ਦੀਆਂ ਖੁਸ਼ੀਆਂ ਲੈ ਕੇ, ਕਾਗੋਂ ਹੰਸ ਬਣ, ਵਾਪਸ ਮੁੜਦੇ। ਕੁਝ ਲੋਕ ਤਾਂ ਭੈਣੀ ਸਾਹਿਬ ਜੋਗੇ ਹੀ ਹੋ ਜਾਂਦੇ।

ਸ੍ਰ. ਮੰਗਲ ਸਿੰਘ, ਬਿਸ਼ਨਪੁਰੇ ਪਿੰਡ ਦਾ ਸਰਦਾਰ ਸੀ ਤਕੜਾ ਜਗੀਰਦਾਰ। ਉਸ ਦਾ ਪਿੰਡ ਭੈਣੀ ਸਾਹਿਬ ਤੋਂ 8 ਮੀਲ ਦੀ ਵਿੱਥ ਤੇ ਸੀ। ਉਹ ਮਹਾਰਾਜਾ ਪਟਿਆਲਾ ਦਾ ਨੇੜੇ ਦਾ ਰਿਸ਼ਤੇਦਾਰ ਸੀ। ਜਦ ਉਹ ਸਤਿਗੁਰਾਂ ਦੇ ਸੰਪਰਕ ਵਿਚ ਆਇਆ, ਆਪ ਨਾਲ ਬਚਨ ਬਿਲਾਸ ਕਰਕੇ ਆਪ ਦੇ ਉੱਚੇ ਆਦਰਸ਼ਾਂ ਅਗੇ ਝੁਕ ਗਿਆ। ਇਸ ਕੋਲ ਇੱਕ ਦੁਧ ਚਿੱਟੇ ਰੰਗ ਦੀ ਅੜੀਅਲ ਤੇ ਕੌੜੀ ਘੋੜੀ ਸੀ, ਚੀਨੀ ਘੋੜੀ। ਉਹ ਘੋੜੀ ਉਸਨੇ ਸਤਿਗੁਰਾਂ ਨੂੰ ਮੱਥਾ ਟੇਕ ਦਿੱਤੀ। ਸਤਿਗੁਰੂ ਜੀ ਸਦਾ ਉਸ ਉੱਤੇ ਹੀ ਸਵਾਰੀ ਕਰਦੇ ਸਨ। ਘੋੜੀ ਨੇ ਕਦੇ ਆਪ ਨੂੰ ਪਰੇਸ਼ਾਨ ਨਾ ਕੀਤਾ। ਚੀਨੀ ਘੋੜੀ ਤੇ ਸਵਾਰੀ ਕਰਨ ਕਰਕੇ ਆਪ ਜੀ ਦੇ ਸ਼ਰਧਾਲੂ ਆਪ ਨੂੰ ਚੀਨੀ ਵਾਲਾ ਪਾਤਸ਼ਾਹ ਵੀ ਕਹਿਣ ਲੱਗ ਪਏ।

ਬਾਬਾ ਜਵਾਹਰ ਸਿੰਘ ਜੀ ਨਿਰਮਲੇ ਸਾਧੂ ਸਨ। ਭਗਵਾ ਬਾਣਾ ਪਹਿਨਣਾ, ਇੱਕ ਹੱਥ ਚਿੱਪੀ ਦੂਜੇ ਹੱਥ ਮਾਲਾ ਰੱਖਣੀ। ਆਪ ਲੋਪੋ ਬਧਣੀ ਰਹਿੰਦੇ ਸਨ। ਜਦ ਆਪ ਭੈਣੀ ਸਾਹਿਬ ਆ ਰਹੇ ਸਨ ਤਾਂ ਸਤਿਗੁਰੂ ਜੀ, ਹੱਥ ਵਿੱਚ ਗੜਵਾ ਫੜੀ, ਜੰਗਲ ਮੈਦਾਨ ਜਾ ਕੇ ਮੁੜ ਰਹੇ ਬਾਬਾ ਜੀ ਨੂੰ ਲਾਟੋਂ ਪਿੰਡ ਕੋਲ ਮਿਲ ਪਏ। ਆਪ ਨੇ ਬਾਬਾ ਜੀ ਨੂੰ ਸਤਿਕਾਰ ਨਾਲ ਫ਼ਤਿਹ ਬੁਲਾਈ। ਉਨ੍ਹਾਂ ਦੀ ਸੁਖ ਸਾਂਦ ਪੁੱਛੀ। ਅਤੇ ਫਿਰ ਉਨ੍ਹਾਂ ਨੂੰ ਆਪਣੇ ਨਾਲ ਡੇਰੇ ਲੈ ਆਏ। ਡੇਰੇ ਬਾਬਾ ਜੀ ਦੀ ਬੜੇ ਸਤਿਕਾਰ ਨਾਲ ਸੇਵਾ ਕੀਤੀ ਗਈ। ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਉਨ੍ਹਾਂ ਦੀ ਸੇਵਾ ਖ਼ੁਦ ਸਤਿਗੁਰੂ ਰਾਮ ਸਿੰਘ ਜੀ ਹੀ ਕਰ ਤੇ ਕਰਵਾ ਰਹੇ ਹਨ ਤਾਂ ਉਹ ਹੈਰਾਨ ਰਹਿ ਗਏ। ਉਹ ਸਤਿਗੁਰਾਂ ਦੀ ਨਿਰਮਾਣਤਾ ਦੇ ਕਾਇਲ ਹੋ

ਗਏ। ਬਾਬਾ ਜੀ ਭੈਣੀ ਸਾਹਿਬ ਹੀ ਟਿਕ ਗਏ। ਦਸਵੇਂ ਦਿਨ ਉਨ੍ਹਾਂ ਦੀ ਇੱਛਾ ਪੂਰਤੀ ਲਈ ਸਤਿਗੁਰਾਂ ਨੇ ਬਾਬਾ ਜੀ ਨੂੰ ਗੁਰਮੰਤਰ ਦਿੱਤਾ ਅਤੇ ਮਰਿਆਦਾ ਦੱਸੀ। ਬਾਅਦ ਵਿੱਚ ਉਨ੍ਹਾਂ ਨੂੰ ਸੂਬਾ ਬਣਾਇਆ ਗਿਆ। ਉਹ ਬਹੁਤ ਵਿਦਵਾਨ ਸਨ। ਉਨ੍ਹਾਂ ਨੇ ਨਾਮਧਾਰੀ ਰਹਿਤ ਮਰਿਆਦਾ ਦਾ ਬਹੁਤ ਪ੍ਰਚਾਰ ਕੀਤਾ।

ਬੰਗਾਲੀਪੁਰ, ਜ਼ਿਲਾ ਅੰਮ੍ਰਿਤਸਰ ਦੇ ਉਦਾਸੀ ਸਾਧੂ, ਬ੍ਰਹਮ-ਸੁੱਧ ਪਹਿਲਾਂ ਹੀ ਭੈਣੀ ਸਾਹਿਬ ਆ ਚੁੱਕੇ ਸਨ। ਉਨ੍ਹਾਂ ਦਾ ਨਾਂ ਸਾਹਿਬ ਸਿੰਘ ਰਖਿਆ ਗਿਆ। ਉਹ ਹੀ ਕੂਕਾ ਡਾਕ ਪ੍ਰਬੰਧ ਦੇ ਇਨਚਾਰਜ ਸਨ।

ਮਦੀਹਰ ਜ਼ਿਲ੍ਹਾ ਫਿਰੋਜ਼ਪੁਰ ਦਾ ਰਾਇ ਸਿੰਘ ਵੀ ਚੀਨੀ ਵਾਲੇ ਪਾਤਸ਼ਾਹ ਦੀ ਮਹਿਮਾ ਸੁਣ ਕੇ ਭੈਣੀ ਸਾਹਿਬ ਪੁੱਜਾ। ਉਹ ਹਿੰਦੀ, ਗੁਰਮੁਖੀ, ਬ੍ਰਿਜ ਭਾਸ਼ਾ ਤੇ ਸੰਸਕ੍ਰਿਤ ਦਾ ਚੰਗਾ ਵਿਦਵਾਨ ਸੀ। ਸ੍ਰੀ ਆਦਿ ਗ੍ਰੰਥ ਤੇ ਦਸਮ ਗ੍ਰੰਥ ਦੇ ਅਰਥ ਕਰਨੇ ਵੀ ਜਾਣਦਾ ਸੀ। ਉਹ ਵੀ ਨਾਮਧਾਰੀ ਝੰਡੇ ਹੇਠ ਆ ਗਿਆ ਤੇ ਸ੍ਰੀ ਭੈਣੀ ਸਾਹਿਬ ਹੀ ਰਹਿਣ ਲਗਾ। ਸਤਿਗੁਰਾਂ ਨੇ ਉਸਨੂੰ ਹਜ਼ੂਰ ਸਾਹਿਬ ਜਾ ਕੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਤੋਂ ਚਲੀਂ ਆ ਰਹੀ ਰਹਿਤ ਮਰਿਆਦਾ ਲਿਆਉਣ ਲਈ ਭੇਜਿਆ। ਉਹ ਕਈ ਦਿਨ ਪੈਦਲ ਤੁਰ ਕੇ, ਜੰਗਲ ਬੀਆਬਾਨ ਚੀਰ ਕੇ ਹਜ਼ੂਰ ਸਾਹਿਬ ਪਹੁੰਚਿਆ, ਉਥੇ ਕੁਝ ਦਿਨ ਕਥਾ ਕੀਤੀ ਅਤੇ ਉਥੋਂ ਦੀ ਮਰਿਆਦਾ ਸਮਝ ਕੇ ਵਾਪਿਸ ਆ ਗਿਆ। ਸਤਿਗੁਰਾਂ ਦੇ ਹੁਕਮ ਅਨੁਸਾਰ ਉਸ ਨੇ ਪੁਜਾਰੀਆਂ ਜਾਂ ਕਿਸੇ ਹੋਰ ਕੋਲੋਂ ਇੱਕ ਪਾਈ ਵੀ ਭੇਟ ਨਾ ਲਈ।

ਭੈਣੀ ਸਾਹਿਬ ਵੱਲ ਲੋਕਾਂ ਦਾ ਆਉਣਾ ਵਧਦਾ ਗਿਆ ਤਾਂ ਹੋਰ ਥਾਂ ਦੀ ਲੋੜ ਵੀ ਮਹਿਸੂਸ ਕੀਤੀ ਗਈ। ਕੁਝ ਥਾਂ ਲਹਿਣਾ ਸਿੰਘ ਨੇ ਅਤੇ ਕੁਝ ਸੁਖੂ ਨੰਬਰਦਾਰ ਨੇ ਦੇ ਦਿੱਤੀ। ਸਤਿਗੁਰਾਂ ਨੇ ਹੋਰ ਕੋਠੇ ਪਾ ਲਏ। ਇੱਕ ਤਬੇਲਾ ਵੀ ਬਣਵਾਇਆ। ਲੰਗਰ ਅਸਥਾਨ ਵੀ ਛੱਤਿਆ ਗਿਆ।

ਇਸ ਸਮੇਂ ਤੱਕ ਆਪ ਆਪਣੀ ਹੱਟੀ ਵੀ ਪਹਿਲਾਂ ਵਾਂਗ ਹੀ ਚਲਾਉਂਦੇ ਰਹੇ। ਆਪ ਦਾ ਆਪਣਾ ਖਰਚਾ ਹੱਟੀ ਵਿੱਚੋਂ ਹੀ ਨਿਕਲਦਾ।

1858 ਈਸਵੀ ਮੁਤਾਬਕ 1915 ਬਿਕਰਮੀ ਵਿੱਚ ਆਪ ਨੇ ਦੌਰੇ ਸ਼ੁਰੂ ਕਰ ਦਿੱਤੇ। ਬਾਹਰ ਜਾ ਕੇ ਪ੍ਰਚਾਰ ਕਰਨਾ ਸ਼ੁਰੂ ਕੀਤਾ। ਪਹਿਲਾ ਦੌਰਾ ਆਪ ਨੇ ਮੁਠੱਡਾ ਕਲਾਂ ਜ਼ਿਲਾ ਜਲੰਧਰ ਦਾ ਕੀਤਾ। ਆਪ ਦੇ ਪ੍ਰਭਾਵ ਨਾਲ ਸਾਰਾ ਪਿੰਡ ਨਾਮਧਾਰੀ ਬਣ ਗਿਆ ਫਿਰ ਆਪ ਨੇ ਲੁਧਿਆਣੇ ਦੇ ਜਸੋਵਾਲ, ਜੜਤੌਲੀ, ਆਸੀ, ਰਾਇਪੁਰ, ਲੋਹਗੜ੍ਹ, ਗੁਜਰਵਾਲ, ਨਾਰੰਗਵਾਲ, ਰੁੜਕਾ, ਡੇਹਲੋਂ, ਨਵਾਂ ਪਿੰਡ, ਨੰਗਲ, ਪਖੋਵਾਲ ਆਦਿ ਪਿੰਡਾਂ ਦਾ ਦੌਰਾ ਕੀਤਾ। ਇਨ੍ਹਾਂ ਪਿੰਡਾਂ ਦੇ ਵੀ ਬਹੁਤ ਸਾਰੇ ਘਰ ਕੂਕੇ ਬਣ ਗਏ। ਲੋਹਗੜ੍ਹ ਦੇ ਤਾਂ ਸਰਦਾਰ, ਜਗੀਰਦਾਰ ਵੀ ਕੂਕੇ ਬਣ ਗਏ।

ਆਪ ਜਿਸ ਪਿੰਡ ਵੀ ਜਾਂਦੇ, ਰਾਤ ਦੇ ਸਮੇਂ ਆਪ ਦਾ ਕੀਰਤਨੀ ਜਥਾ ਢੋਲਕੀ ਛੈਣਿਆਂ ਨਾਲ ਦਿਵਾਨ ਲਾਉਂਦਾ, ਗੁਰਬਾਣੀ ਪੜ੍ਹਕੇ। ਦਿਵਾਨ ਸੁਣ ਕੇ ਲੋਕ ਬਹੁਤ ਪ੍ਰਭਾਵਤ ਹੁੰਦੇ। ਦਿਵਾਨ ਦੀ ਸਮਾਪਤੀ ਉੱਤੇ ਕਈ ਆਪ ਦੇ ਜਥੇ ਨੂੰ ਲੰਗਰ ਕਰਨ ਲਈ ਅਰਜ਼ ਕਰਦੇ ਤਾਂ ਆਪ ਦੀ ਸ਼ਰਤ ਹੁੰਦੀ ਕਿ ਪਹਿਲਾਂ ਨਾਮਧਾਰੀ ਬਣੋ, ਫਿਰ ਹੀ ਪਰਸ਼ਾਦਾ ਛਕਿਆ ਜਾਏਗਾ। ਸੋ ਲੋਕ ਭਜਨ ਪੁਛੇ ਲੈਂਦੇ। ਫਿਰ ਲੋਕਾਂ ਦੇ ਕਹਿਣ ਤੇ ਕਈ ਕਈ ਦਿਨ ਦਿਵਾਨ ਲਗਦਾ। ਭਜਨ ਵਿੱਚ ਐਨਾ ਬਲ ਸੀ ਅਤੇ ਕੀਰਤਨ ਵਿੱਚ ਐਨਾ ਰਸ ਸੀ ਕਿ ਸੁਣਨ ਵਾਲਾ ਲਟਬੌਰਾ ਹੋ ਜਾਂਦਾ। ਆਪਣੀ ਹੋਸ਼ ਭੁਲਾ ਬੈਠਦਾ। ਉਸਨੂੰ ਸੁਤਰ ਪੈ ਜਾਂਦਾ, ਉਹ ਮਸਤਾਨਾ ਹੋ ਜਾਂਦਾ।

ਰਾਇਪੁਰ ਦਾ ਤਾਂ ਸਾਰਾ ਪਿੰਡ ਹੀ ਅਮਲੀਆਂ ਦਾ ਸੀ। ਸਾਰੇ ਹੀ ਭੰਗ, ਫੀਮ, ਪੋਸਤ, ਸ਼ਰਾਬ ਦੇ ਗੁਲਾਮ ਸਨ। ਪਰ ਸਰਦਾਰ ਦਰਬਾਰਾ ਸਿੰਘ ਇਹਨਾਂ ਦਾ ਵੀ ਸਰਦਾਰ ਸੀ। ਉਹ ਘਰ ਸ਼ਰਾਬ ਤਿਆਰ ਕਰਦਾ। ਉਸ ਵਿੱਚ 500 ਚਿੜਾ, 100 ਮੁਰਗੇ ਤੇ 5 ਬਕਰੇ ਪਾਉਂਦਾ। ਢਾਈ ਤੋਲੇ ਅਫੀਮ ਖਾਣ ਨਾਲ ਉਸ ਦਾ ਅਮਲ ਪੂਰਾ ਹੁੰਦਾ। ਸੇਰ ਪੋਸਤ ਤੇ ਅਧ ਸੇਰ ਸੁੱਖਾ ਪੀਣ ਨਾਲ ਉਸਨੂੰ ਹੋਸ਼ ਆਉਂਦੀ।' ਜਦੋਂ ਸੋਚਦਾ ਤਾਂ ਕਈ ਵਾਰ ਬਹੁਤ ਦੁਖੀ ਹੋ ਜਾਂਦਾ ਅਤੇ ਅਮਲ ਛੱਡਣ ਦਾ ਮਨ ਬਣਾਉਂਦਾ ਪਰ ਅਮਲ ਨਾ ਛੁੱਟਦਾ। ਉਹ ਵੀ ਨਾਮਧਾਰੀ ਦਿਵਾਨ ਵਿੱਚ ਆ ਬੈਠਾ। ਗੁਰ ਉਪਦੇਸ਼ ਤੋਂ ਐਨਾ ਪ੍ਰਭਾਵਿਤ ਹੋਇਆ ਕਿ ਗੁਰਮੰਤਰ ਲੈ ਲਿਆ। ਉਸ ਨੂੰ ਨਾਮਖੁਮਾਰੀ ਚੜ੍ਹ ਗਈ, ਝੂਠਾ ਨਸ਼ਾ ਤੇ ਅਮਲ ਕਾਫੂਰ ਹੋ ਗਏ। ਰਾਇਪੁਰ ਦੇ ਹੋਰ ਪੁਰਸ਼ਾਂ ਨੇ ਵੀ ਨਸ਼ਿਆਂ ਦਾ ਤਿਆਗ ਕੀਤਾ। ਧੌਂਕਲ ਸਿੰਘ ਵੀ ਰਾਇਪੁਰ ਦਾ ਮੰਨਿਆਂ ਹੋਇਆ ਅਮਲੀ ਸੀ ਉਸਨੇ ਵੀ ਕੂਕਿਆਂ ਦੀ ਜੀਵਨ ਜਾਚ 'ਤੇ ਅਮਲ ਕਰਨਾ ਸ਼ੁਰੂ ਕਰ ਦਿੱਤਾ।

ਰਾਇਪੁਰ ਦਾ ਹੀ ਇੱਕ ਗੁਣੀ ਗਿਆਨੀ ਬੰਦਾ ਸੀ ਗੁਰਮੁਖ ਸਿੰਘ। ਗੁਰਬਾਣੀ ਦੇ ਅਰਥ ਸਮਝਦਾ ਸੀ, ਸੋ ਉਸਨੂੰ ਆਪਣੇ ਵਿਦਵਾਨ ਹੋਣ ਦਾ ਹੰਕਾਰ ਸੀ। ਸਤਿਗੁਰਾਂ ਦਾ ਕਹਿਣਾ ਸੀ ਕਿ ਗੁਰਬਾਣੀ ਦੇ ਅਰਥ ਤਾਂ ਹਰ ਕੋਈ ਮੱਤ ਬੁੱਧ ਅਨੁਸਾਰ ਕਰ ਸਕਦਾ ਸੀ। ਸਹੀ ਅਰਥ ਤਾਂ ਬਾਣੀ ਰਚਨਹਾਰਾ ਹੀ ਜਾਣਦਾ ਸੀ। ਗੁਰਮੁਖ ਸਿੰਘ ਸਤਿਗੁਰਾਂ ਨਾਲ ਵਿਚਾਰ ਵਟਾਂਦਰਾ ਕਰਕੇ ਤੱਕਲੇ ਵਾਂਗ ਸਿੱਧਾ ਹੋ ਗਿਆ।

ਉਸ ਤੋਂ ਅਗੇ ਆਪ ਰੁੜਕੇ ਪੁੱਜੇ। ਉੱਥੋਂ ਦਾ ਜ਼ੈਲਦਾਰ ਸਾਹਿਬਾ ਆਪਦੀ ਸੋਭਾ ਵਧਣ ਕਰਕੇ ਵਿੱਸ ਘੋਲਦਾ ਸੀ। ਉਂਜ ਹੈ ਸੀ ਬੜਾ ਹੋਸ਼ਿਆਰ। ਉਹ ਸਦਾ ਚਲਾਕੀ ਵਰਤਦਾ ਸੀ। ਉਸ ਨੇ ਹੁੱਕੇ ਦੇ ਪਾਣੀ ਨਾਲ ਥਾਲੀ ਧੋਕੇ ਵਿੱਚ ਪਤਾਸੇ ਪਾ ਲਏ। ਥਾਲੀ ਢੱਕ ਕੇ ਪਰਸ਼ਾਦ ਸਤਿਗੁਰਾਂ ਦੀ ਹਜ਼ੂਰੀ ਲੈ ਆਂਦਾ,

ਜਦ ਉਹ ਮੱਥਾ ਟੇਕਣ ਲਈ ਤੇ ਪਰਸ਼ਾਦ ਭੇਟ ਕਰਨ ਲਈ ਕੋਲ ਪਹੁੰਚਿਆ ਤਾਂ ਸਤਿਗੁਰਾਂ ਉਸਦੀਆਂ, ਨਜ਼ਰਾਂ ਤੋਂ ਸ਼ਰਾਰਤ ਤਾੜ ਲਈ। ਉਸਦੀ ਨੀਯਤ ਤੇ ਸ਼ੱਕ ਹੋਣ ਕਰਕੇ ਆਪ ਨੇ ਸੋਟੀ ਦੀ ਹੁੱਝ ਨਾਲ ਥਾਲ ਬਾਹਰ ਚਲਾ ਮਾਰਿਆ। ਗੱਲ ਖੁਲ੍ਹ ਗਈ। ਉਹ ਬੁੜ ਬੁੜ ਕਰਦਾ ਚਲਾ ਗਿਆ।

ਇਹੀ ਸਾਹਿਬਾ ਬਾਅਦ ਵਿਚ ਵੀ ਮੁਖ਼ਬਰੀ ਕਰਦਾ ਰਿਹਾ। ਬਰਤਾਨੀਆਂ ਸਰਕਾਰ ਨੂੰ ਰਿਪੋਰਟਾਂ ਕਰਕੇ ਗ਼ਰੀਬ ਤੇ ਭੋਲੇ ਭਾਲੇ ਕੂਕਿਆਂ ਨੂੰ ਫੜਾਉਂਦਾ ਰਿਹਾ। ਇੱਕ ਦਿਵਾਨ ਵਿੱਚ ਨਾਮਧਾਰੀਆਂ ਉਸਦੀ ਇਸ ਕਮੀਨੀ ਹਰਕਤ ਦਾ ਜ਼ਿਕਰ ਕੀਤਾ। ਸੰਗਤ ਵਿੱਚ ਧੌਕਲ ਸਿੰਘ ਵੀ ਬੈਠਾ ਸੀ। ਉਸ ਨੇ ਸੰਗਤ ਵਿੱਚ ਜ਼ੈਲਦਾਰ ਸਾਹਿਬੇ ਸਿਰ ਸੌ ਛਿੱਤਰ ਮਾਰਨ ਦਾ ਪ੍ਰਣ ਕੀਤਾ। ਚੜ੍ਹਤ ਸਿੰਘ ਨਵੇਂ ਪਿੰਡ ਵਾਲੇ ਨੇ ਵੀ ਉਸਦਾ ਸਾਥ ਦੇਣ ਦੀ ਹਾਮੀ ਭਰੀ। ਦੋਹਾਂ ਸੋਚਿਆ ਕਿ ਸੌ ਛਿੱਤਰ ਮਾਰਨ ਤੱਕ ਰੌਲਾ ਪੈ ਜਾਵੇਗਾ। ਸੋ ਉਹਨਾਂ ਪੰਜ ਤਲਿਆਂ ਦਾ ਇੱਕ ਛਿੱਤਰ ਤਿਆਰ ਕਰਵਾਇਆ।

ਸਾਹਿਬਾ, ਡਰਾਕਲ ਵੀ ਬੜਾ ਸੀ। ਸੋ ਉਸ ਨੂੰ ਜਦ ਵੀ ਲੁਧਿਆਣੇ ਜਾਣਾ ਪੈਂਦਾ ਉਹ ਪੰਜ ਬੰਦੇ ਨਾਲ ਲੈਕੇ ਤੁਰਦਾ। ਏਧਰ ਚੜ੍ਹਤ ਸਿੰਘ ਤੇ ਧੌਕਲ ਸਿੰਘ ਵੀ ਸਦਾ ਮੌਕੇ ਦੀ ਤਾਕ ਵਿੱਚ ਰਹਿੰਦੇ। ਇੱਕ ਦਿਨ ਉਹ ਘੋੜੀ ਦੇ ਸਵਾਰ ਲੁਧਿਆਣੇ ਜਾ ਰਿਹਾ ਸੀ। ਆਲਮਗੀਰ ਕੋਲੋਂ ਲੰਘਦਾ ਇਨ੍ਹਾਂ ਵੇਖ ਲਿਆ। ਉਸ ਦੇ ਸਾਥੀ ਕੁਝ ਪਿੱਛੇ ਰਹੇ ਗਏ ਸਨ। ਚੜ੍ਹਤ ਸਿੰਘ ਕੁਝ ਮਧਰੇ ਕਦ ਦਾ ਹੋਣ ਕਰਕੇ ਕੁਝ ਦੂਰ ਘੋੜੀ ਦੇ ਉਹਲੇ ਹੀ ਨਾਲ ਨਾਲ ਤੁਰਿਆ ਗਿਆ। ਫਿਰ ਘੋੜੀ ਦੀ ਵਾਗ ਫੜ ਲਈ। ਉਸਨੂੰ ਖਿੱਚ ਕੇ ਥਲੇ ਲਾਹ ਲਿਆ। ਧੌਕਲ ਸਿੰਘ ਵੀ ਅੱਖ ਦੇ ਫੋਰ ਵਿੱਚ ਮੌਕੇ ਤੇ ਪਹੁੰਚ ਗਿਆ। ਉਸਨੇ ਜ਼ੈਲਦਾਰ ਦੇ ਸਿਰ ਵਿੱਚ ਪੂਰੇ ਜ਼ੋਰ ਨਾਲ 20 ਛਿੱਤਰ ਮਾਰੇ। ਫਿਰ ਦੋਵੇਂ ਅਲੀ ਪੰਜ ਹੋ ਗਏ। ਸਾਹਿਬੇ ਦੇ ਸਾਥੀ ਵੀ ਨੇੜੇ ਆ ਗਏ ਸਨ। ਉਹ ਦੇਖਦੇ ਹੀ ਰਹਿ ਗਏ ਕੋਈ ਅਗਾਹ ਨਾ ਆਇਆ।

ਰੁੜਕੋਂ ਤੋਂ ਸਤਿਗੁਰੂ ਜੀ ਬਗਲੀ ਪਹੁੰਚੇ ਤੇ ਫਿਰ ਉਟਾਲਾ, ਜਿਥੇ ਬ੍ਰਾਹਮਣਾਂ ਦਾ ਬੜਾ ਜ਼ੋਰ ਸੀ। ਆਪਦੇ ਪ੍ਰਚਾਰ ਕਰਕੇ ਬ੍ਰਾਹਮਣਾਂ ਦੇ ਵਕਾਰ ਨੂੰ ਵੀ ਸੱਟ ਵੱਜ ਰਹੀ ਸੀ। ਭੋਲੇ ਭਾਲੇ ਲੋਕ ਅੰਧ ਵਿਸਵਾਸ਼ ਤਿਆਗ ਰਹੇ ਸਨ। ਸੋ ਬ੍ਰਾਹਮਣ ਆਪ ਨਾਲ ਈਰਖਾ ਰਖਣ ਲੱਗ ਪਏ ਸਨ। ਆਪ ਨੂੰ ਪਿੰਡ ਆਇਆ ਸੁਣ ਕੇ ਉਹਨਾਂ ਸਾਰੇ ਖੂਹਾਂ ਵਿਚ ਤਮਾਕੂ ਪਾ ਦਿੱਤਾ ਤਾਂ ਕਿ ਜਾਂ ਤਾਂ ਆਪ ਪਾਣੀ ਹੀ ਨਾ ਪੀਣ ਅਤੇ ਜਾਂ ਆਪ ਦੀ ਸੁੱਚ ਸੋਧ ਨਾ ਰਹੇ। ਆਪ ਦੇ ਜੱਥੇ ਨਾਲ ਰਹਿਣ ਵਾਲੇ ਸਿੱਖਾਂ ਨੂੰ ਬੜਾ ਗੁੱਸਾ ਆਇਆ। ਪਰ ਆਪ ਨੇ ਸਿੱਖਾਂ ਨੂੰ ਸ਼ਾਂਤ ਰਹਿਣ ਦਾ ਹੀ ਇਸ਼ਾਰਾ ਕੀਤਾ। ਪਿੰਡੋ ਬਾਹਰ ਮੁਕਤ ਦਾਸ ਮਹੰਤ, ਉਦਾਸੀ

ਸਾਧ ਦਾ ਡੇਰਾ ਸੀ ਉਸਦੇ ਖੂਹ ਵਿੱਚ ਤਮਾਕੂ ਨਹੀਂ ਸੀ ਪਾਇਆ ਗਿਆ। ਆਪ ਉਦਾਸੀ ਡੇਰੇ ਤੇ ਪਹੁੰਚ ਗਏ। ਉਸ ਖੂਹ ਦਾ ਪਾਣੀ ਸਾਧ ਸੰਗਤ ਨੇ ਵਰਤਿਆ। ਪਿਛੋਂ ਆਪਣੀ ਵਧੀਕੀ ਕਾਰਨ ਪੰਡਤਾਂ ਨੇ ਪਛਤਾਵਾ ਕੀਤਾ ਤੇ ਆਪ ਪਾਸੋਂ ਖਿਮਾ ਮੰਗੀ।

ਘੁੰਗਰਾਲੀ, ਲਖਣਪੁਰ, ਖਮਾਣੋ, ਜਟਾਣਾ, ਦਿਆਲਪੁਰਾ ਹਰਿਓਂ, ਲੱਲ ਆਦਿ ਪਿੰਡਾਂ ਦਾ ਦੌਰਾ ਕਰਕੇ, ਉਥੋਂ ਦੇ ਵਸਨੀਕਾਂ ਨੂੰ ਨਾਮਧਾਰੀ ਜਥੇਬੰਦੀ ਵਿੱਚ ਸ਼ਾਮਲ ਕਰਕੇ ਆਪ ਵਾਪਸ ਭੈਣੀ ਸਾਹਿਬ ਪਰਤੇ। ਸਵੇਰੇ ਸ਼ਾਮ ਦਿਵਾਨ ਲਗਦੇ, ਨਿਤਨੇਮ ਹੁੰਦੇ ਤੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਪਾਠ ਕਰਕੇ ਭੋਗ ਪੁਆਏ ਜਾਂਦੇ।

ਆਪ ਨੇ ਜਥੇਬੰਦਕ ਪ੍ਰਚਾਰ ਲਈ ਰਾਗੀ ਤੇ ਕੀਰਤਨੀ ਜਥੇ ਵੀ ਤਿਆਰ ਕਰਨੇ ਸ਼ੁਰੂ ਕੀਤੇ। ਰਬਾਬ, ਤਾਊਸਾ ਤੇ ਤਬਲੇ ਦੀਆਂ ਤਿੰਨ ਚੌਕੀਆਂ ਵੀ ਤਿਆਰ ਕੀਤੀਆਂ ਗਈਆਂ। ਧੁਲੇਤੇ ਦੇ ਭਾਈ ਪ੍ਰੇਮ ਸਿੰਘ, ਭਾਈ ਕਿਰਪਾਲ ਸਿੰਘ ਭਦੌੜ ਵਾਲੇ ਮਜ਼੍ਹਬੀ ਸਿੰਘ ਤੇ ਭਾਈ ਸਾਹਿਬ ਸਿੰਘ ਬਸੀਆਂ ਵਾਲੇ ਨੂੰ ਮਾਲਵੇ ਦੇ ਇਲਾਕੇ ਵਿੱਚ ਕੀਰਤਨ ਕਰਨ ਲਈ ਭੇਜਿਆ। ਭਾਈ ਤਾਰਾ ਤੇ ਤਾਲਾ ਪਾਲੀ ਮਾਝੇ ਵਿਖੇ ਕੀਰਤਨ ਕਰਨ ਲਈ ਭੇਜੇ ਗਏ। ਮੋਰੋਂ ਦੇ ਸੂਬਾ ਸਿੰਘ ਤੇ ਉਸ ਦੇ ਸਾਥੀ ਨੂੰ ਦੁਆਬੇ ਵਿੱਚ ਪ੍ਰਚਾਰ ਕਰਨ ਦਾ ਹੁਕਮ ਹੋਇਆ। ਭਾਈ ਪਿਸ਼ੌਰਾ ਤੇ ਭਾਈ ਸੰਤੂ ਢੱਡ ਸਾਰੰਗੀ ਨਾਲ ਵਾਰਾਂ ਗਾਉਂਦੇ, ਉਹ ਸਾਰੇ ਪੰਜਾਬ ਵਿੱਚ ਦੇਸ਼ ਭਗਤਾਂ ਤੇ ਅਮਰ ਸ਼ਹੀਦਾਂ ਦੀਆਂ ਗਾਥਾਵਾਂ ਕਰਦੇ ਅਤੇ ਨਾਮਧਾਰੀ ਰਹਿਤ ਮਰਿਆਦਾ ਦਾ ਪ੍ਰਚਾਰ ਕਰਦੇ। ਭਾਈ ਖ਼ਜਾਨ ਸਿੰਘ, ਰਤਨ ਸਿੰਘ, ਹਰਨਾਮ ਸਿੰਘ, ਸੁਜਾਨ ਸਿੰਘ ਤੇ ਭਾਈ ਅਤਰ ਸਿੰਘ ਆਦਿ ਸ੍ਰੀ ਭੈਣੀ ਸਾਹਿਬ ਤੇ ਇਸਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਦਿਵਾਨ ਲਾਉਂਦੇ, ਸ਼ਬਦ ਕੀਰਤਨ ਕਰਦੇ ਤੇ ਜਨ ਸਾਧਾਰਨ ਨੂੰ ਨਾਮਧਾਰੀ ਬਣਾਉਂਦੇ। ਆਪ ਨੇ ਕੀਰਤਨੀਆਂ ਦੀ ਸ਼ਬਦ ਚੌਕੀ, ਭੇਟਾ ਇੱਕ ਰੁਪਇਆ, ਨਿਸ਼ਚਿਤ ਕੀਤੀ।

ਸੰਨ 1860 ਤਕ ਗੁਰੂ ਰਾਮ ਸਿੰਘ ਜੀ ਦਾ ਕੀਤਾ ਪ੍ਰਚਾਰ ਬਹੁਤ ਹੀ ਅਸਰਦਾਰ ਸੀ। ਜਿਥੇ ਵੀ ਪ੍ਰਚਾਰਕ ਜਾਂਦੇ ਲੋਕਾਂ ਦੇ ਸਾਹਵੇਂ ਗੁਰਮਤਿ, ਗੁਰਬਾਣੀ, ਭਾਰਤੀ ਪਰੰਪਰਾ, ਰਹਿਤ ਮਰਿਆਦਾ ਤੇ ਦੇਸ਼ ਭਗਤੀ ਦਾ ਪ੍ਰਚਾਰ ਕਰਦੇ। ਪ੍ਰਚਾਰਕਾਂ, ਜੱਥੇਦਾਰਾਂ ਤੇ ਰਾਗੀਆਂ ਦੇ ਆਪਣੇ ਉੱਚੇ ਸੁੱਚੇ ਜੀਵਨ ਦਾ ਲੋਕਾਂ ਤੇ ਭਰਪੂਰ ਅਸਰ ਹੁੰਦਾ ਸੀ। ਲੋਕ ਫੋਕੇ ਵਹਿਮਾਂ ਭਰਮਾਂ ਨੂੰ ਛੱਡ ਕੇ ਨਾਮਧਾਰੀ ਬਣੀ ਜਾਂਦੇ। ਇਹ ਕਾਫਲਾ ਗੁਣਾਤਮਕ ਪੱਖ ਤੋਂ ਤੇ ਗਿਣਾਤਮਕ ਪੱਖ ਤੋਂ ਵਧਦਾ ਗਿਆ।

ਲੋਕ ਮੜ੍ਹੀਆਂ ਮਸਾਣਾਂ ਤੋਂ ਬੜੇ ਡਰਦੇ ਸਨ। ਉਹਨਾਂ ਨੂੰ ਭਰਮ ਸੀ ਕਿ

ਜੇ ਇਨ੍ਹਾਂ ਨੂੰ ਢਾਹ ਦਿਆਂਗੇ ਜਾਂ ਪੂਜਾ ਨਾ ਕਰਾਂਗੇ ਤਾਂ ਸਾਨੂੰ ਕੁਝ ਚੰਬੜ ਜਾਏਗਾ ਜੋ ਸਾਡਾ ਜੀਣਾ ਮੁਹਾਲ ਕਰ ਦੇਵੇਗਾ। ਸੰਤਿਗੁਰਾਂ ਲੋਕਾਂ ਦਾ ਭਰਮ-ਗੜ੍ਹ ਤੋੜਿਆ। ਆਪ ਜਿੱਥੇ ਵੀ ਜਾਂਦੇ, ਮੜੀਆਂ, ਮਸਾਣਾਂ, ਮਾਈ ਦਾ ਥਾਨ, ਗੁਗਾਪੀਰ ਦੀ ਕਬਰ, ਹੈਦਰ ਸ਼ੇਖ ਦੀ ਕਬਰ, ਅੱਲਾ ਯਾਰ ਦੀ ਖਾਨਗਾਹ, ਪੀਰਖਾਨੇ ਦੇ ਮਕਬਰੇ ਆਦਿ ਢਾਹ ਦੇਂਦੇ। ਫਿਰ ਸਿੱਖ ਵੀ ਦਲੇਰ ਹੋ ਗਏ, ਸਮਝ ਗਏ ਮੜ੍ਹੀ ਇੱਕ ਮਿੱਟੀ ਦੀ ਢੇਰੀ ਹੀ ਸੀ। ਉਨ੍ਹਾਂ ਵੀ ਘਰੀਂ ਜਾ ਕੇ ਕਹੀਆਂ ਫੜ ਕੇ ਮਜ਼ਾਰ ਢਾਹ ਦਿੱਤੇ।

ਪ੍ਰਚਾਰਕ ਦਿਵਾਨਾਂ ਵਿੱਚ ਇਹ ਸਤਰਾਂ ਪੜ੍ਹਦੇ:

ਪਹਿਲਾਂ ਮਾਰੋ ਪੀਰ ਬੰਨੇ ਫਿਰ ਲਉ ਸੁਲਤਾਨਾ।
ਮੜ੍ਹੀ ਮਸਾਣੀ ਢਾਹ ਕੇ ਕਰ ਦਿਓ ਮਦਾਨਾ।
ਸੁੰਨਤ ਕੋਈ ਨਾ ਕਰ ਸਕੇ ਕੰਬਣ ਤੁਰਕਾਨਾ।
ਉਮਤ ਸਭੀ ਮੁਹੰਮਦੀ ਖਪ ਜਾਏ ਜਹਾਨਾ।
ਭੈਣੀ ਸਤਿਗੁਰ ਜਾਗਿਆ ਹੋਰ ਝੂਠ ਜਹਾਨਾ।

ਸਤਿਗੁਰੂ ਰਾਮ ਸਿੰਘ ਦੀ ਵਿਉਂਤਬੰਦੀ ਨਾਲ ਹੋਏ ਪ੍ਰਚਾਰ ਦੇ ਅਸਰ ਨੂੰ ਗਿਆਨੀ ਗਿਆਨ ਸਿੰਘ ਨੇ ਇਸਤਰ੍ਹਾਂ ਕਲਮਬੰਦ ਕੀਤਾ ਹੈ:

ਪਾਇ ਇਹ ਹੁਕਮ ਪ੍ਰਮੇਸ਼ ਕਾ ਵਿਸ਼ੇਸ਼ ਫਿਰ,
ਰਾਮ ਮ੍ਰਗੇਸ਼ ਉਪਦੇਸ਼ ਦੈਨ ਲਾਗਿਓ।
ਹੁੱਕੇ ਛਡਵਾਏ ਰਖਵਾਏ ਕੇਸ ਮੋਨਿਓ ਕੇ
ਸੁਧਾ ਛਕ ਥਾਇ ਸਿਖ ਭਾਗ ਜਿਨੈ ਜਾਗਿਓ।
ਫੈਲਿਓ ਜੱਸ ਭਾਰੀ ਸਿਖ ਥੀਏ ਤਾਹਿਕੇ ਅਪਾਰੀ,
ਸਿਖ ਪੰਥ ਬਿਰਧਾਇਓ ਨਾਮ ਰਸ ਪਾ ਗਿਓ।
ਫੀਮ, ਭੰਗ, ਪੋਸਤ, ਸ਼ਰਾਬ, ਮਾਸ, ਚੋਰੀ, ਯਾਰੀ,
ਠੱਗੀ ਤਜ, ਥੀਏ ਸੰਤ, ਸਤਿਜੁਗ ਆ ਗਿਓ।

—ਪੰਥ ਪ੍ਰਕਾਸ਼।

# ਅਰਧ ਕੁੰਭੀ ਦਾ ਮੇਲਾ-ਹਰਿਦੁਆਰ

ਭਾਰਤੀ ਪਰੰਪਰਾ ਅਨੁਸਾਰ ਅਰਧ ਕੁੰਭੀ ਦੇ ਮੇਲੇ ਤੇ ਗੰਗਾ ਇਸ਼ਨਾਨ ਦਾ ਖ਼ਾਸ ਮਹੱਤਵ ਹੈ, ਇਸ ਨਾਲ ਲੋਕ-ਪਰਲੋਕ ਸੁਧਰ ਜਾਂਦਾ ਹੈ। ਅਰਧ ਕੁੰਭੀ ਦਾ ਮੇਲਾ, 6 ਸਾਲਾਂ ਬਾਅਦ, ਵਸਾਖੀ ਵਾਲੇ ਦਿਨ ਹਰਿਦੁਆਰ ਲੱਗਦਾ ਹੈ ਤੇ ਕੁੰਭ ਦਾ ਮੇਲਾ 12 ਸਾਲਾਂ ਬਾਅਦ ਲੱਗਦਾ ਹੈ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਵੀ ਸੰਮਤ 1918 ਮੁਤਾਬਕ ਸੰਨ 1861 ਈ. ਦੀ ਵਸਾਖੀ ਤੇ ਹਰਿਦੁਆਰ ਜਾਣ ਦਾ ਨਿਰਨਾ ਕੀਤਾ। ਸੰਗਤ ਨੂੰ ਆਪ ਨੇ ਇਸ ਬਾਰੇ ਦੱਸ ਦਿੱਤਾ। ਆਪ ਨਾਲ ਕੁਝ ਸੰਗਤ ਵੀ ਹਰਿਦੁਆਰ ਜਾਣ ਲਈ ਤਿਆਰ ਹੋ ਗਈ।

ਆਪ ਨੇ ਪੰਜ ਰੁਪਏ ਦਾ ਕੜਾਹ ਪ੍ਰਸਾਦ ਕਰਵਾਇਆ, ਅਰਦਾਸ ਕੀਤੀ ਤੇ ਸੰਗਤਾਂ ਸਮੇਤ ਹਰਿਦੁਆਰ ਵੱਲ ਨੂੰ ਚੱਲ ਪਏ। ਬਾਬਾ ਜਵਾਹਰ ਸਿੰਘ, ਕਾਹਨ ਸਿੰਘ, ਸੁਧ ਸਿੰਘ, ਦਸੌਂਧਾ ਸਿੰਘ, ਮਤਾਬ ਸਿੰਘ, ਗੁਪਾਲ ਸਿੰਘ, ਸਾਹਿਬ ਸਿੰਘ ਆਦਿ ਆਪ ਨਾਲ ਜਾਣ ਵਾਲੇ ਖਾਸ ਨਾਮਧਾਰੀ ਸਨ ਜੋ ਆਪ ਦੇ ਨਾਲ ਚਲ ਪਏ। ਇਹਨਾਂ ਤੋਂ ਬਿਨਾ ਚੈਨ ਸਿੰਘ ਗੁਜਰ ਵਾਲੀਏ ਦੀ ਭੈਣ, ਮਾਈ ਦੌਲੀ ਤੇ ਗੁਪਾਲ ਸਿੰਘ ਪਧਰੀ ਵਾਲੇ ਦੀ ਵੇਦਾਂਤ ਦੀ ਗਿਆਤਾ, ਪਤਨੀ ਸਾਹਿਬ ਕੌਰ ਵੀ ਇਸ ਸੰਗ ਨਾਲ ਸੀ।

ਆਪ ਦੇ ਰਿਸ਼ਤੇਦਾਰਾਂ ਵਿਚੋਂ ਤਾਇਆ ਨੱਥਾ ਸਿੰਘ, ਪਿਤਾ ਜਸਾ ਸਿੰਘ, ਵੀਰ ਬੁਧ ਸਿੰਘ ਤੇ ਦੋਵੇਂ ਲੜਕੀਆਂ ਵੀ ਨਾਲ ਸਨ।

ਭਾਈ ਸੁਧ ਸਿੰਘ, ਲਾਭ ਸਿੰਘ ਸੂਰਮੇ ਤੇ ਦਿਤੂ ਦੇ ਰਾਗੀ ਤੇ ਕੀਰਤਨੀ ਜਥੇ ਵੀ ਨਾਲ ਸਨ।

ਸਾਰੇ ਸੰਗ ਦਾ ਖਜ਼ਾਨਚੀ ਆਪ ਦਾ ਤਾਇਆ ਨੱਥਾ ਸਿੰਘ ਸੀ।

ਇਹ ਵਹੀਰ ਲੱਲਾਂ, ਉਲਾਟਾਂ ਰਾਹੀਂ ਸ਼ਬਦ ਕੀਰਤਨ ਕਰਦੀ ਖੰਨੇ ਪਹੁੰਚੀ। ਉਥੋਂ ਮੇਨ ਦੁਆਬ ਵਿੱਚ ਪ੍ਰਚਾਰ ਕਰਦੀ ਜਗਾਧਰੀ ਅਪੜੀ। ਉਥੇ ਆਪ ਨੇ ਵੇਖਿਆ ਕਿ ਨਿਰਮਲੇ ਸੰਤ ਸਿਰ ਤੇ ਗ੍ਰੰਥ ਚੁਕੀ ਉਸਨੂੰ ਚਵਰ ਝੁਲਾਉਂਦੇ ਲੰਘ

ਰਹੇ ਹਨ। ਆਪ ਸ੍ਰੀ ਆਦਿ ਗ੍ਰੰਥ ਸਾਹਿਬ ਸਮਝ ਕੇ ਆਦਰ ਵਿਚ ਖਲੋ ਗਏ। ਆਪ ਨੂੰ ਜਦ ਪਤਾ ਲਗਾ ਕਿ ਉਹ ਗ੍ਰੰਥ ਸ੍ਰੀ ਮਦ ਭਾਗਵਤ ਸੀ ਤਾਂ ਆਪ ਨੇ ਨਿਰਮਲਿਆਂ ਨੂੰ ਸਮਝਾਇਆ ਕਿ ਉਨ੍ਹਾਂ ਦਾ ਕੰਮ ਤਾਂ ਗੁਰਬਾਣੀ ਦਾ ਪ੍ਰਚਾਰ ਤੇ ਪ੍ਰਸਾਰ ਕਰਨਾ ਸੀ, ਉਸ ਦਾ ਆਦਰ ਕਰਨਾ ਕਰਾਉਣਾ ਸੀ। ਉਹ ਸਾਰੇ ਗ਼ਲਤ ਰਸਤੇ ਪੈ ਗਏ ਸਨ। ਆਪਣਾ ਅਸਲਾ ਭੁਲ ਗਏ ਸਨ। ਨਿਰਮਲੇ ਸੰਤ ਗੱਲ ਸਮਝਣ ਦੀ ਥਾਂ ਸ਼ਿਕਾਇਤ ਕਰਨ ਥਾਣੇ ਭੱਜੇ ਕਿ ਕੂਕਿਆਂ ਨੇ ਉਨ੍ਹਾਂ ਦੀ ਬੇਇਜ਼ਤੀ ਕੀਤੀ ਸੀ। ਥਾਣੇਦਾਰ ਮੌਕੇ ਤੇ ਆਇਆ ਪਰ ਨਾਮਧਾਰੀ ਸਿੱਖਾਂ ਦਾ ਸਤਿਜੁਗੀ ਦਰਬਾਰ ਲੱਗਾ ਵੇਖ ਕੇ ਬਹੁਤ ਪ੍ਰਭਾਵਤ ਹੋਇਆ। ਉਹ ਨਿਰਮਲਿਆਂ ਨੂੰ ਹੀ ਝੂਠਾ ਕਰ ਕੇ, ਡਾਂਟ ਡਪਟ ਕਰ ਕੇ ਚਲਾ ਗਿਆ।

ਸੰਗ ਜਮਨਾ ਪਾਰ ਕਰਕੇ ਸਹਾਰਨਪੁਰ ਤੋਂ ਹੁੰਦਾ ਹੋਇਆ ਰੁੜਕੀ ਦੇ ਰਸਤੇ ਪੜਾਓ ਪੜਾਈ ਹਰਿਦੁਆਰ ਪੁਜ ਗਿਆ। ਉਥੇ ਨਿਰਮਲਿਆਂ ਨੇ ਸ਼ਰਧਾਵਾਨ ਸਿਖਾਂ ਨੂੰ ਭਰਮਾਉਣ ਲਈ ਸ੍ਰੀ ਆਦਿ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕੀਤਾ ਹੋਇਆ ਸੀ। ਪਰ ਨੇੜੇ ਹੀ ਗੋਹਿਆਂ ਦਾ ਢੇਰ ਲਗਾ ਹੋਇਆ ਸੀ। ਘੱਟਾ ਮਿੱਟੀ ਉੱਡ ਰਿਹਾ ਸੀ। ਕਿਸੇ ਬਹੁਕਰ ਫੇਰ ਕੇ ਜਾਂ ਪੋਚਾ ਫੇਰ ਕੇ ਸਫਾਈ ਨਹੀਂ ਸੀ ਕੀਤੀ। ਸਤਿਗੁਰਾਂ ਤੁਰੰਤ ਉਸ ਥਾਂ ਉਤੇ ਝਾੜੂ ਫੇਰਿਆ, ਥਾਂ ਨੂੰ ਲਿੰਬ ਪੋਚ ਕੇ, ਸਾਫ ਸੁਥਰਾ ਕਰਕੇ, ਦਰਬਾਰ ਸਾਹਿਬ ਦਾ ਪ੍ਰਕਾਸ਼ ਕੀਤਾ। ਇਸ ਤਰ੍ਹਾਂ ਆਪ ਨੇ ਗੁਰਬਾਣੀ ਦਾ ਪੂਰਾ ਸਤਿਕਾਰ ਕਰਨ ਦਾ ਰਾਹ ਦੱਸਿਆ।

ਆਪ ਅੱਗੇ ਤੁਰ ਪਏ। ਰਸਤੇ ਉੱਤੇ ਇੱਕ ਬੁਢੀ ਮਾਈ ਬੈਠੀ ਸੀ, ਉਸ ਦਾ ਰੰਗ ਕਾਲਾ ਸੀ, ਤਨ ਦੇ ਕਪੜੇ ਪਾਟੇ ਹੋਏ ਸਨ। ਚਿਹਰੇ ਤੇ ਝੁਰੜੀਆਂ ਸਨ, ਢਿਡੋਂ ਭੁੱਖੀ, ਵਖਤਾਂਮਾਰੀ ਮੰਗ ਰਹੀ ਸੀ। ਆਪ ਗੰਗਾ ਵਲ ਜਾ ਰਹੇ ਸਨ। ਆਪ ਨੇ ਆਪਣੇ ਸਿੱਖਾਂ ਨੂੰ ਕਿਹਾ, "ਇਹੀ ਗੰਗਾ ਹੈ, ਜੋ ਕੁਝ ਵੀ ਸ਼ਰਧਾ ਹੈ ਏਸੇ ਨੂੰ ਦਾਨ ਕਰੋ ਬੜਾ ਪੁੰਨ ਹੋਏਗਾ," ਸਿੱਖਾਂ ਨੂੰ ਉਸ ਮਾਈ ਨੂੰ ਪੈਸੇ ਆਦਿ ਦਿੱਤੇ।

ਆਪ ਗਰੀਬ ਦਾ ਮੂੰਹ ਗੁਰੂ ਦੀ ਗੋਲਕ ਸਮਝਦੇ ਸਨ। ਆਪ ਨੇ ਵਿਦੇਸੋਂ ਹੁਕਮ ਨਾਮੇ ਵਿਚ ਵੀ ਲਿਖਿਆ।

"ਜਥਾ ਸ਼ਕਤ ਭੁਖੇ ਨੂੰ ਅੰਨ ਦੇਣਾ, ਨੰਗੇ ਨੂੰ ਕਪੜਾ, ਜੋੜਾ ਭੀ ਦੇਣਾ ਜਿੰਨਾ ਸਰੇ। ਪੁੰਨਦਾਨ ਤੇ ਧਨ ਨਹੀਂ ਘਟਦਾ, ਧਨ ਤੇ ਕੁਚਾਲ ਚਲਣ ਤੇ ਘਟਦਾ ਹੈ।"

ਹਰਿਦੁਆਰ ਆਪ ਦੇ ਹੁਕਮ ਅਨੁਸਾਰ ਸੰਗਤ ਨੇ ਭੀਮ ਗੋੜੇ ਤੋਂ ਇਕ ਮੀਲ ਦੂਰ ਉਤਾਰਾ ਕੀਤਾ। ਉਥੇ ਰੋਜ਼ ਕੀਰਤਨ ਹੁੰਦਾ ਰਿਹਾ। ਲੋਹ ਲੰਗਰ ਤਪਦਾ ਰਿਹਾ।

ਅਰਧ ਕੁੰਭੀ ਦੇ ਮੇਲੇ ਤੇ ਸੰਗਤ ਹਜ਼ਰੋਂ ਤੋਂ ਵੀ ਪਹੁੰਚੀ ਹੋਈ ਸੀ। ਆਪ

ਉਸ ਸੰਗਤ ਨੂੰ ਵੇਖ ਕੇ ਗਦ ਗਦ ਹੋ ਗਏ। ਉਨ੍ਹਾਂ ਨੂੰ ਵੀ ਆਪਣੇ ਲੰਗਰ ਵਿਚੋਂ ਪਰਸ਼ਾਦਾ ਛਕਾਇਆ ਅਤੇ ਉਨ੍ਹਾਂ ਦੇ ਜੂਠੇ ਭਾਂਡੇ ਸਾਫ ਕਰਨ ਦੀ ਸੇਵਾ ਆਪਣੇ ਹੱਥੀਂ ਕੀਤੀ।

ਹਰਿਦੁਆਰ ਆਪ ਨੇ ਇਕ ਡੇਰੇ ਦਾ ਮਹੰਤ ਵੇਖਿਆ। ਉਸ ਨੇ ਬਹੁਮੁਲਾ ਰੇਸ਼ਮੀ ਚੋਗਾ ਪਾਇਆ ਹੋਇਆ ਸੀ। ਉਸ ਕੋਲ ਜਾ ਕੇ ਆਪ ਨੇ ਗਿਆਨ ਚਰਚਾ ਕੀਤੀ। ਆਪ ਨੇ ਬੇਬਾਕ ਕਿਹਾ ਕਿ ਉਸ ਦਾ ਬਾਣਾ ਸਾਧਾਂ ਵਾਲਾ ਨਹੀਂ ਕੰਜਰਾਂ ਵਾਲਾ ਸੀ, ਉਨ੍ਹਾਂ ਵਾਂਗ ਹੀ ਉਸ ਨੇ ਪੱਟੀਆਂ ਸੁਆਰੀਆਂ ਹੋਈਆਂ ਸਨ। ਗਲ ਵਿੱਚ ਜ਼ੁਲਫਾਂ ਸਨ, ਮੱਥੇ ਬਿੰਦੀ ਲਾਈ ਹੋਈ ਸੀ ਤੇੜ ਸਲਵਾਰ ਪਾਈ ਹੋਈ ਸੀ। ਆਪ ਨੂੰ ਵਿਸ਼ਵਾਸ਼ ਸੀ ਕਿ ਪੈਰੋਕਾਰ ਨੇ ਮੁਰਸ਼ਦ ਦੇ ਗੁਣਾਂ ਜਾਂ ਔਗੁਣਾਂ ਨੂੰ ਹੀ ਗ੍ਰਹਿਣ ਕਰਨਾ ਸੀ, ਸੋ ਮੁਰਸ਼ਦ ਆਦਰਸ਼ ਪੇਸ਼ ਕਰੇ। ਆਪ ਨੇ ਉਸਨੂੰ ਕਿਹਾ ਕਿ ਜੇ ਸਾਧ ਬਣਨਾ ਹੈ ਤਾਂ ਸਾਧਾਂ ਵਾਲਾ ਬਾਣਾ ਪਹਿਨੋ।

ਆਪ ਦੇ ਡੇਰੇ ਨਾਗੇ ਸਾਧ ਆ ਗਏ। ਆਪ ਨੇ ਉਨ੍ਹਾਂ ਨੂੰ ਸਨਾਤਨੀ ਰਹਿਤ ਮਰਿਆਦਾ ਅਨੁਸਾਰ ਪਰਸ਼ਾਦਾ ਛਕਾਇਆ। ਉਹਨਾਂ ਦਾ ਪੂਰਾ ਆਦਰ ਸਨਮਾਨ ਕੀਤਾ ਗਿਆ। ਉਹ ਸਿਧ ਸਨ।

ਆਪ ਸੰਗਤ ਸਮੇਤ ਗੰਗਾ ਵਲ ਨੂੰ ਤੁਰ ਪਏ। ਰਾਹ ਵਿੱਚ ਹਰ ਗ਼ਰੀਬ ਗੁਰਬੇ ਨੂੰ ਕੁਝ ਨਾ ਕੁਝ ਦੇਂਦੇ ਰਹੇ ਤੇ ਅਸੀਸਾਂ ਲੈਂਦੇ ਰਹੇ। ਰਸਤੇ ਵਿੱਚ ਕੁਝ ਪੋਨੇ ਗੰਨੇ ਲੈ ਕੇ ਆਪ ਨੇ ਕੂਕੇ ਮਸਤਾਨਿਆਂ ਵਿੱਚ ਵੀ ਵੰਡੇ।

ਮਸਤਾਨੀ ਬਿਰਤੀ ਵਿੱਚ, ਆਪ ਨੇ ਗੰਗਾ ਕੰਢੇ ਪਈ ਬਿਆਰ ਦੀ ਇੱਕ ਗੋਲੀ ਨੂੰ ਅੱਗ ਲਾ ਦਿੱਤੀ। ਗੋਲੀ ਬੁਝਾਉਣ ਲਈ ਇੱਕ ਪਾਸਿਓਂ ਆਪ ਨੇ ਉਸ ਨੂੰ ਹੱਥ ਪਾਇਆ ਅਤੇ ਦੂਜੇ ਪਾਸਿਓਂ ਸੰਗਤ ਨੂੰ ਗੋਲੀ ਚੁਕ ਕੇ ਨਦੀ ਵਿੱਚ ਸੁੱਟਣ ਲਈ ਕਿਹਾ। ਪਰ ਸੰਗਤ ਕੋਲੋਂ ਗੋਲੀ ਚੁੱਕੀ ਨਾ ਗਈ। ਆਪ ਦਾ ਇਸ਼ਾਰਾ ਪਾ ਕੇ ਆਪ ਦੇ ਭਾਈ ਬੁਧ ਸਿੰਘ ਜੀ ਅਗੇ ਆਏ। ਉਨ੍ਹਾਂ ਦੂਜੇ ਪਾਸਿਓਂ ਗੋਲੀ ਚੁੱਕ ਲਈ ਤੇ ਨਦੀ ਵਿੱਚ ਸੁਟ ਕੇ ਅੱਗ ਬੁਝਾਈ।

ਮੇਲੇ ਵਿੱਚ ਇੱਕ ਵੇਦਾਂਤੀ ਨਿਰਮਲਾ ਸਾਧ ਆਪ ਕੋਲ ਆਇਆ। ਉਹ ਗਿਆਨ ਚਰਚਾ ਕਰਨਾ ਚਾਹੁੰਦਾ ਸੀ ਕਿਉਂਕਿ ਉਹ ਸਮਝਦਾ ਸੀ ਕਿ ਉਸ ਦੇ ਮੁਕਾਬਲੇ ਦਾ ਹੋਰ ਕੋਈ ਵੇਦਾਂਤੀ ਨਹੀਂ। ਉਹ ਸੰਸਾਰ ਨੂੰ ਨਾਸ਼ਵਾਨ, ਸਾਰਾ ਜਗਤ ਮਾਇਆ ਜਾਨ ਤੇ ਆਤਮਾ ਨੂੰ ਅਮਰ ਸਮਝਦਾ ਸੀ। ਉਹ ਵੇਦਾਂ ਬਿਨਾ ਹੋਰ ਬਾਣੀ ਨੂੰ ਗੁਆਰਾਂ ਦੀ ਬੋਲੀ ਮੰਨਦਾ ਸੀ। ਸਤਿਗੁਰਾਂ ਦਾ ਸਿਮਰਨ ਕਰਨ ਤੇ ਬਾਣੀ ਪੜ੍ਹਨ ਦਾ ਅਮਲੀ ਜੀਵਨ ਜਿਉਣ ਦਾ ਉਪਦੇਸ਼ ਉਸਨੂੰ ਨਾ ਸੁਖਾਇਆ। ਉਹ ਸਿਧਾਂਤਾਂ ਦਾ ਪੁਜਾਰੀ ਸੀ। ਆਪਣੀ ਗੱਲ ਤੇ ਅੜਿਆ ਰਿਹਾ ਤੇ ਗੰਗਾ ਇਸ਼ਨਾਨ ਲਈ ਤੁਰ ਪਿਆ। ਅਚਾਨਕ ਉਸਦਾ ਪੈਰ ਤਿਲ੍ਹਕ ਗਿਆ ਤੇ ਉਹ

ਗੰਗਾ ਵਿੱਚ ਗੋਤੇ ਖਾਣ ਲੱਗਾ। ਸਤਿਗੁਰਾਂ ਦਾ ਇਸ਼ਾਰਾ ਸਮਝ ਕੇ ਦਸੌਂਧਾ ਸਿੰਘ ਨੇ ਛਾਲ ਮਾਰ ਕੇ ਉਸ ਨੂੰ ਬਚਾ ਲਿਆ ਤੇ ਬਾਹਰ ਕੱਢ ਲਿਆ। ਸਤਿਗੁਰਾਂ ਫਿਰ ਪੁਛਿਆ ਕਿ ਜੇ ਆਤਮਾ ਅਮਰ ਸੀ ਤਾਂ ਉਹ ਨਦੀ ਵਿੱਚ ਤਰਲੋ ਮਛੀ ਕਿਉਂ ਹੁੰਦਾ ਸੀ? ਕੌਣ ਡੁਬਦਾ ਸੀ, ਮਰਦਾ ਸੀ? ਜੇ ਕੋਈ ਅਮਲੀ ਰੂਪ ਵਿੱਚ ਗੰਗਾ ਵਿੱਚ ਛਾਲ ਮਾਰ ਕੇ ਉਸਨੂੰ ਨਾ ਬਚਾਉਂਦਾ ਤਾਂ ਸਿਧਾਂਤਕ ਰੂਪ ਵਿੱਚ ਬਚਾ ਲੈਂ ਬਚਾ ਲੈਂ ਕੂਕਿਆਂ ਕੀਹ ਬਣਦਾ? ਉਹ ਆਪ ਦੇ ਦੱਸੇ ਅਮਲੀ ਜੀਵਨ ਦਾ ਕਾਇਲ ਹੋ ਗਿਆ। ਭਜਨ ਪੁੱਛ ਕੇ ਅੰਮ੍ਰਿਤ ਛਕ ਕੇ ਕੂਕਾ ਬਣ ਗਿਆ। ਉਹ ਭਾਈਰੂਪੇ ਦਾ ਬਚਨ ਸਿੰਘ ਸੀ। ਸਤਿਗੁਰਾਂ ਇਸ ਨੂੰ ਲਲਾਂ ਦੀ ਧਰਮਸਾਲਾ ਦਾ ਪ੍ਰਬੰਧ ਸੌਂਪਿਆ ਤੇ ਪ੍ਰਚਾਰ ਕਰਨ ਦਾ ਆਦੇਸ਼ ਦਿੱਤਾ।

ਪਧਰੀ ਵਾਲੀ ਮਾਈ ਸਾਹਿਬ ਕੌਰ ਵੀ ਵੇਦਾਂ ਸ਼ਾਸਤਰਾਂ ਦਾ ਭਰਪੂਰ ਅਧਿਅਨ ਕਰੀ ਬੈਠੀ ਸੀ। ਉਸਨੂੰ ਵੀ ਅਭਿਮਾਨ ਸੀ ਆਪਣੀ ਵਿਦਵਤਾ ਦਾ, ਸਤਿਗੁਰਾਂ ਮਾਈ ਦੀ ਪ੍ਰੀਖਿਆ ਲੈਣ ਲਈ ਚੈਣ ਸਿੰਘ ਨੂੰ ਚਿਤਾ ਤਿਆਰ ਕਰਨ ਲਈ ਕਿਹਾ। ਚਿਤਾ ਤਿਆਰ ਕਰਕੇ ਮਾਈ ਸਾਹਿਬ ਕੌਰ ਨੂੰ ਉਸ ਦੇ ਤਿੰਨ ਸਾਲ ਦੇ ਲੜਕੇ ਲਾਲ ਸਿੰਘ ਸਣੇ ਚਿਤਾ ਵਿੱਚ ਬਿਠਾਇਆ। ਸਤਿਗੁਰਾਂ ਉਸ ਉੱਤੇ ਕੰਬਲ ਪਾ ਦਿੱਤਾ। ਚਿਤਾ ਨੂੰ ਅੱਗ ਲਾ ਦਿੱਤੀ ਗਈ। ਪਰ ਪ੍ਰਚੰਡ ਅਗਨੀ ਸ਼ਾਂਤ ਹੋਣ ਬਾਅਦ ਸਾਹਿਬ ਕੌਰ ਕੁੰਦਨ ਹੋ ਗਈ। ਲੋਕ ਵੇਖ ਕੇ ਹੱਕੇ ਬੱਕੇ ਰਹਿ ਗਏ। ਇਹ ਭਜਨ ਦਾ ਪ੍ਰਤਾਪ ਸੀ ਨਾ ਕਿ ਸਿਧਾਂਤਾਂ ਦੇ ਗਿਆਨ ਦਾ ਸਿੱਟਾ।

ਮੇਲਾ ਮੁੱਕਣ ਉੱਤੇ ਆਪ ਵਾਪਸ ਤੁਰ ਪਏ। ਹਰਦੁਆਰ ਕਈ ਲੋਕ ਹੋਰ ਨਾਮਧਾਰੀ ਬਣੇ। ਰਾਹ ਵਿੱਚ ਇੱਕ ਖੂਹ ਉੱਤੇ ਆਪ ਨੇ ਉਤਾਰਾ ਕੀਤਾ। ਉਸ ਖੂਹ ਤੇ ਹੀ ਬ੍ਰਾਹਮਣ ਲੰਗਰ ਤਿਆਰ ਕਰਵਾ ਰਹੇ ਸਨ। ਉਹਨਾਂ ਦਾ ਭੋਜਨ ਸ਼ਰਾਬੀ, ਕਬਾਬੀ ਮਹਿਰੇ ਤਿਆਰ ਕਰ ਰਹੇ ਸਨ। ਉਹ ਨਾਮਧਾਰੀਆਂ ਨੂੰ ਅਛੂਤ ਸਮਝ ਕੇ ਲੋਹੇ ਲਾਖੇ ਹੋ ਗਏ। ਉਨ੍ਹਾਂ ਨੂੰ ਕੂਕਿਆਂ ਦੀ ਸੁੱਚ ਸੋਧ ਤੇ ਪਵਿੱਤਰਤਾ ਦੀ ਮਰਿਆਦਾ ਦੱਸੀ ਗਈ। ਇਹ ਵੀ ਦੱਸਿਆ ਗਿਆ ਕਿ ਕੂਕੇ ਸ਼ਾਕਾਹਾਰੀ ਹਨ। ਮਰਿਆਦਾ ਅਨੁਸਾਰ ਕੜਾਹ ਪਰਸ਼ਾਦ ਤਿਆਰ ਕਰਕੇ ਪੰਡਤਾਂ ਨੂੰ ਛਕਾਇਆ ਗਿਆ ਤਾਂ ਉਹ ਬੜੇ ਖੁਸ਼ ਹੋਏ।

ਆਪ ਦੁਆਬੇ ਵਿਚੋਂ ਹੁੰਦੇ ਹੋਏ, ਨਾਮਧਾਰੀ ਰਹਿਤ ਮਰਿਆਦਾ ਤੇ ਜੀਵਨ ਜਾਚ ਦਾ ਪ੍ਰਚਾਰ ਕਰਦੇ ਹੋਏ ਵਾਪਸ ਭੈਣੀ ਸਾਹਿਬ ਪਹੁੰਚੇ।

# ਦਿਵਾਲੀ ਅੰਮ੍ਰਿਤਸਰ ਦੀ

ਸਾਡੇ ਦੇਸ਼ ਵਿਚ ਤਿਉਹਾਰਾਂ ਨੂੰ ਉਚੇਚੇ ਤੌਰ ਤੇ ਮਨਾਉਣ ਦਾ ਰਿਵਾਜ਼ ਹੈ। ਤਿਉਹਾਰਾਂ ਦੇ ਦਿਨਾਂ ਵਿੱਚ ਭਰਪੂਰ ਰੌਣਕਾਂ, ਕੁਝ ਖ਼ਾਸ ਥਾਂਵਾਂ ਤੇ ਹੀ ਹੁੰਦੀਆਂ ਹਨ। ਪੰਜਾਬ ਵਿੱਚ ਦਿਵਾਲੀ ਅੰਮ੍ਰਿਤਸਰ ਵਿੱਚ ਉਚੇਚੀ ਧੂਮਧਾਮ ਨਾਲ ਮਨਾਈ ਜਾਂਦੀ ਹੈ। ਲੋਕਾਂ ਦਾ ਭਰਵਾਂ ਇਕੱਠ ਹੁੰਦਾ ਹੈ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਨਾਮਧਾਰੀ ਪੰਥ ਦੇ ਪ੍ਰਚਾਰ ਲਈ ਇਸ ਤਿਉਹਾਰ ਨੂੰ ਬੜਾ ਲਾਹੇਵੰਦਾ ਸਮਝਿਆ ਅਤੇ ਦਿਵਾਲੀ ਅੰਮ੍ਰਿਤਸਰ ਮਨਾਉਣ ਦਾ ਫ਼ੈਸਲਾ ਕਰਕੇ ਸੰਗਤਾਂ ਨੂੰ ਵੀ ਦਿਵਾਲੀ ਸਮੇਂ ਅੰਮ੍ਰਿਤਸਰ ਪਹੁੰਚਣ ਲਈ ਕਿਹਾ। 1862 ਈਸਵੀਂ ਮੁਤਾਬਕ 1919 ਬਿਕਰਮੀ ਦੀ ਦਿਵਾਲੀ ਸਮੇਂ ਕੀਰਤਨੀ ਜਥਿਆਂ ਸਮੇਤ ਆਪ ਅੰਮ੍ਰਿਤਸਰ ਲਈ ਤੁਰ ਪਏ।

ਆਪ ਨੇ ਦੁਆਬੇ ਦਾ ਦੌਰਾ ਸ਼ੁਰੂ ਕੀਤਾ। ਮੁਠੱਡੇ ਪਿੰਡ ਦੀ ਧਰਮਸਾਲਾ ਵਿੱਚ ਦਿਵਾਨ ਲਾਇਆ। ਦਿਵਾਨ ਸੁਣਨ ਲਈ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਵੀ ਆਏ। ਆਪ ਜੀ ਦੀ ਜੀਵਨ ਜਾਚ, ਕੀਰਤਨ ਤੇ ਗੁਰ ਮਰਿਆਦਾ ਤੋਂ ਪ੍ਰਭਾਵਤ ਹੋ ਕੇ ਮੁਠੱਡਾ, ਧੁਲੇਤੇ, ਰੁੜਕਾ, ਚੱਕ ਪਿੰਡਾਂ ਦੇ ਸਾਰੇ ਦੇ ਸਾਰੇ ਘਰ ਹੀ ਕੂਕੇ ਬਣ ਗਏ।

ਆਪ ਨੇ ਬਿਆਸਾ ਪਾਰ ਕੀਤਾ ਤੇ ਮੰਜ਼ਲੋ ਮੰਜ਼ਲੀ ਅੰਮ੍ਰਿਤਸਰ ਪਹੁੰਚ ਗਏ। ਉਥੇ ਨਾਮਧਾਰੀ ਪੰਥ ਦੀਆਂ ਧੁੰਮਾਂ ਪੈ ਗਈਆਂ। ਲੋਕ ਉੱਚੀ ਕੂਕਣ ਵਾਲੇ ਕੂਕਿਆਂ ਦੀਆਂ ਕੂਕਾਂ ਸੁਣਨ ਆਉਂਦੇ, ਮਸਤੀ ਵਿੱਚ ਮਸਤ ਹੋਏ ਮਸਤਾਨਿਆਂ ਨੂੰ ਤੇ ਨਾਮ ਦੇ ਰੰਗ ਵਿੱਚ ਰੰਗੇ ਸੰਤਾਂ ਨੂੰ ਵੇਖਣ ਆਉਂਦੇ ਤੇ ਇਹਨਾਂ ਵਰਗੇ ਹੋ ਕੇ ਕਾਗੋਂ ਹੰਸ ਬਣ ਜਾਂਦੇ। "ਗੁਰੂ ਪਰਗਟ ਹੋਇਆ ਹੈ," ਵਾਕ ਲੋਕਾਂ ਤਕ ਅਪੜਦਾ ਗਿਆ ਸੀ। ਡੇਰਿਆਂ ਦੇ ਮਹੰਤ ਤੇ ਪੁਜਾਰੀ ਆਪ ਦੀ ਸ਼ੋਭਾ ਸੁਣ ਕੇ ਈਰਖਾ ਕਰਨ ਲੱਗੇ। ਦਰਬਾਰ ਸਾਹਿਬ ਅਕਾਲ ਬੁੰਗੇ ਦੇ ਪੁਜਾਰੀ ਵੀ ਹਸਦ ਕਰਨ ਲੱਗੇ। ਉਨ੍ਹਾਂ ਦਾ ਆਪ ਨਾਲ ਤਕਰਾਰ ਵੀ ਹੋਇਆ। ਸਤਿਗੁਰਾਂ ਦੇ ਤੇਜ ਪ੍ਰਤਾਪ ਸਾਹਵੇਂ ਉਹ ਬੌਣੇ ਸਨ, ਸੋ ਲੋਕ ਉਨ੍ਹਾਂ ਨਾਲੋਂ ਟੁੱਟਣ ਲੱਗੇ। ਉਨ੍ਹਾਂ

ਦੀ ਪੂਜਾ, ਸਤਿਕਾਰ ਤੇ ਆਮਦਨ ਘਟਣ ਲੱਗੀ। ਸਤਿਗੁਰ ਜੀ ਮੇਲਾ ਮਨਾ ਕੇ ਦੌਰੇ ਚੜ੍ਹ ਪਏ।

ਆਪ ਨੇ ਮਾਝੇ ਦਾ ਦੌਰਾ ਕੀਤਾ। ਗੁਰੂ ਕਾ ਬਾਗ਼, ਸਹਿੰਸਰਾਂ, ਭੋਲੇਵਾਲੀ, ਖ਼ਿੱਲ, ਚੌਂਤੇਵਾਲ, ਗੰ੍ਥ ਗੜ੍ਹ, ਆਦਿ ਪਿੰਡਾਂ ਵਿੱਚ ਪਰਚਾਰ ਕੀਤਾ। ਗੰ੍ਥ ਗੜ੍ਹ ਦੇ ਸਰਦਾਰ ਸ਼ੇਰ ਸਿੰਘ ਨੇ ਆਪ ਨੂੰ ਘੋੜੀ ਭੇਟ ਕੀਤੀ।

ਅੱਗੇ ਆਪ ਦੜਪ ਵਲ ਨੂੰ ਵਧੇ। ਸੰਤ ਕੇਸਰ ਸਿੰਘ ਚਵਿੰਡੇ ਵਾਲੇ ਤੇ ਜਵਾਹਰ ਸਿੰਘ ਮਿਰਜੇਵਾਲੀਏ ਗੁਰਮੰਤਰ ਲੈਕੇ ਭਗਤੀ ਵਿੱਚ ਲੀਨ ਹੋ ਗਏ।

ਆਪ ਦਾ ਮਨ ਕੀਤਾ ਕਿ ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨ ਕੀਤੇ ਜਾਣ। ਬਾਬਾ ਜਮੀਅਤ ਸਿੰਘ ਗਿੱਲ ਤੇ ਹੋਰ ਸੇਵਕਾਂ ਨੂੰ ਨਾਲ ਲੈਕੇ ਆਪ ਹਜ਼ਰੋ ਵਲ ਚਲ ਪਏ। ਅਜੇ ਝਨਾ ਕੰਢੇ ਹੀ ਪਹੁੰਚੇ ਸਨ ਕਿ ਆਪ ਨੂੰ ਪਤਾ ਲੱਗਾ ਕਿ ਗੁਰੂ ਬਾਲਕ ਸਿੰਘ ਜੀ 6 ਦਸੰਬਰ 1862 ਈ: ਮੁਤਾਬਕ ਮਘਰ ਦੀ ਪੂਰਨ ਮਾਸੀ 1919 ਬਿਕਰਮੀ ਨੂੰ ਜੋਤੀ ਜੋਤ ਸਮਾ ਗਏ ਹਨ। ਆਪ ਦਾ ਹਜ਼ਰੋ ਜਾਣ ਤੇ ਜੀਅ ਨਾ ਕੀਤਾ। ਆਪ ਨੇ ਸ਼ਾਹਬਾਜ਼ਪੁਰ, ਵਜ਼ੀਰਾਬਾਦ, ਸਿਆਲਕੋਟ ਨੌਸ਼ਹਿਰਾ ਆਦਿ ਥਾਵਾਂ ਤੇ ਪ੍ਰਚਾਰ ਕੀਤਾ। ਫਿਰ ਗੁਜਰਾਂਵਾਲੇ ਦਾ ਦੌਰਾ ਕੀਤਾ। ਭਿਲੋਕੀ, ਵਰਨ, ਵਿਰਕ, ਕਿਲ੍ਹਾ ਮੁਰਾਦ ਆਦਿ ਥਾਵਾਂ ਤੇ ਲੋਕਾਂ ਨੂੰ ਨਾਮਧਾਰੀ ਬਣਾਇਆ। ਇਸ ਇਲਾਕੇ ਦੇ ਲੋਕ ਡੰਗਰ ਵਛਾ ਚੁਰਾ ਲੈਂਦੇ ਸਨ, ਡਾਂਗਾਂ ਰਖਦੇ ਸਨ। ਸਭ ਨੇ ਡਾਂਗਾਂ ਸੁੱਟ ਦਿੱਤੀਆਂ, ਚੋਰੀ ਛੱਡ ਦਿੱਤੀ ਅਤੇ ਮਾਲਾ ਫੜ ਲਈ।

ਆਪ ਨੇ ਲਾਹੌਰ ਦੇ ਇਲਾਕੇ ਵੱਲ ਪ੍ਰਚਾਰ-ਦੌਰਾ ਕੀਤਾ। ਖੁਦ ਪੁਰ, ਮਾਂਗਾ, [illegible], ਪਾਜੀ, ਰਾਜਾਜੰਗ, ਮਘਿਆਣ ਭੰਬਿਆਂ, ਸਹਾਰੀ, ਲਾਖੂ, ਪ੍ਰੇਮ ਨਗਰ, [illegible], ਜੀਅਬੱਗਾ, ਟਿੱਬਾ, ਕੰਗਣਪੁਰ ਦੇ ਪਿੰਡਾਂ ਵਿੱਚ ਵੀ ਦਿਵਾਨ ਲੱਗੇ, ਲੋਕਾਂ ਨੂੰ ਅੰਮ੍ਰਿਤ ਛਕਾਇਆ ਗਿਆ, ਗੁਰਮੰਤਰ ਦਿੱਤਾ ਗਿਆ ਤੇ ਰਹਿਤ ਮਰਿਆਦਾ ਦੇ ਧਾਰਨੀ ਬਣਾਇਆ ਗਿਆ।

ਵਲਟੋਹੇ ਦੇ ਪਹਿਲਵਾਨ ਫ਼ਤਹਿ ਸਿੰਘ ਤੇ ਕਿਕਰ ਸਿੰਘ ਵੀ ਨਾਮਧਾਰੀ ਬਣ ਗਏ। ਉਥੋਂ ਆਪ ਫਿਲੌਰ, ਰੁੜਕੇ ਤੋਂ ਹੁੰਦੇ ਹੋਏ ਲੁਧਿਆਣੇ ਪੁੱਜੇ। ਆਪਣੀ ਮਾਮੀ ਨੂੰ ਮਿਲੇ, ਸੁਖ ਸਾਂਦ ਪੁਛੀ ਤੇ ਭੈਣੀ ਸਾਹਿਬ ਪਹੁੰਚ ਗਏ।

ਭੈਣੀ ਸਾਹਿਬ ਪਹੁੰਚ ਕੇ ਆਪ ਨੇ ਗੁਰੂ ਬਾਲਕ ਸਿੰਘ ਜੀ ਦੇ ਭਰਾ ਮੰਨਾ ਸਿੰਘ ਨੂੰ ਇੱਕ ਚਿਠੀ ਲਿਖੀ ਤੇ ਇੱਕ ਚਿਠੀ ਹਜ਼ਰੋ ਦੀ ਸੰਗਤ ਦੇ ਨਾਂ ਲਿਖੀ। ਆਪ, ਖ਼ੁਦ ਵੀ ਹਜ਼ਰੋ ਵੱਲ ਚਲ ਪਏ। ਆਪ ਦੇ ਨਾਲ 50 ਕੁ ਕੂਕੇ ਵੀ ਸਨ। ਲੁਧਿਆਣਾ, ਫਲੌਰ, ਮੁੱਠਡੇ ਤੋਂ ਹੁੰਦੇ ਹੋਏ ਢਿਲਵਾਂ ਦਾ ਪੱਤਣ ਲੰਘ ਕੇ ਅੰਮ੍ਰਿਤਸਰ ਅਪੜੇ। ਫਿਰ ਕਕੜਾਂ ਦੇ ਪੱਤਣ ਰਾਹੀਂ ਵਜ਼ੀਰਾਬਾਦ ਤੋਂ ਅੱਗੇ ਜਾ ਕੇ ਗਿਲੀਂ

ਆਰਾਮ ਕੀਤਾ। ਉਸਤੋਂ ਅੱਗੇ ਆਪ ਹਜ਼ਰੋ ਲਈ ਚਲ ਪਏ। ਝਨਾ ਦਰਿਆ ਪਾਰ ਕਰਨ ਸਮੇਂ ਆਪ ਬੇੜੀ ਵਿੱਚ ਹੀ ਸਨ ਕਿ ਆਪ ਨੂੰ ਗੁਰੂ ਬਾਲਕ ਸਿੰਘ ਜੀ ਦੇ ਭਰਾ ਮੰਨਾ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਦੇ ਫੁੱਲ ਲਈ ਆਉਂਦੇ, ਹਜ਼ਰੋ ਦੀ ਸੰਗਤ ਸਮੇਤ, ਮਿਲੇ। ਆਪ ਉਨ੍ਹਾਂ ਨਾਲ ਵਾਪਸ ਮੁੜ ਪਏ। ਰਾਹ ਵਿੱਚ ਬਾਬਾ ਜਮੀਅਤ ਸਿੰਘ ਕੋਲ ਠਹਿਰੇ।

ਆਪ ਨਾਮਧਾਰੀ ਪੰਥ ਦੇ ਪਰਚਾਰ ਦੀ ਧੁਨ ਵਿੱਚ ਮਸਤ ਸਨ। ਆਪ ਪ੍ਰਚਾਰ ਲਈ ਹੀ ਦਿਨ ਰਾਤ ਇੱਕ ਕਰ ਰਹੇ ਸਨ ਤਾਂ ਕਿ ਸੱਚੇ ਸੁੱਚੇ ਦੇਸ਼ ਭਗਤਾਂ ਆਪਣੇ ਧਰਮ ਕਰਮ ਮਾਨ ਮਰਿਆਦਾ ਵਿੱਚ ਦ੍ਰਿੜ ਪਰਵਾਨਿਆਂ ਦੀ ਗਿਣਤੀ ਵਿੱਚ ਨਿਰੰਤਰ ਵਾਧਾ ਹੁੰਦਾ ਰਹੇ। ਆਪ ਸਿਆਲ ਕੋਟ ਪਹੁੰਚੇ ਤੇ ਫਿਰ ਸ਼ੇਖੂ ਪੁਰੇ ਦੇ ਇਲਾਕੇ ਦਾ ਵੀ ਦੌਰਾ ਕੀਤਾ। ਆਪ ਪਿੰਡ ਪਿੰਡ ਗਏ, ਦਿਵਾਨ ਲਾਏ, ਲੋਕਾਂ ਨੂੰ ਮਾਣ ਮਰਿਆਦਾ ਦੀ ਗਲ ਸਮਝਾਈ, ਪਸਰੂਰ, ਉਗੋਚੱਕ, ਵਜ਼ੀਰਾਬਾਦ, ਮਾਨਾਵਾਲੇ ਆਦਿ ਥਾਵਾਂ ਤੇ ਪ੍ਰਚਾਰ ਕਰਕੇ ਹਜ਼ਾਰਾਂ ਸਿੰਘਾਂ ਸਿੰਘਣੀਆਂ ਨੂੰ ਕੂਕੇ ਬਣਾਇਆ।

ਨਾਮਧਾਰੀ ਲਹਿਰ ਭਾਵੇਂ ਅਜੇ ਤਕ ਪੂਰਨ ਰੂਪ ਵਿੱਚ ਧਾਰਮਕ ਲਹਿਰ ਸੀ ਫਿਰ ਵੀ ਸਰਕਾਰ ਨੇ ਇਸ ਤੇ ਨਿਗਰਾਨੀ ਰਖਣੀ ਸ਼ੁਰੂ ਕਰ ਦਿੱਤੀ। ਸਭ ਤੋਂ ਪਹਿਲੀ ਰਿਪੋਰਟ ਸਿਆਲਕੋਟ ਦੇ ਡਿਪਟੀ ਕਮਿਸ਼ਨਰ ਮੇਕਨਬ ਨੇ 5 ਅਪ੍ਰੈਲ 1863 ਈ: ਨੂੰ ਕੀਤੀ ਉਸ ਨੇ ਲਿਖਿਆ,

"....ਲੁਧਿਆਣੇ ਦਾ ਇੱਕ ਅਧਖੜ ਉਮਰ ਦਾ ਸਿੱਖ ਜੋ ਆਪਣੇ ਆਪ ਨੂੰ ਭਾਈ ਕਹਾਉਂਦਾ ਸੀ, 200 ਆਦਮੀਆਂ ਨਾਲ ਇਲਾਕੇ ਵਿੱਚ ਦੌਰਾ ਕਰ ਰਿਹਾ ਸੀ, ਜਿਨ੍ਹਾਂ ਨੂੰ ਉਹ ਰਾਤ ਨੂੰ ਬੰਦੂਕਾਂ ਦੀ ਥਾਂ ਡਾਂਗਾਂ ਨਾਲ ਕਵਾਇਦ ਕਰਵਾਉਂਦਾ ਸੀ, ਅਤੇ ਉਹ ਫੜ੍ਹ ਮਾਰਦਾ ਸੀ ਕਿ ਉਸ ਦੇ 5000 ਦੇ ਕਰੀਬ ਪੈਰੋਕਾਰ ਸਨ ਤੇ ਉਹ ਕਿਸੇ ਹਾਕਮ ਨੂੰ ਨਹੀਂ ਮੰਨਦਾ।"

ਜ਼ਿਲਾ ਸਿਆਲਕੋਟ ਬਾਰੇ ਮਿਲੀ ਇਸ ਰਿਪੋਰਟ ਨੇ ਸਰਕਾਰ ਨੂੰ ਚੌਕੰਨਿਆਂ ਕਰ ਦਿੱਤਾ। ਉਹ ਸੋਚਣ ਲਗੇ ਕਿ ਜੇ ਸਿਆਲਕੋਟ ਵਿੱਚ 5000 ਦੇ ਲਗਭਗ ਨਾਮਧਾਰੀ-ਕੂਕੇ ਹਨ ਤਾਂ ਹੋਰ ਜ਼ਿਲਿਆਂ ਵਿੱਚ ਵੀ ਹੋਣਗੇ ਹੀ। ਉਨ੍ਹਾਂ ਹਰ ਜ਼ਿਲੇ ਦੇ ਡਿਪਟੀ ਕਮਿਸ਼ਨਰ ਨੂੰ ਕੂਕਿਆਂ ਦੀਆਂ ਕਾਰਵਾਈਆਂ ਕਰਨ ਤੇ ਨਿਗਰਾਨੀ ਰਖਣ ਲਈ ਕਿਹਾ। ਸਤਿਗੁਰੂ ਰਾਮ ਸਿੰਘ ਬਾਰੇ ਤਾਂ ਉਚੇਚੀ, ਗੁਪਤ ਜਾਣਕਾਰੀ ਰਖੀ ਜਾਂਦੀ।

ਸਤਿਗੁਰੂ ਜੀ ਪਰਮੁਖ ਸੇਵਕਾਂ ਸਹਿਤ 11 ਅਪ੍ਰੈਲ 1863 ਈ: ਨੂੰ ਅੰਮ੍ਰਿਤਸਰ ਪਹੁੰਚੇ। ਦਰਸ਼ਨ ਅਭਿਲਾਖੀ ਸੰਗਤਾਂ ਵੀ ਹੁੰਮ ਹੁੰਮਾ ਕੇ ਪਹੁੰਚਣ ਲੱਗੀਆਂ। ਦਿਵਾਨ ਲਗਣ ਲੱਗੇ। ਨਾਮਧਾਰੀ, ਗੁਰ ਮਰਿਆਦਾ ਅਨੁਸਾਰ ਭਜਨ ਬੰਦਗੀ

ਖਟਕਨ ਲੱਗੀ। ਆਪ ਜੀ ਦੀ ਨਿਗਰਾਨੀ ਰੱਖਣ ਲਈ ਪੰਜਾਬ ਦੇ ਲਾਰਡ ਨੇ ਡਿਪਟੀ ਇਨਸਪੈਕਟਰ ਜਨਰਲ ਪੁਲਿਸ ਮੈਕ ਐਂਡਰੀਓ ਦੀ ਜ਼ੁੰਮੇਂਵਾਰੀ ਲਾਈ ਤੇ ਉਸਨੇ ਇਹ ਕੰਮ ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਮੇਜਰ ਮਰਸਰ ਨੂੰ ਸੌਂਪਿਆ।

ਚਾਵੇਂ ਕੂਕਿਆਂ ਕੋਲ ਡਾਂਗਾਂ ਵੀ ਸਨ ਫਿਰ ਵੀ ਕਿਸੇ ਕੋਲੋਂ ਕਿਸੇ ਬਾਗ਼ੀਅਨਾ ਹਰਕਤ ਦੀ ਉਸ ਨੂੰ ਬੋ ਨਾ ਆਈ। ਸਭੇ ਅਨੁਸ਼ਾਸਨ ਬਧ ਸਨ ਸੋ ਕਿਸੇ ਨੂੰ ਫੜਦਾ ਕਿਵੇਂ? ਸਤਿਗੁਰਾਂ ਬਾਰੇ ਕੋਈ ਵੀ ਕਾਰਵਾਈ ਕਿਵੇਂ ਕਰਦਾ। ਉਸ ਨੇ ਲਿਖਿਆ—

"...ਕਿਉਂਕਿ ਬਾਗ਼ੀਅਨਾ ਤਰਜ਼ੇ ਬਿਆਨ ਵਰਤਿਆ ਹੀ ਨਹੀਂ ਸੀ ਗਿਆ ਅਤੇ ਉਹ ਅਮਨ ਪਸੰਦ ਪ੍ਰਤੀਤ ਹੋਇਆ ਸੋ ਭਰੇ ਮੇਲੇ ਵਿੱਚ ਉਸ ਨਾਲ ਟਕਰਾਉਣਾ ਨਾ ਮੁਨਾਸਬ ਸਮਝਿਆ ਗਿਆ।"

ਅਸਲ ਵਿੱਚ ਅੰਗਰੇਜ਼ 1857 ਈ: ਦੇ ਗ਼ਦਰ ਕਾਰਨ ਡਰੇ ਹੋਏ ਸਨ। ਚਾਵੇਂ ਉਸ ਸਮੇਂ ਉਹਨਾਂ ਬਗ਼ਾਵਤ ਨੂੰ ਦਬਾ ਲਿਆ ਸੀ ਫਿਰ ਵੀ ਜਦੋਂ ਉਨ੍ਹਾਂ ਨੂੰ ਪੰਜਾਬ ਵਿੱਚ ਇਸ ਨਵੀਂ ਜਥੇਬੰਦੀ ਦੇ ਵਧਣ ਫੂਲਣ ਦਾ ਪਤਾ ਲੱਗਾ ਤਾਂ ਉਹ ਲੋੜ ਤੋਂ ਵਧ ਹੋਸ਼ਿਆਰ ਹੋ ਗਏ। ਉਹ ਇਸ ਧਾਰਮਕ ਤੇ ਸੁਧਾਰਵਾਦੀ ਲਹਿਰ ਨੂੰ ਸ਼ੁਰੂ ਵਿੱਚ ਹੀ ਦਬਾ ਦੇਣਾ ਚਾਹੁੰਦੇ ਸਨ ਪਰ ਕੋਈ ਕਾਰਵਾਈ ਕਰਨ ਵਾਸਤੇ ਰਾਹ ਨਾ ਲਭਦਾ।

ਲੋਕ ਵੀ ਧਾਰਮਕ ਅੰਧਵਿਸਵਾਸ਼ ਤੇ ਸਮਾਜਕ ਰੂੜ੍ਹੀਆਂ ਤਿਆਗਦੇ ਗਏ। ਉਨ੍ਹਾਂ ਵਿੱਚ ਚੇਤਨਤਾ ਆਉਂਦੀ ਗਈ, ਭਾਰਤੀ ਸਭਿਅਤਾ ਤੇ ਸਭਿਆਚਾਰ ਦੇ ਦਿਵਾਨੇ ਹੁੰਦੇ ਗਏ, ਕੂਕਿਆਂ ਦੀ ਗਿਣਤੀ ਵਿੱਚ ਨਿੱਤ ਨਵਾਂ ਵਾਧਾ ਹੁੰਦਾ ਗਿਆ।

# ਘਰ ਘਰ ਰਾਮ ਸਿੰਘ

ਨਾਮਧਾਰੀ ਰਹਿਤ ਮਰਿਆਦਾ ਹਰਮਨ ਪਿਆਰੀ ਹੋ ਚੁੱਕੀ ਸੀ। ਸਤਿਗੁਰਾਂ ਨੇ ਆਪਣੇ ਪ੍ਰਚਾਰ ਦੌਰੇ ਹੋਰ ਵੀ ਵਧਾ ਦਿੱਤੇ ਸਨ। ਤੇ ਆਪ ਕੀਰਤਨੀ ਜਥਿਆਂ ਨੂੰ ਵੀ ਹੋਰ ਵੱਧ ਪ੍ਰਚਾਰ ਕਰਨ ਲਈ ਉਤਸ਼ਾਹ ਦੇਂਦੇ ਸਨ। ਆਪ ਦਾ ਆਪਣਾ ਤਾਂ ਬਹੁਤਾ ਸਮਾਂ ਜਨ ਜਾਗ੍ਰਿਤੀ ਵਿੱਚ ਹੀ ਲੱਗਦਾ। ਆਪ ਇਕਾਗਰ ਚਿੱਤ ਹੋ ਕੇ ਭੈੜਿਆਂ ਤੇ ਬੋਦਿਆਂ ਰਸਮਾਂ ਰਿਵਾਜਾਂ ਨੂੰ ਬਦਲਣ ਬਾਰੇ ਵੀ ਸੋਚਦੇ ਰਹਿੰਦੇ।

ਆਪ ਨੇ ਇਸਤਰੀ ਜਾਤੀ ਦੇ ਸੁਧਾਰ ਲਈ ਬਹੁਤ ਸਾਰੇ ਸਿਧਾਂਤ ਘੜ ਕੇ , ਉਹਨਾਂ ਨੂੰ ਅਸਲੀ ਜਾਮਾ ਪੁਆ ਕੇ, ਉਸ ਨੂੰ ਪੈਰ ਦੀ ਜੁੱਤੀ ਤੋਂ ਮਨੁਖ ਦੀ ਬਰਾਬਰੀ ਦਾ ਦਰਜਾ ਦੁਆਇਆ। ਇਸਤਰੀਆਂ ਨੂੰ ਸਿੱਖੀ ਰਹਿਤ ਮਰਿਆਦਾ ਕਦੀ ਕਿਸੇ ਨਹੀਂ ਸੀ ਦੱਸੀ। ਸਤਿਗੁਰੂ ਜੀ ਜੇਠ ਦੀ ਪੂਰਨਮਾਸ਼ੀ ਨੂੰ ਮੰਗਲਵਾਰ 1920 ਬਿਕਰਮੀ ਵਿੱਚ ਸਿਆੜ ਦੌਰੇ ਤੇ ਗਏ। ਆਸਾ ਦੀ ਵਾਰ ਦੇ ਕੀਰਤਨ ਉਪਰੰਤ ਅੰਮ੍ਰਿਤ ਤਿਆਰ ਕਰਵਾਇਆ। ਏਥੇ ਆਪ ਨੇ ਇਸਤਰੀਆਂ ਨੂੰ ਅੰਮ੍ਰਿਤ ਛਕਾਉਣ ਦੀ ਪਹਿਲ ਕੀਤੀ। ਸਿਆੜ ਪਿੰਡ ਵਿੱਚ ਅੰਮ੍ਰਿਤ ਛਕਣ ਵਾਲੀਆਂ ਇਸਤਰੀਆਂ ਵਿਚੋਂ ਖੇਮ ਕੌਰ, ਸਾਹਿਬ ਕੌਰ, ਮਾਨ ਕੌਰ, ਕਰਮ ਕੌਰ, ਬਚਿਤੱਰ ਕੌਰ, ਧੰਨ ਕੌਰ, ਇੰਦ ਕੌਰ, ਰਾਮ ਕੌਰ ਤੇ ਸਤਿਗੁਰਾਂ ਦੇ ਮਹਿਲ ਮਾਤਾ ਜੱਸਾਂ ਜੀ ਸਨ। ਉਨ੍ਹਾਂ ਨੂੰ ਕਛਹਿਰੇ ਪਾਉਣ, ਗੁੱਤਾਂ, ਪਰਾਂਦੇ, ਜੂੜੇ ਖੋਲ੍ਹਣ, ਸਣਕੇਸੀ ਇਸ਼ਨਾਨ ਕਰਨ, ਪੰਜ ਕਕਾਰ ਦੇ ਧਾਰਨੀ ਹੋਣ ਤੇ ਨਾਮ ਸਿਮਰਨ ਕਰਨ ਦਾ ਉਪਦੇਸ਼ ਦਿੱਤਾ ਗਿਆ। ਆਪ ਨੇ ਸਫੈਦ ਬਸਤਰ ਪਹਿਨਣ, ਪਰਦੇ ਲਈ ਤੇੜ ਘਗਰੀ ਦੀ ਥਾਂ ਸੁੱਥਣ ਪਾਉਣ ਦੀ ਨਸੀਹਤ ਦਿੱਤੀ। ਆਪ ਨੇ, ਰੰਗ ਬਰੰਗੇ ਕਪੜੇ ਪਾਉਣ, ਕੰਨ ਵਿਨ੍ਹਣ, ਮੁਕਾਣੇ ਜਾਕੇ ਵੈਣ ਪਾਉਣ ਤੇ ਪਿੱਟ ਸਿਆਪਾ ਕਰਨ ਦੀ ਵੀ ਮਨਾਹੀ ਕੀਤੀ। ਆਪਣੇ ਪਤੀ ਬਿਨਾ ਕਿਸੇ ਹੋਰ ਪੀਰ ਫਕੀਰ, ਦੀ ਪੂਜਾ ਕਰਨੀ, ਮੜ੍ਹੀ ਮਸਾਣਾਂ ਤੇ ਦੀਵੇ ਬਾਲਣੇ, ਧਾਗੇ ਤਵੀਤ ਦੇ ਚਕਰਾਂ ਵਿੱਚ ਪੈਣਾ ਅਤੇ ਘੁੰਡ ਕਢਣਾ ਵੀ ਮਨ੍ਹਾ ਕਰ ਦਿੱਤਾ। ਆਏ ਸਿੱਖ ਸਾਧ ਦੀ ਸੇਵਾ ਕਰਨੀ, ਕੀਰਤਨ ਸੁਣਨਾ, ਮਰਿਆਦਾ ਵਿੱਚ ਰਹਿ ਕੇ ਸਿਮਰਨ ਕਰਨਾ

ਜ਼ਰੂਰੀ ਕਰਾਰ ਦਿੱਤਾ ਗਿਆ।

ਮਨੁੱਖ ਦੀ ਜਨਮਦਾਤੀ ਔਰਤ ਹੈ। ਬੱਚੇ ਦਾ ਉਹ ਪਹਿਲਾ ਗੁਰੂ ਹੈ। ਉਸ ਦੇ ਕੰਮ, ਚਰਿਤੱਰ ਅਤੇ ਉਪਦੇਸ਼ ਦਾ ਸੰਤਾਨ ਤੇ ਸਭ ਤੋਂ ਵਧ ਅਸਰ ਹੁੰਦਾ ਹੈ ਜਿਸ ਕੌਮ ਦੀ ਔਰਤ ਦੱਬੀ ਕੁਚਲੀ ਤੇ ਮਜ਼ਲੂਮ ਰਹੇਗੀ ਉਸਦਾ ਭਵਿਖ ਉੱਜਲਾ ਨਹੀਂ ਹੋ ਸਕਦਾ। ਇਹ ਸੋਚਕੇ ਹੀ ਸਤਿਗੁਰਾਂ ਅੰਮ੍ਰਿਤ ਛਕਾ ਕੇ ਇਸਤਰੀ ਜਾਤੀ ਨੂੰ ਸੰਗਤ ਤੇ ਪੰਗਤ ਵਿੱਚ ਪੁਰਸ਼ ਦੇ ਬਰਾਬਰ ਦਰਜਾ ਦਿੱਤਾ। ਔਰਤ ਨੂੰ ਮਰਦ ਦੇ ਬਰਾਬਰ ਦਰਜਾ ਦੇਣ ਵਾਲੇ ਪਹਿਲੇ ਰਾਹਨੁਮਾ ਗੁਰੂ ਰਾਮ ਸਿੰਘ ਜੀ ਹੀ ਹੋਏ ਹਨ। ਸਿਖ ਪੰਥ ਵਿੱਚ ਉਸ ਸਮੇਂ ਤਕ, ਹਜ਼ੂਰ ਸਾਹਿਬ ਵਿੱਚ ਵੀ, ਮਾਈਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਿਆਦਾ ਨਹੀਂ ਸੀ। ਨਿਹੰਗ ਸਿੰਘ, ਬੁਢਾ ਤੇ ਤਰੁਣਾ ਦਲ ਵਾਲੇ - ਅਜੇ ਵੀ ਔਰਤਾਂ ਨੂੰ ਅੰਮ੍ਰਿਤ ਨਹੀਂ ਛਕਾਉਂਦੇ।

ਸਤਿਗੁਰੂ ਰਾਮ ਸਿੰਘ ਜੀ ਵਲੋਂ ਇਸਤਰੀ ਜਾਤੀ ਦੇ ਸੁਧਾਰ ਲਈ ਕੀਤੇ ਮਹਾਨ ਕੰਮ ਬਾਰੇ ਹੀ ਕਪੂਰ ਸਿੰਘ ਆਈ. ਸੀ. ਐਸ. ਨੇ ਲਿਖਿਆ ਹੈ, 'ਜੇ ਉਨ੍ਹਾਂ (ਸਤਿਗੁਰੂ ਰਾਮ ਸਿੰਘ) ਨੇ ਦੇਸ਼ ਤੇ ਜਾਤੀ ਲਈ ਹੋਰ ਮਹਾਨ ਕੰਮ ਕੀਤੇ ਹਨ ਛਡ ਭੀ ਦੇਈਏ ਤਾਂ ਉਨ੍ਹਾਂ ਦਾ ਇੱਕ ਇਹ ਪ੍ਰਚਾਰ ਕਿ ਇਸਤਰੀ ਤੇ ਮਰਦ ਸਮਾਜ ਵਿੱਚ ਬਰਾਬਰ ਦੇ ਹਕਦਾਰ ਹਨ ਹੀ ਉਨ੍ਹਾਂ ਨੂੰ ਸੰਸਾਰ ਭਰ ਦੇ ਸ਼ਰੋਮਣੀ ਸੁਧਾਰਕਾਂ ਦੀ ਸਫ਼ ਵਿੱਚ ਖੜਾ ਕਰ ਦੇਂਦਾ ਹੈ"—ਸਪਤ ਸ੍ਰਿੰਗ।

ਇਸਤਰੀ ਜਾਤੀ ਨੂੰ ਅੰਮ੍ਰਿਤ ਛਕਾਉਣ ਦਾ ਵਿਰੋਧ ਉਸ ਸਮੇਂ ਦੇ ਸਿੱਖਾਂ ਨੇ ਕੀਤਾ ਪਰ ਆਪ ਕਿਸੇ ਦੀ ਪਰਵਾਹ ਨਾ ਕਰਦੇ ਹੋਏ ਅਡਿੱਗ ਰਹੇ।

ਵਿਆਹ ਦੀ ਰਸਮ ਵੀ ਅਜੇ ਪੁਰਾਣੀ ਹੀ ਚੱਲੀ ਆਉਂਦੀ ਸੀ। ਮੁੰਡੇ ਕੁੜੀ ਦੇ ਮਾਪੇ ਕਠਪੁਤਲੀ ਸਨ, ਨਾਈ ਸਾਕ ਕਰ ਆਉਂਦਾ, ਪੰਡਤ ਸਾਹਾ ਸੋਧ ਦੇਂਦਾ, ਵਿਆਹ ਵਾਲੇ ਦਿਨ ਰਾਜੇ (ਨਾਈ) ਪਕਾਉਂਦੇ, ਪੰਚ (ਮਹਿਰੇ) ਪਾਣੀ ਢੋਂਦੇ ਤੇ ਹੋਰ ਕੰਮ ਕਰਦੇ, ਬ੍ਰਾਹਮਣ ਲੈਣ ਦੇਣ, ਪੁੰਨ ਦਾਨ, ਵਿਧੀ-ਵਿਧਾਨ ਅਪਣਾਉਂਦੇ ਅਤੇ ਕਈ ਫ਼ਜ਼ੂਲ ਖਰਚ ਕਰਵਾ ਕੇ ਵਿਆਹ ਕਰਵਾ ਦੇਂਦੇ। ਲਾਗ ਬਹੁਤ ਦੇਣੇਂ ਪੈਂਦੇ। ਆਪਣਾ ਮੁੰਡਾ ਕੁੜੀ ਵਿਆਹੁਣ ਵੇਲੇ ਲਾਗ ਤਾਂ ਦੇ ਦਿੱਤਾ ਜਾਂਦਾ ਸੀ ਪਰ ਚਿੱਤ ਬੜਾ ਔਖਾ ਹੁੰਦਾ ਸੀ। ਕੋਈ ਕੁਝ ਨਾ ਕਰ ਸਕਦਾ ਕਿਉਂਕਿ ਵਿਆਹ ਦੇ ਰੀਤੀ ਰਿਵਾਜ ਅਨੁਸਾਰ ਇਹ ਸਭ ਕੁਝ ਜ਼ਰੂਰੀ ਸੀ।

ਨਾਮਧਾਰੀ ਸਿੱਖਾਂ ਨੇ ਸਤਿਗੁਰਾਂ ਨੂੰ ਵਿਅਹ ਦੀ ਰਸਮ ਬਦਲਣ ਲਈ ਬੇਨਤੀ ਕੀਤੀ। ਆਪ ਪਹਿਲਾਂ ਹੀ ਇਸ ਬਾਰੇ ਸੋਚ ਚੁਕੇ ਸਨ। ਅੰਮ੍ਰਿਤਸਰ ਵਸਾਖੀ ਤੇ ਇਹ ਨਿਰਨਾ ਹੋ ਗਿਆ ਕਿ ਸ਼ਾਦੀ ਦੀ ਰਸਮ ਛੇਤੀ ਬਦਲੀ ਜਾਏਗੀ। ਆਪਨੇ ਸ੍ਰੀ ਭੈਣੀ ਸਾਹਿਬ ਤੋਂ ਦੌਰਾ ਸ਼ੁਰੂ ਕੀਤਾ। ਰਸਤੇ ਵਿੱਚ ਸਿਆੜ ਪਿੰਡ ਵਿੱਚ ਮਾਈਆਂ ਨੂੰ ਅੰਮ੍ਰਿਤ ਛਕਾਉਣ ਦੀ ਮਰਯਾਦਾ ਤੋਰੀ ਸੀ। ਧੁਰ ਜੋਟ

ਗਏ ਤਾਂ ਜੋਗਾ ਸਿੰਘ ਨੇ ਆਪਨੇ ਪਿੰਡ ਧੂੜ ਕੋਟ ਆਨੰਦ ਮਰਿਆਦਾ ਸ਼ੁਰੂ ਕਰਨ ਲਈ ਬੇਨਤੀ ਕੀਤੀ। ਉਸ ਦਾ ਪਿੰਡ ਛੋਟਾ ਸੀ। ਜੋਗਾ ਸਿੰਘ ਦਾ ਆਪਣਾ ਪ੍ਰਭਾਵ ਵੀ ਪਿੰਡ ਵਿੱਚ ਬਹੁਤ ਜ਼ਿਆਦਾ ਨਹੀਂ ਸੀ। ਨਵੀਂ ਰੀਤ ਸ਼ੁਰੂ ਹੋਣ ਸਮੇਂ ਬ੍ਰਾਹਮਣਾਂ ਦੇ ਝਗੜਾ ਕਰਨ ਦੀ ਵੀ ਸੰਭਾਵਨਾ ਸੀ ਕਿਉਂਕਿ ਇਸ ਮਰਿਆਦਾ ਨਾਲ ਉਨ੍ਹਾਂ ਦੀ ਉਪਜੀਵਕਾ ਜੁੜੀ ਹੋਈ ਸੀ। ਹੋ ਸਕਦਾ ਸੀ ਬ੍ਰਾਹਮਣ ਵਿਘਨ ਪਾਉਂਦੇ। ਇਹ ਸਾਰਾ ਕੁਝ ਸੋਚ ਕੇ ਕਿਸੇ ਹੋਰ ਥਾਂ ਇਹ ਕਾਰਜ ਆਰੰਭ ਕਰਨਾ ਉਚਿਤ ਸਮਝਿਆ ਗਿਆ। ਖੋਟੇ ਜ਼ਿਲਾ ਫ਼ਿਰੋਜ਼ਪੁਰ ਦੇ ਸਮੁੰਦ ਸਿੰਘ ਨੇ ਸਤਿਗੁਰਾਂ ਨੂੰ ਉਸ ਦੇ ਪਿੰਡ ਮੇਲਾ ਕਰਕੇ ਨਵੀਂ ਮਰਿਆਦਾ ਦਾ ਮੁੱਢ ਬੰਨ੍ਹਣ ਲਈ ਬੇਨਤੀ ਕੀਤੀ। ਉਸ ਇਲਾਕੇ ਵਿੱਚ ਕੂਕਿਆਂ ਦੇ ਬਹੁਤ ਘਰ ਜਨ, ਕਈ ਘਰ ਸਰਦੇ ਪੁੱਜਦੇ ਵੀ ਸਨ, ਇਲਾਕੇ ਵਿੱਚ ਉਨ੍ਹਾਂ ਦਾ ਪ੍ਰਭਾਵ ਵੀ ਸੀ, ਚੰਗੇ ਦਬਕੇ ਵਾਲੇ ਹੋਣ ਕਰਕੇ ਕੋਈ ਭੈੜਾ ਅਨਸਰ ਖਰੂਦ ਨਹੀਂ ਸੀ ਪਾ ਸਕਦਾ। ਸਮੁੰਦ ਸਿੰਘ ਵੀ ਪ੍ਰਭਾਵਸਾਲੀ ਵਿਅਕਤਿਤਵ ਵਾਲਾ ਵਿਅਕਤੀ ਸੀ। ਸੋ 2 ਅਤੇ 3 ਜੂਨ 1863 ਈ: ਨੂੰ ਖੋਟਿਆਂ ਦੇ ਮੇਲੇ ਦਾ ਫ਼ੈਸਲਾ ਹੋ ਗਿਆ। ਆਪਣੇ ਨਿੱਜੀ ਡਾਕ ਪ੍ਰਬੰਧ ਰਾਹੀਂ ਇਸ ਦੀ ਖ਼ਬਰ ਦੂਰ ਨੇੜੇ ਦੇ ਨਾਮਧਾਰੀਆਂ ਨੂੰ ਵੀ ਪਹੁੰਚਾ ਦਿੱਤੀ ਗਈ।

ਸੱਚੇ ਪਾਤਸ਼ਾਹ ਅੰਮ੍ਰਿਤਸਰ ਵਸਾਖੀ ਮਨਾਉਣ ਪਿਛੋਂ ਜਲੰਧਰ, ਕਪੂਰਥਲੇ ਦੇ ਇਲਾਕੇ ਵਿੱਚ ਪ੍ਰਚਾਰ ਕਰਦੇ ਰਹੇ। 16 ਮਈ 1863 ਈ: ਨੂੰ ਆਪ ਫ਼ਿਰੋਜ਼ਪੁਰ ਪਹੁੰਚ ਗਏ। ਇਸ ਇਲਾਕੇ ਵਿੱਚ 15 ਦਿਨ ਪ੍ਰਚਾਰ ਦੌਰੇ ਕੀਤੇ। 2 ਜੂਨ ਨੂੰ ਆਪ ਖੋਟੀਂ ਪਹੁੰਚੇ।

ਨਵੀਂ ਆਨੰਦ ਮਰਿਆਦਾ ਦਾ ਆਰੰਭ ਹੋਣਾ ਲੋਕਾਂ ਲਈ ਇੱਕ ਅਜੂਬਾ ਸੀ। ਉਹ ਸਮਝਦੇ ਸਨ ਕਿ ਜਿਸ ਵੈਦਿਕ ਰੀਤੀ ਨਾਲ ਪਿਛਲੇ ਗੁਰੂ ਸਾਹਿਬਾਨ ਦੇ ਵੀ ਵਿਆਹ ਹੋਏ ਸਨ ਉਸ ਤੋਂ ਬਿਨਾ ਕੋਈ ਹੋਰ ਮਰਿਆਦਾ ਹੋ ਹੀ ਨਹੀਂ ਸਕਦੀ। ਕੂਕਿਆਂ ਤਾਂ ਆਪਣੇ ਚੀਨੀ ਵਾਲੇ ਪਾਤਸ਼ਾਹ ਦਾ ਦਰਸ਼ਨ ਕਰਨ ਤੇ ਮੇਲਾ ਮਨਾਉਣ ਆਉਣਾ ਹੀ ਸੀ। ਨਵੀਂ ਆਨੰਦ ਮਰਿਆਦਾ ਨੂੰ ਵੇਖਣ ਲਈ ਆਲੇ ਦੁਆਲੇ ਦੇ ਪਿੰਡਾਂ ਦੇ ਲੋਕ ਵੀ ਆ ਗਏ, ਤਮਾਸ਼ਬੀਨ ਬਣ ਕੇ। ਉਨ੍ਹਾਂ ਲਈ ਤਾਂ ਇੱਕ ਸਮੇਂ ਇੱਕ ਵਿਆਹ ਤੇ ਉਸ ਸ਼ਾਦੀ ਵਿੱਚ ਬ੍ਰਾਹਮਣ ਦਾ ਆਗੂ ਹੋਣਾ, ਨਾਈ, ਛੀਂਬੇ, ਮਹਿਰੇ, ਤਰਖਾਣ ਆਦਿ ਲਾਗੀ ਹੋਣੇ, ਭੰਡ, ਮਰਾਸੀ, ਨਕਲੀਏ, ਆਤਸ਼ਬਾਜ਼, ਬੈਂਡ ਵਾਜੇ ਵਾਲੇ ਤੇ ਢੋਲ ਢਮੱਕੇ ਵਾਲੇ ਹੋਣੇ ਜ਼ਰੂਰੀ ਸਨ। ਜੰਜ ਬਝਣੀ ਤੇ ਛੁਟਣੀ ਵੀ ਜ਼ਰੂਰੀ ਸੀ। ਇਸ ਤੋਂ ਇਲਾਵਾ ਸਿਠਣੀਆਂ, ਬੇਹੂਦਾ ਮਖੌਲ ਆਦਿ ਵੀ ਹੁੰਦੇ ਹੀ ਸਨ।

2 ਜੂਨ 1863 ਈ: ਨੂੰ ਤਾਂ ਸ਼ਬਦ ਕੀਰਤਨ ਹੁੰਦੇ ਰਹੇ, ਲੋਹ ਲੰਗਰ ਤਪਦਾ ਰਿਹਾ, ਮੇਲਾ ਭਰਦਾ ਰਿਹਾ। 3 ਜੂਨ 1863 ਨੂੰ, ਅੰਮ੍ਰਿਤ ਵੇਲੇ, ਪੰਡਾਲ ਵਿੱਚ,

ਸਤਿਗੁਰੂ ਜੀ ਦੇ ਹੁਕਮ ਅਨੁਸਾਰ, ਆਸਾ ਦੀ ਵਾਰ ਦਾ ਕੀਰਤਨ ਸ਼ੁਰੂ ਕੀਤਾ ਗਿਆ, ਵੇਦੀ ਗੱਡੀ ਗਈ, ਹਵਨ ਕੀਤਾ ਗਿਆ, ਛੇ ਜੋੜਿਆਂ ਨੂੰ ਸਣੇ ਕੇਸ਼ੀ ਇਸ਼ਨਾਨ ਕਰਵਾ ਕੇ ਵੇਦੀ ਵਿੱਚ ਬਿਠਾਇਆ ਗਿਆ, ਉਨ੍ਹਾਂ ਨੂੰ ਅੰਮ੍ਰਿਤ ਛਕਾਇਆ ਗਿਆ ਕਮਰ ਕੱਸੇ ਲੁਆ ਕੇ, ਕੰਨ ਵਿੱਚ ਗੁਰ ਮੰਤਰ ਦਿੱਤਾ ਗਿਆ, ਗੰਢ ਚਤਰਾਵਾ ਕੀਤਾ ਗਿਆ, ਸ੍ਰੀ ਆਦਿ ਗ੍ਰੰਥ ਸਾਹਿਬ ਵਿਚੋਂ ਇੱਕ ਇੱਕ ਕਰਕੇ ਚਾਰ ਲਾਵਾਂ ਪੜ੍ਹੀਆਂ ਗਈਆਂ। ਹਰ ਲਾਂਵ ਪੜ੍ਹਨ ਦੇ ਨਾਲ ਹੀ ਸਭ ਵਿਆਹੇ ਜਾ ਰਹੇ ਜੋੜਿਆਂ ਨੇ ਹਵਨ ਕੁੰਡ ਦੁਆਲੇ ਸਜਿਓਂ ਖੱਬੇ ਫੇਰਾ ਲਿਆ। ਚਹੁੰ ਫੇਰਿਆਂ ਬਾਅਦ ਆਨੰਦ ਕਾਰਜ ਦੀ ਰਸਮ ਸੰਪੂਰਨ ਹੋਈ। ਆਨੰਦ ਸਾਹਿਬ ਦਾ ਕੀਰਤਨ ਕਰਨ ਬਾਅਦ ਅਰਦਾਸ ਪਿਛੋਂ ਕੜ੍ਹਾਹ ਪ੍ਰਸ਼ਾਦ ਵਰਤਾਇਆ ਗਿਆ। ਗੰਢ ਚਤਰਾਵੇ ਖੋਲ੍ਹ ਦਿੱਤੇ ਗਏ ਤੇ ਲੜਕੇ ਲੜਕੀਆਂ ਸਤਿਗੁਰੂ ਜੀ ਨੂੰ ਮੱਥਾ ਟੇਕ ਕੇ ਆਪਣੇ ਆਪਣੇ ਪਰਵਾਰਾਂ ਵਿੱਚ ਜਾ ਬੈਠੇ। ਇਨ੍ਹਾਂ ਜੋੜਿਆਂ ਦੇ ਨਾਮਧਾਰੀ ਕਾਟ ਦੇ ਸਫ਼ੈਦ ਬਸਤਰ ਸਨ। ਕਿਸੇ ਲੜਕੀ ਨੂੰ ਵੀ ਘੁੰਡ ਕੱਢਣ ਦਾ ਹੁਕਮ ਨਹੀਂ ਸੀ, ਨਾ ਹੀ ਉਨ੍ਹਾਂ ਨੂੰ ਕੋਈ ਸਾਕ ਸੰਬੰਧੀ ਫੜਕੇ ਤੋਰਦਾ ਸੀ।

ਇਸ ਮੇਲੇ ਤੇ ਬਾਬਾ ਸਮੁੰਦ ਸਿੰਘ ਦੀ ਪੁਤਰੀ ਤੇ ਪੋਤਰੀ ਦਾ ਆਨੰਦ ਕਾਰਜ ਹੋਇਆ। ਜੋਗਾ ਸੰਘ ਧੂੜ ਕੋਟੀਏ ਦੀ ਲੜਕੀ ਦਾ ਆਨੰਦ ਕਾਰਜ ਮੁਠਡੇ ਦੇ ਫ਼ਤਹ ਸਿੰਘ ਦੇ ਲੜਕੇ ਵੀਰ ਸਿੰਘ ਨਾਲ ਹੋਇਆ।

3 ਜੂਨ 1863 ਈ: ਬੁਧਵਾਰ ਦਾ ਦਿਨ ਸਿੱਖ ਇਤਿਹਾਸ ਵਿੱਚ ਪਹਿਲਾ ਦਿਨ ਸੀ ਜਦ ਵੈਦਿਕ ਰੀਤੀ ਨੂੰ ਤਿਆਗ ਕੇ ਗੁਰ ਮਰਿਆਦਾ ਨਾਲ ਆਨੰਦ ਕਾਰਜ ਕੀਤੇ ਗਏ। ਏਸੇ ਮਰਿਆਦਾ ਨੂੰ ਆਧਾਰ ਬਣਾ ਕੇ ਹੀ 22 ਅਕਤੂਬਰ 1909 ਈ: ਨੂੰ ਆਨੰਦ ਮਰਿਆਦਾ ਐਕਟ ਪਾਸ ਹੋਇਆ। ਬਾਅਦ ਵਿੱਚ ਵੱਖ ਵੱਖ ਸਿੱਖ ਫ਼ਿਰਕਿਆਂ ਨੇ ਇਸ ਵਿੱਚ ਮਰਜ਼ੀ ਅਨੁਸਾਰ ਤਬਦੀਲੀ ਕਰ ਲਈ।

ਅਨੰਦ ਮਰਿਆਦਾ ਆਰੰਭ ਹੋਣ ਕਰਕੇ ਗੁਰਸਿੱਖ ਤਾਂ ਬਹੁਤ ਖੁਸ਼ ਹੋਏ ਪਰ ਲਾਗੀਆਂ ਤੇ ਖਾਸ ਕਰਕੇ ਪੰਡਤਾਂ ਨੂੰ ਪਿੱਸੂ ਪੈ ਗਏ। ਬਾਬਾ ਸਮੁੰਦ ਸਿੰਘ ਦੇ ਜੱਦੀ ਪ੍ਰੋਹਤ ਨੇ ਹੋਰ ਬ੍ਰਾਹਮਣਾਂ ਨੂੰ ਨਾਲ ਲੈਕੇ ਆਪ ਨੂੰ ਡਰ ਪਾਇਆ ਕਿ ਸਨਾਤਨੀ ਮਰਿਆਦਾ ਤੋਂ ਬਿਨਾ ਕਿਸੇ ਹੋਰ ਮਰਿਆਦਾ ਨਾਲ ਵਿਆਹ ਕਰਨਾ ਪਾਪ ਸੀ। ਜੇ ਸਮੁੰਦ ਸਿੰਘ ਨੇ 'ਮਨਮਰਜ਼ੀ' ਕੀਤੀ ਤਾਂ ਉਹ ਸੜ ਮਰਨਗੇ ਤੇ ਬ੍ਰਾਹਮਣ ਹਤਿਆ ਦਾ ਪਾਪ ਵੀ ਉਸ ਨੂੰ ਹੀ ਲੱਗਣਾ ਸੀ ਅਤੇ ਉਸ ਦੇ ਗੁਰੂ ਨੂੰ। ਜਦ ਉਨ੍ਹਾਂ ਦੀ ਕਿਸੇ ਗਲ ਦੀ ਪ੍ਰਵਾਹ ਨਾ ਕੀਤੀ ਗਈ ਤਾਂ ਉਨ੍ਹਾਂ ਸਤਿਗੁਰਾਂ ਨੂੰ ਅਪਸ਼ਬਦ ਕਹੇ। ਸ਼ਾਂਤੀ ਦੇ ਪੁੰਜ ਸਤਿਗੁਰਾਂ ਅਗੋਂ ਮੋੜਾ ਨਾ ਮੋੜਿਆ।

ਜਦ ਪ੍ਰੋਹਤ ਦੀ ਕਿਸੇ ਗਲ ਦਾ ਵੀ ਅਸਰ ਨਾ ਹੋਇਆ ਤਾਂ ਉਸ ਨੇ ਪਿੰਡ ਦੇ ਚੌਕੀਦਾਰ ਨੂੰ ਚੁੱਕਿਆ ਅਤੇ ਥਾਣੇ ਰਿਪੋਰਟ ਕਰਨ ਲਈ ਭੇਜਿਆ। ਉਸ

ਨੇ ਲੂਣ ਮਿਰਚ ਲਾ ਕੇ ਬਾਘੇਪੁਰਾਣੇ ਦੇ ਥਾਣੇ ਵਿੱਚ ਰਿਪੋਰਟ ਦਰਜ ਕਰਵਾਈ ਕਿ "ਗੁਰੂ ਰਾਮ ਸਿੰਘ 800 ਕੁ ਸ਼ਰਧਾਲੂਆਂ ਨਾਲ ਦੋ ਤਿੰਨ ਦਿਨ ਤੋਂ ਖੋਟੇ ਫਿਰਦਾ ਸੀ। ਉਹ ਬਾਗ਼ੀਆਨਾ ਪ੍ਰਚਾਰ ਕਰਦਾ ਸੀ।" ਬਰਤਾਨੀਆ ਸਰਕਾਰ ਵਲੋਂ ਹੇਠਲੇ ਅਫ਼ਸਰਾਂ ਨੂੰ ਹਦਾਇਤਾਂ ਸਨ ਕਿ ਜਦ ਵੀ ਕੂਕਿਆ ਬਾਰੇ ਕਿਸੇ ਵੀ ਗੱਲ ਦਾ ਪਤਾ ਲੱਗੇ ਫੌਰਨ ਕਾਰਵਾਈ ਕੀਤੀ ਜਾਵੇ।

ਤਹਿਕੀਕਾਤ ਕਰਨ ਲਈ ਪੁਲਿਸ ਸਾਰਜੰਟ ਖੋਟੇ ਪਹੁੰਚਿਆ ਉਸਨੇ ਵੀ ਚੌਕੀਦਾਰ ਦੀ ਗੱਲ ਦੀ ਪ੍ਰੋੜਤਾ ਕੀਤੀ। ਫਿਰ ਅਸਿਸਟੈਂਟ ਸੁਪਰਿੰਟੈਂਡੈਂਟ ਇਲਾਕੇ ਵਿੱਚ ਅਪੜਿਆ। ਉਸ ਨੇ ਇਲਾਕੇ ਦੇ ਨੰਬਰਦਾਰਾਂ ਤੋਂ ਪੁੱਛ ਪੜਤਾਲ ਕੀਤੀ। ਉਂਜ ਇਹ ਸਭ ਕਾਗ਼ਜ਼ੀ ਕਾਰਵਾਈ ਹੀ ਸੀ ਕਿਉਂਕਿ ਜਿਸ ਨਾਲ ਸਰਕਾਰ ਖੁਸ਼ ਨਾ ਹੋਵੇ ਪੁਲਿਸ ਉਸ ਦੇ ਹੱਕ ਵਿੱਚ ਕਦੀ ਕੋਈ ਗੱਲ ਨਹੀਂ ਕਰਦੀ। ਨੰਬਰਦਾਰਾਂ ਦੀ ਨੰਬਰਦਾਰੀ ਦੀ ਸਲਾਮਤੀ ਏਸੇ ਵਿੱਚ ਸੀ ਕਿ ਉਹ ਪੁਲਿਸ ਦੀ ਲੋੜ ਅਤੇ ਇੱਛਾ ਅਨੁਸਾਰ ਬਿਆਨ ਦੇਂਦੇ। ਸੋ ਉਨ੍ਹਾਂ ਨੇ ਵੀ ਸਤਿਗੁਰੂ ਜੀ ਦੀਆਂ ਭੜਕਾਊ ਤੇ ਸਰਕਾਰ ਵਿਰੋਧੀ ਤਕਰੀਰਾਂ ਦੀ ਹਾਮੀ ਭਰੀ। ਹਾਲਾਂਕਿ ਸੱਚ ਇਹ ਸੀ ਇਸ ਮੇਲੇ ਦਾ ਵਾਤਾਵਰਨ ਪੂਰਨ ਤੌਰ ਤੇ ਸ਼ਾਂਤਮਈ ਸੀ। ਸਿਮਰਨ ਭਜਨ ਤੇ ਕੀਰਤਨ ਹੀ ਹੋਇਆ ਸੀ ਤੇ ਨਵੀਂ ਆਨੰਦ ਮਰਿਆਦਾ ਦੀ ਸ਼ੁਰੂਆਤ।

5 ਤੇ 7 ਜੂਨ 1863 ਈਃ ਨੂੰ ਲੈਫ਼ਟੀਨੈਂਟ ਹੈਮਿਲਟਨ, ਡੀ. ਐਸ. ਪੀ. ਨੂੰ ਗੁਰੂ ਰਾਮ ਸਿੰਘ ਦੇ ਰੰਗ ਰੂਪ, ਲੈਣ ਨਕਸ਼, ਕਦ ਕਾਠ, ਰੋਹਬ ਦਾਬ, ਸ਼ਖਸ਼ੀ ਪ੍ਰਭਾਵ, ਜਾਤ ਗੋਤ, ਕੰਮ ਕਾਰ ਬਾਰੇ ਵੀ ਲਿਖਿਆ ਗਿਆ ਤੇ ਹੋਰ ਵੀ ਰਿਪੋਰਟ ਭੇਜੀ ਗਈ। ਸਰਕਾਰ ਨੇ ਕਾਗ਼ਜ਼ੀ ਕਾਰਵਾਈ ਪੂਰੀ ਕਰਕੇ ਹੁਕਮ ਸੁਣਾ ਦਿੱਤਾ ਕਿ ਜ਼ਿਲਾ ਫ਼ਿਰੋਜ਼ਪੁਰ ਵਿੱਚ ਕੋਈ ਨਾਮਧਾਰੀ ਦਿਵਾਨ ਨਹੀਂ ਲੱਗ ਸਕਦਾ। ਅਮਨ ਚੈਨ' ਨੂੰ ਬਹਾਲ ਰੱਖਣ ਲਈ, ਕਿਸੇ ਲੜਾਈ ਝਗੜੇ ਦੀ ਸੰਭਾਵਨਾ ਨੂੰ ਰੱਦ ਕਰਨ ਲਈ, ਇੱਕੋ ਧਿਰ ਨੂੰ ਹੀ ਹਿਰਾਸਤ ਵਿੱਚ ਲਿਆ ਗਿਆ। ਚੀਨੀ ਵਾਲੇ ਪਾਤਸ਼ਾਹ ਅਤੇ ਸਰਗਰਮ ਕੂਕਿਆਂ ਨੂੰ, ਬਾਘੇਪੁਰਾਣੇ, ਥਾਣੇ ਲਿਆਂਦਾ ਗਿਆ। ਉੱਥੋਂ ਥਾਣਿਓਂ ਥਾਣੀ ਪੁਲਿਸ ਹਿਰਾਸਤ ਵਿੱਚ 14 ਜੂਨ 1863 ਈਃ ਨੂੰ ਆਪ ਨੂੰ ਭੈਣੀ ਸਾਹਿਬ ਪਹੁੰਚਾ ਦਿੱਤਾ ਗਿਆ। ਆਪਨੂੰ ਏਥੇ ਪਿੰਡ ਵਿੱਚ ਨਜ਼ਰਬੰਦੀ ਕਰਨ ਦਾ ਹੁਕਮ ਸੁਣਾ ਦਿੱਤਾ ਗਿਆ। ਇਹ ਸਤਿਗੁਰੂ ਰਾਮ ਸਿੰਘ ਜੀ ਦੀ ਪਹਿਲੀ ਨਜ਼ਰਬੰਦੀ ਸੀ।

ਸਰਕਾਰ ਡਰੀ ਹੋਈ ਸੀ, ਇਸ ਕਰਕੇ ਵੀ ਕਿ 1857 ਦੇ ਗ਼ਦਰ ਨੂੰ ਅਜੇ ਬਹੁਤ ਚਿਰ ਨਹੀਂ ਸੀ ਹੋਇਆ। ਪੰਜਾਬ ਵਿਚੋਂ ਸਿੱਖ ਰਾਜ ਸਮਾਪਤ ਹੋਣ ਦੀ ਗੱਲ ਵੀ ਬੜੀ ਪੁਰਾਣੀ ਨਹੀਂ ਸੀ ਹੋਈ। ਸਤਿਗੁਰੂ ਰਾਮ ਸਿੰਘ ਦੀ ਜਥੇਬੰਦਕ ਸੂਝ ਤੇ ਪ੍ਰਾਪਤੀ ਵੀ ਬਰਤਾਨੀਆਂ ਸਰਕਾਰ ਲਈ ਇੱਕ ਕ੍ਰਿਸ਼ਮਾ ਸੀ, ਜ਼ਾਹਰਾ

ਕਰਾਮਾਤ ਸੀ। ਉਨ੍ਹਾਂ ਨੂੰ ਹੈਰਾਨੀ ਇਸ ਗੱਲ ਦੀ ਵੀ ਸੀ ਕਿ ਇੱਕ ਸਧਾਰਨ ਪਿੰਡ ਦੇ ਸਧਾਰਨ ਤਰਖਾਣ ਦਾ ਫਰਜੰਦ, ਛੇ ਸਾਲ ਦੇ ਛੋਟੇ ਜਹੇ ਸਮੇਂ ਵਿੱਚ ਐਨੀ ਮਜ਼ਬੂਤ ਜਥੇਬੰਦੀ ਕਾਇਮ ਕਰ ਲਵੇਗਾ ਜੋ ਉਸ ਦੇ ਹੁਕਮ ਦੀ ਪਾਲਣਾ ਲਈ ਸਦਾ ਤਤਪਰ ਸੀ ਤਾਂ ਇੱਕ ਦਿਨ ਬਰਤਾਨੀਆ ਰਾਜ ਦੇ ਪੈਰ ਜ਼ਰੂਰ ਉਖੇੜ ਦੇਵੇਗਾ। ਸਰਕਾਰ ਨੂੰ 1863 ਈ: ਮੁਤਾਬਕ 1920 ਬਿਕਰਮੀ ਦੀ ਦਿਵਾਲੀ ਸਮੇਂ ਕੂਕਿਆਂ ਦੇ ਅੰਮ੍ਰਿਤਸਰ ਹੋਣ ਵਾਲੇ ਮੇਲੇ ਵਿੱਚ 'ਗ਼ਦਰ' ਦੇ ਆਸਾਰ ਦਿਸਦੇ ਸਨ। ਵਫ਼ਾਦਾਰ ਕੂਕਿਆਂ ਤੋਂ ਉਸ ਨੂੰ ਆਪਣੀਆਂ ਜੜ੍ਹਾਂ ਪੁੱਟੀਆਂ ਜਾਣ ਦਾ ਡਰ ਸੀ।

ਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਨਜ਼ਰਬੰਦ ਕਰਨ ਤੋਂ ਬਾਅਦ ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਪੰਜਾਬ ਦੇ ਕਾਇਮ ਮੁਕਾਮ ਆਈ. ਜੀ. ਪੁਲਿਸ, ਜੇ. ਡਬਲਯੂ. ਯੰਗਹਜ਼ਬੈਂਡ ਤੋਂ 28 ਜੂਨ 1863 ਈ: ਨੂੰ ਇੱਕ ਰਿਪੋਰਟ ਤਿਆਰ ਕਰਵਾਈ। ਇਸ ਰਿਪੋਰਟ ਦਾ ਆਧਾਰ ਉਹ ਜਾਣਕਾਰੀ ਸੀ ਜੋ ਅਟਕ, ਫ਼ਿਰੋਜ਼ਪੁਰ ਅਤੇ ਸਿਆਲਕੋਟ ਦੇ ਡੀ. ਐਸ. ਪੀ. ਨੇ ਦਿੱਤੀ ਸੀ ਜਾਂ ਫਿਰ ਸਿਆਲਕੋਟ, ਅੰਮ੍ਰਿਤਸਰ, ਜਲੰਧਰ ਅਤੇ ਲਾਹੌਰ ਦੇ ਡਿਪਟੀ ਕਮਿਸ਼ਨਰਾਂ ਦੇ ਦਿੱਤੀ ਸੀ, ਇਸ ਤੋਂ ਛੁੱਟ ਡਿਪਟੀ ਇਨਸਪੈਕਟਰ ਜਨਰਲ ਪੁਲਿਸ, ਮੈਂਕ ਐਂਡਰਿਓ ਅਤੇ ਜਲੰਧਰ ਛਾਉਣੀ ਦੇ ਮਜਿਸਟ੍ਰੇਟ ਕੈਪਟਨ ਮਿਲਰ ਦੇ ਭੈਣੀ ਸਾਹਿਬ ਭੇਜੇ ਮੁਖ਼ਬਰ ਗੋਂਦਾ ਸਿੰਘ ਦੀ ਜਾਣਕਾਰੀ ਦਾ ਵੀ ਰਿਪੋਰਟ ਵਿੱਚ ਉਚੇਚਾ ਵਰਨਣ ਸੀ।

ਤੱਥਾਂ ਦੇ ਆਧਾਰ ਤੇ ਲਿਖੀਆਂ ਰਿਪੋਰਟਾਂ ਦਾ ਮਿਲਵਾਂ ਜੁਲਵਾਂ ਪ੍ਰਤੀਕਰਮ ਸੀ। ਕੁਝ ਆਪ ਨੂੰ ਭਲਾ ਪੁਰਸ਼ ਸਾਬਤ ਕਰਦੀਆਂ ਸਨ ਅਤੇ ਕੁਝ ਬਾਗ਼ੀ। ਪਰ ਕੁਝ ਰਿਪੋਰਟਾਂ ਤਾਂ ਮਨਘੜਤ ਹੀ ਸਨ, ਨਿਰਾਧਾਰ, ਘੜੀਆਂ ਘੜਾਈਆਂ। ਕੁਝ ਰਿਪੋਰਟਾਂ ਵਿਚੋਂ ਮਿਸਾਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ :

ਬਟਾਲੇ ਦੇ ਈ. ਏ. ਸੀ. ਕਰੀਮ ਅਲੀ ਨੇ ਆਪ ਨੂੰ ਖ਼ਤਰਨਾਕ ਆਦਮੀ ਹੋਣ ਕਰਕੇ ਗ੍ਰਿਫ਼ਤਾਰ ਕਰਨ ਬਾਰੇ ਲਿਖਿਆ ਪਰ ਉਸ ਦਾ ਹੀ ਨਾਇਬ ਤਸੀਲਦਾਰ ਭਾਈ ਲਹਿਣਾ ਸਿੰਘ – ਜੋ ਹਰਿਮੰਦਰ ਸਾਹਿਬ ਦੇ ਹੈੱਡਗ੍ਰੰਥੀ ਪਰਦੁਮਨ ਸਿੰਘ ਦਾ ਭਰਾ ਸੀ ਨੇ ਆਪ ਨੂੰ ਖ਼ਤਰਨਾਕ ਨਹੀਂ ਸਮਝਿਆ ਸਗੋਂ ਆਪ ਜੀ ਦੀਆਂ ਭਵਿਖਤ ਬਾਣੀਆਂ ਦਾ ਜ਼ਿਕਰ ਕੀਤਾ।

ਹੁਸ਼ਿਆਰ ਪੁਰ ਦੇ ਬਰਖ਼ਾਸਤ ਕੀਤੇ ਹੋਏ ਪੁਲਿਸ ਸਾਰਜੰਟ ਬਹਾਲ ਸਿੰਘ ਤੇ ਇੱਕ ਦੋ ਸਿਪਾਹੀਆਂ ਦੇ ਮੁਠਡੇ ਕਵਾਇਦ ਕਰਾਉਣ ਦੀ ਗਲ ਡੀ. ਐਸ. ਪੀ. ਜਲੰਧਰ ਕਰਦਾ ਹੈ।

ਅਟਕ ਦੇ ਅਸਿਸਟੈਂਟ ਡਿਪਟੀ ਸੁਪਰਿੰਟੈਂਡੈਂਟ ਪੁਲਿਸ ਗ੍ਰੀਨ ਅਨੁਸਾਰ

(ਗੁਰੂ) ਬਾਲਕ ਸਿੰਘ ਨੇ 1847 ਈਸਵੀ ਵਿੱਚ ਹਜ਼ਰੋ ਵਿੱਚ ਨਵੀਂ ਲਹਿਰ ਚਲਾਈ ਜਿਸ ਦਾ ਨਾਂ ਜਗਿਆਸੀ ਜਾਂ ਅਭਿਆਸੀ ਰੱਖਿਆ ਸੀ। ਕਾਹਨ ਸਿੰਘ ਹਜ਼ਰੋ, ਲਾਲ ਸਿੰਘ ਅੰਮ੍ਰਿਤਸਰ ਤੇ (ਗੁਰੂ) ਰਾਮ ਸਿੰਘ ਆਪ ਦੇ ਵਿਸ਼ਵਾਸ ਪਾਤਰ ਪੈਰੋਕਾਰ ਸਨ। (ਗੁਰੂ) ਬਾਲਕ ਸਿੰਘ ਦੇ ਜੋਤੀ ਜੋਤ ਸਮਾਉਣ ਮਗਰੋਂ, ਸਰਬਸੰਮਤੀ ਨਾਲ ਗੁਰੂ ਰਾਮ ਸਿੰਘ ਜੀ ਨੂੰ ਉਨ੍ਹਾਂ ਦਾ ਜਾਨਸ਼ੀਨ ਚੁਣਿਆਂ ਗਿਆ ਜੋ ਆਪਣੇ ਜ਼ਿਲੇ ਦੇ ਆਲੇ ਦੁਆਲੇ ਨਵੀਂ ਰੂਹ ਫੂਕ ਰਿਹਾ ਸੀ।

ਸੱਚ ਤਾਂ ਇਹ ਸੀ ਕਿ ਗੁਰੂ ਬਾਲਕ ਸਿੰਘ ਨੇ ਕੋਈ ਨਵੀਂ ਲਹਿਰ ਨਹੀਂ ਚਲਾਈ ਸਗੋਂ ਸਤਿਗੁਰੂ ਰਾਮ ਸਿੰਘ ਜੀ ਨੇ 1857 ਈ: ਵਿੱਚ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ। ਜੇ ਭਲਾ ਗੁਰੂ ਰਾਮ ਸਿੰਘ ਜੀ ਨੇ ਗੁਰੂ ਬਾਲਕ ਸਿੰਘ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਹੀ ਗੱਦੀ ਨਸ਼ੀਨ ਹੋਕੇ ਪ੍ਰਚਾਰ ਸ਼ੁਰੂ ਕੀਤਾ ਹੋਵੇ ਤਾਂ ਛੇ ਮਹੀਨੇ ਦੇ ਛੋਟੇ ਜਹੇ ਅਰਸੇ ਵਿੱਚ ਹੀ ਕਿਵੇਂ ਸਾਰੇ ਪੰਜਾਬ ਨੂੰ ਐਨਾ ਜਾਗ੍ਰਿਤ ਕਰ ਦਿੱਤਾ ਗਿਆ ਕਿ ਆਪ ਨੂੰ ਰਾਜ ਭਾਗ ਲਈ ਅਤਿ ਖ਼ਤਰਨਾਕ ਸਮਝ ਕੇ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਗ੍ਰਿਨ ਦੀ ਰਿਪੋਰਟ ਤੱਤਾਂ ਤੇ ਤੱਥਾਂ ਦੇ ਆਧਾਰਤ ਨਹੀਂ।

ਸਿਆਲਕੋਟ ਤੇ ਡੀ. ਸੀ. ਨੇ ਆਪ ਨੂੰ, ਕਵਾਇਦ ਕਰਾਉਂਦਾ ਤੇ ਕਿਸੇ ਦਾ ਫ਼ਰਮਾਨ ਨਹੀਂ ਮੰਨਦਾ, ਲਿਖਿਆ। ਉਸ ਅਨੁਸਾਰ ਔਰਤਾਂ ਵੀ ਆਪ ਦੇ ਧਰਮ ਵਿੱਚ ਸ਼ਾਮਲ ਸਨ।

ਅੰਮ੍ਰਿਤਸਰ ਦੇ ਡੀ. ਸੀ. ਅਨੁਸਾਰ ਆਪ ਬਾਗ਼ੀਆਨਾ ਪ੍ਰਚਾਰ ਨਹੀਂ ਕਰਦੇ ਸਨ।

ਜਲੰਧਰ ਦੇ ਡਿਪਟੀ ਕਮਿਸ਼ਨਰ ਕੈਪਟਨ ਐਲੀਫਿੰਸਟਨ ਨੇ ਲਿਖਿਆ, "ਉਸ ਦੇ ਮੱਤ ਦੇ ਮੁੱਖ ਲਛਣ, ਜਿਨ੍ਹਾਂ ਦੀ ਉਹ ਸਿਖਿਆ ਦੇਂਦਾ ਹੈ, ਹੇਠ ਲਿਖੇ ਅਨੁਸਾਰ ਹਨ: ਸਿੱਖਾਂ ਵਿੱਚ ਜਾਤ-ਪਾਤ ਦਾ ਭਿੰਨ ਭੇਦ ਮਿਟਾਉਂਦਾ ਹੈ, ਸਾਰੀਆਂ ਜਾਤਾਂ ਦੇ ਆਪਸੀ ਰਲੇ ਮਿਲੇ ਵਿਆਹਾਂ ਦਾ ਸਮਰਥਨ ਕਰਦਾ ਹੈ, ਵਿਧਵਾ ਵਿਆਹਾਂ ਦਾ ਆਦੇਸ਼ ਦੇਂਦਾ ਹੈ ਤੇ ਆਪ ਕਰਵਾਉਂਦਾ ਹੈ, ਉਹ ਆਪ ਦਾਨ ਨਹੀਂ ਲੈਂਦਾ ਤੇ ਆਪਣੇ ਪੈਰੋਕਾਰਾਂ ਨੂੰ ਵੀ ਦਾਨ ਲੈਣ ਤੋਂ ਮਨ੍ਹਾ ਕਰਦਾ ਹੈ, ਸ਼ਰਾਬ ਤੇ ਅਮਲਾਂ ਤੋਂ ਪਰਹੇਜ਼ ਕਰਨ ਦਾ ਹੁਕਮ ਦੇਂਦਾ ਹੈ, ਔਰਤਾਂ ਮਰਦਾਂ ਵਿਚਾਲੇ ਖੁਲ੍ਹ ਕੇ ਗਲਬਾਤ ਕਰਨ ਦੀ ਵਕਾਲਤ ਕਰਦਾ ਹੈ, ਜ਼ਨਾਨੀਆਂ ਬੰਦੇ ਉਸ ਦੇ ਦਿਵਾਨਾਂ ਵਿੱਚ ਇਕੱਠੇ ਖੁਲ੍ਹ ਕੇ ਗੱਲਾਂ ਕਰਦੇ ਹਨ ਅਤੇ ਹਜ਼ਾਰਾਂ ਨਾਰੀਆਂ ਤੇ ਮੁਟਿਆਰਾਂ ਉਸ ਦੇ ਸੰਪ੍ਰਦਾਇ ਵਿੱਚ ਸ਼ਾਮਲ ਹੋ ਚੁੱਕੀਆਂ ਹਨ, ਉਹ ਆਪਣੇ ਮੁਰੀਦਾਂ ਨੂੰ ਸਵੱਛਤਾ ਤੇ ਸੱਚ ਬੋਲਣ ਦੀ ਪ੍ਰੇਰਨਾ ਦੇਂਦਾ ਹੈ, ਉਸ ਦਾ ਜੀਵਨ ਦਾ ਇੱਕ ਅਸੂਲ ਕਹਿੰਦਾ ਹੈ ਕਿ, "ਹਰ ਕੋਈ ਆਪਣਾ, ਸਾਜੋ ਸਾਮਾਨ, ਗੜਵਾ ਡੋਰੀ ਨਾਲ ਰੱਖੇ

ਤੇ ਉਹ ਸਭ ਰੱਖਦੇ ਹਨ।"—8 ਜੂਨ 1863 ਈ:।

ਐਲੀਫਿੰਸਟਨ ਨੇ ਇੱਕ ਥਾਂ ਲਿਖਿਆ ਕਿ ਜਲੰਧਰ ਦਾ ਪੰਡਤ ਮਨੀ ਰਾਮ ਪਹਿਲਾਂ ਕੂਕਾ ਬਣਿਆ, ਫਿਰ ਪਿਛਾਂਹ ਹੱਟ ਗਿਆ। ਉਹ (ਮਨੀ ਰਾਮ) ਕਹਿੰਦਾ ਹੈ "(ਗੁਰੂ) ਰਾਮ ਸਿੰਘ ਜੀ ਨੂੰ ਜਾਦੂਈ ਸ਼ਕਤੀ ਮਿਲੀ ਹੈ ਜਿਸ ਕਰਕੇ ਲੋਕਾਂ ਨੂੰ ਦੌਰੇ ਪੈਂਦੇ (ਮਸਤਾਨੇ ਹੋਣਾ) ਹਨ। ਇਹ ਉਸਨੇ ਆਪ ਵੇਖਿਆ ਹੈ। (ਗੁਰੂ) ਰਾਮ ਸਿੰਘ ਆਪਣਾ ਰਾਜ (ਸਿੱਖ ਰਾਜ) ਦੁਬਾਰਾ ਵਾਪਸ ਲੈਣਾ ਚਾਹੁੰਦਾ ਹੈ ਪਰ ਇਸ ਬਾਰੇ ਉਪਦੇਸ਼ ਨਹੀਂ ਦੇਂਦਾ। ਆਪਣੇ ਆਪ ਨੂੰ ਪੈਗ਼ੰਬਰ ਸਮਝਦਾ ਹੈ, ਧਾਰਮਿਕ ਸਿੱਖਿਆ ਦੇਂਦਾ ਹੈ।"

ਡੀ. ਸੀ. ਲਾਹੌਰ ਅਨੁਸਾਰ (ਕੂਕਿਆਂ) ਗ੍ਰੰਥ ਤੋਂ ਉਤਸ਼ਾਹ ਲਿਆ, ਸਿਧੀ ਪੱਗ, ਉੱਨ ਦੀ ਮਾਲਾ ਉਨ੍ਹਾਂ ਦੇ ਭਾਈਚਾਰਕ ਸਾਂਝ ਦੀ ਪ੍ਰਤੀਕ ਬਣੀ।

ਹਰ ਛੋਟਾ ਵੱਡਾ ਅਫ਼ਸਰ ਤੇ ਸਰਕਾਰ ਭਗਤ ਸਮਝਣ ਲੱਗ ਪਿਆ ਸੀ ਕਿ ਸਰਕਾਰ ਕੂਕਿਆਂ ਨੂੰ ਆਪਣੇ ਵੈਰੀ ਸਮਝਦੀ ਹੈ ਸੋ ਜਿਸ ਨੂੰ ਮੌਕਾ ਮਿਲਦਾ ਰਾਈ ਦਾ ਪਹਾੜ ਬਣਾ ਕੇ ਉਤਲੇ ਅਫ਼ਸਰਾਂ ਨੂੰ ਸ਼ਿਕਾਇਤ ਕਰਕੇ ਆਪਣੀ ਵਫਾਦਾਰੀ ਦਾ ਸਬੂਤ ਦੇਂਦਾ। ਰਾਜ ਭਗਤਾਂ ਤੇ ਮੁਖ਼ਬਰਾਂ ਦੀਆਂ ਤਾਂ ਪੰਜੇ ਘਿਉ ਵਿੱਚ ਸਨ। ਜਿਹੜੇ ਅਫਸਰ ਪ੍ਰਸਾਸ਼ਨ ਨਾਲ ਸਿੱਧੇ ਜੁੜੇ ਹੋਏ ਨਹੀਂ ਵੀ ਸਨ ਉਹ ਵੀ ਵਗਦੀ ਗੰਗਾ ਵਿੱਚ ਹੱਥ ਧੋ ਰਹੇ ਸਨ। ਉਨ੍ਹਾਂ ਨੇ ਨਿੱਜੀ ਮੁਖ਼ਬਰ ਵੀ ਰੱਖ ਲਏ ਸਨ ਜੋ ਕੂਕਿਆਂ ਦੀ ਕਾਰਵਾਈ ਬਾਰੇ ਉਨ੍ਹਾਂ ਨੂੰ ਦੱਸਦੇ ਤੇ ਉਹ ਫਿਰ ਵਧਾ ਘਟਾ ਕੇ ਸਰਕਾਰ ਨੂੰ ਲਿਖ ਦੇਂਦੇ।

ਕੈਪਟਨ ਮਿਲਰ ਜਲੰਧਰ ਛਾਉਣੀ ਦਾ ਇੱਕ ਮਜਿਸਟ੍ਰੇਟ ਸੀ। ਉਸ ਨੇ 11 ਜੂਨ 1863 ਨੂੰ ਇੱਕ ਰਿਪੋਰਟ ਡੀ. ਆਈ. ਜੀ. ਪੁਲਿਸ ਨੂੰ ਭੇਜੀ ਉਸ ਨੇ ਲਿਖਿਆ ਕਿ ਉਸ ਨੇ ਗੋਂਦਾ ਸਿੰਘ ਨੂੰ ਭੈਣੀ ਸਾਹਿਬ ਸੂਹ ਲੈਣ ਲਈ ਭੇਜਿਆ। ਉਹ ਜਾਕੇ ਗੁਰੂ ਰਾਮ ਸਿੰਘ ਨੂੰ ਮਿਲਿਆ। ਉਹ ਗੋਂਦਾ ਸਿੰਘ ਨਾਲ ਬੜੀ ਦਿਆਲਤਾ ਨਾਲੇ ਮਿਲੇ। ਉਨ੍ਹਾਂ ਕੋਲ ਇੱਕ ਹੀ ਮਾਲਾ ਸੀ ਜੋ ਉਨ੍ਹਾਂ ਗੋਂਦਾ ਸਿੰਘ ਨੂੰ ਦੇ ਦਿੱਤੀ ਤੇ ਗੁਰਮੰਤਰ ਦਿੱਤਾ। ਉਸ ਨੂੰ ਉਨ੍ਹਾਂ ਨੇ ਦਸਿਆ ਕਿ ਇੱਕ ਇੱਕ ਸਿੱਖ ਸੌ ਸੌ ਦਾ ਮੁਕਾਬਲਾ ਕਰ ਸਕਦਾ ਸੀ। ਉਨ੍ਹਾਂ ਅੰਗਰੇਜ਼ ਰਾਜ, ਜਿਸ ਦੀਆਂ ਜੜ੍ਹਾਂ ਡੂੰਘੀਆਂ ਨਹੀਂ ਸਨ, ਦੇ ਅੰਤ ਹੋਣ ਦੀ ਭਵਿਖਤ ਬਾਣੀ ਕੀਤੀ। ਉਸ ਦੇ ਸਿੱਖ ਅਸਲ ਵਿੱਚ ਉਸ ਨੂੰ ਗੁਰੂ ਗੋਬਿੰਦ ਸਿੰਘ ਦਾ ਅਵਤਾਰ ਮੰਨਦੇ ਸਨ। ਸਾਹਿਬ ਸਿੰਘ ਸੂਬਾ ਪਰੇਡ ਕਰਾਉਂਦਾ ਸੀ ਜੋ ਉਸ ਨੇ ਵੇਖਿਆ ਨਹੀਂ।

ਉਹ ਸਾਹਿਬ ਸਿੰਘ ਨੂੰ ਮਿਲਿਆ ਉਸ ਕੋਲੋਂ ਦੋ ਚਿੱਠੀਆਂ ਲੈਕੇ ਸਤਿਗੁਰਾਂ ਨੂੰ ਪਹੁੰਚਾਉਣ ਗਿਆ ਪਰ ਬਹਾਨਾ ਬਣਾ ਕੇ ਜਲੰਧਰ ਪਹੁੰਚਿਆ ਤੇ ਚਿੱਠੀਆਂ ਮਿਲਰ ਨੂੰ ਦੇ ਦਿੱਤੀਆਂ।

ਇਸ ਰਿਪੋਰਟ ਦੀ ਸਾਰਥਕਤਾ ਦਾ ਸਰਕਾਰੀ ਕਾਗ਼ਜ਼ਾਂ ਤੋਂ ਹੀ ਪਤਾ ਲੱਗ ਜਾਂਦਾ ਹੈ ਕਿਉਂਕਿ ਸਰਕਾਰੀ ਰਿਕਾਰਡ ਅਨੁਸਾਰ ਗੁਰੂ ਰਾਮ ਸਿੰਘ ਜੀ ਖੋਟਿਆਂ ਦੇ ਮੇਲੇ ਤੋਂ 14 ਜੂਨ 1863 ਈ: ਨੂੰ ਭੈਣੀ ਸਾਹਿਬ ਪਹੁੰਚਾਏ ਗਏ ਸਨ। ਫਿਰ 11 ਜੂਨ ਨੂੰ ਗੋਂਦਾ ਸਿੰਘ ਕਿਸ ਨੂੰ ਮਿਲਿਆ? ਕਿਸ ਤੋਂ ਮਾਲਾ ਲਈ? ਕਿਉਂਕਿ ਸਾਹਿਬ ਸਿੰਘ ਵੀ ਮੇਲੇ ਤੇ ਸਤਿਗੁਰਾਂ ਨਾਲ ਹੀ ਸੀ ਸੋ ਉਹ ਸਾਹਿਬ ਸਿੰਘ ਨੂੰ ਕਦੋਂ ਮਿਲਿਆ? ਕਿੰਨਾ ਕੁ ਇਹ ਭਰੋਸੇ ਵਾਲਾ ਬੰਦਾ ਸੀ ਜਿਸ ਨੂੰ ਉਸ ਚਿੱਠੀਆਂ ਦਿੱਤੀਆਂ? ਕਿਥੇ? ਸਭ ਝੂਠੋ ਝੂਠ, ਚੁਤਾਲ ਸੈਂ।

ਕੂਕਿਆਂ ਦੇ ਕਵਾਇਦ ਕਰਨ ਤੇ ਉਹ ਜ਼ੋਰ ਦੇਂਦਾ ਹੈ। ਪਰ ਸਰਕਾਰੀ ਅਫ਼ਸਰਾਂ ਨੂੰ ਛਾਣਬੀਣ ਪਿਛੋਂ ਇਸ ਵਿੱਚ ਵੀ ਸੱਚ ਨਹੀਂ ਲੱਭਾ। ਮੈਕਨਬ ਨੇ 4 ਨਵੰਬਰ 1871 ਈ: ਨੂੰ ਲਿਖਿਆ, "ਕੂਕਿਆਂ ਦੇ ਕਵਾਇਦ ਕਰਨ ਸੰਬੰਧੀ ਗੋਂਦਾ ਸਿੰਘ ਦੀ ਰਿਪੋਰਟ ਦੀ ਪੁਸ਼ਟੀ ਨਹੀਂ ਹੋ ਸਕੀ।" ਅਸਲ ਵਿੱਚ ਗੋਂਦਾ ਸਿੰਘ ਨਾਂ ਦਾ ਕੋਈ ਬੰਦਾ ਭੈਣੀ ਸਾਹਿਬ ਗਿਆ ਹੀ ਨਹੀਂ। ਰਿਪੋਰਟ ਹੀ ਘਰੇ ਬੈਠ ਕੇ ਲਿਖੀ ਗਈ ਸੀ।

ਇੱਕ ਨਹੀਂ ਕਈ ਜਾਅਲੀ ਰਿਪੋਰਟਾਂ ਸਰਕਾਰੀ ਦਫ਼ਤਰਾਂ ਵਿੱਚ ਘੁੰਮ ਰਹੀਆਂ ਸਨ, ਇੱਕ ਮੇਜ਼ ਉੱਤੋਂ ਦੂਜੇ ਮੇਜ਼ ਉੱਤੇ। ਏਥੋਂ ਤਕ ਕਿ ਸਤਿਗੁਰੂ ਜੀ ਵਲੋਂ ਲਿਖੀ ਇੱਕ ਗਸ਼ਤੀ ਚਿਠੀ ਵੀ ਸੀ ਜਿਸ ਵਿੱਚ ਲਿਖਿਆ ਸੀ ਕਿ 1920 ਬਿਕਰਮੀ ਮੁਤਾਬਕ 1863 ਈ: ਦੀ ਦਿਵਾਲੀ ਤੇ 40,000 ਕੂਕੇ ਅੰਮ੍ਰਿਤਸਰ ਪਹੁੰਚਣ, ਬਗ਼ਾਵਤ ਕਰਕੇ ਸਰਕਾਰ ਉਲਟੀ ਜਾਏ। ਇਹ ਚਿਠੀ ਸਤਿਗੁਰੂ ਜੀ ਨੇ ਕਦੋਂ ਲਿਖੀ? ਕਿਥੇ ਲਿਖੀ? ਕਿਥੋਂ ਲਈ ਲਿਖੀ? ਕਿਸ ਹੱਥ ਭੇਜੀ? ਆਦਿ ਸੁਆਲ ਇੱਕ ਵਡਾ ਸੁਆਲੀਆ ਚਿੰਨ੍ਹ ਹਨ ਤੇ ਝੂਠੀ ਚਿਠੀ ਨੂੰ ਸੱਚੀ ਸਾਬਤ ਕਰਨ ਦੇ ਰਾਹ ਵਿੱਚ ਰੋੜਾ ਅਟਕਾਉਂਦੇ ਹਨ।

ਸਤਿਗੁਰੂ ਜੀ ਦੀ ਨਜ਼ਰਬੰਦੀ ਬਾਅਦ 6 ਜੁਲਾਈ 1863 ਈ: ਨੂੰ ਲੁਧਿਆਣੈ ਦੇ ਡੀ. ਸੀ. ਜਾਰਜ ਈਲੀਅਟ ਨੇ ਸਕਤਰ ਪੰਜਾਬ ਸਰਕਾਰ ਨੂੰ ਜਾਣਕਾਰੀ ਦਿੱਤੀ ਕਿ ਉਸ ਨੇ (ਗੁਰੂ) ਰਾਮ ਸਿੰਘ ਨੂੰ ਲੁਧਿਆਣੇ ਸੱਦ ਕੇ ਗੱਲ ਬਾਤ ਕੀਤੀ, ਉਨ੍ਹਾਂ ਦਾ ਪ੍ਰਚਾਰ ਨਿਰੋਲ ਧਰਮਕ ਤੇ ਸਦਾਚਾਰਕ ਹੈ, ਰਾਜਨੀਤਕ ਬਿਲਕੁਲ ਨਹੀਂ। ਉਸ ਨੇ ਉਨ੍ਹਾਂ ਨੂੰ ਬਿਨਾ ਸਰਕਾਰ ਦੀ ਇਜਾਜ਼ਤ ਦੇ ਪਿੰਡ ਨਾ ਛੱਡਣ ਦਾ ਫ਼ੁਰਮਾਨ ਵੀ ਸੁਣਾ ਦਿੱਤਾ ਸੀ।

ਸਰਕਾਰ ਨੂੰ ਆਪਣੀ ਕਾਰਵਾਈ ਤੇ ਤਸੱਲੀ ਸੀ ਕਿ ਉਸ ਨੇ ਸਤਿਗੁਰੂ ਜੀ ਨੂੰ ਨਜ਼ਰਬੰਦ ਕਰਕੇ ਜਥੇਬੰਦਕ ਪ੍ਰਚਾਰ ਉੱਤੇ ਰੋਕ ਲਾ ਦਿੱਤੀ ਹੈ। ਆਪ ਨੇ ਸਗੋਂ ਇਕਾਗਰਚਿੱਤ ਹੋ ਕੇ ਸੋਚ ਕੇ ਜਥੇਬੰਦਕ ਜ਼ਿੰਮੇਵਾਰੀਆਂ ਨੂੰ ਵੰਡ ਦਿੱਤਾ। ਪੂਰੀ ਵਿਉਂਤਬੰਦੀ ਕਰਕੇ ਸਭ ਤੋਂ ਪਹਿਲਾਂ ਕੰਮ ਆਪ ਨੇ ਇਹ ਕੀਤਾ ਕਿ ਸੰਗਤ

ਵਾਸਤੇ ਰਹਿਤਨਾਮਾ ਜਾਰੀ ਕੀਤਾ। ਇਸ ਰਹਿਤ ਨਾਮੇ ਵਿੱਚ ਨਾਮਧਾਰੀ ਖਾਲਸੇ ਲਈ ਮੁੱਖ ਸਮਾਜਕ, ਸਦਾਚਾਰਕ, ਧਾਰਮਕ ਤੇ ਰਾਜਨੀਤਕ ਅਸੂਲ ਲਿਖੇ ਅਤੇ ਉਹਨਾਂ ਅਸੂਲਾਂ ਨਾਲ ਜੁੜੇ ਰਹਿਣ ਦੀ ਹਦਾਇਤ ਕੀਤੀ।

## ਰਹਿਤਨਾਮਾ

### ੧ਓ ਸਤਿਗੁਰ ਪ੍ਰਸਾਦਿ।।

ਲਿਖਤੁਮ ਰਾਮ ਸਿੰਘ ਹੋਰ ਸੰਮੂਹ ਖਾਲਸਾ ਜੀ ਭੈਣੀ ਦਾ। ਸੰਮੂਹ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਕਾ ਖਾਲਸਾ ਸ੍ਰੀ ਵਾਹਿਗੁਰੂ ਜੀ ਕੀ ਫਤੇ ਬੁਲਾਈ ਪ੍ਰਮਾਨ ਕਰਨੀ ਜੀ।।

ਹੋਰ ਰਹਿਤ ਨਾਮਾ ਸੰਬੂਹ ਸੰਗਤ ਦੇ ਵਾਸਤੇ ਲਿਖਿਆ ਭੈਣੀ ਤੇ। ਪਿਛਲੀ ਰਾਤ ਉਠ ਕੇ ਗੜਵਾ ਲਜਾਇ ਕਰ ਮਦਾਨੇ ਹੋਇ ਔਣਾ। ਦੋ ਵਾਰੀ ਗੜਵਾ ਮਾਂਜਨਾ। ਬਸਤਰ ਲਾਹਿ ਕੇ ਜਾਣਾ ਦਾਤਨ ਕਰਨੀ ਫੇਰ ਇਸ਼ਨਾਨ ਕਰਨਾ ਬਾਣੀ ਪੜਨੀ ਜੇ ਨਾ ਕੰਠ ਹੋਵੇ ਤਾਂ ਕੰਠ ਕਰ ਲੈਣੀ। ਸਰਬ ਮਾਈ ਬੀਬੀ, ਸਰਬ ਨੇ ਜਪੁ ਜਾਪੁ ਦੁਹਾਂ ਦੇ ਹਜਾਰੇ ਕੰਠ ਕਰਨੇ। ਰਹਿਰਾਸ ਆਰਤੀ ਸੋਹਲਾ ਏਤਨੀ ਤਾਂ ਜ਼ਰੂਰ ਹੀ ਕੰਠ ਕਰਨੀ। ਤੇ ਸੀਲ ਸੰਤੋਖ ਸਭ ਨੇ ਰਖਨਾ। ਭਜਨੁ ਅਠੇ ਪਹਰ ਕਰਨਾ ਗੁਰੂ ਸਚੇ ਦਾ। ਹੋਰ ਪਰਾਈ ਧੀ ਭੈਣ ਆਪਣੀ ਜਾਨਣੀ। ਪਰਾਇਆ ਹਕ ਗੁਰੂ ਜੀ ਨੇ ਅਗੇ ਹੀ ਲਿਖ ਛਡਿਆ ਹੈ, ਹਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ ਜੇ ਕੋਈ ਭਜਨ ਪੁਛ ਕੇ ਨਾ ਕਰੂਗਾ ਉਸ ਦਾ ਮੂੰਹ ਦੋਹੀਂ ਜਹਾਨੀ ਕਾਲਾ ਹੋਊਗਾ। ਹੋਰ ਜੀ ਕਿਸੇ ਨੇ ਮੰਦਾ ਫਿਕਾ ਨਹੀਂ ਬੋਲਣਾ। ਖਿਮਾ ਕਰਨੀ, ਬੋਲ ਕੁਬੋਲ ਸਹਿ ਜਾਣਾ, ਸਭ ਦਾ, ਜੋ ਕੋਈ ਮਾਰੇ ਕੁਛ, ਤਾ ਭੀ ਖਿਮਾ ਕਰਨਾ। ਤੁਸਾ ਦਾ ਰਛਕ ਗੁਰੂ ਹੈ। ਹਰ ਬਖਤ ਤੁਸੀ ਬਹੁਤ ਆਪਣੀ ਭਲਾਈ ਛਪਾਉਣ ਦੀ ਕਰਨੀ। ਹਰਿ ਬਖਤ ਦੁਵਾਨੁ ਲਾਉਣਾ। ਹਰ ਦਿਨ ਸਬਦ ਕੀਰਤਨ ਕਰਨਾ। ਜੇਕਰ ਜਗ ਕਰਨਾ ਹੋਵੇ ਤਾ ਚੌਕਾ ਦੇਣਾ। ਭਾਂਡੇ ਕੋਰੇ ਲਿਆਉਣੇ, ਚੌਕੇ ਵਿਚ ਚਰਨ ਧੋਇ ਕੇ ਬੜਨਾ ਅਰ ਹੋਮ ਬੀ ਕਰਨਾ। ਪਹਿਲੇ ਚੌਕਾ ਦੇਣਾ ਹੋਮ ਦੀ ਜਗਾ। ਲਕੜੀ ਹੋਮ ਵਿਚ ਪਲਾਹ ਦੀ ਪਾਉਣੀ ਜਾਂ ਬੇਰੀ ਪਾਉਣੀ। ਫੂਕ ਨਹੀ ਮਾਰਨੀ, ਹੋਮ ਵਿਚ ਪੋਥੀਆਂ ਉਤੋ ਬਾਣੀ ਪੜਨੀ ਚਉਪਈ, ਜਪੁ, ਜਾਪੁ, ਚੰਡੀ ਚਰਿਤ੍ਰ, ਅਕਾਲ ਉਸਤਤ ਛੇਵਾਂ ਆਦਮੀ ਅਹੁਤੀਆਂ ਪਾਵੇ ਸਤਵਾਂ ਮਗਰੋਂ ਨਾਲ ਹੀ ਜਲ ਦਾ ਛਿਟਾ ਦੇਵੇ ਥੋੜਾ ਥੋੜਾ ਜੇ ਕੋਈ ਮੰਦਾ ਕਰਮ ਕਰੇ, ਜਾਰੀ ਚੋਰੀ ਤਾਂ ਕਿਸੇ ਹੀ ਥਾਂ ਦੁਵਾਨੁ ਵਿਚ ਨਹੀਂ ਵੜਨ ਦੇਣਾ।

ਜੇਕਰ ਜੋਰਾਵਰ ਹੋਵੇ ਤਾਂ ਸਭਨਾ ਨੇਂ ਇਹੁ ਅਰਦਾਸ ਕਰਨੀ ਜੀ ਇਹ ਆਦਮੀ ਏਥੇ ਆਉਣ ਜੋਗਾ ਈ ਨਾ ਰਹੇ। ਹੋਰ ਜੀ ਮੇਰੀ ਮਤ ਬਹੁਤ ਥੋੜੀ ਹੈ ਤੁਸੀ ਆਪ ਹੀ ਸਭ ਕੁਝ ਸਮਝ ਲੈਣਾ ਜੀ, ਹੋਰ ਜੀ, ਸਭ ਨੇ ਹਥ ਜੋੜਨੇ ਪਰਮੇਸਰ ਅਗੇ ਜੋ ਹੇ ਮਹਾਰਾਜ! ਸਾਡਾ ਧਰਮੁ ਬਣਿਆ ਰਹੇ ਜੀ। ਹੋਰ ਕਛਾ ਰਖਣੀਆਂ ਪਉਚਾ ਪਾਕੇ ਪਉਚਾ ਲਾਹੁਣਾ, ਹੋਰ ਜੀ ਕਿਸੇ ਦਾ ਮੰਦਾ ਕਰਮ ਛਪਾਉਣਾ ਨਹੀਂ, ਹੋਰ ਜੀ ਕਿਸੇ ਨੇ ਧੀ ਭੈਣ ਦਾ ਪੈਸਾ ਨਹੀ ਲੈਣਾ, ਬਟਾ ਨਹੀ ਕਰਨਾ, ਸਦਾ ਗੁਰੂ ਗੁਰੂ ਜਪਦੇ ਰਹਿਣਾ ਦਾਰੂ ਮਾਸ ਨਹੀ ਖਾਣਾ, ਖੌਫ ਰਖਣਾ ਗੁਰੂ ਦਾ ਹਰਿਦਮ। - ਨਾਮਧਾਰੀ ਨਿਤਨੇਮ - 2054 ਬਿਕਰਮੀ।

ਸਤਿਗੁਰਾਂ ਨੇ ਗੁਰਬਾਣੀ ਦਾ ਪਰਚਾਰ ਕਰਨ ਲਈ ਸ੍ਰੀ ਆਦਿ ਗ੍ਰੰਥ ਸਾਹਿਬ ਛਪਵਾਉਣ ਦਾ ਪ੍ਰਬੰਧ ਕੀਤਾ ਕਿਉਂਕਿ ਹੱਥ ਲਿਖਤ ਬੀੜਾਂ ਬਹੁਤ ਘੱਟ ਸਨ ਸੋ ਆਮ ਲੋਕ ਪਾਠ ਕਰਨ ਸਮੇਂ ਔਖ ਸਮਝਦੇ ਸਨ। ਛਪਾਈ ਦਾ ਕੰਮ ਆਪ ਨੇ ਆਫ਼ਤਾਬ ਪ੍ਰੈਸ ਲਾਹੌਰ ਵਾਲੇ ਬੂਟਾ ਸਿੰਘ ਨੂੰ ਸੌਂਪਿਆ। ਪ੍ਰੀਤਮ ਸਿੰਘ ਕਵੀ ਨੇ ਲਿਖਿਆ ਹੈ, "੩ ਜੁਲਾਈ 1863 ਸੇ ਆਪ ਕੋ ਭੈਣੀ ਸਾਹਿਬ ਮੇਂ ਨਜ਼ਰਬੰਦ ਕੀਆ ਗਯਾ। ਇਸ ਦੌਰਾਨ ਸਤਿਗੁਰੂ ਰਾਮ ਸਿੰਘ ਜੀ ਨੇ ਗੁਰਬਾਣੀ ਦੇ ਪ੍ਰਚਾਰ ਹੇਤੂ ਪ੍ਰਥਮ ਬਾਰ ਦਿਵਾਨ ਬੂਟਾ ਸਿੰਘ ਕੇ ਆਫ਼ਤਾਬ ਪ੍ਰੈਸ ਲਾਹੌਰ ਸੇ ਭੀ ਆਦਿ ਗ੍ਰੰਥ ਛਪਵਾਯਾ। ਇਸ ਸੇ ਪੂਰਵ ਹਸਤ ਲਿਖਤ ਬੀੜੇਂ-ਹੀ ਪ੍ਰਚਲਤ ਥੀ"। —ਸ੍ਰੀ ਭੈਣੀ ਸਾਹਿਬ ਨਾਮਧਾਰੀਆਂ ਦਾ ਆਪਣੀ ਮਾਣ ਮਰਿਆਦਾ ਨਾਲ ਇੱਕ ਮਿੱਕ ਰਹਿਣਾ ਜ਼ਰੂਰੀ ਸੀ। ਇਹ ਵੀ ਜ਼ਰੂਰੀ ਸੀ ਕਿ ਕੂਕੇ ਸਤਿਗੁਰੂ ਜੀ ਦੇ ਦਰਸ਼ਨਾਂ ਬਾਝੋਂ ਉਦਾਸ ਤੇ ਨਿਰਾਸ ਨਾ ਹੋ ਜਾਣ। ਉਸ ਤੋਂ ਵੀ ਵਧ ਜ਼ਰੂਰੀ ਸੀ, ਨਾਮਧਾਰੀ ਪੰਥ ਦਾ ਹੋਰ ਪ੍ਰਸਾਰ।

ਨਾਮਧਾਰੀ ਲਹਿਰ ਦਾ ਇਲਾਕੇ ਵਿੱਚ ਜਾ ਕੇ ਪ੍ਰਚਾਰ ਕਰਨ ਲਈ ਗੁਰੂ ਰਾਮ ਸਿੰਘ ਜੀ ਨੇ ਪੰਜ ਸੂਬੇ ਥਾਪੇ। ਇਹ ਸੂਬੇ ਸਨ, ਬਾਬਾ ਜਵਾਹਰ ਸਿੰਘ, ਬਾਬਾ ਕਾਹਨ ਸਿੰਘ ਨਿਹੰਗ, ਬਾਬਾ ਸਾਹਿਬ ਸਿੰਘ, ਲੱਖਾ ਸਿੰਘ ਤੇ ਸੁਧ ਸਿੰਘ। ਇਨ੍ਹਾਂ ਸੂਬਿਆਂ ਦੀ ਸ਼ਖਸੀਅਤ ਪ੍ਰਭਾਵਸ਼ਾਲੀ ਸੀ, ਜ਼ਬਾਨ ਵਿੱਚ ਰਸ ਸੀ, ਗੁਣੀ ਗਿਆਨੀ ਸਨ ਅਤੇ ਰਹਿਤ ਮਰਿਆਦਾ ਦੇ ਧਾਰਨੀ ਸਨ। ਇਨ੍ਹਾਂ ਨਾਮਧਾਰੀ ਪੰਥ ਦੇ ਪ੍ਰਚਾਰ ਲਈ ਕਮਰ-ਕੱਸੇ ਕਰ ਲਏ।

ਬਾਬਾ ਕਾਹਨ ਸਿੰਘ ਨਿਹੰਗ ਨੇ ਪਟਿਆਲੇ ਜਾ ਕੇ ਡੇਰਾ ਜਮਾ ਲਿਆ। ਉੱਥੇ ਦਿਵਾਨ ਲੱਗਣ ਲੱਗੇ ਤੇ ਸਿਕਲੀਗਰਾਂ ਦੀ ਆਬਾਦੀ ਵਿੱਚ ਪ੍ਰਚਾਰ ਹੋਣ ਲੱਗਾ। ਉਹ ਲੋਕ ਸ਼ਰਾਬੀ ਕਬਾਬੀ ਸਨ। ਉਨ੍ਹਾਂ ਨੂੰ ਆਪ ਨੇ ਗੁਰਮੰਤਰ ਦਿੱਤਾ ਤੇ ਉੱਚਾ ਸੁੱਚਾ ਜੀਵਨ ਜਿਉਣ ਦੀ ਜਾਚ ਦੱਸੀ। ਮਹਾਰਾਜਾ ਪਟਿਆਲਾ ਨੇ ਆਪਣੇ ਵਿਸ਼ਵਾਸ਼ ਪਾਤਰ ਸ੍ਰ. ਹੀਰਾ ਸਿੰਘ ਗਰੇਵਾਲ ਨੂੰ ਕੂਕਿਆਂ ਦੇ ਕਲਾਮ

ਬਾਰੇ ਪਤਾ ਕਰਨ ਲਈ ਭੇਜਿਆ, ਉਸ, ਵਫ਼ਾਦਾਰੀ ਨਿਭਾਉਣ ਤੇ ਪੂਰੀ ਜਾਣਕਾਰੀ ਲਿਆ ਕੇ ਦੇਣ ਦੀ ਕਸਮ ਖਾਧੀ। ਜਦ ਉਹ ਸਿਕਲੀਗਰਾਂ ਦੇ ਮਹੱਲੇ ਗਿਆ, ਦਿਵਾਨ ਸੁਣਿਆ ਤੇ ਸੱਤ ਸਮੁੰਦਰੋਂ ਪਾਰੋਂ ਆਏ ਗੋਰਿਆਂ ਦੇ, ਮੱਕਾਰੀ ਨਾਲ, ਭਾਰਤ ਭੂਮੀ ਉਤੇ ਕਬਜ਼ਾ ਕਰਨ ਦੀਆਂ ਗੱਲਾਂ ਸੁਣੀਆਂ ਤਾਂ ਸੱਚੀਆਂ ਗੱਲਾਂ ਉਸਦੇ ਅੰਦਰ ਘਰ ਕਰ ਗਈਆਂ। ਜਿਸ ਦੇ ਪ੍ਰਭਾਵ ਕਰਕੇ ਉਸ ਨੇ ਵੀ ਭਜਨ ਪੁੱਛਿਆ ਤੇ ਬਿੱਲਿਆਂ ਨੂੰ ਦੇਸ਼ ਵਿਚੋਂ ਕਢਣ ਦੇ ਜਹਾਦ ਵਿੱਚ ਰਲਣ ਦਾ ਤਹਈਆ ਕੀਤਾ। ਤਿੰਨ ਦਿਨ ਉਥੇ ਰਿਹਾ, ਗੁਰਮਤਿ ਗੁਰ ਇਤਿਹਾਸ, ਭਗਤਾਂ ਦੀਆਂ ਗਾਥਾਵਾਂ ਤੋਂ ਇਲਾਵਾ ਫ਼ਿਰੰਗੀਆਂ ਦੀ ਮਹਾਰਾਜਾ ਰਣਜੀਤ ਸਿੰਘ ਦੇ ਪਰਵਾਰ ਨਾਲ ਕੀਤੀ ਬੇਵਫ਼ਾਈ ਤੇ ਮਿੱਤਰ ਮਾਰ ਹੋਣ ਦੀ ਗੱਲ ਵੀ ਸੁਣੀ ਤਾਂ ਉਸ ਦੇ ਅੰਦਰ ਹੋਰ ਰੋਹ ਜਾਗਿਆ। ਉਹ ਦਿਵਾਨਾ ਮਸਤਾਨਾ ਕੂਕਾ ਬਣ ਕੇ ਹੀ ਵਾਪਸ ਪਰਤਿਆ ਅਤੇ ਮਹਾਰਾਜੇ ਨੂੰ ਏਨਾ ਹੀ ਦਸਿਆ ਕਿ ਕੂਕੇ ਕਲਾਮ ਨਹੀਂ ਦਸਦੇ ਗੁਰਮੰਤਰ ਦੇਂਦੇ ਹਨ ਤੇ ਗੁਰਮਤਿ ਦੇ ਉਪਾਸ਼ਕ ਹਨ। ਉਹ ਵੀ ਨੌਕਰੀ ਛਡ ਕੇ ਬਾਬਾ ਕਾਹਨ ਸਿੰਘ ਜੀ ਨਾਲ ਆ ਰਲਿਆ। ਰਾਜੇ ਨੇ ਜਦ ਆਪਣੇ ਅਹਿਲਕਾਰ ਹੀ ਕੂਕੇ ਬਣਦੇ ਵੇਖੇ ਤਾਂ ਬਗ਼ਾਵਤ ਤੋਂ ਡਰ ਕੇ ਬਾਬਾ ਕਾਹਨ ਸਿੰਘ ਨਿਹੰਗ ਦਾ ਡੇਰਾ ਉਠਵਾ ਦਿੱਤਾ ਅਤੇ ਜੁਗਾਂ ਤੋਂ ਚਲੀ ਆ ਰਹੀ ਰਾਜ ਭਗਤੀ ਉੱਤੇ ਫਿਰ ਮੁਹਰ ਲਾ ਦਿੱਤੀ। ਬਾਬਾ ਜੀ ਉਥੋਂ ਸਕਰੌਦੀ ਚਲੇ ਗਏ।

ਸੂਬਾ ਸਾਹਿਬ ਸਿੰਘ ਕੁਸ਼ਲਤਾ ਪੂਰਬਕ ਡਾਕ ਪ੍ਰਬੰਧ ਸੰਭਾਲੀ ਬੈਠੇ ਸਨ। ਲੋੜ ਅਨੁਸਾਰ ਸੁਨੇਹੇ ਆਉਂਦੇ ਜਾਂਦੇ ਸਨ। ਹੋਰ ਤਿੰਨ ਸੂਬੇ ਵੀ ਸਤਿਗੁਰੂ ਦੇ ਮਾਰਗ ਦਰਸ਼ਨ ਅਨੁਸਾਰ ਪ੍ਰਚਾਰ ਕਰਨ ਲੱਗੇ।

ਸਰਕਾਰ ਨੂੰ ਸੂਬਿਆਂ ਰਾਹੀਂ ਨਾਮਧਾਰੀ ਲਹਿਰ ਦਾ ਪ੍ਰਚਾਰ ਕਰਨ ਦੀ ਖ਼ਬਰ ਪਹੁੰਚ ਗਈ। ਸਰਕਾਰੀ ਆਦੇਸ਼ ਅਨੁਸਾਰ 5 ਸੂਬੇ ਵੀ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤੇ ਗਏ। ਸਤਿਗੁਰੂ ਰਾਮ ਸਿੰਘ ਜੀ ਨੇ 17 ਹੋਰ ਸੂਬੇ ਥਾਪਣ ਦਾ ਐਲਾਨ ਕੀਤਾ।

ਇਹਨਾਂ 22 ਸੂਬਿਆਂ ਰਾਹੀਂ ਆਪ ਜੀ ਨੇ ਜਥੇਬੰਦਕ ਸ਼ਕਤੀ ਦਾ ਵਿਕੇਂਦਰੀ-ਕਰਨ ਕੀਤਾ। ਇਨ੍ਹਾਂ ਦੇ ਕਰਮ ਖੇਤਰ ਲਈ ਇਲਾਕੇ ਵੰਡ ਦਿੱਤੇ। ਸਾਰੇ ਸੂਬੇ ਪ੍ਰਭਾਵਸ਼ਾਲੀ ਸ਼ਖ਼ਸੀਅਤ ਦੇ ਮਾਲਕ ਸਨ, ਉਨ੍ਹਾਂ ਦੀ ਜ਼ਬਾਨ ਵਿੱਚ ਰਸ ਸੀ, ਕੀਲਣ ਦੀ ਸ਼ਕਤੀ ਸੀ, ਉੱਚੇ ਸੁੱਚੇ ਜੀਵਨ ਆਦਰਸ਼ ਨੂੰ ਅਪਣਾਉਂਦੇ ਸਨ ਲਬ, ਲੋਭ, ਹੰਕਾਰ ਉਨ੍ਹਾਂ ਦੇ ਨੇੜੇ ਨਹੀਂ ਸੀ ਢੁਕਿਆ, ਉਹ ਤਿਆਗੀ ਸਨ, ਤਪਸਵੀ ਸਨ, ਉਨ੍ਹਾਂ ਦਾ ਕਿਹਾ ਹਰ ਸ਼ਬਦ ਅਸਰ ਪਾਉਂਦਾ ਸੀ। ਲੋਕ ਸੱਚ ਸੁੱਚ ਸੰਜਮ ਨੂੰ ਧਾਰਨ ਕਰਦੇ ਜਾ ਰਹੇ ਸਨ। ਉਨ੍ਹਾਂ ਅੰਦਰ, ਸੂਬਿਆਂ ਦੇ ਪ੍ਰਚਾਰ

ਸਦਕਾ ਦੇਸ਼, ਕੌਮ, ਧਰਮ ਤੇ ਭਾਸ਼ਾ ਪ੍ਰਤੀ ਪ੍ਰੇਮ ਉਮੜ੍ਹ ਰਿਹਾ ਸੀ। ਉਨ੍ਹਾਂ ਦੀ ਥਾਪਨਾ ਵੀ ਸਮਝ, ਸੂਝ, ਯੋਗਤਾ ਗਿਆਨ ਤੇ ਦ੍ਰਿੜਤਾ ਨੂੰ ਮੁਖ ਰੱਖ ਕੇ ਕੀਤੀ ਗਈ ਸੀ। ਇਹ ਸਤਿਗੁਰੂ ਜੀ ਦੇ ਸਭ ਤੋਂ ਵਧ ਵਿਸ਼ਵਾਸ਼ ਪਾਤਰ ਸਨ। ਇਹ ਕੇਂਦਰੀ ਪੰਚਾਇਤ ਲੋੜ ਅਨੁਸਾਰ ਸਤਿਗੁਰਾਂ ਕੋਲੋਂ ਰਾਹਨੁਮਾਈ ਲੈਂਦੀ ਸੀ ਅਤੇ ਸਮੇਂ ਸਮੇਂ ਆਪਣੀ ਕਾਰਗੁਜ਼ਾਰੀ ਬਾਰੇ ਵੀ ਦੱਸਦੀ।

ਇਨ੍ਹਾਂ ਸੂਬਿਆਂ ਵਿਚੋਂ ਕੁਝ ਸੂਬੇ ਉਹ ਸਨ ਜਿਹੜੇ ਖ਼ਾਲਸਾ ਫ਼ੌਜ ਵਿੱਚ ਰਹੇ ਸਨ। ਉਹਨਾਂ ਖ਼ਾਲਸਾ ਰਾਜ ਦੀ ਸ਼ਾਨ ਵੇਖੀ ਸੀ। ਉਨ੍ਹਾਂ ਅੰਦਰ ਸਿੱਖ ਰਾਜ ਖੁਸਣ ਦੀ ਕਸਕ ਸੀ, ਦੇਸ਼ ਪ੍ਰੇਮ ਉਨ੍ਹਾਂ ਦੇ ਲੂੰ ਲੂੰ ਵਿੱਚ ਧਸਿਆ ਹੋਇਆ ਸੀ। ਸੋ ਕੁਦਰਤੀ ਸੀ ਜੋ ਵੀ ਉਹ ਕਹਿੰਦੇ ਅੰਦਰੋਂ ਕਹਿੰਦੇ, ਜੋ ਵੀ ਉਹ ਕਰਦੇ ਲਗਨ ਤੇ ਮਿਹਨਤ ਨਾਲ, ਉਜਲੇ ਭਵਿਖਤ ਦੀ ਆਸ ਨਾਲ, ਕਰਦੇ ਸਨ। ਉਹ ਧਰਮ ਅਤੇ ਰਾਜਨੀਤੀ ਨੂੰ ਅੱਡ ਨਹੀਂ ਸਨ ਸਮਝਦੇ। ਇਨ੍ਹਾਂ ਸੂਬਿਆਂ ਵਿੱਚ ਸੂਬਾ ਜਵਾਹਰ ਸਿੰਘ, ਕਾਹਨ ਸਿੰਘ ਨਿਹੰਗ, ਅਰੂੜ ਸਿੰਘ ਦਾ ਨਾਂ ਆਉਂਦਾ ਹੈ। ਸੂਬਾ ਬ੍ਰਹਮਾ ਸਿੰਘ 1857 ਈ: ਵਿੱਚ ਸਿਪਾਹੀ ਸਨ। ਹਿੰਦੀਆਂ ਦੀ ਹਾਰ ਕਰਕੇ ਨਿਰਾਸ਼ ਹੋ ਗਏ। ਸੂਬਾ ਲੱਖਾ ਸਿੰਘ ਸ਼ੇਰ ਦਿਲ ਰਜਮੈਂਟ ਵਿੱਚ ਸਨ।

ਕੁਝ ਉਹ ਕੂਕੇ ਵੀ ਆਪ ਨੇ ਸੂਬੇ ਥਾਪੇ ਜਿਨ੍ਹਾਂ ਸਤਿਗੁਰੂ ਬਾਲਕ ਸਿੰਘ ਜੀ ਕੋਲੋਂ ਭਜਨ ਪੁਛਿਆ ਸੀ। ਨਾਮ ਬਾਣੀ ਦੇ ਅਭਿਆਸੀ ਹੋਣ ਕਰਕੇ ਉਨ੍ਹਾਂ ਦੀ ਜੀਵਨ ਜਾਚ ਹੀ ਲੋਕਾਂ ਨੂੰ ਖਿੱਚਣ ਲਈ ਮਿਕਨਾਤੀਸੀ ਸ਼ਕਤੀ ਰੱਖਦੀ ਸੀ। ਇਨ੍ਹਾਂ ਸੂਬਿਆਂ ਵਿੱਚ, ਸੂਬਾ ਸਾਹਿਬ ਸਿੰਘ, ਸੁਧ ਸਿੰਘ, ਜਮੀਅਤ ਸਿੰਘ ਸਨ।

ਇਨ੍ਹਾਂ ਤੋਂ ਬਿਨਾਂ ਹੋਰ ਸੂਬੇ ਇਹ ਸਨ : ਸੂਬਾ ਮਾਨ ਸਿੰਘ, ਭਗਵਾਨ ਸਿੰਘ, ਸੁਰਮੁਖ ਸਿੰਘ, ਗਿਆਨੀ ਰਤਨ ਸਿੰਘ, ਰਾਜਾ ਸਿੰਘ, ਹੁਕਮ ਸਿੰਘ, ਮਲੂਕ ਸਿੰਘ, ਨਾਰਾਇਣ ਸਿੰਘ, ਪਹਾੜਾ ਸਿੰਘ, ਜੋਤਾ ਸਿੰਘ, ਖੁਸ਼ਹਾਲ ਸਿੰਘ, ਸਮੁੰਦ ਸਿੰਘ, ਖ਼ਜ਼ਾਨ ਸਿੰਘ ਅਤੇ ਗੁਪਾਲ ਸਿੰਘ।

ਸੂਬਾ ਸਾਹਿਬ ਸਿੰਘ ਦੇ ਜ਼ਿੰਮੇ, ਡਾਕ ਪ੍ਰਬੰਧ, ਵਪਾਰ ਅਤੇ ਪ੍ਰਦੇਸਾਂ ਤੇ ਵਿਦੇਸ਼ਾਂ ਨਾਲ ਤਾਲਮੇਲ ਰੱਖਣ ਦਾ ਵੀ ਕੰਮ ਸੀ। ਸੂਬਾ ਗੁਪਾਲ ਸਿੰਘ ਨੂੰ ਭੈਣੀ ਸਾਹਿਬ ਦੀ ਹੱਟੀ ਦਾ ਕੰਮ ਸੰਭਾਲਿਆ ਗਿਆ ਸੀ। ਬਾਕੀ ਸਭ ਸੂਬੇ ਆਪਣੇ ਆਪਣੇ ਇਲਾਕੇ ਦੇ ਦੌਰੇ ਕਰਦੇ, ਨਾਮਧਾਰੀਆਂ ਦੇ ਜੋ ਕੋਈ ਆਪਸੀ ਝਗੜੇ ਹੁੰਦੇ ਨਬੇੜਦੇ, ਭਜਨ ਬੰਦਗੀ ਕਰਵਾਉਂਦੇ ਤੇ ਨਵੇਂ ਲੋਕਾਂ ਨੂੰ ਨਾਮਧਾਰੀ ਬਣਾਉਂਦੇ।

ਸਤਿਗੁਰਾਂ ਨੇ ਬਹੁਤੇ ਸੂਬੇ ਨੌਜਵਾਨ ਹੀ ਥਾਪੇ ਸੋ ਉਹ ਜ਼ਿਆਦਾ ਉਤਸ਼ਾਹ, ਲਗਨ, ਮਿਹਨਤ, ਹੌਸਲੇ, ਦਲੇਰੀ, ਗਰਮਜੋਸ਼ੀ, ਚੇਟਕ, ਸ਼ੌਕ, ਜੁਰਅਤ ਤੇ ਜ਼ੁੰਮੇਵਾਰੀ ਨਾਲ ਲੋਕਾਂ ਵਿੱਚ ਜਾਂਦੇ, ਨਵਾਂ ਜੋਸ਼ ਭਰਦੇ ਤੇ ਨਾਮਧਾਰੀ ਲਹਿਰ ਨੂੰ ਲੋਕ-

ਮਹਿਜ ਸਿੰਘ ਬਦਲਾਉਂਦੇ। ਉਨ੍ਹਾਂ ਬਾਰੇ ਐਮ. ਐਮ. ਆਹਲੂਵਾਲੀਏ ਦਾ ਇਹ ਕਥਨ ਸਹੀ ਹੈ,

"ਸੂਬੇ ਲੰਮੇ ਚੌੜੇ ਪੰਜਾਬ 'ਤੇ ਵਿਆਪਕ ਪ੍ਰਭਾਵ ਪਾਉਣ ਲਈ ਉਸਦੀਆਂ ਅਮਾਨਤ ਹੀ ਨਹੀਂ ਸਨ ਸਗੋਂ ਉਸ ਦੇ ਬੁਲਾਰੇ ਤੇ ਨੁਮਾਇੰਦੇ ਵੀ ਸਨ, ਜਿਹੜੇ ਇੱਕ ਲੋਕਾਂ ਦੀ ਲਹਿਰ ਨਾਲ ਬਾਕਾਇਦਾ ਸੰਘਰਸ਼ ਰੱਖਣ ਲਈ ਜ਼ਰੂਰੀ ਸਨ।"

ਅੰਗਰੇਜ਼ਾਨੀਆਂ ਸਰਕਾਰ ਨੂੰ ਇਹ ਵੀ ਖ਼ਬਰਾਂ ਪਹੁੰਚਣ ਲੱਗੀਆਂ ਕਿ ਸੂਬੇ ਬੜੀ ਕਾਮਯਾਬੀ ਨਾਲ ਦੇਸ਼ ਭਗਤੀ, ਸਵਦੇਸੀ, ਅਤੇ ਨਾ ਮਿਲਵਰਤਨ ਨੂੰ ਲੋਕਾਂ ਤਕ ਪਹੁੰਚਾ ਰਹੇ ਸਨ। ਉਨ੍ਹਾਂ ਵਿਚੋਂ ਕੁਝ ਨੂੰ ਸ੍ਰੀ ਭੈਣੀ ਸਾਹਿਬ ਤੇ ਕੁਝ ਨੂੰ ਉਨ੍ਹਾਂ ਦੇ ਪਿੰਡਾਂ ਵਿੱਚ ਹੀ ਨਜ਼ਰਬੰਦ ਕਰ ਦਿੱਤਾ ਗਿਆ।

22 ਸੂਬਿਆਂ ਨੂੰ ਨਜ਼ਰਬੰਦ ਕਰ ਕੇ ਅੰਬਾਲਾ ਸਰਕਲ ਦਾ ਕਮਿਸ਼ਨਰ ਆਪ ਹਾਲਾਤ ਦਾ ਜ਼ਾਇਜਾ ਲੈਣ ਲਈ ਭੈਣੀ ਸਾਹਿਬ ਪਹੁੰਚਿਆ ਅਤੇ ਸਤਿਗੁਰਾਂ ਨੂੰ ਸਵਾਲ ਕੀਤਾ, "ਆਪ ਨੂੰ ਨਜ਼ਰਬੰਦ ਕੀਤਾ ਤਾਂ ਆਪ ਨੇ ਪੰਜ ਸੂਬੇ ਥਾਪੇ। ਉਨ੍ਹਾਂ ਨੂੰ ਵੀ ਨਜ਼ਰਬੰਦ ਕੀਤਾ ਗਿਆ ਤਾਂ ਆਪ ਨੇ 17 ਹੋਰ ਸੂਬੇ ਨਾਮਜ਼ਦ ਕੀਤੇ। ਸਰਕਾਰ ਨੇ ਉਨ੍ਹਾਂ ਨੂੰ ਵੀ ਨਜ਼ਰਬੰਦ ਕਰ ਦਿੱਤਾ ਹੈ, ਹੁਣ ਆਪ ਦਾ ਕੀਹ ਇਰਾਦਾ ਹੈ?"

ਸਤਿਗੁਰੂ ਜੀ ਨੇ ਮਸਤੀ ਵਿੱਚ ਆ ਕੇ ਜੁਆਬ ਦਿੱਤਾ, "ਬਿੱਲਿਆ! ਹੁਣ ਮੈਂ ਘਰ ਘਰ ਰਾਮ ਸਿੰਘ ਕਰ ਦਿਆਂਗਾ। ਮੇਰੀ ਬਾਲੀ ਅੱਗ ਭਾਂਬੜ ਬਣ ਕੇ ਮੱਚੇਗੀ ਤੇ ਤੁਹਾਡਾ ਰਾਜ ਭਾਗ ਸਾੜ ਕੇ ਸੁਆਹ ਕਰ ਦੇਵੇਗੀ।"

ਕਮਿਸ਼ਨਰ ਕੰਨ ਵਲੇਟ ਕੇ ਤੁਰਦਾ ਹੋਇਆ। ਜਾਂਦਾ ਜਾਂਦਾ ਨਿਗਰਾਨੀ ਲਈ ਤਾਇਨਾਤ ਹਵਾਲਦਾਰ ਨੂੰ ਪੂਰੀ ਚੌਕਸੀ ਨਾਲ ਨਿਗਰਾਨੀ ਰੱਖਣ ਦੀ ਹਦਾਇਤ ਕਰ ਗਿਆ।

ਆਗੂਆਂ ਦੀ ਨਜ਼ਰਬੰਦੀ ਤੇ ਹਾਕਮਾ ਦੀ ਨਿਗਰਾਨੀ ਦੇ ਬਾਵਜੂਦ, ਨਾਮਧਾਰੀ ਪੁਣਾ ਪਿੰਡ ਪਿੰਡ ਤੇ ਘਰ ਘਰ ਪ੍ਰਵੇਸ਼ ਕਰਦਾ ਗਿਆ 1866 ਈ: ਮੁਤਾਬਕ 1923 ਬਿਕਰਮੀ ਤਕ ਸਾਰੇ ਪੰਜਾਬ ਵਿੱਚ ਕੂਕਿਆਂ ਦੀ ਗਿਣਤੀ ਤਿੰਨ ਲੱਖ ਹੋ ਚੁਕੀ ਸੀ।

# ਸਤਿਆਗ੍ਰਹਿ

ਬਰਤਾਨੀਆ ਸਰਕਾਰ ਪੰਜਾਬ ਵਿੱਚ ਉੱਠ ਰਹੀ ਤੂਫਾਨੀ ਲਹਿਰ ਨੂੰ ਠੱਲ੍ਹ ਪਾਉਣਾ ਚਾਹੁੰਦੀ ਸੀ ਇਸ ਲਈ ਉਸ ਨੇ ਸਤਿਗੁਰੂ ਰਾਮ ਸਿੰਘ ਜੀ ਨੂੰ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਸੀ। ਸਰਕਾਰ ਸਮਝਦੀ ਸੀ ਕਿ ਆਪ ਦੇ ਪੈਰੋਕਾਰ ਭੈਭੀਤ ਹੋਣਗੇ ਤੇ ਨਾਮਧਾਰੀਪੁਣਾ ਛੱਡ ਦੇਣਗੇ। ਸਤਿਗੁਰੂ ਜੀ ਦੇ ਦੌਰਿਆਂ ਨਾਲ ਕੂਕਿਆਂ ਦਾ ਹੋ ਰਿਹਾ ਵਾਧਾ ਵੀ ਰੁਕੇਗਾ ਪਰ ਹੋਇਆ ਕੁਝ ਹੋਰ। ਕੂਕਿਆਂ ਦੀਆਂ ਸਰਗਰਮੀਆਂ ਆਮ ਵਾਂਗ ਜਾਰੀ ਸਨ। ਗੁਰੂ ਦਰਸ਼ਨਾਂ ਦੇ ਅਭਿਲਾਖੀ ਭੈਣੀ ਸਾਹਿਬ ਦੀ ਜ਼ਿਆਰਤ ਕਰ ਜਾਂਦੇ ਸਨ ਤੇ ਗੁਰੂ ਮੁਖ ਤੋਂ ਅੰਮ੍ਰਿਤ ਬਚਨ ਸੁਣ ਕੇ ਨਿਹਾਲ ਹੋ ਜਾਂਦੇ ਸਨ। ਸਰਕਾਰ ਦਾ ਤੌਖ਼ਲਾ ਵੀ ਵਧਿਆ ਹੀ ਸੀ ਇਸੇ ਕਰਕੇ ਹੀ ਕਰਨਲ ਆਰ. ਜੀ. ਟਾਇਲਰ, ਕਮਿਸ਼ਨਰ ਤੇ ਸੁਪਰਇੰਨਟੈਂਡੈਂਟ ਅੰਬਾਲਾ ਨੇ ਪੰਜਾਬ ਸਰਕਾਰ ਦੇ ਸਕਤਰ ਈ. ਐਚ. ਥੋਰਟਨ ਨੂੰ, 11 ਸਤੰਬਰ 1866 ਈ: ਨੂੰ ਲਿਖਿਆ ਕਿ ਇਹ ਪੰਥ ਸ਼ਰਾਰਤੀ ਹੈ, ਇਸ ਲਹਿਰ ਦੇ ਬਾਨੀ ਤੇ ਉਸ ਦੇ ਸੂਬਿਆਂ ਨੂੰ ਫੜ ਕੇ ਲਾਹੌਰ, ਮੁਲਤਾਨ ਹਾਹੀਂ ਬੰਬਈ ਭੇਜੋ ਜਾਂ ਦਿੱਲੀ ਰਾਹੀਂ ਕਲਕਤੇ ਭੇਜੋ। ਇਨ੍ਹਾਂ ਵਿਚੋਂ ਵੀ ਪਹਿਲਾ ਰਾਹ ਠੀਕ ਦਸਿਆ। ਇਹ ਵੱਖਰੀ ਗਲ ਹੈ ਕਿ ਥੋਰਟਨ ਆਪ ਨੂੰ ਹੱਥ ਨਹੀਂ ਸੀ ਪਾਉਣਾ ਚਾਹੁੰਦਾ ਇਸੇ ਲਈ ਉਸ ਨੇ ਵਾਪਸੀ ਡਾਕ ਜੁਆਬ ਦਿੱਤਾ ਕਿ ਇਸ ਲਈ ਅਜੇ ਸਹੀ ਹਾਲਾਤ ਪੈਦਾ ਨਹੀਂ ਸਨ ਹੋਏ। ਉਸ ਨੇ ਰਿਆਸਤ ਪਟਿਆਲਾ ਦੇ ਹਾਕਮਾਂ ਕੋਲੋਂ ਵੀ ਰਾਇ ਮੰਗੀ।

ਸਤਿਗੁਰਾਂ ਨੇ ਸਮਾਂ ਪਾ ਕੇ ਨਜ਼ਰਬੰਦੀ ਤੋਂ ਮੁਕਤ ਹੋਣ ਦੀ ਵਿਉਂਤ ਬਣਾਈ ਅਤੇ ਸ਼ਾਂਤਮਈ ਸਤਿਆਗ੍ਰਹਿ ਕਰਨ ਦਾ ਐਲਾਨ ਕੀਤਾ। ਉਨ੍ਹਾਂ ਆਪਣੇ ਪਰਚਾਰ ਦੌਰਿਆਂ ਦਾ ਪ੍ਰੋਗ੍ਰਾਮ ਉਲੀਕਿਆ। ਸਰਕਾਰ ਦੀ ਕੋਈ ਪਰਵਾਹ ਨਾ ਕੀਤੀ। ਨਾ ਸਰਕਾਰ ਨੂੰ ਆਪਣੇ ਪ੍ਰੋਗ੍ਰਾਮ ਬਾਰੇ ਦੱਸਿਆ ਨਾ ਭੈਣੀ ਸਾਹਿਬ ਦੀ ਜੂਹ ਵਿਚੋਂ ਕਦਮ ਪੁੱਟਣ ਬਾਰੇ ਪੁਛਿਆ। ਸਰਕਾਰ ਨੇ ਵਧਾਣ ਵੱਧਣ ਦੇ ਡਰ ਤੋਂ 1866 ਈ: ਮੁਤਾਬਕ 1923 ਬਿਕਰਮੀ ਦੇ ਅਖ਼ੀਰ ਵਿੱਚ ਨਜ਼ਰਬੰਦੀ ਵਿੱਚ ਕੁਝ ਢਿਲ

ਕਰਨ ਦਾ ਹੁਕਮ ਸੁਣਾਇਆ ਅਤੇ ਨੇੜੇ-ਤੇੜੇ ਛੋਟੇ-ਮੋਟੇ ਦੌਰੇ ਕਰਨ ਦੀ ਇਜਾਜ਼ਤ ਦੇ ਦਿੱਤੀ ਪਰ ਵੱਡੇ ਮੇਲਿਆਂ ਤੇ ਜਾਣ ਦੀ ਮਨਾਹੀ ਰੱਖੀ।

ਸਤਿਗੁਰੂ ਜੀ ਨੇ ਪਰਵਾਹ ਹੀ ਨਾ ਕੀਤੀ। ਨਾਮਧਾਰੀ ਸੰਗਤ ਨੂੰ ਹੋਲਾ ਮਹੱਲਾ ਮਨਾਉਣ ਲਈ ਆਨੰਦਪੁਰ ਸਾਹਿਬ ਪਹੁੰਚਣ ਦੇ ਸੁਨੇਹੇ, ਆਪਣੇ ਨਿੱਜੀ ਖਾਸ ਪ੍ਰਬੰਧ ਰਾਹੀਂ ਭੇਜ ਦਿੱਤੇ। ਸੂਬਿਆਂ ਨੂੰ ਵੀ ਪੁਰਅਮਨ ਆਨੰਦਪੁਰ ਦਾ ਹੋਲਾ ਮਨਾਉਣ ਲਈ ਹਦਾਇਤਾਂ ਪਹੁੰਚਾ ਦਿੱਤੀਆਂ ਗਈਆਂ ਸਨ। ਨਾਂ ਮਾਤਰ, ਸਰਕਾਰ ਨੂੰ ਦਸਣ ਲਈ ਸੂਬਾ ਲੱਖਾ ਸਿੰਘ ਨੂੰ 6 ਫਰਵਰੀ 1867 ਈਃ ਨੂੰ ਲੁਧਿਆਣੇ ਭੇਜਿਆ ਗਿਆ। ਸਰਕਾਰ ਨੇ ਆਪ ਨੂੰ ਆਨੰਦਪੁਰ ਸਾਹਿਬ ਜਾਣ ਦੀ ਮਨਾਹੀ ਦੇ ਹੁਕਮ ਜਾਰੀ ਕਰ ਦਿੱਤੇ। ਡਿਪਟੀ ਕਮਿਸ਼ਨਰ ਸੀ. ਪੀ. ਏਲੀਅਟ ਤੇ ਅਸਿਸਟੈਂਟ ਡਿਪਟੀ ਸੁਪਰਇੰਨਟੈਂਡੇਂਟ ਪੁਲਿਸ, ਲੁਧਿਆਣਾ, ਆਪ ਭੈਣੀ ਸਾਹਿਬ ਪਹੁੰਚੇ ਸਤਿਗੁਰੂ ਜੀ ਨਾਲ ਗਲ ਬਾਤ ਕੀਤੀ। ਆਪ ਨੂੰ ਆਨੰਦਪੁਰ ਸਾਹਿਬ ਜਾਣ ਦੇ ਇਰਾਦੇ ਤੇ ਦ੍ਰਿੜ ਵੇਖ ਕੇ ਉਨ੍ਹਾਂ ਆਪ ਨੂੰ ਆਨੰਦਪੁਰ ਸਾਹਿਬ ਦੇ ਹੋਲੇ ਤੇ ਜਾਣ ਦੀ ਇਜਾਜ਼ਤ ਦੇਣ ਦੀ ਕਾਰਵਾਈ ਪਾਈ। ਅਫ਼ਸਰਾਂ ਨੇ ਭਾਰਤ ਸਰਕਾਰ ਨੂੰ ਇਹ ਦਲੀਲ ਦਿੱਤੀ ਕੇ ਜੇ ਸਰਕਾਰ ਨੇ ਆਪ ਨੂੰ ਜ਼ਬਰਦਸਤੀ ਰੋਕਿਆ ਤਾਂ ਇਕੱਠ ਇੱਕ ਦੀ ਥਾਂ ਦੋ ਹੋ ਜਾਣਗੇ। ਨਾਮਧਾਰੀ ਆਨੰਦਪੁਰ ਸਾਹਿਬ ਵੀ ਜਾਣਗੇ ਤੇ ਫਿਰ ਭੈਣੀ ਸਾਹਿਬ ਆਉਣਗੇ।

ਨਾਮਧਾਰੀਆਂ ਦੀਆਂ ਸਰਗਰਮੀਆਂ ਤੋਂ ਕਈ ਖੇਤਰਾਂ ਵਿੱਚ ਇਹ ਹੀ ਸਿੱਟਾ ਕਢਿਆ ਜਾ ਰਿਹਾ ਸੀ ਕਿ ਕੂਕੇ ਦੁਬਾਰਾ ਖ਼ਾਲਸਾ ਰਾਜ ਕਾਇਮ ਕਰਨ ਲਈ ਵਿਉਂਤਾਂ ਬਣਾ ਰਹੇ ਸਨ। 18 ਫਰਵਰੀ 1867 ਈਃ ਦੇ ਉਰਦੂ ਦੇ ਇੱਕ ਅਖ਼ਬਾਰ ਰਹਿਨੁਮਾ-ਏ-ਪੰਜਾਬ ਨੇ ਸਿੱਧੇ ਤੇ ਸਪਸ਼ਟ ਸ਼ਬਦਾਂ ਵਿੱਚ ਲਿਖਿਆ, "ਇਹ ਬੜੀ ਅਚੰਭੇ ਵਾਲੀ ਤੇ ਦੁਖਦਾਈ ਗੱਲ ਹੈ ਕਿ ਪੰਜਾਬੀ ਦੁਬਾਰਾ ਆਪਣੀ ਪੁਰਾਣੀ ਸਲਤਨਤ ਬਾਰੇ ਸੋਚ ਰਹੇ ਹਨ ਅਤੇ ਸਰਕਾਰੀ ਕਾਨੂੰਨਾਂ ਦੇ ਖ਼ਿਲਾਫ਼ ਕੂਕ ਰਹੇ ਹਨ।"

ਸਤਿਗੁਰੂ ਜੀ ਨੇ ਆਨੰਦਪੁਰ ਸਾਹਿਬ ਜਾਣ ਦੀ ਤਿਆਰੀ ਕਰ ਲਈ। ਆਪ ਚੀਨੀ ਘੋੜੀ ਤੇ ਸਵਾਰ ਹੋਏ। ਸੂਬਾ ਸਾਹਿਬ ਸਿੰਘ, ਲੱਖਾ ਸਿੰਘ ਤੇ ਸੁਧ ਸਿੰਘ ਵੀ ਘੋੜ-ਸਵਾਰ ਹੀ ਸਨ। ਕੁਝ ਕੂਕੇ ਊਠਾਂ ਉੱਤੇ ਸਨ ਅਤੇ ਕੁਝ ਗਡਿਆਂ ਉੱਤੇ ਅਤੇ ਪੈਦਲ ਵੀ, ਕੁਝ ਸੰਗਤ, ਆਪ ਦੇ ਨਾਲ ਆਨੰਦ ਪੁਰ ਜਾਣ ਲਈ ਤੁਰ ਪਈ। ਆਪ ਨੇ ਪਹਿਲਾ ਪੜਾ ਖਮਾਣੋ ਕੀਤਾ। ਉਥੋਂ ਦੇ ਸਰਦਾਰਾਂ, ਸਾਧ-ਸੰਗਤ ਦੀ ਸੇਵਾ ਕੀਤੀ ਅਤੇ ਆਪ ਜੀ ਨੂੰ ਤਿੰਨ ਸੌ ਰੁਪਏ ਮੱਥਾ ਟੇਕਿਆ। ਅਗਲਾ ਪੜਾ ਭੋਜੇ ਮਾਜ਼ਰੇ ਕੀਤਾ ਜਿਥੋਂ ਦੇ ਕੁਝ ਬ੍ਰਾਹਮਣਾਂ ਨੇ ਵੀ ਭਜਨ ਪੁਛਿਆ। ਰੋਪੜ ਲੰਘ ਕੇ ਆਪ ਕੀਰਤਪੁਰ ਸਾਹਿਬ ਪਹੁੰਚੇ ਤੇ ਬਾਬੇ ਗੁਰਦਿਤੇ

ਦੇ ਬਾਗ਼ ਵਿੱਚ ਡੇਰਾ ਕੀਤਾ। 19 ਮਾਰਚ 1867 ਈ: ਨੂੰ ਆਪ ਆਨੰਦਪੁਰ ਸਾਹਿਬ ਦੀ ਜੂਹ ਵਿੱਚ ਦਾਖ਼ਲ ਹੋਏ। ਇਸ ਸਮੇਂ ਤਕ ਨਾਮਧਾਰੀ ਸੰਗਤ ਇੱਕ ਜਲੂਸ ਦੀ ਸ਼ਕਲ ਅਖ਼ਤਿਆਰ ਕਰ ਚੁਕੀ ਸੀ। ਕੂਕਿਆਂ ਦੀ ਗਿਣਤੀ ਦਸ ਹਜ਼ਾਰ ਸੀ ਜਿਸ ਵਿਚੋਂ ਦੋ ਤਿਹਾਈ ਪੁਰਸ਼ ਤੇ ਬਾਕੀ ਔਰਤਾਂ ਤੇ ਬੱਚੇ ਸਨ। ਢੋਲਕੀਆਂ ਛੈਣੇ ਵੱਜ ਰਹੇ ਸਨ, ਸ਼ਬਦ ਪੜ੍ਹੇ ਜਾ ਰਹੇ ਸਨ, ਕੁਝ ਕੂਕੇ ਸ਼ਬਦਬਾਣ ਨੇ ਮਸਤਾਨੇ ਕੀਤੇ ਹੋਏ ਸਨ ਅਤੇ ਕੁਝ ਮਾਲਾ ਫੇਰ ਰਹੇ ਸਨ, ਭਜਨ ਕਰ ਰਹੇ ਸਨ।

ਦੇਸ਼ ਤੇ ਕੌਮ ਦੀ ਤਕਦੀਰ ਬਦਲਣ ਵਾਲਾ ਇਹ ਲੋਕ ਸਮੂਹ ਅਮਨ ਚੈਨ ਨਾਲ ਸਹਿਜ ਸੁਭਾ ਤੁਰਿਆ ਜਾ ਰਿਹਾ ਸੀ। ਬਾਬਾ ਜੋਤਾ ਸਿੰਘ ਅਤੇ ਬਾਕੀ ਸੂਬੇ ਵੀ ਨਾਲ ਸਨ। ਸਰਕਾਰ ਨੂੰ ਡਰ ਸੀ ਕਿ ਕਿਤੇ ਕੁਝ ਵਾਪਰ ਨਾ ਜਾਵੇ। ਸੋ ਅਫ਼ਸਰ ਵੀ ਪੂਰੀ ਤਿਆਰੀ ਨਾਲ ਤੇ ਪੂਰੇ ਅਮਲੇ ਫੈਲੇ ਨਾਲ ਆਨੰਦ ਪੁਰ ਸਾਹਿਬ ਪਹੁੰਚੇ।

ਮੇਲੇ ਵਿੱਚ ਖ਼ਾਸ ਕਰਕੇ ਨਾਮਧਾਰੀਆਂ ਦੇ ਕੰਮਾਂ ਉੱਤੇ ਨਿਗਰਾਨੀ ਰੱਖਣ ਲਈ ਡਿਪਟੀ ਇਨਸਪੈਕਟਰ ਜਨਰਲ ਪੁਲਿਸ ਮੈਕ ਐਂਡਰਿਊਸ ਉੱਤੇ ਪੂਰੀ ਜ਼ਿੰਮੇ ਵਾਰੀ ਦਾ ਭਾਰ ਸੀ। ਉਹ ਹੀ ਬਰਤਾਨੀਆ ਸਰਕਾਰ ਨੂੰ ਜਵਾਬਦੇਹ ਸੀ। ਉਹ 10 ਮਾਰਚ i867 ਈ: ਨੂੰ ਲਾਹੌਰੋਂ ਚਲਿਆ। 12 ਮਾਰਚ ਨੂੰ ਜਲੰਧਰ ਪਹੁੰਚ ਕੇ ਉਥੋਂ ਦੇ ਕਮਿਸ਼ਨਰ ਨਾਲ ਗਲ-ਕੱਥ ਕੀਤੀ। ਇੱਕ ਡਿਪਟੀ ਇਨਸਪੈਕਟਹ ਤੇ 10 ਸਿਪਾਹੀ ਨਾਲ ਲਏ। ਉਹ ਸਾਰੇ ਮੁਸਲਮਾਨ ਜਾਂ ਰਾਜਪੂਤ ਸਨ, ਸਰਕਾਰ ਦੇ ਵਫ਼ਾਦਾਰ ਨੌਕਰ। ਨਾਲ ਹੀ ਸ਼ੇਰਦਿਲ ਰਜਮੈਂਟ ਦਾ ਸਾਬਕ ਕਮਾਂਡਰ, ਸਰਦਾਰ ਬਹਾਦਰ ਅਤਰ ਸਿੰਘ ਅਤੇ ਅੰਮ੍ਰਿਤਸਰ ਤੇ ਫ਼ਿਰੋਜ਼ਪੁਰ ਦੇ ਪੁਲਿਸ ਇਨਸਪੈਕਟਰ ਕੁਤਬਖ਼ਾਨ ਤੇ ਫ਼ਤਹਦੀਨ ਖ਼ਾਨ ਲਏ। ਉਥੋਂ 13 ਮਾਰਚ ਨੂੰ ਹੁਸ਼ਿਆਰਪੁਰ ਪਹੁੰਚ ਕੇ ਡਿਪਟੀ ਕਮਿਸ਼ਨਰ 'ਪਰਕਿੰਜ਼ ਨਾਲ ਹੋਲੇ ਦੇ ਪ੍ਰਬੰਧ ਬਾਰੇ ਸਲਾਹ ਮਸ਼ਵਰਾ ਕੀਤਾ। ਮੈਕ ਐਂਡਰਿਊਸ ਨੂੰ ਤੌਖ਼ਲਾ ਸੀ ਪੁਲਸ ਦੇ ਬੰਦੇ ਘੱਟ ਹਨ, ਸੋ ਏਥੋਂ ਵੀ ਇੱਕ ਇਨਸਪੈਕਟਰ, ਇੱਕ ਡਿਪਟੀ-ਇਨਸਪੈਕਟਰ ਤੇ 50 ਸਿਪਾਹੀ ਨਾਲ ਲੈ ਕੇ ਉਹ 17 ਮਾਰਚ ਨੂੰ ਸ੍ਰੀ ਆਨੰਦਪੁਰ ਸਾਹਿਬ ਪਹੁੰਚਿਆ। ਤਖ਼ਤ ਕੇਸਗੜ੍ਹ ਸਾਹਿਬ ਤੋਂ ਥੋੜ੍ਹੀ ਦੂਰ ਪੁਲਿਸ ਨੇ ਕੁਝ ਉਹਲੇ ਜਹੇ ਆਪਣੇ ਖ਼ੇਮੇ ਗੱਡ ਲਏ। ਅਫ਼ਸਰਾਂ ਨੇ ਗਸ਼ਤ ਕਰਨੀ ਤੇ ਹਾਲਾਤ ਦਾ ਜਾਇਜ਼ਾ ਲੈਣਾ ਸ਼ੁਰੂ ਕੀਤਾ ਕਿ ਕਿਤੇ ਲੜਾਈ ਝਗੜੇ ਦੀ ਸੰਭਾਵਨਾ ਤਾਂ ਨਹੀਂ ਕਿਉਂਕਿ ਆਨੰਦਪੁਰ ਸਾਹਿਬ ਦੇ ਪੁਜਾਰੀ ਜਾਂ ਮਹੰਤ ਗੁਰਦੁਆਰਿਆਂ ਨੂੰ ਆਪਣੀ ਜਾਗੀਰ ਸਮਝਦੇ ਸਨ ਤੇ ਨਿਹੰਗ ਤਾਂ ਸਾਰੇ ਸਿੱਖ ਪੰਥ ਨੂੰ ਹੀ ਆਪਣੀ ਜਾਗੀਰ ਸਮਝਦੇ ਸਨ।

ਐਂਡਰਿਊਸ ਤੇ ਪਰਕਿੰਜ਼ ਨੇ ਪਹਿਲਾਂ ਕੇਸਗੜ੍ਹ ਦੇ ਮਹੰਤ ਹਰੀ ਸਿੰਘ ਨੂੰ ਬੁਲਾਇਆ। ਉਸ ਨਾਲ ਕੂਕਿਆਂ ਦੇ ਆਨੰਦਪੁਰ ਸਾਹਿਬ ਆਉਣ ਬਾਰੇ ਗਲ ਬਾਤ ਕੀਤੀ। ਮਹੰਤ ਨੇ ਸਾਫ਼ ਕਿਹਾ ਕਿ ਜੇ ਕੂਕਿਆਂ ਨੂੰ ਗੁਰਧਾਮਾਂ ਦੇ ਦਰਸ਼ਨ ਕਰਨ ਦਿਤੇ ਗਏ ਤਾਂ ਅਮਨ ਚੈਨ ਨੂੰ ਖ਼ਤਰਾ ਸੀ। 200 ਨਿਹੰਗ ਆਨੰਦਪੁਰ ਸਾਹਿਬ ਸਿਰਫ਼ ਕੂਕਿਆਂ ਨੂੰ ਮੱਥਾ ਟੇਕਣੋ ਰੋਕਣ ਲਈ ਹੀ ਤਿਆਰ ਬਰ-ਤਿਆਰ ਹੋ ਕੇ ਆਏ ਸਨ। ਉਹ ਕੇਸਗੜ੍ਹ ਹੀ ਠਹਿਰੇ ਹੋਏ ਸਨ। ਐਂਡਰਿਊਸ ਨੇ ਮਹੰਤ ਨੂੰ ਕਿਹਾ ਕਿ ਗੁਰੂ ਘਰ ਦੇ ਬਾਕੀ ਸ਼ਰਧਾਲੂਆਂ ਵਾਂਗ ਕੂਕਿਆਂ ਨੂੰ ਵੀ ਗੁਰਧਾਮਾਂ ਦੇ ਦਰਸ਼ਨ ਕਰਨ ਦਾ ਪੂਰਾ ਹੱਕ ਸੀ। ਇਸ ਗਲ ਦੀ ਤਾੜਨਾ ਵੀ ਕੀਤੀ ਗਈ ਕਿ ਜੇ ਕੋਈ ਅਸ਼ੋਭਨੀਕ ਘਟਨਾ ਵਾਪਰੀ ਤਾਂ ਮਹੰਤ ਦੀ ਹੀ ਜ਼ਿੰਮੇਵਾਰੀ ਸਮਝੀ ਜਾਣੀ ਸੀ। ਮਹੰਤ ਨੂੰ ਮਜਬੂਰਨ ਗੱਲ ਮੰਨਣੀ ਪਈ ਪਰ ਉਸ ਨੇ ਉਹ ਸ਼ਰਤ ਰੱਖ ਦਿੱਤੀ ਕਿ ਕੂਕੇ ਨੰਗੇ ਸਿਰ ਨਾ ਆਉਣ ਜੋ ਅਫ਼ਸਰਾਂ ਮੰਨ ਲਈ।

19 ਮਾਰਚ 1867 ਈਃ ਨੂੰ ਆਨੰਦਪੁਰ ਸਾਹਿਬ ਪੁੱਜੇ ਨਾਮਧਾਰੀ ਜਨ ਸਮੂਹ ਵਿੱਚ ਸਰਕਾਰੀ ਰਿਪੋਰਟ ਅਨੁਸਾਰ 20 ਘੁੜਸਵਾਰ ਸਨ। ਸਭ ਤੋਂ ਅਗੇ ਨਗਾਰਚੀ ਉਨ੍ਹਾਂ ਦੇ ਮਗਰ ਨਿਸ਼ਾਨ ਸਾਹਿਬ ਵਾਲੇ ਅਤੇ ਪਿਛੇ ਪੈਦਲ ਸਨ। ਉਹ ਜਦ ਉੱਚੀ ਉੱਚੀ ਸ਼ਬਦ ਪੜ੍ਹਦੇ ਅਕਾਸ਼ ਗੁੰਜਾਊ ਜੈਕਾਰ ਲਾਉਂਦੇ ਅਤੇ ਮਾਲਾ ਫੇਰਦੇ ਸਰਕਾਰੀ ਕੈਂਪ ਕੋਲ ਪਹੁੰਚੇ ਤਾਂ ਤੰਬੂ ਅੰਦਰੋਂ ਡੀ. ਆਈ. ਜੀ. ਪੁਲਿਸ ਤੇ ਦੂਜੇ ਅਫ਼ਸਰ ਬਾਹਰ ਆਏ। ਸਤਿਗੁਰੂ ਜੀ ਸੱਜੀ ਬਾਂਹ ਉਤਾਂਹ ਕੀਤੀ ਤਾਂ ਉੱਚੀ ਕੂਕਦਾ ਸਾਰਾ ਜਨ ਸਮੂਹ ਬਿਲਕੁਲ ਸ਼ਾਂਤ ਹੋ ਗਿਆ। ਅਫ਼ਸਰ ਇਸ ਮਰਿਆਦਾ ਤੇ ਮਰਿਆਦਾ ਪੁਰਸ਼ੋਤਮ ਰਾਮ ਨੂੰ ਵੇਖਕੇ ਦੰਗ ਰਹਿ ਗਿਆ। ਮੈਕ ਐਂਡਰਿਊਸ ਨੇ ਅਦਬ ਨਾਲ ਸਲਾਮ ਕੀਤਾ ਤੇ ਜਲੂਸ ਦੀ ਅਗਵਾਈ ਕਰ ਰਹੇ ਸੂਬਾ ਸੁਧ ਸਿੰਘ ਨੂੰ ਘੋੜੇ ਤੋਂ ਉਤਰਨ ਲਈ ਕਿਹਾ। ਸੂਬਾ ਸੁਧ ਸਿੰਘ ਨਾਲ ਬਾਕੀ ਸੂਬੇ ਤੇ ਚੀਨੀ ਵਾਲੇ ਪਾਤਸ਼ਾਹ ਵੀ ਥੱਲੇ ਉਤੱਰ ਆਏ। ਉਨ੍ਹਾਂ ਦੀ ਜਾਣ-ਪਛਾਣ ਮੈਕ ਨੇ ਪਰਕਿੰਜ਼ ਡੀ. ਸੀ. ਹੁਸ਼ਿਆਰਪੁਰ ਨਾਲ ਕਰਵਾਈ। ਉਹ ਗਲਬਾਤ ਕਰਨ ਲਈ ਸਤਿਗੁਰਾਂ ਨੂੰ ਮੁਖੀ ਸੂਬਿਆਂ ਸਮੇਤ ਤੰਬੂ ਅੰਦਰ ਲੈ ਗਿਆ। ਉਸ ਸਤਿਗੁਰਾਂ ਨੂੰ ਆਨੰਦਪੁਰ ਸਾਹਿਬ ਆਉਣ ਦਾ ਮਨੋਰਥ ਪੁਛਿਆ ਅਤੇ ਨਾਲ ਹੀ ਤੌਖ਼ਲਾ ਦਸਿਆ ਕਿ ਮਹੰਤਾਂ ਨੂੰ ਡਰ ਹੈ ਕਿ ਆਪ ਆਨੰਦ ਪੁਰ ਸਾਹਿਬ ਤੇ ਕਬਜ਼ਾ ਕਰਨ ਆਏ ਸਨ। ਨਾਲ ਹੀ ਨੰਗੇ ਸਿਰ ਮੱਥਾ ਟੇਕਣ ਨਾ ਜਾਣ ਦਾ, ਮਹੰਤ ਦਾ, ਇਤਰਾਜ਼ ਵੀ ਦੱਸਿਆ।

ਸਤਿਗੁਰਾਂ ਸਪਸ਼ਟ ਕਿਹਾ ਕਿ ਉਨ੍ਹਾਂ ਦੀ ਇਸ ਯਾਤਰਾ ਦਾ ਉਦੇਸ਼ ਕੇਵਲ ਮਾਤਰ ਸ਼ਰਧਾ-ਭਾਵਨਾ ਨਾਲ ਗੁਰੂ ਅਸਥਾਨਾਂ ਦੇ ਦਰਸ਼ਨ ਕਰਨਾ ਸੀ। ਕੂਕਿਆਂ ਦੀਆਂ ਦਸਤਾਰਾਂ ਲਹਿਣ ਦਾ ਕਾਰਨ ਕੇਵਲ ਉਨ੍ਹਾਂ ਦੀ ਮਸਤੀ ਸੀ। ਉਹ ਸ਼ਬਦ

ਕੀਰਤਨ ਕਰਦੇ ਸੁਧ-ਬੁਧ ਭੁਲ ਬੈਠਦੇ ਸਨ। ਕਿਸੇ ਗੁਰਦੁਆਰੇ ਤੇ ਕਬਜ਼ਾ ਕਰਨਾ ਨਾ ਉਨ੍ਹਾਂ ਦੀ ਮਨਸ਼ਾ ਸੀ, ਨਾ ਲੋੜ। ਗਲਬਾਤ ਪਿਛੋਂ ਇਹ ਨਿਰਨਾ ਲਿਆ ਗਿਆ ਕਿ ਦਰਸ਼ਨ ਕਰਨ ਜਾਣ ਵਕਤ ਕੂਕੇ ਸ਼ਬਦ ਨਾ ਪੜ੍ਹਨ ਤਾਕਿ ਮੱਥਾ ਟੇਕ ਕੇ ਸ਼ਾਂਤ ਚਿਤ ਵਾਪਸ ਆ ਸਕਣ। ਇਹ ਨਿਰਨਾ ਸਰਦਾਰ ਬਹਾਦਰ ਅਤਰ ਸਿੰਘ ਹੱਥ ਮਹੰਤ ਹਰੀ ਸਿੰਘ ਤਕ ਵੀ ਪਹੁੰਚਾ ਦਿੱਤਾ ਗਿਆ। ਨਾਲ ਹੀ ਫਿਰ ਸਖ਼ਤ ਹਦਾਇਤ ਕੀਤੀ ਗਈ ਕਿ ਜੇ ਨਿਹੰਗਾਂ ਵਲੋਂ ਕੋਈ ਸ਼ਰਾਰਤ ਹੋਈ ਤਾਂ ਉਨ੍ਹਾਂ ਨਾਲ ਕਾਨੂੰਨ ਹੀ ਨਜਿਠੇਗਾ। ਅਗਲੇ ਦਿਨ ਵੀ ਅਮਨ ਚੈਨ ਕਾਇਮ ਰੱਖਣ ਲਈ ਵੀ ਅਤਰ ਸਿੰਘ, ਫਜ਼ਲ ਹੁਸੈਨ ਤੇ ਕੁਤਬ ਸ਼ਾਹ ਨੂੰ ਉਚੇਚੀ ਜ਼ੁੰਮੇਵਾਰੀ ਸੌਂਪੀ ਗਈ।

19 ਮਾਰਚ ਸ਼ਾਮ ਨੂੰ ਜਲੰਧਰ ਦਾ ਕਮਿਸ਼ਨਰ ਟੀ. ਡੀ. ਫੋਰਸਿਥ ਵੀ ਆਨੰਦਪੁਰ ਸਾਹਿਬ ਪਹੁੰਚ ਗਿਆ ਸੀ। ਇੰਜ ਲਗਦਾ ਸੀ ਕਿ ਸਾਰਾ ਸਰਕਾਰੀ ਅਮਲਾ ਫੈਲਾ ਹੀ ਸਤਿਗੁਰਾਂ ਦੇ ਆਨੰਦਪੁਰ ਸਾਹਿਬ ਦੇ ਸਤਿਆਗ੍ਰਹਿ ਕਾਰਨ ਹਰਕਤ ਵਿੱਚ ਆ ਚੁਕੋ ਸੀ। 19 ਮਾਰਚ ਸ਼ਾਮ ਦੇ ਦੀਵਾਨ ਸਮੇਂ ਮੈਕ ਐਂਡਰਿਊਸ ਫਿਰ ਸਤਿਗੁਰਾਂ ਨੂੰ ਮਿਲਿਆ। ਇਸ ਸਮੇਂ ਸੰਗਤ ਦੀ ਗਿਣਤੀ ਉਹ ਪੰਜ ਹਜ਼ਾਰ ਲਿਖਦਾ ਹੈ।

20 ਮਾਰਚ 1867 ਈ: ਸਵੇਰੇ ਅੰਮ੍ਰਿਤ ਵੇਲੇ ਆਸਾ ਦੀ ਵਾਰ ਦਾ ਭੋਗ ਪਿਆ, ਸਤਿਗੁਰੂ ਜੀ 100 ਸਿੱਖਾਂ ਸਹਿਤ ਕੇਸਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਪਹੁੰਚੇ। ਭਾਵੇਂ ਕਮਿਸ਼ਨਰ ਦੀ ਸਲਾਹ ਨਾਲ ਉੱਥੇ ਪੁਲਿਸ ਗਾਰਦ ਨਹੀਂ ਸੀ ਤੈਨਾਤ ਕੀਤੀ ਗਈ ਫਿਰ ਵੀ ਹਥਿਆਰ ਬੰਦ, ਤਿਆਰ ਬਰ ਤਿਆਰ ਗਾਰਦ ਤੰਬੂਆਂ ਅੰਦਰ ਬੈਠੀ ਸੀ ਜਿਹੜੀ ਕਿ ਹੁਕਮ ਹੁੰਦਿਆਂ ਹੀ ਹਰਕਤ ਵਿੱਚ ਆ ਜਾਣੀ ਸੀ।

ਨਿਹੰਗ ਵੀ ਆਪਣੇ ਬੁੰਗਿਆਂ ਵਿੱਚ ਮਤਾ ਪਕਾਈ ਬੈਠੇ ਸਨ ਕਿ ਕੂਕਿਆਂ ਨੂੰ ਮੱਥਾ ਟੇਕਣ ਨਹੀਂ ਜਾਣ ਦੇਣਾ। ਉਨ੍ਹਾਂ ਦੇਗ ਛਕੀ ਹੋਈ ਸੀ, ਅੰਦਰੋਂ ਬੜੇ ਔਖੇ ਸਨ ਪਰ ਸਰਕਾਰੀ ਹੁਕਮ ਅਗੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ। ਫਿਰ ਵੀ 50 ਨਿਹੰਗਾਂ ਦਾ ਜਥਾ ਗਰਮਜੋਸ਼ੀ ਨਾਲ ਕੂਕਿਆਂ ਨੂੰ ਰੋਕਣ ਲਈ ਅੱਗੇ ਵਧਿਆ। ਉਨ੍ਹਾਂ ਨੇ ਹੱਥਾਂ ਵਿੱਚ, ਸਫਾਜੰਗ, ਟਕੂਏ, ਬਰਛੇ ਆਦਿ ਫੜੇ ਹੋਏ ਸਨ। ਉਹ ਜੈਕਾਰੇ ਗਜਾਉਂਦੇ ਅਗੇ ਵਧੇ। ਜਿਵੇਂ ਹੀ ਉਹ ਸਰਕਾਰੀ ਕੈਂਪ ਕੋਲ ਆਏ ਮੈਕ ਐਂਡਰਿਊਸ ਨੇ ਉਨ੍ਹਾਂ ਨੂੰ ਰੋਕਿਆ ਤੇ ਹਥਿਆਰ ਸੁੱਟਣ ਲਈ ਕਿਹਾ। ਨਿਹੰਗ ਅੜ ਗਏ, ਉਹ ਤਕਰਾਰ ਕਰਨ ਲੱਗ ਪਏ ਤੇ ਹਥਿਆਰਾਂ ਸਣੇ ਅੱਗੇ ਵਧਣ ਲਈ ਜ਼ਿਦ ਕਰਨ ਲੱਗੇ। ਜਦ ਅਫ਼ਸਰਾਂ ਨੇ ਨਿਹੰਗਾਂ ਨੂੰ ਉਨ੍ਹਾਂ ਦੇ ਪ੍ਰਬੰਧ ਵਿੱਚ ਅੜਿਕਾ ਡਾਹੁੰਦੇ ਵੇਖਿਆ ਤਾਂ ਉਨ੍ਹਾਂ ਦਾ ਟਾਕਰਾ ਕਰਨ ਲਈ ਸੰਕੇਤ ਨਾਲ

30 ਸਿਪਾਹੀਆਂ ਨੂੰ ਸੱਦ ਲਿਆ। ਉਨ੍ਹਾਂ ਨਿਹੰਗਾਂ ਦੁਆਲੇ ਘੇਰਾ ਪਾ ਲਿਆ। ਘਬਰਾ ਕੇ ਨਿਹੰਗਾਂ ਨੇ ਹਥਿਆਰ ਸੁੱਟ ਦਿੱਤੇ ਤੇ ਰੌਲਾ ਰੱਪਾ ਪਾਉਂਦੇ ਆਪਣੇ ਡੇਰੇ ਨੂੰ ਮੁੜ ਗਏ।

ਸਤਿਗੁਰੂ ਜੀ ਨੇ ਤਖ਼ਤ ਕੇਸਗੜ੍ਹ ਸਾਹਿਬ ਜਾ ਕੇ 25 ਰੁਪਏ ਅਤੇ ਕੜਾਹ ਪ੍ਰਸ਼ਾਦ ਭੇਟ ਕੀਤਾ, ਮਹੰਤ ਨੇ ਰੁਪਏ ਤਾਂ ਰਖ ਲਏ ਪਰ ਕੜਾਹ ਪ੍ਰਸ਼ਾਦ ਦਾ ਅਰਦਾਸਾ ਨਾ ਕੀਤਾ। ਸਤਿਗੁਰਾਂ ਦਾ ਇਸ਼ਾਰਾ ਸਮਝ ਕੇ ਸੂਬਾ ਬ੍ਰਹਮਾ ਸਿੰਘ ਨੇ ਆਪ ਅਰਦਾਸ ਕੀਤੀ ਤੇ ਕੜਾਹ ਪ੍ਰਸ਼ਾਦ ਵਰਤਾ ਦਿੱਤਾ ਗਿਆ। ਇਨਸਪੈਕਟਰ ਫ਼ਜ਼ਲ ਹੁਸੈਨ ਦੀ ਰਿਪੋਰਟ ਅਨੁਸਾਰ, ਮਹੰਤ ਨੇ ਕੁਝ ਖ਼ਾਸ ਇਲਜ਼ਾਮ ਲਾ ਕੇ ਅਰਦਾਸ ਨਹੀਂ ਸੀ ਕੀਤੀ। ਮੁੱਖ ਇਲਜ਼ਾਮਾਂ ਵਿੱਚ ਉਸ ਨੇ ਕਿਹਾ ਕਿ:

(ੳ) ਤੁਸੀਂ ਆਪਣੇ ਆਪ ਨੂੰ ਰੱਬ ਸਮਝਦੇ ਹੋ।

(ਅ) ਤੁਸੀਂ ਕਿਸੇ ਨੂੰ ਸਿੱਖ ਬਨਾਉਣ ਲਗਿਆਂ ਅੰਮ੍ਰਿਤ ਛਕਾਉਣ ਦੀ ਥਾਂ ਕੰਨ ਵਿੱਚ ਗੁਰਮੰਤਰ ਦੇਂਦੇ ਹੋ।

(ੲ) ਤੁਸੀਂ ਜਨਮ ਗੁਰੂ ਪਟਨਾ, ਵਾਸੀ ਗੁਰੂ ਆਨੰਦਪੁਰ ਨਹੀਂ ਮੰਨਦੇ ਸਗੋਂ ਜਨਮ ਗੁਰੂ ਹਜ਼ਰੋ, ਵਾਸੀ ਗੁਰੂ ਭੈਣੀ ਮੰਨਦੇ ਹੋ।

(ਸ) ਸਿੱਖ ਕੇਸ ਨਹੀਂ ਖਲਾਰਦੇ ਨਾਲੇ ਪੱਗਾਂ ਵੀ ਨਹੀਂ ਲਾਹੁੰਦੇ ਪਰ ਤੁਸੀਂ ਦੋਵੇਂ ਗੱਲਾਂ ਕਰਦੇ ਹੋ।

(ਹ) ਕੂਕੇ ਮੁਸਲਮਾਨ ਫ਼ਕੀਰਾਂ ਵਾਂਗ, ਵਜ਼ਦ ਵਿੱਚ ਆ ਕੇ ਉੱਚੀ ਕੂਕਦੇ ਹਨ ਸੋ ਉਹ ਸਿੱਖ ਨਹੀਂ।

ਸਤਿਗੁਰੂ ਜੀ ਨੇ ਇੱਕ ਚਿੱਠੀ ਲਿਖ ਕੇ ਮਹੰਤ ਨੂੰ ਕਿਹਾ ਕਿ ਉਹ ਮਾਸ ਖਾਂਦੇ ਸਨ, ਝੂਠ ਬੋਲਦੇ ਸਨ, ਮਦਰਾਪਾਨ ਕਰਦੇ ਸਨ, ਵਿਭਚਾਰ ਤੇ ਦੁਰਾਚਾਰ ਕਰਦੇ ਸਨ, ਬੱਚੀਆਂ ਨੂੰ ਮਾਰਦੇ ਸਨ ਜੋ ਗੁਰ ਮਰਿਆਦਾ ਦੇ ਉਲਟ ਸੀ ਸੋ ਉਹ ਆਪ ਹੀ ਸਿੱਖ ਨਹੀਂ ਸਨ।

ਇਸ ਤੋਂ ਬਾਅਦ ਆਪ ਗੁਰੂ ਤੇਗ਼ ਬਹਾਦਰ ਜੀ ਦੇ ਗੁਰਦੁਆਰੇ ਗਏ 25 ਦਮੜੇ ਮੱਥਾ ਟੇਕਿਆ ਕੜਾਹ ਪ੍ਰਸਾਦ ਚੜ੍ਹਾਇਆ ਉਥੋਂ ਦੇ ਮਹੰਤ ਨੇ ਸਭ ਕੁਝ ਪ੍ਰਵਾਨ ਕਰ ਲਿਆ ਅਤੇ ਅਰਦਾਸ ਵੀ ਕੀਤੀ। ਇਸ ਦਰਿਆਦਿਲੀ ਤੇ ਖ਼ੁਸ਼ ਹੋ ਕੇ ਸਤਿਗੁਰੂ ਜੀ ਨੇ ਅਰਦਾਸ ਕਰਨ ਵਾਲੇ ਨੂੰ ਇੱਕ ਦਮੜਾ ਹੋਰ ਭੇਟ ਕੀਤਾ।

ਫ਼ਜ਼ਲ ਹੁਸੈਨ ਦੀ 20 ਮਾਰਚ 1867 ਈ: ਦੀ ਰਿਪੋਰਟ ਮੁਤਾਬਕ ਉਸ ਦਿਨ ਘੱਟ ਤੋਂ ਘਟ 50 ਨਵੇਂ ਕੂਕੇ ਬਣੇ। ਜੇ ਉਹ ਦੂਜੇ ਸਿੱਖ ਬਣਦੇ ਤਾਂ ਨਿਹੰਗਾਂ ਨੇ ਹਰ ਇੱਕ ਤੋਂ ਇੱਕ ਦਮੜਾ ਫ਼ੀ ਬੰਦਾ ਲੈ ਲੈਣਾ ਸੀ। ਨਿਹੰਗਾਂ ਦੇ ਕੂਕਿਆਂ ਦਾ ਵਿਰੋਧ ਕਰਨ ਦਾ ਕਾਰਨ ਵੀ ਇਹ ਹੀ ਸੀ, ਕੂਕੇ ਬਣਨ ਵਾਲੇ ਨੂੰ ਕੁਝ ਦੇਣਾ ਨਹੀਂ ਸੀ ਪੈਂਦਾ, ਤੇ ਨਿਹੰਗਾਂ ਦੇ ਪੈਸੇ ਲੋਕਾਂ ਦੇ ਕੂਕੇ ਬਣਨ ਨਾਲ ਮਾਰੇ

ਜਾਂਦੇ ਸਨ।

ਉਸ ਸਮੇਂ ਆਨੰਦ ਪੁਰ ਸਾਹਿਬ ਦੇ ਮੇਲੇ ਵਿੱਚ ਜਿਹੜੇ ਖ਼ਾਸ ਵਿਅਕਤੀ ਨਾਮਧਾਰੀ ਬਣੇ, ਉਹ ਸਨ: ਪ੍ਰਤਾਪ ਸਿੰਘ ਰਸੌਲੀ ਵਾਲਾ ਤੇ ਉਸ ਦਾ ਲੜਕਾ ਦੇਵਾ ਸਿੰਘ, ਸੋਢੀ ਨਰਿੰਦਰ ਸਿੰਘ ਕਿਰਾਲੀ ਵਾਲਾ ਫਜ਼ਲ ਹੁਸੈਨ ਨੇ ਇਹ ਵੀ ਲਿਖਿਆ ਕਿ "ਗੁਰੂ ਰਾਮ ਸਿੰਘ, ਆਪਣੇ ਘਰੋਂ, ਗਰੀਬਾਂ ਨੂੰ ਰੋਟੀ, ਕਪੜਾ ਤੇ ਚੰਗੀ ਸਿਖਿਆ ਦੇਂਦਾ ਹੈ। ਸੱਚ ਪਵਿਤਰਤਾ ਦਾ ਧਾਰਨੀ ਹੈ। ਤਿੰਨ ਵਾਰ ਇਸ਼ਨਾਨ ਕਰਦਾ ਹੈ, ਰਾਤ ਨੂੰ ਦੋ ਵਜੇ ਗ੍ਰੰਥ ਦਾ ਪਾਠ ਕਰਦਾ ਹੈ ਪੂਰੀ ਸਮਝ ਨਾਲ। ਮੰਦੇ ਕੰਮਾਂ ਤੋਂ ਬਚਿਆ ਹੋਇਆ ਹੈ, ਕੂਕੇ ਉਸ ਨੂੰ ਆਪਣਾ ਪੈਗ਼ੰਬਰ ਸਮਝਦੇ ਹਨ ਸਾਰੇ ਆਪਣਾ ਪਿੰਡ ਭੈਣੀ ਤੇ ਗੁਰੂ, ਰਾਮ ਸਿੰਘ ਸਮਝਦੇ ਹਨ।"

ਫ਼ਜ਼ਲ ਹੁਸੈਨ ਇਸ ਮੇਲੇ ਤੇ ਪਹੁੰਚੇ ਕੂਕਿਆਂ ਦੀ ਗਿਣਤੀ 8000 ਦੱਸਦਾ ਹੈ। ਮੈਕ ਐਂਡਰਿਊਸ 5000 ਤੇ ਫੋਰਸਿਥ 10000 ਐਡੀ ਵੱਡੀ ਗਿਣਤੀ ਹੋਣ ਦੇ ਬਾਵਜੂਦ ਕੂਕਿਆਂ ਨੇ ਆਪਣੇ ਰਹਿਬਰ ਦੇ ਹੁਕਮ ਵਿੱਚ ਰਹਿ ਕੇ ਅਨੁਸ਼ਾਸ਼ਨ ਕਾਇਮ ਰਖਿਆ ਸੀ। ਸਰਕਾਰ ਨੂੰ ਉਨ੍ਹਾਂ ਵਲੋਂ ਅਮਨ ਚੈਨ ਭੰਗ ਕਰਨ ਜਾਂ ਖਰੂਦ ਪਾਉਣ ਦੀ ਸ਼ਕਾਇਤ ਨਹੀਂ ਮਿਲੀ ਜਿਸ ਕਰ ਕੇ ਅਫ਼ਸਰ ਵੀ ਉਨ੍ਹਾਂ ਤੋਂ ਪ੍ਰਭਾਵਤ ਹੋਏ ਤੇ ਕਿਹਾ ਕਿ, "ਉਹ (ਗੁਰੂ ਰਾਮ ਸਿੰਘ) ਕਿਸੇ ਪਰਕਾਰ ਵੀ ਬਰਤਾਨੀਆ ਸਰਕਾਰ ਦੀ ਮੁਖਾਲਫ਼ਤ ਕਰਦਾ ਨਹੀਂ ਲੱਗਦਾ।"

—ਫਜ਼ਲ ਹੁਸੈਨ

# ਮੁੜ ਅੰਮ੍ਰਿਤਸਰ

ਆਨੰਦ ਪੁਰ ਸਾਹਿਬ ਦਾ ਹੋਲਾ ਮਨਾ ਕੇ ਸਤਿਗੁਰੂ ਜੀ ਭੈਣੀ ਸਾਹਿਬ ਵਾਪਸ ਆ ਗਏ ਸਨ। ਆਪ ਨੇ ਆਪਣਾ ਅਗਲਾ ਪ੍ਰੋਗਰਾਮ ਦਿਵਾਲੀ ਤੇ ਅੰਮ੍ਰਿਤਸਰ ਪਹੁੰਚਣ ਦਾ ਰੱਖਿਆ। ਸੂਬਾ ਬ੍ਰਹਮਾ ਸਿੰਘ ਤੇ ਸੂਬਾ ਜੋਤਾ ਸਿੰਘ ਨੂੰ ਪਹਿਲਾਂ ਹੀ ਆਪ ਨੇ ਅੰਮ੍ਰਿਤਸਰ ਦੇ ਇਲਾਕੇ ਵਿੱਚ ਪ੍ਰਚਾਰ ਕਰਨ ਭੇਜ ਦਿੱਤਾ।

ਗੁਰੂ ਗੋਬਿੰਦ ਸਿੰਘ ਰਚਿਤ ਸੌ ਸਾਖੀ ਦੇ ਆਧਾਰ ਤੇ ਇਹ ਭਵਿਖਣ ਬਾਣੀ ਬਹੁ ਚਰਚਿਤ ਸੀ ਕਿ ਦਿਵਾਲੀ ਤੇ ਕੂਕਿਆਂ ਦਾ ਇਕੱਠ ਬਰਤਾਨਵੀ ਸਲਤਨਤ ਲਈ ਭਾਰੀ ਖ਼ਤਰਾ ਸੀ। ਪੰਜਾਬੀਆਂ ਦਾ ਰਾਜ ਮੁੜ ਬਹਾਲ ਕਰਨ ਲਈ ਇਹ ਵੱਡਾ ਕਦਮ ਸੀ। ਏਸੇ ਕਰਕੇ ਸਰਕਾਰ ਨੇ ਆਪ ਦੇ ਮੇਲਿਆਂ ਤੇ ਪਾਬੰਦੀਆਂ ਲਾਈਆਂ ਹੋਈਆਂ ਸਨ ਪਰ ਆਪ ਬਿਨਾ ਇਜਾਜ਼ਤ ਲਿਆਂ ਮੇਲਾ ਕਰਨ ਦਾ ਫ਼ੈਸਲਾ ਕਰ ਲੈਂਦੇ ਤੇ ਨਾਮਧਾਰੀ ਸੰਗਤ ਨੂੰ ਵੀ ਸੁਨੇਹੇ ਭਿਜਵਾ ਦੇਂਦੇ।

ਸੰਮਤ 1924 ਬਿਕਰਮੀ ਵਿੱਚ ਦਸਹਿਰੇ ਦੇ ਮੇਲੇ ਤੇ ਨਾਮਧਾਰੀ ਸਿੱਖ ਸੰਗਤਾਂ ਭੈਣੀ ਸਾਹਿਬ ਜੁੜੀਆਂ ਜਿਨ੍ਹਾਂ ਦੀ ਗਿਣਤੀ 3000 ਤੋਂ ਵੱਧ ਸੀ। ਦਸਹਿਰੇ ਤੇ ਵੀ ਸਭ ਨੂੰ ਇਤਲਾਹ ਦੇ ਦਿੱਤੀ ਗਈ ਕਿ ਦੀਵਾਲੀ ਅੰਮ੍ਰਿਤਸਰ ਮਨਾਈ ਜਾਣੀ ਸੀ। ਸੂਬੇ ਤੇ ਜਥੇਦਾਰ ਆਪਣੇ ਆਪਣੇ ਇਲ੍ਹਾਕਿਆਂ ਵਿੱਚ ਜਾਕੇ ਦਿਵਾਨ ਲਾਉਣ ਲੱਗੇ ਤੇ ਸੰਗਤਾਂ ਨੂੰ ਅੰਮ੍ਰਿਤਸਰ ਪਹੁੰਚਣ ਲਈ ਕਹਿਣ ਲੱਗੇ।

ਪੰਜਾਬ ਦੇ ਹਾਕਮਾਂ ਨੇ ਕੇਂਦਰੀ ਸਰਕਾਰ ਕੋਲੋਂ ਰਾਏ ਮੰਗੀ ਕਿ ਉਹ ਕੀ ਕਾਰਵਾਈ ਕਰਨ ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਜੇ ਉਨ੍ਹਾਂ ਮੇਲਾ ਨਾ ਹੋਣ ਦੇਣ ਲਈ ਕੋਈ ਸਖ਼ਤ ਕਾਰਵਾਈ ਕੀਤੀ ਤਾਂ ਕਿਤੇ ਹਾਲਾਤ ਬੇਕਾਬੂ ਨਾ ਹੋ ਜਾਣ, ਬਗਾਵਤ ਨਾ ਹੋ ਜਾਏ। ਸੈਕਟਰੀ ਭਾਰਤ ਸਰਕਾਰ ਨੇ ਉਨ੍ਹਾਂ ਨੂੰ ਕਿਹਾ ਕਿ, ਗੁਪਤ, ਚੁਪਚਾਪ, ਨੇੜਿਓਂ ਨਿਗਰਾਨੀ ਰੱਖੋ। ਇਸ ਮੇਲੇ ਦੀ ਨਿਗਰਾਨੀ ਦੀ ਪੂਰੀ ਜ਼ੁੰਮੇਵਾਰੀ ਸੁਪਰਇੰਨਟੈਂਡੈਂਟ ਪੁਲਿਸ, ਕੈਪਟਨ ਮੇਨਜ਼ੀਸ ਨੂੰ ਸੌਂਪੀ ਗਈ।

ਜਦੋਂ ਗੁਰੂ ਰਾਮ ਸਿੰਘ ਜੀ ਅੰਮ੍ਰਿਤਸਰ ਪਹੁੰਚੇ ਤਾਂ 800 ਤੋਂ ਵੱਧ ਨਾਮਧਾਰੀ ਪਹਿਲਾਂ ਹੀ ਉੱਥੇ ਅਪੜੇ ਹੋਏ ਸਨ। ਰਿਹਾਇਸ਼ੀ ਤੰਬੂਆਂ ਦਾ ਪ੍ਰਬੰਧ ਘੜਿਆਲੀਆਂ ਦੇ ਤਲਾ ਕੋਲ ਚਾਟੀਵਿੰਡ ਦਰਵਾਜ਼ੇ ਦੇ ਬਾਹਰਵਾਰ ਕੀਤਾ ਗਿਆ ਸੀ। ਸਤਿਗੁਰੂ ਜੀ ਨਾਲ ਆਪ ਦੇ ਪਰਵਾਰ ਦੇ ਜੀਆਂ ਵਿਚੋਂ ਪਿਤਾ ਬਾਬਾ ਜੱਸਾ ਸਿੰਘ, ਮਹਿਲ, ਮਾਤਾ ਜੱਸਾਂ ਤੇ ਪੁੱਤਰੀ ਬੀਬੀ ਨੰਦਾਂ ਸਨ। ਸਰਦਾਰ ਮੰਗਲ ਸਿੰਘ ਬਿਸ਼ਨਪੁਰੀਆ ਵੀ ਆਪ ਦੇ ਨਾਲ ਹੀ ਸੀ।

ਸੂਬਿਆਂ ਵਿਚੋਂ ਸਰਵ ਸ੍ਰੀ ਸੁਧ ਸਿੰਘ, ਸਾਹਿਬ ਸਿੰਘ, ਨੈਣਾ ਸਿੰਘ, ਮਲੂਕ ਸਿੰਘ, ਸਮੁੰਦ ਸਿੰਘ, ਕਾਹਨ ਸਿੰਘ ਨਿਹੰਗ, ਖ਼ਜ਼ਾਨ ਸਿੰਘ, ਲੱਖਾ ਸਿੰਘ, ਜਮੀਅਤ ਸਿੰਘ, ਜੋਤਾ ਸਿੰਘ, ਬ੍ਰਹਮਾ ਸਿੰਘ, ਪਹਾੜਾ ਸਿੰਘ, ਜਵਾਹਰ ਸਿੰਘ ਸਨ। ਇਹਨਾਂ ਤੋਂ ਇਲਾਵਾ ਹਰਨਾਮ ਸਿੰਘ, ਵਸਾਵਾ ਸਿੰਘ, ਰਾਮ ਦਾਸ ਜਗਰਾਵਾਂ ਤੇ ਲਾਲ ਸਿੰਘ ਗੁਮਟੀ ਵੀ ਨਾਲ ਹੀ ਸਨ।

ਸਿੱਖ ਇਤਿਹਾਸਕਾਰ ਗਿਆਨੀ ਗਿਆਨ ਸਿੰਘ ਜੀ ਵੀ ਆਪ ਨਾਲ ਹੀ ਰਲ ਗਏ। ਸਰਕਾਰੀ ਅੰਕੜਿਆਂ ਅਨੁਸਾਰ 26 ਤੇ 27 ਅਕਤੂਬਰ 1867 ਈ: ਨੂੰ ਇਸ ਮੇਲੇ ਵਿੱਚ ਜੁੜੇ ਕੂਕਿਆਂ ਦੀ ਗਿਣਤੀ 12000 ਸੀ। ਇਸ ਤੋਂ ਬਿਨਾ ਤਿੰਨ ਚਾਰ ਹਜ਼ਾਰ ਕੂਕੇ ਬੁੰਗਿਆਂ ਤੇ ਤੰਬੂਆਂ ਵਿੱਚ ਵੀ ਬੈਠੇ ਰਹਿੰਦੇ ਸਨ।

ਇਸ ਅਣਚਿਤਵੇ ਇੱਕਠ ਨੂੰ ਵੇਖ ਕੇ ਸਰਕਾਰੀ ਮਸ਼ੀਨਰੀ ਅਤੇ ਦਰਬਾਰ ਸਾਹਿਬ ਦੇ ਪੁਜਾਰੀਆਂ ਨੇ ਮੂੰਹ ਵਿੱਚ ਉਂਗਲਾਂ ਪਾ ਲਈਆਂ। ਪੁਲਿਸ ਪ੍ਰਬੰਧ ਨੂੰ ਹੋਰ ਕਾਰਗਰ ਕਰਨ ਲਈ ਪੁਲਿਸ ਇਨਸਪੈਕਟਰ ਨਾਰਾਇਣ ਸਿੰਘ ਨੂੰ ਉਚੇਚਾ ਲਾਹੌਰੋਂ ਸੱਦਿਆ ਗਿਆ। ਸਤਿਗੁਰੂ ਰਾਮ ਸਿੰਘ ਜੀ ਦੀ ਉਚੇਰੀ ਤੇ ਕਰੜੀ ਨਿਗਰਾਨੀ ਰੱਖਣ ਦੀ ਜ਼ੁੰਮੇਵਾਰੀ ਵੀ ਉਸ ਦੀ ਹੀ ਸੀ। ਸਤਿਗੁਰੂ ਜੀ ਦੀ ਹਰ ਗਤੀ ਵਿੱਧੀ ਬਾਰੇ ਨੇੜੇ ਰਹਿ ਕੇ ਧਿਆਨ ਰੱਖਕੇ ਰਿਪੋਰਟ ਵੀ ਉਸ ਨੇ ਹੀ ਭੇਜਣੀ ਸੀ।

ਸਤਿਗੁਰੂ ਜੀ ਇਸ ਬਾਰੇ ਪੂਰੀ ਤਰ੍ਹਾਂ ਨਾਲ ਸੁਚੇਤ ਸਨ ਕਿ ਕੋਈ ਅਣਸੁਖਾਵੀਂ ਘਟਨਾ ਨਾ ਵਾਪਰੇ ਜਿਸ ਦੇ ਬਹਾਨੇ ਨਾਲ ਸਰਕਾਰ ਕੂਕਿਆਂ ਤੇ ਕੋਈ ਇਲਜ਼ਾਮ ਲਾ ਕੇ ਪ੍ਰੇਸ਼ਾਨ ਕਰੇ। ਆਪ ਵਲੋਂ ਸਮੁਚੇ ਤੌਰ ਤੇ ਕੂਕਿਆਂ ਉੱਤੇ ਨਿਗਰਾਨੀ ਰੱਖੀ ਜਾ ਰਹੀ ਸੀ। ਹਾਂ, ਇਸ ਮੇਲੇ ਵਿੱਚ, ਸਿੱਖੀ, ਸੁਦੇਸ਼ੀ ਤੇ ਨਾਮਿਲਵਰਤਨ ਦਾ ਪ੍ਰਚਾਰ ਚਲਦਾ ਰਿਹਾ।

27 ਅਕਤੂਬਰ 1867 ਈ: ਐਤਵਾਰ ਨੂੰ ਆਪ ਸਵੇਰੇ ਸੱਤ ਕੁ ਵਜੇ ਪੰਜਾਹ ਕੁ ਕੂਕਿਆਂ ਨੂੰ ਨਾਲ ਲੈ ਕੇ ਦਰਬਾਰ ਸਾਹਿਬ ਦੇ ਦਰਸ਼ਨਾਂ ਨੂੰ ਚੱਲ ਪਏ। ਰਸਤੇ ਵਿੱਚ ਕੁਝ ਹੋਰ ਸ਼ਰਧਾਲੂ ਵੀ ਨਾਲ ਰਲ ਗਏ ਅਤੇ ਪਰਕਰਮਾ ਵਿੱਚ ਪਹੁੰਚ ਕੇ ਇਹ ਗਿਣਤੀ ਦੋ-ਤਿੰਨ ਸੌ ਤਕ ਪਹੁੰਚ ਗਈ ਸੀ।

ਸਤਿਗੁਰੂ ਜੀ ਨੇ 21 ਥਾਲ ਪ੍ਰਸ਼ਾਦ ਦੇ ਲਏ, ਨਾਲ 1100 ਰੁਪਏਆ ਲਿਆ ਅਤੇ ਅਕਾਲ ਬੁੰਗੇ ਜਾ ਮੱਥਾ ਟੇਕਿਆ। ਆਪ ਨੂੰ ਵੇਖ ਕੇ ਉਥੋਂ ਦੇ ਪੁਜਾਰੀ ਤੇ ਨਿਹੰਗ ਲਾਲ ਪੀਲੇ ਹੋ ਗਏ। ਉਨ੍ਹਾਂ ਨੂੰ ਵੀ ਆਨੰਦਪੁਰ ਸਾਹਿਬ ਦੇ ਪੁਜਾਰੀਆਂ ਵਾਂਗ ਡਰ ਪੈ ਗਿਆ ਕਿ ਕਿਤੇ ਆਪ ਅਕਾਲ ਤਖ਼ਤ ਤੇ ਕਬਜ਼ਾ ਹੀ ਨਾ ਕਰ ਲੈਣ। ਸੋ ਇਸ ਭੈ ਵਸ ਉਨ੍ਹਾਂ ਨਾ ਪ੍ਰਸ਼ਾਦ ਸਵੀਕਾਰ ਕੀਤਾ ਤੇ ਨਾ ਹੀ ਅਰਦਾਸ ਕੀਤੀ ਸਗੋਂ ਦੋਸ਼ ਲਾਇਆ ਕਿ ਕੂਕੇ ਸਿੱਖ ਨਹੀਂ ਕਿਉਂਕਿ ਉਹ ਸਿੱਖੀ ਮਰਿਆਦਾ ਦੇ ਉਲਟ ਕਲਾਮ ਪੜ੍ਹਦੇ ਸਨ ਤੇ ਵਜ਼ਦ ਵਿੱਚ ਆ ਜਾਂਦੇ ਸਨ। ਸਤਿਗੁਰਾਂ ਸਮਝਾਉਣਾ ਚਾਹਿਆ ਕਿ ਉਹ ਤਾਂ ਸਿੱਖੀ ਰਹਿਤ ਮਰਿਆਦਾ ਤੇ ਜੀਵਨ ਜਾਚ ਨੂੰ ਹੀ ਅਪਨਾਉਂਦੇ ਸਨ। ਆਪ ਨੇ ਦੁਬਾਰਾ ਪ੍ਰਸ਼ਾਦ ਤੇ ਭੇਟਾ ਸਵੀਕਾਰ ਕਰਨ ਲਈ ਕਿਹਾ ਤਾਂ ਪੁਜਾਰੀਆਂ ਸ਼ਰਤ ਰੱਖੀ ਕਿ ਆਪ 5 ਲਖ ਰੁਪਇਆ ਤਨਖ਼ਾਹ ਲੁਆਉਣ। ਉਹ ਨੀਲੀ ਦਸਤਾਰ ਲਿਆ ਕੇ ਕਹਿਣ ਲਗੇ ਇਹ ਦਸਤਾਰ ਬੰਨ੍ਹੀ ਜਾਵੇ। ਸਤਿਗੁਰਾਂ ਨੇ ਕੋਈ ਕੁਰਹਿਤ ਨਾ ਕਰਨ ਕਰਕੇ ਤਨਖ਼ਾਹ ਲੁਆਉਣ ਤੋਂ ਇਨਕਾਰ ਕਰ ਦਿੱਤਾ। ਪਰ ਆਪ ਨੇ ਇਹ ਸੋਚ ਕੇ ਕਿ ਜੇ ਉਨ੍ਹਾਂ ਦੇ ਨੀਲੀ ਦਸਤਾਰ ਬੰਨ੍ਹਣ ਨਾਲ ਪੁਜਾਰੀ ਤੇ ਨਿਹੰਗ ਖ਼ੁਸ਼ ਹੁੰਦੇ ਸਨ ਤਾਂ ਹੋ ਸਕਦਾ ਸੀ ਕਿ ਉਨ੍ਹਾਂ ਅੰਦਰ ਖ਼ੁਦਗਰਜ਼ੀ ਦੀ ਥਾਂ ਵਤਨ-ਪ੍ਰਸਤੀ ਵੀ ਜਾਗ ਪੈਂਦੀ, ਨੀਲੀ ਦਸਤਾਰ ਸੀਸ ਤੇ ਰੱਖ ਲਈ। ਉਹ ਟੱਸ ਤੋਂ ਮੱਸ ਨਾ ਹੋਏ। ਸਤਿਗੁਰੂ ਜੀ ਬਾਹਰ ਆ ਗਏ ਅਕਾਲ ਬੁੰਗੇ ਸਾਹਮਣੇ ਇੱਕ ਲਕੀਰ ਵਾਹੀ ਤੇ ਸੰਗਤ ਨੂੰ ਕਿਹਾ ਇਸ ਤੋਂ ਪਾਰ ਨਹੀਂ ਜਾਣਾ। ਆਪ ਨੇ ਏਥੇ ਹੀ ਅਰਦਾਸ ਕੀਤੀ ਤੇ ਪ੍ਰਸ਼ਾਦ ਵਰਤਾ ਦਿੱਤਾ।

ਆਪ ਹਰਿਮੰਦਰ ਸਾਹਿਬ ਗਏ ਭੇਟਾ ਧਰੀ, ਪ੍ਰਸ਼ਾਦ ਚੜ੍ਹਾਇਆ ਤੇ ਮੱਥਾ ਟੇਕਿਆ। ਉਥੋਂ ਦੇ ਪੁਜਾਰੀ ਨੇ ਸਭ ਕੁਝ ਪ੍ਰਵਾਨ ਕਰ ਲਿਆ ਅਤੇ ਅਰਦਾਸ ਵੀ ਕੀਤੀ। ਉਸ ਨੇ ਆਪ ਦੇ ਸਤਿਕਾਰ ਵਜੋਂ ਆਪ ਨੂੰ ਇੱਕ ਦੁਸ਼ਾਲਾ ਅਤੇ ਇੱਕ ਦਸਤਾਰ ਸਰੋਪਾ ਵਜੋਂ ਭੇਟ ਕੀਤਾ। ਆਪ ਨੇ ਇਸ ਨੂੰ ਖ਼ੁਸ਼ੀ ਨਾਲ ਪ੍ਰਵਾਨ ਕਰ ਲਿਆ।

ਆਪ ਬਾਬਾ ਅਟੱਲ ਦੇ ਗੁਰਦੁਆਰੇ ਵੀ ਗਏ। ਉੱਥੇ ਵੀ ਆਪ ਨੂੰ ਜੀਉ ਆਇਆ ਆਖਿਆ ਗਿਆ ਅਤੇ ਸਰੋਪਾ ਦੇ ਕੇ ਆਦਰ ਕੀਤਾ ਗਿਆ। ਗੁਰਦੁਆਰਿਆਂ ਦੇ ਦਰਸ਼ਨ ਕਰਕੇ ਆਪ ਵਾਪਸ ਆਪਣੇ ਡੇਰੇ ਪਹੁੰਚੇ।

28 ਅਕਤੂਬਰ 1867 ਈ: ਨੂੰ ਦੁਬਾਰਾ ਆਪ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਗਏ ਤਾਂ ਆਪ ਨੂੰ ਪੁਲਿਸ ਸਾਰਜੈਂਟ ਨੇ 50 ਤੋਂ ਵੱਧ ਨਾਮਧਾਰੀ ਨਾਲ ਲੈ ਕੇ ਜਾਣ ਤੋਂ ਰੋਕਿਆ। ਕੈਪਟਨ ਮੈਨਜ਼ਿਸ ਦੀ ਰਿਪੋਰਟ ਅਨੁਸਾਰ, ਬੋਲ ਬੁਲਾਰਾ ਹੋ ਗਿਆ, ਸੂਬਾ ਲੱਖਾ ਸਿੰਘ ਨੇ ਸਾਰਜੈਂਟ ਨੂੰ ਮੰਦਾ-ਫਿਕਾ ਬੋਲਿਆ।

ਵਧਾਣ ਵੱਧਣ ਦੇ ਡਰ ਤੋਂ, ਸਤਿਗੁਰਾਂ, ਵਿੱਚ ਪੈ ਕੇ, ਸਾਰਜੈਂਟ ਨੂੰ ਸ਼ਾਂਤ ਕੀਤਾ ਤੇ ਲੱਖਾ ਸਿੰਘ ਨੂੰ ਚੁਪ ਕਰਾਇਆ। ਆਪ ਉਨ੍ਹਾਂ ਬੁੰਗਿਆਂ ਵਿੱਚ ਵੀ ਗਏ ਜਿਥੇ ਕੂਕਿਆਂ ਡੇਰੇ ਲਾਏ ਹੋਏ ਸਨ। ਆਪ ਨੇ ਕੁਝ ਦੇਰ ਰਾਜਾਸਾਂਸੀ ਦੇ ਸਰਦਾਰਾਂ ਦੇ ਬੁੰਗਿਆਂ ਵਿੱਚ ਆਰਾਮ ਕੀਤਾ। ਸ੍ਰ. ਸ਼ਮਸ਼ੇਰ ਸਿੰਘ ਤੇ ਠਾਕਰ ਸਿੰਘ ਨੇ ਆਪ ਦੀ ਆਉ ਭਗਤ ਕੀਤੀ ਤੇ ਭੇਟਾ ਅਰਪਨ ਕੀਤੀ।

ਨਗਰ ਨਿਵਾਸੀਆਂ ਸਤਿਗੁਰੂ ਜੀ ਦਾ ਸਤਿਕਾਰ ਕੀਤਾ। ਵਪਾਰੀਆਂ ਨੇ 700/- ਰੁਪਏ 12 ਥਾਲ ਅਤੇ ਹੋਰ ਵਡਮੁੱਲੀਆਂ ਸੁਗਾਤਾਂ ਆਪ ਅੱਗੇ ਰੱਖ ਕੇ ਆਪ ਨੂੰ ਮੱਥਾ ਟੇਕਿਆ। ਆਪ ਨੇ ਇਸ ਮੇਲੇ ਉੱਤੇ 350/- ਰੁਪਏ ਦੇ ਕੰਬਲ ਲੋੜਵੰਦਾਂ ਨੂੰ ਵੰਡੇ।

ਇਸ ਮੇਲੇ ਵਿੱਚ ਵੀ ਨਾਮਧਾਰੀ ਰਹਿਤ ਮਰਿਆਦਾ ਤੇ ਨੀਤੀਆਂ ਦਾ ਖੁਲ੍ਹ ਕੇ ਪ੍ਰਚਾਰ ਕੀਤਾ ਗਿਆ। ਲੋਕਾਂ ਨੂੰ ਇਨ੍ਹਾਂ ਦੀ ਗੱਲ ਸਮਝ ਆਈ। ਇਸ ਮੇਲੇ ਦੇ ਮਾਧਿਅਮ ਰਾਹੀਂ ਦੋ ਹਜ਼ਾਰ ਤੋਂ ਵੱਧ ਭਾਰਤੀ ਨਾਮਧਾਰੀ ਸਿੱਖ ਬਣੇ । ਇਸ ਮੇਲੇ ਵਿੱਚ ਹੀ ਸ੍ਰ. ਰਤਨ ਸਿੰਘ ਦੀ 20 ਸਾਲਾ ਲੜਕੀ ਹੁਕਮੀ ਨੂੰ ਸੂਬਾ ਥਾਪਿਆ ਗਿਆ। ਉਸ ਦੇ ਜ਼ੁੰਮੇਂ ਭਾਰਤ ਦੀਆਂ ਨਿਮਾਣੀਆਂ, ਨਿਤਾਣੀਆਂ, ਅਬਲਾਵਾਂ ਵਿੱਚ ਨਵੀਂ ਰੂਹ ਫੂਕਣ ਦਾ ਕੰਮ ਸੀ। ਉਹ ਵੀ ਲੱਕ ਬੰਨ੍ਹ ਕੇ ਪ੍ਰਚਾਰ ਕਾਰਜ ਵਿੱਚ ਜੁੱਟ ਗਈ। ਉਸ ਦਾ ਨਾਂ ਮਾਈ ਮਹਾਤਮਾ ਕਰਕੇ ਪ੍ਰਸਿਧ ਹੋਇਆ। ਉਸ ਨੇ 98 ਸਾਲ ਦੀ ਉਮੱਰ ਵਿੱਚ ਨਾਭੇ ਚੜ੍ਹਾਈ ਕੀਤੀ। ਨਾਭੇ ਦੇ ਰਾਜ ਘਰਾਨੇ ਉੱਤੇ ਉਸ ਦਾ ਬੜਾ ਪ੍ਰਭਾਵ ਸੀ।

ਆਪ ਜੀ ਦੀ ਸ਼ੋਭਾ ਸੁਣ ਕੇ ਵੱਖ ਵੱਖ ਧਰਮਾਂ ਤੇ ਮੱਤਾਂ ਦੇ ਸਥਾਨਕ ਆਗੂ ਵੀ ਆਪ ਨੂੰ ਮਿਲਣ ਆਏ। ਉਨ੍ਹਾਂ ਆਪ ਦੇ ਮਿਸ਼ਨ ਨੂੰ ਸਮਝਿਆ ਤੇ ਬੜੇ ਪ੍ਰਭਾਵਤ ਹੋਏ। ਅੰਮ੍ਰਿਤਸਰ ਦੇ ਪਾਦਰੀ ਮਿਸਟਰ ਕਲਾਰਕ, ਮਿਸਟਰ ਸਟੋਰਸ ਤੇ ਪੁਲਿਸ ਅਫਸਰ ਕਰਿਸਟੀ ਨੇ ਵੀ ਆਪ ਨੂੰ ਮਿਲ ਕੇ ਆਪ ਨਾਲ ਵਿਚਾਰ ਵਟਾਂਦਰਾ ਕੀਤਾ।

ਸਤਿਗੁਰੂ ਜੀ ਦੇ ਨਾਲ ਨਾਲ ਸੂਬਾ ਸਾਹਿਬ ਸਿੰਘ ਵੀ ਸਰਕਾਰ ਦੀਆਂ ਨਜ਼ਰਾਂ ਵਿੱਚ ਖ਼ਤਰਨਾਕ ਤੇ ਪ੍ਰਭਾਵਸ਼ਾਲੀ ਹਸਤੀ ਬਣ ਗਿਆ। ਕੈਪਟਨ ਮੈਨਜਿਸ ਨੇ ਮੇਲੇ ਦੀ ਰਿਪੋਰਟ ਵਿੱਚ ਲਿਖਿਆ ਕਿ,

"ਸਾਹਿਬ ਸਿੰਘ (ਗੁਰੂ ਰਾਮ ਸਿੰਘ ਦਾ) ਮੰਨਿਆ ਹੋਇਆ ਜਾਨਸ਼ੀਨ ਹੈ ਅਤੇ ਪ੍ਰਤੱਖ ਰੂਪ ਵਿੱਚ ਉਸ ਨੂੰ ਖ਼ੁਦ (ਗੁਰੂ) ਰਾਮ ਸਿੰਘ ਨਾਲੋਂ ਵੀ ਜ਼ਿਆਦਾ ਗਹੁ ਨਾਲ ਸੁਣਿਆਂ ਜਾਂਦਾ ਹੈ।"

ਮੇਲਿਆਂ ਵਿੱਚ ਲੜਾਈ ਝਗੜੇ, ਦੰਗੇ ਫਸਾਦ, ਹੁੱਲੜਬਾਜ਼ੀ, ਹੇਰਾ-ਫੇਰੀ, ਚੋਰੀ ਚਕਾਰੀ ਤੇ ਜੁਰਮ ਆਦਿ ਬਹੁਤ ਹੁੰਦੇ ਹਨ। ਪਰ ਨਾਮਧਾਰੀਆਂ ਦੇ

ਦਿਵਾਲੀ ਦੇ ਮੇਲੇ ਤੇ 20,000 ਤੋਂ ਵੱਧ ਇੱਕਠ ਹੋਣ ਦੇ ਬਾਵਜੂਦ ਵੀ ਕੋਈ ਅਣਸੁਖਾਵੀਂ ਘਟਨਾ ਨਹੀਂ ਸੀ ਵਾਪਰੀ। ਇਹ ਸਤਿਗੁਰੂ ਜੀ ਦੀ ਸੂਝਬੂਝ ਦਾ ਹੀ ਸਿੱਟਾ ਸੀ। ਸੂਬੇ ਉਨ੍ਹਾਂ ਦਾ ਹੁਕਮ ਸੰਗਤ ਤਕ ਪਹੁੰਚਾਉਂਦੇ ਸਨ ਜੋ ਬਿਨਾ ਕਿੰਤੂ ਕੀਤਿਆਂ ਮੰਨਿਆਂ ਜਾਂਦਾ ਸੀ। ਮੈਨਜ਼ਿਸ ਨੇ ਆਪਣੀ ਰਿਪੋਰਟ ਵਿੱਚ ਲਿਖਿਆ,

"ਮੈਂ ਇਸ ਤੋਂ ਵੱਧ ਸਲੀਕੇਦਾਰ, ਅਨੁਸ਼ਾਸਿਤ ਤੇ ਆਗਿਆਕਾਰ ਜਨਸਮੂਹ ਨਾ ਘਟ ਅਪਰਾਧ, ਜਿੰਨੇ ਇਸ ਮੇਲੇ ਦੌਰਾਨ ਹੋਏ, ਕਦੀ ਨਹੀਂ ਵੇਖੇ।"

ਮੈਨਜ਼ਿਸ ਭਾਵੇਂ ਮੇਲੇ ਦੀ ਕਾਰਗੁਜ਼ਾਰੀ ਬਾਰੇ ਪੂਰੀ ਤਰ੍ਹਾਂ ਪ੍ਰਭਾਵਤ ਸੀ। ਕੋਈ ਨੁਕਸ ਉਸ ਨੂੰ ਨਜ਼ਰ ਨਾ ਆਇਆ। ਫਿਰ ਵੀ ਉਸਨੇ ਕੋਈ ਨਾ ਕੋਈ ਘਾਟ ਲਿਖੇ ਬਿਨਾ ਆਪਣੀ ਰਿਪੋਰਟ ਅਧੂਰੀ ਸਮਝੀ। ਇਸ ਕਰਕੇ ਹੀ ਉਸਨੇ ਸਿੱਧਾ ਸਤਿਗੁਰੂ ਜੀ ਤੇ ਚਰਿਤਰਹੀਨ ਹੋਣ ਦਾ ਦੋਸ਼ ਲਾਇਆ।

ਕਿਸੇ ਵੀ ਆਗੂ ਨੂੰ ਬਦਨਾਮ ਕਰਨ ਦਾ ਇਹ ਸਭ ਤੋ ਸੌਖਾ ਤਰੀਕਾ ਹੁੰਦਾ ਹੈ ਕਿ ਉਸ ਦੀ ਚਿੱਟੀ ਚਾਦਰ ਤੇ ਦਾਗ਼ ਲਾ ਦਿਓ। ਇਸ ਤਰ੍ਹਾਂ ਦੇ ਹੋਛੇ ਹੱਥਕੰਡੇ ਪਹਿਲਾਂ ਵੀ ਅਪਣਾਏ ਜਾਂਦੇ ਰਹੇ ਸਨ। ਮਹਾਰਾਜਾ ਰਣਜੀਤ ਸਿੰਘ ਬਾਰੇ ਕਿਹਾ ਗਿਆ ਸੀ ਕਿ ਉਹ ਮਹਾਂ ਸਿੰਘ ਦਾ ਪੁੱਤਰ ਹੀ ਨਹੀਂ। ਮਹਾਰਾਜਾ ਸ਼ੇਰ ਸਿੰਘ ਨੂੰ ਵੀ ਸ਼ੇਰੇ ਪੰਜਾਬ ਦਾ ਪੁੱਤਰ ਨਾ ਹੋਣਾ ਪਰਚਾਰਿਆ ਗਿਆ। ਮਹਾਰਾਣੀ ਚੰਦ ਕੌਰ ਤੇ ਰਾਣੀ ਜਿੰਦਾ ਨੂੰ ਵੀ ਨਾਪਾਕ ਕਹਿ ਕੇ ਲੋਕਾਂ ਦੀਆਂ ਨਜ਼ਰਾਂ ਵਿੱਚ ਡੇਗਿਆ ਗਿਆ। ਸੋ ਇਹ ਤਾਂ ਕਿਸੇ ਨੂੰ ਆਪਣੇ ਪੈਰੋਕਾਰਾਂ ਦੀਆਂ ਨਜ਼ਰਾਂ ਵਿੱਚ ਡੇਗਣ ਦਾ ਹੋਛਾ ਹੱਥਕੰਡਾ ਸੀ।

ਲੋਕ ਆਪਣੇ ਆਗੂ ਨੂੰ ਪਛਾਣਦੇ ਹਨ। ਕਦੀ ਕੋਈ ਕਮਜ਼ੋਰ, ਚਰਿਤਰਹੀਨ, ਡਰਪੋਕ, ਲਾਲਚੀ, ਸਵਾਰਥੀ ਤੇ ਨਾਦਾਨ ਆਗੂ ਆਪਣੀ ਜਥੇਬੰਦੀ ਨੂੰ ਚੜ੍ਹਦੀ ਕਲਾ ਵਲ ਨਹੀਂ ਲੈ ਜਾ ਸਕਦਾ, ਸੱਚ, ਸੁੱਚ, ਸੰਜਮ ਨੂੰ ਸਿਖਾਉਣ ਲਈ ਕੇਵਲ ਪ੍ਰਚਾਰ ਦੀ ਨਹੀਂ ਸਗੋਂ ਅਮਲ ਦੀ ਲੋੜ ਹੁੰਦੀ ਹੈ। ਸੋ ਸਤਿਗੁਰੂ ਜੀ ਦੇ ਉੱਚਾ ਸੁੱਚਾ, ਬੇਲਾਗ ਜੀਵਨ ਬਤੀਤ ਕਰਨ ਦਾ ਹੀ ਸਿੱਟਾ ਸੀ ਕਿ ਲੋਕ ਉਨ੍ਹਾਂ ਦੇ ਹੋ ਰਹੇ ਸਨ। ਨਾਮਧਾਰੀ ਲਹਿਰ ਦਿਨ ਦੁਗਣੀ ਤੇ ਰਾਤ ਚੌਗੁਣੀ ਤਰੱਕੀ ਕਰ ਰਹੀ ਸੀ।

# ਚੜ੍ਹਦੀ ਕਲਾ

ਬਰਤਾਨਵੀ ਸਾਮਰਾਜ ਦੀਆਂ ਜੜ੍ਹਾਂ ਭਾਰਤ ਵਿੱਚ ਬਹੁਤ ਡੂੰਘੀਆਂ ਜਾ ਚੁਕੀਆਂ ਸਨ। ਲੋਕਾਂ ਆਪਣੇ ਆਪ ਨਾਲ ਸਮਝੌਤਾ ਕਰ ਲਿਆ ਸੀ ਅਤੇ ਆਪਣੀ ਅਣਖ ਨੂੰ ਘੋੜੇ ਵੇਚਕੇ ਸੁਆ ਦਿੱਤਾ ਸੀ। ਨਾਮਧਾਰੀ ਲਹਿਰ ਉਨ੍ਹਾਂ ਨੂੰ ਟੁੰਬ ਰਹੀ ਸੀ। ਰਾਜ ਭਗਤ ਥਾਪੜ ਰਹੇ ਸਨ। ਧਾਰਮਕ ਆਗੂ ਤਾਂ ਨਿਘਰ ਗਏ ਸਨ। ਉਨ੍ਹਾਂ ਧਰਮ ਦੀ ਪਰਿਭਾਸ਼ਾ ਵੀ ਬਦਲ ਦਿੱਤੀ ਸੀ ਤੇ ਰਹਿਤ ਮਰਿਆਦਾ ਵੀ। ਖਾਣਾ, ਪੀਣਾ, ਐਸ਼ ਕਰਨਾ, ਉਨ੍ਹਾਂ ਦਾ ਧਰਮ ਸੀ। ਸਰਕਾਰ ਦੇ ਕਹੇ ਉੱਤੇ ਕਿਸੇ ਤੇ ਵੀ ਅਧਰਮੀ ਅਤੇ ਵਿਭਚਾਰੀ ਹੋਣ ਦਾ ਦੂਸ਼ਣ ਲਾਉਣਾ ਉਨ੍ਹਾਂ ਦਾ ਕਰਮ ਸੀ।

ਅਕਾਲ ਤਖ਼ਤ ਦੇ ਪੁਜਾਰੀ ਵੀ ਸਿੱਖੀ ਮਰਿਆਦਾ ਸੰਬੰਧੀ ਗੋਰਿਆਂ ਦੀਆਂ ਉਂਗਲਾਂ ਤੇ ਨੱਚ ਰਹੇ ਸਨ। ਉਨ੍ਹਾਂ ਗੁਰੂ ਰਾਮ ਸਿੰਘ ਜੀ ਵਿਰੁਧ, 'ਸਿੱਖ ਨੌਹੀਂ' ਦਾ ਫਤਵਾ ਲਾ ਦਿੱਤਾ ਸੀ, ਰਾਜ ਸਰਕਾਰ ਦੀ ਖ਼ੁਸ਼ੀ ਲੈਣ ਵਾਸਤੇ। ਇੱਕ ਹੁਕਮਨਾਮਾ ਜਾਰੀ ਕੀਤਾ ਗਿਆ ਕਿ ਆਪ ਸਿੱਖ ਨਹੀਂ, ਆਪ ਦੀ ਜਥੇਬੰਦੀ ਦੇਸ਼ ਕੌਮ ਤੇ ਧਰਮ ਵਿਰੋਧੀ ਹੈ ਸੋ ਕੋਈ ਸਿੱਖ ਆਪ ਨਾਲ ਸਾਂਝ ਨਾ ਰੱਖੇ ਤੇ ਆਪ ਨੂੰ ਗੁਰਦੁਆਰਿਆਂ ਵਿੱਚ ਨਾ ਵੜਨ ਦਿੱਤਾ ਜਾਵੇ। ਇਹ ਹੁਕਮਨਾਮਾ ਸਾਰੇ ਗੁਰਦੁਆਰਿਆਂ ਦੇ ਮਹੰਤਾਂ ਤੇ ਪੁਜਾਰੀਆਂ ਨੂੰ ਭੇਜ ਦਿੱਤਾ ਗਿਆ।

ਉਂਜ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਇਹ ਸਰਕਾਰ ਭਗਤੀ ਦੀ 'ਮਰਿਆਦਾ' ਬਾਅਦ ਵਿੱਚ ਵੀ ਕਾਇਮ ਰੱਖੀ ਸੀ। 1914 ਈ: ਵਿੱਚ ਗਦਰੀ ਬਾਬਿਆਂ ਦੇਸ਼ ਆਜ਼ਾਦ ਕਰਾਉਣ ਲਈ ਤਨ, ਮਨ, ਧਨ ਕੁਰਬਾਨ ਕੀਤਾ ਪਰ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਉਨ੍ਹਾਂ ਵਿਰੁਧ ਫ਼ਤਵਾ ਲਾ ਦਿੱਤਾ। 1919 ਈ: ਮੁਤਾਬਕ 1976 ਬਿਕਰਮੀ ਨੂੰ ਵਸਾਖੀ ਦੇ ਮੌਕੇ ਤੇ ਜਨਰਲ ਡਾਇਰ ਦੇ ਹੁਕਮ ਨਾਲ, ਜਲ੍ਹਿਆਂ ਵਾਲੇ ਬਾਗ਼ ਵਿੱਚ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਗਿਆ। ਹਰ ਦੇਸ਼ ਪ੍ਰੇਮੀ ਤੇ ਮਨੁਖਤਾ ਦੇ ਪੁਜਾਰੀ ਦੇ ਦਿਲ ਤੇ ਸੱਟ ਵੱਜੀ। ਪਰ ਅਕਾਲ ਤਖ਼ਤ ਦੇ ਪੁਜਾਰੀਆਂ ਨੇ ਜਨਰਲ ਡਾਇਰ ਨੂੰ ਸੱਦਿਆ, ਸਰੋਪਾ ਦਿੱਤਾ ਤੇ ਪ੍ਰਸੰਸਾ ਕੀਤੀ।

1867 ਈ: ਦੀ ਦੀਵਾਲੀ ਅੰਮ੍ਰਿਤਸਰ ਮਨਾ ਕੇ ਸਤਿਗੁਰੂ ਜੀ ਹੋਰ ਗੁਰਦੁਆਰਿਆਂ ਦੇ ਦਰਸ਼ਨ ਕਰਨ ਲਈ ਤੁਰੇ। ਆਪ ਨਨਕਾਣਾ ਸਾਹਿਬ ਅਪੜੇ ਪਰ ਪੁਜਾਰੀਆਂ ਨੇ ਹੁਕਮਨਾਮਾ ਮੰਨ ਕੇ ਆਪ ਨਾਲ ਚੰਗਾ ਸਲੂਕ ਨਾ ਕੀਤਾ। ਉੱਥੋਂ ਆਪ ਮਾਝੇ ਨੱਕੇ, ਸਾਂਦਲਬਾਰ, ਵਰਨ ਆਦਿ ਵਲ ਵਧੇ। ਆਪ ਦੇ ਪ੍ਰਚਾਰ ਕਰਕੇ ਵਿਰਕ, ਝਬਰ ਤੇ ਵਰਨ ਨਾਮਧਾਰੀ ਬਣੇ। ਚੂਹੜਕਾਣੇ ਤੋਂ ਹੁੰਦੇ ਹੋਏ ਆਪ ਵਾਪਸ ਭੈਣੀ ਸਾਹਿਬ ਪਹੁੰਚੇ।

ਆਪ ਨੇ ਸੂਬਿਆਂ ਨੂੰ ਤੇਜ਼ ਗਤੀ ਨਾਲ ਪ੍ਰਚਾਰ ਕਰਨ ਦਾ ਹੁਕਮ ਦਿੱਤਾ। ਕੁਝ ਹੋਰ ਪ੍ਰਭਾਵਸ਼ਾਲੀ ਜਥੇਦਾਰ ਵੀ ਜਥੇਬੰਦਕ ਪ੍ਰਚਾਰ ਕਰਨ ਲੱਗੇ। ਪਿਸ਼ਾਵਰ ਅਤੇ ਹਰੀਪੁਰ ਹਜ਼ਾਰੇ ਦੇ ਇਲਾਕੇ ਵਿੱਚ ਕਨ੍ਹਈਆ ਸਿੰਘ, ਡੇਰਾ ਬਾਬਾ ਨਾਨਕ ਵਿਖੇ ਬਾਬਾ ਜਗਤ ਸਿੰਘ, ਰਾਵਲਪਿੰਡੀ ਭਾਈ ਕਾਹਨ ਸਿੰਘ, ਜ਼ਿਲ੍ਹਾ ਗੁਜਰਾਂਵਾਲਾ ਵਿੱਚ ਬਾਬਾ ਜਮੀਅਤ ਸਿੰਘ ਅਤੇ ਮਿੰਟਗੁਮਰੀ ਵਿੱਚ ਬਾਬਾ ਮਾਹਲਾ ਸਿੰਘ ਜੇਠੂ ਪੁਰੇ ਵਾਲਿਆਂ ਅਸਰਦਾਰ ਤਰੀਕੇ ਨਾਲ ਨਾਮਧਾਰੀਆਂ ਦੀ ਗਿਣਤੀ ਵਧਾਉਣੀ ਸ਼ੁਰੂ ਕੀਤੀ।

ਸੰਨ 1867 ਈ: ਦੇ ਅਖ਼ੀਰ ਵਿੱਚ ਸਤਿਗੁਰਾਂ ਮਾਲਵੇ ਦਾ ਦੌਰਾ ਕੀਤਾ। ਆਪ ਰਾਮਪੁਰ, ਗੁੜਥੁੜੀ, ਲੰਡਾ ਬੁਆਣੀ, ਖਟੜੇ, ਸੰਗੋਵਾਲ ਪਿੰਡਾਂ ਵਿੱਚ ਗੁਰਮੰਤਰ ਦੇਂਦੇ ਸਿਆੜ ਪਹੁੰਚੇ। ਇਥੋਂ ਰਸ਼ੀਨ, ਲਤਾਲ ਰਾਹੀਂ ਜੜਤੌਲੀ, ਉਥੋਂ ਡੇਹਲੋਂ ਰਾਏ ਪੁਰ, ਲੋਹਗੜ੍ਹ ਤੇ ਦੋਹਾਂ ਨੰਗਲਾਂ ਵਿੱਚ ਪਰਚਾਰ ਕੀਤਾ। ਅੱਗੇ ਆਪ ਗੁਜਰਵਾਲ ਨੰਗਲੀ ਪਖੋਵਾਲ, ਬੁਰਜ, ਬੱਸੀਆਂ, ਬੋਪਾਰਾਏ, ਹਠੂਰ, ਝੋਰੜਾਂ, ਛੀਨੀਵਾਲ ਤੋਂ ਹੁੰਦੇ ਹੋਏ ਰਾਏਸਰ, ਚੰਨਣਵਾਲ, ਨਾਈਵਾਲ, ਬਰਨਾਲਾ, ਹੰਢਿਆਇਆ, ਫਰਵਾਹੀ, ਕਰਮਗੜ੍ਹ, ਮੂਮਾਂ, ਗਹਿਲਾਂ, ਟੱਲੇਵਾਰ, ਤਖ਼ਤੂਪੁਰਾ ਗਏ। ਉੱਥੇ ਡਾਕਟਰ ਸ਼ੇਰ ਸਿੰਘ ਤੇ ਉਸ ਦੇ ਮਾਤਾ ਪਿਤਾ ਭਜਨ ਪੁੱਛਣ ਵਾਲੇ ਮਹਤਵਪੂਰਨ ਵਿਅਕਤੀ ਸਨ।

ਆਪ ਨੇ ਪ੍ਰਚਾਰ ਲਈ ਮੁੱਖ ਤੌਰ ਤੇ ਪਿੰਡ ਹੀ ਚੁਣੇ ਕਿਉਂਕਿ ਪਿੰਡਾਂ ਦੇ ਲੋਕਾਂ ਦੀ ਸਾਫ਼ ਸਲੇਟ ਤੇ ਲਿਖਣਾ ਸੌਖਾ ਹੁੰਦਾ ਹੈ। ਹੋਰ ਅੱਗੇ ਆਪ, ਲੋਪੋ, ਸੈਂਦੇ ਬਧਣੀ, ਖੋਟੇ, ਨੰਗਲ, ਛਜਾ ਵਾਲ, ਧੂੜ ਕੋਟ, ਭਦੌੜ, ਕੋਠਾ ਗੁਰੂ ਕਾ, ਬੁਰਜ, ਰੋਡੇ, ਲੰਡੇ, ਢਿਲਵਾਂ, ਮੌੜ, ਮਰਾਜ, ਫੂਲ, ਪਿਥੋ ਮੰਡੀ ਆਦਿ ਪਿੰਡਾਂ ਦਾ ਦੌਰਾ ਕਰਦੇ ਫ਼ਿਰੋਜ਼ਪੁਰ ਪਹੁੰਚੇ। ਘਣੀਆਂ ਬਾਜਾਂ ਤੇ ਅਬਲੂ ਜਾ ਕੇ ਵੀ ਆਪ ਨੇ ਲੋਕਾਂ ਨੂੰ ਆਪਣਾ ਮੂਲ ਪਛਾਨਣ ਲਈ ਤਿਆਰ ਕੀਤਾ।

1868 ਈ: ਦੀ ਮਾਘੀ, ਮੁਤਾਬਕ 1924 ਬਿਕਰਮੀ ਦਾ ਮੇਲਾ ਆਪ ਨੇ ਮੁਕਤਸਰ ਕੀਤਾ। ਆਪ ਪਰਸਾਦ ਲੈ ਕੇ ਗੁਰਦੁਆਰੇ ਗਏ ਤਾਂ ਪੁਜਾਰੀਆਂ ਨਾ ਭੇਟਾ ਲਈ ਨਾ ਅਰਦਾਸਾ ਕੀਤਾ ਸਗੋਂ ਮੱਥਾ ਟੇਕਣ ਵੀ ਨਾ ਜਾਣ ਦਿੱਤਾ ਤੇ

ਕਿਹਾ ਤਨਖ਼ਾਹ ਲੁਆਉ, ਤਨਖ਼ਾਹ ਵਜੋਂ ਮੰਗਲ ਸਿੰਘ ਮਹੰਤ ਨੇ ਸਰੋਵਰ ਪੱਕਾ ਕਰਵਾ ਕੇ ਦੇਣ ਤੇ ਨੀਲਾ ਪਟਕਾ ਬੰਨ੍ਹਣ ਦੀ ਸ਼ਰਤ ਰੱਖੀ। ਆਪ ਨੇ ਸਰੋਵਰ ਪੱਕਾ ਕਰਵਾਉਣ ਦੀ ਸ਼ਰਤ ਮੰਨਣ ਤੋਂ ਇਨਕਾਰ ਕੀਤਾ ਪਰ ਨੀਲਾ ਪਟਕਾ ਸੀਸ ਤੇ ਰੱਖ ਲਿਆ। ਕੋਲੋਂ ਤਪਾ ਸਿੰਘ ਨਿਹੰਗ ਨੇ ਤਨਖ਼ਾਹ ਜ਼ਰੂਰ ਲੁਆਉਣ ਲਈ ਅੜੀ ਕੀਤੀ ਤਾਂ ਸਤਿਗੁਰਾਂ ਨੀਲਾ ਪਟਕਾ ਵੀ ਲਾਹ ਕੇ ਲੀਰੋ ਲੀਰ ਕਰ ਦਿੱਤਾ। ਲੋਕਾਂ ਸਾਹਵੇਂ ਮਹੰਤ ਤੇ ਨਿਹੰਗ ਦਾ ਪਾਜ ਉਘੜ ਗਿਆ। ਨਿਹੰਗ ਤਪਾ ਸਿੰਘ ਨੂੰ ਉਦੋਂ ਧਰਤੀ ਵਿਹਲ ਨਹੀਂ ਸੀ ਦੇਂਦੀ ਜਦੋਂ ਉਸ ਦੀ ਚਰਿੱਤਰਹੀਨਤਾ ਸਾਹਮਣੇ ਆ ਗਈ ਕਿ ਉਹ ਇੱਕ ਮਜ਼੍ਹਬਣ ਨਾਲ ਰਲਿਆ ਹੋਇਆ ਸੀ। ਉਸ ਦੇ ਦਲ ਨੇ ਵੀ ਉਸ ਨੂੰ ਛੇਕ ਦਿੱਤਾ ਸੀ।

ਕੋਟਵਾਲ ਦਾ ਥਾਣੇਦਾਰ ਹਾਲਾਤ ਦੀ ਨਿਗ੍ਹਾਬਾਨੀ ਰਖਣ ਲਈ ਆਇਆ ਹੋਇਆ ਸੀ। ਗੁਪਤਚਰ ਵਿਭਾਗ ਵੀ ਸਤਿਗੁਰੂ ਜੀ ਦੇ ਦੌਰੇ ਦੀ ਰਿਪੋਰਟ ਰੱਖ ਰਿਹਾ ਸੀ। ਸਤਿਗੁਰੂ ਜੀ ਦੇ ਪਹਿਲਾਂ ਵਾਂਗ ਬਾਹਰ ਹੀ ਅਰਦਾਸ ਕਰਕੇ ਪ੍ਰਸਾਦ ਵਰਤਾ ਦਿੱਤਾ।

ਮੁਕਤਸਰੋਂ ਚੀਨੀ ਵਾਲੇ ਪਾਤਸ਼ਾਹ ਰੁਪਾਣੇ, ਥਰਾਜ ਵਾਲੇ, ਕੁਰਾਈਵਾਲ, ਲਕੜਵਾਲੀ, ਖ਼ੂਨਣਾ, ਦੂਹੇਵਾਲ, ਜੰਡਵਾਲੀ ਸੁਆਗ ਤੇ ਬਲ੍ਹੂਆਣਿਓਂ ਹੁੰਦੇ ਹੋਏ ਮਲੋਟ ਗਏ।

ਗੱਦਾਂਡੋਬ ਦੇ ਸ੍ਰ. ਸਦਾ ਸਿੰਘ ਤੇ ਸੁੰਦਰ ਸਿੰਘ ਵੀ ਨਾਮਧਾਰੀ ਸੱਜ ਗਏ। ਉਥੋਂ ਆਪ ਵੱਡ ਤੀਰਥ, ਦੰਦੀ ਵਾਲ, ਥਰਾਜ ਤੇ ਨਾਲ ਲੱਗਦੇ ਹੋਰ ਪਿੰਡਾਂ ਵਿੱਚ ਦੌਰਾ ਕਰਦੇ ਰਹੇ। ਆਪ ਨਾਲ ਹੀਰਾ ਸਿੰਘ, ਲਹਿਣਾ ਸਿੰਘ, ਅਨੂਪ ਸਿੰਘ, ਭਾਗ ਸਿੰਘ ਤੇ ਨੰਦ ਸਿੰਘ ਆਦਿ ਮਸਤਾਨੇ ਵੀ ਸਨ। ਇਹੀ ਮਸਤਾਨੇ ਬਾਅਦ ਵਿੱਚ ਤੋਪਾਂ ਅੱਗੇ ਉੱਡੇ ਸਨ। ਇਨ੍ਹਾਂ ਆਪਣੇ ਜਥੇ ਦਾ ਨਾਂ "ਸ਼ਹੀਦੀ ਜਥਾ" ਰੱਖਿਆ ਹੋਇਆ ਸੀ। ਇਹ ਮਸਤਾਨੇ ਸੁਧ ਬੁਧ ਭੁਲਕੇ, ਸ਼ਬਦ ਸੁਰਤ ਵਿੱਚ ਲੀਨ ਰਹਿੰਦੇ ਸਨ। ਬੇ-ਪਰਵਾਹ, ਨਾ ਜੀਣ ਦਾ ਚਾਅ ਨਾ ਮੌਤ ਦਾ ਭੈ। ਇਹ ਸਦਾ ਜਥੇਦਾਰਾਂ ਤੇ ਸੂਬਿਆਂ ਨੂੰ ਪੂਜਾ ਦਾ ਧਾਨ ਖਾਣੋ ਵਰਜਦੇ ਰਹਿੰਦੇ ਸਨ।

ਸਤਿਗੁਰੂ ਜੀ ਥਰਾਜ ਤੋਂ ਨੰਗਰ ਨੂੰ ਚਲ ਪਏ। ਬਹੁਤ ਸਾਰੇ ਸ਼ਰਧਾਲੂ ਵੀ ਖੁਲ੍ਹੇ ਦੀਦਾਰ ਕਰਦੇ ਨਾਲ ਹੀ ਤੁਰ ਪਏ। ਇੱਕ ਛੋਟੀ ਜਹੀ ਵਹੀਰ ਹੀ ਬਣ ਗਈ। ਇਸ ਵਿੱਚ ਸ਼ਰਧਾਵਾਨ ਇਸਤਰੀਆਂ ਵੀ ਸਨ। ਸਾਰੇ ਸ਼ਬਦ ਪੜ੍ਹਕੇ ਜਾਂ ਭਜਨ ਕਰਦੇ ਵਾਹੋਦਾਹੀ ਸਫ਼ਰ ਮੁਕਾ ਰਹੇ ਸਨ। ਇਸਤਰੀਆਂ ਦਾ ਜਥਾ ਕੁਝ ਪਿੱਛੇ ਆ ਰਿਹਾ ਸੀ। ਸੂਬਾ ਗਿਆਨੀ ਰਤਨ ਸਿੰਘ ਮੰਡੀ ਵਾਲੇ ਦਾ ਭਰਾ ਹਰਨਾਮ ਸਿੰਘ ਕੰਨ੍ਹ ਉਨ੍ਹਾਂ ਦੇ ਨਾਲ ਤੁਰਿਆ ਆ ਰਿਹਾ ਸੀ। ਮਸਤਾਨਿਆਂ ਉਸ

ਨੂੰ ਵੇਖਿਆ, ਟੋਕਿਆ ਤੇ ਇਸਤਰੀਆਂ ਨਾਲ ਤੁਰਨ ਤੋਂ ਰੋਕਿਆ। ਦੋ ਤਿੰਨ ਵਾਰ ਕਹਿਣ ਦਾ ਵੀ ਉਸ ਅਸਰ ਨਾ ਕਬੂਲਿਆ ਸਗੋਂ ਅਗੋਂ ਕੁਝ ਦਾ ਕੁਝ ਬੋਲਿਆ ਤਾਂ ਮਸਤਾਨਿਆਂ ਨੇ ਰਸਤੇ ਵਿੱਚ ਹੀ ਫੜਕੇ ਉਸਦੀ ਖ਼ੂਬ 'ਸੇਵਾ' ਕੀਤੀ। ਉਸੇ ਵੇਲੇ ਹੀ ਦੂਜਿਆਂ ਸਿੱਖਾਂ ਵੇਖਿਆ ਤੇ ਭੱਜ ਕੇ ਛੁਡਾ ਦਿੱਤਾ। ਸਭ ਨੂੰ ਮਸਤਾਨਿਆਂ ਦੀ ਇਹ ਹਰਕਤ ਬੜੀ ਚੁਭੀ। ਨੰਗਲ ਪਹੁੰਚਦਿਆਂ ਹੀ ਸੂਬਿਆਂ ਨੇ ਮਸਤਾਨਿਆਂ ਦੀ ਸ਼ਿਕਾਇਤ ਸਤਿਗੁਰਾਂ ਅੱਗੇ ਕੀਤੀ।

ਮਸਤਾਨੇ ਸਭ ਤੋਂ ਵਖਰੇ ਢਾਬ ਤੇ ਉਤਾਰਾ ਕਰੀ ਬੈਠੇ ਸਨ। ਉਹ ਮਸਤੀ ਵਿੱਚ ਝੂਮ ਰਹੇ ਸਨ। ਕੋਈ ਗਲਾਸ ਵਜਾ ਰਿਹਾ ਸੀ ਕੜੇ ਨਾਲ, ਕੋਈ ਉੱਚੀ ਗਾਹਨਾ ਪੜ੍ਹ ਰਿਹਾ ਸੀ, "ਭਜੇ ਜਾਂਦੇ ਨੇ ਫਿਰੰਗੀ ਵਜਣ ਘੁੰਗਰੂ।" ਸਤਿਗੁਰੂ ਉਨ੍ਹਾਂ ਕੋਲ ਗਏ ਤਾਂ ਉਹ ਹੋਰ ਵੀ ਰੰਗ ਵਿੱਚ ਹੋ ਗਏ। ਸਤਿਗੁਰਾਂ ਗੁੱਸੇ ਨਾਲ ਸਭ ਨੂੰ ਨੱਚਣਾ ਕੁੱਦਣਾ ਬੰਦ ਕਰਕੇ ਇਕ ਕਤਾਰ ਵਿੱਚ ਖੜੇ ਹੋਣ ਦਾ ਆਦੇਸ਼ ਦਿੱਤਾ। ਮਸਤਾਨੇ ਫੌਰਨ ਕਤਾਰ ਵਿੱਚ ਖੜ੍ਹੇ ਹੋ ਗਏ। ਸਤਿਗੁਰਾਂ, ਗੁੱਸੇ ਵਿੱਚ ਆਕੇ ਸਭ ਨੂੰ ਡਾਂਗ-ਸੋਟੇ ਨਾਲ ਕੁੱਟਿਆ-ਮਾਰਿਆ। ਉਨ੍ਹਾਂ ਰੰਗ ਰੱਤੜਿਆਂ ਨੇ ਸੀ ਨਾ ਕੀਤੀ ਸਗੋਂ ਜਦੋਂ ਇੱਕ ਪਾਸੇ ਡਾਂਗ ਪੈਂਦੀ ਤਾਂ ਦੂਜਾ ਪਾਸਾ ਅਗੇ ਕਰਕੇ ਆਖਦੇ, "ਸੱਚੇ ਪਾਤਸ਼ਾਹ! ਇਸ ਪਾਸੇ ਦੇ ਪਾਪ ਵੀ ਝਾੜ ਦਿਓ।"

ਸਤਿਗੁਰੂ ਜੀ ਉਨ੍ਹਾਂ ਨੂੰ ਕੁੱਟ ਕੇ ਹਟੇ ਤਾਂ ਸਿੱਖਾਂ ਨੂੰ ਇਹ ਹੁਕਮ ਕਰ ਦਿੱਤਾ ਕਿ ਕੋਈ ਮਸਤਾਨਿਆਂ ਨੂੰ ਅੰਨ ਪਾਣੀ ਨਾ ਦੇਵੇ। ਕਿਸੇ ਸਿੱਖ ਨੇ ਵੀ ਹੁਕਮ ਅਦੂਲੀ ਨਾ ਕੀਤੀ। ਨੰਗਲ ਤੋਂ ਸਤਿਗੁਰੂ ਜੀ ਜਥੇ ਸਮੇਤ ਕੋਟਲੀ, ਹਲਕਿਆਂ ਵਾਲੀ, ਕਸਾਈ ਵਾੜੇ ਗਏ। ਇਸ ਪਿੰਡ ਦਾ ਨਾਂ ਬਦਲ ਕੇ ਕਰਤਾਰਗੜ੍ਹ ਰੱਖ ਦਿੱਤਾ। ਬਿਸਵੇਦਾਰ ਗੁਰਦਿਤ ਸਿੰਘ ਨੇ ਸੰਗਤ ਲਈ ਲੰਗਰ ਤਿਆਰ ਕਰਵਾਇਆ। ਸਾਰੀ ਸੰਗਤ਼ ਨੇ ਭਰ ਪੇਟ ਛਕਿਆ। ਸਤਿਗੁਰੂ ਜੀ ਨੇ ਭੋਰਾ ਨਾ ਛਕਿਆ। ਜਦ ਆਪ ਨੂੰ ਲੰਗਰ ਛਕਣ ਨਹੀਂ ਆਜਜ਼ੀ ਨਾਲ ਅਰਜ਼ ਬੇਨਤੀ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਗਲਾ ਪੱਕਿਆ ਹੋਇਆ ਸੀ ਫਿਰ ਵੀ ਲੰਗਰ ਛਕਣ ਲਈ ਹਾਂ ਕਰ ਦਿੱਤੀ ਪਰ ਭਰੇ ਗਲੇ ਨਾਲ ਪਹਿਲਾਂ ਮਸਤਾਨਿਆਂ ਨੂੰ ਛਕਾਉਣ ਲਈ ਕਿਹਾ। ਕਿਉਂਕਿ ਜਦੋਂ ਦਾ ਆਪ ਨੇ ਮਸਤਾਨਿਆਂ ਨੂੰ ਅੰਨ ਪਾਣੀ ਨਾ ਪੁਛਣ ਦਾ ਹੁਕਮ ਦਿੱਤਾ ਸੀ ਆਪ ਵੀ ਸੁੱਚੇ ਮੂੰਹ ਹੀ ਸਨ। ਕਿਰਪਾਲ ਸਿੰਘ ਤੀਰ ਦੇ ਸ਼ਬਦਾਂ ਵਿੱਚ:

"ਤੀਰ ਇਹ ਹੈ ਪਿਆਰ ਦੀ ਉੱਚ ਝਾਕੀ,
ਲੇਸ ਇਸ ਵਿਚ ਦੁਨੀਆਂ ਦੇ ਰੰਗ ਦੀ ਨਹੀਂ।
ਸਿੱਖ ਅੰਨ ਦੇ ਬਿਨਾ ਜੇ ਰਹੇ ਭੁੱਖਾ,
ਬੁਰਕੀ ਸਤਿਗੁਰੂ ਦੇ ਮੂੰਹੋਂ ਲੰਘਦੀ ਨਹੀਂ।"

ਸਿੱਖ ਸੰਗਤਾਂ ਨੂੰ ਦਰਸ਼ਨ ਦੀਦਾਰ ਦੇਂਦੇ ਨਾਮਧਾਰੀਆਂ ਸਿੱਖਾਂ ਦੀ ਗਿਣਤੀ ਵਿੱਚ ਵਾਧਾ ਕਰਦੇ ਹੋਏ ਲਗਭਗ ਸਾਰੇ ਮਾਲਵੇ ਦਾ ਦੌਰਾ ਕਰਕੇ ਆਪ ਸ੍ਰੀ ਭੈਣੀ ਸਾਹਿਬ ਪਹੁੰਚੇ।

ਇੱਕ ਪਾਸੇ ਨਾਮਧਾਰੀ ਲਹਿਰ ਨੂੰ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਸੀ ਦੂਜੇ ਪਾਸੇ ਕੁਝ ਲੋਕ ਸਰਕਾਰ ਪ੍ਰਤੀ ਆਪਣੀ ਵਫ਼ਾਦਾਰੀ ਦਾ ਸਬੂਤ ਦੇਣ ਲਈ ਸਰਕਾਰੇ ਦਰਬਾਰੇ ਚਿੱਠੀਆਂ ਲਿਖ ਰਹੇ ਸਨ, ਇਸ ਲਹਿਰ ਬਾਰੇ। ਦੋਰਾਹਾ ਦੇ ਸਟੇਸ਼ਨ ਮਾਸਟਰ ਡਾਨਵਾਨ ਨੇ 9 ਸਤੰਬਰ 1868 ਈ: ਅਤੇ 30 ਸਤੰਬਰ 1868 ਈ: ਨੂੰ ਭਾਰਤ ਦੇ ਵਾਇਸ ਰਾਏ ਜੌਹਨ ਲਾਰੰਸ ਨੂੰ ਇਨ੍ਹਾਂ ਵਿਚਾਰਾਂ ਦੀਆਂ ਚਿਠੀਆਂ ਲਿਖੀਆਂ,

"ਮੇਰੀ ਭੇਜੀ ਖ਼ਬਰ ਬਿਲਕੁਲ ਸੱਚੀ ਹੈ ਕਿਉਂਕਿ ਜਿਸ ਨੇ ਮੈਨੂੰ ਖ਼ਬਰ ਦੱਸੀ ਹੈ ਉਹ ਆਪ ਨਾਮਧਾਰੀ ਹੀ ਨਹੀਂ ਸਗੋਂ ਸੂਬਾ ਹੈ। ਗੁਰੂ ਰਾਮ ਸਿੰਘ ਦਾ ਪੈਰੋਕਾਰ ਹੈ। (ਗੁਰੂ) ਰਾਮ ਸਿੰਘ ਨੇ ਭਾਸ਼ਨ ਦਿੱਤੇ ਹਨ ਕਿ ਈਸਾਈ ਨੀਵੀਂ ਜ਼ਾਤ ਦੇ ਵਿਦੇਸ਼ੀ ਹਨ। ਅਸਾਂ ਉਚਿਆਂ ਨੀਵਿਆਂ, ਅਮੀਰਾਂ ਗ਼ਰੀਬਾਂ ਰਲ ਕੇ ਉਨ੍ਹਾਂ ਨੂੰ ਬੜਾ ਦੁਖ ਦੇਣ ਤੇ ਭਾਰਤ ਭੂਮੀ ਵਿਚੋਂ ਬਾਹਰ ਕਢਣ ਦਾ ਤਹਈਆ ਕੀਤਾ ਹੈ। ਗੋਰੇ ਲੋਕ ਸਚਮੁਚ ਹੀ ਗਾਂ ਮਾਰਦੇ ਤੇ ਖਾਂਦੇ ਹਨ। ਉਸ ਦੇ ਨਵੇਂ ਸਿਧਾਂਤ ਬੀੜੀ ਸਿਗਰਟ ਨਾ ਪੀਣ, ਝੂਠ ਨਾ ਬੋਲਣ, ਸ਼ਰਾਬ ਅਤੇ ਨਿਰਦੈਤਾ ਤੋਂ ਬਚਣ ਬਾਰੇ ਹਨ ਜੋ ਅੰਧ ਵਿਸਵਾਸ਼ ਹੈ। ਦੇਸ਼ ਵਿੱਚ ਬੜਾ ਭਾਰੀ ਖ਼ਤਰਾ ਹੈ। ਇਨ੍ਹਾਂ ਨੂੰ ਫਾਸੀ ਲਾ ਦਿਓ।"

ਕੋਈ ਸੂਬਾ ਡਾਨਵਾਨ ਨੂੰ ਕਿਥੇ, ਕਦੋਂ, ਕਿਵੇਂ ਤੇ ਕਿਉਂ ਮਿਲਿਆ ਇਸ ਬਾਰੇ ਰਿਪੋਰਟ ਵਿਚੋਂ ਕੁਝ ਨਹੀਂ ਮਿਲਦਾ। ਇੰਜ ਲਗਦਾ ਹੈ ਕਿ ਇਹ ਰਿਪੋਰਟ ਵਾਇਸਰਾਏ ਦੀਆਂ ਨਜ਼ਰਾਂ ਵਿੱਚ ਚੰਗਾ ਤੇ ਵਫ਼ਾਦਾਰ ਬਣਨ ਲਈ ਲਿਖੀ ਗਈ ਸੀ ਤਾਕਿ ਚੰਗਾ ਇਨਾਮ ਮਿਲ ਸਕੇ।

1868 ਈ: ਦੀ ਕੂਕਾ ਲਹਿਰ ਬਾਰੇ ਸਾਲਾਨਾ ਰਿਪੋਰਟ ਡਾਨਵਾਨ ਦੀ ਰਿਪੋਰਟ ਦੇ ਬਿਲਕੁਲ ਉਲਟ ਹੈ। ਉਸ ਦਾ ਸਾਰ ਕੁਝ ਇਸ ਤਰ੍ਹਾਂ ਹੈ।

"ਕੂਕਾਪੁਣੇ ਦਾ ਪਤਨ ਹੋਇਆ। ਇਸ ਸਾਲ ਵਿੱਚ ਕਿਤੇ ਮੜ੍ਹੀਆਂ ਨਹੀਂ ਢਾਹੀਆਂ ਗਈਆਂ। ਰਾਮ ਸਿੰਘ ਤੋਂ ਚੌਕਸੀ 1866 ਈ: ਵਿੱਚ ਹਟਾਈ ਗਈ ਸੀ। ਲੋਕਾਂ ਵਿੱਚ ਘੁਲ ਮਿਲ ਜਾਣ ਕਰਕੇ ਰਾਮ ਸਿੰਘ ਦੀ ਪ੍ਰਸਿਧੀ ਘਟ ਗਈ ਸੀ। ਕੂਕਿਆਂ ਦੇ ਤਜਰਬੇ ਕਰਕੇ ਰਾਮ ਸਿੰਘ ਦੀਆਂ ਕਰਾਮਾਤਾਂ ਦਾ ਵਿਸ਼ਵਾਸ ਬਦਲ ਗਿਆ ਸੀ। ਇੱਕ ਪਾਰਖੂ ਨੇ ਕੁਝ ਕਪੜੇ ਲੁਕਾ ਦਿੱਤੇ ਉਹ (ਗੁਰੂ ਰਾਮ ਸਿੰਘ) ਤਿੰਨ ਦਿਨ ਪ੍ਰੇਸ਼ਾਨ ਰਿਹਾ। ਹੁਸ਼ਿਆਰਪੁਰ ਅਤੇ ਅੰਮ੍ਰਿਤਸਰ ਜ਼ਿਲ੍ਹਿਆਂ ਦੇ ਪਵਿਤਰ ਗੁਰਧਾਮਾਂ ਦੀ ਯਾਤਰਾ ਦਾ ਆਪ ਦਾ ਇਹ ਉਦੇਸ਼ ਸੀ ਕਿ ਸਿੱਖ

ਸਿਆਣੀਆ ਆਪ ਨੂੰ ਗੁਰੂ ਮੰਨ ਲੈਣਗੇ ਪਰ ਨਿਰਾਸ਼ਾ ਹੋਈ ਕਿਉਂਕਿ ਪੁਜਾਰੀਆਂ ਜਾਣੀ ਨਾਲ ਵਿਰੋਧ ਕੀਤਾ। ਸਮਾਂ ਪਾ ਕੇ ਹਰ ਲਹਿਰ ਢਿਲੀ ਪੈ ਸਕਦੀ ਹੈ। ਵੱਡੀ ਜਾਣੀਦੀ ਹੋਣ ਕਰਕੇ ਉਸ ਵਿੱਚ ਅਨੁਸ਼ਾਸਨਹੀਨਤਾ ਤੇ ਚਰਿੱਤਰਹੀਨਤਾ ਆ ਜੀ ਜਾਂਦੀ ਹੈ। ਰਾਮ ਸਿੰਘ ਦੀ ਲੜਕੀ ਰਾਮ ਦੇਵੀ ਨੂੰ ਉਸ ਦੇ ਪਤੀ ਨੇ ਚਰਿੱਤਰਹੀਨ ਹੋਣ ਕਰਕੇ ਕਤਲ ਕਰ ਦਿੱਤਾ ਤੇ ਕਾਹਨ ਸਿੰਘ ਹੁਸ਼ਿਆਰਪੁਰ ਦੇ ਪੁਲ ਨੂੰ ਜ਼ਖ਼ਮੀ ਕਰ ਦਿੱਤਾ। ਉਹ ਰਾਮ ਸਿੰਘ ਨੂੰ ਵੀ ਮਾਰ ਸਕਦਾ ਸੀ। ਉਸ ਨੂੰ ਜੁਲਾਈ 1868 ਈ: ਵਿੱਚ ਫਾਂਸੀ ਦਿੱਤੀ ਗਈ। ਚੰਦੋ ਇੱਕ ਇਸਤਰੀ ਪ੍ਰਚਾਰਕ ਗੰਡਾ ਸਿੰਘ ਨਾਂ ਦੇ ਤਰਖਾਣ ਨਾਲ ਨੱਸ ਗਈ। ਚਰਿੱਤਰਹੀਨ ਹੋਣ ਕਰਕੇ ਜਵਾਹਰ ਸਿੰਘ ਤੇ ਗੰਡਾ ਸਿੰਘ ਨੇ ਉਸ ਨੂੰ ਪਾਰ ਬੁਲਾਇਆ। ਜਵਾਹਰ ਸਿੰਘ ਨੂੰ ਵੀ ਫਾਂਸੀ ਦਿੱਤੀ ਗਈ। ਗੰਡਾ ਸਿੰਘ ਅਜੇ ਭਗੌੜਾ ਹੈ। ਸੂਬਾ ਭਾਗ ਸਿੰਘ ਘਿਨਾਉਣੇ ਤੇ ਭਿਆਨਕ ਰੋਗ ਕਾਰਨ ਮਰ ਗਿਆ। ਲੋਕਾਂ ਅੰਧ ਵਿਸ਼ਵਾਸ ਕਰਕੇ ਕਿ ਕੂਕੇ ਬਣਨ ਨਾਲ ਭਿਆਨਕ ਬਿਮਾਰੀਆਂ ਲੱਗ ਜਾਂਦੀਆਂ ਹਨ, ਕੂਕੇ ਬਣਨਾ ਛੱਡ ਦਿੱਤਾ। ਲੋਕਾਂ ਵਿੱਚ ਰਾਮ ਸਿੰਘ ਦਾ ਜੋ ਥਾਂ ਡਿੱਗ ਚੁੱਕਾ ਹੈ, ਉਸ ਦੀ ਉਸ ਨੂੰ ਫਿਰ ਪ੍ਰਾਪਤ ਕਰਨ ਦੀ ਸੰਭਾਵਨਾ ਹੈ।"

ਉੱਤੇ ਦਿੱਤੀ ਸਾਰੰਸ਼ ਵਾਲੀ ਰਿਪੋਰਟ ਕੇਵਲ ਸਰਕਾਰੀ ਕਾਰਵਾਈ ਹੀ ਲੱਗਦੀ ਹੈ। ਜੇ ਕੂਕਿਆਂ ਦੇ ਵਧਣ ਫੁਲਣ ਬਾਰੇ ਸਹੀ ਸਹੀ ਲਿਖ ਦੇਣ ਤਾਂ ਆਪਣੇ ਤੇ ਜ਼ਿੰਮੇਵਾਰੀ ਆਉਣ ਤੇ ਕਮਜ਼ੋਰ ਪ੍ਰਸ਼ਾਸਨ ਹੋਣ ਦਾ ਦੂਸ਼ਨ ਲੱਗਦਾ ਸੀ। ਪਰ ਰਿਪੋਰਟ ਵਿਚਲਾ ਖੋਖਲਾਪਨ ਲੁਕਿਆ ਨਹੀਂ ਰਹਿੰਦਾ।

ਨਾਮਧਾਰੀ ਲਹਿਰ ਦਾ ਮੰਤਵ ਕਬਰਾਂ ਤੇ ਗੋਰਾਂ ਢਾਹੁਣਾ ਨਹੀਂ ਸੀ। ਸਗੋਂ ਸਿੱਖਾਂ ਨੂੰ ਆਪਣੇ ਧਰਮ ਕਰਮ ਵਿੱਚ ਕਾਇਮ ਕਰਨਾ ਤੇ ਦੇਸ਼ ਭਗਤੀ ਦੀ ਭਾਵਨਾ ਪੈਦਾ ਕਰਨਾ ਸੀ। ਕਦੀ ਕੋਈ ਲੋਕਾਂ ਦਾ ਬੰਦਾ ਲੋਕਾਂ ਨਾਲ ਘੁਲ ਮਿਲ ਕੇ ਪ੍ਰਸਿਧੀ ਨਹੀਂ ਗੁਆ ਬੈਠਦਾ ਸਗੋਂ ਹੋਰ ਹਰਮਨ ਪਿਆਰਾ ਹੁੰਦਾ ਹੈ। ਉਸ ਨੂੰ ਆਪਣੇ ਵਿਚੋਂ ਹੀ ਅਤੇ ਆਪਣੇ ਦੁੱਖ ਦਰਦ ਦਾ ਸਾਥੀ ਸਮਝਿਆ ਜਾਂਦਾ ਹੈ। ਗੁਰੂ ਰਾਮ ਸਿੰਘ ਜੀ ਵੀ ਲੋਕਾਂ ਨਾਲੋਂ ਵਿੱਥ ਤੇ ਰਹਿਣਾ ਚੰਗਾ ਨਹੀਂ ਸਨ ਸਮਝਦੇ। ਸੋ ਲੋਕਾਂ ਦੀ ਉਨ੍ਹਾਂ ਉੱਤੇ ਸ਼ਰਧਾ ਵਧੀ ਸੀ। ਭਲਾ ਜਿਹੜਾ ਆਪ ਦੀਵਾਲੀ 'ਤੇ 350 ਰੁਪਏ ਦੇ ਕੰਬਲ ਵੰਡ ਕੇ ਆਇਆ ਹੋਵੇ, ਜਿਸ ਦੇ ਸ਼ਰਧਾਲੂ ਉਸ ਨੂੰ ਘੋੜੀ ਤਕ ਮੱਥਾ ਟੇਕ ਦੇਂਦੇ ਹੋਣ ਉਹ ਸਤਿਗੁਰੂ ਨਿਗੂਣੇ ਕਪੜਿਆਂ ਕਰਕੇ ਪ੍ਰੇਸ਼ਾਨ ਹੋ ਜਾਵੇ, ਇਸ ਦਾ ਸੱਚ ਕਿਥੋਂ ਲਭੀਏ?

ਗੁਰਦੁਆਰਿਆਂ ਦੇ ਪੁਜਾਰੀ ਤੇ ਮਹੰਤ ਤਾਂ ਨਸ਼ਈ ਤੇ ਵਿਸ਼ਈ ਸਨ, ਸੋ ਉਨ੍ਹਾਂ ਸਰਕਾਰ ਨੂੰ ਨਾਰਾਜ਼ ਕਰਕੇ ਆਪ ਨੂੰ ਗੁਰਦੁਆਰਿਆਂ ਵਿੱਚ ਕਿਉਂ ਵੜਨ ਦੇਣਾ ਸੀ। ਉਹ ਤਾਂ ਸਰਕਾਰ ਪ੍ਰਤੀ ਹੀ ਵਫ਼ਾਦਾਰ ਸਨ। ਹਾਂ ਆਮ ਸਿੱਖਾਂ ਨੇ

ਆਪ ਦੇ ਚਲਾਏ ਮਿਸ਼ਨ ਨੂੰ ਪ੍ਰਵਾਨ ਕੀਤਾ ਜਿਸ ਦੀ ਮਿਸਾਲ ਸੀ ਕਿ ਅੰਮ੍ਰਿਤਸਰ, ਆਨੰਦਪੁਰ ਸਾਹਿਬ ਤੇ ਹੋਰ ਥਾਵਾਂ ਤੇ ਹਜ਼ਾਰਾਂ ਲੋਕਾਂ ਨੇ ਭਜਨ ਪੁੱਛਿਆ ਤੇ ਕੂਕੇ ਬਣੇ। 1868 ਈ: ਤੋਂ ਬਾਅਦ ਵਾਲੇ ਵਰ੍ਹਿਆਂ ਵਿੱਚ ਵੀ ਕੂਕਿਆਂ ਦਾ ਅਸਰ ਭਰਪੂਰ ਪਰਚਾਰ ਹੁੰਦਾ ਰਿਹਾ। ਕੂਕਿਆਂ ਵਿੱਚ ਜੇ ਚਰਿੱਤਰਹੀਨਤਾ ਆ ਗਈ ਹੁੰਦੀ ਤਾਂ ਜਥੇਬੰਦੀ ਢਹਿੰਦੀ ਕਲਾ ਨੂੰ ਜਾਂਦੀ। ਉਂਜ ਕਿਸੇ ਦੇ ਚਾਲ ਚਲਣ ਉੱਤੇ ਦੋਸ਼ ਲਾਉਣ ਲਈ ਕਿਹੜਾ ਪੱਕਾ ਸਬੂਤ ਦੇਣਾ ਪੈਂਦਾ ਹੈ। ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ ਕਿ ਜਿਸ ਆਗੂ ਜਾ ਜਥੇਬੰਦੀ ਨੂੰ ਨੁਕਸਾਨ ਪਹੁੰਚਾਉਣਾ ਹੋਵੇ ਉਸਨੂੰ ਚਰਿੱਤਰਹੀਨ ਕਹੀ ਜਾਉ। ਪਰ ਇਸ ਨਾਲ ਕੂਕਾ ਲਹਿਰ ਤੇ ਮਾੜਾ ਅਸਰ ਨਹੀਂ ਹੋਇਆ। ਸੱਚ ਕੂਕਿਆਂ ਦੇ ਸਾਹਮਣੇ ਸੀ। ਸਤਿਗੁਰੂ ਰਾਮ ਸਿੰਘ ਜੀ ਦੀ ਰਾਮ ਦੇਵੀ ਨਾ ਦੀ ਕੋਈ ਲੜਕੀ ਹੀ ਨਹੀਂ ਸੀ। ਉਂਜ ਉਨ੍ਹਾਂ ਦੀਆਂ ਦੋ ਲੜਕੀਆਂ ਸਨ ਜਿਨ੍ਹਾਂ ਦੇ ਨਾਂ ਨੰਦ ਕੌਰ ਤੇ ਦਇਆ ਕੌਰ ਸਨ। ਜਿਸ ਚੰਦੋ ਦਾ ਰਿਪੋਰਟ ਵਿੱਚ ਜ਼ਿਕਰ ਕੀਤਾ ਹੈ ਉਹ 15 ਸਾਲ ਦੀ ਅਲ੍ਹੜ ਮੁਟਿਆਰ ਸੀ। ਉਹ ਪਰਚਾਰਕ ਕਿਵੇਂ ਹੋਈ? ਤੇ ਕਿੰਨੀ ਕੁ ਸਿਆਣੀ ਪ੍ਰਚਾਰਕ?

ਸੱਚੀ ਗਲ ਤਾਂ ਇਹ ਹੈ ਕਿ ਇਨ੍ਹਾਂ ਹੀ ਦਿਨਾਂ ਵਿੱਚ ਸਰਕਾਰ ਨੇ ਜਵਾਹਰ ਸਿੰਘ, ਗੰਡਾ ਸਿੰਘ ਆਦਿ ਕੁਝ ਬੰਦੇ ਬਦਇਖ਼ਲਾਕੀ ਅਤੇ ਕਤਲ ਦੇ ਦੋਸ਼ ਵਿੱਚ ਫਾਹੇ ਲਾਏ। ਰਿਪੋਰਟ ਨੂੰ ਠੋਸ ਤੇ ਅਸਰ-ਭਰਪੂਰ ਬਨਾਉਣ ਵਾਸਤੇ ਉਨ੍ਹਾਂ ਨੂੰ ਚਰਿੱਤਰਹੀਨ ਕੂਕੇ ਤੇ ਕਾਤਲ ਲਿਖ ਦਿੱਤਾ ਜਾਂ ਭਗੌੜੇ ਕਰਾਰ ਦੇ ਦਿੱਤਾ। ਹਾਲਾਂ ਕਿ ਇਹ ਸੱਚ ਹੈ ਕਿ ਕਤਲ ਆਪਸੀ ਦੁਸ਼ਮਣੀਆਂ ਕਾਰਨ ਹੀ ਹੁੰਦੇ ਹਨ। ਉਂਜ ਰਿਪੋਰਟ ਕਰਨ ਵਾਲਿਆਂ ਪੂਰੀ ਚਲਾਕੀ ਤੋਂ ਕੰਮ ਲਿਆ ਸੀ। ਆਉਂਦੇ ਸਾਲਾਂ ਵਿੱਚ ਵਿਗੜ ਰਹੀ ਸਾਖ ਕਾਇਮ ਕਰਨ ਬਾਰੇ ਸਤਿਗੁਰੂ ਰਾਮ ਸਿੰਘ ਜੀ ਬਾਰੇ ਲਿਖ ਕੇ ਬੜੀ ਵੱਡੀ ਗੁੰਜਾਇਸ਼ ਰੱਖ ਲਈ ਗਈ ਸੀ।

1869 ਈ: ਵਿੱਚ ਅੰਗਰੇਜ਼ਾਂ ਨੇ ਕੂਕਿਆਂ ਉੱਤੇ ਸਖ਼ਤੀ ਵਧਾ ਦਿੱਤੀ ਸੀ। ਜੇ ਇਹ ਲਹਿਰ ਆਪਣੀ ਮੌਤੇ ਮਰ ਰਹੀ ਸੀ ਤਾਂ ਖ਼ਾਹਮਖ਼ਾਹ ਸਖ਼ਤੀ ਕਰਕੇ ਕੂਕਿਆਂ ਨੂੰ ਤੰਗ ਕਰਨ ਤੇ ਡਰਾਉਣ ਦੀ ਕੀ ਲੋੜ ਸੀ? ਇਸ ਬਾਰੇ ਇੱਕ ਘਟਨਾ ਇਸ ਪ੍ਰਕਾਰ ਵਾਪਰੀ:

1869 ਈ: ਫਰਵਰੀ ਦੇ ਆਖ਼ਰੀ ਦਿਨਾਂ ਦੀ ਗਲ ਸੀ। ਫ਼ਿਰੋਜ਼ਪੁਰ ਤੇ ਹਿਸਾਰ ਜ਼ਿਲੇ ਦੇ ਨਾਮਧਾਰੀ ਆਪਣੇ ਸਤਿਗੁਰ ਦੇ ਦਰਸ਼ਨਾਂ ਲਈ ਤਿਆਰ ਹੋਏ। ਬਾਬਾ ਮਸਤਾਨ ਸਿੰਘ ਤੇ ਸੂਬਾ ਖੁਸ਼ਹਾਲ ਸਿੰਘ ਨੇ ਸੰਗ ਨਾਲ ਰਲਣ ਲਈ ਸੰਗਤ ਨੂੰ ਸੁਨੇਹੇ ਭੇਜੇ। ਭੈਣੀ ਸਾਹਿਬ ਦੇ ਲੰਗਰ ਲਈ ਭੇਟਾ ਲਿਆਉਣ ਦੀ ਵੀ ਸਲਾਹ ਦਿੱਤੀ। ਇਹ ਲੋਕ ਰੁਪਾਣੇ ਇੱਕਠੇ ਹੋਏ। ਇਨ੍ਹਾਂ ਕੋਲ ਪੰਜ ਹਜ਼ਾਰ ਰੁਪਏ ਦੀ ਕੀਮਤ ਦਾ ਗਹਿਣਾ ਗੱਟਾ ਤੇ ਰੁਪਇਆ ਪੈਸਾ ਸੀ। ਸਾਰੇ ਰੁਪਾਣਿਓਂ

ਥਰਾਜ ਵਾਲੇ ਨੂੰ ਚਲ ਪਏ। ਇਲਾਕੇ ਦੇ ਮੁਸਲਮਾਨ ਉਹਨਾਂ ਤੋਂ ਖਾਰ ਖਾਂਦੇ ਸਨ ਕਿਉਂਕਿ ਕੂਕੇ ਮੁਸਲਮਾਨਾਂ ਤੇ ਹੋਰ ਲੋਕਾਂ ਤੋਂ ਭੋਇੰ ਖਰੀਦ ਲੈਂਦੇ, ਉਸ ਤੇ ਹੱਡ ਭੰਨ ਕੇ ਮਿਹਨਤ ਕਰਦੇ ਤੇ ਚੰਗੀ ਪੈਦਾਵਾਰ ਲੈਂਦੇ। ਉਹ ਮੁਸਲਮਾਨਾਂ ਨੂੰ ਗਊਕਸ਼ੀ ਵੀ ਨਹੀਂ ਸਨ ਕਰਨ ਦੇਂਦੇ। ਮੁਸਲਮਾਨ ਹੱਡ ਹਰਾਮ ਹੋਣ ਕਾਰਨ ਗ਼ਰੀਬ ਸਨ ਸੋ ਗਿਣਤੀ ਵਿੱਚ ਜ਼ਿਆਦਾ ਹੋਣ ਕਰਕੇ ਵੀ ਉਹ ਦਬ ਕੇ ਰਹਿੰਦੇ ਸਨ। ਮੁਸਲਮਾਨ ਪੁਲਸੀਆਂ, ਮੁੱਸਦੀਆਂ, ਮੁਨਸ਼ੀਆਂ, ਪਟਵਾਰੀਆਂ ਨੂੰ ਤਾਂ ਕੂਕੇ ਹੋਰ ਵੀ ਜ਼ਿਆਦਾ ਰੜਕਦੇ ਸਨ।

ਦਿਵਾਨ ਬਖ਼ਸ਼ ਡਿਪਟੀ ਇਨਸਪੈਕਟਰ ਪੁਲਿਸ ਸੂਹ ਲੈਣ ਲਈ ਕੁਝ ਸਿਪਾਹੀਆਂ ਨਾਲ ਇੱਸ ਕੂਕਿਆਂ ਦੇ ਸੰਗ ਦੇ ਪਿਛੇ ਪਰਛਾਵੇਂ ਵਾਂਗ ਤੁਰਨ ਲੱਗਾ। ਉਹ ਉਨ੍ਹਾਂ ਨੂੰ ਸ਼ਬਦ ਕੀਰਤਨ ਕਰਨ ਦੀ ਥਾਂ ਬਾਗ਼ੀ ਗੱਲਾਂ ਕਰਨ ਲਈ ਉਕਸਾਉਣ ਲੱਗਾ। ਜਦ ਕੋਈ ਅਸਰ ਨਾ ਹੋਇਆ ਤਾਂ ਉਸ ਨੇ ਕੂਕਿਆਂ ਨੂੰ ਖਿਝਾਉਣ ਤੇ ਉੱਤੇਜਿਤ ਕਰਨ ਲਈ ਗੁਰੂ ਰਾਮ ਸਿੰਘ ਜੀ ਦੀ ਸ਼ਾਨ ਦੇ ਖ਼ਿਲਾਫ਼ ਅਪਸ਼ਬਦ ਕਹੇ। ਸ਼ਰਧਾਵਾਨ ਸਿੰਘਾਂ ਜਿਨ੍ਹਾਂ ਦੀ ਆਪਣੇ ਗੁਰੂ ਨਾਲ ਭਾਵਨਾਤਮਕ ਸਾਂਝ ਸੀ, ਉੱਤੇ ਅਸਰ ਹੋਣਾ ਕੁਦਰਤੀ ਸੀ। ਉਨ੍ਹਾਂ ਉਸ ਨੂੰ ਸਤਿਗੁਰੂ ਜੀ ਬਾਰੇ ਨਿਰਾਦਰ ਭਰੀ ਭਾਸ਼ਾ ਵਰਤਨੋ ਰੋਕਿਆ ਜਦ ਫਿਰ ਵੀ ਉਸ ਦੇ ਕੰਨ ਤੇ ਜੂੰ ਨਾ ਸਰਕੀ ਤਾਂ ਮਸਤਾਨਿਆਂ ਉਸ ਨੂੰ ਘੋੜੀ ਤੋਂ ਉਤਾਰ ਲਿਆ। ਉਸ ਦੀ ਤਲਵਾਰ ਖੋਹ ਲਈ ਅਤੇ ਉਸ ਦੀ ਚੰਗੀ ਭੁਗਤ ਸਵਾਰੀ। ਉਹ ਤੇ ਉਹ ਦੇ ਨਾਲ ਦੇ ਸਿਪਾਹੀ ਜਾਨ ਬਚਾ ਕੇ ਭੱਜ ਗਏ। ਕੁਰਾਈ ਵਾਲੇ ਤੋਂ ਉਹ ਫ਼ਿਰੋਜ਼ਪੁਰ ਗਏ।

ਫ਼ਿਰੋਜ਼ਪੁਰ ਜਾ ਕੇ ਉਸ ਨੇ ਰਿਪੋਰਟ ਕੀਤੀ ਕਿ ਕੂਕੇ ਬਾਗ਼ੀ ਹੋ ਗਏ ਸਨ। ਗਿਲੀ ਸਿੰਘ ਨੇ ਉਸ ਨੂੰ, ਬਰਤਾਨੀਆ ਸਰਕਾਰ ਦਾ ਅਹਿਲਕਾਰ ਹੋਣ ਕਰਕੇ ਕੁਹਾੜੀ ਜਾਂ ਡਾਂਗ ਮਾਰੀ ਸੀ। ਉਸ ਦੀ ਤਲਵਾਰ ਖੋਹ ਲਈ ਸੀ। ਮੰਨਾ ਸਿੰਘ ਨੇ ਉਸ ਦੇ ਨਾਲ ਦੇ ਸਿਪਾਹੀ 'ਤੇ ਬਰਛੇ ਨਾਲ ਹਮਲਾ ਕੀਤਾ ਸੀ। ਕੂਕਿਆਂ ਨੇ ਭੜਕਾਊ ਗੱਲਾਂ ਕੀਤੀਆਂ ਅਤੇ ਸਿੱਖ ਰਾਜ ਦੀ ਸਥਾਪਤੀ ਦਾ ਐਲਾਨ ਕੀਤਾ।

ਇਸ ਸੰਗ ਵਿੱਚ ਭਾਵੇਂ ਇਸਤਰੀਆਂ ਤੇ ਬੱਚੇ ਵੀ ਸਨ ਪਰ ਦਿਵਾਨ ਬਖ਼ਸ਼ ਡਿਪਟੀ ਇਨਸਪੈਕਟਰ ਨੇ ਐਸਾ ਰਾਈ ਦਾ ਪਹਾੜ ਬਣਾਇਆ ਕਿ ਸੁਪਰਇਨਟੈਂਡੈਂਟ ਪੁਲਿਸ, ਟਰਟਨ ਸਮਿਥ, 20 ਪੈਦਲ ਤੇ 15 ਘੋੜ ਸਵਾਰ ਸਿਪਾਹੀਆਂ ਦਾ ਦਸਤਾ ਲੈ ਕੇ ਰਾਤੋਂ ਰਾਤ ਕੁਰਾਈ ਵਾਲੇ ਨੂੰ ਤੁਰ ਪਿਆ। ਉਹ 1 ਮਾਰਚ 1869 ਨੂੰ ਅੱਧੀ ਰਾਤ 2 ਵਜੇ ਮੁਕਤਸਰ ਅਪੜਿਆ। ਆਲਮਸ਼ਾਹ ਤਹਸੀਲਦਾਰ ਨੂੰ ਪੁੱਛਿਆ। ਉਸ ਨੇ ਦੱਸਿਆ ਕਿ ਕੂਕੇ ਥਰਾਜ ਵਾਲੇ ਵਿਖੇ ਇੱਕਠੇ ਹੋ ਰਹੇ ਸਨ।

ਉਹ ਆਕੀ ਸਨ। ਸੋਢੀ ਮਾਨ ਸਿੰਘ ਨੂੰ ਵੀ ਵਫ਼ਾਦਾਰੀ ਦਾ ਸਬੂਤ ਦੇਣ ਦਾ ਮੌਕਾ ਮਿਲਿਆ। ਉਸ ਨੇ ਵੀ ਟਰਟਨ ਤੇ ਅਸਿਸਟੈਂਟ ਕਮਿਸ਼ਨਰ ਵੇਕ ਫੀਲਡ ਦੀ ਹਰ ਮਦਦ ਕਰਨ ਦਾ ਵਾਇਦਾ ਕੀਤਾ।

ਇਹ ਪੁਲਿਸ ਦਸਤਾ ਤੇ ਸਰਕਾਰੀ ਅਫ਼ਸਰ 1 ਮਾਰਚ 1869 ਨੂੰ ਦੁਪਹਿਰੇ ਦੋ ਵਜੇ ਥਰਾਜ ਵਾਲੇ ਪਹੁੰਚੇ। ਉਨ੍ਹਾਂ 44 ਨਾਮਧਾਰੀਆਂ ਨੂੰ ਫੜ ਲਿਆ। ਉਹਨਾਂ ਕੋਲੋਂ ਸਫਾਜੰਗ, ਬਰਛੇ ਜਾਂ ਡਾਂਗਾਂ ਜੋ ਵੀ ਸੀ ਸੁਟਵਾ ਲਈਆਂ ਗਈਆਂ। ਕੂਕਿਆਂ ਤੋਂ ਪੁੱਛ ਪੜਤਾਲ ਕੁਝ ਨਾ ਕੀਤੀ ਗਈ ਸਗੋਂ ਜੇ ਕਿਸੇ ਮੁਸਲਮਾਨਾਂ ਦੀਆਂ ਵਧੀਕੀਆਂ ਬਾਰੇ ਦਸਣਾ ਚਾਹਿਆ ਤਾਂ ਡਾਂਟ ਦਿੱਤਾ ਗਿਆ। ਨਾਮਧਾਰੀਆਂ ਨੂੰ, ਇਸ ਅਚਿੰਤੇ ਬਾਜ਼ ਪਏ ਦੀ, ਕੁਝ ਸਮਝ ਨਾ ਆਈ।

5000 ਰੁਪਏ ਤੋਂ ਵੱਧ ਦਾ ਸੋਨਾ, ਰੁਪਿਆ ਤੇ ਹੋਰ ਧਨ ਪਦਾਰਥ ਅਫ਼ਸਰਾਂ ਨੇ ਆਪਣੇ ਕਬਜ਼ੇ ਵਿੱਚ ਲੈ ਲਿਆ। ਇਹ ਮਾਇਆ ਕੂਕਿਆਂ ਆਪਣਾ ਘਰ ਘਾਟ ਵੇਚ ਕੇ ਭੈਣੀ ਸਾਹਿਬ ਦੇ ਲੰਗਰ ਵਾਸਤੇ ਇਕਠੀ ਕੀਤੀ ਸੀ। ਇਹ ਸਾਰਾ ਕੁਝ ਪੁਲਿਸ ਹਜ਼ਮ ਕਰ ਗਈ।

ਕੂਕਿਆਂ ਨੂੰ ਫਤਵਾ ਲਾਇਆ ਗਿਆ ਕਿ ਉਨ੍ਹਾਂ ਮਸਤਾਨ ਸਿੰਘ ਦੀ ਅਗਵਾਈ ਵਿੱਚ ਬਗਾਵਤ ਕੀਤੀ ਸੀ। ਇਨ੍ਹਾਂ ਨੂੰ ਮਲੋਟ ਰਾਹੀਂ 65 ਮੀਲ ਪੈਦਲ ਤੁਰਾਕੇ ਮੁਕਤਸਰ ਲਿਆਂਦਾ ਗਿਆ। ਡੀ.ਸੀ. ਫ਼ਿਰੋਜ਼ਪੁਰ ਦੀ ਅਦਾਲਤ ਵਿੱਚ ਉਨ੍ਹਾਂ ਤੇ ਬਗ਼ਾਵਤ ਕਰਨ ਦਾ ਮੁਕਦਮਾ ਚਲਾਇਆ ਗਿਆ। ਉਸ ਨੇ ਕਮਿਸ਼ਨਰ ਲਾਹੌਰ ਨੂੰ ਸਲਾਹ ਮਸ਼ਵਰੇ ਲਈ ਕੇਸ ਭੇਜਿਆ, ਉਸ ਅੱਗੋਂ ਪੰਜਾਬ ਸਰਕਾਰ ਕੋਲੋਂ ਮਨਜ਼ੂਰੀ ਲੈ ਕੇ ਡੀ. ਸੀ. ਨੂੰ ਲਿਖਿਆ ਕਿ ਕੂਕਿਆਂ ਉੱਤੇ ਲੜਾਈ ਕਰਨ ਦੀ ਥਾਂ ਤੇ ਦੰਗਾ ਫਸਾਦ ਕਰਨ ਦਾ ਝੂਠਾ ਕੇਸ ਚਲਾਇਆ ਜਾਏ। ਕੀਤਾ ਵੀ ਇਸ ਤਰ੍ਹਾਂ ਹੀ ਗਿਆ। ਫ਼ੈਸਲਾ ਸੁਣਾ ਦਿੱਤਾ ਗਿਆ। 37 ਕੂਕਿਆਂ ਨੂੰ ਬਰੀ ਕੀਤਾ ਗਿਆ। 7 ਨੂੰ ਸਜ਼ਾਵਾਂ ਤੇ ਜੁਰਮਾਨੇ ਹੋਏ। ਆਗੂ ਕਰਾਰ ਦੇ ਕੇ ਮਸਤਾਨ ਸਿੰਘ ਨੂੰ 18 ਮਹੀਨੇ ਦੀ ਕੈਦ ਤੇ 50 ਰੁਪਏ ਜੁਰਮਾਨਾ ਕੀਤਾ ਗਿਆ। ਸੁਰਮੁਖ ਸਿੰਘ ਤੇ ਹਰਨਾਮ ਸਿੰਘ ਨੂੰ ਇੱਕ-ਇੱਕ ਸਾਲ ਦੀ ਕੈਦ ਅਤੇ 25 ਰੁਪਏ ਜੁਰਮਾਨਾ ਹੋਇਆ। ਬਚਿੱਤਰ ਸਿੰਘ ਨੂੰ ਛੇ ਮਹੀਨੇ ਦੀ ਕੈਦ ਹੋਈ। ਬੇਲਾ ਸਿੰਘ, ਬੋਲੀ ਸਿੰਘ, ਮਾਨ ਸਿੰਘ ਤੇ ਮਲੂਕ ਸਿੰਘ ਨੂੰ ਮਾਮੂਲੀ ਸਜ਼ਾਵਾਂ ਅਤੇ ਅਗੋਂ ਨੂੰ ਸੁਚੇਤ ਰਹਿਣ ਦੀ ਚਿਤਾਵਨੀ ਦਿੱਤੀ ਗਈ।

ਇਸਤਰ੍ਹਾਂ ਮਨੁੱਖਤਾ ਦੇ ਹਮਦਰਦ, ਈਸਾ ਦੇ ਪੁਜਾਰੀਆਂ ਦੀ ਸਰਕਾਰੀ ਮਸ਼ੀਨਰੀ ਨੇ, ਕੂਕਿਆਂ ਨੂੰ ਆਪਣੇ ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨੋ ਰੋਕਿਆ, ਜੋ ਕੁਝ ਉਨ੍ਹਾਂ ਕੋਲ ਸੀ ਖੋਹਿਆ ਤੇ ਗੁਨਾਹਗਾਰ ਕਹਿ ਕੇ ਸਜ਼ਾਵਾਂ ਦਿੱਤੀਆਂ ਜਾਂ ਡਰਾ ਧਮਕਾ ਕੇ ਵਾਪਸ ਮੋੜ ਦਿੱਤਾ। ਬੇਗੁਨਾਹੀ ਹੀ ਉਨ੍ਹਾਂ

ਦਾ ਗੁਨਾਹ ਸੀ।

"ਸਰਕਾਰ ਪ੍ਰਤੀ ਵਫ਼ਾਦਾਰੀ ਵਿਖਾਉਣ ਵਾਲਿਆਂ ਨੂੰ ਵੀ ਸ਼ਾਬਾਸ਼ ਦਿੱਤੀ ਗਈ। ਸੋਢੀ ਮਾਨ ਸਿੰਘ ਨੂੰ ਇਸ ਵੇਲੇ ਦੀਆਂ ਸੇਵਾਵਾਂ ਬਦਲੇ ਆਨਰੇਰੀ ਮਜਿਸਟ੍ਰੇਟ ਬਣਾ ਦਿੱਤਾ ਗਿਆ। ਵਿਚਾਰੇ ਪੁਲਸੀਏ ਹੱਥ ਮਲਦੇ ਰਹੇ ਗਏ।

ਸਤਿਗੁਰੂ ਰਾਮ ਸਿੰਘ ਜੀ ਦੇ ਜੀਵਨ ਕਾਲ ਵਿੱਚ ਮਾਨਾਵਾਲੇ ਦਾ ਹੋਲਾ ਵੀ ਇਕ ਯਾਦਗਾਰੀ ਹੋਲਾ ਹੈ। ਮਾਨਾ ਵਾਲਾ ਜ਼ਿਲ੍ਹਾ ਸਿਆਲਕੋਟ ਦੇ ਸਰਦਾਰ ਹੀਰਾ ਸਿੰਘ ਨੇ ਸਤਿਗੁਰਾਂ ਨੂੰ ਹੋਲਾ ਉਸ ਦੇ ਪਿੰਡ ਕਰਨ ਦੀ ਬੇਨਤੀ ਕੀਤੀ ਜੋ ਇਸ ਸ਼ਰਤ ਤੇ ਪ੍ਰਵਾਨ ਕਰ ਲਈ ਗਈ ਕਿ ਉਹ ਮਾਸ ਸ਼ਰਾਬ ਆਦਿ ਛਡ ਕੇ ਕੂਕੇ ਬਣ ਜਾਣਗੇ।

ਹੋਲੇ ਤੇ ਜਿੱਥੇ ਦਿਵਾਨ ਲੱਗੇ, ਭਜਨ ਬੰਦਗੀ ਹੋਇਆ ਉਥੇ ਖੁਸ਼ੀ ਵਿੱਚ ਗੁਲਾਲ ਵੀ ਉਡਾਇਆ ਗਿਆ। ਇਸ ਮੇਲੇ ਸਮੇਂ 1800 ਲੋਕ ਨਾਮਧਾਰੀ ਮਰਿਆਦਾ ਦੇ ਧਾਰਨੀ ਬਣੇ। ਇਹਨਾਂ ਵਿੱਚ ਮਹਤਵਪੂਰਨ ਵਿਅਕਤੀ ਸਨ : ਸ੍ਰ. ਹਰੀ ਸਿੰਘ ਨਲੂਏ ਦਾ ਜੁਆਈ ਲਹਿਣਾ ਸਿੰਘ ਘਰਜਾਖੀਆ, ਮਹਾਰਾਜਾ ਰਣਜੀਤ ਸਿੰਘ ਦੇ ਪਿਸ਼ਾਵਰ ਦੇ ਗਵਰਨਰ ਸ੍ਰ. ਮੀਹਾਂ ਸਿੰਘ ਦਾ ਭਤੀਜਾ ਤਾਰਾ ਸਿੰਘ ਤੇ ਸ਼ੇਰੇ ਕੋਟ ਵਾਲੀ ਮਾਈ ਭਾਗਣ।

ਸਰਦਾਰ ਹੀਰਾ ਸਿੰਘ ਤੇ ਉਸ ਦੇ ਪਰਵਾਰ ਨੇ ਸਤਿਗੁਰਾਂ ਨੂੰ ਇੱਕ ਘੋੜੀ, ਸੁਨਹਿਰੀ ਜ਼ੀਨ ਸਹਿਤ, 1100 ਰੁਪਏ, ਪੰਜ ਸੌ ਰੁਪਏ ਦੀ ਕੀਮਤ ਦਾ ਇੱਕ ਸ਼ਾਹੀ ਚੋਗਾ ਮੱਥਾ ਟੇਕਿਆ। ਏਥੋਂ ਸਤਿਗੁਰੂ ਜੀ ਦੜਪ ਦੇ ਦੌਰੇ ਲਈ ਤੁਰ ਪਏ। ਆਪ ਨੇ ਕਿਲ੍ਹਾ ਸੋਭਾ ਸਿੰਘ ਜਾ ਉਤਾਰਾ ਕੀਤਾ।

ਸਰਕਾਰੀ ਰਿਪੋਰਟ ਅਨੁਸਾਰ ਤਾਂ ਜ਼ਿਲਾ ਲੁਧਿਆਣਾ, ਲਾਹੌਰ ਅਤੇ ਸਿਆਲਕੋਟ ਵਿੱਚ ਬੜੇ ਘਟ ਕੂਕੇ ਬਣੇ। ਜ਼ਿਲਾ ਗੁਰਦਾਸਪੁਰ ਵਿੱਚ 125 ਕੂਕੇ ਬਣੇ।

ਸਤਿਗੁਰੂ ਰਾਮ ਸਿੰਘ ਜੀ ਇਸ ਵਧਦੀ ਫੁਲਦੀ ਕੂਕਾ ਫੁਲਵਾੜੀ ਨੂੰ ਵੇਖ ਕੇ ਖ਼ੁਸ਼ ਤੇ ਸੰਤੁਸ਼ਟ ਸਨ। ਸਤਿਗੁਰੂ ਜੀ ਦਾ ਪ੍ਰੋਗ੍ਰਾਮ ਪੰਜਾਬ ਤੋਂ ਬਾਹਰ ਪਰਚਾਰ ਵਧਾਉਣ ਦਾ ਬਣਿਆਂ ਅਤੇ ਇਸ ਮਿਸ਼ਨ ਉੱਤੇ 1869 ਤੋਂ ਹੀ ਅਮਲ ਹੋਣ ਲੱਗਾ।

ਮੁੱਕਦੀ ਗਲ ਇਹ ਸਤਿਗੁਰਾਂ 'ਤੇ ਲੱਗੀ ਨਜ਼ਰ ਬੰਦੀ ਹਟਾਏ ਜਾਣ ਮਗਰੋਂ ਨਾਮਧਾਰੀ ਲਹਿਰ ਸਦਾ ਚੜ੍ਹਦੀ ਕਲਾ ਵਿੱਚ ਰਹੀ। ਕੋਈ ਵੀ ਸਰਕਾਰੀ ਪਾਬੰਦੀ, ਦੇਸ਼ ਦਾ ਦਰਦ ਰੱਖਣ ਵਾਲੇ ਲੋਕਾਂ ਨੂੰ ਸਤਿਗੁਰੂ ਰਾਮ ਸਿੰਘ ਦੇ ਝੰਡੇ ਹੇਠ ਆਉਣੋਂ ਨਾ ਰੋਕ ਸਕਿਆ। ਸ੍ਰ. ਨਾਹਰ ਸਿੰਘ ਦੇ ਸ਼ਬਦਾਂ ਵਿੱਚ,

"ਤੇਰਾਂ ਚੌਦਾਂ ਸਾਲਾਂ ਦੇ ਪਰਚਾਰ ਦਾ ਅਸਰ ਇਹ ਹੋਇਆ ਕਿ ਖੰਡੇ ਦਾ

ਅੰਮ੍ਰਿਤ ਛਕੇ ਹੋਏ ਅਤੇ ਕਕਾਰਾਂ ਦੀ ਰਹਿਤ ਰੱਖਣਵਾਲੇ ਸਿੱਖਾਂ ਵਿਚੋਂ 100 ਵਿੱਚੋਂ 95 ਨਾਮਧਾਰੀ ਸਿੰਘ ਸਨ। ਪੰਜਾਬ ਅਤੇ ਸਿੱਖ ਰਿਆਸਤਾਂ ਦੇ ਸਾਰੇ ਇਲਾਕਿਆਂ ਦੇ ਜੱਟ ਗੋਤਾਂ ਦੇ ਵੱਡੇ, ਚੰਗੇ, ਸਰਦੇ ਪੁਜਦੇ, ਸਿਰਕੱਢ, ਅਸਰ ਰਸੂਖ਼ ਵਾਲੇ ਟੱਬਰ ਨਾਮਧਾਰੀਏ ਸੱਜ ਗਏ ਸਨ।" ਨਾਮਧਾਰੀ ਇਤਿਹਾਸ ਹਿੱਸਾ ਪਹਿਲਾ

ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਸ਼ਾਹਾਨਾ ਠਾਠ ਤਾਂ ਹੁਣ ਸਰਕਾਰ ਨੂੰ ਵੀ ਰੜਕਣ ਲੱਗ ਪਿਆ ਸੀ। ਮੈਕਨਬ ਨੇ ਆਪਣੀ 4 ਨਵੰਬਰ 1871 ਦੀ ਰਿਪੋਰਟ ਵਿੱਚ ਲਿਖਿਆ,

"(ਗੁਰੂ) ਰਾਮ ਸਿੰਘ ਕੋਲ ਪਵਿੱਤਰ, ਸੰਤ ਸੁਭਾਅ ਫ਼ਕੀਰ ਅਖਵਾਉਣ ਦਾ ਕੋਈ ਬਹਾਨਾ ਨਹੀਂ। ਉਹ ਤੁਹਾਡੇ ਕੋਲ ਅਧੀ ਦਰਜਨ ਸਵਾਰਾਂ ਨਾਲ ਆਉਂਦਾ ਹੈ, ਵੀਹਾਂ ਮਨੁਖ ਪੈਦਲ ਉਸਦੇ ਪਿੱਛੇ ਹੁੰਦੇ ਹਨ, ਉਹ ਤੁਹਾਡੇ ਕਮਰੇ ਵਿੱਚ ਇਕ ਸਾਮੰਤ ਵਾਂਗ ਦਰਬਾਰੀਆਂ ਨਾਲ ਘਿਰਿਆ ਆਉਂਦਾ ਹੈ, ਉਹ ਤੇ ਉਸ ਦੇ ਲੋਕਾਂ ਨੇ ਮਨੋਹਰ ਢੰਗ ਨਾਲ ਵਧੀਆ ਚਿੱਟੇ ਕਪੜੇ ਪਾਏ ਹੁੰਦੇ ਹਨ।"

# ਕੌਮਾਂਤਰੀ ਸੰਬੰਧ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਜਨ ਸਾਧਾਰਨ ਨੂੰ ਧਾਰਮਕ, ਸਮਾਜ ਤੇ ਰਾਜਨੀਤਕ ਪੱਖੋਂ ਜਾਗ੍ਰਿਤ ਕਰਨ ਵਿੱਚ ਦੇਸ ਦੇ ਲੋਕਾਂ ਵਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਸੀ। ਆਪਨੇ ਮਹਿਸੂਸ ਕੀਤਾ ਕਿ ਹੁਣ ਆਪਣੇ ਕਾਰਜ ਖੇਤਰ ਨੂੰ ਹੋਰ ਚੌਰੇੜਾ ਕੀਤਾ ਜਾਵੇ। ਦੇਸ਼ ਵਿੱਚ ਹੀ ਨਹੀਂ ਸਗੋਂ ਪ੍ਰਦੇਸਾਂ ਤੇ ਵਿਦੇਸਾਂ ਵਿੱਚ ਵੀ ਆਪਣੀ ਵਿਚਾਰਧਾਰਾ ਤੇ ਜੀਵਨ ਜਾਚ ਨੂੰ ਪਰਚਾਰਿਆ ਜਾਵੇ, ਉਥੋਂ ਦੇ ਲੋਕਾਂ ਦੀ ਤੇ ਹਾਕਮਾਂ ਦੀ ਹਮਦਰਦੀ ਵੀ ਜਿੱਤੀ ਜਾਵੇ ਤਾਕਿ ਅੰਗਰੇਜ਼ਾਂ ਕੋਲੋਂ ਆਪਣੀ ਜਨਮ ਭੂਮੀ ਨੂੰ ਆਜ਼ਾਦ ਕਰਵਾਉਣ ਲਈ ਹੋਰ ਸੌਖ ਹੋਵੇ। ਦੂਜੇ ਦੇਸ਼ਾਂ ਨਾਲ ਸੰਬੰਧ ਜੋੜਨ ਲਈ ਆਪ ਨੇ ਉਹਨਾਂ ਦੇਸਾਂ ਵਿੱਚ ਆਪਣੇ ਸੂਬੇ ਅਤੇ ਹੋਰ ਪਰਭਾਵਸ਼ਾਲੀ ਤੇ ਭਰੋਸੇਯੋਗ ਵਿਅਕਤੀ ਭੇਜਣ ਦਾ ਨਿਰਨਾ ਕੀਤਾ। ਉਹ ਵੀ ਆਪਦਾ ਹੁਕਮ ਮੰਨ ਕੇ ਪ੍ਰਦੇਸਾਂ ਤੇ ਵਿਦੇਸਾਂ ਵਿੱਚ ਜਾ ਕੇ ਉਨ੍ਹਾਂ ਦੀ ਹਮਦਰਦੀ ਜਿੱਤਣ ਵਿੱਚ ਕਾਮਯਾਬ ਹੋਏ।

**ਕਸ਼ਮੀਰ ਨਾਲ ਸੰਬੰਧ:**

ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ ਸੰਮਤ 1876 ਬਿਕਰਮੀ ਮੁਤਾਬਕ 1819 ਈ. ਵਿੱਚ ਕਸ਼ਮੀਰ ਨੂੰ ਪੰਜਾਬ ਰਾਜ ਦਾ ਅੰਗ ਬਣਾ ਲਿਆ ਗਿਆ ਸੀ। ਪਰ ਸਿੱਖਾਂ ਦੀ ਪਹਿਲੀ ਲੜਾਈ ਪਿਛੋਂ ਰਾਜਾ ਗੁਲਾਬ ਸਿੰਘ ਨੇ ਕਸ਼ਮੀਰ, ਅੰਗਰੇਜ਼ ਸਰਕਾਰ ਕੋਲੋਂ, 75 ਲੱਖ ਰੁਪਏ ਵਿੱਚ ਖਰੀਦ ਲਿਆ ਸੀ। ਗੁਲਾਬ ਸਿੰਘ ਕਸ਼ਮੀਰ ਦਾ ਮਹਾਰਾਜਾ ਬਣਿਆਂ। ਦਿਵਾਨ ਕਿਰਪਾ ਰਾਮ ਐਮਨਾਬਾਦੀਆ ਉਸ ਦਾ ਪ੍ਰਧਾਨ-ਮੰਤਰੀ ਸੀ। ਇੱਕ ਹੋਰ ਵੇਦਾਂਤੀ, ਮਹਾਰਾਜੇ ਦਾ ਪ੍ਰਮੁਖ ਸਲਾਹਕਾਰ ਵੀ ਸੀ।

ਮਹਾਰਾਜਾ ਗੁਲਾਬ ਸਿੰਘ ਦੇ ਅਕਾਲ ਚਲਾਣੇ ਪਿਛੋ ਉਸ ਦੇ ਉਤਰਾਧਿਕਾਰੀ ਮਹਾਰਾਜਾ ਰਣਬੀਰ ਸਿੰਘ ਨੇ ਮਹਿਸੂਸ ਕੀਤਾ ਕਿ ਅੰਗਰੇਜ਼ ਹਕੂਮਤ ਪੁਰਾਣੇ ਸਮਝੌਤੇ ਵਿੱਚ ਆਈਆਂ ਸ਼ਰਤਾਂ ਤੋਂ ਵੱਧ ਦਖ਼ਲ ਦੇਂਦੀ ਸੀ। ਉਹ ਅੰਗਰੇਜ਼ਾਂ ਨੂੰ ਲੋੜ ਤੋਂ ਵੱਧ ਮੂੰਹ ਬਿਲਕੁਲ ਨਹੀਂ ਸੀ ਲਾਉਣਾ ਚਾਹੁੰਦਾ। ਉਸ ਨੇ ਨੈਪਾਲ

ਨਾਲ ਆਪਣੇ ਸੰਬੰਧ ਵਧਾਉਣੇ ਸ਼ੁਰੂ ਕੀਤੇ। ਇਸ ਤੋਂ ਬਿਨਾ ਉਸ ਨੇ ਕੇਂਦਰੀ ਏਸ਼ੀਆ ਵਿੱਚ ਰੂਸ ਨਾਲ ਦੋਸਤੀ ਕਰਨ ਲਈ ਆਪਣਾ ਰਾਜਦੂਤ, ਮਨਸੁਖ ਭੇਜਿਆ। ਮਨਸੁਖ ਗੁਪਤਚਰ ਵਿਭਾਗ ਦਾ ਮੁਖੀ ਵੀ ਸੀ।

ਮਹਾਰਾਜੇ ਦਾ ਗੁਰੂ ਵੇਦਾਂਤੀ ਸੀ। ਉਹ ਵੀ ਬ੍ਰਿਟਿਸ਼ ਗੌਰਮਿੰਟ ਦੀਆਂ ਕੁਟਲ ਨੀਤੀਆਂ ਬਾਰੇ ਉਸ ਨੂੰ ਸੁਚੇਤ ਕਰੀ ਰਖਦਾ ਸੀ। ਉਹ ਅੰਗਰੇਜ਼ ਦੇ ਗ਼ੈਰਜ਼ਰੂਰੀ ਤੇ ਵਾਧੂ ਦਖ਼ਲ ਤੇ ਸਖ਼ਤ ਖ਼ਿਲਾਫ਼ ਸੀ। ਉਹ ਚਾਹੁੰਦਾ ਸੀ ਕਿ ਹਰ ਉਸ ਧਿਰ ਵਲੋਂ ਮਦਦ ਲਈ ਜਾਵੇ ਜੋ ਅੰਗਰੇਜ਼ਾਂ ਦੀ ਨਾ ਹਮਦਰਦ ਹੋਵੇ ਤੇ ਨਾ ਹੀ ਉਨ੍ਹਾਂ ਦੀ ਹਮਾਇਤੀ। ਰੂਸ ਤੇ ਨੈਪਾਲ ਨਾਲ ਸੰਬੰਧ ਵਧਾਉਣੇ ਇਸ ਗਲ ਦਾ ਹੀ ਸਿੱਟਾ ਸੀ।

ਗੁਜਰਾਂਵਾਲੇ ਤੇ ਸਿਆਲਕੋਟ ਦੇ ਨਾਮਧਾਰੀ ਇਸ ਵੇਦਾਂਤੀ ਨਾਲ ਮਿਤਰਤਾ ਰੱਖਦੇ ਸ਼ਨ। ਸਤਿਗੁਰਾਂ ਗ੍ਰੰਥਗੜ੍ਹ ਦੇ ਸੰਤ ਕਿਸ਼ਨ ਸਿੰਘ ਨੂੰ ਕਸ਼ਮੀਰ ਦੇ ਮਹਾਰਾਜੇ ਨਾਲ ਸੰਬੰਧ ਸਥਾਪਤ ਕਰਨ ਲਈ ਭੇਜਿਆ। ਉਹ ਵੇਦਾਂਤੀ ਨੂੰ ਮਿਲਿਆ। ਵੇਦਾਂਤੀ ਨੇ ਉਸ ਨੂੰ ਮਹਾਰਾਜਾ ਰਣਧੀਰ ਸਿੰਘ ਨਾਲ ਮਿਲਾ ਦਿੱਤਾ। ਮਹਾਰਾਜੇ ਨਾਲ ਸੰਤਾਂ ਦੀ ਗਲ ਸੁਹਿਰਦਤਾ ਪੂਰਨ ਹੋਈ। ਸੰਤਾਂ ਨੇ ਨਾਮਧਾਰੀ ਲਹਿਰ ਦੀਆਂ ਰਾਜਨੀਤਕ, ਸਮਾਜਕ, ਧਾਰਮਕ ਤੇ ਹੋਰ ਸਰਗਰਮੀਆਂ ਬਾਰੇ ਪੂਰੇ ਵਿਸਤਾਰ ਨਾਲ ਦਸਿਆ ਅਤੇ ਨਾਲ ਹੀ ਮਹਾਰਾਜੇ ਦੀ ਕਸ਼ਮੀਰ ਨੂੰ ਸੁਤੰਤਰ ਹਿੰਦੂ ਰਾਜ ਰੱਖਣ ਲਈ ਪ੍ਰਸੰਸਾ ਕੀਤੀ। ਉਸ ਨੇ ਨਾਮਧਾਰੀ ਸਿੱਖਾਂ ਵਲੋਂ ਮਹਾਰਾਜੇ ਨੂੰ ਹਰ ਲੋੜੀਂਦੀ ਸਹਾਇਤਾ ਦੇਣ ਦਾ ਭਰੋਸਾ ਦੁਆਇਆ।

ਸੰਨ 1869 ਈ: ਵਿੱਚ ਗਰਮੀਆਂ ਦੇ ਮੌਸਮ ਵਿੱਚ ਗੁਰੂ ਰਾਮ ਸਿੰਘ ਜੀ ਗੁਜਰਾਂਵਾਲੇ ਤੇ ਸਿਆਲਕੋਟ ਦੇ ਜ਼ਿਲਿਆਂ ਦਾ ਦੌਰਾ ਕਰ ਰਹੇ ਸਨ। ਉਨ੍ਹਾਂ ਹੀਰਾ ਸਿੰਘ ਲੰਬੂ ਸਢੌਰੇ ਵਾਲਾ ਤੇ ਤਾਰਾ ਸਿੰਘ ਕਿਲ੍ਹਾ ਰਾਏ ਸਰ ਨਾਲ ਅਠਾਈ ਸਿੱਖ ਕਸ਼ਮੀਰ ਮਹਾਰਾਜੇ ਕੋਲ ਭੇਜੇ। ਉਨ੍ਹਾਂ ਮਹਾਰਾਜੇ ਦੀ ਫੌਜ ਵਿੱਚ ਨੌਕਰੀ ਕਰਨ ਦਾ ਇਰਾਦਾ ਦੱਸਿਆ। ਵੇਦਾਂਤੀ ਦੀ ਰਾਏ ਲੈ ਕੇ ਮਹਾਰਾਜਾ ਰਣਬੀਰ ਸਿੰਘ ਨੇ ਉਨ੍ਹਾਂ ਨੂੰ ਜੰਮੂ ਤੋਂ ਬਾਹਰ ਰਹਿਣ ਲਈ ਥਾਂ ਦੇ ਦਿੱਤੀ। ਸਾਰੇ ਕੂਕੇ ਦਰਸ਼ਨੀ ਜੁਆਨ ਸਨ ਅਤੇ ਅੰਗਰੇਜ਼ ਸਰਕਾਰ ਦਾ ਵਿਰੋਧ ਕਰਨ ਵਾਲੀ ਸੰਸਥਾ ਦਾ ਹਿੱਸਾ ਸਨ। ਸੋ ਉਨ੍ਹਾਂ ਨੂੰ ਫੌਜ ਵਿੱਚ ਭਰਤੀ ਕਰ ਲਿਆ ਗਿਆ। ਹੀਰਾ ਸਿੰਘ ਸਢੌਰਾ ਦੀ ਤਨਖ਼ਾਹ 30 ਰੁਪਏ ਮਹੀਨਾ, ਤਾਰਾ ਸਿੰਘ ਦੀ 15 ਰੁਪਏ, ਲਾਲ ਸਿੰਘ ਪਟਿਆਲਾ ਦੀ 12 ਰੁਪਏ, ਬਹਾਦਰ ਸਿੰਘ ਦੀ 11 ਰੁਪਏ, ਮੂਲ ਸਿੰਘ ਦੀ ਦਸ ਰੁਪਏ ਅਤੇ ਬਾਕੀ ਕੂਕਿਆਂ ਦੀ ਤਨਖ਼ਾਹ 9 ਰੁਪਏ ਮਹੀਨਾ ਮੁਕੱਰਰ ਕੀਤੀ ਗਈ।

ਕੁਝ ਦਿਨ ਬਾਅਦ ਮਹਾਰਾਜੇ ਨੇ ਹੀਰਾ ਸਿੰਘ ਨੂੰ ਕਿਹਾ ਕਿ ਉਹ ਕੁਝ

ਹੋਰ ਕੂਕੇ ਭਰਤੀ ਕਰਵਾ ਦੇਵੇ ਅਤੇ ਕੂਕਿਆਂ ਦੀ ਪੂਰੀ ਦੀ ਪੂਰੀ, ਵਖਰੀ ਰਜਮੈਂਟ ਕਾਇਮ ਕਰ ਲਵੇ।

ਇਹ ਕੂਕੇ ਵਾਪਸ ਆ ਗਏ। ਸਤਿਗੁਰੂ ਜੀ ਨੂੰ ਸਾਰੀ ਗੱਲ ਦੱਸੀ। ਸਤਿਗੁਰਾਂ ਕੂਕਿਆਂ ਨੂੰ ਭਰਤੀ ਕਰਵਾਉਣ ਦੀ ਇਜਾਜ਼ਤ ਦੇ ਦਿੱਤੀ ਤੇ ਕੂਕਿਆਂ ਨੂੰ ਭਰਤੀ ਲਈ ਲੈ ਜਾਣ ਦੀ ਖੁਲ੍ਹੀ ਛੁਟੀ ਦੇ ਦਿੱਤੀ। ਉਨ੍ਹਾਂ 150 ਨਾਮਧਾਰੀਆਂ ਨੂੰ ਪ੍ਰੇਰ ਲਿਆ ਅਤੇ ਆਪਣੇ ਨਾਲ ਲੈ ਕੇ ਕਸ਼ਮੀਰ ਪਹੁੰਚੇ। ਮਹਾਰਾਜੇ ਨੇ ਸਭ ਨੂੰ ਭਰਤੀ ਕਰ ਲਿਆ। ਡੋਗਰੇ ਸਿਪਾਹੀਆਂ ਨਾਲੋਂ ਉਨ੍ਹਾਂ ਦੀ ਤਨਖਾਹ ਵੀ ਇੱਕ ਰੁਪਇਆ ਮਹੀਨਾ ਵਧ ਮੁਕੱਰਰ ਕੀਤੀ ਗਈ। ਹੀਰਾ ਸਿੰਘ ਇਨ੍ਹਾਂ ਦਾ ਕਮਾਂਡਰ ਸੀ। ਕੂਕਿਆਂ ਨੂੰ ਪੂਰੀ ਤਰ੍ਹਾਂ ਫੌਜੀ ਸਿਖਲਾਈ ਦਿੱਤੀ ਜਾਣ ਲੱਗੀ। ਫਿਰ ਇਨ੍ਹਾਂ ਦੀ ਡਿਊਟੀ ਖ਼ਾਸ, ਖ਼ਾਸ ਥਾਵਾਂ ਉੱਤੇ ਸਰਹਦੀ ਇਲਾਕਿਆਂ ਵਿੱਚ ਹੀ ਲਾਈ ਜਾਂਦੀ ਰਹੀ। ਉਹ ਗਿਲਗਿਤ ਸਰਹਦ ਤੇ ਰਹੇ।

ਹੋਰ ਕੂਕੇ ਵੀ ਸਮੇਂ ਸਮੇਂ ਆ ਕੇ ਭਰਤੀ ਹੁੰਦੇ ਰਹੇ। ਇਸ ਤਰ੍ਹਾਂ ਨਵੰਬਰ 1870 ਈ: ਤਕ ਨਾਮਧਾਰੀ ਫ਼ੌਜੀਆਂ ਦੀ ਗਿਣਤੀ ਵੱਧ ਕੇ 250 ਤਕ ਪਹੁੰਚ ਗਈ ਸੀ।

ਦਿਵਾਨ ਕਿਰਪਾ ਰਾਮ, ਕਸ਼ਮੀਰ ਦੇ ਮਹਾਰਾਜੇ ਦਾ ਮੁਖਮੰਤਰੀ ਤਾਂ ਸੀ ਹੀ, ਉਹ ਅੰਗਰੇਜ਼ ਸਰਕਾਰ ਦਾ ਵੀ ਪੱਕਾ ਵਫ਼ਾਦਾਰ ਸੀ। ਉਹ ਨਹੀਂ ਸੀ ਚਾਹੁੰਦਾ ਕਿ ਕਸ਼ਮੀਰ ਵਿਚ ਕੋਈ ਅੰਗਰੇਜ਼ ਵਿਰੋਧੀ ਅਨਸਰ ਆਪਣੀ ਥਾਂ ਬਣਾਵੇ। ਉਹ ਕੂਕਾ ਰਜਮੈਂਟ ਬਾਰੇ ਅੰਗਰੇਜ਼ਾਂ ਨੂੰ ਸੂਹ ਦੇਂਦਾ ਰਹਿੰਦਾ ਸੀ।

ਪੰਜਾਬ ਸਰਕਾਰ ਨੂੰ ਜਦ ਕੂਕਿਆਂ ਦੇ ਕਸ਼ਮੀਰ ਸੈਨਾ ਵਿੱਚ ਭਰਤੀ ਹੋਣ ਦਾ ਪਤਾ ਲੱਗਾ ਤਾਂ ਇਨਸਪੈਕਟਰ ਜਨਰਲ ਪੁਲਿਸ ਨੇ ਨਵੰਬਰ 1869 ਈ: ਵਿੱਚ ਇੱਕ ਡਿਪਟੀ ਇਨਸਪੈਕਟਰ ਪੁਲਿਸ ਨੂੰ, ਇਸ ਬਾਰੇ, ਛਾਣਬੀਣ ਕਰਨ ਲਈ ਭੇਜਿਆ। ਉਹ ਸਾਰੀ ਖੋਜ ਪੜਤਾਲ ਕਰਕੇ, ਆਪਣੀ ਕਾਰਵਾਈ ਦੀ ਰਿਪੋਰਟ ਦੇਣ ਲਈ ਫਰਵਰੀ 1870 ਵਿੱਚ ਵਾਪਸ ਪੰਜਾਬ ਆਇਆ। ਉਸ ਨੇ ਕਸ਼ਮੀਰ ਵਿੱਚ ਕੂਕਾ ਪਲਟਨ ਦੇ 150 ਸਿਪਾਹੀ ਹੋਣ ਦੀ ਇਤਲਾਹ ਦਿੱਤੀ ਅਤੇ ਨਾਲ ਹੀ ਦੱਸਿਆ ਕਿ ਇਹ ਗਿਣਤੀ ਘਟ ਜਾਣੀ ਸੀ ਕਿਉਂਕਿ ਕਈ ਨੌਕਰੀ ਕਰਨਾ ਹੀ ਨਹੀਂ ਸਨ ਚਾਹੁੰਦੇ ਅਤੇ ਉਨ੍ਹਾਂ ਨੌਕਰੀ ਛਡ ਕੇ ਚਲੇ ਜਾਣਾ ਸੀ।

ਕਾਹਨ ਸਿੰਘ ਤੇ ਹੀਰਾ ਸਿੰਘ ਜ਼ਿਆਦਾ ਸਮਝਦਾਰ ਅਤੇ ਮਹਾਰਾਜਾ ਕਸ਼ਮੀਰ ਦੇ ਨੇੜੇ ਸਨ। ਹਰ ਭਰਤੀ ਹੋਣ ਵਾਲੇ ਕੂਕੇ ਨੂੰ ਆਪਣੀ ਵਫ਼ਾਦਾਰੀ ਦਾ ਪ੍ਰਮਾਣ-ਪੱਤਰ ਸਤਿਗੁਰੂ ਜੀ ਪਾਸੋਂ ਲੈਣਾ ਪੈਂਦਾ ਸੀ।

ਕੂਕੇ ਸਿਪਾਹੀਆਂ ਨੂੰ ਫ਼ੌਜੀ ਵਰਦੀ ਪਾਉਣ ਦੀ ਲੋੜ ਵੀ ਨਹੀਂ ਸੀ। ਉਹ

ਆਪਣਾ ਕਰਤੱਵ ਪੂਰੀ ਜ਼ੁੰਮੇਂਵਾਰੀ ਤੇ ਦਿਆਨਤਦਾਰੀ ਨਾਲ ਨਿਭਾ ਰਹੇ ਸਨ। ਪਰ ਉਹ ਬਰਤਾਨਵੀ ਸਰਕਾਰ ਦੀਆਂ ਅੱਖਾਂ ਵਿੱਚ ਰੜਕਦੇ ਸਨ ਸੋ ਉਹ ਕੂਕਾ ਰਜਮੈਂਟ ਨੂੰ ਤੋੜਨ ਦਾ ਕੋਈ ਨਾ ਕੋਈ ਬਹਾਨਾ ਲਭਦੇ ਸਨ। ਦੀਵਾਨ ਕ੍ਰਿਪਾ ਰਾਮ ਉਨ੍ਹਾਂ ਦਾ ਵੱਡਾ ਹਥਿਆਰ ਸੀ। ਦਿਵਾਨ ਮਹਾਰਾਜਾ ਕਸ਼ਮੀਰ ਦੇ ਕੰਨ ਭਰਨ ਲੱਗਾ ਕਿ ਕੂਕੇ ਸੱਚੇ ਸਿੱਖ ਨਹੀਂ ਸਨ, ਅੰਗਰੇਜ਼ ਉਨ੍ਹਾਂ ਨੂੰ ਚੰਗਾ ਨਹੀਂ ਸਨ ਸਮਝਦੇ, ਉਨ੍ਹਾਂ ਦੀ ਦੋਸਤੀ ਲਾਹੇਵੰਦੀ ਨਹੀਂ ਸੀ ਰਹਿਣੀ। ਵੇਦਾਂਤੀ ਦੇ ਹੋਣ ਕਰਕੇ ਤੇ ਉਸ ਦਾ ਮਹਾਰਾਜੇ ਨੂੰ ਭਰੋਸਾ ਦਿਵਾਉਣ ਕਰਕੇ ਦਿਵਾਨ ਦੀ ਦਾਲ ਨਾ ਗਲੀ।

1871 ਈ: ਵਿੱਚ ਕੂਕਿਆਂ ਦੀਆਂ ਗਊ ਰਖਿਅਕ ਕਾਰਵਾਇਆਂ ਨੇ ਪਾਸਾ ਹੀ ਪਲਟ ਦਿੱਤਾ। ਬਿੱਲੀ ਦੇ ਭਾਗੀਂ ਛਿੱਕਾ ਟੁੱਟਾ, ਦਿਵਾਨ ਨੇ ਮਹਾਰਾਜਾ ਰਣਬੀਰ ਸਿੰਘ ਦੇ ਕੰਨ ਭਰਨੇ ਸ਼ੁਰੂ ਕੀਤੇ ਕਿ ਰੈਜ਼ੀਡੈਂਟ ਸਾਹਿਬ ਕੂਕਿਆਂ ਨੂੰ ਆਪਣਾ ਵੈਰੀ ਸਮਝਦੇ ਸਨ। ਜੇ ਕੋਈ ਰਿਆਸਤ ਉਨ੍ਹਾਂ ਨੂੰ ਗਲ ਲਾਵੇਗੀ ਤਾਂ ਅੰਗਰੇਜ਼ ਸਰਕਾਰ ਉਸ ਦਾ ਮਲੀਆਮੇਟ ਕਰ ਦੇਵੇਗੀ।

ਇੱਕ, ਅਖਾਣ ਹੈ ਕਿ, 'ਰਾਜ ਪਿਆਰੇ ਰਾਜਿਆਂ, ਮਾਵਾਂ ਪੁਤਰ ਪਿਆਰੇ।'

ਸੋ ਰਾਜੇ ਨੇ ਡਰ ਕੇ ਕੂਕਾ ਰਜਮੈਂਟ ਤੋੜਨ ਵਿੱਚ ਹੀ ਆਪਣੇ ਆਪ ਨੂੰ ਮਹਿਫੂਜ਼ ਸਮਝਿਆ ਅਤੇ ਹੀਰਾ ਸਿੰਘ ਨੂੰ ਸੱਦ ਕੇ ਉਸ ਨੂੰ ਕੂਕਾ ਰਜਮੈਂਟ ਤੋੜਨ ਦਾ ਹੁਕਮ ਸੁਣਾ ਦਿੱਤਾ। 1871 ਈ: ਵਿੱਚ ਹੀ ਕੂਕਾ ਰਜਮੈਂਟ ਤੋੜ ਦਿੱਤੀ ਗਈ।

**ਨੇਪਾਲ ਨਾਲ ਸੰਬੰਧ**

ਨੇਪਾਲ, ਭਾਰਤ ਦੇ ਉਤਰ-ਪੂਰਬ ਵਿੱਚ, ਪਹਾੜੀ ਇਲਾਕੇ ਵਿੱਚ ਫੈਲਿਆ ਹੋਇਆ ਇੱਕ ਹਿੰਦੂ ਰਾਜ ਹੈ। 1760 ਈ: ਵਿੱਚ ਮਹਾਰਾਜਾ ਪ੍ਰਿਥਵੀ ਨਾਰਾਇਣ ਸ਼ਾਹ ਨੇ ਆਲੇ ਦੁਆਲੇ ਦੇ ਛੋਟੇ ਛੋਟੇ ਪਹਾੜੀ ਰਜਵਾੜਿਆਂ ਨੂੰ ਜਿੱਤ ਕੇ ਇਹ ਰਾਜ ਕਾਇਮ ਕੀਤਾ ਸੀ। ਇਸ ਦੀ ਰਾਜਧਾਨੀ ਕਾਠਮੰਡੂ ਬਣਾਈ ਗਈ।

ਨੇਪਾਲ ਨਰੇਸ਼ ਨੂੰ ਅੰਗਰੇਜ਼ਾਂ ਦਾ ਭਾਰਤ ਦੇ ਵਿੱਚ ਪੈਰ ਪਸਾਰੀ ਜਾਣਾ ਰੜਕਦਾ ਸੀ। ਉਹ ਚਾਹੁੰਦਾ ਸੀ ਕਿ ਭਾਰਤੀ ਰਿਆਸਤਾਂ ਦੇ ਹਾਕਮਾਂ ਦੀ ਮਦਦ ਲੈ ਕੇ ਅੰਗਰੇਜ਼ ਨੂੰ ਭਾਰਤ ਭੂਮੀ ਵਿਚੋਂ ਕੱਢਿਆ ਜਾਵੇ। ਏਸੇ ਲਈ ਨੈਪਾਲ ਦੇ ਕਮਾਂਡਰ-ਇਨ-ਚੀਫ ਤੇ ਪ੍ਰਧਾਨ ਮੰਤਰੀ ਭੀਮ ਸੈਨ ਨੇ 1814 ਈ: ਵਿਚ, ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਨੂੰ, ਆਪਣੇ ਇਕ ਦੂਤ ਰਾਹੀਂ, ਅੰਗਰੇਜ਼ਾਂ ਦੇ ਖਿਲਾਫ ਯੁਧ ਕਰਨ ਲਈ ਇੱਕ ਵਿਉਂਤ ਦੱਸੀ ਅਤੇ ਆਪਣੇ ਵਲੋਂ ਵੀ ਪੂਰਨ ਤੌਰ ਤੇ ਸਹਿਯੋਗ ਦੇਣ ਦਾ ਵਿਸ਼ਵਾਸ ਦੁਆਇਆ।

ਉਸ ਪੰਡਤ ਪਦਮ ਮਨੀ ਨੂੰ ਦਖਣ ਦੇ ਰਾਜਿਆਂ ਕੋਲ ਗੰਢ ਤੁੱਪ ਕਰਨ ਲਈ ਭੇਜਿਆ। ਮਰਾਠਿਆਂ ਨਾਲ ਵੀ ਉਸ ਸਾਂਝ ਵਧਾਈ। ਪਰ ਇਹ ਪ੍ਰੋਗ੍ਰਾਮ

ਨੇਪਰੇ ਨਾ ਚੜ੍ਹ ਸਕਿਆ। ਇਸ ਦੇ ਉਲਟ 1816 ਈ: ਵਿੱਚ ਅੰਗਰੇਜ਼ ਨੇ ਗੋਰਖਿਆਂ ਨੂੰ ਹਰਾ ਦਿੱਤਾ। ਸਗੋਲੀ ਦਾ ਸਮਝੌਤਾ ਹੋਇਆ ਜਿਸ ਦੀਆਂ ਸ਼ਰਤਾਂ ਅਧੀਨ ਨੇਪਾਲ ਦਾ ਇੱਕ ਵੱਡਾ ਹਿੱਸਾ ਅੰਗਰੇਜ਼ਾਂ ਨੂੰ ਦੇ ਕੇ ਹੀ ਖਹਿੜਾ ਛੁਡਾਉਣਾ ਪਿਆ ਪਰ ਇਹ ਹਾਰ ਤੇ ਸੌਦਾ ਨੇਪਾਲੀਆਂ ਨੂੰ ਸਦਾ ਰੜਕਦਾ ਰਿਹਾ।

ਬਰਤਾਨਵੀ ਸ਼ਾਸਨ ਨੇ ਨੇਪਾਲ ਰਾਜ ਵਿਚ ਆਪਣਾ ਰੈਜ਼ੀਡੈਂਟ ਨਿਯੁਕਤ ਕੀਤਾ। ਉਹ ਸਦਾ ਨੇਪਾਲੀ ਹਾਕਮਾਂ ਵਿੱਚ ਫੁੱਟ ਪਾਉਣ ਲਈ ਭੰਨ-ਤੋੜ ਕਰਦਾ ਰਹਿੰਦਾ। ਉਹ ਬੜੀ ਕਾਮਯਾਬੀ ਨਾਲ, ਭੀਮਸੈਨ ਥਾਪਾ, ਪਾਂਡੇ, ਮਾਤਾਬਾਰ ਸਿੰਘ ਤੇ ਜੰਗ ਬਹਾਦਰ ਨੂੰ ਪ੍ਰਧਾਨ ਮੰਤਰੀ ਬਣਨ, ਆਪਸ ਵਿੱਚ ਲੜਨ, ਅਤੇ ਮਰਨ ਮਾਰਨ ਦੀ ਖੇਡ ਖਿਡਾਉਂਦਾ ਰਿਹਾ।

ਮਹਾਰਾਜਾ ਰਣਜੀਤ ਸਿੰਘ ਦੀ ਫ਼ੌਜੇ-ਖ਼ਾਸ ਦਾ ਹਿੱਸਾ ਨੇਪਾਲੀ ਸਨ। ਜਨਰਲ ਮਾਤਾਬਾਰ ਸਿੰਘ ਵੀ ਲਾਹੌਰ ਰਿਹਾ। ਉਸ ਨਾਲ ਉਸ ਦਾ ਭਣੇਵਾਂ ਜੰਗ ਬਹਾਦਰ ਵੀ ਸੀ। 1843 ਈ: ਵਿਚ, ਪੰਜਾਬੋਂ ਜਾ ਕੇ ਮਾਤਬਾਰ ਸਿੰਘ ਆਪਣੇ ਗੁਣਾਂ ਤੇ ਕਾਰਜ ਕੁਸ਼ਲਤਾ ਕਰਕੇ ਨੇਪਾਲ ਦਾ ਪ੍ਰਧਾਨ ਮੰਤਰੀ ਬਣਿਆਂ। ਉਸ ਜੰਗ ਬਹਾਦਰ ਨੂੰ ਵੀ ਵੱਡਾ ਅਹੁਦਾ ਦੁਆਇਆ। ਰਾਜ ਦੀ ਭੁਖ ਤੇ ਪ੍ਰਧਾਨ ਮੰਤਰੀ ਦੀ ਕੁਰਸੀ ਕਾਰਨ ਉਸ ਨੇ ਆਪਣੇ ਮਾਮੇ ਮਾਤਾਬਾਰ ਸਿੰਘ ਅਤੇ ਉਸ ਦੇ ਨਿਕਟਵਰਤੀਆਂ ਦੇ ਖ਼ੂਨ ਨਾਲ ਹੱਥ ਰੰਗ ਕੇ 1847 ਈ: ਵਿੱਚ ਆਪ ਗੱਦੀ ਸਾਂਭ ਲਈ।

ਜੰਗ ਬਹਾਦਰ ਬੜਾ ਚਤੁਰ ਚਲਾਕ ਸੀ। ਉਹ ਅੰਗਰੇਜ਼ ਸਰਕਾਰ ਦੀਆਂ ਕਾਰ ਗੁਜ਼ਾਰੀਆਂ ਨੂੰ ਸਮਝਦਾ ਸੀ। ਸਿੱਖ ਰਾਜ ਦਾ ਵੀ ਉਹ ਖ਼ੈਰਖ਼ਾਹ ਸੀ। ਜਦੋਂ ਅੰਗਰੇਜ਼ ਸਿੱਖ ਰਾਜ ਨੂੰ ਨਿਗਲ ਗਏ ਤਾਂ ਉਸ ਦੇ ਦਿਲ 'ਤੇ ਭਾਰੀ ਸੱਟ ਵੱਜੀ। ਉਹ ਉਸ ਰਾਜ ਦਾ ਵਫ਼ਾਦਾਰ ਅਹਿਲਕਾਰ ਰਿਹਾ ਸੀ। ਹੁਣ ਵੀ ਉਸ ਨੂੰ ਰਾਜ ਘਰਾਣੇ ਨਾਲ ਪੂਰੀ ਹਮਦਰਦੀ ਸੀ ਏਸੇ ਕਰਕੇ ਉਸ ਨੇ ਚੁਨਾਰ ਦੇ ਕਿਲੇ ਵਿਚੋਂ ਨਸੀ ਮਹਾਂਰਾਣੀ ਜਿੰਦਾ ਨੂੰ ਸ਼ਰਨ ਦਿੱਤੀ ਸੀ। ਉਸ ਨੇ ਤਖਤੋ ਲਥੀ ਤੇ ਦਰ-ਦਰ ਭਟਕਦੀ, ਦੀਨ ਮਹਾਰਾਣੀ ਨੂੰ ਵੀ ਪੂਰੇ ਰਾਜਸੀ ਸਨਮਾਨ ਨਾਲ 1861 ਈ: ਤਕ ਨੇਪਾਲ ਵਿੱਚ ਰੱਖਿਆ ਸੀ।

1857 ਈ: ਦੀ, ਆਜ਼ਾਦੀ ਦੀ ਪਹਿਲੀ ਲੜਾਈ ਦੇ ਸਿਰਲੱਥ ਸੂਰੇ, ਨਾਨਾ ਫੜਨਵੀਸ, ਨਵਾਬ ਅਬਦੁਲ ਮਜ਼ੀਦ ਖਾਂ ਲਖਨਊ, ਬਾਬੂ ਕੋਇਰ ਸਿੰਘ, ਬਾਬੂ ਬੰਧੂ ਸਿੰਘ, ਕੰਵਰ ਸਿੰਘ ਆਦਿ ਦੇਸ਼ਭਗਤ ਇਸ ਲੜਾਈ ਵਿੱਚ ਹਾਰ ਜਾਣ ਕਰਕੇ ਆਪਣੇ ਬਚਾਅ ਲਈ ਨੇਪਾਲ ਜਾ ਵੜੇ। ਨੇਪਾਲ ਵਿੱਚ ਉਨ੍ਹਾਂ ਦਾ ਨਿਘਾ ਸੁਆਗਤ ਕੀਤਾ ਗਿਆ। ਅੰਗਰੇਜ਼ਾਂ ਨੇ ਜੰਗ ਬਹਾਦਰ ਉਤੇ, ਉਨ੍ਹਾਂ ਨੂੰ ਵਾਪਸ ਕਰਨ ਲਈ ਜ਼ੋਰ ਪਾਇਆ ਪਰ ਉਸ ਨੇ ਅੰਗਰੇਜ਼ਾਂ ਨੂੰ ਪੱਲਾ ਨਾ ਫੜਾਇਆ।

ਜੰਗ ਬਹਾਦਰ ਅੰਗਰੇਜ਼ ਨੂੰ ਨਾਰਾਜ਼ ਵੀ ਨਹੀਂ ਕਰਨਾ ਚਾਹੁੰਦਾ ਸੀ ਤੇ ਚੌਕੰਨਾ ਵੀ ਰਹਿਣਾ ਚਾਹੁੰਦਾ ਸੀ। ਅੰਗਰੇਜ਼ਾਂ ਨੇ 1816 ਵਿਚ ਨੇਪਾਲ ਦਾ ਕੁਝ ਇਲਾਕਾ ਲੈ ਲਿਆ ਸੀ ਸੋ ਨੇਪਾਲ ਸਰਕਾਰ ਅੰਗਰੇਜ਼ਾਂ ਤੇ ਖੁਸ਼ ਵੀ ਨਹੀਂ ਸੀ, ਦੜ ਵੱਟ ਕੇ ਦਿਨ ਕੱਟ ਰਹੀ ਸੀ ਪਰ ਉਸ ਦੀ ਪੂਰੀ ਹਮਦਰਦੀ ਦੇਸ਼ ਭਗਤ ਭਾਰਤੀਆਂ ਨਾਲ ਸੀ।

ਨਾਮਧਾਰੀ ਸਿੱਖਾਂ ਨੂੰ ਤਾਂ ਗੁੜ੍ਹਤੀ ਹੀ ਬਿੱਲਿਆਂ ਨੂੰ ਸੱਤ ਸਮੁੰਦਰੋਂ ਪਾਰ ਭੇਜਣ ਦੀ ਮਿਲੀ ਹੋਈ। ਉਨ੍ਹਾਂ ਵਲੋਂ ਵੀ ਬਰਤਾਨੀਆ ਸਰਕਾਰ ਦੇ ਦੁਸ਼ਮਨ ਨਾਲ ਸਾਂਝ ਪਾਉਣ ਦਾ ਹੀ ਉਪਰਾਲਾ ਹੁੰਦਾ ਸੀ। ਹੁੰਦਾ ਵੀ ਕਿਉਂ ਨਾ, ਦੁਸ਼ਮਨ ਦਾ ਦੁਸ਼ਮਨ ਦੋਸਤ ਹੁੰਦਾ ਹੈ।

ਗ੍ਰੰਥ ਗੜ੍ਹ ਦਾ ਕਿਸ਼ਨ ਸਿੰਘ - ਜਿਸ ਦਾ ਨਾਂ ਕਈ ਥਾਈਂ ਹੀਰਾ ਸਿੰਘ ਵੀ ਲਿਖਿਆ ਹੈ - ਫ਼ੱਤੇਵਾਲ ਰਹਿੰਦਾ ਸੀ। ਕਿਉਂਕਿ ਕਸ਼ਮੀਰ ਦੀ ਪਲਟਨ ਏਸੇ ਦੇ ਉਦਮ ਦਾ ਸਿੱਟਾ ਸੀ, ਅੰਗਰੇਜ਼ਾਂ ਦੇ ਖ਼ਿਲਾਫ਼ ਵੀ ਉਹ ਸਰੇਆਮ ਪਰਚਾਰ ਕਰਦਾ ਸੀ ਇਸ ਲਈ ਉਹ ਸਰਕਾਰ ਦੀਆਂ ਅੱਖਾਂ ਵਿਚ ਰੜਕਦਾ ਸੀ। ਫ਼ਤੇ ਵਾਲਾ ਇੱਕ ਖ਼ੂਨ ਹੋ ਗਿਆ। ਸਰਕਾਰ ਇਹ ਖ਼ੂਨ ਕਿਸ਼ਨ ਸਿੰਘ ਸਿਰ ਮੜ੍ਹਨਾ ਚਾਹੁੰਦੀ ਸੀ। ਉਸ ਨੂੰ ਭਿਣਕ ਪੈ ਗਈ। ਉਹ ਪੰਜਾਬ ਛੱਡ ਕੇ ਨੇਪਾਲ ਜਾ ਵੜਿਆ, ਲੁਕ ਛਿਪ ਕੇ।

1868 ਵਿੱਚ ਨੇਪਾਲ, ਉਸ ਦਾ ਮੇਲ ਨੰਦ ਰਾਮ ਨਾਮੀ ਪੰਜਾਬੀ ਹਵਾਲਦਾਰ ਨਾਲ ਹੋਇਆ। ਫਿਰ ਸਾਂਝ ਵਧਾਉਂਦਾ, ਕਿਸ਼ਨ ਸਿੰਘ, ਪ੍ਰਧਾਨ-ਮੰਤਰੀ ਦੇ ਨੇੜੇ ਹੋ ਗਿਆ। ਮੌਕਾ ਤਾੜ ਕੇ ਕਿਸ਼ਨ ਸਿੰਘ ਨੇ ਪ੍ਰਧਾਨ ਮੰਤਰੀ ਜੰਗ ਬਹਾਦਰ ਨੂੰ ਨਾਮਧਾਰੀ ਲਹਿਰ ਬਾਰੇ ਜਾਣਕਾਰੀ ਦਿੱਤੀ। ਉਸ ਹੌਲੀ ਹੌਲੀ ਕੂਕਾ ਲਹਿਰ ਦੇ ਰਾਜਨੀਤਕ ਪ੍ਰੋਗ੍ਰਾਮ ਬਾਰੇ ਦੱਸਿਆ। ਉਸ ਨੇ ਕੂਕਿਆਂ ਦਾ ਧਾਰਮਕ, ਸਮਾਜਕ ਕਾਰਜ ਕਰਮ ਵੀ ਦੱਸਿਆ। ਉਹ ਸੁਣ ਕੇ ਬੜਾ ਪ੍ਰਭਾਵਤ ਹੋਇਆ ਅਤੇ ਨਾਮਧਾਰੀ ਲਹਿਰ ਦੇ ਆਗੂ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਕਿਸ਼ਨ ਸਿੰਘ ਨੇ ਸਤਿਗੁਰੂ ਰਾਮ ਸਿੰਘ ਜੀ ਤੱਕ ਉਸਦਾ ਸੁਨੇਹਾ ਪਹੁੰਚਾਇਆ। ਸਤਿਗੁਰੂ ਜੀ ਅਜੇ ਪੰਜਾਬ ਤੋਂ ਬਾਹਰ ਨਹੀਂ ਸਨ ਜਾਣਾ ਚਾਹੁੰਦੇ ਤਾਂਕਿ ਸਰਕਾਰ ਨੂੰ ਕੋਈ ਸ਼ਕ ਨਾ ਹੋਵੇ। ਉਹ ਨਾਮਧਾਰੀ ਲਹਿਰ ਦੇ ਵਿਦੇਸ਼ਾਂ ਨਾਲ ਸੰਬੰਧਾਂ ਨੂੰ ਵੀ ਅੰਗਰੇਜ਼ਾਂ ਤੋਂ ਗੁਪਤ ਰਖਣਾ ਚਾਹੁੰਦੇ ਸਨ। ਆਪ ਨੇ 1870 ਈ: ਦੇ ਅਖ਼ੀਰ ਵਿੱਚ ਸੂਬਾ ਸਾਹਿਬ ਸਿੰਘ ਤੇ ਬਾਬਾ ਕਾਹਨ ਸਿੰਘ ਨਿਹੰਗ ਨੂੰ ਆਪਣੇ ਰਾਜਦੂਤ ਦੇ ਰੂਪ ਵਿੱਚ ਨੇਪਾਲ ਭੇਜਿਆ। ਉਨ੍ਹਾਂ ਨੈਪਾਲ ਦੇ ਪ੍ਰਧਾਨ ਮੰਤਰੀ ਨੂੰ ਮਿਲਕੇ ਸਤਿਗੁਰੂ ਜੀ ਦੀ ਤੇ ਨਾਮਧਾਰੀ ਲਹਿਰ ਦੀ ਪ੍ਰਤੀਨਿਧਤਾ ਕੀਤੀ।

ਸਤਿਗੁਰੂ ਜੀ ਨੇ ਨੇਪਾਲ ਦੇ ਪ੍ਰਧਾਨ ਮੰਤਰੀ ਨੂੰ ਆਦਰ, ਮਾਣ ਤੇ

ਸਨੇਹ ਦਾ ਪ੍ਰਗਟਾਵਾ ਕਰਨ ਲਈ ਤੁਹਫ਼ੇ ਵੀ ਭੇਜੇ ਤਾਂਕਿ ਦੋਸਤੀ ਦੀ ਗੰਢ ਪੀਢੀ ਪੈ ਸਕੇ।

ਸੁਗਾਤਾਂ ਖਰੀਦਣ ਬਾਰੇ ਲਾਹੌਰ ਦਾ ਪੁਲਿਸ ਕਪਤਾਨ ਲਿਖਦਾ ਸੀ ਕਿ ਆਪ ਨੇ ਸ੍ਰ. ਭਗਵਾਨ ਸਿੰਘ ਨੂੰ ਇੱਕ ਹਜ਼ਾਰ ਰੁਪਇਆ ਦੇ ਕੇ ਲਾਹੌਰ ਦੇ ਇਲਾਕੇ ਵਿੱਚ ਭੇਜਿਆ ਤਾਂਕਿ ਉਹ ਵਧੀਆ ਚੰਗੀ ਨਸਲ ਦੀਆਂ ਮੱਝਾਂ ਤੇ ਖੱਚਰਾਂ ਖਰੀਦ ਸਕੇ। ਸਤਿਗੁਰਾਂ ਦੇ ਰਾਜਦੂਤ ਜਦ ਦੋ ਦੁਧਾਰੂ ਮੱਝਾਂ ਤੇ ਦੋ ਚੰਗਾ ਭਾਰ ਢੋਣ ਵਾਲੀਆਂ ਖੱਚਰਾਂ ਲੈ ਕੇ 1870 ਈ: ਵਿੱਚ ਨੇਪਾਲ ਪਹੁੰਚੇ ਤਾਂ ਉਨ੍ਹਾਂ ਦਾ ਸ਼ਾਹੀ ਸਨਮਾਨ ਕੀਤਾ ਗਿਆ।

ਨੇਪਾਲ ਦਰਬਾਰ ਦੇ ਅਹਿਲਕਾਰ ਕ੍ਰਿਪਾਲ ਸਿੰਘ ਨੇ ਆਪ ਨੂੰ ਪ੍ਰਧਾਨ ਮੰਤਰੀ ਦੇ ਸਪੁਤਰ ਬੱਬਰ ਜੰਗ ਨਾਲ ਮਿਲਾਇਆ। ਫਿਰ ਆਪ ਨੂੰ ਪ੍ਰਧਾਨ ਮੰਤਰੀ ਜੰਗ ਬਹਾਦਰ ਨੂੰ ਮਿਲਾਇਆ ਗਿਆ। ਕਿਉਂਕਿ ਜੰਗ ਬਹਾਦਰ ਤੇ ਬਾਬਾ ਕਾਹਨ ਸਿੰਘ ਨਿਹੰਗ ਦੋਵੇਂ ਹੀ ਲਾਹੌਰ ਦਰਬਾਰ ਦੇ ਵਫ਼ਾਦਾਰ ਨੌਕਰ ਰਹੇ ਸਨ ਸੋ ਪੁਰਾਣੇ ਜਾਣਕਾਰਾਂ ਵਾਂਗ ਹੀ ਸਨੇਹ ਤੇ ਪਿਆਰ ਨਾਲ ਗਲਾਂ ਹੁੰਦੀਆਂ ਰਹੀਆਂ। ਮਹਾਰਾਣੀ ਜਿੰਦਾ ਦਾ ਨੇਪਾਲ ਰਹਿਣਾ ਵੀ ਵਾਤਾਵਰਨ ਨੂੰ ਹੋਰ ਸੁਹਿਰਦਤਾ ਪੂਰਨ ਬਨਾਉਣ ਵਿੱਚ ਸਹਾਈ ਹੋ ਰਿਹਾ ਸੀ।

ਕੁਝ ਦਿਨ ਸ਼ਾਹੀ ਮਹਿਮਾਨ ਰਹਿਣ ਪਿਛੋਂ ਦੋਹਾਂ ਸੂਬਿਆਂ ਨੇ ਰੁਖ਼ਸਤ ਮੰਗੀ। ਪ੍ਰਧਾਨ ਮੰਤਰੀ ਜੰਗ ਬਹਾਦਰ ਨੇ ਵੀ ਸਤਿਗੁਰੂ ਜੀ ਨੂੰ ਤੁਹਫ਼ੇ ਭੇਜਣ ਦੀ ਲੋੜ ਮਹਿਸੂਸ ਕੀਤੀ। ਉਸ ਨੇ, ਕਸਤੂਰੀ ਦੇ 108 ਮਣਕਿਆਂ ਦੀ ਮਾਲਾ – ਜਿਸ ਦਾ ਫੁੱਲ ਸੋਨੇ ਦਾ ਸੀ – ਇੱਕ ਤਿੱਬਤੀ ਘੋੜਾ, ਦੋ ਰਤਨ ਜੜਤ ਖੋਖਰੀਆਂ, ਇੱਕ ਕੀਮਤੀ ਦੁਸ਼ਾਲਾ, ਬਨਾਤ ਦਾ ਇੱਕ ਪੰਜਾਹ ਗਜ਼ ਦਾ ਥਾਨ, 500 ਰੁਪਏ ਨਗਦ ਅਤੇ ਇੱਕ ਖਿਲਤ – ਕਿਹਾ ਜਾਂਦਾ ਹੈ ਉਸ ਦੀ ਜੇਬ ਵਿੱਚ ਇੱਕ ਚਿਠੀ ਸੀ ਜਿਸ ਦੇ ਮਜ਼ਮੂਨ ਬਾਰੇ ਸਤਿਗੁਰੂ ਜੀ ਨੇ ਕਿਸੇ ਨੂੰ ਨਹੀਂ ਦਸਿਆ – ਦੇ ਕੇ ਸੂਬਿਆਂ ਨੂੰ ਪੰਜਾਬ ਨੂੰ ਵਿਦਿਆ ਕੀਤਾ। ਸੂਬਿਆਂ ਸੁਗਾਤਾਂ ਲਿਆਉਣ ਤੋਂ ਇਨਕਾਰ ਕੀਤਾ ਪਰ ਉਸ ਦੇ ਵਾਰ ਵਾਰ ਕਹਿਣ ਉਤੇ ਉਨ੍ਹਾਂ ਨੂੰ ਸੁਗਾਤਾਂ ਲਿਆਉਣੀਆਂ ਪਈਆਂ।

ਜਦੋਂ ਇਹ ਸਭ ਕੁਝ ਸਤਿਗੁਰੂ ਜੀ ਨੂੰ ਭੇਟ ਕੀਤਾ ਗਿਆ ਤਾਂ ਉਨ੍ਹਾਂ ਵੀ ਕਿਹਾ ਕਿ ਸੁਗਾਤਾਂ ਲਿਆਉਣੀਆਂ ਹੀ ਨਹੀਂ ਸਨ। ਖ਼ੈਰ! ਫਿਰ ਵੀ ਇਸ ਅਦਾਨ ਪ੍ਰਦਾਨ ਤੋਂ ਇਸ ਗਲ ਦਾ ਤਾਂ ਪਤਾ ਲੱਗ ਹੀ ਜਾਂਦਾ ਹੈ ਕਿ ਸੁਗਾਤਾਂ ਦਾ ਵਟਾਂਦਰ ਕਰਨ ਵਾਲੀਆਂ ਦੋ ਹਸਤੀਆਂ ਇੱਕ ਦੂਜੇ ਪ੍ਰਤੀ ਸੁਹਿਰਦਤਾ ਪੂਰਨ ਅਤੇ ਮਿਤਰਤਾਪੂਰਨ ਰਵਈਆ ਰਖਦੀਆਂ ਸਨ। ਇੱਕ ਦੂਜੇ ਨਾਲ ਸਦੀਵੀ ਸੰਬੰਧ ਕਾਇਮ ਰੱਖਣ ਦੀ ਖੁਸ਼ੀ ਮਹਿਸੂਸ ਕਰ ਰਹੀਆਂ ਸਨ। ਸਤਿਗੁਰੂ ਜੀ ਦਾ

ਆਪਣੇ ਮਹਤਵ ਪੂਰਨ ਤੇ ਸੂਝਵਾਨ ਸੂਬਿਆਂ ਨੂੰ ਨੇਪਾਲ ਭੇਜਣਾ ਦੂਰ ਅੰਦੇਸ਼ੀ ਦਾ ਪ੍ਰਤੀਕ ਸੀ। ਉਹ ਬਾਬਾ ਕਿਸ਼ਨ ਸਿੰਘ ਨੂੰ ਵੀ ਸਤਿਗੁਰੂ ਦਾ ਅਦੇਸ਼ ਦੇ ਕੇ ਆਏ ਸਨ ਕਿ ਰਾਜ ਦੇ ਹੋਰ ਅਹਿਲਕਾਰਾਂ ਨਾਲ ਤੇ ਲੋਕਾਂ ਨਾਲ ਵੀ ਚੰਗੇਰੇ ਸੰਬੰਧ ਬਣਾਈ ਰਖਣੇ ਸਨ।

ਬਾਬਾ ਕਿਸ਼ਨ ਸਿੰਘ ਜੀ ਨੇਪਾਲ ਹੀ ਰਹਿ ਰਹੇ ਸਨ। ਉਨ੍ਹਾਂ ਦਾ ਮੇਲ ਮਿਲਾਪ ਅਛਰਾ ਸਿੰਘ ਅਜੀਟਨ ਕਰਨਲ ਨਾਲ ਵੀ ਸੀ ਜੋ ਕਿ ਗੁਜਰਾਂਵਾਲੇ ਦਾ ਵਸਨੀਕ ਸੀ। ਆਪ ਹਰੀ ਸਿੰਘ ਨਲੂਏ ਦੇ ਪੁਤਰ ਮੋਤੀ ਸਿੰਘ ਅਜੀਟਨ ਦੇ ਵੀ ਨੇੜੇ ਸਨ। ਹੋਰ ਵੀ ਨੈਪਾਲ ਦੇ ਸ਼ੈਰ-ਖ਼ਾਹ ਸਿੱਖ ਫੌਜੀਆਂ ਅਤੇ ਉਦਾਸੀ ਸਾਧੂਆਂ ਦੀ ਸੰਗਤ ਵਿਚ ਆਪ ਵਿਚਰਦੇ ਸਨ। ਉਨ੍ਹਾਂ ਨੂੰ ਡੇਰੇ ਲਈ ਜ਼ਮੀਨ ਨੈਪਾਲ ਸਰਕਾਰ ਵਲੋਂ ਹੀ ਦਿਤੀ ਗਈ ਸੀ।

ਨੇਪਾਲ ਦਾ ਰੈਜ਼ੀਡੈਂਟ ਕਰਨਲ ਆਰ. ਸੀ. ਲਾਰੰਸ ਵੀ ਸਦਾ ਇਹ ਜਾਨਣ ਲਈ ਉਤਸਕ ਰਹਿੰਦਾ ਕਿ ਨੇਪਾਲ ਵਿਚ ਕੀ:ਹ ਹੋ ਰਿਹਾ ਸੀ। ਉਸ ਨੇ ਗਲਬਾਤ ਸਮੇਂ ਪ੍ਰਧਾਨ ਮੰਤਰੀ ਜੰਗ ਬਹਾਦਰ ਕੋਲੋਂ ਕੂਕਿਆਂ ਦੀ ਸਿਫ਼ਤ ਸੁਣੀ ਤਾਂ ਤੁਰੰਤ 1870 ਈ: ਵਿਚ ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ ਸੀ. ਸੀ. ਇਚਸਨ ਨੂੰ ਆਪਣੀ ਰਿਪੋਰਟ ਭੇਜੀ ਕਿ ਕੂਕੇ ਸੁਗਾਤਾਂ ਲੈ ਕੇ ਨੈਪਾਲ ਫਿਰਦੇ ਵੇਖੇ ਗਏ ਸਨ। ਉਨ੍ਹਾਂ ਦੀ ਕੁੱਲ ਗਿਣਤੀ ਤਿੰਨ ਲਖ ਤੋਂ ਵੱਧ ਨਹੀਂ ਸੀ। ਉਹ ਨਿਰਸੰਦੇਹ ਆਪਣੇ ਗੁਰੂ ਉਤੇ ਭਰੋਸਾ ਰਖਦੇ ਸਨ ਅਤੇ ਉਸ ਦੇ ਹੁਕਮ ਅਨੁਸਾਰ ਕੋਈ ਵੀ ਕੰਮ ਕਰਨ ਲਈ ਤਿਆਰ ਸਨ। ਲਾਰੰਸ ਅਨੁਸਾਰ ਫ਼ਰੀਦਕੋਟ ਦਾ ਜੱਟ ਮਾਨ ਸਿੰਘ, ਨੇਪਾਲ ਦਰਬਾਰ ਵਿਚ ਨੌਕਰ ਵੀ ਸੀ। ਜੇ ਭਾਰਤ ਵਿਚ ਕੂਕੇ ਬਗਾਵਤ ਕਰਦੇ, ਜਿਸ ਦੀ ਕਿ ਪੂਰੀ ਸੰਭਾਵਨਾ ਸੀ, ਤਾਂ ਪ੍ਰਧਾਨ ਮੰਤਰੀ ਜੰਗ ਬਹਾਦਰ ਹਰ ਮਦਦ ਕਰਨ ਲਈ ਤਿਆਰ ਸੀ।

ਇਹ ਰਿਪੋਰਟ ਪੜ੍ਹ ਕੇ ਬਰਤਾਨਵੀ ਸਰਕਾਰ ਚੌਕੰਨੀ ਹੋ ਗਈ। ਉਸ ਨੇ ਨੈਪਾਲ ਰਾਜ ਉਤੇ ਆਪਣੀ ਨਿਗਰਾਨੀ ਵਧਾ ਦਿਤੀ। ਅੰਗਰੇਜ਼ਾਂ ਨੂੰ ਖ਼ੁਸ਼ ਰਖਣ ਲਈ ਨੇਪਾਲ ਦਰਬਾਰ ਨੇ ਕੂਕਿਆਂ ਨਾਲ ਆਪਣੀ ਦੋਸਤੀ ਦਾ ਵਧਾਇਆ ਹੱਥ ਪਿਛਾਂਹ ਖਿੱਚ ਲਿਆ। ਅੰਗਰੇਜ਼ਾਂ ਨੂੰ ਆਪਣੀ ਵਫ਼ਾਦਾਰੀ ਦਾ ਪੂਰਾ ਭਰੋਸਾ ਦੁਆਉਣ ਲਈ ਅਤੇ ਨਾਮਧਾਰੀ ਸਿੱਖਾਂ ਨਾਲ ਕੋਈ ਵੀ ਸੰਬੰਧ ਨਾ ਹੋਣ ਦਾ ਇਤਬਾਰ ਕਰਵਾਉਣ ਲਈ ਜਨਰਲ ਬਬਰ ਜੰਗ ਨੇ ਵੀ ਕੂਕਿਆਂ ਨੂੰ ਤੋਪਾਂ ਨਾਲ ਉਡਾਉਣ ਸਮੇਂ ਸਲਤਨਤ ਦੀ ਨਿਜੀ ਸਹਾਇਤਾ ਕਰਨ ਦੀ ਪੇਸ਼ਕਸ਼ ਕੀਤੀ ਸੀ।

ਸਤਿਗੁਰੂ ਰਾਮ ਸਿੰਘ ਦੇ ਕਸ਼ਮੀਰ ਅਤੇ ਨੇਪਾਲ ਨਾਲ ਸੰਬੰਧਾਂ ਬਾਰੇ ਟਿਪਣੀ ਕਰਦੇ ਹੋਏ ਕਰਨਲ ਮੈਕ ਐਂਡਰਿਊ ਨੇ ਲਿਖਿਆ, "ਕਸ਼ਮੀਰ ਦੀ ਫ਼ੌਜ ਵਿਚ ਆਪਣੇ ਪੈਰੋਕਾਰਾਂ ਦੀ ਇਕ ਟੁਕੜੀ ਰਖਣ ਦਾ (ਗੁਰੂ ਰਾਮ ਸਿੰਘ ਦਾ

ਨੇਵਿਆ) ਅਤੇ ਏਸ ਤਰ੍ਹਾਂ ਦਾ ਨੇਪਾਲ ਵਲ ਕਦਮ ਪ੍ਰਗਟ ਕਰਦਾ ਹੈ ਕਿ ਉਹ ਗੁਰੂ ਜਾਂ ਧਾਰਮਕ ਰਾਹਨੁਮਾ ਦੇ ਘੇਰੇ ਤੋਂ ਬਾਹਰ ਕੰਮ ਕਰ ਰਿਹਾ ਹੈ"।

**ਅਫ਼ਗਾਨਿਸਤਾਨ ਨਾਲ ਸੰਬੰਧ :**

ਭਾਰਤ ਦੇ ਉਤਰ ਪਛਮ ਵਿੱਚ ਪਾਕਿਸਤਾਨ ਤੋਂ ਅੱਗੇ ਇਕ ਮਹਤਵਪੂਰਨ ਦੇਸ਼ ਅਫ਼ਗਾਨਿਸਤਾਨ ਹੈ। 1826 ਈ: ਵਿੱਚ ਦੋਸਤ ਮੁਹੰਮਦ ਇਥੋਂ ਦਾ ਹਾਕਮ ਜਿਸ ਨੂੰ ਅਮੀਰ ਕਿਹਾ ਜਾਂਦਾ ਹੈ - ਬਣਿਆ। ਉਹ ਬੜਾ ਸੂਝਵਾਨ ਸੀ। ਗੁਆਂਢੀ ਦੇਸ਼ਾਂ ਨਾਲ ਮਿਤਰਤਾ ਚਾਹੁੰਦਾ ਸੀ। ਉਸ ਨੇ ਰੂਸ ਦਾ ਰਾਜਦੂਤ ਵੀ ਆਪਣੇ ਰਾਜ ਵਿੱਚ ਰਖਿਆ ਹੋਇਆ ਸੀ। ਅੰਗਰੇਜ਼ਾਂ ਨੂੰ ਇਹ ਗੱਲ ਬੜੀ ਭੈੜੀ ਲੱਗੀ। ਅਮੀਰ ਨੂੰ 'ਮੱਤ' ਦੇਣ ਲਈ, ਗਵਰਨਰ ਜਨਰਲ, ਲਾਰਡ ਆਕਲੈਂਡ ਨੇ ਸਿੰਧ ਦੇ ਰਸਤੇ ਫੌਜਾਂ ਭੇਜ ਕੇ, 1838 ਈ: ਵਿੱਚ ਉਸ ਉੱਤੇ ਹਮਲਾ ਕਰਵਾ ਦਿੱਤਾ, ਸ਼ਾਹ ਸ਼ੁਜਾ ਨੂੰ ਗੱਦੀ ਦੇ ਕੇ ਉਸ ਨੂੰ ਕੈਦ ਕਰ ਲਿਆ ਗਿਆ। ਪਰ ਦੋਸਤ ਮੁਹੰਮਦ ਅਫ਼ਗਾਨ ਲੋਕਾਂ ਦਾ ਵੀ ਦੋਸਤ ਸੀ, ਕੇਵਲ ਅਮੀਰ ਨਹੀਂ ਸੀ। ਲੋਕਾਂ ਨੂੰ ਉਸ ਨਾਲ ਪਿਆਰ ਤੇ ਹਮਦਰਦੀ ਸੀ। ਸੋ ਅਫ਼ਗਾਨਿਸਤਾਨ ਵਿੱਚ ਬਗਾਵਤ ਹੋ ਗਈ। ਸ਼ਾਹ ਸ਼ੁਜਾ ਨੂੰ ਮਾਰ ਮੁਕਾਇਆ ਗਿਆ। ਅਫ਼ਗਾਨ ਫੌਜੀਆਂ ਗੋਰਿਆਂ ਦੀ ਫੌਜ ਦਾ ਵੀ ਘਾਣ ਕਰ ਦਿੱਤਾ। 16000 ਅੰਗਰੇਜ਼ ਸਿਪਾਹੀ ਮਾਰ ਮੁਕਾਏ ਗਏ। ਅੰਗਰੇਜ਼ਾਂ ਦੀ ਹੋਰ ਫੌਜ ਨੇ ਆ ਕੇ, ਗੁੱਸੇ ਵਿੱਚ ਤੇ ਰੋਹ ਵਿੱਚ ਕਾਬਲ ਦਾ ਬਜ਼ਾਰ ਸਾੜ ਦਿੱਤਾ। ਪਰ ਉਨ੍ਹਾਂ ਨੇ ਦੋਸਤ ਮੁਹੰਮਦ ਨੂੰ ਛੱਡ ਦਿੱਤਾ। ਉਸ ਨੇ ਆਪਣਾ ਰਾਜ ਵਾਪਸ ਲੈ ਲਿਆ। ਉਹ 1863 ਈ ਤਕ, ਆਪਣੀ ਮੌਤ ਤਕ, ਰਾਜ ਕਰਦਾ ਰਿਹਾ ਪਰ ਅੰਗਰੇਜ਼ਾਂ ਨਾਲ ਵੀ ਸੰਬੰਧ ਨਹੀਂ ਗੁਆਏ।

ਦੋਸਤ ਮੁਹੰਮਦ ਤੋਂ ਬਾਅਦ ਉਸਦਾ ਪੁੱਤਰ ਸ਼ੇਰ ਅਲੀ ਗੱਦੀ ਤੇ ਬੈਠਾ ਪਰ ਉਸ ਦੇ ਭਰਾ ਅਫ਼ਜ਼ਲ ਨੇ ਉਸ ਨੂੰ ਸੁਖ ਨਾਲ ਰਾਜ ਨਾ ਕਰਨ ਦਿੱਤਾ ਅਤੇ 1866 ਈ: ਵਿੱਚ ਕਾਬੁਲ ਤੇ 1867 ਈ: ਵਿੱਚ ਕੰਧਾਰ, ਉਸ ਤੋਂ ਜਿੱਤ ਲਏ। ਸ਼ੇਰ ਅਲੀ ਹਿਰਾਤ ਵਿੱਚ ਪਿਛਾਂਹ ਹਟ ਗਿਆ। 1867 ਵਿੱਚ ਅਚਾਨਕ ਅਫ਼ਜ਼ਲ ਮਾਰਿਆ ਗਿਆ। ਸ਼ੇਰ ਅਲੀ ਦੇ ਪੁੱਤਰ ਯਾਕੂਬ ਖ਼ਾਂ ਨੇ ਕੰਧਾਰ ਦੁਬਾਰਾ ਜਿੱਤਿਆ ਅਤੇ ਉਸ ਦੇ ਪਿਤਾ ਨੇ ਕਾਬਲ ਜਿੱਤਿਆ ਅਤੇ ਅਫ਼ਗਾਨਿਸਤਾਨ ਦਾ ਅਮੀਰ ਬਣ ਕੇ ਰਾਜ ਕਰਨ ਲੱਗਾ। ਇਸ ਸਾਰੇ ਸਮੇਂ ਵਿੱਚ ਭਾਰਤ ਦਾ ਗਵਰਨਰ ਜਨਰਲ ਤੇ ਵਾਇਸ ਰਾਇ ਲਾਰਡ ਲਾਰੰਸ ਚੁਪ ਸਾਧੀ ਬੈਠਾ ਰਿਹਾ।

ਅੰਗਰੇਜ਼ਾਂ ਦੇ ਵਰਤਾਅ ਕਾਰਨ ਅਮੀਰ, ਅੰਗਰੇਜ਼ਾਂ ਨੂੰ ਦਿਲੋਂ ਨਫ਼ਰਤ ਕਰਨ ਲੱਗਾ। ਉਹ ਉਨ੍ਹਾਂ ਦੇਸ਼ਾਂ ਤੇ ਲੋਕਾਂ ਨਾਲ ਸਾਂਝ ਵਧਾਉਣ ਲੱਗਾ ਜੋ ਅੰਗਰੇਜ਼ਾਂ ਦੇ ਦੋਸਤ ਨਹੀਂ ਸਨ। ਉਸ ਰੂਸ ਨਾਲ ਵੀ ਸੰਬੰਧ ਪੱਕੇ ਕਰਨ ਦੀ ਕੋਸ਼ਿਸ਼ ਜਾਰੀ ਰੱਖੀ। ਅੰਗਰੇਜ਼ਾਂ ਦੇ ਕਟੜ ਵਿਰੋਧੀ, ਕੂਕਿਆਂ ਨਾਲ ਜੁੜਨ ਨੂੰ

ਵੀ ਚੰਗਾ ਸਮਝਿਆ।

ਨਾਮਧਾਰੀ ਸਿੱਖਾਂ ਤੇ ਅਫ਼ਗ਼ਾਨਾਂ ਵਿੱਚ ਸੁਹਿਰਦਤਾ ਪੂਰਨ ਸੰਬੰਧ ਬਨਾਉਣ ਵਿੱਚ ਬਾਬਾ ਬਿਸ਼ਨ ਸਿੰਘ ਦਾ ਮਹੱਤਵ ਪੂਰਨ ਹਿੱਸਾ ਸੀ। ਉਹ ਵਿਦਵਾਨ ਬ੍ਰਾਹਮਣ ਸੀ। ਉਹ ਫ਼ਾਰਸੀ ਅਤੇ ਪਸ਼ਤੋ ਦਾ ਵੀ ਵਿਦਵਾਨ ਸੀ।

ਉਸ ਨੇ ਕਾਬਲ-ਕੰਧਾਰ ਜਾ ਕੇ ਨਾਮਧਾਰੀ ਮਿਸ਼ਨ ਦਾ ਪ੍ਰਚਾਰ ਕਰਨਾ ਸ਼ੁਰੂ ਕੀਤਾ।

ਉਹ ਅਫ਼ਗ਼ਾਨਿਸਤਾਨ ਦੇ ਅਮੀਰ ਸ਼ੇਰ ਅਲੀ ਨੂੰ ਵੀ ਮਿਲਿਆ, ਉਸ ਅੱਗੇ ਹਿੰਦੁਸਤਾਨ ਵਿੱਚ ਅੰਗਰੇਜ਼ਾਂ ਦੀਆਂ ਤੇ ਈਸਾਈ ਮਿਸ਼ਨ ਦੀਆਂ ਕਾਰਗੁਜ਼ਾਰੀਆਂ ਦਾ ਵਰਨਣ ਕੀਤਾ। ਉਸ ਨੇ ਕੂਕਾ ਲਹਿਰ ਦੇ ਉਦੇਸ਼ਾਂ ਤੇ ਜੀਵਨ ਜਾਚ ਬਾਰੇ ਵੀ ਦੱਸਿਆ। ਉਸ ਨੇ ਅਮੀਰ ਕੋਲੋਂ ਹਿੰਦੁਸਤਾਨ ਨੂੰ ਆਜ਼ਾਦ ਕਰਾਉਣ ਲਈ ਮਦਦ ਮੰਗੀ।

ਭਾਰਤ ਦੇ ਹਾਲਾਤ ਨੂੰ ਜਾਨਣ ਲਈ ਅਤੇ ਨਾਮਧਾਰੀ ਲਹਿਰ ਦੀ ਸਿੱਧੀ ਜਾਣਕਾਰੀ ਲੈਣ ਲਈ ਅਮੀਰ ਨੇ ਆਪਣੇ ਪੁਤਰਾਂ ਯਾਕੂਬ ਖ਼ਾਂ ਤੇ ਅਬਦੁਲ ਖ਼ਾਂ ਨੂੰ ਹਿੰਦੁਸਤਾਨ ਭੇਜਿਆ। ਉਹ ਭੈਣੀ ਸਾਹਿਬ ਵੀ ਆਏ। ਉਹ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ। ਉਨ੍ਹਾਂ ਨਾਲ ਵਿਚਾਰ ਵਟਾਂਦਰਾ ਕੀਤਾ ਅਤੇ ਵਾਪਸ ਚਲੇ ਗਏ।

ਸਰਕਾਰੀ ਜਾਸੂਸ ਤਾਂ ਭੈਣੀ ਸਾਹਿਬ ਦੀ ਹਰ ਖ਼ਬਰ ਸਰਕਾਰ ਤਕ ਪਹੁੰਚਾਉਂਦੇ ਰਹਿੰਦੇ ਸਨ। ਉਨ੍ਹਾਂ ਆਪਣੀ ਰਿਪੋਰਟ ਵਿੱਚ ਅਫ਼ਗ਼ਾਨਿਸਤਾਨ ਦੇ ਸ਼ਹਿਜ਼ਾਦਿਆਂ ਦੇ ਭੈਣੀ ਸਾਹਿਬ ਆ ਕੇ ਸਤਿਗੁਰੂ ਜੀ ਨਾਲ ਗਲਾਂ ਬਾਤ ਕਰਨ ਬਾਰੇ ਵੀ ਲਿਖਿਆ ਪਰ ਅਮੀਰ ਦੇ ਸ਼ਹਿਜ਼ਾਦਿਆਂ ਤੇ ਸਤਿਗੁਰੂ ਜੀ ਵਿਚਕਾਰ ਜੋ ਗਲਬਾਤ ਹੋਈ ਉਸ ਬਾਰੇ ਕੋਈ ਪਤਾ ਨਹੀਂ ਲੱਗਾ।

**ਰੂਸ ਨਾਲ ਸੰਬੰਧ:**

ਬਿਸ਼ਨ ਸਿੰਘ ਤੋਂ ਬਿਨਾ ਬਾਬਾ ਗੁਰਚਰਨ ਸਿੰਘ ਵੀ ਦਿਲ ਵਿੱਚ ਦੇਸ਼ ਨੂੰ ਅਜ਼ਾਦ ਕਰਾਉਣ ਦਾ ਦਰਦ ਲੈ ਕੇ ਕਾਬਲ ਕੰਧਾਰ ਹੀ ਨਹੀਂ ਸਗੋਂ ਸਮਰਕੰਦ ਤਕ ਜਾ ਆਇਆ ਸੀ। ਅਫ਼ਗ਼ਾਨਿਸਤਾਨ ਦੇ ਅਮੀਰ ਤੋਂ ਇਲਾਵਾ ਉਸ ਨੇ ਰੂਸ ਦੇ ਹਾਕਮਾਂ ਨੂੰ ਆਪਣੀ ਮਦਦ ਕਰਨ ਲਈ ਪ੍ਰੇਰਿਆ।

ਸੂਬਾ ਗੁਰਚਰਨ ਸਿੰਘ ਇੱਕ ਪ੍ਰਭਾਵਸ਼ਾਲੀ ਸ਼ਖ਼ਸ਼ੀਅਤ ਵਾਲਾ 5'-11" ਲੰਮਾ ਵਿਅਕਤੀ ਸੀ। ਉਸ ਦਾ ਜਨਮ 1804 ਈ: ਵਿੱਚ ਹੋਇਆ। ਉਹ ਦੈਵੀ ਪ੍ਰਭਾਵ ਵਾਲਾ ਵਿਅਕਤੀ ਸੀ। ਉਸ ਨੂੰ ਸੂਬਾ ਜੋਤਾ ਸਿੰਘ ਨੇ 1870 ਈ: ਵਿੱਚ ਭਜਨ ਦੱਸਿਆ ਅਤੇ ਨਾਮਧਾਰੀ ਮਰਿਆਦਾ ਦਾ ਧਾਰਨੀ ਬਣਾਇਆ।

ਸੂਬਾ ਗੁਰਚਰਨ ਸਿੰਘ ਸਤਿਗੁਰੂ ਰਾਮ ਸਿੰਘ ਕੋਲੋਂ ਰੰਗੂਨ ਜੇਲ੍ਹ ਵਿਚੋਂ

ਆਪਣੀਆਂ ਚਿੱਠੀਆਂ ਵੀ ਰੂਸ ਲੈ ਕੇ ਜਾਂਦਾ ਰਿਹਾ ਅਤੇ ਰੂਸੀ ਅਫ਼ਸਰਾਂ ਨਾਲ ਉਨ੍ਹਾਂ ਚਿੱਠੀਆਂ ਦੇ ਆਧਾਰ ਤੇ ਵਿਉਂਤਬੰਦੀ ਕਰਦਾ ਰਿਹਾ।

ਇਸ ਵਾਰ ਇਹ 9 ਮਈ 1879 ਈ: ਨੂੰ ਰੂਸ ਦੇ ਤੁਰਕਿਸਤਾਨ ਦੇ ਨਗਰ ਨੌਰਖ ਮਰਘਨ ਪਹੁੰਚਿਆ। ਉਸ ਕੋਲ ਸਤਿਗੁਰੂ ਰਾਮ ਸਿੰਘ ਜੀ ਦੀ ਗੁਰਮੁਖੀ ਭਾਸ਼ਾ ਵਿੱਚ ਲਿਖੀ ਚਿੱਠੀ ਸੀ। ਉਹ ਚਿੱਠੀ ਉਸ ਨੇ ਰੂਸੀ ਅਫ਼ਸਰ ਮੇਜਰ ਜਨਰਲ ਇਬਨੋਵ ਨੂੰ ਸਮਰਕੰਦ ਵਿੱਚ ਦਿੱਤੀ। ਇਸ ਚਿੱਠੀ ਦਾ ਉਤਾਰਾ ਡਾ. ਗੰਡਾ ਸਿੰਘ ਕਰਤਾ 'ਕੂਕਾ ਮੂਵਮੈਂਟ' ਨੇ ਆਪਣੀ ਪੁਸਤਕ ਵਿੱਚ ਦਿੱਤਾ ਹੈ ਜੋ ਇਸ ਪ੍ਰਕਾਰ ਹੈ:

੧ਓ ਸਤਿਗੁਰ ਪ੍ਰਸਾਦਿ।। ਲਿਖਿਆ ਬਾਵੇ ਰਾਮ ਸਿੰਘ ਦਾ ਰੂਸ ਨਾਥ ਵੱਲ।

ਅਸਾਂ ਇਕ ਸੂਬਾ ਭੇਜਿਆ ਹੈ ਉਸ ਦੀ ਜਬਾਨੀ ਬਾਤ ਸਮਝ ਲੈਣੀ। ਗੁਰਚਰਨ ਸਿੰਘ ਸੂਬੇ ਦਾ ਨਾਮੁ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਬਚਨ ਹੈ ਜਬ ਬਾਰਾਂ ਸੈ ਅਠਤਰਾ ਹਿਜਰੀ ਸੰਮਤ ਆਵੈ ਤਬ ਸੰਤ ਖ਼ਾਲਸਾ ਪ੍ਰਗਟ ਹੋਵੇਗਾ ਨੁਰੰਗਜ਼ੇਬ ਨਾਲ ਬਚਨ ਹੋਇਆ ਹੈ ਕਿ ਇੰਗਲਿਸ਼ ਦੁਖ ਦੇਵੈਗਾ ਨਾਮਧਾਰੀਆਂ ਨੂੰ, ਤਬ ਅਰੂਸ ਆਵੈਗਾ। ਅੰਗਰੇਜ਼ ਨੂੰ ਦੂਰ ਕਰੈਗਾ। ਅਰ ਰੂਸ ਸਰਦਾਰ ਕੀ ਜੀਤ ਹੋਵੈਗੀ। ਗੁਰੂ ਬਾਬੇ ਨਾਨਕ ਸਾਹਿਬ ਦਾ ਬਚਨ ਹੈ ਮੈਂ ਅਵਤਾਰ ਧਾਰਾਂਗਾ।

ਏਕਸ ਕੇ ਸਿਰ ਮੌਤ ਆਵੈ। ਕਰੈ ਜੁਧ ਬਹੁਤ ਦੰਦੂ ਮਚਾਵੈ। ਸੇਸ ਨਾਗ ਜਿਅੰਤ ਕੌ ਪਾਵੈ। ਬ੍ਰਹਮਾ ਬਿਸ਼ਨ ਅੰਤ ਨਹੀਂ ਪਾਇਓ ਨੇਤ ਨੇਤ ਕਰ ਮੁਖੋ ਅਲਾਵੈ। ਸੁਬ ਦੀਪਾਂ ਕੇ ਰਾਜੇ ਜਾਨੇ। ਕਰਨ ਜੁਧ ਤਏ ਕਨੁਆਨੋ। ਰਕਤ ਭਾਜੀ ਆਜੀਆ ਮਨੌ ਵਿੱਚ ਪਸੌਗ। ਖੰਡਾ ਘੋੜਾ ਮ੍ਰਦ ਜੇ ਢੂੰਢ ਰਹੇ ਸਭ ਠੌਗੁ। ਲਹੌਹ ਸ਼ਹਰ ਤ਼ਬ ਹੋਸੀ ਜੰਗ। ਰਕਤ ਭਾਜੀਆ ਤਬ ਹੋਸੀ ਤੰਗ। ਰੋਜ ਰੁਪਈਆ ਨੌਕਰ ਹਾਥ ਨਾ ਆਵੈ।

ਗੁਰੂ ਨਾਨਕ ਸਾਹਿਬ ਜੀ ਦਾ ਹੁਕਮ ਹੈ ਨਾਥ ਜੀ ਆਵੇਗਾ ਤਿਸ ਦੀ ਜੀਤ ਹੋਵੈਗੀ। ਤ੍ਰੈ ਲਖ ਪੰਦਰਾਂ ਹਜ਼ਾਰ, 315,000 ਸਿੰਘ ਅਸਾਡੇ ਵਸ ਹੈਨ ਹੋਰ ਬੀ ਕੀਤੀ ਜਾਂਦੇ ਹਾਂ। ਪੰਜਾਬ ਉਜੜੇਗਾ। ਘਰ ਸੜੇਂਗੇ ਅਠ ਜੁਧ ਹੋਵਨਗੇ ਚੌਂਤੀ ਖਤਮ ਅੰਗਰੇਜ਼ ਰਹੇਗਾ ਹਿੰਦੁਸਤਾਨ ਵਿੱਚ। ਦੋ ਬਰਸ ਬਾਕੀ ਰਹਿੰਦੇ ਹੈਨ। ਪਹਿਲਾ ਨਾਥ ਪੀਤਨ ਪੁਰ ਤੇ ਆਵੇਗਾ। ਹੋਰ ਪੰਜਾਬ ਵਿਚ ਛਾਵਣੀਆ ਸਕ ਪਾਰਕੀ ਪਈਆਂ ਹੈਨ। ਅਠਾਂ ਸਿੰਘਾਂ ਦੰਗਾ ਕੀਤਾ ਹੈਅ ਸਬ੍ਰ ਭੀ ਪਹਿਲਾ ਕੀਤੀ ਹੈ। ਇਸ ਤ੍ਰਿਆ ਸੈ ਸਿੰਘ ਬੇ-ਗਨਾਹਾਂ ਹੋਏ ਹੈਨ ਭਜਨ ਬੰਦਗੀ ਵਾਲਾ ਉਨਾਹਠਾ ਕੀ ਸਰਕਾਰ ਤੁਪ ਅਗੇ ਡਾਨੇ ਹਨ।

ਤੁਸਾਂ ਨੂੰ ਹੁਕਮ ਬਾਬੇ ਗੁਰੂ ਨਾਨਕ ਸਾਹਿਬ ਜੀ ਦਾ ਜੋ ਅਸਾਡੀ ਰਛਿਆ ਕਰੋ 315,000 ਤ੍ਰੈ ਲਖ ਪੰਦਰਾਂ ਹਜ਼ਾਰ ਸਿੰਘ ਤੁਹਾਡੀ ਹਮਰਾਹ ਵਾਸਤੇ ਤਿਆਰ ਹੈਨ ਹੋਰ ਭੀ ਜਮਾ ਕੀਤੀ ਜਾਵੇਗਾ। ਜਿਸ ਵਖਤ ਆਵੇ ਚਾਹੋ ਉਸੀ ਵਕਤ ਹਾਜ਼ਰ ਹੈਨ। ਹੋਰ ਜੀ ਸਰਬ ਸਿੰਘਾਂ ਨੇ ਅਰਜ ਕੀਤੀ ਸੀ ਗੁਰੂ ਦਸ਼ਮੇਸ਼ ਪਾਤਸ਼ਾਹ ਗੁਰੂ ਗੋਬਿੰਦ ਸਿੰਘ ਜੀ ਦੇ ਪਾਸ ਜੋ ਕਿਥੇ ਕਿਥੇ ਅਠਜੁਧ ਹੋਵਨਗੇ ਤਬ ਗੁਰੂ ਦਾ ਬਚਨ ਹੋਇਆ : ਦੂਨ ਕਾਬਲ ਦੇ ਪਹਾੜ ਵਿੱਚ, ਕਾਬਲ ਵਿੱਚ, ਜਮਰੌਦ ਵਿੱਚ, ਪਿਸੌਰ ਵਿੱਚ, ਜੰਮੂ ਵ੍ਹਿੱਚ, ਲਾਹੌਰ ਵਿਚ, ਪ੍ਰੋਜਪੁਰ ਵਿੱਚ, ਲੁਦਿਆਨਾ ਵਿੱਚ।

ਹੋਰ ਜੀ ਮੁਖਤਿਆਰ ਕ਼ਾਰ ਬਾਬਾ ਬੁਧ ਸਿੰਘ ਭੈਣੀ ਸਾਹਿਬ ਵਿੱਚ ਰਹਿੰਦੇ ਹਨ। 35 ਸੂਬੇ ਤਿਸ ਕੇ ਅਗੇ ਕੰਮ ਦੇਵਣ ਵਾਲੇ ਹੈਨ-ਮਈ 1879।

ਇਸ ਚਿਠੀ ਦਾ ਅਨੁਵਾਦ ਮੱਧ ਏਸ਼ੀਆ ਦੇ ਗੁਰਮੁਖੀ ਤੇ ਫ਼ਾਰਸੀ ਜਾਨਣ ਵਾਲੇ ਵਪਾਰੀ ਨੇ ਫ਼ਾਰਸੀ ਵਿੱਚ ਕੀਤਾ ਤੇ ਫਿਰ ਇਸ ਦਾ ਅਨੁਵਾਦ ਰੂਸੀ ਜ਼ਬਾਨ ਵਿੱਚ ਕੀਤਾ ਗਿਆ।

ਬਰਤਾਨੀਆ ਸਰਕਾਰ ਦੀਆਂ ਰਿਪੋਰਟਾਂ ਅਨੁਸਾਰ ਵੀ ਸੂਬਾ ਗੁਰਚਰਨ ਸਿੰਘ ਦਾ ਆਦਰ ਸਤਿਕਾਰ ਰੂਸ ਵਿੱਚ ਸਰਕਾਰ ਵੱਲੋਂ ਕੀਤਾ ਗਿਆ। 700 ਰੁਪਏ ਦਾ ਚੋਗਾ ਤੋਹਫ਼ੇ ਦੇ ਰੂਪ ਵਿੱਚ ਦਿੱਤਾ ਗਿਆ। ਜਵਾਲਾ ਨਾ ਦੇ ਵਪਾਰੀ ਨੂੰ ਉਸ ਦੀ ਸੇਵਾ ਅਤੇ ਦੇਖ ਭਾਲ ਲਈ ਲਾਇਆ ਗਿਆ।

ਰੂਸ ਨਾਲ ਸੰਬੰਧ ਗੁਰੂ ਹਰੀ ਸਿੰਘ ਨੇ ਹੋਰ ਪੱਕੇ ਕੀਤੇ। ਸੂਬਾ ਗੁਰਚਰਨ ਸਿੰਘ ਕਈ ਵਾਰ ਉਨ੍ਹਾਂ ਦਾ ਹੁਕਮ ਮੰਨ ਕੇ ਵੀ ਰੂਸ ਗਿਆ।

ਅੰਗਰੇਜ਼ ਸਰਕਾਰ ਵਾਸਤੇ ਇਹ ਬੜੀ ਅਚੰਭੇ ਵਾਲੀ ਗੱਲ ਸੀ ਕਿ ਇੱਕ ਛੋਟੇ ਜਹੇ ਪਿੰਡ ਦੇ ਛੋਟੇ ਜਹੇ ਕਿਰਤੀ ਦੇ ਕਿਰਤੀ ਸਪੁਤਰ ਦਾ ਡੰਕਾ ਦੇਸ਼ ਦੀਆਂ ਹਦਾਂ ਪਾਰ ਕਰ ਕੇ ਦੂਰ ਦੇਸ਼ਾਂ ਵਿੱਚ ਵੀ ਵੱਜ ਰਿਹਾ ਸੀ। ਉਨ੍ਹਾਂ ਵਿਦੇਸ਼ੀ ਹਾਕਮਾਂ ਨਾਲ, ਗੁਰੂ ਰਾਮ ਸਿੰਘ ਤੇ ਨਾਮਧਾਰੀ ਲਹਿਰ ਦੇ ਅਸਾਧਾਰਨ ਤੌਂ ਮਿਤਰਤਾ ਪੂਰਵਕ ਸੰਬੰਧ ਸਨ ਜਿਹੜੇ ਅੰਗਰੇਜ਼ ਦੇ ਯੂਨੀਅਨ ਜੈਕ ਔਗੇ ਨਹੀਂ ਸਨ ਝੁਕਦੇ। ਗੋਰਿਆਂ ਦੀ ਪਰਜਾ ਨਹੀਂ ਸਨ। ਇਹ ਜ਼ਾਹਰਾ ਕਰਾਮਾਤ ਸੀ। ਸਤਿਗੁਰੂ ਸੱਚੇ-ਪਾਤਸ਼ਾਹ ਦੇ ਵਧਦੇ ਪ੍ਰਭਾਵ ਨੇ ਬਰਤਾਨਵੀ ਹਾਕਮਾਂ ਨੂੰ ਸੁਖ ਦੀ ਨੀਂਦ ਨਹੀਂ ਸੀ ਸੌਣ ਦਿੱਤਾ। ਵੱਡੇ ਅਧਿਕਾਰੀ ਛੋਟੇ ਅਧਿਕਾਰੀਆਂ ਨੂੰ ਚੌਕੰਨੇ ਰਹਿਣ ਲਈ ਲਿਖਦੇ। ਉਨ੍ਹਾਂ ਨੇ ਉਨ੍ਹਾਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਦੀ ਕਾਰਵਾਈ ਬਾਰੇ ਨਿਗਰਾਨੀ ਹੋਰ ਸਖ਼ਤੀ ਤੇ ਚੇਤਨਤਾ ਨਾਲ ਰੱਖੀ ਜਾਵੇ। ਉਨ੍ਹਾਂ ਨੂੰ ਡਰ ਸੀ ਕਿ ਹਿੰਦੁਸਤਾਨ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੀ ਵੱਧ ਰਹੀ ਜਨ-ਸ਼ਕਤੀ ਹੀ ਉਨ੍ਹਾਂ ਦੇ ਰਾਜ ਦਾ ਸੂਰਜ ਡੋਬੇਗੀ।

# ਮਿਟੈ ਕਸਟ ਗਊਅਨ

ਬਰਤਾਨਵੀ ਸ਼ਾਸਕ ਭਾਰਤ ਵਿੱਚ ਸਫ਼ਲਤਾ ਪੂਰਵਕ ਰਾਜ ਕਾਇਮ ਰਖਣ ਲਈ ਸਾਮ, ਦਾਮ, ਦੰਡ, ਭੇਦ ਹਰ ਹਥਿਆਰ ਵਰਤਣ ਲਈ ਤਤਪਰ ਸੀ। ਰਾਜ ਪ੍ਰਾਪਤ ਕਰਨ ਤੋਂ ਲੈਕੇ ਪੱਕੇ ਪੈਰੀਂ ਸ਼ਾਸਨ ਕਰਨ ਤੱਕ, ਲਈ ਵਰਤਿਆ ਜਾ ਰਿਹਾ ਉਸ ਦਾ ਸਭ ਤੋਂ ਸਫ਼ਲ ਹਥਿਆਰ ਸੀ, ਫੁੱਟ। ਉਹ ਭਾਰਤੀਆਂ ਨੂੰ ਪਾੜੀ ਰੱਖਣ ਵਿੱਚ ਬੜਾ ਚਤੁਰ ਸੀ। ਉਸ ਨੇ ਹਰ ਇਲਾਕੇ ਵਿੱਚ ਰਾਜਿਆਂ ਨੂੰ ਅਤੇ ਜਨ ਸਾਧਾਰਨ ਨੂੰ ਵੀ ਆਪਸ ਵਿੱਚ ਲੜਾਈ ਰੱਖਣ ਦਾ ਰਾਹ ਲਭ ਲਿਆ। ਭਾਰਤ ਵਰਸ਼ ਵਿੱਚ ਵੱਖ ਵੱਖ ਧਰਮਾਂ, ਫ਼ਿਰਕਿਆਂ, ਨਸਲਾਂ, ਰੰਗਾਂ, ਭਾਸ਼ਾਵਾਂ ਅਤੇ ਜਮਾਤਾਂ ਦੇ ਲੋਕ ਵਸਦੇ ਹੋਣ ਕਰਕੇ ਬਰਤਾਨਵੀ ਸ਼ਾਸਕ ਉਨ੍ਹਾਂ ਨੂੰ ਆਪਸ ਵਿੱਚ ਲੜਾਉਣ ਵਿੱਚ ਕਾਮਯਾਬ ਵੀ ਹੋ ਜਾਂਦਾ। ਲੋਕਾਂ ਦਾ ਧਿਆਨ ਭਾਰਤੀ ਇੱਕ ਕੌਮ ਹੈ, ਵੱਲ ਜਾਣ ਹੀ ਨਹੀਂ ਸੀ ਦਿੱਤਾ ਜਾਂਦਾ।

ਅਠਾਰਵੀਂ ਸਦੀ ਦੇ ਦੂਜੇ ਅੱਧ ਵਿਚ ਇੱਕ ਪਾਸੇ ਈਸਟ ਇੰਡੀਆ ਕੰਪਨੀ ਨੇ ਤਾਕਤ ਅਤੇ ਚਲਾਕੀ ਨਾਲ ਭਾਰਤ ਵਿੱਚ ਆਪਣੇ ਪੈਰ ਪਸਾਰ ਲਏ ਸਨ। ਦੂਜੀ ਪਾਸੇ ਆਪਣੇ ਬਾਹੂ ਬਲ, ਲੋਕ ਹਿਤ ਅਤੇ ਆਤਮ ਰਖਿਆ ਦੇ ਆਧਾਰ ਉਤੇ, ਬਾਰਾਂ ਮਿਸਲਾਂ ਦੇ ਰੂਪ ਵਿੱਚ ਪੰਜਾਬ ਵਿੱਚ ਪੰਜਾਬੀਆਂ, ਖ਼ਾਸ ਕਰਕੇ ਸਿੱਖਾਂ ਨੇ ਆਪਣਾ ਰਾਜ ਕਾਇਮ ਕੀਤਾ ਜਿਸ ਨੂੰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਨੇ ਆਪਣੀ ਜੁਝਾਰੂ ਸੈਨਾ ਤੇ ਸਿਰਲੱਥ ਜਰਨੈਲਾਂ ਦੇ ਬਲਬੋਤੇ ਉੱਤੇ ਸਿੱਖ ਸਲਤਨਤ ਦਾ ਰੂਪ ਦਿੱਤਾ। ਇਹ ਰਾਜ ਦਿੱਲੀ ਤਕ ਵੀ ਆਪਣੀਆਂ ਹੱਦਾਂ ਵਧਾ ਲੈਂਦਾ ਜੇ ਸਤਲੁਜ ਪਾਰ ਦੇ ਮਾਲਵੇ ਦੇ ਸਰਦਾਰ ਅਤੇ ਮਹਾਰਾਜੇ ਅੰਗਰੇਜ਼ ਏਜੰਟ ਮਿਸਟਰ ਸੈਟਨ ਦੀ ਝੋਲੀ ਵਿੱਚ ਨਾ ਜਾ ਡਿੱਗਦੇ ਅਤੇ 1809 ਈ: ਦਾ ਸਮਝੌਤਾ ਨਾ ਹੋ ਜਾਂਦਾ। ਰਣਜੀਤ ਸਿੰਘ ਦੀ ਮੌਤ ਬਾਅਦ ਸਿੱਖ ਰਾਜ ਵੀ ਖਿਸਕਣ ਲੱਗ ਪਿਆ। 1845-46 ਈ: ਦੀ ਅੰਗਰੇਜ਼ਾਂ ਨਾਲ ਹੋਈ ਲੜਾਈ ਹਾਰ ਜਾਣ ਪਿੱਛੋਂ ਸਿੱਖ ਰਾਜ ਦਾ ਲੱਕ ਟੁੱਟ ਗਿਆ ਅਤੇ ਦੂਜੀ ਅੰਗਰੇਜ਼ ਸਿੱਖ ਲੜਾਈ ਵਿੱਚ ਸਿੱਖ ਫ਼ੌਜ ਦੇ ਹਾਰ ਜਾਣ ਪਿਛੋਂ ਤਾਂ ਅੰਗਰੇਜ਼ਾਂ ਨੇ ਸਿੱਖ ਰਾਜ

ਨੂੰ ਲਾਂਬੂ ਹੀ ਲਾ ਦਿੱਤਾ।

ਮਹਾਰਾਜਾ ਰਣਜੀਤ ਸਿੰਘ ਦਾ ਰਾਜ, ਕਿਹਾ ਤਾਂ ਸਿੱਖ ਰਾਜ ਜਾਂਦਾ ਸੀ ਪਰ ਇਸ ਰਾਜ ਵਿੱਚ ਹਿੰਦੂ, ਮੁਸਲਮਾਨ ਜਾਂ ਸਿੱਖ, ਕਿਸੇ ਦੀ ਨਾ ਕੋਈ ਰਿਆਇਤ ਸੀ ਨਾ ਕਿਸੇ ਨਾਲ ਕੋਈ ਵਿਤਕਰਾ ਸੀ। ਸਭ ਦੇ ਧਰਮ ਦਾ ਆਦਰ, ਸਭ ਨਾਲ ਬਰਾਬਰ ਦਾ ਵਿਹਾਰ ਅਤੇ ਸ਼ਭ ਦੇ ਜਾਨ ਮਾਲ ਦੀ ਰਾਖੀ ਹੁੰਦੀ। ਰਾਜ ਵਿੱਚ ਅਮਨ, ਈਮਾਨ ਕਾਇਮ ਸੀ। ਗਊ-ਗ਼ਰੀਬ ਦੀ ਰਾਖੀ ਕੀਤੀ ਜਾਂਦੀ ਸੀ। ਗਊ ਹੱਤਿਆ ਦਾ ਤਾਂ ਨਾਮ ਨਿਸ਼ਾਨ ਨਹੀਂ ਸੀ। ਏਥੋਂ ਤਕ ਕਿ 1837 ਈ: ਵਿੱਚ ਅਫ਼ਗਾਨਿਸਤਾਨ ਦੇ ਸ਼ਾਹ ਸ਼ੁਜਾਉਲ ਮੁਲਕ ਅਤੇ ਅੰਗਰੇਜ਼ ਹਾਕਮਾਂ ਨੇ ਸ਼ੇਰੇ ਪੰਜਾਬ ਨੂੰ ਲਿਖਕੇ ਦਿੱਤਾ ਸੀ ਕਿ ਜੇ ਕਦੀ ਉਨ੍ਹਾਂ ਦੀਆਂ ਫ਼ੌਜਾਂ ਪੰਜਾਬ ਵਿਚੋਂ ਲੰਘਣਗੀਆਂ ਤਾਂ ਉਹ ਗਊ ਬਧ ਬਿਲਕੁਲ ਨਹੀਂ ਕਰਨਗੇ। ਪਰ ਜਿਉਂ ਹੀ 9 ਮਾਰਚ 1846 ਈ: ਦੀ ਸੰਧੀ ਹੋਈ, ਹੈਨਰੀ ਲਾਰੰਸ ਰੈਜ਼ੀਡੈਂਟ ਦੇ ਰੂਪ ਵਿੱਚ ਲਾਹੌਰ ਡੇਰੇ ਲਾ ਬੈਠਾ, ਹਾਲਾਤ ਬਦਲ ਗਏ। ਅੰਗਰੇਜ਼ ਵੀ ਸਮਝਦੇ ਸਨ ਕਿ ਹੁਣ ਆਪਣਾ ਹੀ ਬੋਲ ਬਾਲਾ ਹੈ। ਕੋਈ ਕੁਸਕਣ ਵਾਲਾ ਨਹੀਂ। ਮਹਾਰਾਜਾ ਦਲੀਪ ਸਿੰਘ ਨਾਬਾਲਗ ਸੀ ਸੋ ਅੰਗਰੇਜ਼ ਹੀ ਹੁਕਮ ਹਾਸਲ ਕਰੀ ਬੈਠਾ ਸੀ।

ਅੰਮ੍ਰਿਤਸਰ ਅਤੇ ਖ਼ਾਸ ਕਰਕੇ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਦਾ ਖ਼ਿਆਲ ਹਖਦੇ ਹੋਏ ਰੈਜ਼ੀਡੈਂਟ ਹੈਨਰੀ ਐਮ. ਲਾਰੈਂਸ ਨੇ 24 ਮਾਰਚ 1847 ਨੂੰ ਇੱਕ ਹੁਕਮ ਜਾਰੀ ਕਰਵਾਇਆ ਜਿਸ ਵਿੱਚ ਲਿਖਿਆ ਸੀ,

'ਅੰਮ੍ਰਿਤਸਰ ਦੇ ਪੁਜਾਰੀਆਂ ਰਾਹੀਂ ਪ੍ਰੇਸ਼ਾਨੀ ਦੀ ਸ਼ਿਕਾਇਤ ਕੀਤੇ ਜਾਣ ਉੱਤੇ ਸਾਰੇ ਸੰਬੰਧਤ ਲੋਕਾਂ ਨੂੰ, ਗਵਰਨਰ ਜਨਰਲ ਦੇ ਹੁਕਮ ਨਾਲ ਦੱਸਿਆ ਜਾਂਦਾ ਹੇ ਕਿ ਅੰਗਰੇਜ਼ ਸ਼ਾਸਨ ਦੇ ਅਧੀਨ ਲੋਕਾਂ ਨੂੰ ਮੰਦਰ (ਜਿਸ ਨੂੰ ਦਰਬਾਰ ਕਿਹਾ ਜਾਂਦਾ ਹੈ) ਜਾਂ ਇਸ ਦੇ ਚੌਗਿਰਦੇ ਵਿੱਚ, ਅੰਮ੍ਰਿਤਸਰ ਵਿੱਚ ਜਾਂ ਅਸਲ ਵਿੱਚ ਕਿਸੇ ਮੰਦਰ (ਗੁਰਦੁਆਰੇ) ਵਿੱਚ ਬੂਟਾਂ ਸਮੇਤ ਜਾਣ ਦੀ ਮਨਾਹੀ ਕੀਤੀ ਜਾਂਦੀ ਹੈ।

ਅੰਮ੍ਰਿਤਸਰ ਗਊ ਕਸ਼ੀ ਨਹੀਂ ਕੀਤੀ ਜਾਵੇਗੀ ਨਾ ਹੀ ਸਿੱਖਾਂ ਨੂੰ ਕਿਸੇ ਤਰ੍ਹਾਂ ਨਾਲ ਸਤਾਇਆ ਜਾਵੇਗਾ, ਨਾ ਉਨ੍ਹਾਂ ਦੇ ਧਰਮ ਵਿੱਚ ਕਿਸੇ ਤਰ੍ਹਾਂ ਦੀ ਦਖ਼ਲ ਅੰਦਾਜ਼ੀ ਕੀਤੀ ਜਾਵੇਗੀ।

ਸਰੋਵਰ ਦੇ ਕੋਨੇ ਤੇ ਬੁੰਗੇ ਵਿੱਚ ਜੋੜੇ ਲਾਹੇ ਜਾਣਗੇ। ਕੋਈ ਆਦਮੀ ਬੂਟ ਪਾ ਕੇ ਸਰੋਵਰ ਦੁਆਲੇ ਗੇੜੇ ਨਹੀਂ ਕਢੇਗਾ।"

'ਅੰਮ੍ਰਿਤਸਰ ਵਿੱਚ ਗਊ ਬਧ ਨਹੀਂ ਕੀਤਾ ਜਾਵੇਗਾ', ਇੱਕ ਤਾਂਬੇ ਦੇ ਪੱਤਰੇ ਉਤੇ ਉੱਕਰ ਕੇ, ਉਹ ਪੱਤਰਾ ਹਰਿਮੰਦਰ ਸਾਹਿਬ ਦੇ ਬਾਹਰਲੇ ਦਰਵਾਜ਼ੇ ਉੱਤੇ ਲਾ ਦਿੱਤਾ ਗਿਆ।

ਇਸ ਕਾਰਵਾਈ ਦੀ ਜ਼ਰੂਰਤ ਕਿਉਂ ਪਈ? ਗਊ ਕਸ਼ੀ ਕੌਣ ਕਰਦਾ ਸੀ? ਸਿੱਖ ਰਾਜ ਵਿਚ ਤਾਂ ਪਿਛਲੇ 75 ਸਾਲਾਂ ਤੋਂ ਸਾਰੇ ਪੰਜਾਬ ਵਿੱਚ ਗਊ ਹੱਤਿਆ ਕਰਨ ਉੱਤੇ ਪਾਬੰਦੀ ਸੀ। ਇਹ ਸੋਚਣ ਲਈ ਮਜਬੂਰ ਕਰਦਾ ਸੁਆਲ ਸੀ।

ਗੱਲ ਬੜੀ ਚੰਗੀ ਤਰ੍ਹਾਂ ਸਪਸ਼ਟ ਹੈ ਕਿ ਗੋਰੇ, ਗਊ ਦੇ ਮਾਸ ਨੂੰ ਚੰਗਾ ਜੇ ।।ਆਦੀ ਸਮਝਦੇ ਸਨ। ਅੰਗਰੇਜ਼ ਵਿਉਪਾਰੀ ਵੀ ਗਾਂ ਦੀ ਖੱਲ ਨੂੰ - ਖ਼ਾਸ ਕਰਕੇ ਜੇ ਉਹ ਜਿਉਂਦੀ ਗਊ ਨੂੰ ਤੜਪਾ ਕੇ, ਉਸ ਦੇ ਪੇਟ ਵਿਚਲੇ ਵਛੇ ਨੂੰ ਮਾਰ ਕੇ, ਲਾਹੀ ਜਾਵੇ ਤਾਂ - ਬੂਟਾਂ ਲਈ ਅਤੀ ਉੱਤਮ ਸਮਝਦੇ ਸਨ। ਗਊ ਦੀਆਂ ਹਡੀਆਂ ਵੀ ਉਨ੍ਹਾਂ ਲਈ ਘੱਟ ਮਹੱਤਵਪੂਰਨ ਨਹੀਂ ਸਨ। ਇਸ ਕਰਕੇ ਉਹ ਗਊ ਬਧ ਕਰਨਾ ਜ਼ਰੂਰੀ ਸਮਝਦੇ ਸਨ। ਇਸ ਆਪਣੀ 'ਬੜੀ ਵੱਡੀ ਲੋੜ' ਨੂੰ ਪੂਰਾ ਕਰਨ ਲਈ ਉਨ੍ਹਾਂ ਸਾਡੀ ਜ਼ਰੂਰਤ, ਮਾਨ ਮਰਿਆਦਾ, ਸਭਿਅਤਾ ਅਤੇ ਧਾਰਮਕ ਭਾਵਨਾ ਨੂੰ ਛਿੱਕੇ ਉੱਤੇ ਟੰਗ ਦਿੱਤਾ।

ਭਾਰਤ ਵਰਗੇ ਖੇਤੀ ਪ੍ਰਧਾਨ ਦੇਸ਼ ਵਿੱਚ ਤਾਂ ਗਊ ਦਾ ਖ਼ਾਸ ਮਹੱਤਵ ਸੀ। ਗਾਂ ਦੇ ਵੱਛੇ ਹੀ ਬਲਦ ਬਣਕੇ ਵਾਹੀ, ਬਿਜਾਈ, ਸਿੰਜਾਈ, ਗਹਾਈ ਆਦਿ ਦਾ ਸਾਰਾ ਕੰਮ ਕਰਨ ਲਈ ਮਦਦ ਕਰਦੇ। ਗੋਕਾ ਦੁਧ, ਘਿਉ ਤੇ ਉਸ ਤੋਂ ਬਣਨ ਵਾਲੇ ਹੋਰ ਪਦਾਰਥ ਵੀ ਸਾਡੀ ਖੁਰਾਕ ਦਾ ਖ਼ਾਸ ਅੰਗ ਸਨ। ਗੋ ਮੂਤਰ ਤੇ ਗੋਹਾ ਵੀ ਸਾਡੇ ਲਈ ਪਵਿਤੱਰ ਸੀ। ਗਊ ਤਾਂ ਸਾਡੇ ਧਰਮ ਦਾ ਵੀ ਇੱਕ ਅੰਗ ਸੀ। ਅਸੀਂ ਇਸ ਦੀ ਪੂਜਾ ਕਰਦੇ ਸਾਂ। ਸੋ ਹਿੰਦੂ-ਸਿੱਖਾਂ ਨੇ ਗਊ ਹਤਿਆ ਕਰਨੀ ਹੀ ਨਹੀਂ ਸੀ। ਮੁਸਲਮਾਨ ਵੀ ਉਨ੍ਹਾਂ ਦੀਆਂ ਭਾਵਨਾਵਾਂ ਦਾ ਆਦਰ ਕਰਦੇ ਹੋਏ ਗਊ ਹਤਿਆ ਨਹੀਂ ਸਨ ਕਰਦੇ। ਸੋ ਸਪਸ਼ਟ ਸੀ ਕਿ ਹੈਨਰੀ ਲਾਰੰਸ ਦਾ ਹੁਕਮ ਅੰਗਰੇਜ਼ਾਂ ਲਈ ਹੀ ਸੀ।

20 ਮਾਰਚ 1849 ਈ: ਨੂੰ ਲਾਰਡ ਡਲਹੌਜ਼ੀ ਨੇ ਪੰਜਾਬ ਨੂੰ ਇਕ ਤਰ੍ਹਾਂ ਨਾਲ ਬਰਤਾਨਵੀ ਸਾਮਰਾਜ ਵਿੱਚ ਹੀ ਮਿਲਾ ਲਿਆ। ਸਿੱਖ ਪਲਟਨਾਂ ਤੋੜ ਦਿੱਤੀਆਂ ਗਈਆਂ। ਪੰਜਾਬ ਅੰਗਰੇਜ਼ਾਂ ਦਾ ਗੁਲਾਮ ਹੋ ਗਿਆ। ਲੋਕ ਭਾਵੇਂ ਨਾ ਕੁਝ ਆਖ ਸਕਦੇ ਸਨ ਨਾ ਕੁਝ ਕਰ ਸਕਦੇ ਸਨ ਫਿਰ ਵੀ ਉਹ ਸਮਝਦੇ ਸਨ ਕਿ ਉਨ੍ਹਾਂ ਨਾਲ ਧੱਕਾ ਹੋਇਆ ਸੀ, ਜ਼ਿਆਦਤੀ ਹੋਈ ਸੀ, ਅਨਿਆਂ ਹੋਇਆ ਸੀ। ਉਹ ਅੰਦਰ ਹੀ ਅੰਦਰ ਕ੍ਰਿਝ ਰਹੇ ਸਨ, ਵਿਸ ਘੋਲ ਰਹੇ ਸਨ।

ਅੰਗਰੇਜ਼ ਹਾਕਮ ਸਿਆਣਾ ਸੀ। ਉਹ ਚਤੁਰ ਚਾਲਾਕ ਵੀ ਸੀ। ਉਹ ਤੋਪ ਦਾ ਮੂੰਹ ਦੂਜੇ ਪਾਸੇ ਕਰਨਾ ਜਾਣਦਾ ਸੀ। ਲੋਕਾਂ ਦਾ ਧਿਆਨ ਆਪਣੀ ਜ਼ਿਆਦਤੀ ਦੀ ਥਾਂ ਹੋਰ ਪਾਸੇ ਕਰਨ ਲਈ ਉਸ ਨੇ ਹਿੰਦੂ, ਸਿੱਖ ਅਤੇ ਮੁਸਲਮਾਨਾਂ ਨੂੰ ਪਾੜਨ ਦੀ ਵਿਉਂਤ ਘੜੀ। ਇਸ ਕਾਰਜ ਲਈ ਪਹਿਲਾ ਕਦਮ ਇਹ ਪੁੱਟਿਆ ਗਿਆ ਕਿ ਪੰਜਾਬ ਦੇ ਪ੍ਰਸ਼ਾਸਨਕ ਬੋਰਡ ਨੇ ਆਪਣੀ ਚਿਠੀ ਨੰਬਰ 2

ਅਨੁਸਾਰ 3 ਮਈ 1849 ਈ: ਨੂੰ ਪੰਜਾਬ ਵਿਚ ਗਊ ਮਾਸ ਖਾਣ ਅਤੇ ਗਊ ਬਧ ਕਰਨ ਦੀ ਖੁਲ੍ਹ ਦੇ ਦਿੱਤੀ। ਇਹ ਹੁਕਮ ਜ਼ਿਲਿਆਂ ਦੇ ਡਿਪਟੀ ਕਮਿਸ਼ਨਰਾਂ ਰਾਹੀਂ ਲੋਕਾਂ ਤਕ ਪਹੁੰਚਾਇਆ ਗਿਆ। ਪਰ ਨਾਲ ਹੀ ਇਹ ਹਦਾਇਤ ਕੀਤੀ ਗਈ ਕਿ ਬੁਚੜਖਾਨੇ ਸ਼ਹਿਰਾਂ ਤੋਂ ਬਾਹਰ ਖੋਹਲੇ ਜਾਣ, ਗਊ ਦਾ ਮਾਸ ਵੀ ਸ਼ਹਿਰ ਦੀਆਂ ਆਮ ਦੁਕਾਨਾਂ ਉੱਤੇ ਨਾ ਵੇਚਿਆ ਜਾਵੇ, ਨਾ ਹੀ ਸ਼ਰੇ ਆਮ ਵੇਚਿਆ ਜਾਵੇ ਤਾਕਿ ਹਿੰਦੂ ਸਿੱਖਾਂ ਦਾ ਦਿਲ ਨਾ ਦੁਖੇ। ਇਹ ਹਦਾਇਤ ਵੀ ਗੋਗਲੂਆਂ ਤੋਂ ਮਿਟੀ ਝਾੜਨ ਵਾਲੀ ਗੱਲ ਸੀ। ਕਿਉਂਕਿ 20 ਮਈ 1849 ਨੂੰ ਇੱਕ ਹੋਰ ਗਸ਼ਤੀ ਚਿੱਠੀ ਰਾਹੀਂ ਗਵਰਨਰ ਜਨਹਲ ਨੇ ਕਿਹਾ,

"ਜਿਨ੍ਹਾਂ ਰਹੁ ਰੀਤਾਂ ਦੀ ਵੀ ਗੁਆਂਢੀ ਦਾ ਧਰਮ ਇਜਾਜ਼ਤ ਦੇਂਦਾ ਹੈ ਉਨ੍ਹਾਂ ਵਿੱਚ ਕਿਸੇ ਨੂੰ ਦਖ਼ਲ ਅੰਦਾਜ਼ੀ ਕਰਨ ਦੀ ਇਜਾਜ਼ਤ ਨਹੀਂ ਹੋਵੇਗੀ।".

ਮੁਸਲਮਾਨ ਧਰਮ ਦੇ ਨਾਂ ਉੱਤੇ ਗਊ ਹਤਿਆ ਕਰਨ, ਗਊ ਦਾ ਮਾਸ ਵੇਚਣ, ਖਾਣ ਦੀ ਖੁਲ੍ਹ ਸੀ। ਸੋ ਉਹ ਇਸ ਐਲਾਨ ਨਾਲ ਰਾਜ਼ੀ ਹੋ ਗਏ। ਸਰਕਾਰ ਨੇ ਇਸ ਤਰ੍ਹਾਂ ਇੱਕ ਤੀਰ ਨਾਲ ਦੋ ਨਿਸ਼ਾਨੇ ਫੁੰਡੇ। ਇੱਕ ਤਾਂ ਹਿੰਦੂ ਸਿੱਖਾਂ ਤੇ ਮੁਸਲਮਾਨਾਂ ਵਿਚ ਪਾੜ ਪਾ ਦਿੱਤਾ, ਉਹ ਇਕ ਦੂਜੇ ਨੂੰ ਦੋਸਤ ਦੀ ਥਾਂ ਦੁਸ਼ਮਨ ਦਿੱਸਣ ਲੱਗੇ ਦੂਸਰਾ ਅੰਗਰੇਜ਼ਾਂ ਨੂੰ ਵਪਾਰ ਕਰਨ ਦਾ ਇੱਕ ਹੋਰ ਸੌਦਾ ਮਿਲ ਗਿਆ।

ਅੰਮ੍ਰਿਤਸਰ ਹਿੰਦੂ ਸਿੱਖਾਂ ਦਾ ਮਹਾਨ ਤੀਰਥ ਹੈ। ਧਾਰਮਕ ਕੇਂਦਰ ਹੋਣ ਦੇ ਨਾਲ ਨਾਲ ਇਹ ਵਪਾਰ ਦੀ ਵੀ ਇਕ ਭਾਰੀ ਮੰਡੀ ਹੈ। ਗਊਆਂ ਮਾਰਨ ਦੀ ਖੁਲ੍ਹ ਨੂੰ ਅਮਲੀ ਰੂਪ ਦੇਣ ਲਈ ਪਹਿਲ ਕਦਮੀ ਵੀ ਏਥੇ ਹੀ ਕੀਤੀ ਗਈ। ਅੰਮ੍ਰਿਤਸਰ ਦੇ ਡੀ. ਸੀ., ਐਮ. ਸੀ. ਸਾਂਡਰਸ ਨੇ ਰਾਏ ਤਖ਼ਤ ਮੱਲ ਤੇ ਹੋਰ ਆਗੂਆਂ ਨੂੰ ਸੱਦਿਆ। ਉਨ੍ਹਾਂ ਨਾਲ ਸਲਾਹ ਕਰਕੇ ਲਾਹੌਰੀ ਗੇਟ ਦੇ ਬਾਹਰਵਾਰ ਬੁਚੜਖਾਨੇ ਲਈ ਥਾਂ ਚੁਣੀ ਗਈ ਅਤੇ ਕਸਾਈਆਂ ਨੂੰ ਹੇਠ ਲਿਖਿਆਂ ਸ਼ਰਤਾਂ ਉੱਤੇ ਗਊ-ਕਸ਼ੀ ਦੀ ਇਜਾਜ਼ਤ ਦਿੱਤੀ ਗਈ:

1. ਗਊ-ਕਸ਼ੀ ਲਈ ਕੇਵਲ ਨਿਸਚਿਤ ਕੀਤੇ ਗਏ ਵਲਗਣ ਨੂੰ ਹੀ ਵਰਤਿਆ ਜਾਵੇ।

2. ਕਿਸੇ ਬੁੱਚੜ ਨੂੰ ਵੀ ਸ਼ਹਿਰ ਦੀ ਗਲੀ ਗਲੀ ਵਿੱਚ ਜਾਕੇ, ਫਿਰ ਕੇ ਗਊ-ਮਾਸ ਵੇਚਣ ਦੀ ਇਜਾਜ਼ਤ ਨਹੀਂ ਹੋਵੇਗੀ। ਹੁਕਮ ਅਦੂਲੀ ਕਰਨ ਵਾਲੇ ਨੂੰ ਸਜ਼ਾ ਦਿੱਤੀ ਜਾਵੇਗੀ।

3. ਗਊ ਦਾ ਮਾਸ ਖਾਣ ਦੇ ਸ਼ੁਕੀਨ ਬੁਚੜਖਾਨੇ ਤੋਂ ਜਾ ਕੇ ਹੀ ਮਾਸ ਖਰੀਦਣਗੇ, ਉਥੋਂ ਕੱਜ ਕੇ, ਲਪੇਟ ਕੇ ਘਰ ਲੈ ਕੇ ਆਉਣਗੇ ਤਾਕਿ ਕਿਸੇ ਹਿੰਦੂ ਸਿੱਖ ਦਾ ਦਿਲ ਨਾ ਦੁਖੇ।

ਇਸ ਸਰਕਾਰੀ ਹੁਕਮ ਦੀ ਉਲੰਘਣਾ ਕਰਨ ਵਾਲੇ ਨੂੰ ਸਖ਼ਤ ਸਜ਼ਾ ਦੇਣ ਦਾ ਵੀ ਡਰ ਪਾਇਆ ਗਿਆ। ਇਸ ਸਰਕਾਰੀ ਹੁਕਮ ਅਨੁਸਾਰ ਨਾ ਕੋਈ ਗਊ ਦੇ ਮਾਸ ਦੀ ਦੁਕਾਨ ਪਾ ਸਕਦਾ ਸੀ ਨਾ ਹੀ ਉਸ ਨੂੰ ਟੋਕਰੀ ਵਿੱਚ ਪਾ ਕੇ ਗਲੀ ਗਲੀ ਹੋਕਾ ਦੇ ਕੇ ਵੇਚ ਸਕਦਾ ਸੀ।

ਅੰਮ੍ਰਿਤਸਰ ਵਿੱਚ ਅੱਧੇ ਘਰ ਹਿੰਦੂਆਂ ਦੇ ਸਨ, ਅੱਧੇ ਦੇ ਕਰੀਬ ਘਰਾਂ ਵਿਚ ਮੁਸਲਮਾਨ ਵਸਦੇ ਸਨ। ਸਿੱਖ ਤਾਂ ਆਟੇ ਵਿੱਚ ਲੂਣ ਬਰਾਬਰ ਹੀ ਸਨ। ਹਾਂ, ਕੁਝ ਸਿੱਖ, ਰਾਜ, ਤਰਖਾਣ ਜਾਂ ਲੁਹਾਰ, ਰੋਜ਼ੀ ਰੋਟੀ ਕਮਾਉਣ ਲਈ ਪਿੰਡਾਂ ਵਿਚੋਂ ਆ ਕੇ ਰਹਿੰਦੇ ਸਨ, ਕੁਝ ਅਰੋੜੇ ਸਿੱਖ ਦੁਕਾਨਦਾਰੀ ਕਰਦੇ ਸਨ।

ਗਊ ਹਤਿਆ ਸ਼ੁਰੂ ਹੋਣ ਦਾ ਐਲਾਨ ਹੋਣ ਨਾਲ ਮੁਸਲਮਾਨਾਂ ਨੂੰ ਸ਼ਹਿ ਮਿਲੀ। ਭਾਵੇਂ ਉਨ੍ਹਾਂ ਨੂੰ ਪਤਾ ਸੀ ਕਿ ਅੱਧਾ ਸ਼ਹਿਰ ਗਊ ਮਾਸ ਤੋਂ ਘਿਰਣਾ ਕਰਦਾ ਸੀ ਫਿਰ ਵੀ ਉਹ ਗਊ ਮਾਸ, ਖਰੀਦਦੇ, ਰਿੰਨ੍ਹਦੇ ਪਕਾਉਂਦੇ ਤੇ ਖਾਂਦੇ ਸਨ। ਜਿਸ ਦੇ ਸਿੱਟੇ ਵਜੋਂ ਉਨ੍ਹਾਂ ਦੇ ਆਪਸੀ ਭਾਈਚਾਰਕ ਸੰਬੰਧਾਂ ਵਿੱਚ ਤੇੜ ਪੈਂਦੀ ਗਈ, ਦਿਲਾਂ ਵਿੱਚ ਗੰਢਾਂ ਬੱਝਦੀਆਂ ਗਈਆਂ। ਆਲਾ ਦੁਆਲਾ ਵਿਸ਼ੈਲਾ ਹੋਣ ਲੱਗਾ।

ਇਲਾਕੇ ਵਿੱਚ ਗਊਆਂ ਦੀ ਗਿਣਤੀ ਘਟਣ ਲੱਗੀ ਜਿਸ ਕਰ ਕੇ ਦੁੱਧ ਘਿਓ ਦੀ ਘਾਟ ਹੋਣੀ ਵੀ ਕੁਦਰਤੀ ਸੀ। ਵਛੇ ਵਹਿੜਕੇ ਵੀ ਘਟਣੇ ਹੀ ਸਨ। ਕਿਸਾਨਾਂ ਨੂੰ ਚੰਗੇ ਬਲਦਾਂ ਦੀ ਘਾਟ ਵੀ ਮਹਿਸੂਸ ਹੋਣ ਲੱਗੀ।

ਅੰਮ੍ਰਿਤਸਰ ਕੱਚੇ ਚੰਮ ਦਾ ਕੇਂਦਰ ਬਣ ਗਿਆ। ਕੰਪਨੀ ਦੇ ਏਜੰਟ ਲੰਡਨ ਤੋਂ ਅੰਮ੍ਰਿਤਸਰ ਆਏ। ਕੱਚੇ ਚਮੜੇ ਦੇ ਵਪਾਰ ਦੀ ਸੰਭਾਵਨਾ ਦਾ ਪਤਾ ਲਾਇਆ ਚੰਗੀਆਂ ਗਾਵਾਂ ਤੇ ਚੰਗੇ ਵਛਿਆਂ ਦੀ ਖੱਲ ਦਾ ਚੰਗਾ ਮੁੱਲ ਦੇਣ ਦਾ ਲਾਲਚ ਦਿੱਤਾ। ਹਰ ਵਪਾਰੀ ਨੂੰ ਮੁਨਾਫ਼ੇ ਨਾਲ ਹੀ ਪਿਆਰ ਹੁੰਦਾ ਹੈ ਸੋ ਮੁਸਲਮਾਨ ਵਪਾਰੀਆਂ ਨੇ ਚਮੜੇ ਦਾ ਵਪਾਰ ਵੀ ਕਿੱਤਾ ਬਣਾ ਲਿਆ। ਚੰਗਾ ਪੈਸਾ ਬਣਾਉਣ ਲਈ ਚੰਗੇ, ਨਰੋਏ ਵੱਛਿਆਂ ਦਾ ਵੀ ਕੰਮ ਤਮਾਮ ਕੀਤਾ ਜਾਂਦਾ ਅਤੇ ਖ਼ੂਬ ਹੱਥ ਰੰਗੇ ਜਾਂਦੇ।

ਕੁਝ ਲੋਕ ਗਊ ਹਤਿਆ ਕਾਰਨ ਬੜੇ ਦੁਖੀ ਹੋਏ। ਪਰ ਉਹ ਕਿਸ ਰਾਹੀਂ, ਕਿਸ ਅਗੇ ਫਰਿਆਦ ਕਰਨ? ਸਰਦੇ ਪੁਜਦੇ ਹਿੰਦੂ ਸਿੱਖ ਆਗੂ ਤਾਂ ਰਾਜ ਭਗਤ ਸਨ ਉਨ੍ਹਾਂ ਨੂੰ ਕਿਸੇ ਦੀ ਦੁਖ਼ ਦਰਦ ਜਾਂ ਧਾਰਮਿਕ ਭਾਵਨਾ ਨਾਲੋਂ ਵੀ ਆਪਣੀਆਂ ਜਗੀਰਾਂ ਜਾਇਦਾਦਾਂ ਵਧ ਪਿਆਰੀਆਂ ਸਨ। ਉਨ੍ਹਾਂ ਦੀ ਰਾਖੀ ਲਈ ਅੰਗਰੇਜ਼ ਹਾਕਮ ਦੀ ਹਾਂ ਵਿੱਚ ਹਾਂ ਮਿਲਾਉਣੀ ਹੀ ਉਨ੍ਹਾਂ ਦਾ ਧਰਮ ਸੀ। ਸਗੋਂ ਜਗੀਰਦਾਰਾਂ ਤੇ ਸ਼ਾਹੂਕਾਰਾਂ ਵਿੱਚ ਆਪਸ ਵਿੱਚ ਸਰਕਾਰ ਦੀ ਜੀ ਹਜ਼ੂਰੀ ਕਰਨ ਵਿੱਚ ਤੇ ਉਸ ਦੀਆਂ ਨੀਤੀਆਂ ਦੀ ਹਮਾਇਤ ਕਰਨ ਲਈ ਇੱਕ ਦੂਜੇ ਤੋਂ ਅੱਗੇ

ਲੰਘਣ ਲਈ ਦੌੜ ਲੱਗੀ ਰਹਿੰਦੀ। ਤਦੇ ਹੀ ਤਾਂ ਉਨ੍ਹਾਂ ਦੀਆਂ ਜਗੀਰਾਂ, ਜ਼ਮੀਨਾਂ, ਵਪਾਰ ਤੇ ਸ਼ਾਹੂਕਾਰੇ ਕਾਇਮ ਰਹਿ ਸਕਦੇ ਸਨ।

ਧਾਰਮਕ ਆਗੂਆਂ ਦਾ ਮੰਤਵ ਤਾਂ ਸੱਚ ਦੀ ਗੱਲ ਕਰਨਾ ਨਹੀਂ ਸੀ। ਉਹ ਧਰਮ ਦਾ ਲਬਾਦਾ ਪਾ ਕੇ ਸ਼ਰਧਾਲੂਆਂ ਦੀ ਭੇਟਾ ਦੇ ਸਿਰ ਤੇ ਐਸ਼ ਕਰਦੇ ਸਨ ਸੋ ਮਹੰਤਾਂ ਵੀ ਚੁਪ ਵਟ ਲਈ।

ਪੰਜਾਬ ਦੀ ਪੀੜ ਰਖਣ ਵਾਲੇ ਆਗੂਆਂ ਨੂੰ ਬਰਤਾਨਵੀ ਸਰਕਾਰ ਪਹਿਲਾਂ ਹੀ ਦੇਸ ਨਿਕਾਲਾ ਦੇ ਚੁੱਕੀ ਸੀ। ਦਿਵਾਨ ਮੂਲ ਰਾਜ ਜੋ ਸਿੱਖ ਰਾਜ ਸਮੇਂ ਮੁਲਤਾਨ ਦੇ ਗਵਰਨਰ ਸਨ, 1850 ਈ: ਵਿੱਚ ਹੀ ਕਲਕੱਤੇ ਦੀ ਜੇਲ੍ਹ ਵਿੱਚ ਦਮ ਤੋੜ ਚੁਕੇ ਸਨ। ਰਾਜਾ ਸ਼ੇਰ ਸਿੰਘ ਅਟਾਰੀਵਾਲਾ, ਰਾਜਾ ਚਤਰ ਸਿੰਘ ਅਤੇ ਦਿਵਾਨ ਬੂਟਾ ਸਿੰਘ ਵੀ ਜੇਲ੍ਹਾਂ ਵਿੱਚ ਸਨ। ਮਹਾਰਾਜਾ ਦਲੀਪ ਸਿੰਘ ਵੀ ਪੰਜਾਬ ਦੀ ਧਰਤੀ ਤੋਂ ਦੂਰ ਸੀ ਅਤੇ 8 ਮਾਰਚ 1853 ਈ: ਨੂੰ ਉਸ ਨੂੰ ਇਸਾਈ ਬਣਨ ਲਈ ਵੀ ਪ੍ਰੇਰਿਆ ਜਾ ਚੁੱਕਾ ਸੀ। ਫਿਰ 1854 ਈ: ਵਿੱਚ ਉਂਸ ਨੂੰ ਬਰਤਾਨੀਆਂ ਭੇਜਿਆ ਜਾ ਚੁਕਿਆ ਸੀ। ਸਾਰਾ ਪੰਜਾਬ ਡਰਿਆ ਤੇ ਸਹਿਮਿਆ ਹੋਇਆ ਸੀ। ਗਊ ਹੱਤਿਆ ਵਿਰੁਧ ਆਵਾਜ਼ ਕੌਣ ਉਠਾਉਂਦਾ?

ਗਊ ਦੇ ਮਸਲੇ ਨੇ ਹਿੰਦੂ ਮੁਸਲਮਾਨਾਂ ਵਿੱਚ ਦੀ ਸੁਹਿਰਦਤਾ ਦੀ ਭਾਵਨਾ ਖ਼ਤਮ ਕਰਾ ਦਿੱਤੀ। ਜਿਸ ਕਰਕੇ ਕਈ ਥਾਵਾਂ ਤੇ ਗਊ ਮਾਸ ਨੂੰ ਲੈ ਕੇ ਉਨ੍ਹਾਂ ਵਿੱਚ ਬੋਲ ਬੁਲਾਰਾ ਵੀ ਹੋ ਗਿਆ। ਕਈ ਵਾਰ ਤਾਂ ਹੱਥੋਂ ਪਾਈ ਤੇ ਲੜਾਈ ਝਗੜੇ ਤਕ ਵੀ ਨੌਬਤ ਆ ਗਈ। ਗੋਇਆ ਫੁੱਟ ਦੇ ਬੀਜ ਤੋਂ ਜ਼ਹਿਰ ਦੇ ਬੂਟੇ ਉੱਗ ਪਏ ਸਨ। ਹਿੰਦੂ ਮੁਸਲਮਾਨ ਫਸਾਦ ਵੀ ਹੋਏ, ਮੁਕੱਦਮੇ ਕਚਹਿਰੀਆਂ ਤਕ ਵੀ ਅਪੜੇ ਨਮੂਨੇਂ ਵਜੋਂ:

1. 20 ਮਈ 1849 ਈ: ਨੂੰ ਐਮ. ਸੀ. ਸਾਂਡਰਸ, ਡੀ. ਸੀ. ਅੰਮ੍ਰਿਤਸਰ ਸਾਹਮਣੇ ਮੁਕੱਦਮਾ ਪੇਸ਼ ਹੋਇਆ।

2. 7 ਮਈ 1856 ਈ: ਨੂੰ ਐਫ. ਕਪੂਰ ਦੀ ਕਚਹਿਰੀ ਵਿੱਚ ਖੁਲ੍ਹਾ ਗਊ ਮਾਸ ਵੇਚਣ ਸੰਬੰਧੀ ਮੁਕੱਦਮਾ ਕੀਤਾ ਗਿਆ।

3. 28 ਮਈ 1863 ਈ: ਨੂੰ ਮੇਜਰ ਮਰਸਰ ਦੀ ਕਚਹਿਰੀ ਤੇ ਨਵੰਬਰ 1864 ਈ: ਵਿੱਚ ਡੀ. ਮੈਕਨਬ ਦੀ ਕਚਹਿਰੀ ਵਿੱਚ ਵੀ ਮੁਕੱਦਮੇ ਪੇਸ਼ ਕੀਏ ਗਏ।

ਇਨ੍ਹਾਂ ਮੁਕੱਦਮਿਆਂ ਦੇ ਮੁਸਲਮਾਨਾਂ ਦੇ ਹਕ ਵਿੱਚ ਹੋਏ ਫੈਸਲਿਆਂ ਨੇ ਉਨ੍ਹਾਂ ਦੇ ਹੌਸਲੇ ਹੋਰ ਵੀ ਬੁਲੰਦ ਕਰ ਦਿੱਤੇ। ਉਨ੍ਹਾਂ ਦੀ ਚੜ੍ਹ ਮੱਚ ਗਈ। ਬੁਚੜਾਂ ਨੇ ਕੁਝ ਮਹੱਲਿਆਂ ਵਿੱਚ ਖ਼ਾਸ ਖ਼ਾਸ ਥਾਵਾਂ ਉੱਤੇ ਗਊ ਦਾ ਮਾਸ ਵੇਚਣ ਲਈ ਅੱਡੇ ਬਣਾ ਲਏ ਤਾਂਕਿ ਵਿਕਰੀ ਹੋਰ ਵੱਧ ਸੱਕੇ। ਹੌਲੀ ਹੌਲੀ ਗਊ ਦਾ ਮਾਸ

ਲਗੀਆਂ ਵਿਚ ਪਾ ਕੇ ਆਬਾਦੀ ਵਿੱਚ ਹੋਕਾ ਦੇ ਕੇ ਵੇਚਿਆ ਜਾਣ ਲੱਗਾ। ਉਹ ਹਿੰਦੂ ਵਸੋਂ ਵਾਲੇ ਮਹੱਲਿਆਂ ਵਿਚੋਂ ਵੀ ਲੰਘਦੇ। ਮਈ 1863 ਈ: ਦੇ ਮੁਕਦੱਮੇ ਵਿੱਚ ਵੀ, ਹੋਕਾ ਦੇ ਕੇ, ਹਿੰਦੂ ਬਹੁ ਗਿਣਤੀ ਵਾਲੇ ਮੱਹਲਿਆਂ ਵਿੱਚ ਗਊ ਦਾ ਗੋਸ਼ਤ ਵੇਚਣ ਦੀ ਹੀ ਸ਼ਿਕਾਇਤ ਕੀਤੀ ਗਈ ਸੀ। ਦੋ ਆਨਰੇਰੀ ਮਜਿਸਟ੍ਰੇਟਾਂ-ਇੱਕ ਹਿੰਦੂ ਅਤੇ ਇੱਕ ਮੁਸਲਮਾਨ-ਨੇ ਹੋਕਾ ਦੇਕੇ ਗਊ ਦਾ ਮਾਸ ਵੇਚਣ ਵਾਲੇ ਨੂੰ 50 ਰੁਪਏ ਜੁਰਮਾਨਾ ਕੀਤਾ ਤੇ ਤਿੰਨ ਮਹੀਨੇ ਦੀ ਕੈਦ ਦੀ ਸਜ਼ਾ ਦਿੱਤੀ ਅਤੇ ਨਾਲ ਹੀ ਤਾੜਨਾ ਕੀਤੀ ਕਿ ਉਹ ਫੇਰੀ ਲਾ ਕੇ ਮਾਸ ਨਾ ਵੇਚੇ। 29 ਜੂਨ 1863 ਈ: ਨੂੰ ਜੁਡੀਸ਼ਨ ਮਜਿਸਟ੍ਰੇਟ ਨੇ ਉਸ ਦੀ ਅਪੀਲ ਉੱਤੇ ਉਸ ਨੂੰ ਸਾਫ ਬਰੀ ਕਰ ਦਿੱਤਾ ਅਤੇ ਨਾਲ ਹੀ ਫੈਸਲੇ ਵਿੱਚ ਲਿਖ ਦਿੱਤਾ ਕਿ ਗਊ ਦਾ ਮਾਸ ਵੇਚਣ ਦੀ ਮਨਾਹੀ ਦਾ ਕੋਈ ਹੁਕਮ ਨਹੀਂ ਜਿਵੇਂ ਮਰਜ਼ੀ ਵੇਚਿਆ ਜਾ ਸਕਦਾ ਸੀ।

ਦਿਵਾਲੀ, ਵਸਾਖੀ, ਹੋਲੀ ਆਦਿ ਤਿਉਹਾਰਾਂ ਦੇ ਦਿਨਾਂ ਵਿੱਚ ਆਮ ਨਾਲੋ ਵਧ ਗਊ ਘਾਤ ਕੀਤਾ ਜਾਂਦਾ। 1869 ਈ: ਵਿੱਚ ਅੰਮ੍ਰਿਤਸਰ ਦੀ ਨਗਰਪਾਲਿਕਾ ਨੇ ਹਰ ਡੰਗਰ ਦੇ ਕੱਟੇ ਹੋਏ ਸਿਰ ਉੱਤੇ 8 ਆਨੇ ਟੈਕਸ ਲਾ ਕੇ ਆਪਣੀ ਆਮਦਨ ਵਿੱਚ ਵਾਧਾ ਵੀ ਕਰ ਲਿਆ ਸੀ।

ਅੰਮ੍ਰਿਤਸਰ ਦੀ ਪਵਿਤਰਤਾ ਭੰਗ ਹੋ ਚੁਕੀ ਸੀ। ਵਾਤਾਵਰਨ ਦੂਸ਼ਿਤ ਹੋ ਚੁਕਾ ਸੀ। ਐਮ. ਐਮ. ਆਹਲੂਵਾਲੀਆ ਦੇ ਸ਼ਬਦਾਂ ਵਿੱਚ

"ਭੋਲੇ ਭਾਲੇ, ਅਨਪੜ੍ਹ ਅਤੇ ਧਾਰਮਕ ਸੋਚ ਵਾਲੇ ਪੰਜਾਬ ਦੇ ਲੋਕਾਂ ਨੇ ਪਵਿਤਰ ਨਗਰ ਅੰਮ੍ਰਿਤਸਰ ਵਿੱਚ ਭੱਦੇਪਨ ਤੇ ਨੁਕਸਾਨ ਦੀ ਇਕ ਤਸਵੀਰ ਤੱਕੀ ਜੋ ਕਿ ਲਾਹੌਰ ਵਿੱਚ ਮਹਾਰਾਜਾ ਰਣਜੀਤ ਸਿੰਘ ਅਤੇ ਉਸ ਦੇ ਉਤਰਾਧਿਕਾਰੀਆਂ ਦੇ ਰਾਜ ਸਮੇਂ ਦੇ ਦਿਨਾਂ ਨਾਲੋਂ ਬਿਲਕੁਲ ਵੱਖਰੀ ਸੀ।"

1871 ਈ: ਵਿੱਚ ਸਥਿਤੀ ਹੋਰ ਵੀ ਖਿਚਾਅ ਪੂਰਨ ਹੋ ਗਈ। ਗਰਮਾ ਗਰਮੀ ਐਨੀ ਵਧ ਗਈ ਸੀ ਕਿ 3 ਅਪਰੈਲ ਨੂੰ ਹਿੰਦੂ ਸਿੱਖ ਫਸਾਦ ਹੋਣ ਦਾ ਖ਼ਦਸ਼ਾ ਪੈਦਾ ਹੋ ਗਿਆ। ਭਾਈ ਵੀਰ ਸਿੰਘ ਨੌਰੰਗਾਬਾਦੀ ਦੇ ਸੇਵਕ ਭਾਈ ਦੇਵਾ ਸਿੰਘ ਨੇ ਗਊ ਦੀ ਇਕ ਹੱਡੀ ਦਰਬਾਰ ਸਾਹਿਬ ਦੀਆਂ ਪਰਕਰਮਾ ਵਿੱਚ ਪਈ ਵੇਖੀ। ਉਸ ਦਾ ਦਿਲ ਵਿੰਨ੍ਹਿਆਂ ਗਿਆ। ਉਸ ਨੂੰ ਬੜਾ ਧੱਕਾ ਲੱਗਾ ਕਿ ਕਾਂ, ਇੱਲਾਂ ਆਦਿ ਪੰਛੀ ਗਾਂ ਦੀਆਂ ਹੱਡੀਆਂ ਲੈ ਕੇ ਉਡਦੇ ਸਨ, ਕਦੀ ਹਰਿਮੰਦਰ ਸਾਹਿਬ ਦੇ ਕਲਸਾਂ ਤੇ ਬਹਿ ਜਾਂਦੇ ਸਨ ਕਦੀ ਕਿਤੇ ਹੋਰ। ਇਸ ਤਰ੍ਹਾਂ ਦਰਬਾਰ ਸਾਹਿਬ ਦੀ ਪਵਿਤਰਤਾ ਭੰਗ ਹੋ ਜਾਂਦੀ ਸੀ। ਭਾਈ ਦੇਵਾ ਸਿੰਘ ਨੇ ਉਹ ਹੱਡੀ ਚੁੱਕ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਅਗੇ ਰਖੀ ਤਾਂਕਿ ਗੁਰੂ ਘਰ ਦੇ ਸ਼ਰਧਾਲੂਆਂ ਦੀ ਅਣਖ ਨੂੰ ਹਲੂਣ ਕੇ ਗੁਰ ਧਾਮਾਂ ਦੀ ਪਵਿਤੱਰਤਾ ਭੰਗ ਹੋਣੋ ਬਚਾਈ ਜਾ

ਸਕੇ। ਪਰ ਕਿਸੇ ਦੀ ਅਣਖ ਨਾ ਜਾਗੀ। ਹਾਂ, ਸਰਕਾਰ ਨੇ ਅੰਮ੍ਰਿਤਸਰ ਵਿੱਚ ਅਮਨ ਚੈਨ ਭੰਗ ਕਰਨ ਦੇ ਕਸੂਰ ਬਦਲੇ ਭਾਈ ਦੇਵਾ ਸਿੰਘ ਉੱਤੇ ਮੁਕਦਮਾ ਚਲਾ ਦਿੱਤਾ। ਦਰਬਾਰ ਸਾਹਿਬ ਵਿੱਚ ਸ੍ਰੀ ਆਦਿ ਗ੍ਰੰਥ ਸਾਹਿਬ ਅੱਗੇ ਹੱਡੀ ਰਖਣ ਦੀ ਭੜਕਾਊ ਕਾਰਵਾਈ ਕਰਨ ਬਦਲੇ ਉਸ ਨੂੰ 3 ਸਾਲ ਦੀ ਸਜ਼ਾ ਸੁਣਾਈ ਗਈ। ਇਹ ਸੀ ਨਿਆਂ। ਅਸਲ ਵਿੱਚ ਸਰਕਾਰ ਨੇ ਇਸ ਕਾਰਵਾਈ ਰਾਹੀਂ ਲੋਕਾਂ ਨੂੰ ਡਰਾਉਣ ਦਾ ਤਰੀਕਾ ਅਪਣਾਇਆ ਸੀ।

8 ਮਈ 1871 ਈ: ਨੂੰ ਸ਼ਹਿਰ ਵਿੱਚ ਫਿਰ ਅਮਨ ਭੰਗ ਹੋਣ ਦੇ ਆਸਾਰ ਪੈਦਾ ਹੋ ਗਏ। ਸਿੱਖਾਂ ਵਲੋਂ ਤਿੰਨ ਕਸ਼ਮੀਰੀ ਮੁਸਲਮਾਨਾਂ ਤੇ ਹੱਥ ਚੁੱਕਿਆ ਗਿਆ। ਰੌਲਾ ਪੈ ਗਿਆ। ਲੋਕ ਇਕੱਠੇ ਹੋ ਗਏ। ਇਟਾਂ ਰੋੜੇ ਵੀ ਚੱਲਣ ਲੱਗੇ। ਭੀੜ ਨੂੰ ਖਿੰਡਾਉਣ ਲਈ ਜ਼ਿਲੇ ਦਾ ਐਸ. ਪੀ. ਟਰਟਨ ਸਮਿਥ ਆਪ ਮੌਕੇ ਤੇ ਪਹੁੰਚਿਆ। ਲੋਕਾਂ ਨੂੰ ਖਿੰਡਾਉਂਦਿਆਂ ਉਸ ਨੂੰ ਵੀ ਇੱਟਾਂ ਰੋੜੇ ਵੱਜ ਗਏ।

9 ਮਈ 1871 ਈ: ਨੂੰ ਗੋਂਗਲੂਆਂ ਤੋਂ ਮਿਟੀ ਝਾੜਨ ਵਾਂਗ, ਡੀ. ਸੀ. ਨੇ ਪਤਵੰਤੇ ਸ਼ਹਿਰੀਆਂ ਦੀ ਬੈਠਕ ਬੁਲਾਈ, ਫਸਾਦਾਂ ਦੀ ਗੱਲ ਦੱਸੀ, ਅਤੇ ਨਾਲ ਹੀ ਰਲ ਮਿਲ ਕੇ ਰਹਿਣ ਦੀ ਹਦਾਇਤ ਕੀਤੀ।

ਇੱਕ ਪਾਸੇ ਤਾਂ ਮੇਲ ਮਿਲਾਪ ਲਈ ਮੀਟਿੰਗਾਂ ਸਨ ਦੂਜੇ ਪਾਸੇ ਹਿੰਦੂਆਂ ਨੂੰ ਦਬਾਈ ਜਾਣਾ ਸੀ। 9 ਮਈ ਨੂੰ ਹੀ 22 ਹਿੰਦੂਆਂ ਨੂੰ ਮੁਸਲਮਾਨਾਂ ਨੂੰ ਸਤਾਉਣ ਤੇ ਖਪਾਉਣ ਲਈ ਉਨ੍ਹਾਂ ਉੱਤੇ ਦੰਗੇ ਫਸਾਦ ਕਰਨ ਦਾ ਦੋਸ਼ ਲਾ ਕੇ ਮੁਕਦਮੇ ਕੀਤੇ ਗਏ। ਇਸ ਨਾਲ ਆਮ ਹਿੰਦੂ ਸਿੱਖਾਂ ਦੇ ਮਨ ਵਿੱਚ ਵੀ ਰੋਸ ਜਾਗ ਪਿਆ। ਉਨ੍ਹਾਂ ਕੋਈ ਹੋਰ ਹਥਿਆਰ ਕਾਰਗਾਰ ਨਾ ਹੁੰਦਾ ਵੇਖਕੇ ਮੁਸਲਮਾਨਾਂ ਨਾਲ, ਲੈਣ ਦੇਣ, ਕਾਰ ਵਿਹਾਰ ਤੇ ਵਿਉਪਾਰ ਆਦਿ ਬੰਦ ਕਰ ਦਿੱਤਾ। ਇਸ ਨਾਲ ਮੁਸਲਮਾਨ ਵੀ ਵਿੱਸ ਘੋਲਣ ਲੱਗੇ।

ਅੰਮ੍ਰਿਤਸਰ ਦੀ ਬਦਲਦੀ ਪ੍ਰਸਥਿਤੀ ਨੂੰ ਵੇਖ ਕੇ ਅੰਮ੍ਰਿਤਸਰ ਡਵੀਜ਼ਨ ਦੇ ਕਮਿਸ਼ਨਰ ਡਬਲਿਊ. ਡੀ. ਡੇਵਿਸ ਨੇ 22 ਮਈ 1871 ਈ: ਨੂੰ ਨਗਰ ਪਾਲਿਕਾ ਦੇ ਮੈਂਬਰਾਂ ਦੀ ਇੱਕ ਬੈਠਕ ਬੁਲਾਈ। ਇਸ ਬੈਠਕ ਵਿੱਚ ਬੁਚੜਖਾਨੇ ਕਾਇਮ ਰੱਖਣ ਜਾਂ ਖ਼ਤਮ ਕਰਨ ਬਾਰੇ ਫ਼ੈਸਲਾ ਕਰਨਾ ਸੀ। ਹਿੰਦੂ ਤੇ ਮੁਸਲਮਾਨ ਮੈਂਬਰਾਂ ਦੀ ਰਾਏ ਸੀ ਕਿ ਖਿਚਾਅ ਘਟਾਉਣ ਲਈ ਸਾਲ ਭਰ ਲਈ ਬੁਚੜਖਾਨੇ ਬੰਦ ਕਰ ਦਿੱਤੇ ਜਾਣ ਤਾਕਿ ਸ਼ਹਿਰ ਵਿੱਚ ਅਮਨ ਚੈਨ ਹੋਵੇ।

ਸਰਕਾਰ ਤਾਂ ਲੋਕਾਂ ਨੂੰ ਆਪਸ ਵਿੱਚ ਲੜਾ ਭਿੜਾ ਕੇ, ਬਦ-ਅਮਨੀ ਦੀ ਸਥਿਤੀ ਪੈਦਾ ਕਰਕੇ, ਫਿਰ ਅਮਨ ਕਾਇਮ ਕਰਨ ਲਈ ਯਤਨ ਕਰਨਾ ਚਾਹੁੰਦੀ ਸੀ ਅਤੇ ਇਸ ਬਹਾਨੇ ਆਪਣੇ ਵਿਰੋਧੀਆਂ ਨੂੰ ਬਿਨਾ ਕਸੂਰੋਂ ਹੀ ਦਬਾਉਣਾ

ਚਾਹੁੰਦੀ ਸੀ। ਕਮਿਸ਼ਨਰ ਨੂੰ ਇੱਕ ਸਾਲ ਲਈ ਬੁਚੜਖਾਨੇ ਬੰਦ ਕਰਨ ਦੀ ਗਲ ਰਾਜਸੀ ਨਜ਼ਰੀਏ ਤੋਂ ਠੀਕ ਨਾ ਲੱਗੀ। ਉਸ ਨੇ ਇੱਕ ਲੰਮੀ ਤਕਰੀਰ ਰਾਹੀਂ ਸਮਝਾਇਆ ਕਿ ਬੁਚੜਖਾਨੇ ਕਾਇਮ ਰਖਣ ਦਾ ਮਤਲਬ ਧਾਰਮਿਕ ਆਜ਼ਾਦੀ ਸੀ ਅਤੇ ਫਿਰ ਬੁਚੜਖਾਨੇ ਕਾਇਮ ਰਖੱਣ ਦਾ ਮਤਾ ਪੇਸ਼ ਕੀਤਾ। ਮੈਂਬਰਾਂ ਨੇ ਸਰਕਾਰ ਦੀ ਨੀਯਤ ਬੁੱਚੜਖਾਨੇ ਕਾਇਮ ਰਖਣ ਦੀ ਸਮਝਕੇ ਹਾਂ ਵਿੱਚ ਹਾਂ ਮਿਲਾ ਦਿੱਤੀ ਤੇ ਮਤਾ ਪਾਸ ਹੋ ਗਿਆ।

ਇਸ ਮਤੇ ਦੀ ਖ਼ਬਰ ਸਾਰੇ ਸ਼ਹਿਰ ਵਿੱਚ ਫੈਲ ਗਈ। ਨਤੀਜੇ ਵਜੋਂ ਹਿੰਦੂ ਮੁਸਲਮਾਨ ਇੱਕ ਦੂਜੇ ਨੂੰ ਵੇਖ ਕੇ ਮੱਥੇ ਵੱਟ ਪਾ ਲੈਂਦੇ। ਨਿਮਾਣੀ ਇਕਾਦਸੀ ਦੇ ਮੇਲੇ ਉੱਤੇ ਭਾਰਤੀ ਪ੍ਰੰਪਰਾ ਅਨੁਸਾਰ ਛਬੀਲਾਂ ਲਾਈਆਂ ਗਈਆਂ। ਪਰੰਪਰਾ ਤੇ ਰਸਮੋ ਰਿਵਾਜ ਅਨੁਸਾਰ ਪ੍ਰੋਹਤਾਂ ਨੂੰ ਦੇਣ ਲਈ ਫਲ ਤੇ ਕੋਰੇ ਭਾਂਡੇ ਵੀ ਲੋਕਾਂ ਖ਼ਰੀਦਣੇ ਸਨ। ਇਹ ਭਾਂਡੇ ਆਮ ਤੌਰ ਤੇ ਮੁਸਲਮਾਨ ਘੁਮਿਆਰ ਹੀ ਬਣਾਉਂਦੇ ਹੁੰਦੇ ਸਨ। ਨਿਮਾਣੀ ਇਕਾਦਸੀ ਦੇ ਮੌਕੇ ਤੇ ਉਹ ਪਹਿਲਾਂ ਹੀ ਕਾਫ਼ੀ ਜ਼ਿਆਦਾ ਮਾਤਰਾ ਵਿੱਚ ਘੜੇ, ਚਾਟੀਆਂ, ਸੁਰਾਹੀਆਂ, ਮੱਘੇ, ਕੁੱਜੇ, ਕੁੱਜੀਆਂ ਆਦਿ ਕਈ ਪਰਕਾਰ ਦੇ ਭਾਂਡੇ ਬਣਾ ਕੇ ਪਕਾ ਕੇ ਰੱਖਦੇ ਸਨ ਤਾਂਕਿ ਤਿਉਹਾਰ ਸਮੇਂ ਉਨ੍ਹਾਂ ਦੀ ਚੰਗੀ ਵਿਕਰੀ ਹੋ ਸਕੇ ਤੇ ਉਹ ਚੰਗੇ ਪੈਸੇ ਕਮਾ ਸਕਣ ਪਰ 1871 ਈ: ਮੁਤਾਬਕ 1928 ਬਿਕਰਮੀ ਦੀ ਨਿਮਾਣੀ ਇਕਾਦਸੀ ਉੱਤੇ ਉਨ੍ਹਾਂ ਕੋਲੋਂ ਭਾਂਡੇ ਖ਼ਰੀਦੇ ਹੀ ਨਾ ਗਏ। ਇਹ ਕਦਮ, ਗਊ ਹਤਿਆ ਜਾਰੀ ਰਖਣ ਬਦਲੇ ਮੁਸਲਮਾਨਾਂ ਪ੍ਰਤੀ ਰੋਸ ਤੇ ਨਾ ਮਿਲਵਰਤਨ ਦੀ ਭਾਵਨਾ ਪ੍ਰਗਟ ਕਰਨ ਲਈ ਚੁੱਕਿਆ ਗਿਆ। ਭਾਂਡੇ ਨਾ ਵਿਕਣ ਕਰਕੇ ਘੁਮਿਆਰ ਮਸੋਸ ਕੇ ਰਹੇ ਗਏ।

ਹਿੰਦੂ ਕਸੇਰਿਆਂ ਨੇ ਵੀ ਟੁੱਟੇ-ਭੱਜੇ ਪਿੱਤਲ, ਤਾਂਬੇ ਦੇ ਭਾਂਡਿਆਂ ਬਦਲੇ ਮੁਸਲਮਾਨਾਂ ਨੂੰ ਨਵੇਂ ਭਾਂਡੇ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਵੀ ਇੱਕ ਤਰ੍ਹਾਂ ਨਾਲ ਉਨ੍ਹਾਂ ਦੀ ਬੇਇਜ਼ਤੀ ਕਰਨੀ ਹੀ ਸੀ।

ਗੱਲ ਕਮਿਸ਼ਨਰ ਤੱਕ ਪਹੁੰਚ ਗਈ। ਉਸ ਨੇ ਹਰਚਰਨ ਦਾਸ, ਗਿਆਨੀ ਪਰਦੁਮਨ ਸਿੰਘ ਅਤੇ ਖਾਂ ਮੁਹੰਮਦ ਸ਼ਾਹ ਸਣੇ ਹੋਰ ਪਤਵੰਤੇ ਸੱਜਣਾਂ ਨੂੰ ਸੱਦ ਕੇ ਵਿਉਪਾਰਕ ਨਾ ਮਿਲਵਰਤਨ ਬੰਦ ਕਰਨ ਬਾਰੇ ਕਿਹਾ ਜੋ ਉਨ੍ਹਾਂ ਮੰਨ ਲਿਆ।

ਕਮਿਸ਼ਨਰ ਆਪਣੀ ਮਨ ਮਰਜ਼ੀ ਕਰਨਾ ਚਾਹੁੰਦਾ ਸੀ ਪਰ ਲੋਕ ਰਾਏ ਲੈ ਕੇ ਬੰਦੂਕ ਦੂਜਿਆਂ ਦੇ ਮੋਢਿਆਂ ਉੱਤੇ ਰੱਖ ਕੇ ਚਲਾ ਜਾਂਦਾ। ਉਸ ਨੇ ਫਿਰ, 3 ਜੂਨ 1871 ਈ: ਨੂੰ ਸ਼ਹਿਰ ਦੇ ਮੁਹਤਬਰ ਬੰਦਿਆਂ ਦੀ ਮੀਟਿੰਗ, ਟਾਊਨ ਹਾਲ ਵਿੱਚ ਸੱਦੀ। ਇਸ ਬੈਠਕ ਵਿੱਚ ਨਗਰ ਪਾਲਿਕਾ ਦੇ ਮੈਂਬਰ, ਮਹੱਲਿਆਂ ਦੇ ਮੁੱਖੀ, ਜਗੀਰਦਾਰ, ਸ਼ਾਹੂਕਾਰ ਅਤੇ ਸਾਰੇ ਯੂਰਪੀਨ ਅਫਸਰ ਸੱਦੇ ਗਏ। ਉਸ ਨੇ ਪਹਿਲਾਂ ਤਿਆਰ ਕੀਤਾ ਭਾਸ਼ਨ ਪੜ੍ਹਦਿਆਂ ਗਊ ਹੱਤਿਆ ਨੂੰ ਕੇਂਦਰੀ ਬਿੰਦੂ

ਬਣਾਇਆ।

ਇਸ ਭਾਸ਼ਨ ਵਿੱਚ ਉਸ ਨੇ ਹਿੰਦੂ ਮੁਸਲਮਾਨਾਂ ਜਾਂ ਸਿੱਖਾਂ ਵਿੱਚ ਵੱਧ ਰਹੀ ਕੜਵਾਹਟ ਦਾ ਅਤੇ ਹੁੰਦੇ ਫਸਾਦਾਂ ਦਾ ਜ਼ਿਕਰ ਕੀਤਾ। ਉਸ ਇਹ ਵੀ ਕਿਹਾ, ਕਿਉਂਕਿ ਗਊ ਹੱਤਿਆ ਦੀ ਖੁਲ੍ਹ ਇਸਲਾਮ ਦੇਂਦਾ ਹੈ ਸੋ ਹਰ ਇਲਾਕੇ ਵਿੱਚ ਲੋਕਾਂ ਦੀ ਮੰਗ ਨੂੰ ਧਿਆਨ ਵਿੱਚ ਰਖਦੇ ਹੋਏ ਬੁੱਚੜਖਾਨੇ ਖੋਲ੍ਹੇ ਜ਼ਾ ਸਕਦੇ ਸਨ ਪਰ ਗਊਆਂ ਦਾ ਮਾਸ ਸ਼ਰੇਆਮ ਦੁਕਾਨਾਂ ਤੇ ਵੇਚਿਆ ਜਾਣਾ ਉਚਿਤ ਨਹੀਂ ਸੀ। ਉਸ ਨੇ ਦੱਸਿਆ ਕਿ ਇਹ ਹਿੰਦੂ-ਸਿੱਖ ਜਜ਼ਬਾਤਾਂ ਦੀ ਕਦਰ ਕਰਦੇ ਹੋਏ ਹੀ ਕੀਤਾ ਗਿਆ ਸੀ। ਏਸੇ ਕਰਕੇ ਹੀ ਬੁਚੜਖਾਨੇ ਵੀ ਸ਼ਹਿਰ ਤੋਂ ਪਸਿੱਤੇ ਖੋਹਲੇ ਗਏ ਸਨ। ਉਸ ਨੇ ਸਭ ਪਤਵੰਤੇ ਸਜਣਾਂ ਨੂੰ ਸੁਹਿਰਦਤਾ ਤੇ ਮਿਲਵਰਤਨ ਦੀ ਭਾਵਨਾ ਮੁੜ ਬਹਾਲ ਕਰਨ ਵਿੱਚ ਆਪਣਾ ਰਸੂਖ਼ ਵਰਤਣ ਲਈ ਕਿਹਾ। ਉਸ ਨੇ ਹਿੰਦੂ ਤੇ ਮੁਸਲਮਾਨ ਆਗੂਆਂ ਦੀਆਂ ਜੱਫੀਆਂ ਵੀ ਪੁਆਈਆਂ ਅਤੇ ਕਾਰਵਾਈ ਪਾਕੇ ਡੀ. ਸੀ. ਨੂੰ ਕੁਝ ਆਦੇਸ਼ ਦੇ ਕੇ ਰੁਖ਼ਸਤ ਹੋਇਆ।

ਪਰ ਇਸ ਸਭ ਕੁਝ ਵਿੱਚ ਮੁਸਲਮਾਨਾਂ ਦੀ ਚੜ੍ਹ ਮਚੀ ਹੋਈ ਸੀ ਕਿਉਂਕਿ ਗਊ ਦਾ ਮਾਸ ਗਲੀਆਂ ਵਿੱਚ ਫਿਰ ਕੇ, ਹੋਕਾ ਦੇ ਕੇ ਵੇਚਣ ਦੇ ਦੋਸ਼ ਬਦਲੇ ਜੇ ਕੋਈ ਮੁਸਲਮਾਨ ਫੜਿਆ ਜਾਂਦਾ, ਉਸ ਤੇ ਮੁਕੱਦਮਾ ਚੱਲਦਾ, ਹੇਠਲੀ ਕਚਹਿਰੀ ਕਸੂਰਵਾਰ ਸਮਝ ਕੇ ਉਸ ਨੂੰ ਸਜ਼ਾ ਦੇਂਦੀ ਤਾਂ ਉਤਲੀ ਕਚਹਿਰੀ ਵਿੱਚ ਅਪੀਲ ਕਰਕੇ ਉਹ ਬਰੀ ਹੋ ਜਾਂਦਾ। ਇਸ ਤੋਂ ਇਲਾਵਾ ਹੋਰ ਬੁਚੜਖਾਨੇ ਵੀ ਖੋਲ੍ਹੇ ਜਾ ਰਹੇ ਸਨ।

ਸਰਕਾਰ ਨੇ ਅੰਮ੍ਰਿਤਸਰ ਸ਼ਹਿਰ ਵਿੱਚ ਬੁਚੜਖਾਨਾ ਖੋਲਣ ਦੀ ਵੀ ਮਨਜ਼ੂਰੀ ਦੇ ਦਿੱਤੀ ਸੀ ਅਤੇ ਇਹ ਬੁਚੜਖਾਨਾ ਘੰਟਾ ਘਰ ਵਾਲੀ ਥਾਂ ਦੇ ਕੋਲ ਖੋਲ੍ਹਿਆ ਗਿਆ। ਇਸ ਦੀ ਚੜ੍ਹਦੇ ਵਲ ਦੀ ਕੰਧ ਹਰਿਮੰਦਰ ਸਾਹਿਬ ਦੀ ਕੰਧ ਨਾਲ ਸਾਂਝੀ ਸੀ।

ਦਰਬਾਰ ਸਾਹਿਬ ਦੇ ਨਾਲ ਬੁਚੜਖਾਨਾ ਖੁਲ੍ਹਣ ਨਾਲ ਦਰਬਾਰ ਸਾਹਿਬ ਦੀ ਪਵਿਤੱਰਤਾ ਹੋਰ ਵੀ ਭੰਗ ਹੋਣ ਲੱਗੀ। ਕਾਂ, ਇੱਲਾਂ ਤੇ ਹੋਰ ਮਾਸਾਹਾਰੀ ਪੰਛੀ ਮਾਸ ਦੇ ਛਿਛਰੇ, ਬੋਟੀਆਂ ਜਾਂ ਹੱਡੀਆਂ ਆਦਿ ਲੈ ਕੇ ਉੱਡਦੇ। ਦਰਬਾਰ ਸਾਹਿਬ ਦੀ ਪਰਕਰਮਾ ਵਿੱਚ ਵੀ ਕਈ ਵਾਰ ਇਹ ਬੋਟੀਆਂ ਡਿਗਦੀਆਂ, ਕਈ ਵਾਰ ਤਾਂ ਉਹ ਕਲਸਾਂ ਤੇ ਬਹਿ ਕੇ ਚੁੰਝਾਂ ਨਾਲ ਨੋਚ ਨੋਚ ਕੇ ਖਾਂਦੇ। ਪਵਿਤਰ ਗੁਰਧਾਮਾਂ ਦੀ ਬੇਅਦਬੀ ਹੋਣ ਤੇ ਚਿੱਤ ਤਾਂ ਬੜਿਆਂ ਦਾ ਔਖਾ ਹੋਇਆ, ਰੌਲਾ ਵੀ ਬੜਾ ਪਿਆ। ਪਰ ਆਮ ਆਦਮੀ ਦੀ ਗੱਲ ਕੌਣ ਸੁਣੇ। ਏਨਾ ਦਲੇਰ ਕੋਈ ਹੈ ਨਹੀਂ ਸੀ ਕਿ ਗਊ ਗ਼ਰੀਬ ਦੀ ਰਖਿਆ ਲਈ, ਗੁਰਧਾਮਾਂ ਦੀ ਪਵਿਤੱਰਤਾ ਲਈ ਕੁਰਬਾਨੀ ਕਰ ਦੇਦਾ। ਮਹੰਤਾਂ ਦੀ ਮੱਤ ਤਾਂ ਉਂਜ ਹੀ ਪੂਜਾ ਦੇ ਧਾਨ ਦੇ

ਮਾਰ ਦਿੱਤੀ। ਸ੍ਰ. ਨਾਹਰ ਸਿੰਘ ਦੇ ਸ਼ਬਦਾਂ ਵਿੱਚ,

"ਸ਼ਹਿਰ ਦੇ ਸਿਖਾਂ ਦੇ ਆਗੂ ਭਾਈ ਪਰਦੁਮਨ ਸਿੰਘ ਜੀ ਗਿਆਨੀ ਸਨ, ਜੋ ਸ੍ਰੀ ਦਰਬਾਰ ਸਾਹਿਬ ਵਿੱਚ ਵੀ ਗੁਰੂ ਗਰੰਥ ਸਾਹਿਬ ਜੀ ਦੀ ਤਾਬਿਆ ਸ਼ਰਾਬ ਪੀ ਕੇ ਕਥਾ ਕੀਤਾ ਕਰਦੇ ਸਨ। ਬਾਕੀ ਸਭ ਪੇਟ ਪਾਲੂ ਪੁਜਾਰੀ, ਗਰੰਥੀ, ਅਰਦਾਸੀਏ, ਸਰਕਾਰੀ ਜਗੀਰਦਾਰ ਤੇ ਤਨਖ਼ਾਹਾਂ ਪੱਤੀਆਂ ਲੈਣ ਵਾਲੇ ਨੌਕਰ ਸਨ। ਸ਼ਹਿਰ ਵਿੱਚ ਸਿੱਖਾਂ ਦੀ ਆਬਾਦੀ ਬਹੁਤ ਹੀ ਥੋੜ੍ਹੀ ਸੀ। ਉਹ ਵੀ ਅਰੋੜਿਆਂ ਦੀ ਜੋ ਦੁਕਾਨਦਾਰੀ ਕਰਕੇ ਪੇਟ ਪਾਲਦੇ ਸਨ। ਬਾਬਾ ਫੂਲਾ ਸਿੰਘ ਦੇ ਬੁਰਜ ਵਾਲੇ ਪੰਜ ਸੱਤ ਨਿਹੰਗ ਸੁਖ ਨਿਧਾਨ ਦੀਆਂ ਦੇਗਾਂ ਵਿੱਚ ਮਸਤ, ਲਹਿੰਦੀ ਚੜ੍ਹਦੀ ਤੋਂ ਬੇਪਰਵਾਹ ਸਨ। ਕਦੀ ਕੋਈ ਕੋਈ 'ਨਿਹੰਗ ਸਿੰਘ ਇਕੜੇ ਦੁਕੜੇ ਮੁਸਲਮਾਨਾਂ ਨੂੰ ਤੁਰਕੜੇ ਕਹਿਕੇ ਬੋਲ ਬੁਲਾਰਾ ਤੇ ਬਕਾਰਾ ਕਰ ਜਾਂਦਾ ਸੀ। ਪਰ ਮੁਸਲਮਾਨ ਬੁਚੜਾਂ ਦੀਆਂ ਵਧੀਕੀਆਂ ਤੋਂ ਛੁਟਕਾਰਾ ਪਾਵਣ ਲਈ ਕਾਰਾ ਕਰਨ ਦਾ ਹੌਸਲਾ ਕਿਸੇ ਨੂੰ ਭੀ ਨਹੀਂ ਸੀ ਪੈਂਦਾ।"

—ਨਾਮਧਾਰੀ ਇਤਿਹਾਸ 297-98

ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਹੋਈ ਨਾਮਧਾਰੀ ਲਹਿਰ ਇਸ ਸਮੇਂ ਪੂਰੇ ਜੋਬਨ ਤੇ ਸੀ। ਕੂਕਿਆਂ ਅੰਦਰ ਗੁਰਮਤਿ ਅਤੇ ਦੇਸ਼ ਭਗਤੀ ਕੁਟ ਕੁਟ ਕੇ ਭਰੀ ਹੋਈ ਹੀ। ਉਨ੍ਹਾਂ ਪੰਜਾਬੀਆਂ ਦਾ ਉਹ ਰਾਜ ਵੀ ਬੁਲੰਦੀ ਵਿੱਚ ਵੇਖਿਆ ਸੀ ਜਿਸ ਰਾਜ ਵਿੱਚ ਕੋਈ ਵਿਦੇਸ਼ੀ ਵੀ ਗਊ ਹੱਤਿਆ ਕਰਨ ਦੀ ਜੁਰਅਤ ਨਹੀਂ ਸੀ ਕਰ ਸਕਦਾ।

ਕੂਕੇ ਬਰਤਾਨਵੀ ਸਰਕਾਰ ਦੇ ਵੀ ਵਿਰੋਧੀ ਸਨ। ਉਹ ਬਿਲਿਆਂ ਨੂੰ ਸੱਤ ਸਮੁੰਦਰੋਂ ਪਾਰ ਭੇਜਣ ਲਈ ਲੋਕਾਂ ਵਿੱਚ ਜਾਗ੍ਰਿਤੀ ਪੈਦਾ ਕਰ ਰਹੇ ਸਨ। ਪਰ ਇਹ ਜਥੇਬੰਦੀ ਹੈ ਸੀ ਅਹਿੰਸਾ ਵਾਦੀ।

ਪੰਜਾਬ ਵਿਚ ਤੇ ਖਾਸ ਕਰਕੇ ਅੰਮ੍ਰਿਤਸਰ ਵਿਚ ਬੁਚੜਖਾਨੇ ਖੁਲ੍ਹਣ ਨਾਲ ਕੁਝ ਕੂਕਿਆਂ ਨੇ ਵੀ ਆਪਣੀ ਅਣੱਖ ਨੂੰ ਚੈਲੰਜ ਸਮਝਿਆ। ਅੰਮ੍ਰਿਤਸਰ ਵਿਚ ਕੁਝ ਨਾਮਧਾਰੀਆਂ ਦੇ ਵੀ ਘਰ ਸਨ। ਪੰਨਵਾਂ ਜਿਲ੍ਹਾ ਗੁਰਦਾਸਪੁਰ ਦੇ ਬਾਬਾ ਲਹਿਣਾ ਸਿੰਘ ਵੀ ਨਗਰ ਵਿੱਚ ਹੀ ਰਾਜਗਿਰੀ ਦਾ ਕੰਮ ਕਰਦੇ ਸਨ। ਉਨ੍ਹਾਂ ਦੇ ਘਰ ਨਾਮਧਾਰੀ ਸਿੰਘ ਇੱਕਠੇ ਹੁੰਦੇ, ਗਊ ਦੀ ਰੱਖਿਆ ਬਾਰੇ ਵਿਚਾਰਾਂ ਕਰਦੇ ਕਿ ਇਹ ਕਾਰਜ ਕਿਵੇਂ ਹੋਵੇ। ਉਹ ਰੋਜ ਸਵੇਰੇ ਉਗ੍ਰਦੰਤੀ ਦਾ ਪਾਠ ਕਰਨ ਸਮੇਂ ਉਸ ਵਿੱਚ ਪੜ੍ਹਦੇ ਸਨ ਕਿ,

ਯਹੀ ਆਸ ਪੂਰਨ ਕਰੋ ਤੁਮ ਹਮਾਰੀ।
ਮਿਟੈ ਕਸਟ ਗਊਅਨ ਛੁਟੇ ਖੇਦ ਭਾਰੀ।

ਉਨ੍ਹਾਂ ਨਾਮਧਾਰੀ ਲਹਿਰ ਦੇ ਪ੍ਰੋਗ੍ਰਾਮ ਵਲ ਧਿਆਨ ਮਾਰਿਆ ਜੋ ਅਹਿੰਸਾਵਾਦੀ

ਸੀ। ਉਨ੍ਹਾਂ ਦੀ ਨੀਯਤ ਬੁਚੜਖਾਨੇ ਵਿਚ ਬੱਧੀਆਂ ਗਊਆਂ ਦੇ ਰੱਸੇ ਵਢਣ ਦੀ ਸੀ। ਉਸ ਸਮੇਂ ਬੁਚੜਾਂ ਨਾਲ ਦੋ ਦੋ ਹੱਥ ਵੀ ਕਰਨੇ ਪੈ ਸਕਦੇ ਸਨ। ਇਨ੍ਹਾਂ ਝੜਪਾਂ ਵਿੱਚ ਜਾਨੀ ਨੁਕਸਾਨ ਹੋਣ ਦੀ ਵੀ ਪੂਰੀ ਸੰਭਾਵਨਾ ਸੀ। ਜਿਸ ਦੀ ਇਜਾਜ਼ਤ ਸਤਿਗੁਰੂ ਜੀ ਵਲੋਂ ਮਿਲਣੀ ਮੁਸ਼ਕਲ ਲਗਦੀ ਸੀ। ਸੋ ਉਨ੍ਹਾਂ, 'ਕਰੋ ਜਾਂ ਮਰੋ,' ਦੀ ਭਾਵਨਾ ਲੈ ਕੇ ਬਿਨਾ ਕੇਂਦਰ ਨੂੰ ਪੁਛਿਆਂ ਆਪਣਾ ਪ੍ਰੋਗ੍ਰਾਮ ਉਲੀਕ ਲਿਆ।

ਜਿਵੇਂ ਪਹਿਲਾਂ ਲਿਖਿਆ ਹੈ ਕਿ ਪਹਿਲਾਂ ਤਾਂ ਬਾਬਾ ਲਹਿਣਾ ਸਿੰਘ ਦੇ ਘਰ ਸਹਿਜ ਸੁਭਾ ਕਦੇ ਕਦੇ ਹੀ ਗੱਲਾਂ ਹੁੰਦੀਆਂ ਸਨ। ਫਿਰ ਦਸ ਸਿੰਘਾਂ ਨੇ ਗਊ ਰੱਖਿਆ ਦੇ ਉਦੇਸ਼ ਨੂੰ ਮੁੱਖ ਰੱਖ ਕੇ ਉਚੇਚੀਆਂ ਬੈਠਕਾਂ ਕਰਨੀਆਂ ਸ਼ੁਰੂ ਕੀਤੀਆਂ। ਦਸ ਜੂਨ 1871 ਈ. ਨੂੰ ਵੀ ਉਹ ਕਾਫ਼ੀ ਰਾਤ ਗਈ ਤਕ ਸੋਚਦੇ ਰਹੇ ਕਿ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਕਿਵੇਂ ਰੋਕੀ ਜਾਵੇ? ਉਨ੍ਹਾਂ ਘੰਟਾ ਘਰ ਵਾਲੀ ਥਾਂ ਦਾ ਬੁਚੜਖਾਨਾ ਤੇ ਲਾਹੌਰੀ ਗੇਟ ਵਾਲਾ ਬੁਚੜਖਾਨਾ ਪਹਿਲੇ ਹੱਲਿਆਂ ਦਾ ਕੇਂਦਰ ਬਣਾਇਆ। ਉਸ ਵਿੱਚ ਵੀ ਹੋਰ ਪਹਿਲ ਘੰਟਾਘਰ ਵਾਲੇ ਬੁਚੜਖਾਨੇ ਨੂੰ ਦਿੱਤੀ ਗਈ। ਫਿਰ ਸਾਰੇ ਸਿੰਘ ਸਤਿਗੁਰੂ ਅੱਗੇ ਅਰਦਾਸ ਕਰਕੇ, ਉਹ ਕਾਰਜ ਕਰਨ ਲਈ ਮੰਗ ਕਰਕੇ, ਘਰੋ ਘਰੀ. ਚਲੇ ਗਏ। ਜਿਹੜੇ ਹੋਰ ਸਿੰਘ ਇਸ ਬੈਠਕ ਵਿੱਚ ਸ਼ਾਮਲ ਸਨ ਉਨਾਂ ਦੇ ਨਾਂ ਇਹ ਹਨ: ਬੀਹਲਾ ਸਿੰਘ ਸੰਧੂ ਨਾਰਲੀ, ਫ਼ਤਹਿ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਮੌੜ, ਲਹਿਣਾ ਸਿੰਘ ਸਪੁਤਰ ਬੁਲਾਕਾ ਸਿੰਘ, ਲਹਿਣਾ ਸਿੰਘ ਲੋਪੋਕੇ, ਸਿਪਾਹੀ ਲਾਲ ਸਿੰਘ, ਮਿਹਰ ਸਿੰਘ ਲੋਪੋਕੇ, ਝੰਡਾ ਸਿੰਘ ਠੱਟਾ ਅਤੇ ਭਗਵਾਨ ਸਿੰਘ ਅੜਬੰਗੀ ਮਗ੍ਰਾਣਾ।

ਅਗਲੇ ਦਿਨ ਬਾਬਾ ਲਹਿਣਾ ਸਿੰਘ ਨੇ ਸਾਥੀ ਗੁਰਸਿੱਖਾਂ ਨੂੰ ਦਸਿਆ ਕਿ ਉਸ ਨੂੰ ਸੁਪਨੇ ਵਿੱਚ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਹੋਏ ਸਨ। ਉਨ੍ਹਾਂ ਵੀ ਉਹ ਧਰਮ ਦਾ ਕਾਰਜ ਛੇਤੀ ਨੇਪਰੇ ਚਾੜ੍ਹਨ ਅਤੇ ਗੁਰਧਾਮ ਦੀ ਮਰਿਆਦਾ ਅਤੇ ਪਵਿਤੱਰਤਾ ਭੰਗ ਹੋਣੋ ਬਚਾਉਣ ਲਈ ਹੁਕਮ ਕੀਤਾ ਸੀ। ਇਸ ਨਾਲ ਸਾਰਿਆਂ ਦਾ ਮਨੋਬਲ ਹੋਰ ਵੀ ਵੱਧ ਗਿਆ। ਉਨ੍ਹਾਂ ਸਤਿਗੁਰੂ ਰਾਮ ਸਿੰਘ ਜੀ ਤੋਂ ਆਦੇਸ਼ ਲੈਣ ਦੀ ਬਿਲਕੁਲ ਲੋੜ ਮਹਿਸੂਸ ਨਾ ਕੀਤੀ।

ਸਿਪਾਹੀ ਲਾਲ ਸਿੰਘ ਨੇ ਪੁਲਿਸ ਲਾਈਨ ਵਿਚੋਂ ਕੁਝ ਕਿਰਪਾਨਾਂ ਕਢ ਲਿਆਂਦੀਆਂ। ਸਿੰਘਾਂ ਕੋਲ ਸਫਾਜੰਗ ਤਾਂ ਹੈ ਹੀ ਸਨ। 12 ਜੂਨ 1871 ਈ. ਦੀ ਰਾਤ ਨੂੰ ਇਹ ਸਿੰਘ ਦੱਬੇ ਪੈਰ ਤੁਰ ਪਏ। ਜਦ ਘੰਟਾ ਘਰ ਵਾਲੀ ਥਾਂ ਦੇ ਲਾਗੇ ਦੇ ਬੁਚੜ ਖਾਨੇ ਕੋਲ ਪਹੁੰਚੇ ਤਾਂ ਫਾਟਕ ਬੰਦ ਸੀ। ਫਾਟਕ ਅਗੇ ਬੈਠੇ ਕੁਤੇ ਭੌਂਕੇ। ਬੁਚੜਾਂ ਦੇ ਜਾਗ ਪੈਣ ਦੇ ਡਰ ਕਰਕੇ ਸਿੰਘ ਵਾਪਸ ਪਰਤ ਆਏ। ਅਗਲੀ

ਰਾਤ ਵੀ ਇਸ ਤਰ੍ਹਾਂ ਹੀ ਹੋਇਆ।

ਬਾਬਾ ਲਹਿਣਾ ਸਿੰਘ ਘਰ ਬੈਠ ਕੇ ਉਨ੍ਹਾਂ ਫਿਰ ਦੁਬਾਰਾ ਸੋਚਿਆ 14-15 ਜੂਨ ਦੀ ਵਿਚਕਾਰਲੀ ਰਾਤ ਨੂੰ ਉਹ ਬੁਚੜਖਾਨੇ ਦੇ ਪਿਛਲੇ ਪਾਸਿਓਂ ਗਏ। ਉਸ ਪਾਸੇ ਗਊਆਂ ਦੀ ਰੱਤ ਵਗਣ ਵਾਸਤੇ ਇਕ ਖੁਲ੍ਹਾ ਜਿਹਾ ਮਘੋਰਾ ਸੀ। ਇਕ ਜਣਾ ਉਸ ਮਘੋਰੇ ਵਿਚੋਂ ਅੰਦਰ ਵੜ ਗਿਆ। ਅੰਦਰੋਂ ਫਾਟਕ ਕੋਲ ਆ ਕੇ ਉਸ ਨੇ ਜੰਦਰਾ ਤੋੜ ਕੇ ਫਾਟਕ ਖੋਲ੍ਹ ਦਿਤਾ। ਬਾਕੀਆਂ ਨੇ ਕੁਤਿਆਂ ਨੂੰ ਭੌਂਕਣੋ ਰੋਕਣ ਲਈ ਰੋਟੀਆਂ ਪਾ ਦਿਤੀਆਂ ਸਨ। ਉਹ ਰੋਟੀਆਂ ਨੂੰ ਮੂੰਹ ਮਾਰਨ ਲੱਗੇ ਅਤੇ ਸਿੰਘ ਫਾਟਕ ਖੁਲ੍ਹਦੇ ਸਾਰ ਹੀ ਅੰਦਰ ਜਾ ਵੜੇ। ਉਨ੍ਹਾਂ ਕਾਹਲੀ ਕਾਹਲੀ ਬੱਧੀਆਂ ਗਊਆਂ ਦੇ ਰੱਸੇ ਵਢਣੇ ਸ਼ੁਰੂ ਕਰ ਦਿਤੇ। ਗਊਆਂ ਬਾਹਰ ਹਿਕਣੀਆਂ ਵੀ ਸ਼ੁਰੂ ਕੀਤੀਆਂ। ਗਊਆਂ ਦੇ ਦੌੜਨ ਦਾ ਖੜਾਕ ਸੁਣ ਕੇ ਅਤੇ ਹਥਿਆਰਾਂ ਦੀ ਖਣਕਾਰ ਸੁਣ ਕੇ ਕਸਾਈ ਵੀ ਜਾਗ ਪਏ। ਉਨ੍ਹਾਂ ਰੌਲਾ ਪਾ ਦਿੱਤਾ ਕਿ 'ਸਿੱਖ ਆ ਪਏ, ਸਿੱਖ ਆ ਪਏ, ਉਨ੍ਹਾਂ ਜੋ ਵੀ ਹੱਥ ਆਇਆ ਫੜਿਆ ਅਤੇ ਸਿੱਖਾਂ ਉੱਤੇ ਹਮਲਾ ਕਰ ਦਿੱਤਾ। ਸਿੰਘ ਇਸ ਸਥਿਤੀ ਲਈ ਤਿਆਰ ਸਨ ਉਨ੍ਹਾਂ ਵੀ ਖ਼ੂਬ ਆਹੂ ਲਾਹੇ ਅਤੇ ਲੜਦੇ ਲੜਦੇ ਗਊਆਂ ਦੇ ਰੱਸੇ ਵੱਢ ਕੇ ਫਾਟਕੋਂ ਬਾਹਰ ਹੋਏ। ਬੁਚੜਾਂ ਨੇ ਡਰਦਿਆਂ ਪਿੱਛਾ ਨਾ ਕੀਤਾ।

ਕੂਕੇ ਸਿੰਘ, ਭਗਤਾਂ ਵਾਲੇ ਦਰਵਾਜ਼ੇ ਵਲ ਨੂੰ ਵਧੇ ਉਥੇ ਗਊਆਂ ਨੂੰ ਉਨ੍ਹਾਂ ਭੀੜ ਵਿੱਚ ਛੱਡ ਦਿਤਾ। ਆਪ ਉਨ੍ਹਾਂ ਯੋਗ ਥਾਂ ਵੇਖ ਕੇ ਆਪਣੇ ਆਪਣੇ ਲਹੂ ਰੰਗੇ ਬਸਤਰ ਬਦਲੇ। ਕਪੜੇ ਤੇ ਹਥਿਆਰ ਜ਼ਮੀਨ ਵਿੱਚ ਦੱਬ ਕੇ ਅੱਡੋ ਅੱਡ ਰਾਹਾਂ ਵਲ ਹੋ ਤੁਰੇ।

ਇਸ ਲੜਾਈ ਵਿੱਚ ਪੀਰਾ, ਜਿਉਣ, ਸ਼ਾਦੀ ਅਤੇ ਅਮਾਮੀ ਚਾਰ ਬੁਚੜ ਮਾਰੇ ਗਏ। ਇਨ੍ਹਾਂ ਤੋਂ ਬਿਨਾ ਕਰਮਦੀਨ, ਇਲਾਹੀ ਬਖ਼ਸ਼ ਅਤੇ ਖੀਵਾ ਸਖ਼ਤ ਜ਼ਖ਼ਮੀ ਹੋਏ ਜੋ ਬਾਅਦ ਵਿੱਚ ਦੁਆ ਦਾਰੂ ਨਾਲ ਬੱਚ ਗਏ।

ਬੁਚੜਾਂ ਦੇ ਕਤਲ ਦੀ ਖ਼ਬਰ 15 ਜੂਨ ਨੂੰ ਹੀ ਜੰਗਲ ਦੀ ਅੱਗ ਵਾਂਗ ਫੈਲ ਗਈ। ਹਿੰਦੂ ਸਿੱਖਾਂ ਨੂੰ ਕੁਝ ਤਸੱਲੀ ਹੋਈ ਅਤੇ ਮੁਸਲਮਾਨ ਸਹਿਮ ਗਏ। ਕਸਾਈਆਂ ਨੂੰ ਡਰ ਪੈ ਗਿਆ ਕਿ ਗਊ ਹਤਿਆ ਕਰਨ ਬਦਲੇ ਉਨ੍ਹਾਂ ਨੂੰ ਵੀ ਆਪਣੀ ਜਾਣ ਬਚਾਉਣੀ ਔਖੀ ਹੋਵੇਗੀ। ਉਨ੍ਹਾਂ ਉਹ ਕੰਮ ਛੱਡ ਦਿੱਤਾ।

ਡਿਪਟੀ ਕਮਿਸ਼ਨਰ ਨੇ ਬੁਚੱੜਾਂ ਦੇ ਕਾਤਲਾਂ ਨੂੰ ਖੋਜ ਕੇ, ਸਜ਼ਾ ਦੇਣ ਦਾ ਐਲਾਨ ਕੀਤਾ। ਉਸ ਦੇ ਅਮਲੇ ਫੈਲੇ ਨੇ ਬੁਚੜਾਂ ਦੀ ਭਾਲ ਕਰਨੀ ਸ਼ੁਰੂ ਕੀਤੀ। [illegible] ਸ਼ਹਿਰੀ ਦੀ ਮਦਦ ਮੰਗੀ। ਪੁਲਿਸ ਨੇ ਸ਼ੱਕ ਵਿੱਚ ਕੁਝ ਸਿਧੇ ਸਾਦੇ ਲੋਕ [illegible] ਵੀ ਲਏ ਪਰ ਉਨ੍ਹਾਂ ਨਾਲ ਤਸਲੀ ਨਾ ਹੋਈ।

24 ਜੂਨ 1871 ਈ. ਨੂੰ ਇਸ ਅਮਲੇ ਦੀ ਪੂਰੀ ਛਾਣਬੀਣ ਕਰਨ ਲਈ,

ਜਹੀ ਕਾਤਲਾਂ ਨੂੰ ਫੜਨ ਲਈ; ਉਨ੍ਹਾਂ ਨੂੰ ਸਜਾਵਾਂ ਦਿਵਾਉਣ ਲਈ, ਮੁਸਲਮਾਨਾਂ ਦੇ ਦਿਲੋਂ ਸਹਿਮ ਤੇ ਡਰ ਖ਼ਤਮ ਕਰਨ ਲਈ, ਪੰਜਾਬ ਦੇ ਸਭ ਤੋਂ ਹੁਸ਼ਿਆਰ ਅਤੇ ਮੰਨੇ ਪ੍ਰਮੰਨੇ ਅਫਸਰ, ਕ੍ਰਿਸਟੀ ਨੂੰ ਅੰਮ੍ਰਿਤਸਰ ਭੇਜਿਆ ਗਿਆ। ਕ੍ਰਿਸਟੀ ਨੇ ਆਉਂਦਿਆਂ ਹੀ ਨਿਰਦੋਸ਼ ਤੇ ਭੋਲੇ ਭਾਲੇ ਲੋਕਾਂ ਨੂੰ ਛੱਡ ਦਿੱਤਾ।

ਕ੍ਰਿਸਟੀ ਦੀ ਮਦਦ ਲਈ ਜ਼ਿਲ੍ਹਾ ਹੁਸ਼ਿਆਰ ਪੁਰ ਦਾ ਇਨਸਪੈਕਟਰ ਪੁਲਿਸ ਫ਼ਜ਼ਲ ਹੁਸੈਨ, ਡਿਪਟੀ ਇਨਸਪੈਕਟਰ ਡੋਗਰ ਮਲ, ਅਤਰ ਸਿੰਘ, ਸੁਰਜਨ ਸਿੰਘ ਅਤੇ ਮਾਇਆ ਸਿੰਘ ਸਾਰਜੰਟ ਅਤੇ 8 ਸਿਪਾਹੀ ਸਨ। ਇਨ੍ਹਾਂ ਕੋਤਵਾਲੀ ਤੋਂ ਵਖਰੀ ਥਾਂ ਲੈ ਕੇ ਰਹਿਣਾ ਸ਼ੁਰੂ ਕੀਤਾ। ਕ੍ਰਿਸਟੀ ਨੇ ਐਲਾਨ ਕੀਤਾ ਕਿ ਕਾਤਲਾਂ ਦਾ ਪਤਾ ਦੇਣ ਵਾਲੇ ਨੂੰ ਇੱਕ ਹਜ਼ਾਰ ਰੁਪਏ ਇਨਾਮ ਦਿੱਤਾ ਜਾਏਗਾ। ਸਰਕਾਰ ਦੇ ਮਦਦਗਾਰਾਂ ਰਾਜਾ ਸਾਹਿਬ ਦਿਆਲ, ਮੰਗਲ ਸਿੰਘ ਰਾਮਗੜੀਆ, ਭਗਵਾਨ ਸਿੰਘ, ਰਾਇ ਮੂਲਾ ਸਿੰਘ, ਖ਼ਾਨ ਮੁਹੰਮਦ ਸ਼ਾਹ ਆਦਿ ਨਾਲ ਉਸ ਨੇ ਤਾਲਮੇਲ ਪੈਦਾ ਕੀਤਾ ਅਤੇ ਉਨ੍ਹਾਂ ਦੀ ਉਚੇਚੀ ਮਦਦ ਮੰਗੀ ਗਈ।

ਖ਼ਾਨ ਮੁਹੰਮਦ ਸ਼ਾਹ ਨੂੰ ਮੁਸਲਮਾਨ ਬੁਚੜਾਂ ਦੇ ਮਾਰੇ ਜਾਣ ਦਾ ਬੜਾ ਦੁਖ ਸੀ। ਉਹ ਉਨ੍ਹਾਂ ਦੇ ਕਾਤਲਾਂ ਨੂੰ ਛੇਤੀ ਫੜਾ ਕੇ ਨਾਲੇ ਸਰਕਾਰ ਤੋਂ ਇਨਾਮ ਹਾਸਲ ਕਰਨਾ ਚਾਹੁੰਦਾ ਸੀ ਨਾਲੇ ਆਪਣਾ ਹਿਰਦਾ ਸ਼ਾਂਤ ਕਰਨਾ ਚਾਹੁੰਦਾ ਸੀ। ਉਹ ਹੈ ਸੀ ਬੜਾ ਸ਼ਰਾਬੀ, ਕਬਾਬੀ, ਅਯਾਸ਼ ਤੇ ਚਰਿਤਰਹੀਨ। ਉਸ ਨੇ ਆਪਣੇ ਵਰਗੇ, ਨਿਹਾਲ ਸਿੰਘ ਰਾਹੀਂ, ਗੁਰਮੁਖ ਸਿੰਘ ਤੇ ਕਾਹਨ ਸਿੰਘ ਨੂੰ ਗੰਢ ਲਿਆ ਜੋ ਆਪਣੇ ਆਪ ਨੂੰ ਬੁਚੜਾਂ ਦੇ ਕਾਤਲ ਕਹਿਣ ਲਗੇ। ਉਨ੍ਹਾਂ ਦਾ ਖ਼ਿਆਲ ਸੀ ਕਿ ਜਦ ਉਹ ਆਪਣੇ ਆਪ ਨੂੰ ਕਸਾਈਆਂ ਦੇ ਕਾਤਲ ਕਹਿੰਦੇ ਫਿਰਨਗੇ ਤਾਂ ਕਿਤੇ ਅਸਲੀ ਕਾਤਲ ਜ਼ਰੂਰ ਸ਼ੇਖੀ ਮਾਰਨਗੇ। ਫਿਰ ਉਨ੍ਹਾਂ ਨੂੰ ਫੜਾ ਦਿੱਤਾ ਜਾਏਗਾ ਪਰ ਇਹ ਡਰਾਮੇਬਾਜ਼ੀ ਦਾ ਕੋਈ ਸਿੱਟਾ ਨਾ ਨਿਕਲਿਆ।

ਕ੍ਰਿਸਟੀ ਪ੍ਰੇਸ਼ਾਨ ਹੋ ਗਿਆ। ਉਸ ਨੂੰ ਕਿਸੇ ਤਰ੍ਹਾਂ ਵੀ ਕਾਤਲਾਂ ਦੀ ਸੂਹ ਨਾ ਮਿਲੀ। ਉਸ ਨੇ ਸ਼ਹਿਰ ਦੇ ਹਿੰਦੂ ਬਦਮਾਸ਼ਾਂ ਨੂੰ ਸਦਿਆ ਡਰਾਇਆ, ਧਮਕਾਇਆ ਤੇ ਫਿਰ ਲਾਲਚ ਵੀ ਦਿੱਤਾ। ਉਸ ਨੇ ਪਿਛਲੇ ਦਿਨਾਂ ਦਾ ਪੁਲਿਸ ਰੋਜ਼ਨਾਮਚਾ ਵੀ ਵੇਖਿਆ, ਕੋਤਵਾਲੀ ਦਰਜ ਹੋਈਆਂ ਰਿਪੋਰਟਾਂ ਦੀ ਘੋਖ ਪੜਤਾਲ ਵੀ ਕੀਤੀ ਗਈ। 20 ਜੂਨ 1871 ਈ. ਦੀ ਲਿਖਾਈ ਰਿਪੋਰਟ ਵਿੱਚ ਕਰੀਮ ਬਖ਼ਸ਼ ਤੇ ਪੀਰ ਬਖ਼ਸ਼ ਨੇ ਲਿਖਾਇਆ ਸੀ ਕਿ ਹੀਰਾ ਸਿੰਘ ਭਾਟੜੇ ਨੇ ਬੁਚੜ ਖਾਨੇ ਨੇੜੇ ਚਕਰ ਕੱਟੇ ਸਨ। ਕ੍ਰਿਸਟੀ ਨੇ ਫੌਰਨ ਹੀਰਾ ਸਿੰਘ ਨੂੰ ਬੁਲਾ ਲਿਆ ਉਸ ਨੂੰ ਛੱਲੀਆਂ ਵਾਂਗ ਕੁੱਟਿਆ ਗਿਆ, ਉਨੀਂਦਰੇ ਰਖਿਆ ਗਿਆ। ਹਰ ਉਹ ਭੈੜੀ ਹਰਕਤ ਕੀਤੀ ਗਈ ਜੋ ਪੁਲਿਸ ਮੁਲਜ਼ਮ ਨਾਲ ਕਰਦੀ ਹੈ। ਭਗਵਾਨ ਸਿੰਘ ਨੇ ਵੀ ਗੁਆਹੀ ਦੇ ਦਿੱਤੀ ਕਿ ਹੀਰਾ ਸਿੰਘ ਬਦਮਾਸ਼ ਸੀ। ਫਿਰ

ਉਸ ਦੀ ਹੋਰ ਸ਼ਾਮਤ ਆ ਗਈ। ਭਾਵੇ ਉਹ ਕਸਮਾਂ ਖਾ ਕੇ ਕਹਿੰਦਾ ਰਿਹਾ ਕਿ ਕਤਲ ਉਸ ਨੇ ਬਿਲਕੁਲ ਨਹੀਂ ਕੀਤੇ ਪਰ ਮੰਨਦਾ ਕੌਣ? ਪੁਲਿਸ ਤਾਂ ਉਸ ਨੂੰ ਕੁਟਾਪਾ ਚਾੜ੍ਹੀ ਗਈ ਅਤੇ ਤਸੀਹੇ ਦੇਂਦੀ ਗਈ ਅਤੇ ਕਹਿੰਦੀ ਗਈ ਕਿ ਉਹ ਝੂਠ ਬੋਲਦਾ ਸੀ। ਉਂਜ ਵੀ ਪੁਲਿਸ ਉਸ ਨੂੰ ਹੀ ਸੱਚਾ ਕਹਿੰਦੀ ਹੁੰਦੀ ਹੈ ਜੋ ਪੁਲਿਸ ਦੀ ਬੋਲੀ ਬੋਲੇ। ਜਦੋਂ ਪੁਲਿਸ ਦੀ ਕੁਟ-ਮਾਰ ਤੋਂ ਛੁਟਕਾਰਾ ਪਾਉਣ ਲਈ 3 ਜੁਲਾਈ 1871 ਨੂੰ ਉਹ ਵੀ ਮੰਨ ਗਿਆ ਕਿ ਕਾਤਲ ਉਹੀ ਸੀ ਤਾਂ ਪੁਲਿਸ ਮੰਨੀ ਕਿ ਉਸ ਨੇ ਸੱਚ ਬੋਲਿਆ ਸੀ।

ਹੀਰਾ ਸਿੰਘ ਕੋਲੋਂ ਹੋਰ ਕਾਤਲਾਂ ਦੇ ਨਾਂ ਪਤੇ ਪੁਛੇ ਗਏ ਤਾਂ ਉਸ ਨੇ ਅਹੀਏ ਬਦਮਾਸ਼ ਦਾ ਨਾਂ ਦਸਿਆ। ਜਦ ਉਸ ਨੂੰ ਵੀ ਮਾਰ ਮਾਰ ਕੇ ਹਾਲੋਂ ਬੇਹਾਲ ਕਰ ਦਿੱਤਾ ਤਾਂ ਮਾਰੀ ਦਾ ਉਹ ਵੀ 7 ਜੁਲਾਈ ਨੂੰ ਮੰਨ ਗਿਆ ਕਿ ਕਾਤਲ ਉਹ ਹੀ ਸੀ। ਦੋਹਾਂ ਨੂੰ ਵਾਅਦਾ ਮੁਆਫ਼ ਗੁਆਹ ਬਣਾਏ ਜਾਣ ਦਾ ਲਾਲਚ ਦੇ ਕੇ ਪੁਲਿਸ ਨੇ ਹੋਰ ਕਾਤਲਾਂ ਦੇ ਪਤੇ ਟਿਕਾਣੇ ਪੁਛੇ ਤਾਂ ਉਨ੍ਹਾਂ ਸੇਠ ਜੈ ਰਾਮ ਦਾ ਨਾਂ ਲੈ ਦਿੱਤਾ। ਉਹ ਵੀ ਪੁਲਿਸ ਦੀ ਮਾਰ ਨਾ ਝੱਲ ਸਕਿਆ ਅਤੇ ਮੰਨ ਗਿਆ ਕਿ ਕਾਤਲ ਉਹ ਹੀ ਸੀ। ਫਿਰ ਉਹ ਵੀ ਵਾਅਦਾ ਮੁਆਫ ਗੁਆਹ ਬਣ ਗਿਆ।

ਭਾਵੇਂ ਕ੍ਰਿਸਟੀ ਦਾ, ਤਫ਼ਤੀਸ਼ ਕਰਨ ਦਾ ਢੰਗ, ਡੀ. ਸੀ. ਨੂੰ ਵੀ ਪਸੰਦ ਨਹੀਂ ਸੀ। ਪਰ ਕਾਰਵਾਈ ਤਾਂ ਚੱਲਦੀ ਸੀ। ਲੋਕ ਤਫ਼ਤੀਸ਼ ਦੇ ਇਸ ਢੰਗ ਉਤੇ ਹੈਰਾਨ ਸਨ ਕਿ ਇਸ ਤਰ੍ਹਾਂ ਤਾਂ ਤਫ਼ਤੀਸ਼ ਤੋਂ ਬਾਅਦ ਨਿਆਂ ਤਾਂ ਹੋਰ ਵੀ ਅਨੋਖਾ ਹੋਵੇਗਾ। ਇਹ ਸਿਲਸਿਲਾ ਜ਼ਾਰੀ ਰਿਹਾ ਤਿੰਨਾ ਵਾਅਦਾ ਮੁਆਫ਼ ਗੁਆਹਾਂ ਦੀ ਮਦਦ ਨਾਲ ਕਈ ਹੋਰ ਨਿਰਦੋਸ਼ ਤੇ ਸਿਧੇ ਸਾਦੇ ਸ਼ਹਿਰੀ ਫੜ ਲਏ ਗਏ ਜਿੰਨ੍ਹਾਂ ਵਿੱਚ ਅਕਾਲ ਬੁੰਗੇ ਦੇ ਨਿਹੰਗ ਵੀ ਸਨ। ਸਭ ਨੂੰ ਤਸੀਹੇ ਦੇ ਦੇ ਕੇ ਮਨਚਾਹੇ ਬਿਆਨ ਲੈਂਦ ਕੇ ਕ੍ਰਿਸਟੀ ਨੇ 20 ਜੁਲਾਈ 1871 ਈ: ਨੂੰ ਆਪਣੀ ਮਿਸਲ ਤਿਆਰ ਕਰ ਲਈ।

ਉਸ ਨੇ 12 ਵਿਅਕਤੀਆਂ ਨੂੰ ਬੁਚੜਾਂ ਦੇ ਕਤਲ ਕੇਸ ਵਿੱਚ ਕਸੂਰਵਾਰ ਠਹਿਰਾਇਆ। ਉਹ ਬਾਰਾਂ ਵਿਅਕਤੀ ਸਨ। ਸੰਤਰਾਮ, ਰਾਮ ਕਿਸ਼ਨ, ਮੰਨਾ ਸਿੰਘ ਹੀਰਾ ਸਿੰਘ, ਜਵਾਲਾ ਸਿੰਘ, ਪੰਨਾ ਜੀ, ਮੂਲਾ, ਨਿਹਾਲ ਸਿੰਘ, ਮਈਆ, ਸੁੰਦਰ ਸਿੰਘ, ਪ੍ਰੇਮ ਸਿੰਘ, ਟੇਕਾ ਅਤੇ ਸ਼ੋਭਾ। 21 ਜੁਲਾਈ 1871 ਈ. ਨੂੰ ਉਨ੍ਹਾਂ ਉੱਤੇ ਮਜਿਸਟ੍ਰੇਟ ਦੀ ਅਦਾਲਤ ਵਿੱਚ ਮੁਕਦਮਾ ਚਲਣਾ ਸ਼ੁਰੂ ਹੋਇਆ। ਮੌਕੇ ਦੇ ਗੁਆਹਾਂ ਨੇ ਸੌਂਹਾਂ ਖਾ ਕੇ ਗੁਆਹੀਆਂ ਦਿੱਤੀਆਂ ਕਿ ਉਹ ਹੀ ਕਾਤਲ ਸਨ ਜਿਨ੍ਹਾਂ ਨੂੰ ਬੁਚੜ ਕਤਲ ਕਰਦਿਆਂ ਉਹਨਾਂ ਵੇਖਿਆ ਅਤੇ ਸੁਣਿਆ ਸੀ। ਮਜਿਸਟਰੇਟ ਨੇ 25 ਜੁਲਾਈ ਨੂੰ ਉਨ੍ਹਾਂ ਦੇ ਕਾਤਲ ਹੋਣ ਦਾ ਫੈਸਲਾ ਸੁਣਾ ਦਿਤਾ ਅਤੇ ਮਿਸਲ ਮੁਕੰਮਲ ਕਰਕੇ ਡੀ. ਸੀ. ਕੋਲ ਭੇਜ ਦਿੱਤੀ। ਡੀ. ਸੀ. ਨੇ ਆਪਣੀ

ਸਹੀ ਪਾਕੇ ਪ੍ਰਵਾਨਗੀ ਲਈ ਮਿਸਲ ਸੈਸ਼ਨ ਜੱਜ ਕੋਲ ਭੇਜ ਦਿੱਤੀ।

ਅੰਗਰੇਜ਼ ਅਫ਼ਸਰ ਖ਼ੁਸ਼ ਸਨ ਕਿ ਉਨ੍ਹਾਂ ਕਾਤਲ ਭਾਲ ਕੇ, ਉਨ੍ਹਾਂ ਨੂੰ ਸਜ਼ਾਵਾਂ ਸੁਣਾ ਕੇ; ਕਾਨੂੰਨ ਰਾਹੀਂ ਨਿਆਂ ਦੇਣ ਦਾ ਕੰਮ ਪੂਰਾ ਕਰ ਲਿਆ ਸੀ। ਸ਼ਹਿਰ ਦੇ ਮੁਸਲਮਾਨ ਵੀ ਗਦ ਗਦ ਹੋ ਰਹੇ ਸਨ ਕਿ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਨਿੱਤਰ ਗਿਆ ਹੈ। ਕ੍ਰਿਸਟੀ ਦੀ ਸਿਆਣਪ ਦੀ ਦਾਦ ਦਿੱਤੀ ਜਾ ਰਹੀ ਸੀ। ਪਰ ਕਾਨੂੰਨ ਬਹੁਤੀ ਵਾਰ ਨਿਆਂ ਨਹੀਂ ਛੋਂਦਾ ਸਗੋਂ ਗੁਆਹੀਆਂ ਦੇ ਸਿਰ ਤੇ ਫ਼ੈਸਲਾ ਹੀ ਦੇਂਦਾ ਹੈ। ਉੱਥੇ ਤਾਂ ਉਂਜ ਵੀ ਬੇਸਿਰਪੈਰ ਘਾੜਤਾਂ ਘੜੀਆਂ ਗਈਆਂ ਸਨ। ਦੁਖੀ ਸਨ ਤਾਂ ਵਿਚਾਰੇ ਉਹ ਹਿੰਦੂ-ਸਿੱਖ ਪਰਵਾਰ ਜਿਨ੍ਹਾਂ ਦੇ ਬੇਕਸੂਰ ਜੀਆਂ ਨੂੰ ਸਜ਼ਾਵਾਂ ਮਿਲ ਰਹੀਆਂ ਸਨ। ਉਨ੍ਹਾਂ ਘਰਾਂ ਵਿੱਚ ਤਾਂ ਸਥੱਰ ਵਿਛੇ ਪਏ ਸਨ।

ਇਹਨਾਂ ਦਿਨਾਂ ਵਿੱਚ ਹੀ 15 ਜੁਲਾਈ 1871 ਈ. ਨੂੰ ਰਾਏਕੋਟ ਬੁਚੜਾਂ ਨੂੰ ਕਤਲ ਕਰਨ ਸੰਬੰਧੀ ਇੱਕ ਹੋਰ ਕੇਸ ਹੋਇਆ। ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਇਨ੍ਹਾਂ ਘਟਨਾਵਾਂ ਦੀਆਂ ਖ਼ਬਰਾਂ ਭੈਣੀ ਸਾਹਿਬ ਪਹੁੰਚ ਗਈਆਂ ਸਨ। ਰਾਏ ਕੋਟ ਦੇ ਮਾਮਲੇ ਸੰਬੰਧੀ ਤਾਂ ਆਪ ਨੂੰ ਗੁਆਹੀਆਂ ਦੇਣ ਲਈ ਬਸੀ ਜਾਣਾ ਪਿਆ।

ਇੱਕ ਦਿਨ ਆਪ ਭੈਣੀ ਸਾਹਿਬ ਕੁਝ ਸ਼ਰਧਾਵਾਨਾਂ ਵਿੱਚ ਬੈਠੇ ਸਨ। ਉਥੇ ਆਪ ਨੇ ਭਰੇ ਮਨ ਨਾਲ ਕਿਹਾ ਕਿ ਨਿਰਦੋਸ਼ ਫਾਂਸੀ ਚੜ੍ਹਨਗੇ ਅਤੇ ਕਸੂਰਵਾਰ ਕਾਰਾ ਕਰਕੇ ਹਰਨ ਹੋ ਗਏ ਹੋਣਗੇ। ਇਹ ਅਨਿਆਂ ਸੀ, ਜ਼ੁਲਮ ਸੀ ਤੇ ਪਾਪ ਵੀ ਸੀ। ਆਪ ਜੀ ਦੇ ਕੋਲ ਬਾਬਾ ਲਹਿਣਾ ਸਿੰਘ ਅਤੇ ਬੀਹਲਾ ਸਿੰਘ ਵੀ ਬੈਠੇ ਸਨ। ਸਤਿਗੁਰੂ ਜੀ ਨੇ ਉਨ੍ਹਾਂ ਨੂੰ ਅੰਮ੍ਰਿਤਸਰ ਦੀ ਘਟਨਾ ਬਾਰੇ ਪੁਛਿਆ। ਨਾਲ ਹੀ ਕਾਤਲਾਂ ਬਾਰੇ ਜੇ ਉਨ੍ਹਾਂ ਨੂੰ ਸੂਹ ਹੋਵੇ ਤਾਂ ਉਹ ਵੀ, ਦੇਣ ਲਈ ਕਿਹਾ, ਬਾਬਾ ਲਹਿਣਾ ਸਿੰਘ ਹੱਥ ਜੋੜ ਕੇ ਖੜਾ ਹੋ ਗਿਆ ਤੇ ਦੱਸਿਆ ਕਿ ਉਹ ਕਾਰਜ ਉਨ੍ਹਾਂ ਹੀ ਕੀਤਾ ਸੀ। ਉਸ ਨੇ ਇਹ ਵੀ ਦੱਸਿਆ ਕਿ ਉਸ ਨਾਲ ਨੌਂ ਹੋਰ ਕੂਕੇ ਵੀ ਸਨ ਸਭ ਨੂੰ ਅੰਗਰੇਜ਼ਾਂ ਦੁਆਰਾ ਕਰਵਾਈ ਜਾ ਰਹੀ ਗਊ ਹੱਤਿਆ ਅਤੇ ਹਰਿਮੰਦਰ ਸਾਹਿਬ ਦੀ ਹੋ ਰਹੀ ਬੇਅਦਬੀ ਦਾ ਦੁਖ ਸੀ। ਉਨ੍ਹਾਂ ਮਾਰੀਦਿਆਂ ਅੱਕ ਚੱਬਿਆ ਸੀ ਅਤੇ ਸਾਰੀ ਵਾਰਤਾ ਕਹਿ ਸੁਣਾਈ। ਬੀਹਲਾ ਸਿੰਘ ਨੇ ਬਾਬਾ ਜੀ ਦੀ ਗੱਲ ਦੀ ਪੁਸ਼ਟੀ ਕੀਤੀ।

ਸਤਿਗੁਰੂ ਨੇ ਉਨ੍ਹਾਂ ਦੇ ਮਨਾਂ ਵਿੱਚ ਗਊ ਦੀ ਰਾਖੀ ਤੇ ਹਰਿਮੰਦਰ ਸਾਹਿਬ ਦੀ ਪਵਿਤਰਤਾ ਕਾਇਮ ਰੱਖਣ ਦੀ ਭਾਵਨਾ ਦੀ ਕਦਰ ਕੀਤੀ ਅਤੇ ਨਾਲ ਹੀ ਕਿਹਾ ਕਿ ਜਿਨ੍ਹਾਂ ਮਾਸੂਮ, ਨਿਰਦੋਸ਼ ਵਿਅਕਤੀਆਂ ਨੂੰ ਕਾਨੂੰਨ, ਬਲੀ ਦਾ ਬਕਰਾ ਬਣਾ ਰਿਹਾ ਸੀ, ਉਹ ਵੀ ਰਾਮ ਗਊਆਂ ਹੀ ਸਨ। ਆਪ ਨੇ ਉਨ੍ਹਾਂ ਨੂੰ ਆਦੇਸ਼ ਤੇ ਉਪਦੇਸ਼ ਦਿੱਤਾ ਕਿ ਉਹ ਆਪ ਪੇਸ਼ ਹੋ ਕੇ ਆਪਣੇ ਜੁਰਮ ਦਾ

ਇਕਬਾਲ ਕਰਨ ਅਤੇ ਬੇਗੁਨਾਹਾਂ ਨੂੰ ਅੰਨ੍ਹੇ ਬੋਲੇ ਕਾਨੂੰਨ ਦੀ ਭੇਟ ਹੋਣ ਤੋਂ ਬਚਾਉਣ। ਦੋਹਾਂ ਨੇ 'ਸਤਿ ਬਚਨ' ਕਹਿ ਕੇ ਨਮਸਕਾਰ ਕੀਤੀ ਅਤੇ ਉਥੋਂ ਆ ਗਏ।

ਬਾਬਾ ਲਹਿਣਾ ਸਿੰਘ ਤੇ ਬੀਹਲਾ ਸਿੰਘ ਨੇ ਆਪਣੇ ਬਾਕੀ ਸਾਥੀਆਂ ਦੀ ਭਾਲ ਸ਼ੁਰੂ ਕੀਤੀ। ਆਪ ਨੂੰ ਪਤਾ ਲੱਗਾ ਕਿ ਮਿਹਰ ਸਿੰਘ ਲੋਪੋਕੀ ਵਾਲਾ ਕਾਬਲ ਚਲ ਗਿਆ ਸੀ। ਝੰਡਾ ਸਿੰਘ ਠੱਟਾ ਅਤੇ ਭਗਵਾਨ ਸਿੰਘ ਅੜਬੰਗੀ ਵੀ ਲਾ ਪਤਾ ਸਨ।

ਬਾਕੀ ਸੱਤੇ ਸਿੰਘ ਆਪਣੀ ਬੀਜੀ ਵੱਢਣ ਲਈ ਅੰਮ੍ਰਿਤਸਰ ਕਚਹਿਰੀ ਵਿੱਚ ਜਾ ਪਹੁੰਚੇ। ਆਪਣੇ ਜੁਰਮ ਦਾ ਇਕਬਾਲ ਕੀਤਾ। ਪਰ ਕਿਸੇ ਨੇ ਆਪ ਦੇ ਇਕਬਾਲ ਦਾ ਇਤਬਾਰ ਨਾ ਕੀਤਾ ਸਗੋਂ ਇਹ ਸਮਝਿਆ ਕਿ ਉਹ ਸਤਿਜੁਗੀ ਸੰਤ, ਦੂਜਿਆਂ ਨੂੰ ਛੁਡਾਉਣ ਲਈ ਉਨ੍ਹਾਂ ਦਾ ਕਸੂਰ ਆਪਣੇ ਸਿਰ ਲੈ ਰਹੇ ਸਨ। ਪਰ ਜਦ ਉਨ੍ਹਾਂ ਕਤਲ ਦਾ ਕਾਰਨ, ਲਹੂ ਲਿੱਬੜੇ ਕੱਪੜੇ, ਲਹੂ ਭਿੱਜੇ ਹਥਿਆਰ ਆਦਿ ਬਾਰੇ ਦੱਸਿਆ ਅਤੇ ਇਹ ਵੀ ਦੱਸਿਆ ਕਿ ਉਹ ਆਪਣੇ ਸਤਿਗੁਰ ਸੱਚੇ ਪਾਤਸ਼ਾਹ ਦਾ ਹੁਕਮ ਮੰਨ ਕੇ ਆਏ ਸਨ ਤਾਂ ਸੈਸ਼ਨ ਜੱਜ ਨੂੰ ਉਨ੍ਹਾਂ ਦੀ ਗੱਲ ਵੱਲ ਧਿਆਨ ਦੇਣਾ ਪਿਆ। ਜਦੋਂ ਉਨ੍ਹਾਂ ਦੇ ਦੱਸੇ ਟਿਕਾਣਿਆਂ ਤੋਂ ਕੱਪੜੇ ਅਤੇ ਹਥਿਆਰਾਂ ਕਢਵਾ ਲਏ ਗਏ ਤਾਂ ਉਸ ਨੂੰ ਚਾਨਣ ਹੋ ਗਿਆ। ਸੀ. ਆਈ. ਡੀ. ਇਨਸਪੈਕਟਰ ਛਿੱਥਾ ਪੈ ਗਿਆ। ਉਸ ਦੀ ਚਤੁਰਾਈ ਮਿੱਟੀ ਵਿੱਚ ਮਿਲ ਗਈ।

ਕੂਕੇ ਆਪੇ ਅਦਾਲਤ ਵਿੱਚ ਹਾਜ਼ਰ ਹੋ ਕੇ ਆਪਣਾ ਗੁਨਾਹ ਕਬੂਲ ਕਰ ਗਏ ਸਨ। ਇਹ ਬਰਤਾਨਵੀ ਅਫ਼ਸਰਾਂ ਲਈ ਹੇਠੀ ਵਾਲੀ ਗੱਲ ਸੀ। ਆਪਣੀ ਝੇਪ ਮਿਟਾਉਣ ਲਈ ਤੇ ਸ਼ਾਬਾਸ਼ ਲੈਣ ਲਈ ਡਿਪਟੀ ਇਨਸਪੈਕਟਰ ਪੁਲਿਸ ਕਰਨਲ ਬੇਲੀ ਨੇ ਗੁਲਾਬ ਸਿੰਘ ਨਾਂ ਦਾ ਇੱਕ ਸਰਕਾਰੀ ਗੁਆਹ ਲੁਧਿਆਣਓ ਲਿਆਂਦਾ। ਉਸ ਨੂੰ ਚਸ਼ਮਦੀਦੀ ਗੁਆਹ ਬਣਾਇਆ। 2 ਅਗਸਤ 1871 ਈ: ਤੋਂ 7 ਅਗਸਤ 1871 ਈ: ਤਕ ਦੇ ਦਿਨਾਂ ਵਿਚ ਪੂਰਾ ਕੇਸ ਤਿਆਰ ਕਰਕੇ ਮੈਜਿਸਟ੍ਰੇਟ ਦੀ ਅਦਾਲਤ ਵਿੱਚ ਪੇਸ਼ ਕੀਤਾ ਗਿਆ। ਲੋੜ ਅਨੁਸਾਰ ਗੁਆਹੀਆਂ ਭੁਗਤਾਈਆਂ ਗਈਆਂ। ਸਾਰੀ ਕਾਰਵਾਈ ਪੂਰੀ ਕਰਕੇ ਬੀਹਲਾ ਸਿੰਘ ਨਾਰਲੀ, ਫਤਿਹ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਤੇ ਬਾਬਾ ਲਹਿਣਾ ਸਿੰਘ ਦਾ ਦਫ਼ਾ 302 ਅਧੀਨ ਚਲਾਣ ਕੀਤਾ ਗਿਆ। ਲਹਿਣਾ ਸਿੰਘ ਸਪੁੱਤਰ ਬਲਾਕਾ ਸਿੰਘ, ਲਹਿਣਾ ਸਿੰਘ ਲੋਪੋਕੀ ਅਤੇ ਲਾਲ ਸਿੰਘ ਉਤੇ ਦਫ਼ਾ 109 ਅਤੇ 302 ਲਾਗੂ ਹਾਈ। ਮਿਹਰ ਸਿੰਘ, ਝੰਡਾ ਸਿੰਘ ਅਤੇ ਭਗਵਾਨ ਸਿੰਘ ਨੂੰ ਭਗੌੜੇ ਕਰਾਰ ਦਿੱਤਾ ਗਿਆ।

ਇਹ ਕੇਸ ਸੈਸ਼ਨ ਜਜ ਮੇਜ਼ਰ ਡਬਲਿਊ. ਜੀ. ਡੇਵਿਸ ਦੀ ਕਚਹਿਰੀ ਵਿੱਚ ਭੇਜਿਆ ਗਿਆ। ਉਸ ਨੇ ਰਣਜੋਧ ਸਿੰਘ, ਬਾਲ ਮੁਕੰਦ ਅਤੇ ਖਾਨ ਗੁਲਾਮ ਕਾਦਰ ਅਸੈਸਰਾਂ ਦੀ ਵੀ ਹਾਮੀ ਭਰਵਾਈ। 29 ਤੋਂ 31 ਅਗਸਤ 1871 ਈ: ਤਿੰਨ ਦਿਨ, ਤਕ ਇਸ ਮੁਕੱਦਮੇ ਦੀ ਸੁਣਵਾਈ ਕੀਤੀ ਜਾਂਦੀ ਰਹੀ। ਆਖ਼ਰੀ ਦਿਨ ਇਸ ਪਰਕਾਰ ਦਾ ਫ਼ੈਸਲਾ ਸੁਣਾਇਆ ਗਿਆ।

ਲਹਿਣਾ ਸਿੰਘ ਸਪੁਤਰ ਮੁਸਦਾ ਸਿੰਘ, ਫਤਹਿ ਸਿੰਘ ਭਾਟੜਾ, ਹਾਕਮ ਸਿੰਘ ਪਟਵਾਰੀ ਅਤੇ ਬੀਹਲਾ ਸਿੰਘ ਨੂੰ ਫਾਸੀ ਦੀ ਸਜ਼ਾ ਦਿੱਤੀ।

ਲਹਿਣਾ ਸਿੰਘ ਲੋਪੋਕੀ, ਲਹਿਣਾ ਸਿੰਘ ਸਪੁੱਤਰ ਬਲਾਕਾ ਸਿੰਘ ਅਤੇ ਲਾਲ ਸਿੰਘ ਨੂੰ ਕਾਲੇ ਪਾਣੀ ਦੀ ਸਜ਼ਾ ਸੁਣਾਈ ਗਈ। ਮਿਹਰ ਸਿੰਘ, ਝੰਡਾ ਸਿੰਘ ਅਤੇ ਭਗਵਾਨ ਸਿੰਘ ਭਗੌੜੇ ਕਰਾਰ ਦਿੱਤੇ ਗਏ।

ਕਾਨੂੰਨਨ ਮੌਤ ਦੀ ਸਜ਼ਾ ਕੇਵਲ ਸੈਸ਼ਨ ਜਜ ਦੇ ਫ਼ੈਸਲੇ ਅਨੁਸਾਰ ਹੀ ਨਹੀਂ ਸੀ ਦਿੱਤੀ ਜਾ ਸਕਦੀ ਸੋ ਮਿਸਲ ਦੀ ਤਸਦੀਕ ਲਈ 9 ਸਤੰਬਰ 1871 ਈ: ਨੂੰ ਮਿਸਲ. ਪੰਜਾਬ ਚੀਫ਼ ਕੋਰਟ ਦੇ ਜੱਜ ਜੇ. ਐਸ. ਕੈਂਪਬੈਲ ਕੋਲ ਭੇਜੀ ਗਈ। ਜਸਟਿਸ ਕੈਂਪਬੈਲ ਦੀ ਤਸਦੀਕ ਕੀਤੀ ਸਜਾ ਨੂੰ ਜਸਟਿਸ ਸੀ. ਆਰ. ਲਿੰਡਸੇ ਨੇ ਫਿਰ ਤਸਦੀਕ ਕੀਤਾ, 11 ਸਤੰਬਰ 1871 ਈ: ਨੂੰ। 15 ਸਤੰਬਰ 1871 ਈ: ਵਾਲੇ ਦਿਨ ਚਹੁੰਆਂ ਨੂੰ ਫਾਸੀ ਦੇਣ ਦਾ ਹੁਕਮ ਹੋਇਆ।

ਉਨ੍ਹਾਂ ਚਹੁੰਆਂ ਨੂੰ ਉਨ੍ਹਾਂ ਦੀ ਅੰਤਮ ਇੱਛਾ ਪੁੱਛੀ ਗਈ ਤਾਕਿ ਫਾਂਸੀ ਲਾਉਣ ਤੋਂ ਪਹਿਲਾਂ ਉਹ ਪੂਰੀ ਕੀਤੀ ਜਾ ਸਕੇ। ਉਨ੍ਹਾਂ ਅੰਤਮ ਇੱਛਾ ਦੇ ਰੂਪ ਵਿੱਚ ਦੋ ਮੰਗਾਂ ਰਖੀਆਂ:

ਪਹਿਲੀ ਇਹ ਕਿ ਫਾਸੀ ਦਾ ਰੱਸਾ ਰੇਸ਼ਮ ਦਾ ਹੋਵੇ, ਗਊ ਦੇ ਮਾਸ ਦੀ ਤੰਦੀ ਦਾ ਨਹੀਂ।

ਦੂਜੀ ਮੰਗ ਕਿ ਕੋਈ ਜੱਲਾਦ ਫਾਸੀ ਦਾ ਰੱਸਾ ਉਨ੍ਹਾਂ ਦੇ ਗਲਾਂ ਵਿੱਚ ਨਾ ਪਾਵੇ ਉਹ ਆਪੇ ਹੀ ਫ਼ਾਸੀ ਝੂਟ ਜਾਣਗੇ।

ਇਸ ਤੋਂ ਇਲਾਵਾ ਉਨ੍ਹਾਂ ਹਰਿਮੰਦਰ ਸਾਹਿਬ ਸਰੋਵਰ ਵਿੱਚ ਇਸਨਾਨ ਕਰਨ ਦੀ ਵੀ ਇੱਛਾ ਪ੍ਰਗਟ ਕੀਤੀ।

15 ਸਤੰਬਰ 1871 ਈ: ਨੂੰ ਅੰਮ੍ਰਿਤਸਰ ਸਰੋਵਰ ਵਿੱਚ ਇਸ਼ਨਾਨ ਕਰਕੇ ਸ਼ਰੇ ਆਮ, ਰਾਮ ਬਾਗ ਦੇ ਕੋਲ ਇੱਕ ਵੱਡੇ ਬੋਹੜ ਨਾਲ, ਉਹ ਚਾਰੇ ਸੱਚੇ ਸੁੱਚੇ ਵਿਅਕਤੀ ਫਾਸੀ ਝੂਟ ਗਏ। ਉਹ ਉੱਚੀ ਕੂਕਾਂ ਮਾਰਦੇ ਅਤੇ ਸ਼ਬਦ ਪੜ੍ਹਦੇ ਹੋਏ ਆਏ ਸਨ। ਕਿਸੇ ਦੇ ਚਿਹਰੇ ਉਤੇ ਮਲਾਲ ਜਾਂ ਪਛਤਾਵੇ ਦਾ ਕੋਈ ਚਿੰਨ੍ਹ ਨਹੀਂ ਸੀ।

ਹਾਕਮ ਸਿੰਘ ਪਟਵਾਰੀ ਭਾਵੇਂ ਆਪਣੀ ਵਿਧਵਾ ਮਾਂ ਦਾ ਇਕਲੌਤਾ ਪੁੱਤਰ ਸੀ। ਫਿਰ ਵੀ ਉਸ ਦੀ ਮਾਂ ਨੂੰ ਵੀ ਇਸ ਗੱਲ ਦਾ ਮਾਣ ਸੀ, ਉਹ ਪ੍ਰਸੰਨ ਸੀ

ਦਾ ਉਸ ਦਾ ਪੁੱਤਰ ਗੁਰਧਾਮਾਂ ਦੀ ਪਵਿਤਰਤਾ ਦੀ ਰਾਖੀ ਲਈ ਸ਼ਹੀਦ ਹੋ ਗਿਆ ਸੀ। ਉਸ ਨੇ ਆਪਣਾ ਕੋਠਾ ਉਧੇੜਿਆ ਛੱਤ ਦੀਆਂ ਲੱਕੜਾਂ ਬਾਲੇ ਇੱਕ ਗੱਡੇ ਉੱਤੇ ਲੱਦ ਕੇ ਪਿੰਡੋਂ ਅੰਮ੍ਰਿਤਸਰ ਪਹੁੰਚੀ। ਉਨ੍ਹਾਂ ਸ਼ਹੀਦਾਂ ਦੇ ਮਿਰਤਕ ਸਰੀਰਾਂ ਨੂੰ ਹਰਿਮੰਦਰ ਸਾਹਿਬ ਦੇ ਪਵਿਤੱਰ ਸਰੋਵਰ ਦੇ ਜਲ ਨਾਲ ਇਸ਼ਨਾਨ ਕਰਾਇਆ ਗਿਆ ਅਤੇ ਫਿਰ ਉਨ੍ਹਾਂ ਗੱਡੇ ਉੱਤੇ ਆਈਆਂ ਲਕੜਾਂ ਨਾਲ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ।

ਵੇਖਣ ਸੁਣਨ ਵਾਲੇ ਲੋਕਾਂ ਦਾ ਸੀਸ ਸ਼ਹੀਦ ਹੋਣ ਵਾਲੇ ਵਿਅਕਤੀਆਂ ਅਗੇ ਸ਼ਰਧਾ ਨਾਲ ਨਿਉਂ ਜਾਂਦਾ ਸੀ। ਵਾਅਦਾ ਮੁਆਫ਼ ਗੁਆਹਾਂ ਨੂੰ ਵੀ ਲੋਕ ਲਾਅਨਤਾਂ ਪਾ ਰਹੇ ਸਨ ਜਿਨ੍ਹਾਂ ਨੇ 12 ਬੇਦੋਸਿਆਂ ਨੂੰ ਅੰਨ੍ਹੇ ਬੋਲੇ ਕਾਨੂੰਨ ਦੇ ਹਵਾਲੇ ਕਰ ਦਿੱਤਾ ਸੀ। ਸਰਕਾਰ ਛਿੱਥੀ ਪੈ ਚੁੱਕੀ ਸੀ। ਉਸ ਦਾ ਕਿਹੜਾ ਕਿਸੇ ਨਾਲ ਆਂਦਰਾਂ ਦਾ ਸਾਕ ਸੀ ਸੋ ਆਪਣੀ ਝੇਪ ਮਿਟਾਉਣ ਲਈ ਅਤੇ ਕਾਨੂੰਨ ਨੂੰ ਨਿਆਂਕਾਰੀ ਸਾਬਤ ਕਰਨਲਈ ਉਹ ਹੁਣ ਚਸ਼ਮਦੀਦ ਗੁਆਹਾਂ ਮਗਰ ਪੈ ਗਈ। ਹੀਰਾ ਸਿੰਘ, ਆਹੀਆ ਅਤੇ ਸੇਠ ਜੈ ਰਾਮ ਨੂੰ ਝੂਠੀ ਗਵਾਹੀ ਦੇਣ ਦਾ ਅਤੇ ਫਿਰ ਮੁੱਕਰ ਜਾਣ ਦਾ ਕਸੂਰਵਾਰ ਠਹਿਰਾਇਆ ਗਿਆ। 12 ਬੇਦੋਸਿਆਂ ਨੂੰ 9 ਅਗਸਤ 1871 ਈ: ਨੂੰ ਹੀ ਬਰੀ ਕਰ ਦਿੱਤਾ ਗਿਆ ਸੀ। ਉਨ੍ਹਾਂ ਵਿਚੋਂ ਮੰਨਾ ਸਿੰਘ, ਰਾਮ ਕਿਸ਼ਨ ਅਤੇ ਮਈਏ ਨੇ ਹੀਰਾ ਸਿੰਘ ਅਤੇ ਅਹੀਏ ਉੱਤੇ ਇੱਜ਼ਤ ਹੱਤਕ ਦਾ ਦਾਅਵਾ ਕਰ ਦਿੱਤਾ। ਹੀਰਾ ਸਿੰਘ ਤਾਂ ਫਰਾਰ ਹੋ ਗਿਆ ਪਰ ਅਹੀਏ ਨੂੰ 17 ਅਕਤੂਬਰ 1872 ਈ: ਨੂੰ ਦੋ ਸਾਲ ਦੀ ਕੈਦ ਦੀ ਸਜ਼ਾ ਹੋਈ।

ਅੰਗਰੇਜ਼ ਹਾਕਮ ਕਿਸੇ ਦਾ ਵੀ ਮਿੱਤਰ ਨਾ ਬਣਿਆਂ।

11 ਅਗਸਤ ਸੰਨ 1873 ਈ: ਨੂੰ ਝੰਡਾ ਸਿੰਘ ਠੱਟਾ ਵੀ ਫੜ ਲਿਆ ਗਿਆ। ਇਕੋ ਦਿਨ ਵਿੱਚ ਹੀ ਮੁਕੱਦਮੇ ਦੀ ਸਾਰੀ ਕਾਰਵਾਈ ਪੂਰੀ ਕਰਕੇ 12 ਅਗਸਤ ਨੂੰ ਉਸ ਨੂੰ ਕਾਤਲ ਠਹਿਰਾਇਆ ਗਿਆ ਅਤੇ ਫਾਂਸੀ ਦੇ ਦਿੱਤੀ ਗਿਆ। ਕਾਲੇ ਪਾਣੀ ਗਏ ਸਿੰਘ ਉਥੇ ਹੀ ਦੇਸ ਕੌਮ ਹਿੱਤ ਜਿੰਦਾਂ ਕੁਰਬਾਨ ਕਰ ਗਏ।

### ਰਾਏ ਕੋਟ ਦਾ ਸਾਕਾ

ਰਾਏ ਕੋਟ ਰਾਇ ਮੁਹੰਮਦ ਦਾ ਵਸਾਇਆ ਨਗਰ ਹੈ। ਉਸ ਦਾ ਪੁੱਤਰ ਰਾਇ ਕੱਲ੍ਹਾ ਗੁਰੂ ਗੋਬਿੰਦ ਸਿੰਘ ਦਾ ਸ਼ਰਧਾਲੂ ’ਤੇ ਪ੍ਰੀਤਵਾਨ੍ ਸੀ। ਉਸ ਨੇ ਹੀ ਨੂਰੇ ਮਾਹੀ ਨੂੰ ਭੇਜ ਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੀ ਖ਼ਬਰ ਸਰਹੰਦੋਂ ਮੰਗਵਾਈ ਸੀ। ਉਸ ਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਨਿਸ਼ਾਨੀ ਵਜੋਂ ਇੱਕ ਗੰਗਾ ਸਾਗਰ, ਇੱਕ ਤਲਵਾਰ ਅਤੇ ਇੱਕ ਰੇਲ੍ਹ ਦਿੱਤੀ ਸੀ। ਗੰਗਾ ਸਾਗਰ ਕੀ ਕਮਾਲ ਦੀ ਘਾੜਤ ਸੀ। ਇਸ ਦੇ ਨਿੱਕੇ ਨਿੱਕੇ ਛੇਦਾਂ ਵਿਚੋਂ ਰੇਤ ਤਾਂ ਵਗ

ਸਕਦੀ ਸੀ ਪਰ ਪਾਣੀ ਨਹੀਂ ਸੀ ਵਗਦਾ। ਮਾਛੀ ਵਾੜੇ ਦਾ ਜੰਗਲ ਪਾਰ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਏਥੇ ਹੀ ਬਿਸਰਾਮ ਕੀਤਾ ਸੀ, ਇੱਕ ਛੱਪੜ ਕੰਢੇ। ਏਥੇ ਹੁਣ ਗੁਰਦੁਆਰਾ ਟਾਹਲੀਆਣਾ ਬਣਿਆਂ ਹੋਇਆ ਹੈ।

ਬਰਤਾਨਵੀ ਸਰਕਾਰ ਦੀ, ਗਊ ਹਤਿਆ ਦੀ ਦਿੱਤੀ ਖੁਲ੍ਹ ਵੱਡੇ ਸ਼ਹਿਰਾਂ ਤੋਂ ਨਿਕੇ ਕਸਬਿਆਂ ਵਲ ਵੱਧ ਰਹੀ ਸੀ। 1856 ਈ: ਵਿੱਚ ਲੁਧਿਆਨੇ ਜ਼ਿਲ੍ਹੇ ਦੇ ਅਫਸਰ ਰਿਕਟਸ ਨੇ ਰਾਏ ਕੋਟ ਵੀ ਬੁੱਚੜ ਖਾਨਾ ਖੋਲ੍ਹਣ ਦੀ ਮਨਜ਼ੂਰੀ ਦੇ ਦਿੱਤੀ ਸੀ। ਇਸ ਬੁੱਚੜਖਾਨੇ ਲਈ ਥਾਂ ਸ਼ਹਿਰ ਦੀ ਚਾਰ ਦਿਵਾਰੀ ਤੋਂ ਬਾਹਰ ਵਾਰ ਦਿੱਤੀ ਗਈ ਸੀ। ਬੁੱਚੜਖਾਨਾ ਛੱਪੜ ਕੰਢੇ, ਜਿਥੇ ਅੱਜ ਕਲ੍ਹ ਟਾਲ੍ਹੀਆਣਾ ਗੁਰਦੁਆਰਾ ਹੈ ਦੇ ਬਿਲਕੁਲ ਨੇੜੇ ਸੀ। ਨੇੜੇ ਹੀ ਇੱਕ ਸੁਥਰਿਆਂ ਦਾ ਡੇਰਾ ਸੀ।

ਰਾਂਝਾ ਤੇ ਬੂਟਾ ਬੁੱਚੜ ਉਹ ਕੰਮ ਕਰਦੇ ਜਿਸ ਨਾਲ ਸਿੱਖ ਦੁਖੀ ਹੁੰਦੇ। ਉਨ੍ਹਾਂ ਦੀ ਸ਼ਰਧਾ ਨੂੰ ਸੱਟ ਵੱਜਦੀ। ਉਹ ਗਊ ਦਾ ਮਾਸ ਨੰਗਾ ਲੈ ਕੇ ਡੇਰੇ ਅੱਗੋਂ ਲੰਘਦੇ। ਕਾਂ-ਕੁੱਤੇ ਵੀ ਮਾਸ ਦੀਆਂ ਬੋਟੀਆਂ, ਛਿਛੜੇ, ਹੱਡੀਆਂ ਆਦਿ ਧੂਹੀ ਫਿਰਦੇ। ਪੰਛੀ ਤਾਂ ਡੇਰੇ ਉਤੇ ਬੈਠਕੇ ਵੀ ਚੂੰਡਦੇ। ਡੇਰੇ ਦਾ ਸੇਵਾਦਾਰ ਤੇ ਗਰੰਥੀ ਬੜੇ ਦੁਖੀ ਹੁੰਦੇ ਪਰ ਆਪਣੇ ਅੰਦਰ ਹੀ ਗੁੱਸਾ ਪੀ ਲੈਂਦੇ। ਕਸਾਈ ਇਸ ਗਲ ਦੀ ਪਰਵਾਹ ਕੀਤੇ ਬਿਨਾ ਕਿ ਗੁਜਰਾਂ ਦੇ ਪਸੂ ਵੀ ਉਸ ਛਪੜ ਵਿੱਚ ਹੀ ਪਾਣੀ ਪੀਂਦੇ ਸਨ, ਹਲਾਲ ਕੀਤੀਆਂ ਗਈਆਂ ਗਊਆਂ ਦੀਆਂ ਹੜੀਆਂ ਛੱਪੜ ਵਿੱਚ ਹੀ ਸੁੱਟ ਦੇਂਦੇ। ਉਹ ਪਰਵਾਹ ਵੀ ਕਿਉਂ ਕਰਦੇ, ਸਰਕਾਰ ਉਨ੍ਹਾਂ ਦੀ ਪਿੱਠ ਉੱਤੇ ਸੀ। ਕੋਈ ਉਨ੍ਹਾਂ ਦਾ ਵਾਲ ਵੀ ਵਿੰਗਾ ਨਹੀਂ ਸੀ ਕਰ ਸਕਦਾ।

ਇੱਕ ਦਿਨ ਦੀ ਗਲ ਹੈ ਕਿ ਨਾਮਧਾਰੀ ਆਪਣੇ ਸਤਿਗੁਰ ਸੱਚੇ ਪਾਤਸ਼ਾਹ ਜੀ ਦੇ ਦਰਸ਼ਨ ਕਰਨ ਅਤੇ ਉਨ੍ਹਾਂ ਦੀਆਂ ਖੁਸ਼ੀਆਂ ਲੈਣ ਲਈ ਸ੍ਰੀ ਭੈਣੀ ਸਾਹਿਬ ਜਾ ਰਹੇ ਸਨ। ਰਾਤ ਪੈਣ ਕਰਕੇ ਉਹ ਸੁਥਰਿਆਂ ਦੇ ਡੇਰੇ ਰੁੱਕ ਗਏ। ਉਨ੍ਹਾਂ ਨੂੰ ਉਥੋਂ ਦਾ ਵਾਤਾਵਰਨ ਕਾਫ਼ੀ ਅਪਵਿੱਤਰ ਅਤੇ ਬਦਬੂਦਾਰ ਲਗਿਆ। ਗੁਰਮੁਖ ਸਿੰਘ ਤੇ ਮਸਤਾਨ ਸਿੰਘ ਨੇ ਸੇਵਾਦਾਰਾਂ ਨੂੰ ਇਸ ਦਾ ਗਿਲਾ ਕੀਤਾ। ਸੇਵਾਦਾਰਾਂ ਨੇ ਅੱਗੋਂ ਆਪਣਾ ਰੋਣਾ ਰੋਇਆ ਕਿ ਬੁਚੜਾਂ ਦੀ ਜ਼ਿਆਦਤੀ ਸਾਹਮਣੇ ਉਨ੍ਹਾਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ ਕਿਉਂਕਿ ਸਾਰਾ ਕੁਝ ਸਰਕਾਰ ਦੀ ਹਲਾਸ਼ੇਰੀ ਕਰਕੇ ਹੀ ਹੋ ਰਿਹਾ ਸੀ। ਸੇਵਾਦਾਰਾਂ ਦੇ ਦੁਖੜੇ ਸੁਣ ਕੇ ਕੂਕਿਆਂ ਨੂੰ ਗੁੱਸਾ ਤਾਂ ਬੜਾ ਆਇਆ ਪਰ ਸਾਰਾ ਗ਼ੁੱਸਾ ਪੀ ਕੇ ਚਲਦੇ ਬਣੇ। ਉਥੋਂ ਤਾਜਪੁਰ ਪਹੁੰਚੇ। ਕੁਝ ਕੂਕੇ ਸਿੰਘਾਂ ਨੇ ਬੈਠ ਕੇ ਇਸ ਸਮੱਸਿਆ ਨੂੰ ਗੰਭੀਰਤਾ ਨਾਲ ਵਿਚਾਰਿਆ ਅਤੇ ਪ੍ਰੋਗ੍ਰਾਮ ਬਣਿਆਂ ਕਿ ਗਊ ਘਾਤੀਆਂ ਦੀ ਅਖਲ ਮੁਕਾ ਦਿੱਤੀ ਜਾਏ।

15 ਜੁਲਾਈ 1871 ਈ: ਨੂੰ ਕੁਝ ਸਿੰਘ ਸਿਰਾਂ ਤੇ ਖੱਫਣ ਬੰਨ੍ਹ ਕੇ ਤੁਰ

ਪਏ। ਉਨ੍ਹਾਂ ਕੋਲ ਕਿਰਪਾਨਾਂ ਸਨ। ਆਪਣੇ ਕਾਰਜ ਦੀ ਸਿਧੀ ਲਈ ਤੁਰਨ ਤੋਂ ਪਹਿਲਾਂ ਉਨ੍ਹਾਂ ਹਵਨ ਕੀਤਾ। ਕੜਾਹ ਪਰਸ਼ਾਦ ਦੇ ਗੱਫੇ ਲਾਏ। ਸਤਿਗੁਰੂ ਗੋਬਿੰਦ ਸਿੰਘ ਜੀ ਦੀ ਬਾਣੀ ਉਗ੍ਰਦੰਤੀ ਦਾ ਪਾਠ ਕੀਤਾ, ਜਿਸ ਵਿੱਚ ਆਇਆ:

ਯਹੀ ਦੇਹ ਆ ਗਿਆ ਤੁਰਕਨ ਗਹਿ ਖਪਾਓਂ।
ਗਊ ਘਾਤ ਦਾ ਦੋਖ ਜਗ ਸਿਉਂ ਮਿਟਾਊਂ।

ਫਿਰ ਅਰਦਾਸ ਕੀਤੀ।

ਉਸ ਰਾਤ ਹੀ ਬਰਸਾਤ ਹੋਈ ਸੀ ਰੱਜ ਕੇ। ਜਿਸ ਕਰਕੇ ਬਹੁਤ ਚਿਕੜ ਤੇ ਖੋਭਾ ਹੋਇਆ ਹੋਇਆ ਸੀ। ਨੀਵੀਆਂ ਥਾਵਾਂ ਵਿੱਚ ਪਾਣੀ ਖੜਾ ਸੀ। ਕਿਣਮਿਣ ਹੋ ਰਹੀ ਸੀ। ਬਿਜਲੀ ਵੀ ਲਿਸ਼ਕ ਰਹੀ ਸੀ। ਬੱਦਲ ਗਰਜ ਰਹੇ ਸਨ। ਸਿੰਘ ਪਾਣੀ ਵਿਚੋਂ ਲੰਘ ਕੇ ਬੁੱਚੜਖਾਨੇ ਗਏ ਅੱਗੇ ਜਾ ਬੂਹਾ ਖੜਕਾਇਆ। ਉਨ੍ਹਾਂ ਦੇ ਪੁੱਛਣ ਉਤੇ ਕਿਹਾ "ਅਸੀਂ ਉਠਾਂ ਵਾਲੇ ਹਾਂ, ਹੁੱਕੇ ਤੇ ਅੰਗਿਆਰ ਧਰਨਾ ਹੈ।" ਬੁਚੜਾਂ ਦਰਵਾਜ਼ਾ ਖੋਹਲ ਦਿੱਤਾ ਤਾਂ ਸਿੰਘਾਂ ਨੇ ਜੈਕਾਰਾ ਗਜਾ ਕੇ ਹਮਲਾ ਕਰ ਦਿੱਤਾ। ਅੰਦਰ ਵੜ ਕੇ ਉਨ੍ਹਾਂ ਗਊਆਂ ਦੇ ਰੱਸੇ ਵੱਢ ਦਿੱਤੇ ਅਤੇ ਗਊਆਂ ਬਾਹਰ ਹਿੱਕ ਦਿੱਤੀਆਂ। ਘਰ ਦਾ ਮਾਲਕ ਰਾਂਝਾ ਅਤੇ ਦੋ ਹੋਰ ਤਾਂ ਜਿੰਦਾਂ ਭਿਆਣੇ ਭੱਜ ਗਏ। ਘਰ ਪਰਾਹੁਣੇ ਆਏ ਹੋਏ ਸਨ, ਹਨੇਰੇ ਵਿੱਚ ਉਨ੍ਹਾਂ ਵਿੱਚੋਂ ਇੱਕ ਮਰਦ ਦਸੌਂਧੀ ਅਤੇ ਇੱਕ ਤਰੀਮਤ ਬੱਸੀ ਮਾਰੇ ਗਏ। 7 ਜ਼ਖ਼ਮੀ ਹੋਏ। ਰਾਤ ਦੇ ਹਨੇਰੇ ਵਿੱਚ ਹੀ ਇਹ ਸਿੰਘ ਹਰਨ ਹੋ ਗਏ।

ਥਾਣਾ ਨੇੜੇ ਹੀ ਸੀ। ਉੱਥੇ ਉਸੇ ਰਾਤ ਹੀ ਖ਼ਬਰ ਪਹੁੰਚ ਗਈ। ਸਿਪਾਹੀ ਹੀ ਮੌਕੇ ਤੇ ਆਏ ਪਰ ਉਸ ਸਮੇਂ ਤਕ ਖ਼ਾਲਸਾ ਹਰਨ ਹੋ ਚੁੱਕਾ ਸੀ। ਹਨੇਰੀ-ਝੱਖੜ ਝੁੱਲਣ ਕਰਕੇ ਮਸ਼ਾਲਾਂ ਵੀ ਨਹੀਂ ਸਨ ਜਗ ਸਕਦੀਆਂ। ਚਿਕੜ ਕਾਰਨ ਪੈੜਾਂ ਵੀ ਨਹੀਂ ਸਨ ਲੱਭ ਸਕਦੀਆਂ। ਸੋ ਰਾਤੀਂ ਪਿੱਛਾ ਨਾ ਕੀਤਾ ਜਾ ਸਕਿਆ।

16 ਜੁਲਾਈ 1871 ਈ: ਨੂੰ ਇਹ ਖ਼ਬਰ ਜੰਗਲ ਦੀ ਅੱਗ ਵਾਂਗ ਫੈਲ ਗਈ। ਜ਼ਿਲ੍ਹੇ ਦਾ ਡਿਪਟੀ ਕਮਿਸ਼ਨਰ ਕਾਵਨ ਅਤੇ ਡਿਪਟੀ ਸੁਪਰਇੰਨਟੈਂਡੈਂਟ ਪੁਲਿਸ ਮੌਕੇ ਤੇ ਪਹੁੰਚੇ ਪਰ ਉਦੋਂ ਤਕ ਰਾਤ ਪੈ ਚੁੱਕੀ ਸੀ। ਉਨ੍ਹਾਂ ਹਾਲਾਤ਼ ਦਾ ਜਾਇਜ਼ਾ ਲਿਆ। ਬੁਚੜਾਂ ਨੂੰ ਹੌਸਲਾ ਦਿੱਤਾ। ਫਟੜਾਂ ਦੀ ਉਚੇਚੀ ਦੇਖ ਭਾਲ ਕਰਨ ਲਈ ਉਨ੍ਹਾਂ ਨੂੰ ਉਚੇਚਾ ਲੁਧਿਆਣੇ ਦੇ ਸਿਵਲ ਸਰਜਨ ਕੋਲ ਹਸਪਤਾਲ ਭੇਜ ਦਿੱਤਾ ਗਿਆ।

16 ਜੁਲਾਈ ਨੂੰ ਸਵੇਰੇ ਹੀ ਸਥਾਨਕ ਪੁਲਿਸ ਥਾਣੇ ਨੇ ਵੀ ਹੋਰ ਕਾਰਵਾਈ ਕੀਤੀ। ਉਨ੍ਹਾਂ ਖੋਜੀਆਂ ਨੂੰ ਨਾਲ ਲੈ ਕੇ ਪੈੜਾਂ ਦਾ ਪਿੱਛਾ ਕੀਤਾ ਗਿਆ। ਭੰਗਾ ਸਿੰਘ ਅਤੇ ਭੂਪਾ ਸਿੰਘ ਖੋਜੀਆਂ ਨੇ ਅਠ ਆਦਮੀਆਂ ਦੇ ਖੁਰੇ ਲੱਭ ਲਏ। ਇਹ ਪੈੜੇ ਤਿੰਨ ਮੀਲ ਤਕ ਰਿਆਸਤ ਨਾਭਾ ਦੀ ਹੱਦ ਵਿੱਚ ਗਏ। ਬਾਅਦ ਵਿੱਚ

ਦੋ ਆਦਮੀਆਂ ਦੇ ਖੁਰੇ ਇੱਕ ਪਾਸੇ ਵਲ ਗਏ ਅਤੇ ਛੇ ਆਦਮੀਆਂ ਦੇ ਖੁਰੇ ਪਿੰਡ ਛੀਨੀ ਵਾਲ ਰਿਆਸਤ ਪਟਿਆਲਾ ਗਏ।

ਡੀ. ਸੀ. ਨੇ ਰਾਇ ਕੋਟ ਤੋਂ ਪੁਲਿਸ ਸੁਪਰਇੰਨਟੈਂਡੈਂਟ ਨੂੰ ਸਾਰੇ ਹਾਲਾਤ ਬਾਰੇ ਲਿਖਿਆ। ਉਸ ਨੇ ਸਾਰੇ ਥਾਣਿਆਂ ਵਿੱਚ ਬੁੱਚੜਾਂ ਦੀ ਜਾਨ ਮਾਲ ਦੀ ਉਚੇਚੀ ਰਾਖੀ ਰੱਖਣ ਦੀਆਂ ਹਦਾਇਤਾਂ ਦੇ ਦਿੱਤੀਆਂ। ਡੀ. ਸੀ. ਕਾਵਨ ਨੇ ਇਹ ਵੀ ਐਲਾਨ ਕੀਤਾ ਕਿ ਮੁਜਰਮਾਂ ਦਾ ਪਤਾ ਦੇਣ ਵਾਲੇ ਨੂੰ ਇੱਕ ਹਜ਼ਾਰ ਰੁਪਏ ਇਨਾਮ ਦਿੱਤਾ ਜਾਏਗਾ।

ਪਟਿਆਲਾ ਰਿਆਸਤ ਦੇ ਮਹਾਰਾਜਾ ਮਹਿੰਦਰ ਸਿੰਘ ਨੂੰ ਵੀ ਖ਼ਬਰ ਪਹੁੰਚ ਗਈ ਕਿ ਖੁਰੇ ਉਸ ਦੇ ਇਲਾਕੇ ਵਿੱਚ ਅਪੜੇ ਸਨ। ਲੈਫ਼ਟੀਨੈਂਟ ਗਵਰਨਰ ਨੇ ਮਹਾਰਾਜਾ ਮਹਿੰਦਰ ਸਿੰਘ ਕੋਲੋਂ ਵੀ ਕਾਤਲ ਫੜਾਉਣ ਦੀ ਮਦਦ ਮੰਗੀ। ਉਸ ਨੇ ਵੀ ਦੋਸ਼ੀਆਂ ਦਾ ਪਤਾ ਦੇਣ ਵਾਲੇ ਜਾਂ ਦੋਸ਼ੀਆਂ ਨੂੰ ਫੜਾਉਣ ਵਾਲੇ ਲਈ 250 ਰੁਪਏ ਦੇ ਇਨਾਮ ਦਾ ਐਲਾਨ ਕੀਤਾ।

ਉਨ੍ਹਾਂ ਇਨਾਮਾਂ ਦੇ ਐਲਾਨ ਨੇ ਕੁਝ ਬੰਦਿਆਂ ਨੂੰ ਲੋੜ ਤੋਂ ਵਧ ਚੁਸਤ ਕਰ ਦਿੱਤਾ। ਉਨ੍ਹਾਂ ਸਮਝਿਆ ਨਾਲੇ ਪੁੰਨ, ਨਾਲੇ ਫਲੀਆਂ। ਉਹ ਸਰਕਾਰ ਦੀਆਂ ਨਜ਼ਰਾਂ ਵਿਚ ਵੀ ਆ ਜਾਣਗੇ ਅਤੇ ਆਰਥਿਕ ਲਾਭ ਵੀ ਪ੍ਰਾਪਤ ਕਰਨਗੇ। ਉਨ੍ਹਾਂ ਆਪਣੀ ਜਾਣਕਾਰੀ, ਲੋੜ, ਲਾਲਚ ਅਤੇ ਸਮਝ ਅਨੁਸਾਰ ਅਟਕਲ, ਪਚੂ ਲਾ ਕੇ ਕੁਝ ਬੰਦਿਆਂ ਦੇ ਨਾਂ ਦੇ ਦਿੱਤੇ।

ਗਦਾਈਆ ਨਾਂ ਦੇ ਬੰਦੇ ਨੇ ਬਿਆਨ ਦਿੱਤਾ ਕਿ ਉਸ ਨੇ 13 ਜੁਲਾਈ 1871 ਈ: ਨੂੰ ਹਲਵਾਰੇ ਪਿੰਡ ਪਾਸ ਦੋ ਸਿੱਖ ਗਲਾਂ ਕਰਦੇ ਸੁਣੇ ਸਨ ਜੋ ਉਸ ਦੇ ਖੂਹ ਉਤੇ ਪਾਣੀ ਪੀਣ ਲਈ ਰੁਕੇ ਸਨ। ਉਨ੍ਹਾਂ ਇੱਕ ਹਿੰਦੂ ਸ਼ਾਹੂਕਾਰ ਬਾਰੇ ਪੁਛਿਆ ਸੀ। ਉਸ ਹਿੰਦੂ ਨੇ ਆਪਣੇ ਭਰਾ ਨੂੰ ਕਿਹਾ ਸੀ ਕਿ ਉਹ ਛੇਤੀ ਜਾ ਕੇ ਉਹ ਕੰਮ ਕਰੇ। ਜਿਸ ਦਾ ਮਤਲਬ ਇਹ ਕੱਢਿਆ ਗਿਆ ਕਿ ਸਿੱਖਾਂ ਤੋਂ ਕਸਾਈ ਕਤਲ ਕਰਵਾਏ ਜਾਣ। ਪਰ ਬਾਅਦ ਵਿੱਚ ਛਾਣਬੀਣ ਕਰਨ ਤੋਂ ਪਤਾ ਲਗਾ ਕਿ ਹਿੰਦੂ ਸ਼ਾਹੂਕਾਰ ਦੇ ਗਦਾਈਏ ਨੇ ਪੈਸੇ ਦੇਣੇ ਸਨ। 14 ਜੁਲਾਈ 1871 ਈ: ਨੂੰ ਅਦਾਲਤ ਨੇ ਉਸ ਦੇ ਖ਼ਿਲਾਫ਼ ਡਿਗਰੀ ਕਰ ਦਿੱਤੀ ਸੀ। ਉਸ ਦਾ ਬਦਲਾ ਲੈਣ ਲਈ ਉਸ ਨੇ ਉਹ ਕਹਾਣੀ ਘੜੀ ਸੀ।

ਨੂਰਪੁਰ ਦੇ ਗਾਜ਼ੀ ਮੁਸਲਮਾਨ ਗੁੱਜਰ ਨੇ ਨਾਨਕ ਖਤਰੀ ਵੱਲ ਉਂਗਲ ਕੀਤੀ ਕਿ ਉਸ ਨੇ ਗਾਜ਼ੀ ਨੂੰ ਬੁੱਚੜ ਕਤਲ ਕਰਨ ਲਈ 250 ਰੁਪਏ ਦਾ ਲਾਲਚ ਦਿੱਤਾ ਸੀ। ਪਰ ਇਥੇ ਵੀ ਅਸਲੀਅਤ ਲੁਕ ਨਾ ਸਕੀ ਕਿ ਨਾਨਕ ਨੇ ਗਾਜ਼ੀ ਦੇ ਖ਼ਿਲਾਫ ਅਦਾਲਤ ਤੋਂ ਡਿਗਰੀ ਕਰਵਾਈ ਸੀ। ਏਸੇ ਤਰ੍ਹਾਂ ਕਈ ਹੋਰਾਂ ਨੇ ਵੀ ਇਨਾਮ ਦੇ ਲਾਲਚ ਕਰਕੇ, ਨਿਜੀ ਦੁਸ਼ਮਨੀਆਂ ਕਰਕੇ ਜਾਂ ਸਰਕਾਰ ਦੀਆਂ

ਨਜ਼ਰਾਂ ਵਿੱਚ ਚੰਗੇ ਬਣਨ ਲਈ ਕਿਸੇ ਨਾ ਕਿਸੇ ਦਾ ਨਾਂ ਲੈ ਦਿੱਤਾ।

20 ਜੁਲਾਈ 1871 ਈ: ਤਕ ਕਿਸੇ ਦੇ ਹੱਥ ਪੱਲੇ ਕੁਝ ਨਾ ਪਿਆ। ਸਰਕਾਰੀ ਅਫਸਰਾਂ ਦੀ ਘਬਰਾਹਟ ਵੱਧ ਰਹੀ ਸੀ ਕਿਉਂਕਿ ਉਸ ਸਮੇਂ ਤਕ ਅੰਮ੍ਰਿਤਸਰ ਦਾ ਕੇਸ ਵੀ ਲਟਕਿਆ ਪਿਆ ਸੀ। ਡਿਪਟੀ ਇਨਸਪੈਕਟਰ ਜਨਰਲ ਪੁਲਿਸ ਕਰਨਲ ਬੇਲੀ ਵੀ ਰਾਇ ਕੋਟ ਪਹੁੰਚ ਗਿਆ। ਲਹਿਣਾ ਸਿੰਘ ਨਿਹੰਗ ਅਨੰਦਪੁਰ ਸਾਹਿਬ ਤੋਂ ਆਇਆ ਸੀ। ਉਹ 1867 ਈ: ਦੇ ਹੋਲੇ ਦੇ ਸਮੇਂ ਤੋਂ ਸਤਿਗੁਰੂ ਜੀ ਅਤੇ ਨਾਮਧਾਰੀਆਂ ਨਾਲ ਰੜਕ ਰਖਦਾ ਸੀ। ਉਸ ਨੇ ਕੂਕਿਆਂ ਸਿਰ ਕਾਤਲ ਹੋਣ ਦਾ ਦੋਸ਼ ਮੜ੍ਹਿਆ। ਪਰ ਡੇਰੇ ਦੇ ਗ੍ਰੰਥੀ ਦਲ ਸਿੰਘ ਨੇ ਆਪਣੇ ਬਿਆਨ ਰਾਹੀਂ ਨਿਹੰਗ ਦੇ ਬਿਆਨ ਨੂੰ ਕੱਟ ਦਿੱਤਾ।

ਹਰਨਾਮ ਸਿੰਘ ਆਪਣੇ ਆਪ ਨੂੰ ਕੂਕਾ ਕਹਿੰਦਾ ਸੀ। ਉਸ ਨੇ ਵੀ ਬਿਆਨ ਦਿੱਤਾ ਕਿ ਉਹ ਕਤਲ ਗੁਰੂ ਰਾਮ ਸਿੰਘ ਨੇ ਕਰਵਾਏ ਸਨ। ਉਸ ਨੇ ਦੱਸਿਆ ਕਿ ਦਿਵਾਨ ਵਿਚ, ਸਤਿਗੁਰਾਂ ਨੂੰ ਇਹ ਕਹਿੰਦਿਆਂ, ਉਸ ਨੇ ਆਪਣੇ ਕੰਨਾਂ ਨਾਲ ਸੁਣਿਆ ਸੀ ਕਿ ਇੱਕ ਬੁੱਚੜ ਨੂੰ ਮਾਰਨਾ ਇਕ ਸੌ ਗਾਂ ਦਾਨ ਕਰਨ ਬਰਾਬਰ ਸੀ। ਸੋ ਸਿੰਘ ਪੁੰਨ ਖੱਟਣ। ਪਰ ਉਸ ਨੇ ਇਹ ਬਿਆਨ ਅੰਬਾਲੇ ਦੀ ਕਚਹਿਰੀ ਵਿੱਚ ਉਦੋਂ ਦਿੱਤਾ ਸੀ ਜਦੋਂ ਉੱਸ ਉਤੇ ਇਕ ਚੌਕੀਦਾਰ ਦਾ ਖ਼ੂਨ ਕਰਨ ਦਾ ਮੁਕੱਦਮਾ ਚਲਾਇਆ ਜਾ ਰਿਹਾ ਸੀ।

ਏਸੇ ਤਰ੍ਹਾਂ ਦਾ ਬਿਆਨ ਸੁੰਦਰ ਸਿੰਘ ਨੇ ਵੀ ਅੰਬਾਲੇ ਦੀ ਕਚਹਿਰੀ ਵਿੱਚ ਦਿੱਤਾ।

ਡਿਸਟ੍ਰਿਕਟ ਸੁਪਰਇੰਨਟੈਂਡੈਂਟ ਪੁਲਿਸ, ਕੈਪਟਨ ਹਾਰਸ ਫੋਰਡ, ਨੇ ਅੰਬਾਲਿਓਂ ਕਾਵਨ ਨੂੰ ਸਾਫ਼ ਲਿਖ ਦਿੱਤਾ ਕਿ ਸੁੰਦਰ ਸਿੰਘ ਅਤੇ ਹਰਨਾਮ ਸਿੰਘ ਦੇ ਬਿਆਨ ਝੂਠੇ, ਬੇ-ਬੁਨਿਆਦ ਅਤੇ ਬੇ-ਸਿਰਪੈਰ ਸਨ। ਡੀ. ਸੀ. ਕਾਵਨ ਨੇ ਏਸੇ ਆਧਾਰ ਉੱਤੇ ਅੰਬਾਲੇ ਦੇ ਕਮਿਸ਼ਨਰ ਨੂੰ ਲਿਖ ਦਿੱਤਾ ਸੀ ਕਿ ਗੁਰੂ ਰਾਮ ਸਿੰਘ ਨੇ ਕੂਕਿਆਂ ਨੂੰ ਕੋਈ ਵੀ ਕਤਲ ਕਰਨ ਦੀ ਇਜਾਜ਼ਤ ਨਹੀਂ ਸੀ ਦਿੱਤੀ। ਉਹ ਬੇਕਸੂਰ ਸੀ।

ਛੀਨੀ ਵਾਲ ਦਾ ਦਲ ਸਿੰਘ ਉਨ੍ਹਾਂ ਕਤਲਾਂ ਵਿੱਚ ਬਰਾਬਰ ਦਾ ਹਿੱਸੇਦਾਰ ਸੀ। ਪਰ ਉਸ ਨੂੰ ਡਰ ਵੀ ਲੱਗ ਗਿਆ ਅਤੇ ਲਾਲਚ ਨੇ ਵੀ ਘੇਰ ਲਿਆ। ਸੋ ਉਸ ਨੇ ਇਕ ਹਜ਼ਾਰ ਦਾ ਇਨਾਮ ਪ੍ਰਾਪਤ ਕਰਨ ਲਈ ਅਤੇ ਸਰਕਾਰੀ ਗਵਾਹ ਬਣ ਕੇ ਆਪਣੀ ਜਾਨ ਬਚਾਉਣ ਲਈ ਦੂਜਿਆਂ ਨੂੰ ਬਲਦੀ ਦੇ ਬੁੱਥੇ ਵਿੱਚ ਦੇ ਦਿੱਤਾ। ਉਸ ਨੇ ਪੁਲਿਸ ਅਫਸਰਾਂ ਨੂੰ ਕਿਹਾ ਕਿ ਰਾਇ ਕੋਟ ਦੀਆਂ ਹਤਿਆਵਾਂ ਦੇ ਅਸਲ ਕਸੂਰਵਾਰ ਗੁਲਾਬ ਸਿੰਘ, ਮੰਗਲ ਸਿੰਸਘ, ਗੁਰਮੁਖ ਸਿੰਘ ਅਤੇ ਮਸਤਾਨ ਸਿੰਘ ਸਨ। ਉਸ ਨੇ ਇਹ ਵੀ ਕਿਹਾ ਕਿ ਉਨ੍ਹਾਂ ਨੇ ਗਿਆਨੀ ਹਤਨ ਸਿੰਘ ਅਤੇ ਰਤਨ ਸਿੰਘ ਦੇ ਹਲਾ-ਸ਼ੇਰੀ ਦੇਣ ਨਾਲ ਅਤੇ ਉਨ੍ਹਾਂ ਦੀ ਸਲਾਹ

ਮੰਨ ਕੇ ਹੀ ਕਤਲ ਕੀਤੇ ਸਨ।

ਪੁਲਿਸ ਨੇ ਦਲ ਸਿੰਘ ਨੂੰ ਆਪਣੇ ਨਾਲ ਲੈ ਲਿਆ ਅਤੇ ਜੇਠੂ ਪੁਰੇ ਆ ਠਹਿਰੇ। ਮੰਗਲ਼ ਸਿੰਘ, ਗੁਰਮੁਖ ਸਿੰਘ ਅਤੇ ਮਸਤਾਨ ਸਿੰਘ ਪਿੱਥੋ ਸਨ। ਉਨ੍ਹਾਂ ਨੂੰ ਤੇਜਾ ਸਿੰਘ ਢਿਲਵਾਂ ਵਾਲਿਆਂ ਨੇ ਖ਼ਬਰ ਦਿੱਤੀ ਕਿ ਉਨ੍ਹਾਂ ਨੂੰ ਫੜਨ ਲਈ ਰਸਾਲਾ ਜੇਠੂ ਪੁਰੇ ਉਤਰਿਆ ਹੋਇਆ ਸੀ। ਉਹ ਫਰਾਰ ਹੋ ਕੇ ਆਪਣੀਆਂ ਜਿੰਦਾਂ ਬਚਾ ਲੈਣ। ਉਨ੍ਹਾਂ ਇਹ ਸੋਚਕੇ ਕਿ ਜੇ ਉਹ ਭੱਜ ਗਏ ਤਾਂ ਪੁਲਿਸ ਹੋਰ ਬੇਦੋਸਿਆਂ ਦੇ ਨੱਕ ਵਿੱਚ ਦਮ ਕਰ ਦੇਵੇਗੀ, ਫਰਾਰ ਹੋਣਾ ਠੀਕ ਨਾ ਸਮਝਿਆ। ਸਗੋਂ ਹਰ ਮੁਸੀਬੱਤ ਦਾ ਹਸ ਹਸ ਕੇ ਮੁਕਾਬਲਾ ਕਰਨ ਦਾ ਮਨ ਬਣਾ ਲਿਆ।

21 ਜੁਲਾਈ 1871 ਈ: ਨੂੰ ਰਸਾਲਾ ਪਿੱਥੋ ਪਹੁੰਚ ਗਿਆ ਅਤੇ ਪਿੰਡ ਵਾਲਿਆਂ ਨੂੰ ਕਿਹਾ ਕਿ ਦੋਸ਼ੀ ਕੂਕਿਆਂ ਨੂੰ ਪੇਸ਼ ਕੀਤਾ ਜਾਵੇ। ਦਲ ਸਿੰਘ ਦੀ ਘਰ ਵਾਲੀ ਰਾਮ ਕੌਰ ਨੇ ਗਵਾਹੀ ਦਿੱਤੀ ਕਿ ਮੰਗਲ ਸਿੰਘ, ਗੁਰਮੁਖ ਸਿੰਘ ਅਤੇ ਮਸਤਾਨ ਸਿੰਘ ਹੀ ਕਾਤਲ ਸਨ। ਕਾਰਾ ਕਰਨ ਤੋਂ ਪਹਿਲਾਂ ਉਹ ਉਸ ਦੇ ਘਰ ਠਹਿਰੇ ਸਨ। ਪੁਲਿਸ ਨੇ ਉਨ੍ਹਾਂ ਤਿੰਨਾਂ ਨੂੰ ਤਾਂ ਫੜਨਾ ਹੀ ਸੀ। ਨਾਲ ਹੀ ਇਕ 10-12 ਵਰ੍ਹਿਆਂ ਦਾ ਬਾਲ ਅਤਰ ਸਿੰਘ ਵੀ ਫੜ ਲਿਆ। ਭਾਵੇਂ ਉਸ ਨੂੰ ਬਾਅਦ ਵਿੱਚ ਛੱਡ ਦਿੱਤਾ ਗਿਆ। ਇਨ੍ਹਾਂ ਤੋਂ ਬਿਨਾਂ ਤਿੰਨ ਹੋਰ ਕੂਕੇ ਵੀ ਪਹਿਲਾਂ ਫੜ ਲਏ ਗਏ ਅਤੇ ਫਿਰ ਛੱਡ ਦਿੱਤੇ।

ਗੁਲਾਬ ਸਿੰਘ ਚੂਹੜ ਚੱਕ ਵਾਲੇ ਨੂੰ ਵੀ ਉਸ ਦੇ ਪਿੰਡੋਂ ਫੜ ਲਿਆ ਗਿਆ। ਸੂਬਾ ਗਿਆਨੀ ਰਤਨ ਸਿੰਘ ਨੂੰ ਖੰਨੇ ਤੋਂ ਫੜਿਆ ਗਿਆ। ਰਤਨ ਸਿੰਘ ਨਾਈਵਾਲਾ ਅਤੇ ਕਾਹਨਾ ਵੀ ਫੜੇ ਗਏ। ਫੜਾਇਆ ਸਭ ਨੂੰ ਦਲ ਸਿੰਘ, ਜਿਸ ਨੂੰ ਲੋਕ ਦਲੂ ਕਹਿੰਦੇ ਸਨ, ਨੇ ਹੀ ਸੀ। ਸਭ ਨੂੰ ਬੇੜੀਆਂ ਪਾ ਦਿੱਤੀਆਂ ਗਈਆਂ ਅਤੇ ਉਨ੍ਹਾਂ ਉੱਤੇ ਰਾਇ ਕੋਟ ਵਿੱਚ ਖ਼ੂਨ ਕਰਨ ਦਾ ਮੁਕੱਦਮਾ ਚਲਾਇਆ ਗਿਆ।

ਬੱਸੀਆਂ ਵਿੱਚ ਅਦਾਲਤ ਲਾਈ ਗਈ। ਦਲ ਸਿੰਘ, ਉਸ ਦੀ ਪਤਨੀ ਰਾਮ ਕੌਰ ਅਤੇ ਕਾਹਨਾ ਗੁਆਹ ਸਨ। ਗੁਆਹੀਆਂ ਨੂੰ ਦੇਖਦੇ ਹੋਏ 24 ਜੁਲਾਈ 1871 ਈ: ਨੂੰ ਸਤਿਗੁਰੂ ਰਾਮ ਸਿੰਘ ਜੀ ਨੂੰ ਵੀ ਪੇਸ਼ ਹੋਣ ਲਈ ਊਠਣੀ-ਸਵਾਰ ਹੱਥ ਸੁਨੇਹਾ ਭੇਜਿਆ ਗਿਆ। ਆਪ 36 ਪਤਵੰਤੇ ਕੂਕਿਆਂ ਜਾਂ ਸੂਬਿਆਂ ਸਹਿਤ ਅਦਾਲਤ ਵਿੱਚ ਹਾਜ਼ਰ ਹੋਏ। ਸੈਸ਼ਨ ਜੱਜ ਮੈਕਨਬ ਨੇ ਦੋਸ਼ ਲਾਇਆ ਕਿ ਉਨ੍ਹਾਂ ਨੇ ਕਾਤਲਾਂ ਨੂੰ ਭੜਕਾਇਆ, ਉਕਸਾਇਆ ਅਤੇ ਸ਼ਹਿ ਦਿੱਤੀ ਸੀ। ਇਸ ਤੋਂ ਬਿਨਾਂ ਨਾਵਾਂ ਵੀ ਦਿੱਤਾ ਸੀ।

ਸਤਿਗੁਰੂ ਜੀ ਨੇ ਆਪਣੇ ਬਿਆਨ ਰਾਹੀਂ ਸਪਸ਼ਟ ਕੀਤਾ ਕਿ ਉਨ੍ਹਾਂ ਨੂੰ ਕਿਸੇ ਕਾਤਲ ਦਾ ਪਤਾ ਨਹੀਂ ਸੀ। ਨਾ ਹੀ ਕਿਸੇ ਕਾਤਲ ਨੇ ਉਨ੍ਹਾਂ ਨੂੰ ਪੁਛਿਆ ਸੀ। ਨਾ ਹੀ ਉਨ੍ਹਾਂ ਕਿਸੇ ਨੂੰ ਭੇਜਿਆ ਸੀ। ਉਹ ਕਾਰੇ ਉਹ ਆਪਣੀ ਮਰਜ਼ੀ ਨਾਲ

ਕਰਦੇ ਸਨ। ਜੇ ਉਨ੍ਹਾਂ, ਉਸ ਤਰ੍ਹਾਂ ਦੇ ਕੰਮ ਕਰਵਾਉਣੇ ਹੁੰਦੇ ਤਾਂ ਆਪ ਉਨ੍ਹਾਂ ਤੋਂ ਵੀ ਲੰਮੇ, ਬਲਵਾਨ ਜੁਆਨਾਂ ਨੂੰ ਬੁੱਚੜ-ਬੱਧ ਦਾ ਕੰਮ ਸੌਂਪਦੇ ਪਰ ਉਹ ਤਾਂ ਹਿੰਸਾ ਵਿੱਚ ਵਿਸ਼ਵਾਸ ਹੀ ਨਹੀਂ ਸਨ ਰੱਖਦੇ। ਖਰਚ ਦੇਣ ਦੇ ਮਾਮਲੇ ਵਿੱਚ ਸਤਿਗੁਰੂ ਜੀ ਦਾ ਕਹਿਣਾ ਸੀ ਕਿ ਉਹ ਜਿਸ ਕਿਸੇ ਨੂੰ ਵੀ ਕੋਈ ਪੈਸੇ ਦੇਂਦੇ ਸਨ ਵਹੀਆਂ ਵਿੱਚ ਲਿਖ ਦਿੰਦੇ ਸਨ। ਅਦਾਲਤ ਦੇ ਕਹਿਣ ਉੱਤੇ ਸੂਬਾ ਗੁਲਾਬ ਸਿੰਘ ਨੇ ਵਹੀਆਂ ਦਿਖਾਈਆਂ। ਉਨ੍ਹਾਂ ਵਿੱਚ ਰਾਇ ਕੋਟ ਕਤਲ ਕੇਸ ਦੇ ਦੋਸ਼ੀਆਂ ਵਿਚੋਂ ਕਿਸੇ ਦੇ ਨਾਂ ਕੋਈ ਪੈਸਾ ਨਹੀਂ ਸੀ।

27 ਜੁਲਾਈ 1871 ਈਃ ਨੂੰ ਸੈਸ਼ਨ ਜੱਜ ਜੇ. ਡਬਲਿਊ. ਮੈਕਨਬ ਨੇ ਗੁਆਹੀਆਂ ਨੂੰ ਧਿਆਨ ਵਿੱਚ ਰਖ ਕੇ ਰਾਇ ਕੋਟ ਦੇ ਕਾਤਲ ਸਾਬਤ ਕਰਦੇ ਹੋਏ ਗੁਰਮੁਖ ਸਿੰਘ, ਮੰਗਲ ਸਿੰਘ, ਮਸਤਾਨ ਸਿੰਘ ਅਤੇ ਗੁਲਾਬ ਸਿੰਘ ਨੂੰ ਮੌਤ ਦੀ ਸਜਾ ਸੁਣਾ ਦਿੱਤੀ।

1 ਅਗਸਤ 1871 ਈਃ ਨੂੰ ਚੀਫ ਕੋਰਟ ਪੰਜਾਬ ਦੇ ਜੱਜ ਸੀ. ਬੋਲੀਨੋਸ ਨੇ ਵੀ ਚਹੁੰ ਦੋਸ਼ੀਆਂ ਦੀ ਸਜ਼ਾ ਬਹਾਲ ਰਖੀ, ਦੂਸਰੇ ਜੱਜ ਕੈਂਪਬੈਲ ਨੇ ਵੀ ਆਪਣੀ ਸਹਿਮਤੀ ਪ੍ਰਗਟਕੀਤੀ।

ਇਸ ਤਰ੍ਹਾਂ ਬਰਤਾਨਵੀ ਅਦਾਲਤ ਨੇ ਥੋੜੇ ਦਿਨਾਂ ਵਿੱਚ ਹੀ ਪੂਰੀ ਛਾਣਬੀਣ ਕਰ ਕੇ ਸਰਕਾਰੀ ਮਿਸਲਾਂ ਅਤੇ ਗਵਾਹਾਂ ਦੇ ਬਿਆਨਾਂ ਨਾਲ ਆਪਣੀ ਤਸੱਲੀ ਕਰ ਕੇ, ਪੂਰਾ ਇਨਸਾਫ਼ ਕਰਦਿਆਂ ਹੋਇਆਂ ਹੀ ਮੌਤ ਦੀ ਸਜ਼ਾ ਸੁਣਾਈ ਸੀ। ਸਜ਼ਾ ਸੁਣਾਉਣ ਬਾਅਦ ਸਰਕਾਰ ਨੂੰ ਸਮਝ ਆਈ ਕਿ ਉਸਨੂੰ ਗੁਲਾਬ ਸਿੰਘ ਦੀ ਅਜੇ ਲੋੜ ਸੀ। ਸੋ ਉਸ ਨੂੰ ਮੌਕੇ ਦਾ ਗੁਆਹ ਬਣਾ ਕੇ ਛੱਡ ਦਿੱਤਾ ਗਿਆ। ਅਸਲ ਵਿੱਚ ਕਾਨੂੰਨ ਵੀ ਹੁਣ ਅੰਨ੍ਹਾਂ ਬੋਲਾ ਨਹੀਂ ਸੀ ਰਿਹਾ, ਉਸ ਨੂੰ ਵੀ ਦੋਸਤ ਦੁਸ਼ਮਨ ਦੀ ਪਛਾਣ ਸੀ। ਸੋ ਅਸਲ ਲੋੜ ਤਾਂ ਕੂਕਿਆਂ ਨੂੰ ਸਜ਼ਾਵਾਂ ਦੇਣ ਦੀ ਹੀ ਸੀ। ਅਦਾਲਤੀ ਕਾਰਵਾਈ ਇੱਕ ਡਰਾਵਾ ਹੀ ਸੀ। ਸਰਕਾਰ ਦੇ ਗੁਲਾਬ ਸਿੰਘ ਨੂੰ ਸਰਕਾਰੀ ਗੁਆਹ ਬਣਾ ਦੇਣ ਨਾਲ ਭਾਵੇਂ ਕਾਨੂੰਨ ਅਤੇ ਨਿਆਂ ਦੀਆਂ ਧੱਜੀਆਂ ਉੱਡ ਗਈਆਂ ਫਿਰ ਵੀ ਅੰਗਰੇਜ਼ਾਂ ਨੇ ਪ੍ਰਵਾਹ ਨਹੀਂ ਕੀਤੀ। ਕਿਉਂਕਿ ਗੁਲਾਬ ਸਿੰਘ ਦੀ ਉਨ੍ਹਾਂ ਨੂੰ ਅੰਮ੍ਰਿਤਸਰ ਦੇ ਕੇਸ ਵਿੱਚ ਵੀ ਲੋੜ ਸੀ। ਕਰਨਲ ਬੇਲੀ ਨੇ ਅੰਮ੍ਰਿਤਸਰ ਵੀ ਡਾਕ ਰਾਹੀਂ ਸੂਚਨਾ ਭੇਜ ਦਿੱਤੀ ਸੀ ਕਿ ਗੁਲਾਬ ਸਿੰਘ ਕੂਕਿਆਂ ਦੇ ਖ਼ਿਲਾਫ ਗੁਆਹੀ ਦੇਵੇਗਾ।

28 ਜੁਲਾਈ 1871 ਈ. ਤੋਂ ਹੀ ਗੁਰਮੁਖ ਸਿੰਘ, ਮੰਗਲ ਸਿੰਘ ਅਤੇ ਮਸਤਾਨ ਸਿੰਘ ਤੋਂ ਇਲਾਵਾ ਸੂਬਾ ਗਿਆਨੀ ਰਤਨ ਸਿੰਘ ਅਤੇ ਰਤਨ ਸਿੰਘ ਨੂੰ ਲੁਧਿਆਣੇ ਦੀ ਜੇਲ੍ਹ ਅੰਦਰ ਡੱਕ ਦਿੱਤਾ ਸੀ। ਚੀਫ ਕੋਰਟ ਪੰਜਾਬ ਤੋਂ ਫਾਂਸੀ ਦੀ ਸਜ਼ਾ ਦੀ ਪੁਸ਼ਟੀ ਹੋਣ ਪਿਛੋਂ ਗੁਰਮੁਖ ਸਿੰਘ, ਮਸਤਾਨ ਸਿੰਘ ਅਤੇ ਮੰਗਲ

ਸਿੰਘ ਨੂੰ ਰਾਇਕੋਟ ਪੁਲਿਸ ਪਹਿਰੇ ਹੇਠ ਲਿਆਂਦਾ ਗਿਆ। ਡੀ. ਸੀ. ਕਾਵਨ ਵੀ ਆਇਆ। ਇਹਨਾਂ ਸਿੰਘਾਂ ਨੂੰ ਫਾਂਸੀ ਗੱਡੀ ਗਈ। 5 ਅਗਸਤ 1871 ਈ: ਨੂੰ ਤਿੰਨਾਂ, ਗਊ ਦਾ ਦਰਦ ਰਖਣ ਵਾਲਿਆਂ ਨੂੰ ਰੇਸ਼ਮ ਦੇ ਰਸਿਆਂ ਨਾਲ ਫਾਂਸੀ ਦੇ ਦਿੱਤੀ ਗਈ। ਉਨ੍ਹਾਂ ਦੀ ਸ਼ਹੀਦੀ 200 ਦੇ ਲਗਭਗ ਲੋਕ ਵੇਖ ਰਹੇ ਸਨ ਪਰ ਕਿਸੇ ਨੇ ਉਨ੍ਹਾਂ ਦੇ ਚਿਹਰੇ ਤੇ ਸ਼ਿਕਨ ਨਹੀਂ ਸੀ ਵੇਖੀ। ਉਨ੍ਹਾਂ ਦੇ ਵਾਰਸ ਮਰਜੀਵੜਿਆਂ ਦੇ ਮਿਰਤਕ ਸਰੀਰਾਂ ਨੂੰ ਪਿੰਡ ਪਿੱਥੋ ਲੈ ਗਏ ਅਤੇ ਗੁਰ ਮਰਿਆਦਾ ਨਾਲ ਉਨ੍ਹਾਂ ਦਾ ਅੰਤਮ ਸਸਕਾਰ ਕਰ ਦਿੱਤਾ ਗਿਆ।

## ਗਿਆਨੀ ਸਿੰਘ ਅਤੇ ਰਤਨ ਸਿੰਘ:

ਸੂਬਾ ਗਿਆਨੀ ਸਿੰਘ ਦਾ ਦੂਸਰਾ ਨਾਂ ਰਤਨ ਸਿੰਘ ਵੀ ਸੀ। ਉਹ ਰਾਮ ਕਿਸ਼ਨ ਮੰਡੀ ਵਾਲਿਆਂ ਦਾ ਸਪੁੱਤਰ ਸੀ। ਰਤਨ ਸਿੰਘ ਨਾਈਵਾਲਾ ਬੁਧ ਸਿੰਘ ਦਾ ਸਪੁਤਰ ਸੀ। ਉਨ੍ਹਾਂ ਦੋਹਾਂ ਉੱਤੇ ਵੀ 21 ਸਤੰਬਰ 1871 ਈ. ਨੂੰ ਸੈਸ਼ਨ ਜੱਜ ਦੀ ਕਚਹਿਰੀ ਵਿੱਚ ਕਤਲ ਕੇਸ ਦਾ ਮੁਕਦਮਾ ਚਲਾਇਆ ਗਿਆ। ਗੁਆਹ ਹੁਣ ਲਭਣ ਦੀ ਲੋੜ ਨਹੀਂ ਸੀ ਕਿਉਂਕਿ ਦਲ ਸਿੰਘ, ਉਸਦੀ ਪਤਨੀ ਰਾਮ ਕੌਰ ਅਤੇ ਗੁਲਾਬ ਸਿੰਘ ਨੇ ਸਰਕਾਰ ਅਤੇ ਪੁਲਿਸ ਦੇ ਦਸੇ ਸ਼ਬਦ ਹੀ ਦੁਹਰਾਉਣੇ ਸਨ। ਸਰਕਾਰੀ ਅਦਾਲਤਾਂ ਨੂੰ ਉਨ੍ਹਾਂ ਦੀ ਗੁਆਹੀ ਤੱਤ ਅਤੇ ਤੱਥ ਭਰਪੂਰ ਵੀ ਲੱਗਣੀ ਸੀ ਕਿਉਂਕਿ ਉਨ੍ਹਾਂ ਨੂੰ ਜੀਵਨ ਦਾਨ ਜੁ ਮਿਲਿਆ ਸੀ!

ਸੈਸ਼ਨ ਜੱਜ ਨੇ ਬੁਚੜਾਂ ਦੇ ਕਤਲ ਕੇਸ ਵਿੱਚ ਉਨ੍ਹਾਂ ਨੂੰ ਉਕਸਾਉਣ ਦਾ, ਤਲਵਾਰਾਂ ਦੇਣ ਦਾ ਅਤੇ ਫਿਰ ਹਲਾ-ਸ਼ੇਰੀ ਦੇਣ ਦਾ ਕਸੂਰਵਾਰ ਠਹਿਰਾਇਆ ਗਿਆ। ਇਸ ਗੁਨਾਹ ਬਦਲੇ 26 ਅਕਤੂਬਰ 1871 ਈ: ਨੂੰ ਉਨ੍ਹਾਂ ਨੂੰ ਮੌਤ ਦੀ ਸਜ਼ਾ ਵੀ ਸੁਣਾ ਦਿੱਤੀ ਗਈ। ਤਿੰਨ ਹਿੰਦੁਸਤਾਨੀ ਅਫ਼ਸਰਾਂ ਮੀਰ ਗੁਲਾਮ ਮੁਹੰਮਦ, ਚੰਦੂ ਲਾਲ ਅਤੇ ਕਨ੍ਹਈਆ ਲਾਲ ਨੇ ਫਾਂਸੀ ਰਾਹੀਂ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ।

ਇਹ ਫ਼ੈਸਲਾ ਚੀਫ ਕੋਰਟ ਦੇ ਜੱਜਾਂ, ਬੋਲੀਨੋਸ, ਸੀ. ਆਰ. ਲਿੰਡਸੇ ਅਤੇ ਜੇ. ਸੀ. ਕੈਂਪਬੈਲ ਨੂੰ ਭੇਜਿਆ ਗਿਆ। ਕਿਉਂਕਿ ਭਾਵੇਂ ਸਰਕਾਰ ਕਿਸੇ ਗੁਲਾਬ ਸਿੰਘ ਵਰਗੇ ਨੂੰ ਸਾਰੀਆਂ ਸ਼ਹਾਦਤਾਂ ਅਤੇ ਨਿਰਨਿਆਂ ਦੇ ਬਾਵਜੂਦ ਵੀ ਛੱਡ ਸਕਦੀ ਸੀ ਫਿਰ ਵੀ ਚੀਫ ਕੋਰਟ ਦੀ ਪੁਸ਼ਟੀ ਬਿਨਾਂ ਫਾਂਸੀ ਦੀ ਸਜ਼ਾ ਨਹੀਂ ਸੀ ਦਿੱਤੀ ਜਾਂਦੀ। ਚੀਫ ਕੋਰਟ. ਦੇ ਜੱਜ ਬੋਲੀਨੋਸ ਨੇ ਗੁਆਹੀਆਂ ਨੂੰ ਭਰੋਸੇਯੋਗ ਨਾ ਮੰਨਿਆ। ਉਸ ਦੀ ਦਲੀਲ ਸੀ ਕਿ ਗੁਆਹੀਆਂ ਨਿਰੋਲ ਸੱਚ ਦੀ ਥਾਂ ਲੋਭ, ਲਾਲਚ ਡਰ, ਭੈ ਤੋਂ ਪ੍ਰਭਾਵਤ ਹੋਣ ਕਰ ਕੇ ਇੱਕ ਪੱਖੀ ਅਤੇ ਉਲਾਰ ਸਨ। ਉਸ ਨੇ 11 ਨਵੰਬਰ 1871 ਈ: ਨੂੰ ਮੌਤ ਦੀ ਸਜ਼ਾ ਨੂੰ ਕਾਲੇ ਪਾਣੀ ਦੀ ਸਜ਼ਾ ਵਿੱਚ ਬਦਲ ਦਿੱਤਾ। ਜੱਜ ਕੈਂਪਬੈਲ ਨੇ ਜਦੋਂ ਇਸ ਫੈਸਲੇ ਨੂੰ ਪੜ੍ਹਿਆ ਤਾਂ ਫਿਰ

14 ਨਵੰਬਰ 1871 ਨੂੰ ਮੌਤ ਦੀ ਸਜ਼ਾ ਹੀ ਪੱਕੀ ਰੱਖੀ। 23 ਨਵੰਬਰ 1871 ਈ: ਨੂੰ ਜਸਟਿਸ ਲਿੰਡਸੇ ਨੇ ਵੀ ਕਾਨੂਨੀ ਨਜ਼ਰਸਾਨੀ ਰਾਹੀਂ ਮੌਤ ਦੀ ਸਜ਼ਾ ਦੀ ਹੀ ਪੁਸ਼ਟੀ ਕੀਤੀ।

26 ਨਵੰਬਰ 1871 ਈ. ਨੂੰ ਦੋਹਾਂ ਨਾਮਧਾਰੀ ਹੀਰਿਆਂ, ਬੇਦੋਸਿਆਂ ਨੂੰ ਹੀ ਲੁਧਿਆਣਾ ਜੇਲ੍ਹ ਦੇ ਬਾਹਰ ਫਾਂਸੀ ਦੇ ਦਿੱਤੀ ਗ਼ਈ। ਉਨ੍ਹਾਂ ਦਾ ਸਸਕਾਰ ਬੁਢੇ ਦਰਿਆ ਕੰਢੇ ਗੁਰਮਰਿਆਦਾ ਅਨੁਸਾਰ ਕਰ ਦਿੱਤਾ ਗਿਆ।

ਇਸ ਤਰ੍ਹਾਂ ਗਊ ਘਾਤ ਦਾ ਦੁਖ ਮਿਟਾਉਣ ਲਈ ਨਾਮਧਾਰੀ ਦੇਸ਼ ਭਗਤਾਂ ਅਤੇ ਧਰਮ ਰੱਖਿਅਕਾਂ ਨੇ ਗਊਆਂ ਦੇ ਰੱਸੇ ਵੱਢੇ, ਬੁਚੜਾਂ ਨੂੰ ਭੈ ਭੀਤ ਕੀਤਾ, ਜੋ ਅੜੇ ਸੋ ਝੜੇ। ਸਿਰਫ ਬੁਚੜਾਂ ਤੋਂ ਗਊਆਂ ਨੂੰ ਨਹੀਂ ਛੁਡਾਇਆ ਸਗੋਂ 'ਨਿਆਂਕਾਰੀ' ਗੋਰੀ ਸਰਕਾਰ ਅਤੇ ਉਸਦੀਆਂ ਅਦਾਲਤਾਂ ਤੋਂ ਬੇਕਸੂਰ ਮਨੁੱਖਾਂ ਨੂੰ ਵੀ ਮੁਕਤ ਕਰਾਇਆ। ਆਪ ਹੱਸ ਹੱਸ, ਖੁਸ਼ੀ ਖੁਸ਼ੀ, ਸੱਚੋ ਸੱਚ ਕਹਿ ਕੇ ਆਪਣਾ ਦੋਸ਼ ਕਬੂਲ ਕੀਤਾ। ਖਿੜੇ ਮੱਥੇ ਫਾਂਸੀਆਂ ਦੇ ਰੱਸਿਆਂ ਨੂੰ ਗਲਾਂ ਵਿੱਚ ਪਾਇਆ।

ਪਰ ਗੁਲਾਬ ਸਿੰਘ ਨੂੰ ਛੱਡ ਦੇਣ, ਬੇਦੋਸ਼ੇ ਰਤਨ ਸਿੰਘ ਅਤੇ ਗਿਆਨੀ ਰਤਨ ਸਿੰਘ ਨੂੰ ਫਾਂਸੀ ਲਾ ਦੇਣ ਨਾਲ ਸਰਕਾਰ ਅਤੇ ਕਾਨੂੰਨ ਦੇ ਨਿਰੱਪਖ ਹੋਣ ਬਾਰੇ ਵੀ ਲੋਕਾਂ ਨੂੰ ਚਿੱਟਾ ਚਾਨਣ ਹੋ ਗਿਆ।

# ਸਿਰੁ ਦੀਜੈ ਕਾਣਿ ਨ ਕੀਜੈ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਲੀ ਭਾਂਤ ਸਮਝਦੇ ਸਨ ਕਿ ਬਰਤਾਨਵੀ ਹਾਕਮ ਦੀ ਬੁਚੜਖਾਨੇ ਖੋਲ੍ਹਣ ਪਿਛੇ ਭਾਰਤੀਆਂ ਨੂੰ, ਹਿੰਦੂ ਮੁਸਲਮਾਨ ਹੋਣ ਕਰਕੇ, ਆਪਸ ਵਿੱਚ ਲੜਾ ਕੇ ਰਾਜ ਕਰਨ ਅਤੇ ਵਿਉਪਾਰ ਚਲਾਉਣ ਦੀ ਡੂੰਘੀ ਚਾਲ ਸੀ। ਕਿਉਂਕਿ ਨਾਮਧਾਰੀ ਵੀ ਆਪਣੇ ਅਮੀਰ, ਧਾਰਮਿਕ ਅਤੇ ਸਭਿਆਚਾਰਕ ਵਿਰਸੇ ਨੂੰ ਅਪਣਾਉਂਦੇ ਸਨ ਸੋ ਗਊ ਹੱਤਿਆ ਲਈ ਬੁਚੜਖਾਨੇ, ਖੁਲ੍ਹਣ ਕਰਕੇ ਉਹ ਵੀ ਕਚੀਚੀਆਂ ਵੱਟਦੇ। ਉਹ ਰਾਇ ਪੁਰ ਅਤੇ ਅੰਮ੍ਰਿਤਸਰ ਦੇ ਦੂਸ਼ਿਤ ਹੁੰਦੇ ਵਾਤਾਵਰਨ ਬਾਰੇ ਆਪਣੇ ਇਸ਼ਟਦੇਵ ਸਤਿਗੁਰੂ ਰਾਮ ਸਿੰਘ ਜੀ ਨਾਲ ਗੱਲਾਂ ਸਾਂਝੀਆਂ ਕਰਦੇ। 'ਕੁਝ ਕਰਨ ਲਈ' ਇਜਾਜ਼ਤ ਚਾਹੁੰਦੇ ਤਾਂ ਆਪ ਸਦਾ ਸ਼ਾਂਤ ਰਹਿਣ ਲਈ ਹੀ ਕਹਿੰਦੇ। ਅਜੇ ਸਮਾਂ ਨਹੀਂ ਆਇਆ', ਕਹਿ ਕੇ ਕੂਕਿਆਂ ਨੂੰ ਭਜਨ ਬੰਦਗੀ ਕਰਨ ਲਈ ਹੀ ਉਪਦੇਸ਼ ਦੇਂਦੇ। ਫਿਰ ਵੀ ਕੁਝ ਸਿਰਲੱਥ ਸੂਰੇ ਨਾ ਰਹਿ ਸਕੇ ਅਤੇ ਅੰਮ੍ਰਿਤਸਰ ਤੇ ਰਾਇ ਕੋਟ ਦੇ ਬੁੱਚੜ ਬਧ ਹੋਏ। ਮੁਕਦਮੇ ਚਲੇ, ਸਜ਼ਾਵਾਂ ਹੋਈਆਂ।

ਅੰਗਰੇਜ਼ ਸਰਕਾਰ ਅਜੇ ਕੂਕਿਆਂ ਦੀਆਂ ਹੋਰ ਸਰਗਰਮੀਆਂ ਦੀ ਉਡੀਕ ਵਿੱਚ ਸੀ। ਏਸੇ ਕਰਕੇ ਉਸ ਨੇ ਇਨ੍ਹਾਂ ਦੇ ਮੇਲਿਆਂ, ਦੀਵਾਨਾਂ ਅਤੇ ਹੋਰ ਕਾਰਵਾਈਆਂ ਦੀ ਬਿਨਾਂ ਦਖ਼ਲ ਅੰਦਾਜ਼ੀ, ਗੁਪਤ ਰੂਪ ਵਿੱਚ, ਚੌਕੰਨੇ ਰਹਿ ਕੇ ਨਿਗਰਾਨੀ ਵਧਾ ਦਿੱਤੀ।

ਉਚੀ ਕੂਕਣ ਵਾਲੇ ਕੂਕਿਆਂ ਦਾ ਚਰਿਤਰ ਵੀ ਵਿਲਖਣ ਹੀ ਸੀ। ਨਾ ਕੋਈ ਵਲ ਫਰੇਬ, ਨਾ ਛਲ ਕਪਟ, ਨਾ ਉਹਲਾ। ਅੰਦਰੋਂ ਬਾਹਰੋਂ ਇਕੋ ਜਿਹੇ ਉਨ੍ਹਾਂ ਦੀ ਸ਼ਰਧਾ, ਪਿਆਰ, ਗੁਸਾ, ਗਿਲਾ, ਹਾਸਾ, ਖੁਸ਼ੀ, ਕੁਝ ਵੀ ਨਹੀਂ ਸੀ ਲੁਕਦੀ। ਕੋਈ ਉਹਲਾ ਨਹੀਂ, ਕੋਈ ਰਾਜਨੀਤੀ ਨਹੀਂ। ਮਸਤਾਨੇ ਤਾਂ ਬਾਕੀਆਂ ਤੋਂ ਚਾਰ ਕਦਮ ਹੋਰ ਵੀ ਅੱਗੇ ਸਨ। ਮਸਤ ਹੋਏ ਭੱਜੇ ਫਿਰਦੇ ਅਤੇ ਗਾਉਂਦੇ ਫਿਰਦੇ, "ਭੱਜੇ ਜਾਂਦੇ ਨੇ ਫਿਰੰਗੀ ਵੱਜਣ ਘੁੰਗਰੂ।"

ਕੂਕਿਆਂ ਦੇ ਮਨਾਂ ਵਿਚ ਗਊ ਹੱਤਿਆ ਹੋਣ ਦਾ ਦੁੱਖ ਅਸਹਿ ਤੇ ਅਕਹਿ

ਸੀ। ਇਸ ਤੋਂ ਵੀ ਵੱਧ ਤਕਲੀਫ਼ ਸੀ ਅੰਮ੍ਰਿਤਸਰ ਅਤੇ ਰਾਇ ਕੋਟ ਦੇ ਮੁਕੱਦਮਿਆਂ ਵਿੱਚ ਕੂਕਿਆਂ ਨੂੰ ਮਿਲੀਆਂ ਸਜ਼ਾਵਾਂ ਦੀ।

ਸੂਬਾ ਰਤਨ ਸਿੰਘ ਕੂਕਿਆਂ ਵਿੱਚ ਇੱਕ ਆਦਰ ਯੋਗ ਹਸਤੀ ਸੀ। ਉਹ ਧਾਰਮਕ ਆਗੂ ਹੋਣ ਦੇ ਨਾਲ ਨਾਲ ਵਿਦਵਾਨ ਪੰਡਤ, ਰਸੀਲੀ ਜ਼ਬਾਨ ਵਾਲਾ ਪੁਰਨ ਪਹੁੰਚਿਆ ਹੋਇਆ ਸੰਤ ਅਤੇ ਧਰਮੀ ਜੀਵ ਸੀ। ਸਤਿਗੁਰਾਂ ਨੇ ਉਸ ਨੂੰ ਨਿਆਂ ਅਧਿਕਾਰੀ, ਭਾਵ ਜੱਜ ਦੀ ਪਦਵੀਂ ਦੇ ਰਖੀ ਸੀ। ਉਹ ਭਾਈਚਾਰਕ ਮਸਲੇ ਸੁਣਦਾ ਅਤੇ ਫ਼ੈਸਲੇ ਦੇਂਦਾ। ਉਹ ਇੱਕ ਸਰਵ ਸਨਮਾਨਤ ਸ਼ਖ਼ਸੀਅਤ ਸੀ। 26 ਨਵੰਬਰ 1871 ਈ: ਨੂੰ ਲੁਧਿਆਣੇ ਉਸ ਨੂੰ ਫ਼ਾਂਸੀ ਦਿੱਤੀ ਗਈ। ਉਹ ਵੀ ਬੇਲਾਗ ਅਤੇ ਨਿਰਦੋਸ਼ ਸੀ। ਉਸ ਨੂੰ ਫਾਂਸੀ ਦਿੱਤੇ ਜਾਣਾ ਸਾਰੇ ਨਾਮਧਾਰੀ ਸਿੰਘਾਂ ਨੂੰ ਕੰਡੇ ਵਾਂਗ ਰੜਕਦਾ ਸੀ। ਕੁਝ ਮਸਤਾਨੇ ਉਸ ਨਿਰਦੋਸ਼ ਨੂੰ ਫਾਂਸੀ ਦੇਣ ਕਰਕੇ ਹੀ ਅੰਗਰੇਜ਼ ਸਰਕਾਰ ਵਿਰੁਧ ਅੱਗ ਬਬੂਲਾ ਹੋਏ ਫਿਰਦੇ ਸਨ। ਕਚੀਚੀਆਂ ਵੱਟਦੇ ਸਨ ਅਤੇ ਬਦਲਾ ਲੈਣ ਲਈ ਉਤਾਵਲੇ ਸਨ।

ਮਲੇਰ ਕੋਟਲਾ ਇੱਕ ਮੁਸਲਮਾਨ ਰਿਆਸਤ ਸੀ। ਸੋ ਏਥੇ ਤਾਂ ਗਊ ਹੱਤਿਆ ਕਰਨਾ ਮੁਸਲਮਾਨ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਸਨ। ਇਸੇ ਕਰਕੇ ਰਿਆਸਤ ਦੇ ਆਲੇ ਦੁਆਲੇ ਦੇ ਜੰਗਲ ਵਿੱਚ ਚਰਦੀਆਂ ਫਿਰਦੀਆਂ ਰਾਮ ਗਊਆਂ ਨੂੰ ਕਸਾਈ ਰੱਸਾ ਪਾ ਕੇ ਲੈ ਜਾਂਦੇ ਅਤੇ ਬੁੱਚੜਖਾਨਿਆਂ ਵਿੱਚ ਉਨ੍ਹਾਂ ਨੂੰ ਹਲਾਲ ਕਰ ਦੇਂਦੇ। ਕਿਸੇ ਹਿੰਦੂ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਉਸ ਦੇ ਖ਼ਿਲਾਫ਼ ਆਵਾਜ਼ ਉਠਾਵੇ, ਭਾਵੇਂ ਅੰਦਰ ਹੀ ਅੰਦਰ ਸਾਰੇ ਵਿੱਸ ਘੋਲਦੇ ਰਹਿੰਦੇ। ਕਿਸੇ ਵੇਲੇ ਜੇ ਰਿਆਸਤ ਦੇ ਹਾਕਮਾਂ ਕੋਲ਼ ਸ਼ਿਕਾਇਤ ਵੀ ਪਹੁੰਚੀ ਤਾਂ ਉਨ੍ਹਾਂ ਸੁਣੀ ਅਣਸੁਣੀ ਕਰ ਦਿੱਤੀ। ਇਸ ਸਥਿਤੀ ਬਾਰੇ ਸੰਤ ਹੀਰਾ ਸਿੰਘ ਸਾਦੌੜੀ ਅਤੇ ਹੋਰ ਨਾਮਧਾਰੀਆਂ ਨੂੰ ਵੀ ਪਤਾ ਲੱਗ ਚੁੱਕਾ ਸੀ। ਉਹ ਵੀ ਗਊ ਹੱਤਿਆ ਨੂੰ ਧੁਰ ਅੰਦਰੋਂ ਮਹਿਸੂਸ ਕਰਦੇ ਸਨ।

ਮਲੇਰ ਕੋਟਲੇ ਹੀ ਇੱਕ ਹੋਰ ਘਟਨਾ ਵਾਪਰੀ ਜਿਸ ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ।

ਗੁਰਮੁਖ ਸਿੰਘ ਫਰਵਾਹੀ ਪਿੰਡ ਦਾ ਨੰਬਰਦਾਰ ਸੀ। ਉਹ ਪਿੰਡ ਦਾ ਮਾਮਲਾ ਤਾਰਨ ਲਈ ਮਲੇਰ ਕੋਟਲੇ ਜਾ ਰਿਹਾ ਸੀ। ਰਾਹ ਵਿੱਚ ਉਸ ਨੇ ਇੱਕ ਕਰੂੰਜੜੇ ਨੂੰ ਇੱਕ ਬੁੱਢੇ ਬਲਦ ਉਤੇ ਮੂਲੀਆਂ ਲੱਦੀ ਲੈ ਜਾਂਦੇ ਵੇਖਿਆ। ਕਰੂੰਜੜਾ ਆਪ ਵੀ ਉਸੇ ਬਲਦ ਉੱਤੇ ਬੈਠਾ ਹੋਇਆ ਸੀ। ਭਾਰ ਜ਼ਿਆਦਾ ਹੋਣ ਕਰਕੇ ਬਲਦ ਦਾ ਬੁਰਾ ਹਾਲ ਸੀ। ਨੰਬਰਦਾਰ ਨੇ ਸਹਿਜ ਸੁਭਾ ਕਰੂੰਜੜੇ ਨੂੰ ਹੇਠਾਂ ਉਤੱਰ ਕੇ ਤੁਰਨ ਦੀ ਸਲਾਹ ਦਿੱਤੀ। ਕਰੂੰਜੜਾ ਵੱਖੀਓਂ ਬੋਲਿਆ। ਬੋਲ ਬੁਲਾਰਾ ਹੋਇਆ ਅਤੇ ਵੱਧ ਗਿਆ। ਕੁਝ ਹੋਰ ਲੋਕ ਵੀ ਇਕੱਠੇ ਹੋ ਗਏ ਪਰ ਕਿਸੇ

# ਸਿਰੁ ਦੀਜੈ ਕਾਣਿ ਨ ਕੀਜੈ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਭਲੀ ਭਾਂਤ ਸਮਝਦੇ ਸਨ ਕਿ ਬਰਤਾਨਵੀ ਹਾਕਮ ਦੀ ਬੂਚੜਖਾਨੇ ਖੋਲ੍ਹਣ ਪਿਛੇ ਭਾਰਤੀਆਂ ਨੂੰ, ਹਿੰਦੂ ਮੁਸਲਮਾਨ ਹੋਣ ਕਰਕੇ, ਆਪਸ ਵਿੱਚ ਲੜਾ ਕੇ ਰਾਜ ਕਰਨ ਅਤੇ ਵਿਉਪਾਰ ਚਲਾਉਣ ਦੀ ਡੂੰਘੀ ਚਾਲ ਸੀ। ਕਿਉਂਕਿ ਨਾਮਧਾਰੀ ਵੀ ਆਪਣੇ ਅਮੀਰ, ਧਾਰਮਿਕ ਅਤੇ ਸਭਿਆਚਾਰਕ ਵਿਰਸੇ ਨੂੰ ਅਪਣਾਉਂਦੇ ਸਨ ਸੋ ਗਊ ਹੱਤਿਆ ਲਈ ਬੁਚੜਖਾਨੇ, ਖੁਲ੍ਹਣ ਕਰਕੇ ਉਹ ਵੀ ਕਚੀਚੀਆਂ ਵੱਟਦੇ। ਉਹ ਰਾਇ ਪੁਰ ਅਤੇ ਅੰਮ੍ਰਿਤਸਰ ਦੇ ਦੂਸ਼ਿਤ ਹੁੰਦੇ ਵਾਤਾਵਰਨ ਬਾਰੇ ਆਪਣੇ ਇਸ਼ਟਦੇਵ ਸਤਿਗੁਰੂ ਰਾਮ ਸਿੰਘ ਜੀ ਨਾਲ ਗੱਲਾਂ ਸਾਂਝੀਆਂ ਕਰਦੇ। 'ਕੁਝ ਕਰਨ ਲਈ' ਇਜਾਜ਼ਤ ਚਾਹੁੰਦੇ ਤਾਂ ਆਪ ਸਦਾ ਸ਼ਾਂਤ ਰਹਿਣ ਲਈ ਹੀ ਕਹਿੰਦੇ। 'ਅਜੇ ਸਮਾਂ ਨਹੀਂ ਆਇਆ', ਕਹਿ ਕੇ ਕੂਕਿਆਂ ਨੂੰ ਭਜਨ ਬੰਦਗੀ ਕਰਨ ਲਈ ਹੀ ਉਪਦੇਸ਼ ਦੇਂਦੇ। ਫਿਰ ਵੀ ਕੁਝ ਸਿਰਲੱਥ ਸੂਰੇ ਨਾ ਰਹਿ ਸਕੇ ਅਤੇ ਅੰਮ੍ਰਿਤਸਰ ਤੇ ਰਾਇ ਕੋਟ ਦੇ ਬੁੱਚੜ ਬਧ ਹੋਏ। ਮੁਕਦਮੇ ਚਲੇ, ਸਜ਼ਾਵਾਂ ਹੋਈਆਂ।

ਅੰਗਰੇਜ਼ ਸਰਕਾਰ ਅਜੇ ਕੂਕਿਆਂ ਦੀਆਂ ਹੋਰ ਸਰਗਰਮੀਆਂ ਦੀ ਉਡੀਕ ਵਿੱਚ ਸੀ। ਏਸੇ ਕਰਕੇ ਉਸ ਨੇ ਇਨ੍ਹਾਂ ਦੇ ਮੇਲਿਆਂ, ਦੀਵਾਨਾ ਅਤੇ ਹੋਰ ਕਾਰਵਾਈਆਂ ਦੀ ਬਿਨਾਂ ਦਖ਼ਲ ਅੰਦਾਜ਼ੀ, ਗੁਪਤ ਰੂਪ ਵਿੱਚ, ਚੌਕੰਨੇ ਰਹਿ ਕੇ ਨਿਗਰਾਨੀ ਵਧਾ ਦਿੱਤੀ।

ਉਚੀ ਕੂਕਣ ਵਾਲੇ ਕੂਕਿਆਂ ਦਾ ਚਰਿਤਰ ਵੀ ਵਿਲਖਣ ਹੀ ਸੀ। ਨਾ ਕੋਈ ਵਲ ਫਰੇਬ, ਨਾ ਛਲ ਕਪਟ, ਨਾ ਉਹਲਾ। ਅੰਦਰੋਂ ਬਾਹਰੋਂ ਇਕੋ ਜਿਹੇ ਉਨ੍ਹਾਂ ਦੀ ਸ਼ਰਧਾ, ਪਿਆਰ, ਗੁਸਾ, ਗਿਲਾ, ਹਾਸਾ, ਖੁਸ਼ੀ, ਕੁਝ ਵੀ ਨਹੀਂ ਸੀ ਲੁਕਦੀ। ਕੋਈ ਉਹਲਾ ਨਹੀਂ, ਕੋਈ ਰਾਜਨੀਤੀ ਨਹੀਂ। ਮਸਤਾਨੇ ਤਾਂ ਬਾਕੀਆਂ ਤੋਂ ਚਾਰ ਕਦਮ ਹੋਰ ਵੀ ਅੱਗੇ ਸਨ। ਮਸਤ ਹੋਏ ਭੱਜੇ ਫਿਰਦੇ ਅਤੇ ਗਾਉਂਦੇ ਫਿਰਦੇ, "ਭੱਜੇ ਜਾਂਦੇ ਨੇ ਫਿਰੰਗੀ ਵੱਜਣ ਘੁੰਗਰੂ।"

ਕੂਕਿਆਂ ਦੇ ਮਨਾਂ ਵਿਚ ਗਊ ਹੱਤਿਆ ਹੋਣ ਦਾ ਦੁੱਖ ਅਸਹਿ ਤੇ ਅਕਹਿ

ਸੀ। ਇਸ ਤੋਂ ਵੀ ਵੱਧ ਤਕਲੀਫ਼ ਸੀ ਅੰਮ੍ਰਿਤਸਰ ਅਤੇ ਰਾਇ ਕੋਟ ਦੇ ਮੁਕੱਦਮਿਆਂ ਵਿੱਚ ਕੂਕਿਆਂ ਨੂੰ ਮਿਲੀਆਂ ਸਜ਼ਾਵਾਂ ਦੀ।

ਸੂਬਾ ਰਤਨ ਸਿੰਘ ਕੂਕਿਆਂ ਵਿੱਚ ਇੱਕ ਆਦਰ ਯੋਗ ਹਸਤੀ ਸੀ। ਉਹ ਧਾਰਮਕ ਆਗੂ ਹੋਣ ਦੇ ਨਾਲ ਨਾਲ ਵਿਦਵਾਨ ਪੰਡਤ, ਰਸੀਲੀ ਜ਼ਬਾਨ ਵਾਲਾ ਪੂਰਨ ਪਹੁੰਚਿਆ ਹੋਇਆ ਸੰਤ ਅਤੇ ਧਰਮੀ ਜੀਵ ਸੀ। ਸਤਿਗੁਰਾਂ ਨੇ ਉਸ ਨੂੰ ਨਿਆਂ ਅਧਿਕਾਰੀ, ਭਾਵ ਜੱਜ ਦੀ ਪਦਵੀ ਦੇ ਰਖੀ ਸੀ। ਉਹ ਭਾਈਚਾਰਕ ਮਾਮਲੇ ਸੁਣਦਾ ਅਤੇ ਫ਼ੈਸਲੇ ਦੇਂਦਾ। ਉਹ ਇੱਕ ਸਰਵ ਸਨਮਾਨਤ ਸ਼ਖ਼ਸੀਅਤ ਸੀ। 26 ਨਵੰਬਰ 1871 ਈ: ਨੂੰ ਲੁਧਿਆਣੇ ਉਸ ਨੂੰ ਫ਼ਾਂਸੀ ਦਿੱਤੀ ਗਈ। ਉਹ ਹੈ ਵੀ ਬੇਲਾਗ ਅਤੇ ਨਿਰਦੋਸ਼ ਸੀ। ਉਸ ਨੂੰ ਫਾਂਸੀ ਦਿੱਤੇ ਜਾਣਾ ਸਾਰੇ ਨਾਮਧਾਰੀ ਸਿੱਖਾਂ ਨੂੰ ਕੰਡੇ ਵਾਂਗ ਰੜਕਦਾ ਸੀ। ਕੁਝ ਮਸਤਾਨੇ ਉਸ ਨਿਰਦੋਸ਼ ਨੂੰ ਫਾਂਸੀ ਦੇਣ ਕਰਕੇ ਹੀ ਅੰਗਰੇਜ਼ ਸਰਕਾਰ ਵਿਰੁਧ ਅੱਗ ਬਬੂਲਾ ਹੋਏ ਫਿਰਦੇ ਸਨ। ਕਚੀਚੀਆਂ ਵੱਟਦੇ ਸਨ ਅਤੇ ਬਦਲਾ ਲੈਣ ਲਈ ਉਤਾਵਲੇ ਸਨ।

ਮਲੇਰ ਕੋਟਲਾ ਇੱਕ ਮੁਸਲਮਾਨ ਰਿਆਸਤ ਸੀ। ਸੋ ਏਥੇ ਤਾਂ ਗਊ ਹੱਤਿਆ ਕਰਨਾ ਮੁਸਲਮਾਨ ਆਪਣਾ ਜਨਮ ਸਿੱਧ ਅਧਿਕਾਰ ਸਮਝਦੇ ਸਨ। ਇਸੇ ਕਰਕੇ ਰਿਆਸਤ ਦੇ ਆਲੇ ਦੁਆਲੇ ਦੇ ਜੰਗਲ ਵਿੱਚ ਚਰਦੀਆਂ ਫਿਰਦੀਆਂ ਰਾਮ ਗਊਆਂ ਨੂੰ ਕਸਾਈ ਰੱਸਾ ਪਾ ਕੇ ਲੈ ਜਾਂਦੇ ਅਤੇ ਬੁੱਚੜਖਾਨਿਆਂ ਵਿੱਚ ਉਨ੍ਹਾਂ ਨੂੰ ਹਲਾਲ ਕਰ ਦੇਂਦੇ। ਕਿਸੇ ਹਿੰਦੂ ਦੀ ਜੁਰਅਤ ਨਹੀਂ ਸੀ ਪੈਂਦੀ ਕਿ ਉਸ ਦੇ ਖ਼ਿਲਾਫ਼ ਆਵਾਜ਼ ਉਠਾਵੇ, ਭਾਵੇਂ ਅੰਦਰ ਹੀ ਅੰਦਰ ਸਾਰੇ ਵਿੱਸ ਘੋਲਦੇ ਰਹਿੰਦੇ। ਕਿਸੇ ਵੇਲੇ ਜੇ ਰਿਆਸਤ ਦੇ ਹਾਕਮਾਂ ਕੋਲ਼ ਸ਼ਿਕਾਇਤ ਵੀ ਪਹੁੰਚੀ ਤਾਂ ਉਨ੍ਹਾਂ ਸੁਣੀ ਅਣਸੁਣੀ ਕਰ ਦਿੱਤੀ। ਇਸ ਸਥਿਤੀ ਬਾਰੇ ਸੰਤ ਹੀਰਾ ਸਿੰਘ ਘਰੌਂਦੀ ਅਤੇ ਹੋਰ ਨਾਮਧਾਰੀਆਂ ਨੂੰ ਵੀ ਪਤਾ ਲੱਗ ਚੁੱਕਾ ਸੀ। ਉਹ ਵੀ ਗਊ ਹੱਤਿਆ ਨੂੰ ਧੁਰ ਅੰਦਰੋਂ ਮਹਿਸੂਸ ਕਰਦੇ ਸਨ।

ਮਲੇਰ ਕੋਟਲੇ ਹੀ ਇੱਕ ਹੋਰ ਘਟਨਾ ਵਾਪਰੀ ਜਿਸ ਨੇ ਬਲਦੀ ਉੱਤੇ ਤੇਲ ਦਾ ਕੰਮ ਕੀਤਾ।

ਗੁਰਮੁਖ ਸਿੰਘ ਫਰਵਾਹੀ ਪਿੰਡ ਦਾ ਨੰਬਰਦਾਰ ਸੀ। ਉਹ ਪਿੰਡ ਦਾ ਮਾਮਲਾ ਤਾਰਨ ਲਈ ਮਲੇਰ ਕੋਟਲੇ ਜਾ ਰਿਹਾ ਸੀ। ਰਾਹ ਵਿੱਚ ਉਸ ਨੇ ਇੱਕ ਕਰੂੰਜੜੇ ਨੂੰ ਇੱਕ ਬੁੱਢੇ ਬਲਦ ਉਤੇ ਮੂਲੀਆਂ ਲੱਦੀ ਲੈ ਜਾਂਦੇ ਵੇਖਿਆ। ਕਰੂੰਜੜਾ ਆਪ ਵੀ ਉਸੇ ਬਲਦ ਉੱਤੇ ਬੈਠਾ ਹੋਇਆ ਸੀ। ਭਾਰ ਜ਼ਿਆਦਾ ਹੋਣ ਕਰਕੇ ਬਲਦ ਦਾ ਬੁਰਾ ਹਾਲ ਸੀ। ਨੰਬਰਦਾਰ ਨੇ ਸਹਿਜ ਸੁਭਾ ਕਰੂੰਜੜੇ ਨੂੰ ਹੇਠਾਂ ਉਤੱਰ ਕੇ ਤੁਰਨ ਦੀ ਸਲਾਹ ਦਿੱਤੀ। ਕਰੂੰਜੜਾ ਵੱਖੀਓਂ ਬੋਲਿਆ। ਬੋਲ ਬੁਲਾਰਾ ਹੋਇਆ ਅਤੇ ਵੱਧ ਗਿਆ। ਕੁਝ ਹੋਰ ਲੋਕ ਵੀ ਇਕੱਠੇ ਹੋ ਗਏ ਪਰ ਕਿਸੇ

ਵੀ ਨੰਬਰਦਾਰ ਦਾ ਸਾਥ ਨਾ ਦਿੱਤਾ। ਮਲੇਰ ਕੋਟਲੇ ਪਹੁੰਚਣ ਉੱਤੇ ਮਾਮਲਾ ਕੋਤਵਾਲ ਦੇ ਪੇਸ਼ ਹੋਇਆ। ਉਸ ਦੇ ਦਿੱਤੇ ਫੈਸਲੇ ਦੇ ਅਮਲ ਵਜੋਂ ਬਲਦ ਨੂੰ ਨੰਬਰਦਾਰ ਗੁਰਮੁਖ ਸਿੰਘ ਸਾਹਵੇਂ ਹੀ ਜ਼ਿਬਾਹ ਕਰਵਾ ਦਿੱਤਾ ਗਿਆ, ਕਰੂੰਜੜੇ ਨੂੰ ਬਲਦ ਦੇ ਮੁੱਲ ਬਦਲੇ ਪੈਸੇ ਦੇ ਦਿੱਤੇ ਗਏ। ਨੰਬਰਦਾਰ ਇਸ ਅਪਮਾਨ ਨੂੰ ਪੀ ਗਿਆ ਪਰ ਉਹ ਪਰੇਸ਼ਾਨ ਹੋ ਗਿਆ। ਉਸ ਮਾਮਲਾ ਵੀ ਨਾ ਤਾਰਿਆ ਅਤੇ ਭਰਿਆ ਪੀਤਾ ਵਾਪਸ ਤੁਰ ਪਿਆ। ਉਹ ਘਰ ਨਾ ਗਿਆ ਸਗੋਂ ਸਿੱਧਾ ਭੈਣੀ ਸਾਹਿਬ ਪੁੱਜਾ।

ਭੈਣੀ ਸਾਹਿਬ ਮਾਘੀ ਦਾ ਮੇਲਾ ਕੀਤਾ ਜਾ ਰਿਹਾ ਸੀ। ਸਤਿਗੁਰੂ ਰਾਮ ਸਿੰਘ ਜੀ ਦੇ ਮਹਿਲ ਮਾਤਾ ਜੱਸਾਂ ਜੀ ਨਵੰਬਰ 1871 ਈ: ਵਿੱਚ ਚੜ੍ਹਾਈ ਕਰ ਗਏ ਸਨ। ਉਹ ਮੇਲਾ ਉਨ੍ਹਾਂ ਦੀ ਯਾਦ ਵਿੱਚ ਹੀ 11 ਤੋਂ 13 ਜਨਵਰੀ 1872 ਈ: ਨੂੰ ਕੀਤਾ ਜਾ ਰਿਹਾ ਸੀ। ਇਸ ਮੇਲੇ ਉੱਤੇ ਨਾਮਧਾਰੀ ਸੰਗਤ ਹੁੰਮ ਹੁੰਮਾ ਕੇ ਪਹੁੰਚੀ ਸੀ। ਅਤੇ ਗੁਰੂ ਸਾਹਿਬ ਜੀ ਦੇ ਦਰਸ਼ਨ ਅਭਿਲਾਸ਼ੀ ਕੁਝ ਸ਼ਰਧਾਲੂ ਤਾਂ ਮੇਲੇ ਤੋਂ ਵੀ ਦੋ ਚਾਰ ਦਿਨ ਪਹਿਲਾਂ ਹੀ ਆ ਕੇ ਡੇਰੇ ਲਗਾ ਬੈਠੇ ਅਤੇ ਨਾਮ, ਬਾਣੀ, ਕਥਾ ਕੀਰਤਨ ਦਾ ਆਨੰਦ ਮਾਨਣ ਲੱਗੇ। ਮੇਲੇ ਵਿੱਚ 101 ਅਖੰਡ ਪਾਠਾਂ ਦੇ ਭੋਗ 25 ਬੀੜਾਂ ਉੱਤੇ ਪਾਏ ਗਏ। ਇਹ ਅਖੰਡ ਪਾਠ ਮਾਤਾ ਜੱਸਾਂ ਅਤੇ ਅੰਮ੍ਰਿਤਸਰ, ਰਾਇਕੋਟ ਤੇ ਲੁਧਿਆਣੇ ਦੇ ਸ਼ਹੀਦਾਂ ਨਮਿਤ ਕੀਤੇ ਗਏ।

ਉਂਜ ਲਗਭਗ ਹਫ਼ਤਾ ਭਰ ਭੈਣੀ ਸਾਹਿਬ ਮੇਲਾ ਭਰਿਆ ਰਿਹਾ। ਪੰਜਾਬ ਦੇ ਬਹੁਤ ਸਾਰੇ ਸਰਦਾਰ, ਜਗੀਰਦਾਰ, ਜ਼ਿਮੀਂਦਾਰ ਸਤਿਗੁਰਾਂ ਦਾ ਤਪ ਤੇਜ ਵੇਖਣ ਲਈ ਆਏ। ਸੂਬੇ ਵੀ ਸਤਿਗੁਰਾਂ ਵਲੋਂ ਕਿਸੇ ਹੁਕਮ ਦੀ ਉਡੀਕ ਵਿੱਚ ਅਤੇ ਮੇਲੇ ਦੇ ਪ੍ਰਬੰਧ ਨੂੰ ਸੁਚਾਰੂ ਰੂਪ ਵਿਚ ਚਲਾਉਣ ਲਈ ਇਸ ਸਮੇਂ ਹਾਜ਼ਰ ਰਹੇ। ਇਸ ਮੇਲੇ ਦਾ ਭੋਗ 13 ਜਨਵਰੀ 1872 ਈ: ਨੂੰ ਪਿਆ। ਮੇਲੇ ਦੇ ਦਿਨਾਂ ਵਿੱਚ 500 ਮਣ ਅਨਾਜ ਅਤੇ ਦਾਲਾਂ ਆਦਿ ਨੂੰ ਰਿੰਨ੍ਹਿਆਂ ਪਕਾਇਆ ਅਤੇ ਸੰਗਤਾਂ ਨੂੰ ਵਰਤਾਇਆ ਗਿਆ।

ਗੁਰਮੁਖ ਸਿੰਘ ਨੰਬਰਦਾਰ ਇਸ ਮੇਲੇ ਸਮੇਂ ਹੀ ਭੈਣੀ ਸਾਹਿਬ ਆਇਆ ਸੀ, ਸਿੱਧਾ ਮਲੇਰ ਕੋਟਲਿਓਂ। ਉਸ ਨੇ ਭੋਗ ਵਾਲੇ ਦਿਨ ਜਦੋਂ ਕਿ ਲੋਕ ਆਪੋ ਆਪਣੇ ਘਰਾਂ ਨੂੰ ਜਾਣ ਦੀ ਤਿਆਰੀ ਕਰ ਰਹੇ ਸਨ ਆਪਣੀ ਮਲੇਰ ਕੋਟਲੇ ਦੀ ਹੱਡ ਬੀਤੀ ਕਹਿ ਸੁਣਾਈ। ਮਸਤਾਨੇ ਲੋਹੇ ਲਾਖੇ ਹੋ ਗਏ। 100 ਕੁ ਸਿੰਘਾਂ ਦਾ ਇਕ ਜਥਾ ਤਾਂ ਬਹੁਤ ਹੀ ਉਗਰਵਾਦੀ ਲਗਦਾ ਸੀ। ਉਹ ਬੁੱਚੜਾਂ, ਉਨ੍ਹਾਂ ਦੇ ਹਮਾਇਤੀਆਂ ਅਤੇ ਅੰਗਰੇਜ਼ਾਂ ਪ੍ਰਤੀ ਬੜਾ ਕਠੋਰ ਲੱਗਦਾ ਸੀ। ਇਹ ਜਥਾ ਰਿਆਸਤ ਪਟਿਆਲੇ ਦੇ ਸਿੰਘਾਂ ਦਾ ਸੀ।

ਇਹ ਜਥਾ ਰਾਮ ਸਰ ਵਲੋਂ ਹਟ ਕੇ ਅਕਾਲ ਬੁੰਗੇ ਵੱਲ ਚਲਾ ਗਿਆ।

ਇਸ ਜਥੇ ਦੇ ਮੁਹਰੀ ਸ੍ਰ. ਹੀਰਾ ਸਿੰਘ ਤੇ ਲਹਿਣਾ ਸਿੰਘ ਸਕਰੌਦੀ ਵਾਲੇ ਸਨ। ਇਨ੍ਹਾਂ ਨੇ ਅਕਾਲ ਬੁੰਗੇ ਜਾ ਕੇ ਚੰਡੀ ਦੀ ਵਾਰ, ਚੰਡੀ ਚ੍ਰਿਤਰ, ਅਕਾਲ ਉਸਤਤ ਅਤੇ ਚੌਪਈ ਦਾ ਪਾਠ ਕੀਤਾ। ਇਸ ਜਥੇ ਵਿੱਚ ਦੋ ਮਾਈਆਂ ਖੇਮ ਕੌਰ ਦਿਤੂਪੁਰੇ ਵਾਲੀ ਅਤੇ ਇੰਦ ਕੌਰ ਹੰਡਿਆਏ ਵਾਲੀ ਵੀ ਸਨ। ਇੰਦ ਕੌਰ ਨੇ ਪੱਲੂ ਫੇਰਿਆ ਅਤੇ ਉੱਚੀ ਆਵਾਜ਼ ਵਿੱਚ ਕਿਹਾ ਕਿ, "ਧਰਮ ਜਹਾਜ਼ ਤਿਆਰ ਹੈ ਆਓ ਜਿਸ ਨੇ ਚੜ੍ਹਨਾ ਹੈ।" ਉਸ ਦੀ ਸੱਦ ਸੁਣ ਕੇ ਹੋਰ ਸਿੰਘ ਵੀ ਨਾਲ ਆ ਗਏ। ਇਸ ਤਰ੍ਹਾਂ ਇਨ੍ਹਾਂ ਦਾਨਿਆਂ ਮਸਤਾਨਿਆਂ ਦੀ ਗਿਣਤੀ 250 ਤੱਕ ਪਹੁੰਚ ਗਈ।

13 ਜਨਵਰੀ 1872 ਈ: ਨੂੰ, ਨਿਗਰਾਨੀ ਕਰਨ ਲਈ, ਸਾਹਨੇ ਵਾਲ ਥਾਣੇ ਦਾ ਡਿਪਟੀ ਇਨਸਪੈਕਟਰ, ਸਰ ਫ਼ਰਾਜ਼ ਖਾਂ, ਵੀ 5 ਸਿਪਾਹੀਆਂ ਨਾਲ ਭੈਣੀ ਸਾਹਿਬ ਪਹੁੰਚ ਗਿਆ। ਉਸ ਨੇ ਵੀ ਮਸਤਾਨਿਆਂ ਨੂੰ ਸਰਕਾਰ ਦੇ ਖ਼ਿਲਾਫ਼ ਬੋਲਦਿਆਂ ਸੁਣਿਆ। ਉਸ ਨੇ ਇਹ ਵੀ ਸੁਣਿਆ ਕਿ ਮਸਤਾਨੇ ਮਲੇਰ ਕੋਟਲੇ ਜਾ ਕੇ ਮਰਨ ਜਾਂ ਮਾਰਨ ਲਈ ਵੀ ਤਿਆਰ ਦਿੱਸ ਰਹੇ ਸਨ।

ਉਸ ਨੇ ਸਤਿਗੁਰੂ ਜੀ ਨੂੰ, ਕੂਕਿਆਂ ਨੂੰ ਬਗ਼ਾਵਤ ਕਰਨੋਂ ਰੋਕਣ ਲਈ ਕਿਹਾ। ਆਪ ਨੇ ਸੂਬਾ ਲੱਖਾ ਸਿੰਘ ਨੂੰ, ਮਸਤਾਨਿਆਂ ਨੂੰ ਸਮਝਾ ਬੁਝਾ ਕੇ ਸ਼ਾਂਤ ਕਰਵਾਉਣ ਲਈ ਭੇਜਿਆ। ਸੂਬਾ ਲੱਖਾ ਸਿੰਘ ਨੇ ਮਸਤਾਨਿਆਂ ਨੂੰ ਬਹੁਤ ਸਮਝਾਇਆ ਅਤੇ ਇਹ ਵੀ ਕਿਹਾ ਕਿ ਇਸ ਤਰ੍ਹਾਂ ਸਤਿਗੁਰੂ ਜੀ ਦੇ ਪ੍ਰੋਗ੍ਰਾਮ ਵਿੱਚ ਖਲਲ ਪਏਗਾ। ਪਰ ਮਸਤਾਨਿਆਂ ਦਾ ਖ਼ੂਨ ਖੌਲ ਰਿਹਾ ਸੀ ਸੋ ਉਨ੍ਹਾਂ ਸੂਬਾ ਲੱਖਾ ਸਿੰਘ ਦੀ ਇੱਕ ਨਾ ਮੰਨੀ ਅਤੇ ਮਲੇਰ ਕੋਟਲੇ ਉੱਤੇ ਹਮਲਾ ਕਰਨ ਦਾ ਇਰਾਦਾ ਨਾ ਛੱਡਿਆ।

ਜਦ ਸੂਬਾ ਲੱਖਾ ਸਿੰਘ ਨੇ ਸਤਿਗੁਰੂ ਜੀ ਨੂੰ ਸਾਰੀ ਗੱਲ ਦੱਸੀ ਤਾਂ ਉਹ ਆਪ ਅਕਾਲ ਬੁੰਗੇ ਗਏ। ਕੁਝ ਬਚਨ ਹੀਰਾ ਸਿੰਘ ਨਾਲ ਕੀਤੇ ਅਤੇ ਫਿਰ ਕਿਹਾ,

"ਦੀਨ ਦਿਆਲ ਜੀ ਬਚਨ ਕੀਤਾ ਤੁਸੀਂ ਸਾਡਾ ਕਹਿਆ ਨਹੀਂ ਮੰਨਦੇ ਹੋ... ਤਮਾਸ਼ਾ ਨਹੀਂ ਕਰੋ, ਜੋ ਤੁਹਾਡਾ ਮਨਸ਼ਾ ਹੈ ਸੋ ਸਾਡਾ ਮਨਸ਼ਾ ਹੈ, ਧਰਮ ਸਭ ਕੋ ਪਿਆਰਾ ਹੈ... ਪਰ ਕਿਆ ਕਰੇਂ ਸਮਾਂ ਨਹੀਂ ਹੈ... ਤੁਸੀਂ ਕਾਹਲੀ ਨਾ ਕਰੋ। ਸਿੰਘ ਕਸਾਈਖਾਨਾ ਤੇ ਗਊ ਬਧ ਹੁੰਦਾ ਹੈ, ਪਰਸਾਦਾ ਛਕਣਾ ਜ਼ਰੂਰ ਹਰਾਮ ਹੈ, ਪਰ ਕਿਆ ਕਰੈਂ, ਸਮਾਂ ਨਹੀਂ ਹੈ। ਥੋੜੇ ਚਿਰ ਨੂੰ ਹਟ ਜਾਊਗਾ, ਤੁਸੀਂ ਕਾਹਲੀ ਨਾ ਕਰੋ। ਜੋ ਬੋਲ ਤੁਸੀਂ ਕਰਦੇ ਹੋ ਸੋ ਬੋਲ ਲਿਖ ਕੇ ਪੁਲਿਸ ਵਾਲੇ ਫਿਰੰਗੀ ਨੂੰ ਭੇਜ ਰਹੇ ਹਨ। ਸਾਨੂੰ ਕਹਿੰਦੇ ਹੈਂ ਤੁਹਾਡੇ ਸਿੰਘ ਬਲਵੇ ਕੀਆਂ ਬਾਤਾਂ ਕਰਦੇ ਹੈਂ। ਸਿਰਜ ਕਰੋ ਸ਼ਤਾਬੀ ਨਾ ਕਰੋ ਸਰਕਾਰ ਸਾਨੂੰ ਕਾਇਲ ਕਰਦੀ ਹੈ ਤੁਹਾਥੋਂ

ਸਰਦਾ ਕੁਝ ਨਹੀਂ ਹੈ... ਇਕ ਬਰਸ ਰੋਜ ਠਹਿਰੋ। ਏਥੇ ਬੈਠੇ ਹੀ ਸਭ ਕੁਝ ਕਰ ਲਵਾਂਗੇ।"

—ਸਤਿਗੁਰੂ ਬਿਲਾਸ ਲੇਖਕ ਬਾਬਾ ਸੰਤੋਖ ਸਿੰਘ

ਸਤਿਗੁਰੂ ਨੂੰ ਇਸ ਗੱਲ ਦਾ ਕੋਈ ਭੁਲੇਖਾ ਨਹੀਂ ਸੀ ਕਿ ਨਾਮਧਾਰੀ ਲਹਿਰ ਦੀ ਦੇਸ਼ ਨੂੰ ਅੰਗਰਜ਼ਾਂ ਦੇ ਰਾਜ਼ ਤੋਂ ਸੁਤੰਤਰ ਕਰਵਾਉਣ ਅਤੇ ਆਪਣੇ ਧਰਮ -ਸਭਿਆਚਾਰ ਨੂੰ ਪੁਨਰਸੁਰਜੀਤ ਕਰਨ ਦੀ ਵਿਚਾਰਧਾਰਾ ਅਜੇ ਸਾਰੇ ਭਾਰਤ ਵਰਸ਼ ਨੂੰ ਆਪਣੇ ਕਲਾਵੇ ਵਿੱਚ ਨਹੀਂ ਲੈ ਸਕੀ। ਅਸਲ ਵਿੱਚ ਇਸ ਲਹਿਰ ਨੂੰ ਹਿੰਦੁਸਤਾਨ ਵਿਚ ਫੈਲਣ ਦਾ ਅਜੇ ਪੂਰਾ ਮੌਕਾ ਵੀ ਨਹੀਂ ਸੀ ਮਿਲਿਆ। ਕਿਉਂਕਿ ਇਸ ਲਹਿਰ ਦੀ ਉਮਰ ਅਜੇ ਛੋਟੀ ਹੀ ਸੀ। 1857 ਤੋਂ 1863 ਅਤੇ ਸਤਿਗੁਰੂ ਜੀ ਦੀ ਨਜ਼ਰਬੰਦੀ ਤੋਂ ਬਾਅਦ 1867 ਤੋਂ 1871 ਤਕ ਦੇ ਇੱਕ ਦਹਾਕੇ ਵਿੱਚ ਭਾਵੇਂ ਇਸ ਲਹਿਰ ਨੇ ਆਸ ਅਤੇ ਵਿੱਤ ਤੋਂ ਵੱਧ ਮੰਜ਼ਲਾ ਮਾਰੀਆਂ ਸਨ ਫਿਰ ਵੀ ਹਥਿਆਰ ਚੁੱਕਿਆਂ ਜਿੱਤ ਦੀ ਸੰਭਾਵਨਾ ਅਜੇ ਨਹੀਂ ਸੀ।

ਸਤਿਗੁਰੂ ਜੀ ਨੇ ਧਰਮ ਨੂੰ ਹੀ ਸਭ ਤੋਂ ਪਹਿਲ ਦਿਤੀ ਹੋਈ ਸੀ। ਕਿਉਂਕਿ ਆਪਣੇ ਧਰਮ ਵਿਚ ਪੱਕੇ ਹੋ ਕੇ ਹੀ ਅਸੀਂ ਇਸਾਈਅਤ ਦੇ ਗਲਬੇ ਤੋਂ ਬਚ ਸਕਦੇ ਸੀ। ਆਪਣੇ ਧਰਮ, ਕੌਮ ਅਤੇ ਦੇਸ਼ ਨਾਲ ਮੋਹ ਜਾਗ ਪੈਣ ਪਿਛੋਂ ਹੀ ਅਸੀਂ ਆਜ਼ਾਦੀ ਲਈ ਜੂਝ ਸਕਦੇ ਸਾਂ। ਆਪਣੇ ਰਾਜ ਭਾਗ ਲਈ ਸਾਡੇ ਅੰਦਰ ਤੜਪ ਪੈਦਾ ਹੋ ਸਕਦੀ ਸੀ। ਸਤਿਗੁਰੂ ਜੀ ਵਿਦੇਸ਼ਾਂ ਵਿਚ ਵੀ ਆਪਣੇ ਰਾਜਦੂਤ ਭੇਜੇ ਸਨ ਪਰ ਅਜੇ ਕਿਤੋਂ ਪੂਰਨ ਸਫਲਤਾ ਨਹੀਂ ਸੀ ਮਿਲੀ। ਹਥਿਆਰਬੰਦ ਲੜਾਈ ਲਈ ਮੈਦਾਨ ਤਿਆਰ ਨਹੀਂ ਸੀ। ਏਸੇ ਕਰਕੇ ਸਤਿਗੁਰੂ ਸਚੇ ਪਾਤਸ਼ਾਹ ਨੇ ਸਦਾ ਕੂਕਿਆਂ ਨੂੰ ਹਿੰਸਾ ਕਰਨੋ ਰੋਕਿਆ।

ਪਰ ਮਸਤਾਨੇ ਤਾਂ ਸਿਰਾਂ ਤੇ ਖੱਫਣ ਬੰਨ੍ਹੀ ਫਿਰਦੇ ਸਨ। ਉਨ੍ਹਾਂ ਦਾ ਆਦਰਸ਼ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸੀ। ਸਤਿਗੁਰੂ ਜੀ ਨੂੰ ਜਦ ਉਹ ਆਪਣੇ ਇਰਾਦੇ ਉਤੇ ਅਡਿੱਗ ਅਤੇ ਅਡੋਲ ਖੜੇ ਲੱਗੇ ਤਾਂ ਸਤਿਗੁਰੂ ਜੀ ਨੇ ਉਨ੍ਹਾਂ ਨੂੰ ਆਖਰੀ ਇੱਛਾ ਪੁੱਛੀ। ਉਨ੍ਹਾਂ ਆਪ ਹੱਥੋਂ ਪਰਸ਼ਾਦਾ ਛਕਣ ਦੀ ਇੱਛਾ ਪ੍ਰਗਟ ਕੀਤੀ।

ਸੂ. ਹੀਰਾ ਸਿੰਘ ਅਤੇ ਹੋਰ ਬਾਰਾਂ ਸਿੰਘਾਂ ਨੂੰ ਨਾਲ ਲੈ ਕੇ ਆਪ ਪ੍ਰਸ਼ਾਦੇ ਪਾਣੀ ਲਈ ਲੰਗਰ ਵਲ ਗਏ। ਰਸਤੇ ਵਿਚ ਸਰਫਰਾਜ਼ ਖਾਂ 5 ਸਿਪਾਹੀਆਂ ਨਾਲ ਖੜ੍ਹਾ ਮਿਲਿਆ। ਆਪ ਨੇ ਉਨ੍ਹਾਂ ਨੂੰ ਮਸਤਾਨਿਆਂ ਸਾਹਵੇਂ ਕਹਿ ਦਿਤਾ ਕਿ ਉਹ ਉਨ੍ਹਾਂ ਦੇ ਵਸ ਤੋਂ ਬਾਹਰ ਸਨ। ਉਹ ਕੋਈ ਵੀ ਅਣਸੁਖਾਈ ਘਟਨਾ ਕਰ ਸਕਦੇ ਸਨ।

ਸਤਿਗੁਰੂ ਜੀ ਸਾਰੇ ਸਿੰਘਾਂ ਨੂੰ ਲੰਗਰ ਵਿਚੋਂ ਪਰਸ਼ਾਦਾ ਛਕਾਇਆ।

ਪਰਸ਼ਾਦਾ ਛਕ ਕੇ ਸਭੇ ਅਕਾਲ-ਬੁੰਗੇ ਪਹੁੰਚ ਗਏ। ਦੁਬਾਰਾ ਫਿਰ ਉੱਚੀ ਕੂਕ ਮਾਰ ਕੇ ਕੂਕਿਆਂ ਨੂੰ ਧਰਮ ਜਹਾਜ਼ ਉੱਤੇ ਚੜ੍ਹਨ ਦਾ ਸੱਦਾ ਦਿਤਾ ਗਿਆ ਤਾਂ ਚੜ੍ਹਤ ਸਿੰਘ ਅਤੇ ਉਤਮ ਸਿੰਘ ਲੰਗਰ ਵਿਚੋਂ ਆਟਾ ਗੁੰਨ੍ਹਦੇ ਆ ਗਏ। ਮਸਤਾਨੇ ਸਿੰਘਾਂ ਨੇ ਰੋਠਿਆਂ ਦੀ ਸ਼ਰਦਾਈ ਛਕੀ। ਸ੍ਰ. ਹੀਰਾ ਸਿੰਘ ਨੇ ਕਿਰਪਾਨ ਨਾਲ ਜ਼ਮੀਨ ਉੱਤੇ ਲਕੀਰ ਵਾਹੀ ਅਤੇ ਸਿੰਘਾਂ ਨੂੰ ਪੱਕਿਆਂ ਕਰਨ ਲਈ ਕਿਹਾ ਕਿ ਉਹ ਹੀ ਲਕੀਰ ਪਾਰ ਕਰੇ ਜਿਹੜਾ ਸਿਰ ਧੜ ਦੀ ਬਾਜ਼ੀ ਲਾ ਸਕਦਾ ਸੀ। 140 ਸਿੰਘਾਂ ਨੇ, ਜਿਨ੍ਹਾਂ ਵਿਚ ਦੋਵੇਂ ਮਾਈਆਂ ਵੀ ਸਨ, ਲਕੀਰ ਪਾਰ ਕੀਤੀ।

ਸ੍ਰ. ਹੀਰਾ ਸਿੰਘ, ਦੀ ਅਗਵਾਈ ਹੇਠ ਸੁਤੇ ਸਿੱਧ ਬਣੇ ਇਸ ਸ਼ਹੀਦੀ ਜਥੇ ਦਾ ਮਨਸੂਬਾ ਮਲੇਰ ਕੋਟਲੇ ਜਾ ਕੇ ਨੰਬਰਦਾਰ ਗੁਰਮੁਖ ਸਿੰਘ ਦੇ ਹੋਏ ਅਪਮਾਨ ਦਾ ਬਦਲਾ ਲੈਣਾ ਅਤੇ ਰਾਮ ਗਊਆਂ ਦੇ ਵੱਗ ਕਤਲ ਕਰਨ ਖ਼ਿਲਾਫ਼ ਖੰਡਾ ਖੜਕਾਉਣਾ ਸੀ। ਇਸ ਜਥੇ ਨੇ ਅਰਦਾਸਾ ਸੋਧਿਆ ਅਤੇ ਭੈਣੀ ਸਾਹਿਬ ਤੋਂ ਕੂਚ ਕੀਤਾ। ਤੁਰਨ ਸਮੇਂ ਉਨ੍ਹਾਂ ਕੋਲ ਕੁਝ ਸਫ਼ਾਜੰਗ, ਗੰਡਾਸੇ, ਸੇਲ੍ਹੇ, ਖੂੰਡਿਆਂ ਤੋਂ ਇਲਾਵਾ ਇਕਾ ਦੁਕਾ ਤਲਵਾਰਾਂ ਸਨ। ਹੋਰ ਕੋਈ ਹਥਿਆਰ ਨਹੀਂ ਸੀ। ਮਾਨੋ ਉਹ ਕਿਸੇ ਨੂੰ ਮਾਰਨ ਨਹੀਂ ਸਗੋਂ ਰੋਸ ਪ੍ਰਗਟ ਕਰਕੇ ਮਰਨ ਚਲੇ ਸਨ।

ਇਨ੍ਹਾਂ ਦਾ ਪਿਛਾ ਥਾਣੇਦਾਰ ਸਰਫ਼ਰਾਜ਼ ਖਾਂ ਦੇ ਕਹਿਣ ਉੱਤੇ ਸਾਰਜੰਟ ਨੇ ਕੀਤਾ। ਅਤੇ ਜਦੋਂ ਮਸਤਾਨੇ ਪਟਿਆਲਾ ਰਿਆਸਤ ਦੀ ਹੱਦ ਵਿਚ ਦਾਖ਼ਲ ਹੋ ਗਏ ਤਾਂ ਸਾਰਜੰਟ ਨੇ ਵਾਪਸ ਆ ਕੇ ਸਾਰੀ ਸੂਚਨਾ ਦੇ ਦਿਤੀ। ਇੰਜ ਲਗਦਾ ਸੀ ਕਿ ਉਹ ਆਪਣੀ ਹੱਦ ਵਿਚ ਕੁਝ ਨਾ ਵਾਪਰਨ ਬਾਰੇ ਦੱਸ ਕੇ ਖ਼ੁਸ਼ ਸੀ।

ਸਰਫਰਾਜ਼ ਖਾਂ ਓਸੇ ਵੇਲੇ ਲੁਧਿਆਣੇ ਵਲ ਚਲਾ ਗਿਆ। ਰਾਤ ਪਈ ਲੁਧਿਆਣੇ ਪਹੁੰਚਿਆ, ਡੀ. ਸੀ. ਕਾਵਨ ਨੂੰ ਮਿਲਿਆ, ਸਾਰੀ ਘਟਨਾ ਅਤੇ ਆਪਣੀ ਕੀਤੀ ਕਾਰਵਾਈ ਬਾਰੇ ਦੱਸਿਆ। ਕਾਵਨ ਨੇ 14 ਜਨਵਰੀ 1872 ਨੂੰ ਪਟਿਆਲਾ ਅਤੇ ਮਲੇਰ ਕੋਟਲੇ ਦੇ ਵਕੀਲਾਂ ਨੂੰ ਸੱਦ ਕੇ ਸਭ ਕੁਝ ਦੱਸ ਦਿਤਾ ਅਤੇ ਸ਼ੰਕਾ ਪ੍ਰਗਟ ਕੀਤੀ ਕਿ ਕੋਈ ਵੀ ਅਣਸੁਖਾਵੀਂ ਘਟਨਾ ਵਾਪਰ ਸਕਦੀ ਸੀ, ਸੋ ਉਹ ਸੁਚੇਤ ਰਹਿਣ।

ਸਤਿਗੁਰੂ ਜੀ ਨੇ ਵੀ ਸੂਬਾ ਲੱਖਾ ਸਿੰਘ ਨੂੰ 15 ਜਨਵਰੀ 1872 ਈ: ਨੂੰ ਲੁਧਿਆਣੇ ਭੇਜਿਆ। ਉਸ ਨੇ ਜਾ ਕੇ ਸੰਬੰਧਤ ਸਰਕਾਰੀ ਅਧਿਕਾਰੀਆਂ ਨੂੰ ਦੱਸਿਆ ਕਿ ਕੁਝ ਕੂਕੇ ਮਸਤਾਨੇ ਸਤਿਗੁਰੂ ਜੀ ਦੇ ਵਸ ਤੋਂ ਬਾਹਰ ਹੋ ਗਏ ਹਨ। ਉਹ ਕਿਸੇ ਪ੍ਰਕਾਰ ਦਾ ਵੀ ਖ਼ੂਨ ਖ਼ਰਾਬਾ ਕਰ ਸਕਦੇ ਸਨ। ਸੋ ਸਰਕਾਰ ਆਪਣੇ ਸਾਧਨਾਂ ਰਾਹੀਂ ਉਨ੍ਹਾਂ ਨੂੰ ਐਸੀ ਘਟਨਾ ਕਰਨੋ ਰੋਕ ਲਵੇ। ਚਾਹੀਦਾ ਤਾਂ ਇਹ ਸੀ ਕਿ ਸੂਬੇ ਦੀ ਗੱਲ ਵਲ ਧਿਆਨ ਦੇ ਕੇ ਕੋਈ ਫੌਰੀ ਕਾਰਵਾਈ ਕੀਤੀ ਜਾਂਦੀ ਉਨ੍ਹਾਂ ਸਗੋਂ ਸੂਬਾ ਲਖਾ ਸਿੰਘ ਨੂੰ ਹੀ ਹਿਰਾਸਤ ਵਿੱਚ

ਲੈ ਲਿਆ ਅਤੇ ਸੀਖਾਂ ਅੰਦਰ ਡੱਕ ਦਿੱਤਾ।

ਇਸ ਜਥੇ ਨੂੰ ਧਮੋਟ ਪਿੰਡ ਦੀ ਜੂਹ ਵਿਚੋਂ ਲੰਘਣਾ ਪਿਆ। ਪੈਲੀਆਂ ਵਿੱਚ ਕੰਮ ਕਰਦੇ ਹਰਨਾਮ ਸਿੰਘ ਨੇ ਜਥੇ ਦੇ ਆਗੂ ਨੂੰ ਵਹੀਰਾਂ ਘਤਣ ਦਾ ਕਾਰਨ ਪੁਛਿਆ ਤਾਂ ਉਸ ਸਾਰੀ ਵਾਰਤਾ ਸੰਖੇਪ ਵਿੱਚ ਕਹਿ ਕੇ ਕਿਹਾ ਕਿ ਉਹ ਕੋਟਲਾ ਸੋਧਣ ਚੱਲੇ ਸੀ ਕਿਉਂਕਿ ਉਥੇ ਗਊ ਹੱਤਿਆ ਹੁੰਦੀ ਸੀ। ਨਾਲ ਹੀ ਗੁਰਮੁਖ ਸਿੰਘ ਨਾਲ ਵਾਪਰੀ ਘਟਨਾ ਕਹਿ ਸੁਣਾਈ। ਹਰਨਾਮ ਸਿੰਘ ਸਾਰੀ ਗਲ ਸੁਣ ਕੇ ਹਲ ਦੀ ਜੰਘੀ ਛਡ ਕੇ ਸ਼ਹੀਦੀ ਜੱਥੇ ਨਾਲ ਰਲ ਗਿਆ। ਰਾਮਪੁਰ, ਪਾਇਲ ਰਾਹੀਂ ਹੁੰਦਾ ਇਹ ਜੱਥਾ ਰਾਤ ਦੇ ਦਸ ਵਜੇ ਰੱਬੋਂ ਪਿੰਡ ਪੁਜਾ। ਉੱਥੇ ਪਿੰਡੋਂ ਬਾਹਰਵਾਰ ਹੀ 4-5 ਸੌ ਕਦਮਾਂ ਦੀ ਵਿੱਥ ਤੇ ਇੱਕ ਖੂਹ ਉੱਤੇ ਡੇਰਾ ਜਮਾ ਲਿਆ। ਪਿੰਡ ਦੇ ਕੁਝ ਸਿੰਘ ਵੀ ਜਥੇ ਨਾਲ ਸਨ। ਉਨ੍ਹਾਂ ਪਿੰਡੋਂ ਕੱਚਾ ਰਾਸ਼ਨ ਅਤੇ ਬਰਤਨ ਲਿਆਂਦੇ। ਉਥੇ ਲੰਗਰ ਤਿਆਰ ਕਰ ਕੇ ਛਕਿਆ ਗਿਆ। ਫਿਰ ਸ਼ਬਦ ਕੀਰਤਨ ਹੋਣ ਲੱਗਾ ਅਤੇ ਗੁਰਮਤ ਪਰਚਾਰ ਵੀ। ਪਿੰਡ ਦੇ ਲੋਕ ਵੀ ਦੇਰ ਰਾਤ ਤਕ ਮੰਤਰ ਮੁਗਧ ਹੋਏ ਸੁਣਦੇ ਰਹੇ। ਰਾਤ ਉੱਥੇ ਹੀ ਕੱਟੀ ਅਤੇ ਅਗਲੇ ਦਿਨ ਮਲੌਧ ਵਲ ਕੂਚ ਕੀਤਾ।

ਮਲੌਧ ਦਾ ਸਰਦਾਰ ਬਦਨ ਸਿੰਘ, ਹੀਰਾ ਸਿੰਘ ਦਾ ਰਿਸ਼ਤੇਦਾਰ ਸੀ। ਇੱਕ ਵਾਰ ਉਸਨੂੰ ਹੀਰਾ ਸਿੰਘ ਨੇ ਸੰਗਰੂਰ, ਨਾਭਾ, ਜੀਂਦ ਜਿੱਤ ਲੈਣ ਦੀ ਤਜਵੀਜ਼ ਵੀ ਦੱਸੀ ਅਤੇ ਇਨ੍ਹਾਂ ਥਾਵਾਂ ਦਾ ਸ਼ਾਸਨ ਬਦਨ ਸਿੰਘ ਹਥ ਹੀ ਸੌਂਪਣ ਦਾ ਇਕਰਾਰ ਵੀ ਕੀਤਾ। ਬਦਨ ਸਿੰਘ ਨੇ ਵੀ ਲੋੜ ਪੈਣ ਉਤੇ ਹਥਿਆਰ ਅਤੇ ਹੋਰ ਸਹਾਇਤਾ ਦੇਣ ਦਾ ਭਰੋਸਾ ਦੁਆਇਆ।

ਸ਼ਹੀਦੀ ਜਥੇ ਕੋਲ ਮਲੇਰ ਕੋਟਲੇ ਹਮਲਾ ਕਰਨ ਲਈ ਕੋਈ ਖ਼ਾਸ ਹਥਿਆਰ ਨਹੀਂ ਸਨ। ਸੋ ਸ੍ਰ. ਬਦਨ ਸਿੰਘ ਨੂੰ ਮਿਲ ਕੇ ਲੋੜੀਂਦੇ ਹਥਿਆਰ ਲੈਣ ਲਈ ਹੀ ਉਹ ਮਲੌਧ ਨੂੰ ਤੁਰੇ ਸਨ। ਉਹ 14 ਜਨਵਰੀ 1872 ਈ: ਮੁਤਾਬਕ 3 ਮਾਘ 1928 ਈ: ਨੂੰ ਰਾਤ ਹਨੇਰੇ ਪਏ ਮਲੌਧ ਪਹੁੰਚੇ ਅਤੇ ਰਵਾਂ ਰਵੀਂ ਕਿਲ੍ਹੇ ਵਿੱਚ ਜਾ ਵੜੇ।

ਸ੍ਰ. ਹੀਰਾ ਸਿੰਘ ਨੇ ਸ੍ਰ: ਬਦਨ ਸਿੰਘ ਨੂੰ ਪੁਰਾਣਾ ਇਕਰਾਰ ਚੇਤੇ ਕਰਾਇਆ ਅਤੇ ਹਥਿਆਰਾਂ ਦੀ ਮੰਗ ਕੀਤੀ ਤੇ ਨਾਲ ਕੁਝ ਘੋੜੇ ਵੀ ਮੰਗੇ। ਉਸ ਨੇ ਜਥੇ ਦਾ ਮਲੇਰ ਕੋਟਲੇ ਤੇ ਹਮਲਾ ਕਰਨ ਦਾ ਇਰਾਦਾ ਵੀ ਦੱਸ ਦਿੱਤਾ। ਬਾਕੀ ਵੀ ਬਾਗੀਆਂ ਦੀ ਬੋਲੀ ਬੋਲ ਰਹੇ ਸਨ। ਸ੍ਰ. ਬਦਨ ਸਿੰਘ ਨੇ ਜਦ ਸੋਚਿਆ ਤਾਂ ਉਸ ਨੂੰ ਉਨ੍ਹਾਂ ਦੀ ਮਦਦ ਕਰਨ ਦੀ ਥਾਂ ਸਰਕਾਰ ਦੀ ਵਫਾਦਾਰੀ ਪਾਲਣ ਵਿੱਚ ਆਪਣਾ ਐਸ਼ ਆਰਾਮ ਮਹਿਫੂਜ਼ ਨਜ਼ਰ ਆਇਆ। ਸੋ ਉਸ ਨੇ ਕੁਝ ਵੀ ਦੇਣ ਤੋਂ ਸਾਫ਼ ਇਨਕਾਰ ਕਰ ਦਿੱਤਾ। ਮਸਤਾਨਿਆਂ ਨੂੰ ਨਿਰਾਸ਼ਾ ਤਾਂ ਹੋਈ ਹੀ ਪਰ

ਗੁੱਸਾ ਵੀ ਬੜਾ ਆਇਆ। ਗੁੱਸੇ ਵਿੱਚ ਆ ਕੇ ਮਾਈ ਇੰਦ ਕੌਰ ਨੇ ਉਸ ਨੂੰ ਮਾਜੰਗ ਕੱਢ ਮਾਰਿਆ ਅਤੇ ਨਾਲੇ ਵੱਧ-ਘੱਟ ਬੋਲਿਆ। ਉਸ ਰੌਲਾ ਪਾ ਦਿੱਤਾ ਅਤੇ ਭੱਜ ਕੇ ਜਨਾਨ ਖਾਨੇ ਜਾ ਵੜਿਆ। ਭੱਜੇ ਜਾਂਦੇ ਨੂੰ ਤਲਵਾਰਾਂ, ਡਾਗਾਂ ਦੇ ਹੋਰ ਮਸਤਾਨਿਆਂ ਹੱਥੀਂ ਵੀ ਛੇ ਮਾਮੂਲੀ ਫੱਟ ਲਗੇ। ਰੌਲਾ ਸੁਣ ਕੇ ਉਸਦੇ ਅਹਿਲਕਾਰ ਵੀ ਇਕੱਠੇ ਹੋ ਗਏ। ਬਾਹਰੋਂ ਲੋਕ ਵੀ ਆ ਗਏ। ਸ਼ਹੀਦੀ ਜਥੇ ਨੂੰ ਉਨ੍ਹਾਂ ਨਾਲ ਦੋ ਹੱਥ ਕਰਨੇ ਪਏ ਜਿਸ ਦੇ ਸਿੱਟੇ ਵਜੋਂ ਬਦਨ ਸਿੰਘ ਦਾ ਕੋਚਵਾਨ ਬੂਟਾ ਅਤੇ ਮੁਨਸ਼ੀ ਨਬੀ ਬਖਸ਼ ਥਾਂ ਮਾਰੇ ਗਏ। ਬਦਨ ਸਿੰਘ ਅਤੇ ਨਿਹਾਲ ਸਿੰਘ ਜਖ਼ਮੀ ਹੋਏ। ਜਥੇ ਵਿਚੋਂ ਨੰਦ ਸਿੰਘ ਹੰਡਿਆਏ ਵਾਲਾ ਅਤੇ ਅਤਰ ਸਿੰਘ ਸ਼ਹੀਦ ਹੋ ਗਏ। ਭਗਵਾਨ ਸਿੰਘ ਸਪੁਤਰ ਰਾਮ ਸਿੰਘ, ਗਿਆਨ ਸਿੰਘ ਵਲਦ ਦਲ ਸਿੰਘ, ਥੰਮਣ ਸਿੰਘ ਸਪੁਤਰ ਅਲਬੇਲ ਸਿੰਘ ਅਤੇ ਮਿਹਰ ਸਿੰਘ ਵਲਦ ਗੁਲਾਬਾ ਸਖ਼ਤ ਜਖ਼ਮੀ ਹੋਏ।

ਏਥੋਂ ਕੁਝ ਤਲਵਾਰਾਂ, ਬੰਦੂਕਾਂ, ਗੋਲੀ ਬਰੂਦ ਅਤੇ ਤਬੇਲੇ ਵਿਚੋਂ ਘੋੜੀਆਂ ਘੋੜੇ ਖ਼ਾਲਸੇ ਨੇ ਖੋਲ੍ਹ ਲਏ ਅਤੇ ਰਾਤ ਦੇ ਹਨੇਰੇ ਵਿੱਚ ਹੀ ਖ਼ਾਲਸਾ ਹਰਨ ਹੋ ਗਿਆ। ਚਾਹੇ ਜਖ਼ਮੀ ਕੂਕੇ ਦੂਜਿਆਂ ਨਾਲ ਕਦਮ ਮੇਲ ਕੇ ਨਾ ਤੁਰ ਸਕੇ ਅਤੇ ਪਿਛੇ ਰਹਿ ਗਏ ਜਿਨ੍ਹਾਂ ਨੂੰ ਲੋਕਾਂ ਨੇ ਪੁਲਿਸ ਨੂੰ ਫੜਵਾ ਦਿੱਤਾ।

ਜ਼ਿਲ੍ਹਾ ਲੁਧਿਆਣਾ ਦਾ ਡਿਪਟੀ ਕਮਿਸ਼ਨਰ ਕਾਵਨ 'ਕਿਸੇ ਖ਼ਬਰ' ਦੀ ਉਡੀਕ ਵਿੱਚ ਬੈਠਾ ਸੀ। ਉਸਨੇ 15-1-1872 ਨੂੰ ਖ਼ਬਰ ਮਿਲਦਿਆਂ ਹੀ ਦੋ ਕੰਮ ਕੀਤੇ। ਇੱਕ ਤਾਂ ਕਮਿਸ਼ਨਰ ਫੋਰਸਿਥ ਨੂੰ ਅੰਬਾਲੇ ਇਤਲਾਹ ਕਰ ਦਿੱਤੀ ਅਤੇ ਦੂਜਾ ਨਾਇਬ ਤਸੀਲਦਾਰ ਲਹਿਣਾ ਸਿੰਘ ਹੱਥ ਸਤਿਗੁਰੂ ਰਾਮ ਸਿੰਘ ਜੀ ਨੂੰ ਮਲੌਧ ਸੱਦ ਭੇਜਿਆ।

ਸਤਿਗੁਰੂ ਜੀ ਸੁਨੇਹਾ ਮਿਲਦੇ ਹੀ ਮਲੌਧ ਨੂੰ ਤਿਆਰ ਹੋ ਗਏ। ਉਹ ਸੁਰਖੀ ਘੋੜੀ ਉੱਤੇ ਸਵਾਰ ਹੋਏ। ਪੰਜ ਸੂਬੇ ਕਾਹਨ ਸਿੰਘ, ਜਵਾਹਰ ਸਿੰਘ, ਸਾਹਿਬ ਸਿੰਘ, ਖ਼ਜਾਨ ਸਿੰਘ, ਜੋਗਾ ਸਿੰਘ ਵੀ ਆਪ ਦੇ ਨਾਲ ਜਾਣ ਵਾਸਤੇ ਘੋੜਿਆਂ ਉੱਤੇ ਸਵਾਰ ਹੋਏ। ਆਪ 16 ਜਨਵਰੀ 1872 ਈ: ਨੂੰ ਦੁਪਹਿਰ 12 ਵਜੇ ਦੇ ਕਰੀਬ ਮਲੌਧ ਅਪੜੇ। ਉਥੇ ਡੀ. ਸੀ. ਕਾਵਨ, ਡੀ. ਐਸ. ਪੀ. ਲੈਫਟੀਨੈਂਟ ਕਰਨੈਲ, ਈ. ਪਰਕਿੰਜ਼ ਅਤੇ ਸਿਵਿਲ ਸਰਜਨ ਜੇ ਇਨਜ਼ ਪਹਿਲਾਂ ਹੀ ਪਹੁੰਚ ਕੇ ਤਫਤੀਸ਼ ਕਰ ਕੇ ਰਿਪੋਰਟਾਂ ਤਿਆਰ ਕਰ ਰਹੇ ਸਨ। ਪਰ ਕਿਉਂਕਿ ਉਨ੍ਹਾਂ ਨੂੰ ਮਲੇਰ ਕੋਟਲੇ ਵਾਪਰੀਆਂ ਘਟਨਾਵਾਂ ਦਾ ਵੀ ਪਤਾ ਲੱਗ ਚੁਕਾ ਸੀ ਸੋ ਉਹ ਮਲੇਰ ਕੋਟਲੇ ਮੌਕੇ ਉਤੇ ਪਹੁੰਚਣ ਲਈ ਕਾਹਲੇ ਸਨ। ਉਨ੍ਹਾਂ ਸਤਿਗੁਰੂ ਜੀ ਨੂੰ ਨਾਮਧਾਰੀਆਂ ਦੀ ਖੂਨ ਖਰਾਬਾ ਕਰਨ ਦੀ ਸ਼ਿਕਾਇਤ ਕੀਤੀ ਅਤੇ ਕਿਹਾ ਕਿ ਲੋੜ ਪੈਣ ਉੱਤੇ ਲੁਧਿਆਣੇ ਸੱਦ ਲਿਆ ਜਾਵੇਗਾ। ਅੰਗਰੇਜ਼ ਅਫਸਰ ਮਲੇਰ ਕੋਟਲੇ ਨੂੰ ਅਤੇ

ਸਤਿਗੁਰੂ ਸਚੇ ਪਾਤਸ਼ਾਹ ਸੂਬਿਆਂ ਸਹਿਤ ਭੈਣੀ ਸਾਹਿਬ ਨੂੰ ਮੁੜ ਪਏ।

ਕੂਕਿਆਂ ਦਾ ਜਥਾ ਮਲੌਧ ਕੋਈ ਲੜਾਈ ਝਗੜਾ ਜਾਂ ਖ਼ੂਨ ਖਰਾਬਾ ਕਰਨ ਨਹੀਂ ਸੀ ਗਿਆ ਸਗੋਂ, ਇਸ ਵਿਸ਼ਵਾਸ ਨਾਲ ਕਿ ਸ੍ਰ. ਬਦਨ ਸਿੰਘ ਇਨਕਾਰ ਨਹੀਂ ਕਰੇਗਾ, ਹਥਿਆਰ, ਘੋੜੇ ਅਤੇ ਹੋਰ ਮਦਦ ਲੈਣ ਹੀ ਆਏ ਸਨ। ਉਸ ਦੇ ਕੋਰੇ ਜੁਆਬ ਨੇ ਹਾਲਾਤ ਬਦਲ ਦਿੱਤੇ। ਉਨ੍ਹਾਂ ਜੋ ਕੁਝ ਵੀ ਕੀਤਾ ਗੁੱਸੇ ਵਿੱਚ ਜਾਂ ਆਪਣੇ ਬਚਾ ਲਈ ਕੀਤਾ। ਏਸੇ ਲਈ ਕੋਈ ਭਾਰੀ ਜਾਨੀ ਨੁਕਸਾਨ ਨਹੀਂ ਹੋਇਆ।

ਮਲੇਰ ਕੋਟਲਾ ਮਲੌਧੋਂ ਸੱਤ ਕੋਹ ਸੀ। ਸ਼ਹੀਦੀ ਜਥਾ ਰਾਤੋ ਰਾਤ ਕੋਟਲੇ ਪਹੁੰਚ ਗਿਆ। ਅਜੇ ਮੂੰਹ ਹਨੇਰਾ ਹੀ ਸੀ। ਸ਼ਹਿਰ ਦੇ ਦਰਵਾਜ਼ੇ ਬੰਦ ਸਨ। ਸੰਤਰੀ ਦਰਵਾਜ਼ਿਆਂ ਉੱਤੇ ਪਹਿਰਾ ਦੇ ਰਹੇ ਸਨ। ਢਾਬੀ ਦਰਵਾਜੇ ਕੋਲ ਕੰਧ ਢੱਠੀ ਹੋਈ ਸੀ। ਉਥੇ ਕੋਈ ਪਹਿਰਾ ਨਹੀਂ ਸੀ। ਇੱਕ ਸਿੰਘ ਉਸ ਥਾਂ ਤੋਂ ਛਾਲ ਮਾਰ ਕੇ ਅੰਦਰ ਜਾ ਵੜਿਆ ਅਤੇ ਦਰਵਾਜ਼ਾ ਖੋਲ੍ਹ ਦਿੱਤਾ। ਜਥਾ ਕੋਟਲੇ ਦੀਆਂ ਸੜਕਾਂ ਪਾਰ ਕਰਦਾ ਹੋਇਆ ਚਿੜੀਮਾਰਾਂ ਦੇ ਮਹੱਲੇ ਪਹੁੰਚਿਆ। ਇਹ ਹੀ ਮਲੇਰਕੋਟਲੇ ਦਾ ਮਸ਼ਹੂਰ ਮਹੱਲਾ ਸੀ ਜਿਥੇ ਗਊਆਂ ਦੇ ਵੱਗਾਂ ਦੇ ਵੱਗ ਹਲਾਕ ਕੀਤੇ ਜਾਂਦੇ ਸਨ। ਸਿੰਘਾਂ ਨੇ ਜਾਂਦਿਆਂ ਹੀ ਜੈਕਾਰੇ ਗਜਾਏ। ਜੈਕਾਰਿਆਂ ਦੀ ਆਕਾਸ਼ ਗੁੰਜਾਊ ਆਵਾਜ਼ ਸੁਣ ਕੇ ਲੋਕ ਜਾਗ ਪਏ। ਰੌਲਾ ਪੈ ਗਿਆ ਕਿ, "ਸਿੰਘ ਆ ਪਏ, ਸਿੰਘ ਆ ਪਏ।" ਹਫੜਾਦਫੜੀ ਮੱਚ ਗਈ, ਸ਼ੋਰਸ਼ਰਾਬਾ ਹੋਣ ਲੱਗਾ, ਚੀਕਚਿਹਾੜਾ ਪੈ ਗਿਆ।

ਸ਼ਹੀਦੀ ਜਥੇ ਨੂੰ ਆਮ ਨਾਗਰਿਕਾਂ ਖਿਲਾਫ਼ ਕੋਈ ਰੰਜ ਨਹੀਂ ਸੀ। ਸਗੋਂ ਉਸ ਕੋਤਵਾਲ ਤੇ ਗੁਸਾ ਸੀ ਜਿਸ ਨੇ ਗੁਰਮੁਖ ਸਿੰਘ ਨੰਬਰਦਾਰ ਸਾਹਮਣੇ ਬਲਦ ਮਰਵਾ ਦੇਣ ਦਾ ਹੁਕਮ ਦੇ ਕੇ ਨੰਬਰਦਾਰ ਦਾ ਅਪਮਾਨ ਕੀਤਾ ਸੀ। ਜਥਾ ਕੋਤਵਾਲੀ ਵੱਲ ਵਧਿਆ, ਉੱਥੇ ਨਾਲ ਹੀ ਖ਼ਜ਼ਾਨਾ ਵੀ ਸੀ। ਜਥੇ ਦੀ ਅਗਵਾਈ ਹੀਰਾ ਸਿੰਘ ਅਤੇ ਲਹਿਣਾ ਸਿੰਘ ਕਰ ਰਹੇ ਸਨ ਜਿਨ੍ਹਾਂ ਦੇ ਹੱਥਾਂ ਵਿੱਚ ਨੰਗੀਆਂ ਤਲਵਾਰਾਂ ਸਨ। ਉਹ ਦੋਵੇ ਘੋੜਿਆਂ ਤੇ ਸਵਾਰ ਸਨ।

ਕੋਤਵਾਲੀ ਚੌਕ ਵਿੱਚ ਇਸ ਜਥੇ ਦਾ ਮੁਕਾਬਲਾ ਕਰਨ ਲਈ ਪੁਲਿਸ ਅਤੇ ਹੋਰ ਲੋਕ ਵੀ ਹਥਿਆਰਬੰਦ ਹੋ ਕੇ ਆ ਗਏ ਸੀ। ਜੰਮ ਕੇ ਲੜਾਈ ਹੋਈ। ਕੂਕੇ ਤਲਵਾਰਾਂ, ਗੰਡਾਸਿਆਂ, ਸਫ਼ਾਜੰਗਾਂ, ਡਾਂਗਾ ਆਦਿ ਨਾਲ ਡੱਟ ਕੇ ਮੁਕਾਬਲਾ ਕਰਦੇ ਰਹੇ। ਕੋਟਲੇ ਵਾਲਿਆਂ ਵੀ ਘੱਟ ਨਹੀਂ ਗੁਜ਼ਾਰੀ ਪਰ ਕੋਤਵਾਲ ਦੇ ਮਾਰੇ ਜਾਣ ਬਾਅਦ ਉਨ੍ਹਾਂ ਦਾ ਲੱਕ ਟੁਟ ਗਿਆ ਅਤੇ ਉਹ ਮੈਦਾਨ ਛਡ ਕੇ ਭੱਜ ਗਏ।

ਇਸ ਹੱਥੋ ਹੱਥ ਦੀ ਲੜਾਈ ਵਿੱਚ ਮਲੇਰ ਕੋਟਲੇ ਦੇ ਕੋਤਵਾਲ ਅਹਿਮਦ ਖਾਂ ਤੋਂ ਇਲਾਵਾ ਸੱਤ ਸਿਪਾਹੀ ਅਤੇ ਹੋਰ ਕਾਫੀ ਲੋਕ ਥਾਂ ਮਾਰੇ ਗਏ। ਹਾਫ਼ਜ਼

ਅਲੀ ਸ਼ੇਰ ਮੁਨਸ਼ੀ ਤੇ ਸਿਪਾਹੀ ਗੇਂਦਾ ਬੁਰੀ ਤਰ੍ਹਾਂ ਜਖ਼ਮੀ ਹੋਏ। ਮੀਰਬਖ਼ਸ਼, ਝੰਡਾ, ਕੌੜਾ ਅਤੇ ਜੱਸੇ ਨੂੰ ਵੀ ਕਰਾਰੇ ਫੱਟ ਲੱਗੇ। ਬੀਰਾ, ਗੰਤਾ, ਕੰਮਾ, ਸੂਬੇਦਾਰ, ਸ਼ਹਾਦਤ ਖਾਂ, ਮਾਇਹੋਂ, ਅਬਦੁਲਾ ਰਹੀਮ ਖਾਂ, ਗੁਲਾਮ ਮੁਹੰਮਦ, ਖੁਦਾਈਆ ਅਤੇ ਦੀਨਾ ਨੂੰ ਵੀ ਚੋਟਾਂ ਆਈਆਂ।

ਸ਼ਹੀਦੀ ਜਥੇ ਦੇ ਵੀ 7 ਸਿੰਘਾਂ ਨੂੰ ਜਾਨ ਤੋਂ ਹੱਥ ਧੋਣੇ ਪਏ, 2 ਸਿੰਘ ਬੁਰੀ ਤਰ੍ਹਾਂ ਜ਼ਖ਼ਮੀ ਹੋਏ ਅਤੇ 31 ਸਿੰਘਾਂ ਦੇ ਫੱਟ ਲੱਗੇ।

ਸ਼ਹੀਦੀ ਜਥੇ ਦੀ ਭਾਵਨਾ ਨਗਰ ਉੱਤ ਕਬਜ਼ਾ ਕਰਨ ਦੀ ਨਹੀਂ ਸੀ। ਸੋ ਸਿੰਘ ਮੈਦਾਨ ਮਾਰ ਕੇ ਰੜ ਪਿੰਡ ਨੂੰ ਹੋ ਤੁਰੇ, ਜਖ਼ਮੀ ਸਿੰਘਾਂ ਨੂੰ ਵੀ ਉਹ ਨਾਲ ਹੀ ਲੈ ਆਏ।

ਕੋਟਲੇ ਦਾ ਇਕ ਬਲਵਾਨ ਜੰਗਜੂ ਪਠਾਨ ਸਮੁੰਦ ਖਾਂ ਇਸ ਲੜਾਈ ਸਮੇਂ ਕਿਤੇ ਵਾਂਢੇ ਗਿਆ ਹੋਇਆ ਸੀ। ਉਹ ਜਦ ਵਾਪਸ ਆਇਆ ਤਾਂ ਕਾਂਡ ਬਾਰੇ ਸੁਣ ਕੇ ਅਤੇ ਧਰਤੀ ਲਹੂ ਲੁਹਾਨ ਵੇਖ ਕੇ ਉਸਦਾ ਖ਼ੂਨ ਖੌਲਿਆ। ਉਸ ਨੇ ਤੁਰੰਤ ਕੁਝ ਨੌਜਵਾਨ ਅਤੇ ਪੁਲਿਸ ਦੇ ਸਿਪਾਹੀ ਆਪਣੇ ਨਾਲ ਲਏ ਅਤੇ ਕੂਕਿਆਂ ਦਾ ਪਿੱਛਾ ਕੀਤਾ। ਕੂਕੇ ਮਸਤਾਨਿਆਂ ਦਾ ਜੱਥਾ ਭੂਦਨ ਵਾਲੇ ਖੂਹ ਕੋਲ ਪਹੁੰਚ ਚੁੱਕਾ ਸੀ। ਸਮੁੰਦ ਖਾਂ ਨੇ ਮਗਰੋਂ ਲਲਕਾਰਿਆ। ਜਥਾ ਰੁਕ ਗਿਆ। ਸਮੁੰਦ ਖਾਂ ਅਤੇ ਹੀਰਾ ਸਿੰਘ ਦਾ ਦਵੰਦ ਯੁਧ ਹੋਇਆ ਜਿਸ ਵਿਚ ਹੀਰਾ ਸਿੰਘ ਦਾ ਗੁੱਟ ਕਟਿਆ ਗਿਆ ਅਤੇ ਸਮੁੰਦ ਖਾਂ ਖੇਤ ਰਿਹਾ। ਬਾਕੀ ਦੀ ਗਾਂਢਵੀਂ ਧਾੜ ਕੂਕਿਆਂ ਦੇ ਗਲ ਪੈਣ ਦੀ ਹਿੰਮਤ ਹੀ ਨਾ ਕਰ ਸਕੀ ਅਤੇ ਮੈਦਾਨ ਛੱਡ ਕੇ ਭੱਜ ਗਈ। ਭਜਦਿਆਂ ਭਜਦਿਆਂ ਨੇ ਵੀ ਗੋਲੀ ਚਲਾਈ ਜੋ ਹੀਰਾ ਸਿੰਘ ਦੇ ਘੋੜੇ ਨੂੰ ਲਗੀ। ਘੋੜਾ ਉਥੇ ਹੀ ਢੇਰੀ ਹੋ ਗਿਆ। ਹੀਰਾ ਸਿੰਘ ਵਾਲ ਵਾਲ ਬਚ ਗਿਆ। ਹੀਰਾ ਸਿੰਘ ਜਥੇਦਾਰ ਨੇ ਪੱਗ ਦਾ ਪੱਲਾ ਪਾੜ ਕੇ ਗੁੱਟ ਉਤੇ ਬੰਨ੍ਹ ਲਿਆ ਤਾਂਕਿ ਖ਼ੂਨ ਵਗਣੋਂ ਬੰਦ ਹੋ ਜਾਵੇ।

ਤੁਰਦਾ ਤੁਰਦਾ ਇਹ ਜਥਾ ਰੜ ਪਿੰਡ ਤੋਂ ਬਾਹਰਵਾਰ ਟਿੱਬੇ ਉੱਤੇ ਆ ਬੈਠਾ। ਹੀਰਾ ਸਿੰਘ, ਲਹਿਣਾ ਸਿੰਘ ਆਦਿ ਨੇ ਭੈਣੀ ਸਾਹਿਬੋਂ ਤੁਰਨ ਤੋਂ ਲੈ ਕੇ ਕੋਟਲੇ ਪਹੁੰਚਣ ਤਕ ਦੇ ਕੰਮ ਦਾ ਲੇਖਾ ਜੋਖਾ ਕੀਤਾ। ਭਾਵੇਂ ਉਨ੍ਹਾਂ ਨੂੰ ਕੋਤਵਾਲ ਨੂੰ ਮਾਰ ਕੇ ਗੁਰਮੁਖ ਸਿੰਘ ਨੰਬਰਦਾਰ ਦੇ ਹੋਏ ਅਪਮਾਨ ਦਾ ਬਦਲਾ ਲੈਣ ਨਾਲ ਠੰਢ ਪਈ ਫਿਰ ਵੀ ਉਨ੍ਹਾਂ ਨੂੰ ਬਦਨ ਸਿੰਘ ਦੇ ਵਰਤਾਉ ਤੋਂ ਨਿਰਾਸ਼ਾ ਹੋਈ। ਉਨ੍ਹਾਂ ਨੂੰ ਇਹ ਵੀ ਭੁਲੇਖਾ ਸੀ ਕਿ ਲੋਕ ਵਹੀਰਾਂ ਘੱਤ ਕੇ, ਜ਼ੁਲਮ ਅਤੇ ਤਸ਼ਦਦ ਦੇ ਖਿਲਾਫ਼ ਅਵਾਜ਼ ਉਠਾਉਣ ਲਈ, ਉਨ੍ਹਾਂ ਦੇ ਨਾਲ ਤੁਰ ਪੈਣਗੇ। ਇਹ ਭੁਲੇਖਾ ਵੀ ਦੂਰ ਹੋ ਗਿਆ ਉਨ੍ਹਾਂ ਵਿਸ਼ਲੇਸ਼ਣ ਕੀਤਾ ਕਿ ਹਥਿਆਰ ਚੁੱਕਣ ਦਾ ਅਜੇ ਸਮਾਂ ਨਹੀਂ ਸੀ ਆਇਆ। ਹੁਣ ਉਨ੍ਹਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਦਾ

ਬਚਨ ਕਿ, "ਸਾਲ ਭਰ ਹੋਰ ਉਡੀਕ ਕਰੋ। ਸ਼ਾਂਤ-ਮਈ ਢੰਗ ਨਾਲ ਦੇਸ਼ ਅਜ਼ਾਦ ਕਰਵਾ ਕੇ ਗਊ ਗ਼ਰੀਬ ਦੇ ਗਲ ਤੋਂ ਛੁਰੀ ਲਾਹ ਲਵਾਂਗੇ," ਬੜਾ ਦੂਰਦਰਿਸ਼ਟੀ, ਸੂਝ ਭਰਪੂਰ ਅਤੇ ਦੂਰਅੰਦੇਸ਼ੀ ਵਾਲਾ ਲੱਗਾ। ਜਥੇਦਾਰਾਂ ਨੇ ਲੋਕਾਂ ਵਿੱਚ ਹੋਰ ਜਾਗ੍ਰਿਤੀ ਪੈਦਾ ਕਰਨ ਲਈ ਆਤਮ ਸਮਰਪਣ ਕਰਨ ਨੂੰ ਹੀ ਉਚਿਤ ਜਾਤਾ, ਹਾਲਾਂਕਿ ਉਨ੍ਹਾਂ ਨੂੰ ਪਤਾ ਸੀ ਕਿ ਸਰਕਾਰ ਉਨ੍ਹਾਂ ਨੂੰ ਸਖ਼ਤ ਤੋਂ ਸਖ਼ਤ ਸਜਾ ਦੇਵੇਗੀ ਪਰ ਇਸ ਨਾਲ ਵੀ ਲੋਕ ਇੱਕ ਪਾਸੇ ਸਰਕਾਰ ਦੇ ਜ਼ੁਲਮ, ਸਿਤਮ, ਤਸ਼ਦਦ ਅਤੇ ਦਹਿਸ਼ਤ ਪਸੰਦੀ ਨੂੰ ਵੇਖਦੇ ਦੂਜੇ ਪਾਸੇ ਨਿਰਭੈ ਸੂਰਿਆਂ ਅਤੇ ਧਰਮੀ ਜੀਵੜਿਆਂ ਦੀ ਸਹਿਣਸ਼ੀਲਤਾ ਅਤੇ ਜਰਨ ਸ਼ਕਤੀ ਨੂੰ ਵੇਖ ਕੇ ਪ੍ਰਭਾਵਤ ਹੁੰਦੇ।

ਜਥੇਦਾਰਾਂ ਨੇ ਖੜ੍ਹੇ ਹੋ ਕੇ, ਵਿਆਖਿਆ ਕਰਕੇ ਆਪਣੀ ਗੱਲ ਸਮਝਾ ਦਿੱਤੀ ਕਿ ਉਦੋਂ ਕੁਰਬਾਨੀ ਦੇਣੀ ਸੀ। ਕੋਈ ਹੋਰ ਕਾਰਵਾਈ ਨਹੀਂ ਸੀ ਕਰਨੀ। ਸਰਕਾਰ ਅੱਗੇ ਆਪ ਪੇਸ਼ ਹੋਣਾ ਸੀ। ਜਥੇਦਾਰ ਹੀਰਾ ਸਿੰਘ ਨੇ ਮਿਆਨ ਵਿਚੋਂ ਤਲਵਾਰ ਕਢੀ ਧਰਤੀ ਤੇ ਲਕੀਰ ਵਾਹੀ ਅਤੇ ਕਿਹਾ, "ਜਿੰਨਾਂ ਗੁਰੂ ਤੇਗ ਬਹਾਦਰ ਦਾ ਹੁਕਮ ਸੀ ਅਸੀਂ ਕੰਮ ਕੀਤਾ ਹੈ। ਹੁਣ ਤਾਂ ਕੇਵਲ ਸ਼ਹੀਦੀ ਹੀ ਦੇਣੀ ਹੈ ਸੋ ਜਿਸ ਨੇ ਸੀਸ ਦੇਣਾ ਹੈ ਲਕੀਰ ਟਪ ਜਾਓ ਬਾਕੀ ਆਪਣੇ ਆਪਣੇ ਘਰਾਂ ਨੂੰ ਪਰਤ ਜਾਓ।" ਜਥੇਦਾਰ ਦਾ ਬੋਲ ਸੁਣ ਕੇ ਸਭ ਨੇ ਆਪਣੇ ਮਨ ਨਾਲ ਵਿਚਾਰ ਕੀਤੀ। ਭਗਵਾਨ ਸਿੰਘ ਅੜਬੰਗੀ ਅਤੇ ਹੀਰਾ ਦਾਸ ਮੂਮਾਂ ਗਹਿਲਾਂ ਵਾਲਾ ਆਦਿ ਕੁਝ ਸਿੰਘ ਆਪਣੇ ਆਪਣੇ ਰਾਹ ਪਏ। ਸਾਊਣ ਸਿੰਘ ਨੇ ਲਕੀਰ ਟਪਣ ਵਾਲਿਆਂ ਦੀ ਗਿਣਤੀ ਕੀਤੀ ਉਹ 70 ਸਨ।

ਰੜ ਪਿੰਡ ਦੇ 6 ਸਿੰਘ, ਗੁਰਦਿਤ ਸਿੰਘ, ਹੀਰਾ ਸਿੰਘ, ਬਿਸ਼ਨ ਸਿੰਘ, ਸੁੰਦਰ ਸਿੰਘ, ਹਰਨਾਮ ਸਿੰਘ ਅਤੇ ਕਰਮ ਸਿੰਘ ਤਾਂ ਪਹਿਲਾਂ ਹੀ ਪਿੰਡ ਵਿੱਚ ਲੰਗਰ ਪ੍ਰਸ਼ਾਦ ਦਾ ਪ੍ਰਬੰਧ ਕਰਨ ਗਏ ਹੋਏ ਸਨ। ਉਨ੍ਹਾਂ ਪਿੰਡੋਂ ਕੱਚਾ ਰਾਸ਼ਨ ਲਿਆਂਦਾ ਅਤੇ ਬਰਤਨ ਵੀ। ਖੂਹ ਕੋਲ ਕੁਝ ਸਿੰਘਾਂ ਸਿੰਘਣੀਆਂ ਨੇ ਲੰਗਰ ਤਿਆਰ ਕੀਤਾ ਜਿਸ ਵਿੱਚ ਦਾਲ ਪ੍ਰਸ਼ਾਦੇ ਤੋਂ ਬਿਨਾਂ ਕੜਾਹ-ਪ੍ਰਸ਼ਾਦ ਅਤੇ ਖੀਰ ਵੀ ਸੀ। ਦੇਗ ਵੀ ਰਗੜੀ ਗਈ ਸਾਰੇ ਸਿੰਘਾਂ ਨੇ ਪੰਗਤ ਵਿੱਚ ਬਹਿ ਕੇ, ਸੋਲਾਂ ਪਹਿਰਾਂ ਬਾਅਦ ਲੰਗਰ ਛਕਿਆ। ਦੇਗ ਦੇ ਗੱਫੇ ਵੀ ਲਾਏ। ਉਸ ਸਮੇਂ ਹੀ ਇੱਕ ਕੜ੍ਹਾਈ ਵਿੱਚ ਤੇਲ ਗਰਮ ਕੀਤਾ ਗਿਆ ਜਿਸ ਵਿਚ ਨਰਾਇਣ ਸਿੰਘ ਨੇ ਆਪਣਾ ਟੁੰਡ ਅਤੇ ਹੀਰਾ ਸਿੰਘ ਨੇ ਆਪਣਾ ਗੁੱਟ ਤਲ ਕੇ ਲਹੂ ਵਗਣੋਂ ਬੰਦ ਕੀਤਾ।

ਦੋ ਸਿੰਘ ਹੋਰ ਚਲੇ ਗਏ। ਬਾਕੀ 68 ਸਿੰਘਾਂ ਦਾ ਜਥਾ ਸਾਰੀ ਰਾਤ ਖੂਹ ਉੱਤੇ ਹੀ ਜੋਟੀਆਂ ਦੇ ਸ਼ਬਦ ਪੜ੍ਹਦਾ ਰਿਹਾ। 16 ਜਨਵਰੀ 1872 ਈ. ਨੂੰ ਸਵੇਰੇ ਹੀ ਸ਼ਹੀਦੀ ਦੇਗਾਂ ਦੇ ਬਾਟੇ ਛਕ ਕੇ, ਸਿੰਘ ਜਥੇਦਾਰਾਂ ਦਾ ਹੁਕਮ ਮੰਨ

ਕੇ ਰੜ ਪਿੰਡ ਤੋਂ ਛੇ ਕੁ ਮੀਲ ਦੂਰ ਸ਼ੇਰਪੁਰ ਥਾਣੇ ਵਲ ਨੂੰ ਤੁਰ ਪਏ। ਰਸਤੇ ਵਿਚ ਜੈਕਾਰੇ ਛੱਡੀ ਜਾਣ, ਸ਼ਬਦ ਪੜ੍ਹੀ ਜਾਣ ਅਤੇ ਗਾਈ ਜਾਣ, "ਭੱਜੇ ਜਾਂਦੇ ਨੇ ਫਿਰੰਗੀ ਵੱਜਣ ਘੁੰਗਰੂ।" ਇਸ ਤਰ੍ਹਾਂ ਬਰਤਾਨਵੀ ਸਰਕਾਰ ਦੇ ਖ਼ਿਲਾਫ਼ ਕੂਕਦੇ ਕੂਕੇ ਸ਼ੇਰਪੁਰ ਥਾਣੇ ਪਹੁੰਚੇ।

ਉੱਥੇ ਆਪ ਨੇ ਮਲੌਧ ਅਤੇ ਮਲੇਰ ਕੋਟਲੇ ਕੀਤੀ ਕਾਰਵਾਰੀ ਬਾਰੇ ਮਾਣ ਨਾਲ ਸਚੋ ਸੱਚ ਦਸਿਆ। ਫਿਰ ਸਾਰਿਆਂ ਨੇ ਆਤਮ ਸਮਰਪਣ ਕਰ ਦਿੱਤਾ।

ਖੜ੍ਹੀ ਮਾਲੀ ਜਿਤਣ ਲਈ ਰੜ ਪਿੰਡ ਦਾ ਜੈਮਲ ਸਿੰਘ ਵੀ ਨਾਲ ਨਾਲ ਹੀ ਤੁਰੀ ਆ ਰਿਹਾ ਸੀ। ਰਾਹ ਵਿੱਚ, ਰਾਮ ਨਗਰ ਦਾ ਨੰਬਰਦਾਰ ਪੰਜਾਬ ਸਿੰਘ ਜੋ ਮਹਾਰਾਜਾ ਪਟਿਆਲਾ ਦਾ ਦਰਬਾਰੀ ਵੀ ਸੀ ਨਾਲ ਰਲ ਗਿਆ। ਉਹ ਵੀ ਜੈਮਲ ਸਿੰਘ ਨਾਲ ਤੁਰਨ ਲੱਗਾ, ਇਹ ਜਾਨਣ ਲਈ ਕਿ ਕੂਕੇ ਹੁਣ ਕੀ ਕਰਦੇ ਸਨ।

ਸ਼ੇਰਪੁਰ ਥਾਣੇ ਮਹਾਰਾਜਾ ਪਟਿਆਲਾ ਦਾ ਨਾਜ਼ਿਮ ਨਿਆਜ਼ ਅਲੀ ਆਇਆ ਹੋਇਆ ਸੀ। ਸ਼ੇਰਪੁਰ ਦੇ ਥਾਣੇਦਾਰ ਨੇ ਕੂਕਿਆਂ ਨੂੰ ਉਸਦੇ ਹਵਾਲੇ ਕਰ ਦਿੱਤਾ। ਇੱਕ ਰਿਪੋਰਟ ਦਰਜ ਕੀਤੀ ਗਈ ਜਿਸ ਵਿਚ ਕੂਕਿਆਂ ਕੋਲੋਂ 4 ਘੋੜੇ, 16 ਤਲਵਾਰਾਂ, ਇੱਕ ਬਰਛਾ, ਬਹੁਤ ਸਾਰੇ ਗੰਡਾਸੇ, ਸਫ਼ਾਜੰਗ ਅਤੇ ਡਾਂਗਾ ਹੋਣ ਦਾ ਵੇਰਵਾ ਦਿੱਤਾ ਗਿਆ। 68 ਕੂਕਿਆਂ ਨੂੰ ਹੀ ਉਮੇਰ ਗੜ੍ਹ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਗਿਆ। ਨਿਆਜ਼ ਅਲੀ ਨੇ ਇਸ ਕਾਰਵਾਈ ਦੀ ਜਾਣਕਾਰੀ ਮਹਾਰਾਜਾ ਪਟਿਆਲਾ ਨੂੰ ਪਹੁੰਚਾਈ। ਅਤੇ ਉਸ ਨੇ ਪੰਜਾਬ ਸਰਕਾਰ ਦੇ ਸਕੱਤਰ ਨੂੰ ਤਾਰ ਰਾਹੀਂ ਇਸ ਬਾਰੇ ਜਾਣਕਾਰੀ ਦਿੱਤੀ।

ਉਮੇਰ ਗੜ੍ਹ ਦੇ ਨਾਜ਼ਿਮ ਸਯਦ ਨਿਆਜ਼ ਅਲੀ ਨੇ ਆਪਣੇ ਬਿਆਨ ਵਿਚ ਕਿਹਾ ਕਿ ਉਹ ਇੱਕ ਮੁਹਰਰ ਤੇ ਤਿੰਨ ਸਿਪਾਹੀ ਨਾਲ ਲੈ ਕੇ ਰੜ ਪਿੰਡ ਦੇ ਇੱਕ ਜ਼ਿਮੀਂਦਾਰ ਦੇ ਸੁਨੇਹਾ ਦੇਣ ਉਤੇ ਦੁਪਿਹਰੇ ਇੱਕ ਵਜੇ ਰੜ ਪਿੰਡ ਪੁੱਜਾ। 68 ਕੂਕਿਆਂ ਨੂੰ, ਜਿਨ੍ਹਾਂ ਵਿੱਚ 29 ਜਖ਼ਮੀ ਸਨ, ਹਥਿਆਰ ਸੁੱਟਣ ਲਈ ਮਜਬੂਰ ਕੀਤਾ, ਫੜ ਕੇ ਸ਼ੇਰਪੁਰ ਲੈ ਆਇਆ ਅਤੇ ਗੜ੍ਹੀ ਵਿੱਚ ਬੰਦ ਕਰ ਦਿੱਤਾ।

ਪੰਜਾਬ ਸਿੰਘ ਨੰਬਰਦਾਰ ਨੇ ਵੀ 15 ਜਨਵਰੀ 1871 ਈ: ਨੂੰ ਰੜ ਪਿੰਡ ਵਿੱਚ ਨਾਜ਼ਿਮ ਦੇ ਨਾਲ ਹੋਣ ਦਾ ਦਾਅਵਾ ਕੀਤਾ।

ਇਹ ਬਿਆਨ ਤਾਂ ਇਨਾਮ ਲੈਣ ਲਈ ਮਾਂਜੇ ਲਿਸ਼ਕਾਏ ਅਤੇ ਸੱਚ ਬਣਾਏ ਸਨ। ਕੇਵਲ ਆਪਣੀ ਬਹਾਦਰੀ ਦਸਣ ਲਈ ਤਾਂਕਿ ਕਿਸੇ ਸਮੇਂ ਕਿਸੇ ਹਾਕਮ ਕੋਲੋਂ, ਤਰੱਕੀ, ਸ਼ਾਬਾਸ਼ ਅਤੇ ਇਨਾਮ ਮਿਲ ਸਕਣ। ਆਪਣੀ ਵਡਿਆਈ ਬਣ ਸਕੇ। ਉਂਜ ਏਥੇ ਵੀ ਹਮਲਾ ਕਰਨ ਵਾਲੇ ਕੂਕਿਆਂ ਦੀ ਗਿਣਤੀ ਲਿਖਣ ਵਾਂਗ ਸਰਕਾਰੀ ਰਿਪੋਰਟਾਂ ਵੀ ਇੱਕ ਨਹੀਂ। ਪੰਜਾਬ ਸਰਕਾਰ ਦਿੱਲੀ ਦੇ ਸਕੱਤਰ ਦੇ

16 ਜਨਵਰੀ 1872 ਈ: ਨੂੰ ਹੋਮ ਸਕੱਤਰ ਕਲਕਤਾ ਨੂੰ ਲਿਖੇ ਤਾਰ ਵਿਚ ਕੂਕਿਆਂ ਦਾ ਸ਼ੇਰ ਪੁਰ ਫੜਿਆ ਜਾਣਾ ਲਿਖਿਆ ਸੀ।

ਸੱਚੀ ਗੱਲ ਤਾਂ ਇਹ ਸੀ ਕਿ ਰੜ ਪਿੰਡ ਵਿੱਚ ਗੁਰਮਤਾ ਪਾਸ ਕਰ ਕੇ ਜਥੇਦਾਰਾਂ ਦਾ ਹੁਕਮ ਮੰਨਦੇ ਹੋਏ ਕੂਕੇ ਆਪ ਹੀ ਪੇਸ਼ ਹੋਏ ਸਨ। ਸ. ਹਰਨਾਮ ਸਿੰਘ ਸਵੈਚ ਨੇ ਲਿਖਿਆ ਹੈ, "ਸ੍ਰ. ਨਾਨੂੰ ਸਿੰਘ ਰਈਸ ਤੇ ਜਾਗੀਰਦਾਰ ਕੱਚੇ ਕਿਲ੍ਹੇ ਸਵੌਰੇ ਦਾ ਸੀ। ਮੇਰੇ ਨਾਲ ਉਨ੍ਹਾਂ ਦਾ ਬਹੁਤ ਪ੍ਰੇਮ ਸੀ। ਬਾਪੂ ਜੀ (ਹਰਨਾਮ ਸਿੰਘ ਦੇ ਪਿਤਾ ਜੀ-ਲੇਖਕ) ਦਾ ਪੱਕਾ ਦੋਸਤ ਸੀ। ਉਨ੍ਹਾਂ ਨੇ ਮੈਨੂੰ ਆਪਣੀ ਜ਼ਬਾਨੀ ਦੱਸਿਆ ਕਿ ਜਥਾ ਖੁਦ ਹੀ ਗ੍ਰਿਫਤਾਰ ਹੋਇਆ ਸੀ। ਸ਼ਹੀਦ ਲਹਿਣਾ ਸਿੰਘ ਜੋ ਸੱਚੇ ਮੁਅਜ਼ਜ਼ ਮਹਾਪੁਰਸ਼ ਸੀ, ਉਨ੍ਹਾਂ ਭੀ ਇਹੋ ਦੱਸਿਆ। ਦੇਵਾ ਸਿੰਘ ਨੰਬਰਦਾਰ ਬ੍ਰਾਲ, ਰਿਆਸਤ ਨਾਹਣ ਗ੍ਰੰਥ ਦੇ ਕਰਤੇ ਦਾ ਸਹੁਰਾ, ਪੁੰਨਦਾਨ, ਭਜਨ ਬੰਦਗੀ ਕਰਨ ਵਾਲਾ ਗ੍ਰਿਸਤੀ ਸੱਚਾ ਕਿਰਸਾਣ ਸੀ।. ਓਹ ਭੀ ਇਹੀ ਦੱਸਿਆ ਕਰਦੇ ਸੀ। ਸਾਡੇ ਪਿੰਡ ਬਗੁਲੀ ਦਾ ਰਾਮ ਸਹਾਈ ਪੰਡਤ ਦੇਵੀ ਦਿਆਲ ਤੇ ਸਮੁੰਦ ਸਿੰਘ ਜੋ ਉਸ ਵਕਤ ਰੜ ਪਿੰਡ ਗਏ ਹੋਏ ਸਨ ਤੇ ਉਹ ਅਖੀਂ ਦੇਖਿਆ ਹਾਲ ਦੱਸਦੇ ਹਨ ਕਿ ਜਥਾ ਆਪਣੇ ਆਪ ਗ੍ਰਿਫਤਾਰ ਹੋਇਆ।" ਸੰਤ ਖਾਲਸਾ।

ਗੱਲ ਬੜੀ ਹੀ ਸਿੱਧੀ ਅਤੇ ਸਪਸ਼ਟ ਹੈ ਕਿ ਜੇ ਇਹ ਸ਼ਹੀਦੀ ਜਥਾ ਗ੍ਰਿਫਤਾਰ ਨਾ ਹੋਣਾ ਚਾਹੁੰਦਾ ਤਾਂ ਇਨ੍ਹਾਂ ਮਗਰ ਕਿਹੜੀ ਕੋਈ ਵਾਹਰ ਲੱਗੀ ਹੋਈ ਸੀ। ਉਹ ਖਿੰਡ-ਪੁੰਡ ਵੀ ਸਕਦੇ ਸਨ। ਭੱਜ ਵੀ ਸਕਦੇ ਸਨ। ਜਥੇਦਾਰ ਹੀਰਾ ਸਿੰਘ ਦੇ ਕਹਿਣ ਤੇ ਜਿਵੇਂ ਕੁਝ ਹੋਰ ਸਾਥੀ ਘਰੋਂ ਘਰੀ ਚਲੇ ਗਏ ਸਨ, ਬਾਕੀ ਵੀ ਜਾ ਸਕਦੇ ਸਨ। ਫਿਰ ਇਹ ਹੀ ਪੱਕੀ ਗੱਲ ਸੀ ਕਿ ਸਰਕਾਰ ਕੁਝ ਬੇਦੋਸਿਆਂ ਨੂੰ ਫੜ ਕੇ ਤਸੀਹੇ ਦੇਂਦੀ। ਸੋ ਇਸ ਜਥੇ ਦੇ ਸਿੰਘਾਂ ਨੇ ਕੇਵਲ ਸ਼ਹੀਦੀ ਦੇਣ ਦੀ ਗੱਲ ਹੀ ਮਨ ਵਿੱਚ ਧਾਰ ਕੇ ਆਤਮ਼ ਸਮਰਪਣ ਕੀਤਾ ਸੀ, ਨਾ ਕਿ ਉਹ ਗ੍ਰਿਫਤਾਰ ਕੀਤੇ ਗਏ ਸਨ।

ਸ਼ਹੀਦੀ ਜਥੇ ਨੂੰ ਬੰਦੀ ਬਣਾਉਣ ਬਾਅਦ ਨਿਆਜ਼ ਅਲੀ, ਡੀ. ਸੀ. ਕਾਵਨ ਲੁਧਿਆਣਾ ਨੂੰ ਦੱਸਣ ਲਈ ਖੁਦ ਮਲੋਧ ਨੂੰ ਚੱਲ ਪਿਆ। ਕਾਵਨ ਅਤੇ ਉਸਦੇ ਸਾਥੀਆਂ ਨਾਲ ਉਸਦਾ ਰਸਤੇ ਵਿੱਚ ਹੀ ਮੇਲ ਹੋ ਗਿਆ, ਨਾਜ਼ਿਮ ਨਿਆਜ਼ ਅਲੀ ਨੇ ਆਪਣਾ ਬਹਾਦਰੀ ਦਾ ਕਿੱਸਾ ਕਹਿ ਸੁਣਾਇਆ, ਕਿ ਉਸ ਨੇ ਕੂਕਿਆਂ ਨੂੰ ਫੜ ਲਿਆ ਸੀ। ਡੀ.ਸੀ. ਨੇ, ਨਾਜ਼ਿਮ ਨੂੰ ਕੂਕਿਆਂ ਨੂੰ ਲੈ ਕੇ ਫੌਰਨ ਮਲੇਰਕੋਟਲੇ ਅਪੜਨ ਦਾ ਹੁਕਮ ਦੇ ਕੇ ਵਾਪਸ ਮੋੜ ਦਿੱਤਾ।

ਡਿਪਟੀ ਕਮਿਸ਼ਨਰ, ਕਾਵਨ ਨੇ ਮਲੇਰ ਕੋਟਲੇ ਹੋਈ ਲੜਾਈ ਦੀ ਖ਼ਬਰ ਮਿਲਣ ਉਤੇ ਹੀ ਨਾਭਾ, ਜੀਂਦ, ਸੰਗਰੂਰ, ਪਟਿਆਲਾ ਰਿਆਸਤਾਂ ਦੇ ਰਾਜਿਆਂ, ਮਹਾਰਾਜਿਆਂ ਨੂੰ ਅਤੇ ਕਮਿਸ਼ਨਰ ਅੰਬਾਲਾ, ਫੋਰਸਿਥ ਨੂੰ ਫੌਜੀ ਦਸਤੇ ਭੇਜਣ

ਲਈ ਲਿਖ ਭੇਜਿਆ।

ਮਹਾਰਾਜਾ ਨਾਭਾ ਘੋੜ ਸਵਾਰ ਸੈਨਾ ਭੇਜ ਚੁਕਾ ਸੀ। ਜੀਂਦ ਦੇ ਰਸਾਲਦਾਰ ਵੀ ਉਸ ਨੂੰ ਰਾਹ ਵਿੱਚ ਮਿਲੇ ਸਨ। ਮਹਾਰਾਜਾ ਪਟਿਆਲਾ ਦਾ ਤੋਪਖਾਨਾ ਵੀ ਆ ਰਿਹਾ ਸੀ। ਸੋ ਕਾਵਨ ਨੂੰ ਆਪਣੀ ਥਾਂ ਤਸੱਲੀ ਸੀ ਕਿ ਕੂਕਿਆਂ ਰਾਹੀਂ ਫ਼ਸਾਦ ਹੋਰ ਨਹੀਂ ਸੀ ਹੋ ਸਕਣੇ।

ਕਮਿਸ਼ਨਰ ਅੰਬਾਲਾ 15 ਜਨਵਰੀ 1872 ਈ: ਨੂੰ ਦਿੱਲੀ ਸੀ। ਕੂਕਿਆਂ ਦੇ ਮਲੇਰ ਕੋਟਲੇ ਉੱਤੇ ਕੀਤੇ ਹਮਲੇ ਦੀਆਂ ਤਾਰਾਂ, ਵਾਇਸਰਾਇ ਅਤੇ ਸੈਕਟਰੀ ਸਟੇਟ ਲੰਡਨ ਤਕ ਖੜਕ ਗਈਆਂ ਸਨ। ਸੋ ਕਮਿਸ਼ਰ ਅੰਬਾਲਾ ਨੇ ਕਾਵਨ ਨੂੰ ਤਾਰ ਭੇਜੀ ਕਿ ਉਹ 16 ਜਨਵਰੀ 1872 ਈ. ਨੂੰ ਲੁਧਿਆਣੇ ਪਹੁੰਚ ਰਿਹਾ ਸੀ। ਉਸ ਨੇ ਵੀ ਲੋੜੀਂਦੀ ਕਾਰਵਾਈ ਕਰਨੀ ਸੀ।

ਮਲੇਰ ਕੋਟਲੇ ਪਹੁੰਚ ਕੇ ਕਾਵਨ ਨੇ, ਕਮਿਸ਼ਨਰ ਨੂੰ 16 ਜਨਵਰੀ 1872 ਈ: ਨੂੰ ਰਾਤ ਦੇ 7-30 ਵਜੇ ਹੀ ਚਿਠੀ ਲਿਖੀ ਕਿ "......ਬਾਗੀਆਂ ਦਾ ਟੋਲਾ, ਜਿਸ ਨੂੰ ਕਿਸੇ ਹੋਰ ਨਾਂ ਨਾਲ ਉਪਯੁਕਤ ਰੂਪ ਵਿੱਚ ਵਰਨਣ ਨਹੀਂ ਕੀਤਾ ਜਾ ਸਕਦਾ, ਕਦੀ ਵੀ 125 ਤੋਂ ਵੱਡਾ ਨਹੀਂ ਸੀ। ਉਨ੍ਹਾਂ ਚੋਂ ਦੋ ਮਲੌਧ ਮਾਰੇ ਗਏ ਅਤੇ 4 ਫੜੇ ਗਏ। ਕੋਟਲੇ 8 ਮਾਰੇ ਗਏ। 31 ਫਟੜ ਹੋਏ। ਇਨ੍ਹਾਂ ਫੱਟੜਾਂ ਵਿਚੋਂ 25 ਜਾਂ 26 ਉਦੋਂ ਹੀ ਫਰਾਰ ਹੋ ਗਏ। 27 ਫਟੜਾਂ ਸਣੇ 68 ਫੜੇ ਜਾ ਚੁਕੇ ਹਨ, ਪਟਿਆਲਾ ਰਾਜ ਦੇ ਏਥੋਂ 12 ਮੀਲ ਦੂਰ ਪਿੰਡ ਰੜ ਵਿੱਚ। ਸੋ ਅਪਰਾਧੀਆਂ ਦਾ ਲਗਭਗ ਸਾਰਾ ਜਥਾ ਨਸ਼ਟ ਕਰ ਦਿੱਤਾ ਗਿਆ ਹੈ। ਮੈਂ ਕਲ੍ਹ ਸਵੇਰੇ ਦਿਨ ਚੜ੍ਹੇ ਉਨ੍ਹਾਂ ਕੈਦੀਆਂ ਨੂੰ ਤੋਪਾਂ ਨਾਲ ਉਡਾਏ ਜਾਣ ਜਾਂ ਫਾਹੇ ਲਏ ਜਾਣ ਦੀ ਤਜਵੀਜ਼ ਭੇਜਦਾ ਹਾਂ।

ਉਨ੍ਹਾਂ ਦਾ ਜੁਰਮ ਕੋਈ ਸਾਧਾਰਣ ਨਹੀਂ। ਉਨ੍ਹਾਂ ਕੇਵਲ ਡਾਕਿਆਂ ਸਮੇਂ ਖ਼ੂਨ ਨਹੀਂ ਕੀਤੇ, ਸਗੋਂ ਸੰਵਿਧਾਨਿਕ ਰੂਪ ਵਿੱਚ ਥਾਪੇ ਹੋਏ ਅਧਿਕਾਰੀਆਂ ਖ਼ਿਲਾਫ਼ ਹੁਕਮ ਅਦੂਲੀ ਕਰਕੇ ਬਗ਼ਾਵਤ ਕੀਤੀ ਹੈ। ਇਸ ਬਿਮਾਰੀ ਨੂੰ ਰੋਕਣ ਤੋਂ ਬਚਾਉਣ ਲਈ ਬਿਲਕੁਲ ਜ਼ਰੂਰੀ ਹੈ ਕਿ ਦਮਨਕਾਰੀ ਢੰਗ ਤਤਕਾਲੀ ਅਤੇ ਸਖ਼ਤ ਹੋਣੇ ਚਾਹੀਦੇ ਹਨ।"

ਇਸ ਬਗ਼ਾਵਤ ਅਤੇ ਰਾਜ ਧਰੋਹ ਉੱਤੇ ਡੀ. ਸੀ. ਨੇ ਕਮਿਸ਼ਨਰ ਦੀ ਮੋਹਰ ਛਾਪ ਵੀ ਲੁਆਉਣੀ ਚਾਹੀ। ਉਹ ਇਸ ਤੋਂ ਪਹਿਲਾਂ ਵੀ, ਮਲੌਧ ਫੜੇ ਗਏ ਚਹੁੰ ਕੂਕਿਆਂ ਨੂੰ ਫਾਹੇ ਲਾਉਣ ਲਈ ਇਜਾਜ਼ਤ ਮੰਗ ਚੁੱਕਾ ਸੀ। ਕਮਿਸ਼ਨਰ ਟੀ. ਡੀ ਫੋਰਸਿਥ ਨੇ ਸਪਸ਼ਟ ਕਿਹਾ ਸੀ ਕਿ 'ਕਾਹਲੀ ਨਾ ਕਰੋਂ ਕਾਨੂੰਨੀ ਕਾਰਵਾਈ ਅਨੁਸਾਰ ਫਾਸੀ ਦਿੱਤੀ ਜਾ ਸਕਦੀ ਸੀ। ਉਸ ਨੇ ਕਿਹਾ ਸੀ ਕਿ ਉਹ ਗੁਰੂ ਰਾਮ ਸਿੰਘ ਜੀ ਨੂੰ ਦੇਸ਼ ਨਿਕਾਲਾ ਦੇ ਕੇ ਫੌਰਨ ਮਲੇਰ ਕੋਟਲੇ ਆ ਰਿਹਾ ਸੀ।

ਕਮਿਸ਼ਨਰ ਨੇ ਪਟਿਆਲਾ ਰਾਜ ਵਿੱਚ ਫੜੇ ਗਏ ਕੂਕਿਆਂ ਦੇ ਕਸੂਰ ਦੋ ਥਾਵਾਂ ਉੱਤੇ ਦੱਸੇ। ਇੱਕ ਕਸੂਰ ਮਲੌਧ ਵਾਲਾ ਬਰਤਾਨਵੀ ਰਾਜ ਦੀ ਹੱਦ ਵਿੱਚ ਸੀ। ਦੂਜਾ ਕੁਝ ਅਜ਼ਾਦ, ਮਲੇਰ ਕੋਟਲੇ ਦੀ ਸੀਮਾ ਵਿੱਚ। ਮਲੇਰ ਕੋਟਲੇ ਦੇ ਦੋਸ਼ੀਆਂ ਦੀ ਸਜ਼ਾ ਦੇ ਲਈ ਉਥੋਂ ਦੇ ਅਧਿਕਾਰੀ ਸਮਰੱਥ ਸਨ। ਉਸ ਨੂੰ ਦੂਜੇ ਪਾਸੇ ਦਾ ਕੇਸ ਤਿਆਰ ਕਰਨ ਲਈ ਕਿਹਾ ਗਿਆ।

ਕਾਵਨ ਦਾ ਆਪਣੇ ਉੱਚ ਅਧਿਕਾਰੀ ਨੂੰ ਪੁਛਣਾ ਰਵਾਇਤੀ ਜਿਹਾ ਹੀ ਲਗਦਾ ਸੀ ਕਿਉਂਕਿ ਉਸ ਨੇ ਮਲੇਰ ਕੋਟਲੇ ਪੂਰੀ ਫੌਜੀ ਤੇ ਪੁਲਿਸ ਦੀ ਤਿਆਰੀ ਕਰ ਲਈ ਸੀ। 750 ਸਿਪਾਹੀ 9 ਤੋਪਾਂ ਮੰਗਵਾਈਆ ਗਈਆਂ ਹਨ। ਉਹ 17 ਜਨਵਰੀ 1872 ਈ. ਨੂੰ ਸਵੇਰੇ ਹੀ ਸ਼ਹੀਦੀ ਜਥੇ ਦੀ ਉਡੀਕ ਕਰਨ ਲਗਾ। ਉਹ ਮਲੇਰ ਕੋਟਲੇ ਦੇ ਬਾਹਰ ਰਕੜ ਵਿੱਚ ਤੋਪਾਂ ਬੀੜੀ ਖੜਾ ਸੀ। ਉਸ ਦਾ ਮਨਸ਼ਾ ਸੀ ਕਿ 50 ਕੂਕਿਆਂ ਨੂੰ ਤੋਪਾਂ ਨਾਲ ਉਡਾਇਆ ਜਾਵੇ ਅਤੇ ਬਾਕੀਆਂ ਨੂੰ ਮਲੌਧ ਲੈ ਜਾ ਕੇ ਮੌਤ ਦੀ ਸਜ਼ਾ ਦਿੱਤੀ ਜਾਵੇ।

ਕਾਵਨ, 17 ਜਨਵਰੀ 1872 ਈ: ਸਵੇਰੇ ਦਸ ਵਜੇ ਤਕ, ਮਲੇਰ ਕੋਟਲੇ ਦੀਆਂ ਘਟਨਾਵਾਂ ਵਾਪਰਨ ਵਾਲੀਆਂ ਥਾਵਾਂ ਦਾ ਵੀ ਮੁਆਇਨਾ ਕਰ ਚੁਕਾ ਸੀ। ਉਹ ਬੇਸਬਰੀ ਨਾਲ ਕੂਕਿਆਂ ਦੀ ਉਡੀਕ ਕਰ ਰਿਹਾ ਸੀ।

ਸ਼ੇਰਪੁਰ ਤੋਂ ਮਲੇਰ ਕੋਟਲੇ ਦਾ ਰਸਤਾ ਬੜਾ ਹੀ ਟੁੱਟਾ-ਭੱਜਾ, ਉੱਚਾ-ਨੀਵਾਂ, ਊਬੜ-ਖਾਬੜ, ਖਰੁਬੜਿਆਂ ਵਾਲਾ ਸੀ। ਥਾਂ ਥਾਂ ਟੋਏ ਪਏ ਹੋਏ ਸਨ। 16 ਅਤੇ 17 ਜਨਵਰੀ 1872 ਈ: ਦੀ ਵਿਚਕਾਰਲੀ ਰਾਤ ਮੀਂਹ ਪੈ ਚੁੱਕਾ ਸੀ ਜਿਸ ਕਰਕੇ ਰਾਹ ਉੱਤੇ ਚਿਕੜ ਅਤੇ ਖੋਭਾ ਹੋਇਆ ਸੀ। ਨੀਵੇਂ ਥਾਵਾਂ ਤੇ ਟੋਇਆਂ ਵਿੱਚ ਗੰਦਾ ਪਾਣੀ ਭਰ ਗਿਆ ਸੀ। ਇਸ ਕੋਥਰੇ ਰਾਹ ਰਾਹੀਂ ਹੀ ਨਾਜ਼ਿਮ ਨਿਆਜ਼ ਅਲੀ ਕੁਝ ਕੂਕਿਆਂ ਨੂੰ ਪੈਦਲ ਅਤੇ ਕੁਝ ਨੂੰ ਗੱਡਿਆਂ ਉੱਤੇ ਬਿਠਾ ਕੇ ਲਿਆ ਰਿਹਾ ਸੀ, ਪੁਲਿਸ ਹਿਰਾਸਤ ਵਿੱਚ, ਸਫ਼ਰ ਹੌਲੀ ਹੌਲੀ ਹੀ ਮੁਕ ਰਿਹਾ ਸੀ।

12 ਕੁ ਵਜੇ ਕਾਵਨ ਨੂੰ ਜਾਣਕਾਰੀ ਮਿਲੀ ਕਿ ਕੂਕਿਆਂ ਦਾ ਸ਼ਹੀਦੀ ਜਥਾ ਅਜੇ 6 ਮੀਲ ਦੂਰ ਸੀ। ਉਸ ਨੇ ਡੀ. ਐਸ. ਪੀ. ਪਰਕਿੰਨਜ਼ ਨੂੰ ਉਨ੍ਹਾਂ ਨੂੰ ਛੇਤੀ ਲੈ ਕੇ ਆਉਣ ਲਈ ਭੇਜਿਆ। ਉਸ ਨੇ ਜਾ ਕੇ ਵੇਖਿਆ ਗੱਡਿਆਂ ਅੱਗੇ ਜੁੱਤੇ ਹੋਏ ਬਲਦ ਥੱਕੇ ਹੋਏ ਹੋਣ ਕਰਕੇ ਬਹੁਤ ਮੱਠੇ ਤੁਰ ਰਹੇ ਸਨ। ਉਹ ਵਾਪਸ ਆਇਆ। ਉਹ ਗੱਡਿਆਂ ਲਈ ਹੋਰ ਬਲਦ ਲੈਕੇ ਸ਼ਾਮੀ 3 ਵਜੇ ਉਨ੍ਹਾਂ ਨੂੰ ਫਿਰ ਰਾਹ ਵਿੱਚ ਜਾ ਮਿਲਿਆ। ਉਦੋਂ ਅਜੇ ਉਹ ਜਥਾ 3 ਮੀਲ ਦੂਰ ਸੀ। ਬਲਦ ਬਦਲੇ ਗਏ। ਗੱਡਿਆਂ ਨੇ ਚਾਲ ਫੜੀ ਅਤੇ ਜਥਾ 4 ਵਜੇ ਮਲੇਰ ਕੋਟਲੇ ਪਹੁੰਚ ਗਿਆ। ਰਸਤੇ ਵਿੱਚ ਪਰਕਿੰਨਜ਼ ਨੇ ਵੇਖਿਆ ਕਿ ਕੋਈ ਵੀ ਮਸਤਾਨਾ ਨਿਰਾਸ ਜਾਂ ਉਦਾਸ ਨਹੀਂ ਸੀ। ਸਭ ਪ੍ਰਸੰਨ ਚਿੱਤ ਸਨ। ਸ੍ਰ. ਹੀਰਾ ਸਿੰਘ ਅਤੇ ਲਹਿਣਾ

ਸਿੰਘ ਸਕਰੌਦੀ ਵਾਲੇ ਤਾਂ ਹੋਰ ਵੀ ਪ੍ਰਭਾਵਸ਼ਾਲੀ ਲੱਗ ਰਹੇ ਸਨ।

ਸ਼ਹੀਦੀ ਜਥੇ ਨੂੰ ਜਮਾਲ ਪੁਰ ਕੋਲ ਰੱਕੜ ਵਿੱਚ ਲਿਆਂਦਾ ਗਿਆ। ਉੱਥੇ ਫ਼ੌਜ, ਪੁਲਿਸ, ਸਰਕਾਰੀ ਅਫ਼ਸਰ, ਸਰਦਾਰ ਅਤੇ ਹਜ਼ਾਰਾਂ ਦੀ ਗਿਣਤੀ ਵਿੱਚ ਕੋਟਲੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦੇ ਲੋਕ ਇਕੱਠੇ ਹੋਏ ਹੋਏ ਸਨ। ਕਾਵਨ ਨੇ 9 ਤੋਪਾਂ ਵਿੱਚ ਹੀ ਗੋਲੇ ਭਰਵਾ ਲਏ। ਕਾਵਨ ਨੂੰ ਨਿਰਮੂਲ ਸ਼ਕ ਸੀ ਕਿ ਹੋਰ ਕੂਕੇ ਆਪਣੇ ਸਾਥੀਆਂ ਨੂੰ ਸਰਕਾਰ ਦੇ ਪੰਜੇ ਵਿਚੋਂ ਛਡਵਾਉਣ ਲਈ ਜ਼ਰੂਰ ਹਮਲਾ ਕਰਨਗੇ। ਸੋ ਜਦ ਵੀ ਇਸ ਤਰ੍ਹਾਂ ਦਾ ਹਮਲਾ ਹੋਵੇਗਾ ਤਾਂ ਅਗੋਂ ਗੋਲੇ ਦਾਗੇ ਜਾਣਗੇ। ਪਰ ਜਿਹੜੇ ਮਰਜੀਵੜੇ, ਮਰਨੇ ਕਾ ਚਾਉ ਲੈ ਕੇ, ਆਤਮ-ਸਮਰਪਣ ਕਰ ਚੁੱਕੇ ਸਨ ਉਨ੍ਹਾਂ ਵਾਸਤੇ ਕੌਣ ਹਿੰਸਕ ਕਾਰਵਾਈ ਕਰਦਾ? ਫਿਰ ਨਾਮਧਾਰੀ ਪੰਥ ਤਾਂ ਹੈ ਹੀ ਅਹਿੰਸਾਵਾਦੀ ਸੀ। ਸ੍ਰ. ਹੀਰਾ ਸਿੰਘ ਦੇ ਜਥੇ ਨੂੰ ਵੀ ਮਾਰੀਦਿਆਂ ਅੱਕ ਚੱਬਣਾ ਪਿਆ ਸੀ।

ਕਾਵਨ ਨੇ ਹੁਕਮ ਦਿੱਤਾ ਕਿ ਸੱਤ ਤੋਪਾਂ ਨਾਲ ਇੱਕ-ਇੱਕ ਕਰਕੇ ਸੱਤ ਬੰਦੇ ਬੰਨ੍ਹੇ ਜਾਣ ਫਿਰ ਗੋਲੇ ਦਾਗੇ ਜਾਣ ਅਤੇ ਇਸ ਤਰ੍ਹਾਂ ਸੱਤ-ਸੱਤ ਕਰਕੇ ਕੂਕਿਆਂ ਨੂੰ ਤੋਪਾਂ ਨਾਲ ਬੰਨ੍ਹ ਕੇ ਉਡਾਉਣ ਦਾ ਸਿਲਸਿਲਾ ਜਾਰੀ ਰਹੇ। ਦੋ ਤੋਪਾਂ ਇਹਤਿਆਤ ਦੇ ਤੌਰ ਉਤੇ ਰਾਖਵੀਆਂ ਰੱਖੀਆਂ ਗਈਆਂ।

ਸ਼ਹੀਦੀ ਜਥੇ ਦੇ ਸਿੰਘਾਂ ਨੇ ਤੋਪਾਂ ਨਾਲ ਬੱਝ ਕੇ ਉੱਡਣ ਤੋਂ ਇਨਕਾਰ ਕਰਕੇ ਸਗੋਂ ਆਪੇ ਤੋਪਾਂ ਅਗੇ ਖਲੋ ਕੇ ਉੱਡਣਾ ਪਰਵਾਨ ਕੀਤਾ।

ਪਹਿਲੇ ਸੱਤਾਂ ਸਿੰਘਾਂ ਦੇ ਜਥੇ ਵਿੱਚ ਸ੍ਰ. ਹੀਰਾ ਸਿੰਘ ਅਤੇ ਸ੍ਰ. ਲਹਿਣਾ ਸਿੰਘ ਸਕਰੌਦੀ ਵਾਲੇ ਵੀ ਸ਼ਾਮਲ ਸਨ। ਉਨ੍ਹਾਂ ਅਰਦਾਸ ਕੀਤੀ, ਅਕਾਸ਼ ਗੂੰਜਾਊ ਜੈਕਾਰੇ ਛੱਡੇ ਅਤੇ ਤੋਪਾਂ ਦੇ ਮੂੰਹਾਂ ਅੱਗੇ ਆ ਖੜ੍ਹੇ ਹੋਏ। ਪਲੀਤੇ ਦਾਗੇ ਗਏ। ਗੋਲੇ ਚਲੇ, ਅੱਗ ਵਰ੍ਹੀ, ਸ਼ਹੀਦ ਫੀਤੀ ਫੀਤੀ ਹੋ ਕੇ ਉੱਡ ਗਏ। ਉਨ੍ਹਾਂ ਦੇ ਲਹੂ ਦਾ ਰੰਗ, ਅੱਗ ਦੀ ਲਾਲੀ ਅਤੇ ਢਲਦੇ ਸੂਰਜ ਦੀ ਲਾਲੀ ਇੱਕ ਮਿੱਕ ਹੋ ਕੇ ਧਰਤੀ ਉੱਤੇ ਇਨਕਲਾਬ ਦਾ ਨਵਾਂ ਰੰਗ ਬਿਖੇਰ ਰਹੀ ਸੀ। ਵੇਖਣ ਵਾਲਿਆਂ ਦੇ ਦਿਲਾਂ ਦੀ ਧੜਕਨ ਤੇਜ਼ ਹੋ ਗਈ। ਉਨ੍ਹਾਂ ਦੀਆਂ ਅਖਾਂ ਅੱਗੇ ਹਨੇਰਾ ਛਾ ਗਿਆ। ਚੁਫੇਰੇ ਸਹਿਮ ਛਾ ਗਿਆ ਸੀ। ਸਾਰੇ ਲੋਕ ਤ੍ਰਾਹ ਤ੍ਰਾਹ ਕਰ ਰਹੇ ਸਨ। ਮੂੰਹ ਵਿੱਚ ਉਂਗਲਾਂ ਪਾ ਰਹੇ ਸਨ। ਪਰ ਕਾਵਨ ਤਾਂ ਪੱਥਰ ਸੀ ਕਿਵੇਂ ਪੰਘਰਦਾ। ਉਸ ਫਿਰ ਹੁਕਮ ਦਿੱਤਾ। ਫੇਰ, ਤੇ ਫੇਰ ਹੋਰ, ਇਸ ਤਰ੍ਹਾਂ ਛੇ ਵਾਰ ਸੱਤ-ਸੱਤ ਕਰਕੇ ਕੂਕੇ ਸਿੰਘ ਤੋਪਾਂ ਅੱਗੇ ਆਏ। ਗੋਲੇ ਦਾਗੇ ਗਏ ਅਤੇ ਇਸ ਤਰ੍ਹਾਂ 42 ਸਿੰਘ ਆਪਾ ਵਾਰ ਗਏ।

7 ਸਿੰਘ ਹੋਰ ਤੋਪਾਂ ਮੂਹਰੇ ਖੜੇ ਸਨ ਜਦੋਂ ਕਿਸੇ ਅਹਿਲਕਾਰ ਨੇ ਕਾਵਨ ਨੂੰ ਸਲੂਟ ਮਾਰਿਆ ਅਤੇ ਇਕ ਚਿੱਠੀ ਉਸ ਦੇ ਹੱਥ ਫੜਾਈ ਚਿੱਠੀ ਕਮਿਸ਼ਨਰ

ਟੀ. ਡੀ. ਫੋਰਸਿਥ ਦੀ ਸੀ ਜਿਸ ਵਿੱਚ ਉਸ ਨੇ ਕਾਵਨ ਨੂੰ ਹੁਕਮ ਦਿੱਤਾ ਸੀ ਕਿ ਕਿਸੇ ਨੂੰ ਵੀ ਮੌਤ ਦੀ ਸਜ਼ਾ ਨਾ ਦਿੱਤੀ ਜਾਵੇ। ਕਾਵਨ ਨੇ ਚਿੱਠੀ ਡੀ. ਐਸ. ਪੀ. ਨੂੰ ਫੜਾ ਦਿੱਤੀ। ਆਪਣੇ ਵੱਡੇ ਅਫ਼ਸਰ ਦੀ ਹੁਕਮ ਅਦੂਲੀ ਕਰਕੇ ਤੋਪਚੀਆਂ ਨੂੰ ਤੋਪਾਂ ਦਾਗਣ ਦਾ ਹੁਕਮ ਦੇ ਕੇ ਉਨ੍ਹਾਂ ਸੱਭਨਾਂ ਨੂੰ ਵੀ ਫੀਤੀ ਫੀਤੀ ਕਰਕੇ ਹੀ ਸਾਹ ਲਿਆ।

17 ਜਨਵਰੀ 1872 ਨੂੰ ਕਾਵਨ ਨੇ ਜੇ ਕਿਸੇ ਦੀ ਗੱਲ ਮੰਨਣੀ ਮਨਜ਼ੂਰ ਕੀਤੀ ਤਾਂ ਆਪਣੀ ਪਤਨੀ ਦੀ। ਉਸ ਨੇ ਤੋਪ ਵੱਲ ਜਾਂਦੇ ਇਕ 12 ਕੁ ਸਾਲ ਦੇ ਮਾਸੂਮ ਭੋਲੇ ਭਾਲੇ ਬੱਚੇ ਨੂੰ ਛਡ ਦੇਣ ਦੀ ਸਿਫ਼ਾਰਸ਼ ਕੀਤੀ। ਉਸ ਬੱਚੇ ਦਾ ਨਾਂ ਬਿਸ਼ਨ ਸਿੰਘ ਸੀ, ਉਹ ਰੜ ਪਿੰਡ ਦਾ ਰਹਿਣ ਵਾਲਾ ਸੀ। ਕਾਵਨ ਮੰਨ ਤਾਂ ਗਿਆ ਪਰ ਸ਼ਰਤ ਰੱਖੀ ਕਿ ਬਿਸ਼ਨ ਸਿੰਘ ਕਹਿ ਦੇਵੇ ਕਿ (ਗੁਰੂ) ਰਾਮ ਸਿੰਘ ਅਤੇ ਉਸ ਦੇ ਚਲਾਏ ਫਿਰਕੇ ਨਾਲ ਉਸ ਦਾ ਕੋਈ ਵਾਸਤਾ ਨਹੀਂ। ਕਾਵਨ ਨੇ ਬੱਚੇ ਨੂੰ ਕੋਲ ਸੱਦ ਕੇ ਜਦ ਆਪ ਆਪਣੀ ਇਸ ਪੇਸ਼ਕਸ਼ ਅਤੇ ਸ੍ਰੀ ਮਤੀ ਕਾਵਨ ਦੀ ਰਹਿਮਦਿਲੀ ਬਾਰੇ ਦਸ ਕੇ ਸ਼ਰਤ ਪੂਰੀ ਕਰਨ ਲਈ ਕਿਹਾ ਤਾਂ ਬੱਚੇ ਨੇ ਰੋਹ ਵਿੱਚ ਆ ਕੇ ਉਸ ਦੀ ਲੰਮੀ ਦਾਹੜੀ ਨੂੰ ਝਟਕਾ ਦੇ ਦਿੱਤਾ। ਕਾਵਨ ਦੇ ਆਨੇ ਨਿਕਲ ਆਏ। ਕੋਲ ਖਲੋਤੇ ਅਹਿਲਕਾਰਾਂ ਨੇ ਹੱਥ ਛੁਡਵਾਏ ਪੂਰਾ ਜ਼ੋਰ ਲਾਕੇ। ਅਤੇ ਫਿਰ ਬਿਜਲੀ ਵਾਂਗ ਚਮਕਦੀਆਂ ਕਿਰਪਾਨਾਂ ਨੇ ਪਲ ਛਿਣ ਵਿੱਚ ਇਸ ਬਾਲਕ ਨੂੰ ਕਤਲ ਕਰ ਦਿੱਤਾ।

ਇਹ ਸ਼ਹੀਦੀ ਜਥਾ 13 ਜਨਵਰੀ 1872 ਈ: ਨੂੰ ਸ੍ਰੀ ਭੈਣੀ ਸਾਹਿਬ ਤੋਂ ਤੁਰਿਆ ਸੀ। ਦੋ ਸਿੰਘ ਮਲੌਧ ਖੇਤ ਰਹੇ। 7 ਮਲੇਰ ਕੋਟਲੇ ਹੋਈਆਂ ਝੜਪਾਂ ਦੀ ਭੇਟ ਚੜ੍ਹ ਗਏ। ਇਕ ਸਿੰਘ ਬਾਅਦ ਵਿੱਚ ਗਹਿਰੇ ਜ਼ਖ਼ਮ ਲੱਗਣ ਕਰਕੇ ਅਕਾਲ ਚਲਾਣਾ ਕਰ ਗਿਆ। 49 ਕੂਕਿਆਂ ਨੂੰ ਕਾਵਨ ਨੇ ਤੋਪਾਂ ਨਾਲ ਉਡਵਾ ਦਿੱਤਾ। ਅਤੇ ਇਕ ਬਿਸ਼ਨ ਸਿੰਘ ਤਲਵਾਰ ਨਾਲ ਕਤਲ ਕਰ ਦਿੱਤਾ ਗਿਆ।

ਇਨ੍ਹਾਂ ਮਰਜੀਵੜਿਆਂ ਦੇ ਨਾਂ ਹੇਠ ਲਿਖੇ ਹਨ:

# ਪਟਿਆਲਾ ਆਰਕਾਈਵਜ਼ ਤੋਂ ਪ੍ਰਾਪਤ
# ਮਲੇਰਕੋਟਲੇ ਹੋਏ ਨਾਮਧਾਰੀ ਸ਼ਹੀਦੀ ਦੀ ਸੂਚੀ

| | ਨਾਮ | ਪਿਤਾ ਦਾ ਨਾਮ | ਪਤਾ |
|---|---|---|---|
| 1 | ਸ. ਹੀਰਾ ਸਿੰਘ | ਸ. ਕਾਹਨ ਸਿੰਘ | ਸਕਰੌਦੀ (ਭਵਾਨੀਗੜ੍ਹ) |
| 2 | ਸ. ਲਹਿਣਾ ਸਿੰਘ | ਸ. ਮਹਿਤਾਬ ਸਿੰਘ | ਸਕਰੌਦੀ (ਭਵਾਨੀਗੜ੍ਹ) |
| 3 | ਸ. ਸਿਬੀ ਸਿੰਘ | ਸ. ਗੰਡਾ ਸਿੰਘ | ਭੱਦਲਥੂਹਾ (ਨਾਭਾ) |
| 4 | ਸ. ਕਾਹਨ ਸਿੰਘ | ਸ. ਰੱਕੜ ਸਿੰਘ | ਲਹਿਰਾ, ਜ਼ਿਲ੍ਹਾ ਲੁਧਿਆਣਾ |
| 5 | ਸ. ਦੇਵਾ ਸਿੰਘ | ਸ. ਹਕੂਮਤ ਸਿੰਘ | ਲੋਹਗੜ੍ਹ, ਜ਼ਿਲ੍ਹਾ ਲੁਧਿਆਣਾ |
| 6 | ਸ. ਨਾਰਾਇਣ ਸਿੰਘ | ਸ. ਮਹਿਤਾਬ ਸਿੰਘ | ਲੋਹਗੜ੍ਹ, ਜ਼ਿਲ੍ਹਾ ਲੁਧਿਆਣਾ |
| 7 | ਸ. ਜੋਗਾ ਸਿੰਘ | ਸ. ਸਾਹਿਬ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ (ਫਿਰੋਜਪੁਰ) |
| 8 | ਸ. ਬਰਿਆਮ ਸਿੰਘ | ਸ. ਅਮਰੀਕ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ (ਫਿਰੋਜਪੁਰ) |
| 9 | ਸ. ਅਤਰ ਸਿੰਘ | ਸ. ਭਾਗ ਸਿੰਘ | ਮਹਿਰਾਜ ਥਾਣਾ ਨਥਾਣਾ ਤਹਿਸੀਲ ਮੋਗਾ (ਫਿਰੋਜਪੁਰ) |
| 10 | ਸ. ਗੁਰਮੁਖ ਸਿੰਘ | ਸ. ਖਜਾਨ ਸਿੰਘ | ਫਰਵਾਹੀ ਇਲਾਕਾ, ਕੋਟਲਾ |
| 11 | ਸ. ਰੂਪ ਸਿੰਘ | ਸ. ਖਜਾਨ ਸਿੰਘ | ਫਰਵਾਹੀ ਇਲਾਕਾ, ਕੋਟਲਾ |
| 12 | ਸ. ਖਜ਼ਾਨ ਸਿੰਘ | ਸ. ਵਜ਼ੀਰ ਸਿੰਘ | ਮੱਲੋਕੇ ਇਲਾਕਾ, ਫਰੀਦਕੋਟ |
| 13 | ਸ. ਹਰਨਾਮ ਸਿੰਘ | ਸ. ਨਗਾਹੀਆ ਸਿੰਘ | ਥਾਣਾ ਭਦੌੜ, ਤਹਿਸੀਲ ਅਨਹਦਗੜ੍ਹ, ਬਰਨਾਲਾ |
| 14 | [illegible]ਰਨੀ ਇੰਦਾਂ | ਸੁਪਤਨੀ ਸ. ਨੰਦ ਸਿੰਘ | ਹੰਡਿਆਇਆ ਥਾਣਾ, ਤਹਿਸੀਲ ਅਨਹਦਗੜ੍ਹ |
| 15 | ਸ. ਕਾਹਨ ਸਿੰਘ | ਸ. ਛੱਬਾ ਸਿੰਘ | ਲਹਿਰਾ ਥਾਣਾ ਸੁਨਾਮ |

| | | |
|---|---|---|
| 16. ਸ. ਨੱਥਾ ਸਿੰਘ | ਸ. ਬੁੱਧ ਸਿੰਘ | ਬਰਨਾਲਾ ਇਲਾਕਾ ਪਟਿਆਲਾ |
| 17. ਸ. ਸੱਦਾ ਸਿੰਘ | ਸ. ਮਹਿਤਾਬ ਸਿੰਘ | ਰੜ ਥਾਣਾ, ਤਹਿਸੀਲ ਸ਼ੇਰਪੁਰ |
| 18. ਸ. ਵਰਿਆਮ ਸਿੰਘ | ਸ. ਮੱਖਣ ਸਿੰਘ | ਬਰਨਾਲਾ ਤਹਿਸੀਲ, ਅਨਹਦਗੜ੍ਹ |
| 19. ਸ. ਸੁਜਾਨ ਸਿੰਘ | ਸ. ਸੁੱਚਾ ਸਿੰਘ | ਰਥੋਂ ਥਾਣਾ ਡੇਹਲੋਂ, ਜ਼ਿਲਾ ਲੁਧਿਆਣਾ |
| 20. ਸ. ਉੱਤਮ ਸਿੰਘ | ਸ. ਮੇਹਰ ਸਿੰਘ | ਰਬੋਂ ਥਾਣਾ ਡੇਹਲੋਂ, ਜ਼ਿਲਾ ਲੁਧਿਆਣਾ |
| 21. ਸ. ਅਤਰ ਸਿੰਘ | ਸ. ਦੇਸਾ ਸਿੰਘ | ਮਛਰਾਏ ਥਾਣਾ, ਤਹਿਸੀਲ ਅਮਲੋਹ, ਇਲਾਕਾ ਨਾਭਾ |
| 22. ਸ. ਜਵਾਹਰ ਸਿੰਘ | ਸ. ਦੇਸਾ ਸਿੰਘ | ਮਛਰਾਏ ਥਾਣਾ, ਤਹਿਸੀਲ ਅਮਲੋਹ, ਇਲਾਕਾ ਨਾਭਾ |
| 23. ਸ. ਬਸੰਤ ਸਿੰਘ | ਸ. ਸੁਜਾਨ ਸਿੰਘ | ਸੈਦ ਬਰਾਹਾਂ |
| 24. ਸ. ਨਿਹਾਲ ਸਿੰਘ | ਸ. ਬੂਟਾ ਗਿੰਘ | ਲਹਿਰਾ ਥਾਣਾ ਡੇਹਲੋਂ ਇਲਾਕਾ ਲੁਧਿਆਣਾ |
| 25. ਸ. ਗੁਲਾਬ ਸਿੰਘ | ਸ. ਜਮੀਅਤ ਸਿੰਘ | ਮਿਸਰਾਂਵਾਲਾ ਜ਼ਿਲ੍ਹਾ ਅੰਮ੍ਰਿਤਸਰ |
| 26. ਸ. ਬੇਲਾ ਸਿੰਘ | ਸ. ਰਾਮ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| 27. ਸ. ਮਿਤ ਸਿੰਘ | ਸ. ਬੁੱਧ ਸਿੰਘ | ਸਕਰੌਦੀ ਥਾਣਾ ਤਹਿਸੀਲ ਭਵਾਨੀਗੜ੍ਹ |
| 28. ਸ. ਜਵਾਹਰ ਸਿੰਘ | ਸ. ਊਧਮ ਸਿੰਘ | ਬਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| 29. ਸ. ਖਜਾਨ ਸਿੰਘ | ਸ. ਭਗਵਾਨ ਸਿੰਘ | ਪੀਰ ਕੇ ਕੋਟ ਤਹਿਸੀਲ ਰਜੀਸਰ |
| 30. ਸ. ਸੱਦਾ ਸਿੰਘ | ਸ. ਦਇਆ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| 31. ਸ. ਸੋਭਾ ਸਿੰਘ | ਸ. ਦਇਆ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |

| | | | |
|---|---|---|---|
| ੩੨. | ਸ. ਵਜੀਰ ਸਿੰਘ | ਸ. ਬਾਰਾ ਸਿੰਘ | ਰੱਬੋਂ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੩. | ਸ. ਗੁਰਮੁਖ ਸਿੰਘ | ਸ. ਬਹਾਲੇ ਸਿੰਘ | ਲਤਾਲਾ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| ੩੪. | ਸ. ਬੀਰ ਸਿੰਘ | ਸ. ਭਗਤ ਸਿੰਘ | ਥਾਣਾ ਤਹਿਸੀਲ ਭਵਾਨੀਗੜ੍ਹ |
| ੩੫. | ਸ. ਰੂਪ ਸਿੰਘ | ਸ. ਕੇਸਰ ਸਿੰਘ | ਦਿਆਲਗੜ੍ਹ ਥਾਣਾ ਤਹਿਸਲੀ ਭਵਾਨੀਗੜ੍ਹ |
| ੩੬. | ਸ. ਬਸਾਵਾ ਸਿੰਘ | ਸ. ਸੌਂਦਾ ਸਿੰਘ | ਦਿਆਲਗੜ੍ਹ ਥਾਣਾ ਤਹਿਸੀਲ ਭਵਾਨੀਗੜ੍ਹ |
| ੩੭. | ਸ. ਹਰਨਾਮ ਸਿੰਘ | ਸ. ਲਹਿਣਾ ਸਿੰਘ | ਦਿਆਲਗੜ੍ਹ ਥਾਣਾ ਤਹਿਸੀਲ ਭਵਾਨੀਗੜ੍ਹ |
| ੩੮. | ਸ. ਅਨੂਪ ਸਿੰਘ | ਸ. ਮਹਿਤਾਬ ਸਿੰਘ | ਸਕਰੌਦੀ ਥਾਣਾ ਤਹਿਸੀਲ ਭਵਾਨੀਗੜ੍ਹ |
| ੩੯. | ਸ. ਰੂਪ ਸਿੰਘ | ਸ. ਨੂਰਾ ਸਿੰਘ | ਦੇਵਾ, ਥਾਣਾ, ਤਹਿਸੀਲ ਸਾਹਿਬਗੜ੍ਹ (ਪਾਇਲ) |
| ੪੦. | ਸ. ਰਤਨ ਸਿੰਘ | ਸ. ਜੱਸਾ ਸਿੰਘ | ਗੁੰਮਟੀ ਥਾਣਾ ਤਹਿਸੀਲ ਸ਼ੇਰਪੁਰ |
| ੪੧. | ਸ. ਗੁਰਦਿੱਤ ਸਿੰਘ | ਸ. ਰੱਬੀ ਸਿੰਘ | ਰੜ ਥਾਣਾ ਤਹਿਸੀਲ ਸ਼ੇਰਪੁਰ |
| ੪੨. | ਸ. ਬਿਸ਼ਨ ਸਿੰਘ | ਸ. ਮਹਿਤਾਬ ਸਿੰਘ | ਰੜ ਥਾਣਾ ਤਹਿਸੀਲ ਸ਼ੇਰਪੁਰ |
| ੪੩ | ਸ. ਦਸੌਂਧਾ ਸਿੰਘ | ਸ. ਬੀਰ ਸਿੰਘ | ਬਲਾਸੌਰ ਥਾਣਾ ਖਮਾਣੋ |
| ੪੪ | ਸ. ਵਰਿਆਮ ਸਿੰਘ | ਸ. ਜੱਸਾ ਸਿੰਘ | ਖਨੌਰੀ ਤਹਿਸੀਲ, ਸ਼ੇਰਪੁਰ |
| ੪੫ | ਸ. ਵਰਿਆਮ ਸਿੰਘ | ਸ. ਬਾਹੀਆ ਸਿੰਘ | ਜ਼ਿਲਾ ਅੰਬਾਲਾ |
| ੪੬ | ਸਰਦਾਰਨੀ ਖੇਮੋ | ਸ. ਗੁਰਦਿੱਤ ਸਿੰਘ | |
| ੪੭ | ਸ. ਪ੍ਰੇਮ ਸਿੰਘ | ਸ. ਪਾਲ ਸਿੰਘ | ਗਗੜਪੁਰ ਥਾਣਾ ਤਹਿਸੀਲ ਸੰਗਰੂਰ ਇਲਾਕਾ ਜੀਂਦ |
| ੪੮ | ਸ ਕਾਹਨ ਸਿੰਘ | ਸ. ਹਰਗੁਲਾਲ ਸਿੰਘ | ਸੰਗੋਵਾਲ ਥਾਣਾ ਵ ਤਹਿ, ਸਾਹਿਬਗੜ੍ਹ |

| | | | |
|---|---|---|---|
| 49. | ਸ. ਹਰਨਾਮ ਸਿੰਘ | ਸ. ਦਲੇਲ ਸਿੰਘ | ਮੰਡੀ ਥਾਣਾ, ਨਾਈਆ ਵਾਲਾ |
| 50. | ਸ. ਅਲਬੇਲ ਸਿੰਘ | ਸ. ਸੁਜਾਨ ਸਿੰਘ | ਬਾਲੀਆ ਥਾਣਾ, ਤਹਿਸੀਲ ਸ਼ੇਰਪੁਰ |
| 51. | ਸ. ਸੱਦਾ ਸਿੰਘ | ਸ. ਮਹਾਂ ਸਿੰਘ | ਰੜ ਥਾਣਾ, ਸ਼ੇਰਪੁਰ |
| 52. | ਸ. ਹਰਨਾਮ ਸਿੰਘ | ਸ. ਚੜ੍ਹਤ ਸਿੰਘ | ਰੜ ਥਾਣਾ, ਸ਼ੇਰਪੁਰ |
| 53. | ਸ. ਬਖਸ਼ਾ ਸਿੰਘ | ਅਸਪਸ਼ਟ | ਅਰੋੜਾ ਜ਼ਿਲਾ ਸਿਰਸਾ |
| 54. | ਸ. ਚੜ੍ਹਤ ਸਿੰਘ | ਸ. ਧਰਮ ਸਿੰਘ | ਬਾਲੀਆ ਥਾਣਾ, ਤਹਿਸੀਲ ਸ਼ੇਰਪੁਰ |
| 55. | ਸ. ਰੂੜ ਸਿੰਘ | ਸ. ਬੂਟਾ ਸਿੰਘ | ਮਲੂ ਮੁਜ਼ਾਰਿਆਂ ਥਾਣਾ ਸ਼ੇਰਪੁਰ |
| 56. | ਸ. ਕੇਸਰ ਸਿੰਘ | ਸ. ਧਿਆਨ ਸਿੰਘ | ਗਿਲਾਂ ਥਾਣਾ, ਇਲਾਕਾ ਨਾਭਾ |
| 57. | ਸ. ਚੜ੍ਹਤ ਸਿੰਘ | ਸ. ਮਾਘ ਸਿੰਘ | ਰੁੜਕਾ ਥਾਣਾ ਡੇਹਲੋਂ ਜ਼ਿਲ੍ਹਾ ਲੁਧਿਆਣਾ |
| 58. | ਸ. ਭਗਤ ਸਿੰਘ | ਸ. ਦਿਆਲ ਸਿੰਘ | ਕਾਂਝਲਾ ਥਾਣਾ ਤਹਿਸੀਲ ਸ਼ੇਰਪੁਰ |
| 59. | ਸ. ਜੀਵਨ ਸਿੰਘ | ਸ. ਧੌਂਕਲ ਸਿੰਘ | ਫੂਲ ਥਾਣਾ ਸੁਨਾਮ |
| 60. | ਸ. ਸੋਭਾ ਸਿੰਘ | ਸ. ਖਜਾਨ ਸਿੰਘ | ਭੱਦਲਥੂਹਾ ਥਾਣਾ ਅਮਲੋਹ ਨਾਭਾ |
| 61. | ਸ. ਸ਼ਾਮ ਸਿੰਘ | ਸ. ਵੀਰ ਸਿੰਘ | ਜੋਗਾ ਤਹਿਸੀਲ ਭਿਖੀ |
| 62. | ਸ. ਸੱਦਾ ਸਿੰਘ | ਸ. ਰੂਪਾ ਸਿੰਘ | ਜੋਗਾ ਤਹਿਸੀਲ ਭਿਖੀ |
| 63. | ਸ. ਮਹਾਂ ਸਿੰਘ | ਸ. ਮੰਗਲ ਸਿੰਘ | ਸਾਦਕ ਥਾਣਾ ਮਲੌਦ ਥਾਣਾ ਕੋਟ |
| 64. | ਸ. ਚੜ੍ਹਤ ਸਿੰਘ | ਸ. ਰਾਮ ਸਿੰਘ | ਬਾਲੀਆਂ ਥਾਣਾ ਤਹਿਸੀਲ ਸ਼ੇਰਪੁਰ |
| 65. | ਸ. ਰੂੜ ਸਿੰਘ | ਸ. ਜੱਸਾ ਸਿੰਘ | ਬਿਸ਼ਨਪੁਰਾ ਥਾਣਾ ਇਲਾਕਾ ਨਾਭਾ |
| 66. | ਸ. ਸੱਦਾ ਸਿੰਘ | ਸ. ਬੀਰ ਸਿੰਘ | ਅਸਪਸ਼ਟ ਥਾਣਾ ਤਹਿਸੀਲ ਸ਼ੇਰਪੁਰ |
| 67. | ਸ. ਚਤਰ ਸਿੰਘ | ਸ. ਗੁਲਾਬ ਸਿੰਘ | ਗੁਮਟੀ ਥਾਣਾ, ਤਹਿਸੀਲ ਸ਼ੇਰਪੁਰ |
| 68. | ਸ. ਕਟਾਰ ਸਿੰਘ | ਸ. ਟੇਕ ਸਿੰਘ | ਧਨੌਲਾ ਇਲਾਕਾ ਨਾਭਾ |

ਮਲੇਰ ਕੋਟਲੇ ਪਹੁੰਚੇ ਸ਼ਹੀਦੀ ਜਥੇ ਵਿੱਚ ਦੋ ਇਸਤ੍ਰੀਆਂ ਵੀ ਸਨ, ਇੰਦ ਕੌਰ ਹੰਡਿਆਏ ਵਾਲੀ ਅਤੇ ਬਿਸ਼ਨ ਸਿੰਘ ਸ਼ਹੀਦ ਦੀ ਮਾਤਾ ਖੇਮ ਕੌਰ। ਉਨ੍ਹਾਂ ਨੂੰ ਕਾਵਨ ਨੇ ਪਟਿਆਲਾ ਰਾਜ ਦੇ ਹਵਾਲੇ ਕਰ ਦਿੱਤਾ। ਉਨ੍ਹਾਂ ਨੇ ਕੂਕਿਆਂ ਦੀ ਸ਼ਹੀਦੀ ਦਾ ਅੱਖੀ ਵੇਖਿਆ ਨਜ਼ਾਰਾ ਬਾਅਦ ਵਿੱਚ ਕਈਆਂ ਨੂੰ ਸੁਣਾਇਆ। ਹਰ ਸੁਣਨ ਵਾਲੇ ਦੇ ਮਨ ਵਿੱਚ ਨਾਮਧਾਰੀ ਸ਼ਹੀਦਾਂ ਪ੍ਰਤੀ ਸ਼ਰਧਾ ਜਾਗਦੀ ਅਤੇ ਸਰਤਾਨਵੀ ਸਰਕਾਰ ਪ੍ਰਤੀ ਗ਼ੁੱਸਾ ਅਤੇ ਘਿਰਣਾ ਪੈਦਾ ਹੁੰਦੀ।

18 ਜਨਵਰੀ 1872 ਈ: ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਅਲਾਹਬਾਦ ਲਈ ਸਪੈਸ਼ਲ ਗੱਡੀ ਉੱਤੇ ਚੜ੍ਹਾਕੇ ਕਮਿਸ਼ਨਰ ਵੀ ਮਲੇਰ ਕੋਟਲੇ ਆ ਗਿਆ। ਉਸ ਨੇ ਕਾਵਨ ਨੂੰ ਉਸ ਦੀ ਹੁਕਮ ਅਦੂਲੀ ਕਰਨ ਬਦਲੇ ਕੁਝ ਕਹਿਣ ਦੀ ਥਾਂ ਉੱਤੇ ਬਾਕੀ ਬਚੇ 16 ਨਾਮਧਾਰੀਆਂ ਉੱਤੇ ਕਤਲ ਅਤੇ ਡਾਕੇ ਦਾ ਮੁਕੱਦਮਾ ਚਲਾਇਆ। ਉਮੇਰ ਗੜ੍ਹ ਦਾ ਨਾਇਬ ਨਾਜ਼ਿਮ ਸੱਯਦ ਨਿਆਜ਼ ਅਲੀ, ਰਾਮ ਪੁਰ ਦਾ ਨੰਬਰਦਾਰ ਪੰਜਾਬ ਸਿੰਘ ਅਤੇ ਮਲੌਧ ਦੇ ਮਿਤ ਸਿੰਘ ਤੇ ਮੁਖ਼ਤਿਆਰ ਨਾਰਾਇਣ ਸਿੰਘ ਦੀਆਂ ਗਵਾਹੀਆਂ ਲਈਆਂ ਗਈਆਂ।

ਗਵਾਹਾਂ ਨੇ ਕੂਕਿਆਂ ਕੋਲੋਂ 16 ਤਲਵਾਰਾਂ, ਇੱਕ ਬਰਛਾ, ਕਈ ਸਫ਼ਾਜੰਗ ਅਤੇ ਗੰਡਾਸੇ ਬਰਾਮਦ ਹੋਣ ਦੀ ਗੱਲ ਕੀਤੀ। ਪੰਜਾਬ ਸਿੰਘ ਨੇ ਹਥਿਆਰ ਪਛਾਣ ਲਏ। ਤਲਵਾਰਾਂ ਬਿਨਾ ਮਿਆਨ ਤੋਂ ਸਨ। ਉਨ੍ਹਾਂ ਉੱਤੇ ਲਹੂ ਲੱਗਿਆ ਹੋਇਆ ਸੀ ਚਾਰ ਘੋੜੇ ਵੀ ਉਸ ਪਛਾਣ ਲਏ। 16 ਆਦਮੀ ਜਿਨ੍ਹਾਂ ਨੂੰ ਉਹ ਸ਼ੇਰ ਪੁਰ ਲੈ ਕੇ ਗਿਆ ਸੀ, ਦੀ ਵੀ ਉਸ ਨੇ ਸਨਾਖ਼ਤ ਕਰ ਲਈ। ਨਾਰਾਇਣ ਸਿੰਘ ਨੇ ਵੀ ਮਿੱਤ ਸਿੰਘ ਦੀ ਜਾਇਦਾਦ ਵਿਚੋਂ ਲਈਆਂ ਗਈਆਂ ਦੋ ਘੋੜੀਆਂ ਅਤੇ ਇੱਕ ਘੋੜਾ ਪਛਾਣ ਲਿਆ। ਕੋਟਲਾ ਰਾਜ ਬਨਾਮ ਅਲਬੇਲਾ ਸਿੰਘ ਅਤੇ ਹੋਰ 15 ਵੀ ਮੁਕਦਮੇ ਦੀ ਲਪੇਟ ਵਿੱਚ ਆਏ, ਹੇਠ ਲਿਖੇ 16 ਨਾਮਧਾਰੀ ਸਿੰਘ ਸਨ :

1. ਅਲਬੇਲ ਸਿੰਘ, ਵਾਲੀਆਂ ਰਿਆਸਤ ਪਟਿਆਲਾ
2. ਰੂੜ ਸਿੰਘ ਮੁਲੂ ਮਾਜਰਾ, ਰਿਆਸਤ ਪਟਿਆਲਾ
3. ਅਨੂਪ ਸਿੰਘ ਸਕਰੌਦੀ, ਰਿਆਸਤ ਪਟਿਆਲਾ
4. ਭਗਤ ਸਿੰਘ ਕਾਂਝਲਾ, ਰਿਆਸਤ ਪਟਿਆਲਾ
5. ਸ਼ਾਮ ਸਿੰਘ ਜੋਗਾ, ਰਿਆਸਤ ਪਟਿਆਲਾ
6. ਜਵਾਹਰ ਸਿੰਘ ਵਾਲੀਆਂ, ਰਿਆਸਤ ਪਟਿਆਲਾ
7. ਕੇਸਰ ਸਿੰਘ ਗਿੱਲ ਪਿਥੋ, ਰਿਆਸਤ ਨਾਭਾ
8. ਹੀਰਾ ਸਿੰਘ ਪਿਥੋਕੇ, ਰਿਆਸਤ ਨਾਭਾ
9. ਸ਼ੋਭਾ ਸਿੰਘ ਭਥਲ ਬੂਹਾ, ਰਿਆਸਤ ਨਾਭਾ
10. ਸੇਵਾ ਸਿੰਘ ਰੱਬੋਂ, ਜ਼ਿਲਾ ਲੁਧਿਆਣਾ

11. ਸ਼ੋਭਾ ਸਿੰਘ ਰੱਬੋਂ, ਜ਼ਿਲਾ ਲੁਧਿਆਣਾ
12. ਵਰਿਆਮ ਸਿੰਘ ਛੰਨਾ ਬਹਾਦਰ ਸਿੰਘ, ਜ਼ਿਲਾ ਲੁਧਿਆਣਾ
13. ਸੁਜਾਨ ਸਿੰਘ ਰਬੋਂ, ਲੁਧਿਆਣਾ
14. ਬੇਲਾ ਸਿੰਘ ਰੱਬੋਂ ਲੁਧਿਆਣਾ
15. ਹਾਕਮ ਸਿੰਘ ਝਬਾਲ, ਅੰਮ੍ਰਿਤਸਰ
16. ਵਰਿਆਮ ਸਿੰਘ ਮਰ੍ਹਾਜ, ਫ਼ਿਰੋਜ਼ਪੁਰ।

ਇਨ੍ਹਾਂ ਉੱਤੇ ਲਿਖੇ ਕੂਕਿਆਂ ਤੋਂ ਵੀ ਗੁਆਹੀਆਂ ਲਈਆਂ ਗਈਆ। ਸਭ ਨੇ ਮਲੌਧ ਅਤੇ ਕੋਟਲੇ ਕੀਤੇ ਦੋ ਦੋ ਹੱਥਾਂ ਨੂੰ ਸਿਰ ਉੱਚਾ ਕਰਕੇ ਮਾਣ ਨਾਲ ਕਬੂਲ ਕੀਤਾ।

ਇਹ ਸਾਰਾ ਮੁਕਦਮਾ ਤਿਆਰ ਕਰਕੇ ਸਜ਼ਾ ਸੁਣਾਉਣ ਲਈ ਕਮਿਸ਼ਨਰ ਅਤੇ ਕੋਟਲੇ ਦੇ ਏਜੰਟ ਨੂੰ ਦਿੱਤਾ ਗਿਆ। ਕਮਿਸ਼ਨਰ ਨੇ ਸਤਿਗੁਰੂ ਰਾਮ ਸਿੰਘ ਜੀ ਦੀ ਲੁਧਿਆਣੇ ਲਈ ਗਵਾਹੀ ਅਤੇ ਕੋਟਲੇ ਹੋਈਆਂ ਬਾਕੀ ਗਵਾਹੀਆਂ ਦੇ ਆਧਾਰ ਉੱਤੇ ਸਭ ਨੂੰ ਮੌਤ ਦੀ ਸਜ਼ਾ ਦਾ ਭਾਗੀ ਬਣਾਇਆ। ਭਾਵੇਂ ਮਿਸਲ ਵਿੱਚ ਉਸ ਨੇ ਆਪ ਲਿਖਿਆ ਕਿ ਇਨ੍ਹਾਂ ਵਿਚੋਂ ਸ਼ਾਮ ਸਿੰਘ ਅਤੇ ਹੀਰਾ ਸਿੰਘ ਕੋਟਲੇ ਵਿੱਚ ਸਨ। ਸ਼ੋਭਾ ਸਿੰਘ ਰੱਬੋਂ, ਹਾਕਮ ਸਿੰਘ ਅਤੇ ਸੁਜਾਨ ਸਿੰਘ ਕੇਵਲ ਉਸ ਸਮੇਂ ਹੀ ਸ਼ਹੀਦੀ ਜਥੇ ਨਾਲ ਰਲੇ ਸਨ ਜਦੋਂ ਜਥਾ ਆਪ ਪੇਸ਼ ਹੋਣ ਲਈ ਗਿਆ। ਇਹ ਬਰਤਾਨਵੀਂ ਅਫ਼ਸਰ ਦਾ ਹੀ ਨਿਆਂ ਹੋ ਸਕਦਾ ਸੀ ਕਿ ਜਿਸ ਨੂੰ ਕਤਲ ਦੇ ਮਾਮਲੇ ਵਿੱਚ ਬੇਕਸੂਰ ਲਿਖਣ, ਉਸ ਨੂੰ ਵੀ ਤੋਪਾਂ ਨਾਲ ਉਡਵਾ ਦੇਣ।

ਕੂਕੇ ਤਾਂ ਆਏ ਹੀ ਸ਼ਹਾਦਤ ਪ੍ਰਾਪਤ ਕਰਨ ਸਨ। ਜੇ ਕਿਸੇ ਕੂਕੇ ਨੂੰ ਛਡਣ ਦਾ ਬਹਾਨਾ ਵੀ ਬਣਾਇਆ ਜਾਂਦਾ ਤਾਂ ਉਹ ਮੌਤ ਰਾਣੀ ਨੂੰ ਪਰਨਾਉਣ ਵਿੱਚ ਬਾਕੀ ਸਾਥੀਆਂ ਤੋਂ ਪਿਛੇ ਰਹਿਣਾ ਪਸੰਦ ਨਾ ਕਰਦੇ।

ਵਰਿਆਮ ਸਿੰਘ ਮਰ੍ਹਾਜ ਨੂੰ ਛਡ ਦੇਣ ਲਈ ਮਹਾਰਾਜਾ ਪਟਿਆਲਾ ਨੇ ਸਿਫ਼ਾਰਸ਼ ਕੀਤੀ। ਕਿਉਂਕਿ ਮਹਾਰਾਜਾ ਪਟਿਆਲਾ ਨੂੰ ਵਰਿਆਮ ਸਿੰਘ ਦੇ ਰਿਸ਼ਤੇਦਾਰਾਂ ਨੇ ਉਸ ਦੇ ਬੇਕਸੂਰ ਹੋਣ ਦੀ ਤੱਸਲੀ ਦੇ ਦਿੱਤੀ ਸੀ ਅਤੇ ਉਸ ਲਈ ਜੀਵਨ ਦਾਨ ਮੰਗਿਆ ਸੀ। ਰਹਿਮ ਦੀ ਅਪੀਲ ਕੀਤੀ ਸੀ। ਕਾਵਨ ਨੇ ਇਹ ਕਿਹਾ ਕਿ ਵਰਿਆਮ ਸਿੰਘ ਦਾ ਕੱਦ ਮਧਰਾ ਸੀ ਸੋ ਸ਼ਿਸ਼ਤ ਠੀਕ ਨਹੀਂ ਬੈਠਦੀ, ਉਸ ਨੂੰ ਤੋਪ ਅਗੋਂ ਹਟ ਕੇ ਘਰ ਚਲੇ ਜਾਣ ਨੂੰ ਕਿਹਾ ਗਿਆ। ਉਹ ਤੋਪ ਦੇ ਮੂੰਹ ਤੋਂ ਪਾਸੇ ਹੋ ਗਿਆ। ਨੇੜੇ ਦੇ ਛੱਪੜ ਵਿਚੋਂ ਕੁਝ ਭਿੱਕਾਂ ਪੁਟੀਆਂ। ਉਨ੍ਹਾਂ ਨੂੰ ਤੋਪ ਸਾਹਮਣੇ ਜੋੜ ਕੇ ਫਿਰ ਮੇਚ ਪੂਰਾ ਕਰਨ ਲਈ ਉਨ੍ਹਾਂ ਉੱਤੇ ਖੜਾ ਹੋ ਗਿਆ ਅਤੇ ਤੋਪਚੀ ਨੂੰ ਤੋਪ ਚਲਾਉਣ ਲਈ ਕਿਹਾ। ਤੋਪਚੀ ਨੇ ਕਾਵਨ

ਵੱਲ ਵੇਖਿਆ ਅਤੇ ਉਸ ਦਾ ਇਸ਼ਾਰਾ ਮਿਲਦਿਆਂ ਹੀ ਪਲੀਤਾ ਦਾਗ਼ ਦਿੱਤਾ।

18 ਜਨਵਰੀ 1872 ਈ. 16 ਨਾਮਧਾਰੀ ਸ਼ਹੀਦ ਹੋਏ।

18 ਜਨਵਰੀ 1872 ਈ. ਨੂੰ ਇਕ ਦਰਬਾਰ ਕੀਤਾ ਗਿਆ। ਇਸ ਦਰਬਾਰ ਵਿੱਚ ਮਲੇਰ ਕੋਟਲੇ ਦੇ ਖ਼ਜ਼ਾਨੇ ਵਿਚੋਂ, ਸਰਕਾਰ ਦੀ ਮਦਦ ਕਰਨ ਬਦਲੇ ਹੇਠ ਲਿਖੇ ਅਨੁਸਾਰ ਇਨਾਮ ਦਿੱਤੇ ਗਏ:

| | ਰੁਪਏ |
|---|---|
| 1. ਨਿਆਜ਼ ਅਲੀ ਨਾਇਬ ਨਾਜ਼ਿਮ | 1000 |
| 2. ਪੰਜਾਬ ਸਿੰਘ ਦਰਬਾਰੀ | 300 |
| 3. ਜੈਮਲ ਸਿੰਘ ਜਿਸਨੇ ਜਾਣਕਾਰੀ ਦਿੱਤੀ | 200 |
| 4. ਮਸਤਾਨ ਅਲੀ | 100 |
| 5. ਉੱਤਮ ਸਿੰਘ | 50 |
| 6. ਰਤਨ ਸਿੰਘ | 50 |
| 7. ਗੁਲਾਬ ਸਿੰਘ | 50 |
| 8. ਪ੍ਰਤਾਪ ਸਿੰਘ | 50 |

ਇਸ ਤੋਂ ਇਲਾਵਾ ਜਿਨ੍ਹਾਂ ਮਲੇਰ ਕੋਟਲੇ ਦੀ ਰਿਆਸਤ ਤੇ ਮਹਿਲ, ਖ਼ਜ਼ਾਨੇ ਅਤੇ ਹੋਰ ਜਾਇਦਾਦ ਦੀ ਰਾਖੀ ਲਈ ਜਾਨਾਂ ਦਿੱਤੀਆਂ, ਉਨ੍ਹਾਂ ਦੇ ਪਰਵਾਰਾਂ ਲਈ ਵੀ ਫੋਰਸਿਥ ਨੇ ਮਦਦ ਦੀ ਸਿਫ਼ਾਰਸ਼ ਕੀਤੀ। ਇਸ ਦਾ ਵੇਰਵਾ, ਕੋਟਲੇ ਦੇ ਹਾਕਮ ਨਾਲ ਬਹਿਕੇ, ਕਮਿਸ਼ਨਰ ਨੇ ਬਾਅਦ ਵਿੱਚ ਤਿਆਰ ਕਰਨਾ ਸੀ।

ਮਲੇਰ ਕੋਟਲੇ ਵਿੱਚ ਕੂਕਿਆਂ ਨੂੰ ਤੋਪਾਂ ਨਾਲ ਉਡਾ ਕੇ, 19 ਜਨਵਰੀ 1872 ਈ. ਨੂੰ ਕਮਿਸ਼ਨਰ ਆਪਣੇ ਅਮਲੇ ਫੈਲੇ ਨਾਲ ਮਲੌਧ ਪਹੁੰਚਿਆ। ਮਲੌਧ ਹੀ ਜੁ ਬਦਨ ਸਿੰਘ ਉਤੇ ਹਮਲਾ ਕਰਨ ਵਾਲੇ ਚਾਰ ਕੂਕੇ ਕੈਦ ਸਨ। ਕਮਿਸ਼ਨਰ ਕੋਲ ਸੈਸ਼ਨ ਜੱਜ ਦਾ ਵੀ ਅਹੁਦਾ ਸੀ, ਮਲੌਧ ਸਿੱਧਾ ਅੰਗਰੇਜ਼ ਰਾਜ ਵਿੱਚ ਸੀ ਸੋ ਉਸ ਨੇ ਉਨ੍ਹਾਂ ਚਹੁੰ ਕੂਕਿਆਂ ਦਾ ਕਸੂਰ ਜਾਨਣ ਲਈ ਉਥੇ ਹੀ ਕਚਹਿਰੀ ਲਾ ਲਈ।

ਭਾਰਤੀ ਪੈਨਲ ਕੋਡ ਦੀ ਧਾਰਾ 396 ਅਧੀਨ, 1. ਭਗਵਾਨ ਸਿੰਘ ਸਪੁੱਤਰ ਨਾਮ ਸਿੰਘ, ਪਿੰਡ ਨੰਗਲ, ਰਿਆਸਤ ਪਟਿਆਲਾ, 2. ਗਿਆਨ ਸਿੰਘ ਸਪੁੱਤਰ ਦਲ ਸਿੰਘ, ਪਿੰਡ ਫੁਲੇਰੀ, 3. ਮਿਹਰ ਸਿੰਘ ਸਪੁੱਤਰ ਗੁਲਾਬ ਸਿੰਘ, ਪਿੰਡ ਮਲਸਾਰ ਪੁਰ, ਜ਼ਿਲ੍ਹਾ ਜਲੰਧਰ ਅਤੇ 4. ਥੰਮਣ ਸਿੰਘ ਸਪੁੱਤਰ ਅਲਬੇਲ ਸਿੰਘ ਉਤੇ, ਮੁਕਦਮਾ ਚਲਾਇਆ ਗਿਆ। ਡੀ. ਸੀ. ਕਾਵਨ ਨੇ ਸਾਰੀ ਮਿਸਲ ਸੈਸ਼ਨ ਜੱਜ ਨੂੰ ਦਿੱਤੀ। ਸੈਸ਼ਨ ਜੱਜ ਨਾਲ ਮੀਰ ਹਾਸ਼ਮ ਖਾਂ ਬਹਾਦਰ ਰਸਾਲਦਾਰ, ਗੁਲਾਮ ਕਾਦਰ ਸੁਪਰਇੰਨਟੈਂਡੈਂਟ ਅਬੋਹਰ ਅਤੇ ਮਹਿਤਾਬ ਸਿੰਘ ਨੰਬਰਦਾਰ

ਅਸੈਸਰਾਂ ਦੇ ਰੂਪ ਵਿੱਚ ਬੈਠੇ ਸਨ।

ਮੁਕਦਮੇ ਦੀ ਪੈਰਵੀ ਕਰਨ ਵਾਲੇ, ਦਸੌਧੀ, ਕਿਸ਼ਨਾ, ਸੂਬਾ ਹੀਰਾ ਸਿੰਘ, ਬਦਨ ਸਿੰਘ, ਨਿਹਾਲ ਸਿੰਘ, ਸਾਹਿਬ ਸਿੰਘ, ਰਾਮ ਸਿੰਘ, ਸੁੰਦਰ ਸਿੰਘ, ਨਥਣਾ, ਬਸਾਵਾ, ਸਰਫ਼ਰਾਜ਼ ਖਾਂ ਡਿਪਟੀ .ਇਨਸਪਕੈਟਰ, ਧੌਂਕਲ ਅਤੇ ਕ੍ਰਿਪਾ ਸਨ।

ਸਰਫ਼ਰਾਜ਼ ਖਾਂ, ਬਦਨ ਸਿੰਘ, ਹੀਰਾ ਸਿੰਘ, ਸੁੰਦਰ ਸਿੰਘ ਆਦਿ ਨੇ ਗੁਆਹੀਆਂ ਦਿੱਤੀਆਂ। ਕਤਲ ਅਤੇ ਡਾਕੇ ਦਾ ਕੇਸ ਸਿੱਧ ਕੀਤਾ ਗਿਆ। ਚਹੁੰ ਕੂਕਿਆਂ ਵਲੋਂ ਬਚਾਅ ਪਖੋਂ ਕੋਈ ਪੇਸ਼ ਨਹੀਂ ਹੋਇਆ। ਅਸੈਸਰਾਂ ਅਤੇ ਸੈਸ਼ਨ ਜੱਜ ਨੇ ਮੁਕੱਦਮੇ ਉੱਤੇ ਵਿਚਾਰ ਕਰਨ ਪਿੱਛੋਂ ਉਨ੍ਹਾਂ ਨੂੰ ਪੂਰਨ ਰੂਪ ਵਿੱਚ ਕਸੂਰਵਾਰ ਠਹਿਰਾਇਆ ਪਰ ਉਨ੍ਹਾਂ ਮੌਤ ਦੀ ਸਜਾ ਦੇਣ ਤੋਂ ਗੁਰੇਜ਼ ਕੀਤਾ ਜਿਸ ਦੇ ਸੈਸ਼ਨ ਜੱਜ ਨੇ ਦੋ ਕਾਰਨ ਲਿਖੇ, ਪਹਿਲਾ ਇਹ ਕਿ ਮੌਤ ਦੀ ਸਜ਼ਾ ਦੇਣ ਦੀ ਉਦਾਹਰਣ ਮਲੇਰ ਕੋਟਲੇ ਪੇਸ਼ ਕੀਤੀ ਜਾ ਚੁੱਕੀ ਸੀ। ਦੂਸਰਾ ਇਹ ਕਿ ਚਾਰੇ ਕੈਦੀ ਬੁਰੀ ਤਰ੍ਹਾਂ ਨਾਲ ਜਖ਼ਮੀ ਸਨ, ਦੋਹਾਂ ਦੇ ਤਾਂ ਅੰਗ ਵੀ ਟੁੱਟੇ ਹੋਏ ਸਨ, ਇੱਕ ਦੀ ਜਾਨ ਪਤਾ ਨਹੀਂ ਕਿੱਥੇ ਅਟਕੀ ਹੋਈ ਸੀ।

ਸੋ ਸੈਸ਼ਨ ਜੱਜ ਨੇ ਉਮਰ ਕੈਦ ਅਤੇ ਦੇਸ਼ ਨਿਕਾਲੇ ਦੀ ਸਜਾ ਸੁਣਾ ਦਿੱਤੀ। ਉਨਾਂ ਕੈਦੀਆਂ ਨੂੰ ਮਲੌਧੋਂ ਲੁਧਿਆਣੇ ਲਿਆਂਦਾ ਗਿਆ ਅਤੇ ਜੇਲ ਵਿੱਚ ਡੱਕ ਦਿੱਤਾ ਗਿਆ।

ਨਾਮਧਾਰੀ ਸ਼ਹੀਦਾਂ ਦੇ ਭੈਣੀ ਸਾਹਿਬ ਤੋਂ ਚੱਲ ਕੇ ਮਲੇਰ ਕੋਟਲੇ ਪਹੁੰਚ ਕੇ ਸ਼ਹੀਦੀਆਂ ਪ੍ਰਾਪਤ ਕਰਨ ਤੱਕ ਦੀਆਂ ਘਟਨਾਵਾਂ ਨੂੰ ਗਹੁ ਨਾਲ ਵਿਚਾਰਿਆਂ ਇੱਕ ਗਲ ਬੜੀ ਸਪਸ਼ਟ ਹੋ ਕੇ ਨਿਬੜਦੀ ਹੈ ਕਿ ਜੇ ਡਿਪਟੀ ਕਮਿਸ਼ਨਰ ਕਾਵਨ ਅਤੇ ਹੋਰ ਸਰਕਾਰੀ ਕਰਮਚਾਰੀ ਅਤੇ ਅਧਿਕਾਰੀ ਚਾਹੁੰਦੇ ਤਾਂ ਉਸ ਖ਼ੂਨ ਦੀ ਹੋਲੀ ਨੂੰ ਬੜਾ ਸੌਖਾ ਟਾਲਿਆ ਜਾ ਸਕਦਾ ਸੀ।

1928 ਬਿਕਰਮੀ ਦੀ ਮਾਘੀ ਦੇ ਮੇਲੇ ਉੱਤੇ ਸਰਫ਼ਰਾਜ਼ ਖਾਂ ਡਿਪਟੀ ਇਨਸਪੈਕਟਰ ਪੁਲਿਸ ਸਾਹਨੇਵਾਲ, 5 ਸਿਪਾਹੀਆਂ ਨਾਲ ਭੈਣੀ ਸਾਹਿਬ ਹੀ ਸੀ। ਉਸ ਨੇ ਮਸਤਾਨਿਆਂ ਬਾਰੇ ਜਦ ਸਤਿਗੁਰੂ ਜੀ ਨਾਲ ਗੱਲ ਕੀਤੀ ਤੇ ਸਤਿਗੁਰੂ ਜੀ ਨੇ ਸਾਫ ਕਿਹਾ ਕਿ ਮਸਤਾਨੇ ਆਪ ਦੇ ਕਹਿਣੇ ਵਿੱਚ ਨਹੀਂ ਸਨ। ਸਤਿਗੁਰੂ ਜੀ ਨੇ 13 ਮਸਤਾਨਿਆਂ ਦੀ ਫਹਿਰਿਸਤ ਵੀ ਉਸਨੂੰ ਦਿੱਤੀ। ਉਹ ਤੇਰਾਂ ਨਾਂ ਇਹ ਸਨ : ਲਹਿਣਾ ਸਿੰਘ ਸਪੁੱਤਰ ਮਹਿਤਾਬ ਸਿੰਘ ਤੇ ਹੀਰਾ ਸਿੰਘ ਇਹ ਮੋਚੀ ਸਨ, ਅਨੂਪ ਸਿੰਘ, ਉਤਮ ਸਿੰਘ, ਨੰਦ ਸਿੰਘ, ਹੰਡਿਆਇਆ, ਜੋਗਾ ਸਿੰਘ, ਵਰਿਆਮ ਸਿੰਘ, ਭਾਗ ਸਿੰਘ ਮਰਾਜ, ਨਾਰਾਇਣ ਸਿੰਘ ਰੜ, ਸਾਹਿਬ ਸਿੰਘ, ਸੁਜਾਨ ਸਿੰਘ, ਗਿਆਨ ਸਿੰਘ ਅਤੇ ਕਾਹਨ ਸਿੰਘ ਬੁਲ੍ਹੇਰਾ। ਉਹ ਮਸਤਾਨੇ ਕੁਝ ਵੀ ਕਰ ਸਕਦੇ ਹਨ।

ਸਰਫਰਾਜ਼ ਖਾਂ ਨੇ ਸਭ ਦੀ ਨਿਗਰਾਨੀ ਰੱਖੀ ਜਦ 140 ਮਸਤਾਨਿਆਂ ਦਾ ਜਥਾ 13 ਜਨਵਰੀ 1872 ਈ: ਨੂੰ ਭੈਣੀ ਸਾਹਿਬੋਂ ਵਹੀਰ ਘਤ ਤੁਰਿਆ ਤਾਂ ਉਸ ਨੇ ਉਨ੍ਹਾਂ ਦਾ ਪਿਛਾ ਕਰਨ ਲਈ ਸਾਰਜੰਟ ਹਰੀ ਸਿੰਘ ਨੂੰ ਕੁਝ ਸਿਪਾਹੀਆਂ ਨਾਲ ਭੇਜਿਆ। ਉਸ ਨੇ ਉਨ੍ਹਾਂ ਨੂੰ ਨਾ ਰੋਕਿਆ, ਨਾ ਹਟਕਿਆ ਸਗੋਂ ਮਸਤਾਨਿਆਂ ਦੇ ਰਾਮਪੁਰ ਕਟਾਨੀ ਰਾਹੀਂ ਰਿਆਸਤ ਪਟਿਆਲਾ ਦੀ ਹੱਦ ਵਿੱਚ ਦਾਖ਼ਲ ਹੋਣ ਬਾਅਦ ਵਾਪਸ ਪਰਤ ਆਇਆ ਅਤੇ ਸਰਫਰਾਜ਼ ਖਾਂ ਨੂੰ ਇਸ ਦੀ ਜਾਣਕਾਰੀ ਦੇ ਦਿੱਤੀ। ਉਸ ਨੇ ਅਗੋਂ ਦੋਰਾਹਾ ਦੇ ਥਾਣੇਦਾਰ ਨੂੰ ਚਿੱਠੀ ਲਿਖ ਦਿੱਤੀ। ਉਹ ਰਾਤੀਂ ਦਸ ਵਜੇ ਲੁਧਿਆਣੇ ਅਪੜਿਆ। ਡਿਪਟੀ ਕਮਿਸ਼ਨਰ ਅਤੇ ਜ਼ਿਲਾ ਸੁਪਰਇੰਨਟੈਂਡੈਂਟ ਨੂੰ ਕੂਕਿਆਂ ਦੀ ਕਾਰਵਾਈ ਦੀ ਇਤਲਾਹ ਦਿੱਤੀ ਅਤੇ 13 ਬੰਦਿਆਂ ਦੀ ਸੂਚੀ ਵੀ ਦੇ ਦਿੱਤੀ।

ਡੀ. ਸੀ. ਨੇ ਇਸ ਸਮੇਂ ਕੂਕਿਆਂ ਨੂੰ ਠਲ੍ਹ ਪਾਉਣ ਲਈ ਕੋਈ ਵੀ ਫੌਰੀ ਕਦਮ ਨਹੀਂ ਚੁਕਿਆ ਕੇਵਲ ਮਾਤਰ ਦੇਸੀ ਰਿਆਸਤਾਂ ਦੇ ਵਕੀਲਾਂ ਨੂੰ ਖ਼ਬਰ ਭੇਜ ਦਿੱਤੀ। ਜੇ ਡੀ. ਸੀ. ਕੋਈ ਸਖ਼ਤ ਕਦਮ ਚੁਕਦਾ। ਹੋਰ ਨਹੀਂ ਤਾਂ ਬਗਾਵਤ ਕਰਨ ਦਾ ਦੋਸ਼ ਮੜ੍ਹ ਕੇ ਹਿਰਾਸਤ ਵਿੱਚ ਹੀ ਲੈ ਲੈਂਦਾ, ਤਾਂ ਵੀ ਕੋਈ ਦੁਰਘਟਨਾ ਨਾ ਵਾਪਰਦੀ।

15 ਜਨਵਰੀ 1872 ਈ: ਨੂੰ ਸਤਿਗੁਰਾਂ ਨੇ ਉਚੇਰੇ ਤੌਰ ਤੇ ਸੂਬਾ ਲੱਖਾ ਸਿੰਘ ਨੂੰ ਲੁਧਿਆਣੇ ਡੀ. ਸੀ. ਨੂੰ ਇਤਲਾਹ ਦੇਣ ਲਈ ਭੇਜਿਆ ਕਿ ਕੂਕੇ ਮਸਤਾਨਿਆਂ ਦਾ ਇਕ ਜਥਾ, ਮਲੇਰਕੋਟਲੇ ਉੱਤੇ ਹਮਲਾ ਕਰਨ ਲਈ, ਸਤਿਗੁਰੂ ਜੀ ਦੇ ਰੋਕਣ ਦੇ ਬਾਵਜੂਦ, ਚਲਾ ਗਿਆ ਸੀ। ਸਰਕਾਰ ਲੋੜੀਂਦੀ ਕਾਰਵਾਈ ਕਰਕੇ ਖ਼ੂਨ ਖ਼ਰਾਬਾ ਹੋਣੋ ਰੋਕੇ। ਪਰ ਡੀ. ਸੀ. ਨੇ ਕੋਈ ਕਠੋਰ ਕਦਮ ਪੁੱਟਣ ਦੀ ਥਾਂ ਤੇ ਸੂਬਾ ਜੀ ਨੂੰ ਹੀ ਕੈਦ ਕਰ ਲਿਆ।

ਅਸਲ ਵਿੱਚ ਨਾਮਧਾਰੀ ਲਹਿਰ ਦੇ ਚੜ੍ਹਦੀ ਕਲਾ ਵਿੱਚ ਜਾਣ ਕਰ ਕੇ ਸਭ ਤੋਂ ਵੱਧ ਔਖਾ ਡਿਪਟੀ ਕਮਿਸ਼ਨਰ ਕਾਵਨ ਸੀ ਕਿਉਂਕਿ ਉਸ ਦੇ ਜ਼ਿਲ੍ਹੇ ਦੇ ਇੱਕ ਸਾਧਾਰਨ ਜਹੇ ਪਿੰਡ ਭੈਣੀ ਸਾਹਿਬ ਵਿਚੋਂ ਆਜ਼ਾਦੀ ਦੀ ਕੂਕ ਨਿਕਲਦੀ ਸੀ ਜਿਹੜੀ ਸਾਰੇ ਦੇਸ਼ ਵਿਚ ਗੂੰਜਣ ਲਗਦੀ ਸੀ, ਲੋਕਾਂ ਵਿੱਚ ਨਵਚੇਤਨਾ ਪੈਦਾ ਕਰਦੀ ਸੀ। ਪਰ ਕਿਉਂਕਿ ਸਾਰੀ ਲਹਿਰ ਅਹਿੰਸਾਵਾਦੀ ਅਤੇ ਸ਼ਾਂਤ ਮਈ ਸੀ ਜਿਸ ਦਾ ਆਧਾਰ ਨਾਮ, ਬਾਣੀ, ਸੱਚ, ਸੁੱਚ, ਸੰਜਮ ਸੀ ਸੋ ਨਾ ਕਿਸੇ ਉੱਤੇ ਮੁਕਦਮਾ ਚੱਲ ਸਕਦਾ ਸੀ, ਨਾ ਕਿਸੇ ਨੂੰ ਸੀਖਾਂ ਉਹਲੇ ਡੱਕਿਆ ਜਾ ਸਕਦਾ ਸੀ, ਅਤੇ ਨਾ ਹੀ ਪਰਚਾਰ ਨੂੰ ਠਲ੍ਹ ਪਾਈ ਜਾ ਸਕਦੀ ਸੀ। ਹੋਰ ਅਫਸਰਾਂ ਦੇ ਵੀ ਭਾਅ ਦੀ ਬਣੀ ਹੋਈ ਸੀ।

ਏਹੋ ਜਹੇ ਵੇਲੇ ਕਿਸੇ ਨੂੰ ਦਬਾਉਣ ਲਈ ਉਸ ਉੱਤੇ ਤਸ਼ਦੱਦ ਕਰਨ ਦਾ

ਦੋਸ਼ ਲਾਉਣਾ ਹੀ ਇੱਕ ਵੱਡਾ ਆਧਾਰ ਬਣਦਾ ਸੀ। ਪਰ ਇਸ ਲਈ ਵੀ ਪੈਰ ਧਰਾਵਾ ਜ਼ਰੂਰੀ ਸੀ। ਰਾਈ ਦਾ ਪਹਾੜ ਤਾਂ ਬਣਾਇਆ ਹੀ ਜਾ ਸਕਦਾ ਸੀ। ਖ਼ੂਨ ਕਿਸੇ ਦਾ ਡੁਲ੍ਹਦਾ, ਵਫਾਦਾਰੀ ਪ੍ਰਗਟ ਕਰਨ ਦਾ ਸਬੂਤ ਕੋਈ ਦੇ ਸਕਦਾ ਸੀ।

ਕਾਵਨ ਵੀ ਉਤਸਕ ਸੀ ਕਿ ਕੂਕੇ ਕੋਈ ਹਿੰਸਕ ਕਾਰਵਾਈ ਕਰਨ ਇਸੇ ਲਈ ਉਸ ਨੇ ਕੂਕਿਆਂ ਦੇ ਮਲੇਰ ਕੋਟਲੇ ਵਲ ਵਧਣ ਦੀ ਖ਼ਬਰ ਮਿਲਣ ਉੱਤੇ ਵੀ ਕੰਨ ਵਲ੍ਹੇਟ ਲਏ।

ਜਿਵੇਂ ਕਿ ਪਹਿਲਾਂ ਵੀ ਲਿਖਿਆ ਜਾ ਚੁੱਕਾ ਹੈ, ਕਿ 68 ਕੂਕਿਆਂ ਨੇ ਆਤਮ ਸਮਰਪਣ ਕਰ ਦਿੱਤਾ। ਸਰਕਾਰ ਦੀ ਹੀ ਰਿਪੋਰਟ ਸੀ ਕਿ ਉਨ੍ਹਾਂ ਵਿਚੋਂ 29 ਜ਼ਖ਼ਮੀ ਸਨ। ਉਹ ਨਿਹੱਥੇ ਸਨ। ਚਾਹੀਦਾ ਤਾਂ ਇਹ ਸੀ ਕਿ ਉਹ ਸਭ ਮਲੇਰ ਕੋਟਲੇ ਦੇ ਹਾਕਮਾਂ ਨੂੰ ਸੌਂਪ ਦਿੱਤੇ ਜਾਂਦੇ। ਮਲੇਰ ਕੋਟਲੇ ਦਾ ਹਾਕਮ ਉਨ੍ਹਾਂ ਉਤੇ ਮੁਕਦਮਾ ਚਲਾਉਂਦਾ ਅਤੇ ਉਨ੍ਹਾਂ ਦੇ ਕਸੂਰ ਅਨੁਸਾਰ ਸਜ਼ਾਵਾਂ ਦਿੱਤੀਆਂ ਜਾਂਦੀਆਂ। ਪਰ ਕਾਵਨ ਅੰਦਰ ਤਾਂ ਕਰੋਧ ਦੀ ਅੱਗ ਮੱਚੀ ਹੋਈ। ਉਹ ਕਚੀਚੀਆਂ ਵੱਟ ਰਿਹਾ ਸੀ ਤਦੇ ਹੀ ਉਹ ਨੇ ਮਲੇਰ ਕੋਟਲੇ ਪਹੁੰਚਦਿਆਂ ਹੀ 49 ਕੂਕਿਆਂ ਨੂੰ ਤੋਪਾਂ ਨਾਲ ਉਡਾ ਦਿੱਤਾ।

ਹਰੀ ਲੈਂਡ ਬਰਕੇ ਮੈਂਬਰ ਬ੍ਰਿਟਿਸ਼, ਪਾਰਲੀਮੈਂਟ ਨੇ ਇਸ ਬਾਰੇ 5 ਫਰਵਰੀ 1872 ਈ: ਦੇ, 'ਦੀ ਟਾਈਮਜ਼' ਵਿੱਚ ਖ਼ਬਰ ਪੜ੍ਹੀ ਅਤੇ ਇਸ ਦੀ ਸਚਾਈ ਜਾਨਣ ਲਈ ਅੰਡਰ ਸੈਕਟਰੀ ਸਟੇਟ, ਗ੍ਰਾਂਟ ਡਫ, ਨੂੰ 29 ਫਰਵਰੀ 1872 ਈ: ਨੂੰ ਸੁਆਲ ਪੁੱਛੇ। ਹੋਰ ਮੈਂਬਰਾਂ ਵੀ ਇਹ ਮਾਮਲਾ ਚੁੱਕਿਆ ਤਾਂ ਗ੍ਰਾਂਟ ਡਫ ਨੇ ਜੁਆਬ ਦਿੱਤਾ,

"ਜਿੱਥੋਂ ਤਕ ਸਾਨੂੰ ਜਾਣਕਾਰੀ ਹੈ ਕਾਵਨ ਨੇ ਕੋਈ ਅਦਾਲਤੀ ਮੁਕੱਦਮਾ ਨਹੀਂ ਚਲਾਇਆ। ਉਸ ਨੇ ਬਿਨਾਂ ਅਦਾਲਤੀ ਮੁਕੱਦਮਾ ਚਲਾਇਆਂ ਹੀ ਮੌਤ ਦੀ ਸਜ਼ਾ ਦਿੱਤੀ ਸੀ।"

ਕਮਿਸ਼ਨਰ ਅੰਬਾਲਾ ਨੇ ਵੀ ਡੀ. ਸੀ. ਨੂੰ ਲਿਖਿਆ ਕਿ ਉਸ ਨੇ ਕੂਕਿਆਂ ਨੂੰ ਫੜਕੇ ਬੜਾ ਚੰਗਾ ਕੀਤਾ ਸੀ। ਪਰ ਉਹ ਉਨ੍ਹਾਂ ਨੂੰ ਸਜ਼ਾ ਦੇਣ ਬਾਰੇ ਕਾਹਲੀ ਨਾ ਕਰੇ। ਪਰ ਕਾਵਨ ਦੇ ਸਿਰ ਤਾਂ ਖ਼ੂਨ ਸਵਾਰ ਸੀ। ਜਦੋਂ ਕਾਵਨ ਨੂੰ ਉਸ ਦੀ ਚਿੱਠੀ ਮਿਲੀ ਤਾਂ 7 ਆਦਮੀ ਤੋਪਾਂ ਅਗੇ ਖੜ੍ਹੇ ਸਨ, ਉਸ ਨੇ, 'ਕੂਕਿਆਂ ਨੂੰ ਵੱਡੀ ਸਜ਼ਾ ਦੇਣ ਲਈ ਕੇਸ ਤਿਆਰ ਕਰੋਂ ਪੜ੍ਹਿਆ', ਡਿਸਟਰਿਕਟ ਸੁਪਰਇੰਨਟੈਂਡੈਂਟ ਪੁਲਿਸ, ਕਰਨਲ ਪਰਕਿਨਜ਼ ਨੂੰ ਚਿੱਠੀ ਫੜਾ ਦਿੱਤੀ, ਨਾਲ ਇਹ ਦਲੀਲ ਦਿੱਤੀ ਕਿ ਜੇ ਉਦੋਂ ਉਹ ਉਨ੍ਹਾਂ ਨੂੰ ਤੋਪਾਂ ਨਾਲ ਨਾ ਉਡਾਉਂਦਾ ਤਾਂ ਲੋਕਾਂ ਉੱਤੇ ਭੈੜਾ ਅਸਰ ਪੈ ਸਕਦਾ ਸੀ।

ਉਨ੍ਹਾਂ ਸੱਤਾਂ ਦੀਆਂ ਜਾਨਾਂ ਨਾਲੋਂ ਕਾਵਨ ਨੇ ਲੋਕਾਂ ਉੱਤੇ ਭੈੜਾ ਅਸਰ ਨਾ

ਪਾਉਣ ਨੂੰ ਤਰਜੀਹ ਦਿੱਤੀ। ਮਾਨੋ ਮਨੁਖੀ ਜਿੰਦਾਂ ਲੈ ਕੇ ਹੀ ਉਹ ਚੰਗਾ ਅਸਰ ਪਾ ਸਕਦਾ ਸੀ, ਡਰ, ਭੈ, ਸਹਿਮ ਅਤੇ ਆਤੰਕ ਪੈਦਾ ਕਰਕੇ।

ਕਮਿਸ਼ਨਰ ਦੀ ਕਰਨੀ ਅਤੇ ਕਥਣੀ ਦਾ ਨਿਰਨਾ ਵੀ ਉਦੋਂ ਹੋ ਗਿਆ ਜਦ ਉਸ ਨੇ ਆਪ ਵੀ 18 ਜਨਵਰੀ 1872 ਈ: ਨੂੰ 16 ਕੂਕਿਆਂ ਉੱਤੇ ਮੁਕੱਦਮਾ ਚਲਾ ਕੇ, ਕੁਝ ਨੂੰ ਬੇਕਸੂਰ ਕਹਿ ਕੇ, ਫ਼ੈਸਲਾ ਦੇ ਕੇ, ਫਿਰ ਵੀ ਉਸੇ ਦਿਨ ਹੀ ਸਭ ਨੂੰ ਤੋਪਾਂ ਨਾਲ ਉੱਡਾ ਦਿੱਤਾ।

ਪੰਜਾਬ ਦੇ ਲੈਫ਼ਟੀਨੈਂਟ ਗਵਰਨਰ ਨੇ ਵੀ ਮਲੇਰ ਕੋਟਲੇ ਦੇ ਸਾਕੇ ਵਿੱਚ ਕੂਕਿਆਂ ਦੇ ਤੋਪਾਂ ਨਾਲ ਉਡਾਏ ਜਾਣ ਦੀ ਪੀੜ ਮਹਿਸੂਸ ਨਹੀਂ ਕੀਤੀ ਸਗੋਂ ਡੀ. ਸੀ. ਤੇ ਕਮਿਸ਼ਨਰ ਦੀ ਹੀ ਪਿੱਠ ਠੋਕੀ। ਉਸ ਤੋਂ ਵੀ ਵੱਧ ਉਸ ਨੇ ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣ ਨੂੰ ਮੌਤ ਦੀ ਸਜ਼ਾ ਦੇਣ ਦਾ ਪ੍ਰਭਾਵ ਸ਼ਾਲੀ ਅਤੇ ਦਇਆ ਭਰਪੂਰ ਤਰੀਕਾ ਦੱਸਿਆ।

ਉਸ ਨੇ ਇਹ ਕਹਿ ਕੇ, ਮੌਤ ਨੂੰ ਮਖ਼ੌਲ ਕਰਨ ਵਾਲਿਆਂ ਦਾ ਮਜ਼ਾਕ ਉਡਾਇਆ। ਪਰ ਗਵਰਨਰ ਜਨਰਲ ਦੀ ਕੌਂਸਲ ਦੇ ਮੈਂਬਰ ਲਾਰਡ ਨੈਪੀਅਰ ਨੇ ਲੈਫ਼ਟੀਨੈਂਟ ਗਵਰਨਰ ਦੀ ਭਾਵਨਾ ਨੂੰ ਗ਼ੈਰ ਮਨੁੱਖੀ ਕਿਹਾ ਅਤੇ ਉਸ ਨੇ ਇਤਰਾਜ਼ ਕਰਦਿਆਂ ਨਿੰਦਿਆ,

"ਇਸ ਤਰ੍ਹਾਂ ਦੀ ਸਜ਼ਾ ਨੂੰ ਦਿਆਲਤਾ ਪੂਰਨ ਹੋਣ ਦਾ ਨਾਂ ਦੇਣਾ ਭਾਸ਼ਾ ਦੀ ਅਜੀਬ ਦੁਰ ਵਰਤੋਂ ਹੈ... ਮਨੁੱਖਤਾ ਦੇ ਪ੍ਰਤੀਕੂਲ ਹੈ ਅਤੇ ਤਹਿਜ਼ੀਬ-ਯਾਫ਼ਤਾ ਮਨੁਖਾਂ ਰਾਹੀਂ ਦਿੱਤੀ ਗਈ ਅਨਉਚਿਤ ਸਜ਼ਾ ਹੈ।"

ਭਾਰਤ ਦੇ ਵਾਇਸਰਾਇ ਲਾਰਡ ਨਾਰਥ ਬਰੁਕ ਨੇ ਆਪਣੀ 30 ਅਪ੍ਰੈਲ 1872 ਈ: ਦੀ ਪੰਜਾਬ ਸਰਕਾਰ ਨੂੰ ਲਿਖੀ ਚਿੱਠੀ ਵਿੱਚ ਮੰਨਿਆਂ,

"ਕੈਦੀ ਬਿਲਕੁਲ ਬੇਸਹਾਰਾ ਸਨ। ਉਨ੍ਹਾਂ ਵਿਚੋਂ ਇੱਕ ਵੱਡਾ ਹਿੱਸਾ ਬੁਰੀ ਤਰ੍ਹਾਂ ਨਾਲ ਜ਼ਖ਼ਮੀ ਸੀ। ਇਨ੍ਹਾਂ ਹਾਲਾਤ ਵਿਚ ਉਨ੍ਹਾਂ ਨੂੰ ਗ਼ੈਰ ਕਾਨੂੰਨੀ ਅਤੇ ਵਿਵੇਕਹੀਨ ਢੰਗ ਨਾਲ ਮੌਤ ਦੇ ਘਾਟ ਉਤਾਰਨਾ ਇਸ ਤਰ੍ਹਾਂ ਦਾ ਤਰੀਕਾ ਸੀ ਜਿਸ ਦਾ ਕੋਈ ਬਹਾਨਾ ਨਹੀਂ।"

ਗੱਲ ਕੀ ਬਰਤਾਨਵੀ ਹਕੂਮਤ ਦੇ ਵਾਇਸਰਾਇ ਅਤੇ ਗਵਰਨਰ ਜਨਰਲ ਦੀ ਕੌਂਸਲ ਦੀਆਂ ਨਜ਼ਰਾਂ ਵਿੱਚ ਵੀ ਕੂਕਿਆਂ ਨੂੰ ਤੋਪਾਂ ਨਾਲ ਉਡਾਏ ਜਾਣਾ ਗ਼ਲਤ, ਨਾਜਾਇਜ਼, ਗ਼ੈਰ-ਕਾਨੂੰਨੀ, ਵਹਿਸ਼ੀ, ਕਰੂਰ ਅਤੇ ਅਣ-ਮਨੁਖੀ ਤਾਂ ਸੀ ਫਿਰ ਵੀ ਉਨ੍ਹਾਂ ਉਸ ਤਰ੍ਹਾਂ ਦਾ ਕਰਮ ਕਰਨ ਵਾਲਿਆਂ ਨੂੰ ਵੀ ਕੋਈ ਸਖ਼ਤ ਸਜ਼ਾ ਨਾ ਦਿੱਤੀ ਅਤੇ ਕੂਕਿਆਂ ਅਤੇ ਸਤਿਗੁਰੂ ਰਾਮ ਸਿੰਘ ਜੀ ਪ੍ਰਤੀ ਦਮਨਕਾਰੀ ਚੱਕਰ ਚਲਾ ਦਿੱਤਾ।

ਕਾਵਨ ਨੂੰ, ਇਸ ਕੁਕਰਮ ਕਰਕੇ, 20 ਮਾਰਚ 1872 ਈ: ਨੂੰ, ਨੌਕਰੀਓਂ

ਬਰਖ਼ਾਸ਼ਤ ਕਰ ਦਿੱਤਾ ਗਿਆ। ਕਮਿਸ਼ਨਰ ਫਾਰਸਿਥ ਦਾ ਤਬਾਦਲਾ ਅਵਧ ਕਰ ਦਿੱਤਾ ਗਿਆ ਅਤੇ ਉਸ ਨੂੰ ਅਗੋਂ ਤੋਂ ਕੋਈ ਰਾਜਨੀਤਕ ਜ਼ੁੰਮੇਵਾਰੀ ਨਾ ਦੇਣ ਦਾ ਫ਼ੈਸਲਾ ਹੋਇਆ। ਉਂਜ ਕਸੂਰ ਫਾਰਸਿਥ ਦਾ ਵੀ ਘੱਟ ਨਹੀਂ ਸੀ। ਜੇ ਬ੍ਰਿਟਿਸ਼ ਸਰਕਾਰ ਨੇ ਕਿਸੇ ਗ਼ੈਰ-ਬਰਤਾਨਵੀ ਅਫ਼ਸਰ ਦੇ ਖ਼ਿਲਾਫ਼ ਫ਼ੈਸਲਾ ਦੇਣਾ ਹੁੰਦਾ ਜਾਂ ਫ਼ੈਸਲਾ ਕਿਸੇ ਹੋਰ ਰਾਜ ਦੀ ਸਰਕਾਰ ਨੇ ਕਰਨਾ ਹੁੰਦਾ ਤਾਂ ਕੇਵਲ ਗੋਂਗਲੂਆਂ ਤੋਂ ਹੀ ਮਿੱਟੀ ਨਾ ਝਾੜੀ ਜਾਂਦੀ। ਕਿਉਂਕਿ ਉਨ੍ਹਾਂ ਅਫ਼ਸਰਾਂ ਨੂੰ ਤਥਾ ਕਥਿਤ ਸਜ਼ਾ ਰਾਹੀਂ, ਸ਼ਹੀਦ ਹੋਏ ਕੂਕਿਆਂ ਦੇ ਪਰਵਾਰਾਂ ਅਤੇ ਨਾਮਧਾਰੀ ਲਹਿਰ ਨੂੰ ਕੀ ਮਦਦ ਮਿਲੀ ਜਾਂ ਲਾਭ ਪਹੁੰਚਿਆ?

ਮਲੇਰ ਕੋਟਲੇ ਵਿੱਚ ਸ਼ਹੀਦ ਹੋ ਰਹੇ ਕੂਕਿਆਂ ਨੂੰ ਵੇਖਣ ਲਈ ਸਰਕਾਰੀ ਅਹਿਲਕਾਰਾਂ ਅਤੇ ਅਫ਼ਸਰਾਂ ਤੋਂ ਬਿਨਾ ਕੋਟਲੇ ਅਤੇ ਆਲੇ-ਦੁਆਲੇ ਦੇ ਪਿੰਡਾਂ ਦਾ ਮੁਲਖ਼ਈਆ ਇਕੱਠਾ ਹੋ ਗਿਆ ਸੀ। ਉਹ ਨਾਮਧਾਰੀਆਂ ਦੀ ਹਸ ਹਸ ਕੇ, ਆਪੇ ਤੋਪਾਂ ਅੱਗੇ ਆਕੇ, ਦਿੱਤੀ ਸ਼ਹਾਦਤ ਉੱਤੇ ਅਸ਼ ਅਸ਼ ਕਰਦੇ ਅਤੇ ਅੰਗਰੇਜ਼ਾਂ ਦੇ ਜ਼ੁਲਮ ਉਤੇ ਦੁਰ ਦੁਰ ਕਰਦੇ। ਕੂਕਿਆਂ ਦਾ ਸਬਰ ਅਤੇ ਸਰਕਾਰ ਦਾ ਜਬਰ ਬੁਲੰਦੀ ਉੱਤੇ ਸੀ। ਮਲੇਰ ਕੋਟਲੇ ਦੇ ਰੱਕੜ ਵਿੱਚ ਵਗਿਆ ਕੂਕਿਆਂ ਦਾ ਲਹੂ ਆਜ਼ਾਦੀ ਦੇ ਬੀਜ ਨੂੰ ਪਾਣੀ ਦੇ ਰਿਹਾ ਸੀ। ਇਹ ਰੱਤ ਭਾਰਤ ਦੀ ਮਿੱਟੀ ਦੇ ਜ਼ਰੇ ਜ਼ਰੇ ਵਿੱਚ ਰਚ ਕੇ ਹੋਰ ਦੇਸ਼ ਭਗਤ ਅਤੇ ਸਿਰ ਦੇ ਕੇ ਕਾਣਿ ਨਾ ਕਰਨ ਵਾਲੇ ਸੂਰਿਆਂ ਦੇ ਮੁੜ ਜਨਮ ਲੈਣ ਦਾ ਸੁਨੇਹਾ ਦੇ ਰਹੀ ਸੀ:

ਇਤੁ ਮਾਰਗਿ ਪੈਰੁ ਧਰੀਜੈ।।
ਸਿਰੁ ਦੀਜੈ ਕਾਣਿ ਨ ਕੀਜੈ।।

# ਦੇਸ-ਨਿਕਾਲਾ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸੱਚ, ਸੁੱਚ, ਪਵਿਤੱਰਤਾ, ਭਰਾਤਰੀ ਭਾਵ, ਧਰਮ, ਭਾਰਤੀ ਸਭਿਅਤਾ ਅਤੇ ਸਭਿਆਚਾਰ ਦੀ ਹਿਫ਼ਾਜ਼ਤ ਕਰਨ ਵਾਲਿਆਂ ਦੇ ਮੋਹਰੀ ਸਨ। ਕਿਸੇ ਵਿਦੇਸ਼ੀ ਦਾ ਆ ਕੇ ਹਿੰਦੁਸਤਾਨ ਉੱਤੇ ਰਾਜ ਕਰਨਾ ਅਤੇ ਇਸ ਦੇਸ ਦੀਆਂ ਪਰੰਪਰਾਵਾਂ ਨੂੰ ਨੁਕਸਾਨ ਪਹੁੰਚਾਉਣਾ ਆਪ ਜੀ ਨੂੰ ਬੁਰੀ ਤਰ੍ਹਾਂ ਨਾਲ ਰੜਕਦਾ ਸੀ। ਸੋ ਗੋਰਾ ਉਨ੍ਹਾਂ ਨੂੰ ਬਿਲਕੁਲ ਨਹੀਂ ਸੀ ਭਾਉਂਦਾ। ਆਪ ਬਰਤਾਨਵੀ ਹਾਕਮ ਦਾ ਬਿਸਤਰਾ ਗੋਲ ਕਰਵਾਉਣਾ ਚਾਹੁੰਦੇ ਸਨ। ਆਪ ਜੀ ਦੀ ਚਲਾਈ ਹੋਈ ਸਵਦੇਸ਼ੀ ਅਤੇ ਨਾ-ਮਿਲਵਰਤਣ ਦੀ ਲਹਿਰ ਤਾਂ ਮੂਲ ਰੂਪ ਵਿੱਚ ਆਜ਼ਾਦੀ ਦੀ ਲਹਿਰ ਹੀ ਸੀ। ਆਪ ਨੇ ਇਸ ਲਹਿਰ ਦੇ ਪੈਰੋਕਾਰ, ਆਪਣੇ ਮੁਰੀਦਾਂ ਨੂੰ ਸਦਾ ਸ਼ਾਂਤ ਮਈ ਅਤੇ ਅਹਿੰਸਾਵਾਦੀ ਰਹਿਣ ਦਾ ਸਬਕ ਸਿਖਾਇਆ। ਆਪ ਕੀੜੀ ਨੂੰ ਮਾਰਨਾ ਵੀ ਪਾਪ ਸਮਝਦੇ ਸਨ। ਜੀਵ ਹੱਤਿਆ ਕਿਸੇ ਤਰ੍ਹਾਂ ਵੀ ਉਨ੍ਹਾਂ ਦੇ ਕਿਸੇ ਵੀ ਸਿਧਾਂਤ ਜਾਂ ਅਮਲ ਦਾ ਹਿੱਸਾ ਨਹੀਂ ਸੀ।

ਅੰਮ੍ਰਿਤਸਰ, ਰਾਇਕੋਟ ਜਾਂ ਮਲੇਰਕੋਟਲੇ ਵਾਪਰੀਆਂ ਘਟਨਾਵਾਂ ਆਪ ਜੀ ਦੀ ਮਰਜ਼ੀ ਦੇ ਪ੍ਰਤੀਕੂਲ ਵਾਪਰੀਆਂ। ਹਾਂ ਇਹ ਜ਼ਰੂਰ ਸੀ ਕਿ ਉਨ੍ਹਾਂ ਤਿੰਨਾਂ ਥਾਵਾਂ ਉੱਤੇ ਪਵਿਤੱਰਤਾ ਦੀ ਪ੍ਰਤੀਕ ਗਊ ਦੀ ਹੱਤਿਆ ਨੂੰ ਰੋਕਣ ਲਈ, ਆਪਣਾ ਰੋਸ ਪ੍ਰਗਟ ਕਰਨ ਲਈ, ਨਾਮਧਾਰੀ ਹੀ ਸਾਹਮਣੇ ਆਏ ਜੋ ਆਪ ਜੀ ਦੇ ਅਨੁਯਾਈ ਜ਼ਰੂਰ ਸਨ। ਪਰ ਉਨ੍ਹਾਂ ਮੌਤ ਦੀ ਸਜ਼ਾ ਨੂੰ ਵੀ ਚਾਵਾਂ ਨਾਲ ਕਬੂਲ ਕੀਤਾ। ਪਰ ਉਨ੍ਹਾਂ ਘਟਨਾਵਾਂ ਕਰਕੇ, ਬਾਗ਼ੀ ਕਹਿ ਕੇ, ਗੋਰਿਆਂ ਨੇ ਸਤਿਗੁਰੂ ਜੀ ਨੂੰ ਦੇਸ-ਨਿਕਾਲਾ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਦੀ ਚਲਾਈ ਨਾਮਧਾਰੀ ਲਹਿਰ ਇੱਕ ਤੂਫ਼ਾਨੀ ਲਹਿਰ ਸੀ। ਇਸ ਲਹਿਰ ਨੇ ਸਰਕਾਰ ਦੀ ਨੀਂਦ ਹਰਾਮ ਕਰ ਰੱਖੀ ਸੀ। ਸਰਕਾਰ ਨੇ 1863 ਈ: ਤੋਂ ਸਤਿਗੁਰੂ ਜੀ ਅਤੇ ਉੱਨ੍ਹਾਂ ਦੇ ਮਿਸ਼ਨ ਦੀ ਨਿਗਰਾਨੀ ਰੱਖਣੀ ਸ਼ੁਰੂ ਕਰ ਦਿੱਤੀ ਸੀ। ਜਿਹੜੀ ਲਹਿਰ ਪਹਿਲਾਂ ਨਿਰੋਲ ਧਾਰਮਕ ਅਤੇ ਸਮਾਜ ਸਧਾਰਕ ਲਹਿਰ ਸੀ, ਉਸ ਦੇ ਬਦਲਦੇ ਸਰੂਪ ਨੂੰ ਵੀ ਅਫ਼ਸਰ ਨਜ਼ਰ

ਅੰਦਾਜ਼ ਨਹੀਂ ਸਨ ਕਰਦੇ।

28 ਜੂਨ 1863 ਈ: ਨੂੰ ਡਿਪਟੀ ਕਮਿਸ਼ਨਰਾਂ ਦੀਆਂ ਰਿਪੋਰਟਾਂ ਦੇ ਅਧਾਰ ਉੱਤੇ ਕਾਰਜਕਾਰੀ ਇਨਸਪੈਕਟਰ ਜਨਰਲ ਪੁਲਿਸ ਜੇ.ਡਬਲਯੂ. ਯੰਗ ਹਜ਼ਬੰਡ ਨੇ ਲੈਫਟੀਨੈਂਟ ਗਵਰਨਰ ਨੂੰ ਲਿਖਿਆ,

"(ਗੁਰੂ) ਰਾਮ ਸਿੰਘ ਹਜ਼ਰੋ ਦੇ (ਗੁਰੂ) ਬਾਲਕ ਸਿੰਘ ਦਾ ਪੈਰੋਕਾਰ ਹੈ। ਜਿਸ ਨੂੰ ਗੁਰੂ ਬਾਲਕ ਸਿੰਘ ਦੇ ਦੇਹ ਦਾ ਉਹਲਾ ਕਰਨ ਉੱਤੇ ਸਰਬ ਸੰਮਤੀ ਨਾਲ ਉਸ ਦਾ ਉਤਰਾਅਧਿਕਾਰੀ ਚੁਣਿਆ ਗਿਆ। ਉਹ ਆਪਣੇ ਆਪ ਨੂੰ ਭਾਈ ਕਹਿੰਦਾ ਹੈ। ਦੋ ਸੌ ਸਿੱਖਾਂ ਨਾਲ ਸਿਆਲਕੋਟ ਦੇ ਇਲਾਕੇ ਵਿੱਚ ਗਿਆ। ਸਿੱਖਾਂ ਨੂੰ ਛੋਟੀਆਂ ਬੰਦੂਕਾਂ ਦੀ ਥਾਂ ਡਾਗਾਂ ਨਾਲ ਕਵੈਦ ਕਰਾਉਂਦਾ ਹੈ। ਉਸ ਦੇ ਪੰਜ ਹਜ਼ਾਰ ਪੈਰੋਕਾਰ ਹਨ।"

ਮੇਜਰ ਮਰਸਰ  ਡੀ. ਸੀ. ਅੰਮ੍ਰਿਤਸਰ ਨੇ ਕਿਹਾ ਕਿ ਉਸ ਦੇ ਪੈਰੋਕਾਰਾਂ ਨੇ ਭੜਕਾਊ ਤੇ ਬਾਗ਼ੀਆਨਾ ਭਾਸ਼ਾ ਨਹੀਂ ਵਰਤੀ। ਡੀ. ਸੀ. ਜਲੰਧਰ ਆਪ ਨੂੰ ਜਾਤਪਾਤ ਦੇ ਬੰਧਨ ਤੋੜਨ ਵਾਲੇ, ਅੰਤਰ ਜਾਤੀ ਅਤੇ ਵਿਧਵਾ ਵਿਆਹ ਕਰਨ ਵਾਲੇ, ਦਾਨ ਨਾ ਲੈਣ ਵਾਲੇ ਅਤੇ ਨਸ਼ਾਬੰਦੀ ਕਰਨ ਵਾਲੇ ਲਿਖਦਾ ਹੈ।

ਟੀ. ਡੀ. ਫਾਰਸਿਥ ਨੇ ਸਭ ਤੋਂ ਪਹਿਲਾਂ ਸਰਕਾਰ ਨੂੰ ਇਸ ਗਲ ਦੀ ਖ਼ਬਰ ਦਿੱਤੀ ਕਿ ਗੁਰੂ ਰਾਮ ਸਿੰਘ ਜੀ ਉਨ੍ਹਾਂ ਨੂੰ ਪੰਜਾਬੋਂ ਬਾਹਰ ਕਢਣਾ ਚਾਹੁੰਦੇ ਸੀ।

ਭਾਵੇਂ ਸਤਿਗੁਰਾਂ ਨੂੰ 1863 ਈ. ਤੋਂ 1867 ਈ. ਤੱਕ ਭੈਣੀ ਸਾਹਿਬ ਵਿੱਚ ਨਜ਼ਰਬੰਦ ਰੱਖਿਆ ਗਿਆ ਫਿਰ ਵੀ ਨਾਮਧਾਰੀ ਲਹਿਰ ਪਰਫੁਲਤ ਹੁੰਦੀ ਗਈ। ਉਰਦੂ ਦੇ ਸਪਤਾਹਕ ਅਖਬਾਰ ਅਸ਼ਰਫ਼-ਉਲ-ਅਕਬਰ ਨੇ 16 ਅਕਤੂਬਰ 1866 ਦੇ ਅੰਕ ਵਿੱਚ ਕੂਕਿਆਂ ਦੀ ਗਿਣਤੀ 60000 ਲਿਖੀ।

11 ਸਤੰਬਰ 1866 ਈ: ਨੂੰ ਕਰਨਲ ਅਨਜੀ-ਟੇਲਰ ਕਮਿਸ਼ਨਰ ਅਤੇ ਪੁਲਿਸ ਸੁਪਰਇੰਨਟੈਂਡੈਂਟ ਅੰਬਾਲਾ ਨੇ, ਸਕਤਰ ਪੰਜਾਬ ਸਰਕਾਰ ਨੂੰ ਇੱਕ ਰਿਪੋਰਟ ਵਿੱਚ, ਨਾਮਧਾਰੀ ਸੰਸਥਾ ਨੂੰ ਵਧਣ ਫੂਲਣ ਤੋਂ ਰੋਕਣ ਲਈ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਕੈਦ ਕਰਕੇ ਬੰਬਈ ਜਾਂ ਕਲਕੱਤੇ ਭੇਜਣ ਦੀ ਸਿਫ਼ਾਰਸ਼ ਕੀਤੀ, ਕਿਉਂਕਿ, "ਉਸ ਦੇ ਸੁਧਾਰਾਂ ਦਾ ਸਾਰਾ ਮੰਤਵ ਪ੍ਰਤਖ ਰੂਪ ਵਿੱਚ ਸਿੱਖੀ ਤਾਕਤ ਨੂੰ ਇੱਕਠਾ ਕਰਨਾ ਹੈ ਅਤੇ ਉਹ ਵੀ ਰਾਜਨੀਤਕ ਮੰਤਵ ਦੀ ਪ੍ਰਾਪਤੀ ਲਈ।"

ਕਿਉਂਕਿ ਸ਼ੁਰੂ ਸ਼ੁਰੂ ਵਿੱਚ ਸਰਕਾਰ ਨੂੰ ਲੱਗਾ ਕਿ ਗੁਰੂ ਰਾਮ ਸਿੰਘ ਜੀ ਆਪਣੇ ਸਿੱਖਾਂ ਨੂੰ ਧਾਰਮਕ, ਸਮਾਜਕ ਅਤੇ ਸਦਾਚਾਰਕ ਕਦਰਾਂ ਕੀਮਤਾਂ ਦੇ ਧਾਰਨੀ ਹੀ ਬਣਾਉਂਦੇ ਸਨ। ਸੋ ਉਨ੍ਹਾਂ ਨੂੰ ਭਰੋਸਾ ਹੀ ਨਾ ਹੋਇਆ ਕਿ ਆਪ ਕੋਈ ਰਾਜਨੀਤਕ ਉਦੇਸ਼ ਲੈ ਕੇ ਤੁਰੇ ਸਨ। ਆਪ ਨੂੰ ਫੜਨ ਦਾ ਕੋਈ ਸਬਬ

ਨਹੀਂ ਸੀ। ਏਸੇ ਕਰਕੇ ਟੀ. ਐਚ. ਥੋਰਟਨ, ਸਕਤਰ ਪੰਜਾਬ ਸਰਕਾਰ ਨੇ ਕਮਿਸ਼ਨਰ ਟੇਲਰ ਨੂੰ ਜੁਆਬ ਦਿੱਤਾ, "ਤੁਹਾਡੇ ਰਾਹੀਂ ਭੇਜੀ ਸੂਚੀ ਵਿੱਚ ਅਜੇ ਰਾਮ ਸਿੰਘ ਨੂੰ ਫੜ੍ਹਨ ਲਈ ਉਚਿਤ ਆਧਾਰ ਨਹੀਂ ਹੈ," ਇਹ ਹੈ ਵੀ ਸੱਚ ਸੀ ਕਿਉਂਕਿ ਸਰਕਾਰ ਆਪ ਉੱਤੇ ਕਿਸ ਕਸੂਰ ਬਦਲੇ ਕੇਸ ਕਰ ਕੇ ਮੁਕੱਦਮਾ ਚਲਾਉਂਦੀ। ਇਸ ਲਹਿਰ ਨੂੰ ਦਬਾਉਣ ਲਈ ਕਿਉਂ ਤਰਦੱਦ ਕੀਤਾ ਜਾਂਦਾ? ਉਂਜ ਕੁਝ ਹਿੰਦੁਸਤਾਨੀ ਵੀ ਆਪਣੀ 'ਵਫ਼ਾਦਾਰੀ' ਦਾ ਸਬੂਤ ਦੇਣ ਲਈ ਗੱਜ ਵੱਜ ਕੇ ਕਹਿੰਦੇ ਸਨ ਕਿ ਕੂਕਿਆਂ ਦੀ ਜਥੇਬੰਦੀ ਬਰਤਾਨਵੀ ਰਾਜ ਲਈ ਖ਼ਤਰਾ ਸੀ। ਏਸੇ ਕਰ ਕੇ ਰਾਹ-ਨੁਮਾਏ-ਪੰਜਾਬ ਨੇ 28 ਫਰਵਰੀ 1867 ਈ: ਦੇ ਅੰਕ ਵਿੱਚ ਲਿਖਿਆ, "ਇਹ ਹੈਰਾਨੀ ਅਤੇ ਅਫ਼ਸੋਸ ਦੀ ਗਲ ਸੀ ਕਿ ਪੰਜਾਬੀ ਦੁਬਾਰਾ ਆਪਣੀ ਸਲਤਨਤ ਬਾਰੇ, ਸੋਚ ਰਹੇ ਸਨ ਅਤੇ ਸਰਕਾਰ ਦੀ ਹਕੂਮਤ ਦੇ ਖ਼ਿਲਾਫ਼ ਕੂਕਾਂ ਮਾਰ ਰਹੇ ਸਨ।" ਅਖਬਾਰ ਦਾ ਨਾਂ ਤਾਂ ਰਾਹ-ਨੁਮਾਏ-ਪੰਜਾਬ ਹੈ। ਪਰ ਇਸ ਦਾ ਚਲਾਉਣ ਵਾਲਾ ਪੰਜਾਬੀਆਂ ਦੀ ਆਪਣੇ ਰਾਜ ਦੀ ਗਲ ਕਰਨ ਦੇ ਖਿਲਾਫ਼ ਹੈ ਕਿਉਂਕਿ ਉਸ ਨੇ ਬਾਦਸ਼ਾਹਤ ਨੂੰ ਆਪਣੀ ਵਫ਼ਾਦਾਰੀ ਦਾ ਸਬੂਤ ਦੇਣਾ ਸੀ।

1871 ਈ: ਤਕ ਨਾਮਧਾਰੀ ਲਹਿਰ ਆਪਣੇ ਸੰਬੰਧ ਨੇਪਾਲ, ਕਸ਼ਮੀਰ, ਅਫ਼ਗਾਨਿਸਤਾਨ ਨਾਲ ਸਥਾਪਤ ਕਰ ਚੁਕੀ ਸੀ। ਹੁਣ ਇਹ ਸਪਸ਼ਟ ਸੀ ਕਿ ਸਤਿਗੁਰੂ ਜੀ ਜਿੱਥੇ ਆਪਣੇ ਅਨੁਯਾਈਆਂ ਨੂੰ ਰੂੜੀਵਾਦੀ, ਅੰਧਵਿਸ਼ਵਾਸ਼ਾਂ ਨਾਲੋਂ ਤੋੜ ਕੇ ਉੱਚੀਆਂ ਸੁੱਚੀਆਂ, ਵਡਮੁਲੀਆਂ ਪਰੰਪਰਾਵਾਂ ਨਾਲ ਜੋੜਦੇ ਸਨ ਉੱਥੇ ਦੇਸ਼ ਦੀ ਅਜ਼ਾਦੀ ਲਈ ਵੀ ਸੰਘਰਸ਼ਸ਼ੀਲ ਸਨ। ਧਰਮ ਅਤੇ ਰਾਜਨੀਤੀ ਵੀ ਸਮਾਂਨਾਂਤਰ ਚਲ ਰਹੇ ਸਨ। ਸਗੋਂ ਇਕੋ ਧਰਤੀ ਤੇ ਦੋ ਸਰਕਾਰਾਂ ਸਨ। ਨਾਮਧਾਰੀਆਂ ਦੀਆਂ ਅਦਾਲਤਾਂ ਵੱਖਰੀਆਂ ਸਨ। ਬਿਨਾਂ ਪੁਲਿਸ ਅਨੁਸ਼ਾਸਨ ਆਪਣਾ ਸੀ। ਵਿਦੇਸ਼ਾਂ ਨਾਲ ਸੰਬੰਧ ਸਨ। ਗੁਪਤਚਰ ਵਿਭਾਗ ਆਪਣਾ ਸੀ। ਡਾਕ ਵਿਭਾਗ ਅਤੇ ਵਿਦਿਅਕ ਅਦਾਰੇ ਵੀ ਵਖਰੇ ਸਨ। ਸਤਿਗੁਰੂ ਜੀ ਨੇ ਵੀ ਇਲਾਕਿਆਂ ਨੂੰ ਵੰਡ ਕੇ ਉਸ ਦੇ ਲੈਫਟੀਨੈਂਟ ਭਾਵ ਸੂਬੇ ਨਿਯੁਕਤ ਕੀਤੇ ਹੋਏ ਸਨ, ਸੂਬੇ ਹੀ ਆਪਣੇ ਇਲਾਕੇ ਦਾ ਪ੍ਰਬੰਧ ਕਰਦੇ ਅਤੇ ਸਤਿਗੁਰੂ ਜੀ ਨੂੰ ਰਿਪੋਰਟ ਦੇਂਦੇ ਸਨ।

ਦੋ ਬਾਦਸ਼ਾਹ ਸਨ ਇੱਕ ਧਰਤੀ ਉੱਤੇ। ਇੱਕ ਅੰਗਰੇਜ਼ ਬਾਦਸ਼ਾਹ ਅਤੇ ਦੂਸਰਾ ਸਤਿਗੁਰ ਸੱਚਾ ਪਾਤਸ਼ਾਹ ਰਾਮ ਸਿੰਘ।

ਆਪ ਜੀ ਦੀ ਮੀਰੀ ਨੂੰ ਹੁਣ ਬਰਤਾਨਵੀ ਹਾਕਮ ਵੀ ਸਪਸ਼ਟ ਹੀ ਸਮਝ ਰਿਹਾ ਸੀ। ਜੇ. ਡਬਲਯੂ. ਮੈਕਨਬ, ਕਮਿਸ਼ਨਰ ਅੰਬਾਲਾ ਨੇ ਆਪਣੀ 4 ਨਵੰਬਰ 1871 ਈ: ਦੀ ਰਿਪੋਰਟ ਵਿੱਚ ਲਿਖਿਆ, "ਮੈਂ ਆਪਣੀਆਂ ਪਹਿਲੀਆਂ ਦਸਤਾਵੇਜ਼ਾਂ ਵਿੱਚ ਵੇਖਦਾ ਹਾਂ ਕਿ ਰਾਮ ਸਿੰਘ ਨੂੰ ਗੁਰੂ ਨਾਨਕ ਦਾ ਗੱਦੀ ਨਸ਼ੀਨ

ਜਾਂ ਉਸਦਾ ਮੌਜੂਦਾ ਪ੍ਰੱਤਖ ਰੂਪ, ਸੰਤ ਸਮਝਿਆ ਹੋਇਆ ਸੀ। ਹੁਣ ਉਹ (ਗੁਰੂ) ਗੋਬਿੰਦ (ਸਿੰਘ) ਸੂਰਬੀਰ ਦਾ ਪ੍ਰਤੀਨਿਧ ਹੈ।"

"ਰਾਮ ਸਿੰਘ ਕੋਲ ਸਾਧੂ ਫਕੀਰ ਹੋਣ ਦਾ ਕੋਈ ਹੱਕ ਨਹੀਂ, ਉਹ ਤੁਹਾਡੇ ਕੋਲ ਅੱਧੀ ਦਰਜਨ ਘੁੜ ਸਵਾਰਾਂ ਨਾਲ ਆਉਂਦਾ ਹੈ। ਵੀਹਾਂ ਪੈਦਲ ਬੰਦੇ ਉਸ ਦੇ ਮਗਰ ਹੁੰਦੇ ਹਨ। ਉਹ ਤੁਹਾਡੇ ਕਮਰੇ ਵਿੱਚ ਇੱਕ ਸ਼ਹਿਜ਼ਾਦੇ ਵਾਂਗ ਦਰਬਾਰੀਆਂ ਵਿੱਚ ਘਿਰਿਆ ਆਉਂਦਾ ਹੈ। ਉਹ ਅਤੇ ਉਸ ਦੇ ਲੋਕ ਮਨੋਹਰ ਢੰਗ ਨਾਲ ਵਧੀਆ ਚਿੱਟੇ ਬਸਤਰ ਪਹਿਨ ਕੇ ਆਉਂਦੇ ਹਨ।"

ਉਸ ਸਮੇਂ ਤਕ ਨਾਮਧਾਰੀਆਂ ਦੀ ਗਿਣਤੀ 1,000,000 ਦਸ ਲੱਖ ਤਕ ਪਹੁੰਚ ਚੁਕੀ ਸੀ।

ਕਿਉਂਕਿ ਦਸਮ ਗ੍ਰੰਥ ਦੀਆਂ ਕੁਝ ਜੋਸ਼ੀਲੀਆਂ ਅਤੇ ਦਲੇਰੀ ਦੇਣ ਵਾਲੀਆਂ ਬਾਣੀਆਂ ਨਾਮਧਾਰੀ ਸਿੱਖਾਂ ਦੇ ਨਿਤਨੇਮ ਦਾ ਹਿੱਸਾ ਬਣ ਚੁਕੀਆਂ ਸਨ। ਉਸ ਤੋਂ ਵੀ ਅੰਗਰੇਜ਼ ਦਾ ਕਿਆਸ ਸੀ ਉਨ੍ਹਾਂ ਵਿੱਚ ਨਵਾਂ ਜੋਸ਼ ਭਰਦਾ ਜਾ ਰਿਹਾ ਸੀ।

ਕੂਕਿਆਂ ਨੂੰ ਗਿਣਾਤਮਕ ਅਤੇ ਗੁਣਾਤਮਕ ਪਖੋਂ ਢਹਿੰਦੀ ਕਲਾ ਵਲ ਲੈ ਜਾਣ ਦਾ ਅੰਗਰੇਜ਼ਾਂ ਕੋਲ ਇੱਕੋ ਇੱਕ ਰਾਹ ਸੀ। ਉਹ ਰਾਹ ਸੀ ਸਤਿਗੁਰੂ ਜੀ ਦਾ ਦੇਸ਼ ਨਿਕਾਲਾ ਜਾਂ ਉਮਰ ਕੈਦ। ਏਸੇ ਲਈ ਮੈਕਨਬ ਨੇ ਇਹ ਵੀ ਲਿਖਿਆ ਕਿ "ਮੈਂ ਪੱਕੀ ਰਾਇ ਦਾ ਹਾਂ ਕਿ ਰਾਮ ਸਿੰਘ ਨਾਲ ਸੁਰਖਿਆ ਪੂਰਨ ਕਰਨ ਵਾਲੀ ਕਾਰਵਾਈ ਉਸ ਨੂੰ ਉਮਰ ਭਰ ਲਈ ਅੰਡੇਮਾਨ ਭੇਜਣਾ ਹੈ।"

ਨਾਮਧਾਰੀਆਂ ਦਾ ਸਤਿਗੁਰੂ ਰਾਮ ਸਿੰਘ ਉੱਤੇ ਰੱਬ ਜਿੰਨਾ ਭਰੋਸਾ ਸੀ। ਉਸ ਤਰ੍ਹਾਂ ਦਾ ਭਰੋਸਾ ਸਾਰੇ ਦੇਸ਼ ਵਿੱਚ ਕਿਸੇ ਦਾ ਵੀ ਕਿਸੇ ਧਾਰਮਕ ਜਾਂ ਰਾਜਨੀਤਕ ਆਗੂ ਉੱਤੇ ਨਹੀਂ ਸੀ। ਜਨਤਾ ਦੀ ਸ਼ਰਧਾ ਦੀ ਗਲ ਲੈਫਟੀਨੈਂਟ ਜਨਰਲ ਮੈਕ ਐਂਡਹਿਉਸ ਡੀ. ਆਈ. ਜੀ. ਪੁਲਿਸ ਅੰਬਾਲਾ ਸਰਕਲ ਨੇ 20 ਨਵੰਬਰ 1871 ਨੂੰ ਇਸ ਤਰ੍ਹਾਂ ਲਿਖੀ:

"ਜਦ ਮੈਂ ਪਹਿਲਾਂ ਉਸ ਬਾਰੇ (ਗੁਰੂ) ਬਾਲਕ ਰਾਮ (ਸਿੰਘ) ਹਜ਼ਰੋ ਵਾਲੇ ਦੇ ਗਦੀ ਨਸ਼ੀਨ ਹੋਣ ਬਾਬਤ ਸੁਣਿਆ ਤਾਂ ਉਹ ਰਾਮ ਸਿੰਘ ਮਹੰਤ ਦੇ ਨਾਂ ਨਾਲ ਜਾਣਿਆਂ ਜਾਂਦਾ ਸੀ। ਬਾਅਦ ਵਿੱਚ ਗੁਰੂ ਰਾਮ ਸਿੰਘ ਫਿਰ ਜਿਵੇਂ ਸਤਿਗੁਰੂ ਰਾਮ ਸਿੰਘ ਅਤੇ ਹੁਣ ਸਤਿਗੁਰੂ ਬਾਦਸ਼ਾਹ ਵਾਕੁਰ।"

"ਜਿਵੇਂ ਉਸ ਦੇ ਪੈਰੋਕਾਰ ਵਧੇ ਹਨ। ਉਸ ਤਰ੍ਹਾਂ ਹੀ ਉਸ ਦੇ ਦੁਨਿਆਵੀ ਸਾਧਨ ਵਧੇ ਹਨ। ਹੁਣ ਉਹ ਦਰਬਾਰ ਵਿੱਚ ਸੇਵਾਦਾਰਾਂ ਵਿੱਚ ਘਿਰਿਆ ਬਰਾਜਮਾਨ ਹੁੰਦਾ ਹੈ। ਸੇਵਕਾਂ ਨੂੰ ਜੀ ਆਇਆਂ ਆਖਦਾ ਹੈਂ, ਦੇਸ਼ ਦੇ ਸਾਰੇ ਹਿਸਿਆਂ ਦੀਆਂ ਖ਼ਬਰਾਂ ਲੈਂਦਾ ਹੈ।"

ਸਪਸ਼ਟ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਅਤੇ ਨਾਮਧਾਰੀ ਲਹਿਰ ਅੰਗਰੇਜ਼ਾਂ ਨੂੰ ਬਾਗ਼ੀ ਨਜ਼ਰ ਆਉਂਦੇ ਸਨ। ਜੋ ਉਨ੍ਹਾਂ ਦੇ ਰਾਜ ਭਾਗ ਦੇ ਪੱਕੇ ਦੁਸ਼ਮਨ ਸਨ ਫਿਰ ਵੀ ਉਨ੍ਹਾਂ ਖਿਲਾਫ ਕੋਈ ਸਖ਼ਤ ਕਦਮ ਚੁਕਣਾ ਔਖਾ ਸੀ ਕਿਉਂਕਿ ਆਪ ਨੂੰ ਕਿਸੇ ਮੁਕਦਮੇ ਵਿੱਚ ਫਸਾਇਆ ਹੀ ਨਹੀਂ ਸੀ ਜਾ ਸਕਦਾ। ਅਹਿੰਸਾ ਅਤੇ ਨਾ ਮਿਲਵਰਤਨ ਅਪਨਾਉਣ ਵਾਲਿਆਂ ਨੂੰ ਕੋਈ ਕੀ ਅਤੇ ਕਿਵੇ ਸਜ਼ਾ ਦੇਵੇ। ਹਾਂ ਨਿਗਰਾਨੀ ਰਖੀ ਜਾ ਸਕਦੀ ਸੀ। ਜਿਸ ਬਾਰੇ ਲੈਫਟੀਨੈਂਟ ਗਵਰਨਰ ਤੇ 30 ਦਸੰਬਰ 1871 ਈ: ਨੂੰ ਅੰਡਰ ਸੈਕਰਟਰੀ ਕੋਲੋਂ ਕਮਿਸ਼ਨਰਾਂ ਅਤੇ ਡੀ. ਆਈ. ਜੀ. ਪੁਲਿਸ ਨੂੰ ਲਿਖਵਾਇਆ ਕਿ ਗੁਰੂ ਰਾਮ ਸਿੰਘ ਅਤੇ ਕੂਕਿਆਂ ਨੂੰ ਬਿਨਾਂ ਪਹਿਲਾਂ ਪੁਛਿਆਂ ਕਿਸੇ ਮੇਲੇ ਉੱਤੇ ਜਾਣ ਉੱਤੇ ਰੋਕ ਲਾਈ ਜਾਵੇ। ਉਨ੍ਹਾਂ ਦੀ ਕਾਰਵਾਈ ਬਾਰੇ ਵੀ ਗੁਪਤ ਨਿਗਰਾਨੀ ਰੱਖੀ ਜਾਵੇ।

ਹੀਰਾ ਸਿੰਘ, ਲਹਿਣਾ ਸਿੰਘ ਦੇ ਸ਼ਹੀਦੀ ਜਥੇ ਦੀਆਂ ਕਾਰਵਾਈਆਂ ਹਿੰਸਕ ਸਨ। ਮਲੌਧ ਅਤੇ ਮਲੇਰਕੋਟਲੇ ਵਿੱਚ ਉਨ੍ਹਾਂ ਦੀਆਂ ਹੋਈਆਂ ਝੜਪਾਂ ਅਤੇ ਹੋਏ ਖੂਨ ਖਰਾਬੇ ਨੇ ਅੰਗਰੇਜ਼ ਅਫਸਰਾਂ ਅਤੇ ਖਾਸ ਕਰਕੇ ਡੀ. ਸੀ. ਲੁਧਿਆਣਾ ਕਾਵਨ ਨੂੰ ਆਪਣੀ ਮਨਮਰਜ਼ੀ ਕਰਨ ਦਾ ਬਹਾਨਾ ਦੇ ਦਿੱਤਾ।

ਨਾਮਧਾਰੀ ਲਹਿਰ ਨੂੰ ਕੁਚਲ ਦੇਣ ਲਈ ਇਨ੍ਹਾਂ ਘਟਨਾਵਾਂ ਨੂੰ ਭਾਰਤ ਸਰਕਾਰ ਅਤੇ ਇੰਗਲੈਂਡ ਵਿੱਚ ਇਸ ਦੇ ਦਫਤਰ ਤਕ ਵਧਾ ਚੜ੍ਹਾ ਕੇ ਪਹੁੰਚਾਇਆ ਗਿਆ। ਕਾਵਨ ਨੇ 15 ਜਨਵਰੀ 1872 ਨੂੰ ਸਕਤਰ ਪੰਜਾਬ ਸਰਕਾਰ ਨੂੰ ਲਿਖਿਆ ਕਿ 200 ਕੂਕਿਆਂ ਨੇ ਮਲੌਧ ਉੱਤੇ ਹਮਲਾ ਕਰ ਕੇ ਸਰਦਾਰ ਬਦਨ ਸਿੰਘ ਨੂੰ ਜ਼ਖ਼ਮੀ ਕਰ ਦਿੱਤਾ ਸੀ। ਉਨ੍ਹਾਂ ਦੇ ਮਲੇਰ ਕੋਟਲੇ ਹਮਲਾ ਕਰਨ ਵਾਲਿਆਂ ਦੀ ਗਿਣਤੀ ਉਸ ਨੇ 500 ਦੱਸੀ ਸੀ। ਜਦੋਂ ਕਿ ਕਮਿਸ਼ਨਰ ਫਾਰਸਿਥ ਨੂੰ ਉਸ ਨੇ 16 ਜਨਵਰੀ 1872 ਈ: ਨੂੰ ਲਿਖਿਆ ਕਿ ਮਲੇਰ ਕੋਟਲੇ ਹਮਲਾ ਕਰਨ ਵਾਲੇ 125 ਤੋਂ ਵੱਧ ਨਹੀਂ ਸਨ।

ਇਹ ਗਿਣਤੀ ਇਕੋ ਹੀ ਅਫਸਰ ਰਾਹੀਂ ਕਦੀ 125 ਕਦੀ 200 ਅਤੇ ਕਦੀ 500 ਦਸਣਾ ਪ੍ਰਗਟ ਕਰਦਾ ਹੈ ਕਿ ਉਹ ਬੌਖ਼ਲਾ ਗਿਆ ਸੀ। ਉਸ ਨੂੰ ਕੁਝ ਨਹੀਂ ਸੀ ਸੁਝਦਾ ਕਿ ਕੀ ਕਰੇ। ਪਰ ਉਹ ਚਾਹੁੰਦਾ ਸੀ ਕਿ ਕੂਕਿਆਂ ਅਤੇ ਉਨ੍ਹਾਂ ਦੇ ਆਗੂਆਂ ਖਿਲਾਫ ਕੋਈ ਸਖ਼ਤ ਕਾਰਵਾਈ ਕੀਤੀ ਜਾਵੇ। ਇਸ ਲਈ ਉਹ ਉੱਚ ਅਧਿਕਾਰੀਆਂ ਨੂੰ ਵੀ ਨਾਲ ਰਖਣਾ ਚਾਹੁੰਦਾ ਸੀ।

ਡੀ. ਸੀ. ਕਾਵਨ ਸਫਲ ਹੋਇਆ। ਉੱਚ ਅਧਿਕਾਰੀ ਵੀ ਘਬਰਾ ਗਏ ਲੈਫਟੀਨੈਂਟ ਗਵਰਨਰ ਪੰਜਾਬ ਨੇ ਵਾਇਸਰਾਇ ਨੂੰ 16 ਜਨਵਰੀ 1872 ਈ: ਨੂੰ ਲਿਖ ਦਿੱਤਾ,

"ਇਲਾਕਾ ਸੁਰਖਿਅਤ ਨਹੀਂ, ਆਗੂ ਭਗੌੜੇ, ਇਸ ਕਰਕੇ ਮੈਂ ਫਾਰਸਿਥ ਨੂੰ

ਅਧਿਕਾਰ ਦੇ ਦਿੱਤਾ ਹੈ ਕਿ ਉਹ (ਗੁਰੂ) ਰਾਮ ਸਿੰਘ ਅਤੇ ਉਸ ਦੇ ਮੁੱਖ ਸੂਬਿਆਂ ਨੂੰ ਫੜਨ ਲਈ ਕਾਰਵਾਈ ਕਰੇ।"

ਸਤਿਗੁਰੂ ਰਾਮ ਸਿੰਘ ਜੀ ਨੂੰ ਫੜਨ ਲਈ ਅਧਿਕਾਰੀ ਹੁਣ ਆਪਣਾ ਰਸਤਾ ਸਾਫ ਕਰ ਚੁਕੇ ਸਨ। ਫੜਦੇ ਵੀ ਕਿਉਂ ਨਾ, ਜਿਸ ਅੰਗਰੇਜ਼ ਨੇ ਸੱਤ ਸਮੁੰਦਰੋਂ ਪਾਰ ਆ ਕੇ ਹਿੰਦੁਸਤਾਨ ਦਾ ਤਖ਼ਤ ਮੱਲ ਲਿਆ ਸੀ। ਇਸ ਤਖ਼ਤ ਨੂੰ ਮੱਲਣ ਲਈ ਉਸ ਨੂੰ ਇੱਕ ਸਦੀ ਤੋਂ ਵੱਧ ਸਮਾਂ ਲੱਗਾ ਸੀ। ਫਿਰ ਜਿਸ ਗੋਰੇ ਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ। ਉਸ ਰਾਜ ਦੀਆਂ ਜੇ ਹਿੰਦੁਸਤਾਨ ਵਿੱਚ ਜੜ੍ਹਾਂ ਹਿਲਦੀਆਂ ਨਜ਼ਰਾਂ ਆਈਆਂ ਤਾਂ ਜੜ੍ਹਾਂ ਹਿਲਾਉਣ ਵਾਲੇ ਵਿਰੁਧ ਉਨ੍ਹਾਂ ਹਰ ਜ਼ਰੂਰੀ ਕਾਰਵਾਈ ਕਰਨੀ ਹੀ ਸੀ। ਉਨ੍ਹਾਂ ਦੇ ਰਾਜ ਭਾਗ ਦੀ ਸਲਾਮਤੀ ਏਸੇ ਵਿੱਚ ਹੀ ਸੀ।

15 ਜਨਵਰੀ 1872 ਈ. ਨੂੰ ਮਲੌਧ ਦੀ ਦੁਰਘਟਨਾ ਪਿਛੋਂ ਡੀ. ਸੀ. ਕਾਵਨ ਨੇ ਸਤਿਗੁਰਾਂ ਨੂੰ ਨਾਇਬ ਤਹਸੀਲਦਾਰ ਲਹਿਣਾ ਸਿੰਘ ਹੱਥ ਪੁਛ ਪੜਤਾਲ ਲਈ ਮਲੌਧ ਸਦ ਭੇਜਿਆ। ਆਪ ਜਵਾਹਰ ਸਿੰਘ, ਕਾਹਨ ਸਿੰਘ, ਸਾਹਿਬ ਸਿੰਘ, ਖਜ਼ਾਨ ਸਿੰਘ ਅਤੇ ਜੋਗਾ ਸਿੰਘ ਸੂਬਿਆਂ ਸਹਿਤ ਘੋੜਿਆਂ ਤੇ ਚੜ੍ਹ ਕੇ 16 ਜਨਵਰੀ 1872 ਈ: ਨੂੰ ਦੁਪਹਿਰੇ ਮਲੌਧ ਪਹੁੰਚੇ। ਉਸ ਸਮੇਂ ਤਕ ਕਾਵਨ ਨੂੰ ਮਲੇਰ ਕੋਟਲੇ ਦੀ ਮੁਠਭੇੜ ਦੀ ਵੀ ਖ਼ਬਰ ਮਿਲ ਚੁੱਕੀ ਸੀ। ਉਸ ਨੇ ਕੂਕਿਆਂ ਹਥੀਂ ਦਰੋਗੇ ਅਤੇ ਕਾਜ਼ੀ ਦੇ ਮਾਰੇ ਜਾਣ ਦਾ ਉਲਾਂਭਾ ਸਤਿਗੁਰਾਂ ਨੂੰ ਦਿੱਤਾ ਸੀ ਅਤੇ ਉੱਥੋਂ ਤੁਰ ਗਿਆ ਸੀ।

ਸਤਿਗੁਰੂ ਜੀ ਸੂਬਿਆਂ ਸਮੇਤ ਵਾਪਸ ਮੁੜ ਪਏ। ਆਪ ਰਸਤੇ ਵਿੱਚ ਸਿਆੜ ਪਿੰਡ ਵਿੱਚ ਭਾਈ ਬੇਲਾ ਸਿੰਘ ਦੇ ਘਰ ਠਹਿਰੇ। ਏਥੇ ਹੀ ਆਪ ਨੂੰ ਸੌਣ ਸਿੰਘ ਭਿੱਖੀ ਦੇ ਬਾਣੀਏ ਨੇ ਮਲੇਰ ਕੋਟਲੇ ਹੋਈ ਵਾਰਦਾਤ ਦੀ ਵਾਰਤਾ ਸੁਣਾਈ। ਕਿਉਂਕਿ ਬਰਸਾਤ ਹੁੰਦੀ ਰਹੀ ਸੋ 17 ਜਨਵਰੀ 1872 ਈ. ਦੀ ਸ਼ਾਮ ਤਕ ਆਪ ਉੱਥੇ ਹੀ ਟਿੱਕੇ ਰਹੇ। ਉੱਥੇ ਆਪ ਨੇ ਕੂਕਿਆਂ ਨੂੰ ਉਡਾਉਣ ਵਾਲੀਆਂ ਤੋਪਾਂ ਦੀ ਗੜਗੜਾਹਟ ਸੁਣੀ ਅਤੇ ਬਾਬਾ ਸੰਤੋਖ ਸਿੰਘ ਕਰਤਾ ਸਤਿਗੁਰੂ ਬਿਲਾਸ ਦੇ ਸ਼ਬਦਾਂ ਵਿੱਚ ਬਚਨ ਕੀਤਾ:

"ਸ੍ਰੀ ਸਤਿਗੁਰੂ ਜੀ ਸਿਆੜ ਉੱਤਰੇ ਹੋਏ ਸੇ, ਕਾਹਨ ਸਿੰਘ ਨੂ ਬਚਨ ਕੀਤਾ ਦੇਖ ਤਾਂ ਤੋਪ ਭਰਮਾਰ ਹੈ, ਜਾਂ ਆਵਾਜ਼ਾਂ ਸੁਣੀਆਂ ਤਾਂ ਕਹਿਣ ਲਗੇ, ਚੜ੍ਹ ਗਏ ਹੈਂ ਨਹੀਂ ਤਾਂ ਬੇਸਿਦਕ ਹੋਣਾ ਪੈਂਦਾ, ਹੁਣ ਚੰਗਾ ਹੋਇਆ।"

ਮਲੇਰ ਕੋਟਲੇ ਦੇ ਪ੍ਰਸੰਗ ਵਿੱਚ ਹੀ ਐਲ. ਐਚ. ਗ੍ਰਿਫਨ ਕਾਰਜਕਾਰੀ ਸਕੱਤਰ ਪੰਜਾਬ ਸਰਕਾਰ, ਭਾਰਤ ਸਰਕਾਰ ਦੇ ਸਕੱਤਰ ਈ. ਸੀ. ਬੇਲੀ ਨੂੰ ਵਿਸਤਾਰ ਸਹਿਤ ਜਾਣਕਾਰੀ ਦੇਂਦਾ ਹੈ ਅਤੇ ਸਤਿਗੁਰਾਂ ਤੇ ਸੂਬਿਆਂ ਨੂੰ

ਗਰਿਫ਼ਤਾਰ ਕਰਨ ਬਾਰੇ ਲਿਖਦਾ ਹੈ,

"ਲੈਫਟੀਨੈਂਟ ਗਵਰਨਰ ਨੇ (ਗੁਰੂ) ਰਾਮ ਸਿੰਘ, ਉਸ ਦੇ ਪ੍ਰਮੁਖ ਤੇ ਪ੍ਰਭਾਵਸ਼ਾਲੀ ਸੂਬੇ ਸਾਹਿਬ ਸਿੰਘ, ਰੁੜ੍ਹ ਸਿੰਘ, ਲਖਾ ਸਿੰਘ, ਕਾਹਨ ਸਿੰਘ, ਬ੍ਰਹਮਾ ਸਿੰਘ, ਜਵਾਹਰ ਸਿੰਘ, ਮਲੂਕ ਸਿੰਘ, ਮਾਨ ਸਿੰਘ ਅਤੇ ਹੁਕਮ ਸਿੰਘ ਨੂੰ ਗਰਿਫਤਾਰ ਕਰਨ ਦਾ ਹੁਕਮ ਦੇ ਦਿੱਤਾ ਹੈ। (ਗੁਰੂ) ਰਾਮ ਸਿੰਘ ਨੂੰ ਛੇਤੀ ਤੋਂ ਛੇਤੀ ਗਰਿਫ਼ਤਾਰ ਕੀਤਾ ਜਾਵੇਗਾ। ਉਨ੍ਹਾਂ ਨੂੰ ਫੜਨ ਦੀ ਵਿਸਤਰਿਤ ਕਾਰਵਾਈ ਜਨਰਲ ਟਾਈਟਲਰ, ਡਵੀਜ਼ਨ ਦੇ ਕਮਿਸ਼ਨਰ ਦੀ ਜਾਣਕਾਰੀ ਅਨੁਸਾਰ ਕਰਨਗੇ।

ਉੱਤੇ ਲਿਖੇ ਅਦਾਮੀ ਫੜੇ ਜਾਣ ਉੱਤੇ ਤੁਰੰਤ ਅਲਾਹਾਬਾਦ ਭੇਜੇ ਜਾਣਗੇ ਕਿਉਂਕਿ ਹਿਜ਼ਆਨਰ, ਉਨ੍ਹਾਂ ਨੂੰ ਪੰਜਾਬ ਵਿੱਚ ਰਖਣਾ ਠੀਕ ਨਹੀਂ ਸਮਝਦੇ। ਉਨ੍ਹਾਂ ਦੇ ਭਵਿਖਤ ਦੇ ਟਿਕਾਣੇ ਬਾਰੇ ਲੈਫਟੀਨੈਂਟ ਗਵਰਨਰ ਸਾਹਿਬ ਬਾਅਦ ਵਿੱਚ ਸਿਫਾਰਸ਼ ਕਰਨਗੇ। ਪਰ ਹੁਣ ਉਹ ਵਾਇਸਰਾਇ ਕੌਂਸਲ ਅਤੇ ਗਵਰਨਰ ਜਨਰਲ ਨੂੰ ਬੇਨਤੀ ਕਰਦੇ ਹਨ ਕਿ ਇਨ੍ਹਾਂ ਪੁਰਸ਼ਾਂ ਦੇ ਖ਼ਿਲਾਫ਼ 1818 ਈ. ਦੇ ਰੈਗੂਲੇਸ਼ਨ ਦੇ ਅਧੀਨ ਵਾਰੰਟ ਕੱਢੇ ਜਾਣ।"

ਬਾਅਦ ਵਿੱਚ ਇਨ੍ਹਾਂ ਸੂਬਿਆਂ ਵਿੱਚ ਪਹਾੜਾ ਸਿੰਘ ਨੂੰ ਵੀ ਸ਼ਾਮਲ ਕੀਤਾ ਗਿਆ।

16 ਜਨਵਰੀ 1872 ਈ. ਤਕ ਹੀਰਾ ਸਿੰਘ ਅਤੇ ਲਹਿਣਾ ਸਿੰਘ ਦੇ ਸ਼ਹੀਦੀ ਜਥੇ ਨਾਲ ਕੋਈ ਕਾਰਵਾਈ ਨਹੀਂ ਸੀ ਕੀਤੀ ਗਈ। ਫਿਰ ਵੀ ਸਤਿਗੁਰੂ ਸੱਚੇ ਪਾਤਸ਼ਾਹ ਅਤੇ ਪ੍ਰਮੁਖ ਸੂਬਿਆਂ ਨੂੰ ਝੱਟਪਟ ਪੰਜਾਬੋਂ ਬਾਹਰ ਭੇਜਣ ਦਾ ਨਿਰਨਾ ਪਹਿਲੇ ਮਿਥੇ ਪ੍ਰੋਗ੍ਰਾਮ ਅਨੁਸਾਰ ਹੀ ਸੀ। ਮਲੇਰ ਕੋਟਲੇ ਦਾ ਸਾਕਾ ਤਾਂ ਬਹਾਨਾ ਮਾਤਰ ਬਣਾ ਕੇ ਹੀ ਹਥਿਆਰ ਵਜੋਂ ਵਰਤਿਆ ਗਿਆ ਸੀ। ਇਸ ਨਾਲ ਸਤਿਗੁਰਾਂ ਦਾ ਕੋਈ ਵਾਸਤਾ ਨਹੀਂ ਸੀ। ਆਪ ਹੀਰਾ ਸਿੰਘ ਹੁਰਾਂ ਦੇ ਭੈਣੀ ਸਾਹਿਬੋਂ ਤੁਰਦਿਆਂ ਹੀ ਸੂਬਾ ਲੱਖਾ ਸਿੰਘ ਹੱਥ ਲੁਧਿਆਣੇ ਸਰਕਾਰ ਨੂੰ ਖ਼ਬਰ ਵੀ ਭੇਜ ਚੁਕੇ ਸਨ।

ਅਸਲ ਗਲ ਤਾਂ ਇਹ ਸੀ ਕਿ ਕੂਕਿਆਂ ਦੀ ਵਧਦੀ ਗਿਣਤੀ, ਨਾ ਮਿਲਵਰਤਣ ਅਤੇ ਸਵਦੇਸ਼ੀ ਲਹਿਰ ਦੇ ਪਰਚਾਰ ਤੋਂ ਅਤੇ ਜਨ ਸਾਧਾਰਨ ਦੇ ਅੰਗਰੇਜ਼ਾਂ ਖਿਲਾਫ਼ ਜਾਗਰੂਕ ਹੋਣ ਤੋਂ ਸਲਤਨਤ ਨੂੰ ਆਪਣੇ ਰਾਜ ਮਹਿਲ ਦੇ ਥੰਮ੍ਹ ਹਿਲਦੇ ਨਜ਼ਰ ਆਏ ਸੋ ਉਨ੍ਹਾਂ ਇਸ ਲਹਿਰ ਦੀਆਂ ਸਰਗਰਮੀਆਂ ਖ਼ਤਮ ਕਰਨ ਲਈ ਸਤਿਗੁਰਾਂ ਅਤੇ ਪ੍ਰਮੁਖ ਸੂਬਿਆਂ ਨੂੰ ਬਾਹਰ ਭੇਜਣ ਦਾ ਕਦਮ ਚੁਕਿਆ।

17 ਜਨਵਰੀ 1872 ਈ. ਨੂੰ ਕਮਿਸ਼ਨਰ ਟੀ. ਡੀ. ਫਾਰਸਿਥ ਨੇ ਲੁਧਿਆਣਾ

ਸਰਕਲ ਦੇ ਡੀ. ਆਈ. ਜੀ. ਪੁਲਿਸ ਲੈਫਟੀਨੈਂਟ ਕਰਨਲ ਜੇ. ਸੀ. ਪੀ. ਬੇਲੀ ਨੂੰ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਗਰਿਫ਼ਤਾਰ ਕਰਨ ਦੀ ਜ਼ੁੰਮੇਵਾਰੀ ਸੌਂਪੀ, ਉਸ ਨੂੰ ਕਿਹਾ ਗਿਆ ਕਿ ਗਰਿਫ਼ਤਾਰੀ ਲਈ ਪੁਲਿਸ ਅਤੇ ਫੌਜ ਦੀ ਮਦਦ ਵੀ ਲੈ ਲਈ ਜਾਵੇ। ਗਰਿਫ਼ਤਾਰ ਕੀਤੇ ਵਿਅਕਤੀਆਂ ਕੋਲੋਂ ਡਾਂਗਾਂ, ਖੂੰਡੇ, ਗੰਡਾਸੇ ਸਫਾਜੰਗ ਤੇ ਹੋਰ ਹਰ ਪਰਕਾਰ ਲੈ ਹਥਿਆਰ ਲੈ ਲਏ ਜਾਣ। ਉਨ੍ਹਾਂ ਨੂੰ ਲੁਧਿਆਣੇ ਪਹੁੰਚਾਇਆ ਜਾਵੇ।

ਮਿ. ਬੇਲੀ ਨੂੰ ਪਤਾ ਲੱਗਾ ਕਿ ਆਪ ਮਲੌਧ ਹਨ ਤਾਂ ਉਹ 12 ਨੰਬਰ ਰਸਾਲੇ ਦੇ 25 ਘੁੜਵਾਰ ਸਿਪਾਹੀ ਲੈ ਕੇ ਮਲੌਧ ਨੂੰ ਤੁਰ ਪਿਆ। ਉਸ ਨਾਲ ਲੈਫਟੀਨੈਂਟ ਗ੍ਰੀਨ ਵੀ ਸੀ। ਰਸਤੇ ਵਿੱਚ ਹੀ ਡੇਹਲੋਂ ਅਪੜਨ ਉੱਤੇ ਉਸ ਨੂੰ ਪਤਾ ਲੱਗ ਗਿਆ ਕਿ ਸਤਿਗੁਰੂ ਜੀ ਭੈਣੀ ਸਾਹਿਬ ਨੂੰ ਚਲੇ ਗਏ ਹਨ। ਉਹ ਸਾਹਨੇਵਾਲ ਥਾਣੇ ਪੁਜਾ। ਥਾਣੇ ਦੇ ਸਬ-ਇਨਸਪੈਕਟਰ ਸ਼ਾਹ ਵਲੀ ਸ਼ਾਹ ਨੂੰ ਗਰਿਫ਼ਤਾਰੀ ਲਈ ਭੈਣੀ ਸਾਹਿਬ ਭੇਜਿਆ। ਉਸ ਨੇ ਵਾਪਸ ਆ ਕੇ ਖ਼ਬਰ ਦਿੱਤੀ ਕਿ ਸਤਿਗੁਰੂ ਜੀ ਅਤੇ ਚਾਰ ਸਿੱਖ, ਡਿਪਟੀ ਇਨਸਪੈਕਟਰ, ਗ਼ੁਲਾਬ ਸਿੰਘ, ਦੀ ਨਿਗਰਾਨੀ ਹੇਠ, ਇੱਕ ਪੁਲਿਸ ਗਾਰਦ ਦੇ ਪਹਿਰੇ ਹੇਠ ਲੁਧਿਆਣੇ ਨੂੰ ਤੁਰ ਪਏ ਸਨ। ਬੇਲੀ ਸਾਹਨੇਵਾਲ ਰੁਕ ਕੇ ਹੋਰ ਕਾਰਵਾਈ ਦੀ ਉਡੀਕ ਕਰਨ ਲੱਗਾ।

ਗਲ ਇਸ ਤਰ੍ਹਾਂ ਹੋਈ ਕਿ ਸਤਿਗੁਰੂ ਸੱਚੇ ਪਾਤਸ਼ਾਹ ਸੂਬਿਆਂ ਸਮੇਤ 17 ਜਨਵਰੀ 1872 ਈ: ਨੂੰ ਸ਼ਾਮ ਨੂੰ ਸਿਆੜ ਪਿੰਡ ਤੋਂ ਚਲ ਪਏ। ਸ਼ਾਹ ਵਲੀ ਸ਼ਾਹ ਨੂੰ ਵੀ ਆਪ ਦੇ ਭੈਣੀ ਸਾਹਿਬ ਮੁੜਨ ਦੀ ਖ਼ਬਰ ਮਿਲੀ। ਉਹ ਵੀ ਦੱਬੇ ਪੈਰੀ ਮਗਰ ਹੋ ਤੁਰਿਆ। ਕੁਝ ਸਿਪਾਹੀ ਪਹਿਲਾਂ ਵੀ ਭੈਣੀ ਸਾਹਿਬ ਭੇਜੇ ਗਏ ਸਨ।

ਸਤਿਗੁਰੂ ਜੀ ਜਿਵੇਂ ਹੀ ਭੈਣੀ ਸਾਹਿਬ ਉੱਤਰੇ, ਸ਼ਾਹ ਵਲੀ ਸ਼ਾਹ ਨੇ ਕਮਿਸ਼ਨਰ ਦਾ ਹੁਕਮ ਸੁਣਾ ਦਿੱਤਾ। ਸਤਿਗੁਰ ਸੱਚੇ ਪਾਤਸ਼ਾਹ ਸਮੇਂ ਦੀ ਨਜ਼ਾਕਤ ਨੂੰ ਸਮਝ ਗਏ।

ਉਸ ਠੰਢੀ ਯਖ ਰਾਤ ਸਮੇਂ ਵੀ ਆਪ ਦੇ ਚਰਨਾਂ ਦੇ ਭੌਰੇ ਅਡੀਆਂ ਚੁੱਕ ਚੁੱਕ ਆਪ ਦਾ ਰਾਹ ਵੇਖ ਰਹੇ ਸਨ। ਸਾਰੇ ਡਰੇ, ਸਹਿਮੇ ਅਤੇ ਫਿਕਰਮੰਦ ਸਨ ਕਿ ਪਤਾ ਨਹੀਂ ਕੀ ਭਾਣਾ ਵਰਤਣਾ ਸੀ। ਸਭ ਸਜਲ ਨੇਤਰਾਂ ਨਾਲ ਹੱਥ ਬਧੀ ਖੜੇ ਸਨ। ਇਨ੍ਹਾਂ ਵਿੱਚ ਖੜ੍ਹੇ ਆਪ ਦੇ ਛੋਟੇ ਵੀਰ ਬੁਧ ਸਿੰਘ (ਸਤਿਗੁਰੂ ਹਰੀ ਸਿੰਘ) ਨੇ ਜਦ ਸਬ-ਇਨਸਪੈਕਟਰ ਦਾ ਸੁਨੇਹਾ ਸੁਣਿਆਂ ਤਾਂ ਸਤਿਗੁਰਾਂ ਦੇ ਕੋਲ ਆ ਕੇ ਇਜਾਜ਼ਤ ਮੰਗੀ ਕਿ ਉਸ ਨੂੰ ਲੁਧਿਆਣੇ ਜਾ ਕੇ ਸਾਰੇ ਜੁਰਮਾਂ ਦਾ ਇਕਬਾਲ ਕਰ ਲੈਣ ਦਿੱਤਾ ਜਾਵੇ। ਸਤਿਗੁਰਾਂ ਇਨਕਾਰ ਕਰ ਦਿੱਤਾ। ਆਪ ਨੇ ਗੁਰਦਿੱਤ ਸਿੰਘ ਤੋਂ ਗੱਡਾ ਜੁਆਇਆ। ਉਸ ਉੱਤੇ ਸਤਿਗੁਰਾਂ ਤੋਂ ਬਿਨਾ ਭਾਈ ਨਾਨੂੰ ਸਿੰਘ, ਸੂਬਾ ਸਾਹਿਬ ਸਿੰਘ, ਸੂਬਾ ਜਵਾਹਰ ਸਿੰਘ ਨੂੰ ਵੀ ਨਾਲ ਬਿਠਾਇਆ

ਅਤੇ ਲੁਧਿਆਣੇ ਜਾਣ ਦੀ ਤਿਆਰੀ ਕੀਤੀ।

ਇਸ ਸਮੇਂ ਦਾ ਵਰਨਣ ਸਤਿਗੁਰੂ ਬਿਲਾਸ ਦੇ ਪੰਨਿਆਂ ਵਿੱਚ ਇੰਜ ਕੀਤਾ ਹੈ।

"ਭੈਣੀ ਸਾਹਿਬ ਪਹੁੰਚਦਿਆਂ ਹੀ ਇਹ ਹੁਕਮ ਦਿੱਤਾ ਕਿ ਸਭ ਸਿੰਘ ਆਪਣੇ ਆਪਣੇ ਘਰਾਂ ਨੂੰ ਚਲੇ ਜਾਓ। ਜਿਹੜਾ ਏਥੇ ਰਹੇਗਾ ਸੋ ਔਖਾ ਹੋਵੇਗਾ। ਏਥੇ ਖਵਰੇ ਕਿਵੇਂ ਵਰਤਨੀ ਹੈ? ਬਚਨ ਕੀਤਾ, "ਗੁਪਾਲ ਸਿੰਘ ਅਸੀਂ ਤਾਂ ਸਭ ਦਾ ਭਲਾ ਹੀ ਕਰਦੇ ਹਾਂ। ਗਰਿਸਤੀ ਲੋਕ ਹੈਂ, ਇਉਂ ਆਪਣਿਆਂ ਘਰਾਂ ਨੂੰ ਚਲੇ ਜਾਣ ਤਾਂ ਅਛੀ ਬਾਤ ਹੈ।"... ਫਰੰਗੀਆਂ ਕੋ ਭੀ ਭੈ ਹੋਇਆ ਸੀ। ਰਲ ਮਿਲ ਕੇ ਸਲਾਹ ਕਰ ਕੇ ਚਾਰ ਅਸਵਾਰ ਲੈ ਕੇ ਇੱਕ ਥਾਣੇਦਾਰ ਰਾਮਦਾਸ ਪੁਰੇ (ਭੈਣੀ ਸਾਹਿਬ) ਆਇਆ। ਅਸਵਾਰ ਸੜਕ ਪਰ ਖੜ੍ਹੇ ਕੀਤੇ। ਸਤਿਗੁਰੂ ਜੀ ਕੋ ਕਹਿਣ ਲੱਗਾ। ਆਪ ਕੋ ਲੁਧਿਆਣੇ ਯਾਦ ਕੀਤਾ ਏ। ਦੀਨ ਦਿਆਲ ਜੀ ਬਚਨ ਕੀਤਾ। ਸਾਨੂੰ ਤਾਂ ਭੰਗੀ ਭੀ ਸਦਣ ਆਉਂਦਾ ਤਾਂ ਤੁਰ ਪੈਣਾ ਸੀ। ਪਹਿਲਾਂ ਤਾਂ ਬਚਨ ਕੀਤਾ ਪਾਉ ਘੋੜਿਆਂ ਪੁਰ ਕਾਠੀਆਂ, ਫੇਰ ਬਚਨ ਕੀਤਾ ਘੋੜੇ ਥੱਕੇ ਆਏ ਹੈਨ। ਗੱਡਾ ਤਿਆਰ ਕਰੋ। ਹੁਕਮ ਹੋਇਆ, ਗੁਰਦਿਤ ਸਿੰਘ ਗੱਡਾ ਤਿਆਰ ਕਰੋ ਪਖੁਲੀਆਂ ਲਾਇਕੇ ਕੋਠੇ ਵਾਂਗੂ। ਬਚਨ ਕੀਤਾ ਅਸੀਂ ਬੈਠ ਤਾਂ ਨਹੀਂ ਰਹਿਣਾ ਹੈ, ਅਸੀਂ ਬੈਠਣ ਤਾਂ ਨਹੀਂ ਆਏ, ਅਸੀਂ ਤਾਂ ਖੇਡ ਕਰਨ ਆਏ ਹੈ। ਅਸਾਂ ਤਾਂ ਜਾਣਾ ਈ ਸੀ ਕਦਣ ਤਾਈ ਬੈਠਣਾ ਸੀ ਸਾਡੇ ਟੁਰੇ ਬਗੈਰ ਕਾਰ ਨਹੀਂ ਤੁਰਨੀ ਹੈ। ਅਸੀਂ ਤੁਰਾਂਗੇ ਤਾਂ ਕਾਰ ਤੁਰਨੀ ਹੈ।......"

ਪਖੁਲੀਆਂ ਲਾਇ ਕੇ ਗਡਾ ਤਿਆਰ ਕੀਤਾ, ਤੰਬੂ ਵਾਂਗੂ ਹੋਏ ਗਿਆ। ਸਸਿਆ (ਉੱਨ ਦੀ ਦਸਤਾਰ) ਸੀਸ ਬੱਧੀ। ਏਕ ਕਾਲੀ ਕੰਬਲੀ ਉੱਤੇ। ਬਚਨ ਕੀਤਾ ਅਰਦਾਸਾ ਮੈਂ ਕਰਦਾ ਹਾਂ। ਆਪ ਅਰਦਾਸਾ ਕੀਤਾ। ਕੰਬਲੀ ਦੀ ਬੁਕਲ ਮਾਰ ਕੇ ਗੱਡੇ ਮੇਂ ਆਇ ਬੈਠੇ। ਨਾਨੂੰ ਸਿੰਘ ਨਾਲ ਤਿਆਰ ਹੋਇਆ। ਬਾਬਾ ਜੁਆਹਰ ਸਿੰਘ ਬਾਬਾ ਸਾਹਿਬ ਸਿੰਘ, ਚਹੁਵਾਂ ਨਾਲ ਗੁਰਦਿਤ ਸਿੰਘ ਗਾਡੀ ਗੱਡੇ ਮੇਂ ਆਏ ਬੈਠੇ। ਸਭ ਸਿੰਘ ਖੜ੍ਹੇ ਕਰ ਦਿੱਤੇ ਖਰਾਸ ਦੀ ਗੁੱਠ ਕੋਲ। ਕਿਹਾ ਅੱਗੇ ਨਾ ਕੋਈ ਆਓ... ਬਚਨ ਕੀਤਾ ਸਵਾ ਗਿਯਾਰਾਂ ਰੁਪਏ ਦਾ ਕੜਾਹ ਪ੍ਰਸ਼ਾਦ ਕਰਨਾ, ਬਰਤਾ ਕੇ ਆਪੋ ਆਪਣੇ ਘਰਾਂ ਨੂੰ ਚਲੇ ਜਾਣਾ। ਸਵੇਂ ਨਾ ਕੋਈ, ਪਾਠ ਕਰੇ, ਜੋ ਜਪ ਸਾਹਿਬ ਨਾ ਕੰਠ ਹੋਵੇ ਸੋ ਮਾਲਾ ਫੇਰੇ।"

ਸਤਿਗੁਰੂ ਰਾਮ ਸਿੰਘ ਜੀ ਨਾਲ ਨਾਮਧਾਰੀਆਂ ਦੀ ਸਾਂਝ ਭਾਵਨਾਤਮਕ ਸੀ। ਉਂਜ ਵੀ ਉਹ ਆਪ ਨੂੰ ਰਾਜਨੀਤਕ ਆਗੂ ਦੀ ਥਾਂ ਦੀਨ ਦੁਨੀਆਂ ਦਾ ਵਾਲੀ, ਗਰੀਬ ਨਿਵਾਜ਼, ਸਤਿਗੁਰੂ ਸੱਚੇ ਪਾਤਸ਼ਾਹ ਸਮਝਦੇ ਸਨ। ਉਹ ਆਪ ਨੂੰ ਮਾਤ ਲੋਕ ਹੀ ਨਹੀਂ, ਪਰਲੋਕ ਦਾ ਵੀ ਮਲਾਹ ਮੰਨਦੇ ਸਨ। ਉਹ ਜਜ਼ਬਾਤੀ ਹੋ

ਗਏ। ਉਹਨਾਂ ਦੇ ਦਿਲਾਂ ਨੂੰ ਖੋਹ ਜਹੀ-ਪਈ, ਨੈਣਾਂ ਰਾਹੀਂ ਗੰਗਾ ਜਮਨਾ ਉਛਲ ਪਈ, ਕਲੇਜਾ ਮੂੰਹ ਨੂੰ ਆਉਣ ਲੱਗਾ। ਉਹ ਰੋਣ ਕੁਰਲਾਉਣ ਅਤੇ ਚੀਕਾਂ ਕੂਕਾਂ ਮਾਰਨ ਲੱਗੇ ਹਾਲੋਂ ਬੇਹਾਲ ਹੋ ਗਏ। ਮਸਤਾਨੇ ਹੋ ਗਏ। ਪਗਾਂ ਲੱਥ ਗਈਆਂ, ਵਾਲ ਗਲਾਂ ਵਿੱਚ ਖਿੱਲਰ ਗਏ। ਉਹ ਵੈਰਾਗੀ ਸਨ, ਬਿਹਬਲ, ਬਿਰਹਾ ਭੁਇਅੰਗ ਉਨ੍ਹਾਂ ਨੂੰ ਡੱਸ ਰਿਹਾ ਸੀ। ਰੋਂਦਿਆਂ ਕੁਰਲੌਂਦਿਆਂ, ਹਟਕੋਰੇ ਭਰਦਿਆਂ ਸਿਸਕੀਆਂ ਲੈਂਦਿਆਂ ਦੀ ਘਿੱਗੀ ਬੱਝ ਗਈ। ਧਰਤੀ ਤੇ ਡਿੱਗ ਪੈਣ ਨਾਲ ਕਪੜੇ ਚਿੱਕੜ ਵਿੱਚ ਲੱਥ ਪੱਥ ਹੋ ਗਏ। ਕਈ ਗੁੰਮ ਸੁੰਮ ਹੋ ਗਏ। ਕਈ ਡੌਰ ਭੌਰੇ ਹੋਏ ਹੋਏ ਸਨ। ਕਿਸੇ ਨੂੰ ਸਮਝ ਨਹੀਂ ਸੀ ਆ ਰਹੀ ਕੀ ਭਾਣਾ ਵਰਤ ਗਿਆ ਸੀ। ਉਨ੍ਹਾਂ ਤੇ ਕਹਿਰ ਦਾ ਪਹਾੜ ਟੁੱਟ ਪਿਆ ਸੀ। ਇਸਤਰੀ, ਪੁਰਸ਼, ਬੱਚੇ, ਬੁੱਢੇ ਸਭ ਟੱਕਰਾਂ ਮਾਰ ਰਹੇ ਸਨ ਵਾਲ ਖੋਹ ਰਹੇ ਸਨ ਕਚੀਚੀਆਂ ਵੱਟ ਰਹੇ ਸਨ। ਉਹ ਗਡੇ ਦੇ ਪਿਛੇ ਤੁਰੇ ਆਉਂਦੇ ਮਿੰਨਤਾਂ ਤਰਲੇ ਤੇ ਅਰਜੋਈਆਂ ਕਰਨ ਲੱਗੇ ਕਿ, "ਤੁਸੀਂ ਨਾ ਜਾਓ, ਬਖਸ਼ ਲੌ!

ਸਤਿਗੁਰੂ ਜੀ ਵੀ ਨਾਮਧਾਰੀ ਸੰਗਤ ਦੀ ਬਿਹਬਲਤਾ ਕਾਰਨ ਪਸੀਜ ਗਏ ਸਨ! ਉਨ੍ਹਾਂ ਗੁਰਦਿਤ ਸਿੰਘ ਨੂੰ ਗੱਡਾ ਰੋਕਣ ਲਈ ਕਿਹਾ। ਉਨ੍ਹਾਂ ਦਾ ਵੀ ਗਲਾ ਭਰ ਆਇਆ ਸੀ। ਹੱਥ ਕਰਕੇ ਬੇਚੈਨ ਸੰਗਤ ਨੂੰ ਰੋਕਿਆ। ਆਪਣਾ ਆਪ ਸੰਭਾਲਿਆ। ਦਾਨੀ ਮਸਤਾਨੀ ਸੰਗਤ ਨੂੰ ਅਕਾਲ ਪੁਰਖ ਦਾ ਭਾਣਾ ਮਿੱਠਾ ਕਰਕੇ ਮੰਨਣ ਦਾ ਉਪਦੇਸ਼ ਦਿੱਤਾ। ਪਰਸ਼ਾਦ ਕਰਾਉਣ, ਪਾਠ ਕਰਨ ਜਾਂ ਮਾਲਾ ਫੇਰਨ ਦਾ ਅਤੇ ਅਰਦਾਸ ਕਰਨ ਦਾ ਹੁਕਮ ਕੀਤਾ। ਸੰਗਤ ਨੂੰ ਧਰਵਾਸ ਦੇਣ ਲਈ ਇਹ ਵੀ ਕਿਹਾ ਕਿ ਉਹ ਫਿਕਰ ਨਾ ਕਰਨ ਆਪ ਛੇਤੀ ਹੀ ਵਾਪਸ ਪਰਤ ਆਉਣਗੇ। ਹਾਲਾਂ ਕਿ ਉਹ ਇਹ ਚੰਗੀ ਤਰ੍ਹਾਂ ਸਮਝ ਚੁਕੇ ਸਨ ਕਿ ਬਰਤਾਨਵੀ ਸਰਕਾਰ ਹੁਣ ਉਨ੍ਹਾਂ ਦਾ ਲਿਹਾਜ਼ ਨਹੀਂ ਕਰੇਗੀ ਕਿਉਂਕਿ ਉਸ ਦੇ ਤਖਤੋਤਾਜ ਨੂੰ ਆਪ ਤੋਂ ਖ਼ਤਰਾ ਸੀ। ਉਹ ਆਪ ਨੂੰ ਹਿੰਦੁਸਤਾਨੀਆਂ ਤੋਂ ਅਤੇ ਖ਼ਾਸ ਕਰ ਕੇ ਪੰਜਾਬੀਆਂ ਤੋਂ ਦੂਰ ਬਹੁਤ ਦੂਰ ਭੇਜ ਦੇਵੇਗੀ। ਉਨ੍ਹਾਂ ਦਾ ਦੇਸ਼ ਨੂੰ ਆਜ਼ਾਦ ਵੇਖਣ ਦਾ ਸੁਪਨਾ ਛੇਤੀ ਸਾਕਾਰ ਨਹੀਂ ਹੋ ਸਕੇਗਾ।

ਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੇ ਭੌਰੇ ਹੁਕਮ ਮੰਨ ਕੇ ਵਾਪਸ ਮੁੜ ਆਏ। ਗੱਡਾ ਅਗੇ ਤੁਰਿਆ। ਡਿਪਟੀ ਇਨਸਪੈਕਟਰ ਪੁਲਿਸ ਗੁਲਾਬ ਸਿੰਘ ਨੇ ਦੋ ਘੁੜ ਸਵਾਰ ਗੱਡੇ ਦੇ ਅੱਗੇ ਤੋਰੇ, ਦੋ ਪਿੱਛੇ। ਅੱਧੀ ਰਾਤ ਪਿਛੋਂ ਇੱਕ ਵਜੇ ਆਪ ਲੁਧਿਆਣੇ ਪਹੁੰਚੇ। ਡੀ. ਸੀ. ਦੇ ਦਫਤਰ ਤੋਂ ਗਡਾ ਵਾਪਸ ਕਰ ਕੇ ਆਪ ਨੂੰ ਕਮਿਸ਼ਨਰ ਟੀ. ਡੀ. ਫੋਰਸਿਥ ਸਾਹਵੇਂ ਪੇਸ਼ ਕੀਤਾ ਗਿਆ। ਉਸ ਨੇ ਆਪ ਨਾਲ ਲਗਭਗ ਦੋ ਘੰਟੇ ਗਲ ਬਾਤ ਕੀਤੀ ਅਤੇ ਕੁਝ ਹੇਠ ਲਿਖੇ ਅਨੁਸਾਰ ਸਿੱਟੇ ਕੱਢ ਕੇ ਸਕਤਰ ਪੰਜਾਬ ਸਰਕਾਰ ਨੂੰ ਲਿਖ ਭੇਜਿਆ। ਆਪਣੇ ਸ਼ੰਕੇ ਵੀ

ਲਿਖ ਦਿੱਤੇ।

1. ਗੁਰੂ ਰਾਮ ਸਿੰਘ ਦੇ ਪੈਰੋਕਾਰਾਂ ਦੇ ਮਲੌਧ ਅਤੇ ਮਲੇਰ ਕੋਟਲੇ ਕੀਤੇ 'ਜ਼ੁਲਮ' ਵਿੱਚ ਆਪ ਦੇ ਹੱਥ ਹੋਣ ਦੀ ਤਾਣੀ ਅੱਜੇ ਉਲਝੀ ਹੋਈ ਸੀ।

2. ਭਾਵੇਂ ਗੁਰੂ ਰਾਮ ਸਿੰਘ ਨੇ ਹੀਰਾ ਸਿੰਘ, ਲਹਿਣਾ ਸਿੰਘ ਆਦਿ ਦੀ ਜੋਸ਼ ਤੇ ਗੁੱਸੇ ਵਿੱਚ ਭੈਣੀ ਸਾਹਿਬੋਂ ਤੁਰ ਪੈਣ ਦੀ ਖ਼ਬਰ ਭਿਜਵਾ ਦਿੱਤੀ ਸੀ ਫਿਰ ਵੀ ਪੁਲਿਸ ਨੇ ਆਪ ਨੂੰ ਹਮਲਾ ਕਰਨ ਅਤੇ ਅਸ਼ਾਂਤੀ ਅਤੇ ਅਰਾਜਕਤਾ ਪੈਦਾ ਕਰਨ ਵਾਲਾ ਗਿਣਿਆ।

3. ਮਿਹਰ ਸਿੰਘ ਅਤੇ ਝੰਡਾ ਸਿੰਘ ਨੇ ਅੰਮ੍ਰਿਤਸਰ ਦੇ ਬੁਚੜਾਂ ਦੇ ਕਤਲ ਤੋਂ ਪਹਿਲਾਂ ਸਤਿਗੁਰਾਂ ਤੋਂ ਇਜਾਜ਼ਤ ਮੰਗੀ ਸੀ ਪਰ ਆਪ ਨੇ ਬੜੀ ਦ੍ਰਿੜਤਾ ਨਾਲ ਉਨ੍ਹਾਂ ਨੂੰ ਉਹ ਕਾਰਾ ਕਰਨੋਂ ਰੋਕਿਆ ਸੀ। ਪਰ ਆਪ ਨੂੰ, ਸਰਕਾਰ ਨੇ, ਸ਼ਕ ਹੋਣ ਦੇ ਬਾਵਜੂਦ ਅੰਮ੍ਰਿਤਸਰ ਹੋਏ ਕਤਲ ਕੇਸ ਬਾਰੇ ਕੋਈ ਸੂਚਨਾ ਨਾ ਦੇਣ ਲਈ ਜ਼ੁੰਮੇਵਾਰ ਠਹਿਰਾਇਆ।

4. ਕੁਝ ਸਮੇਂ ਬਾਅਦ ਦਲ ਸਿੰਘ, ਮੰਗਲ ਸਿੰਘ ਅਤੇ ਦਿਵਾਨ ਸਿੰਘ ਆਪ ਕੋਲੋਂ ਰਾਇਕੋਟ ਬੁਚੜ ਬਧ ਕਰਨ ਲਈ ਅਨੁਮਤੀ ਲੈਣ ਆਏ ਪਰ ਆਪ ਨੇ ਸਾਫ਼ ਇਨਕਾਰ ਕਰ ਦਿੱਤਾ।

੫. ਪਰ ਆਪ ਨੇ ਸਰਕਾਰ ਨੂੰ ਕਦੇ ਵੀ ਕੋਈ ਸੁਰਾਗ ਨਹੀਂ ਦਿੱਤਾ ਅਤੇ ਹਨੇਰੇ ਵਿਚ ਰੱਖਿਆ। ਜਿਸ ਕਰਕੇ ਸਰਕਾਰ ਅੰਮ੍ਰਿਤਸਰ ਦੇ ਦੋਸ਼ੀਆਂ ਬਾਰੇ ਕੋਈ ਕਦਮ ਨਾ ਚੁੱਕ ਸੱਕੀ।

6. ਉਤਲੀਆਂ ਗੱਲਾਂ ਨੂੰ ਆਧਾਰ ਬਣਾ ਕੇ ਕਮਿਸ਼ਨਰ, ਫੋਰਸਿਥ ਨੇ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਦੀ ਨਜ਼ਰਬੰਦੀ ਦਾ ਸਰਕਾਰੀ ਆਦੇਸ਼ ਦਿੱਤਾ। ਉਨ੍ਹਾਂ ਉਤੇ 1818 ਦਾ ਰੈਗੂਲੇਸ਼ਨ III ਲਾਗੂ ਕੀਤਾ। ਉਨ੍ਹਾਂ ਨੂੰ ਤੁਰੰਤ ਅਲਾਹਾਬਾਦ ਭੇਜਣ ਦਾ ਹੁਕਮ ਦਿੱਤਾ।

ਸਤਿਗੁਰੂ ਰਾਮ ਸਿੰਘ ਜੀ ਨੂੰ ਫੋਰਸਿਥ ਕਿਸੇ ਵੀ ਮਾਮਲੇ ਵਿੱਚ ਕਸੂਰਵਾਰ ਨਹੀਂ ਸੀ ਠਹਿਰਾ ਸਕਿਆ। ਇੱਕ ਪਾਸੇ ਤਾਂ ਅੰਮ੍ਰਿਤਸਰ ਅਤੇ ਰਾਇਕੋਟ ਦੀਆਂ ਘਟਨਾਵਾਂ ਬਾਰੇ ਆਪ ਉੱਤੇ ਦੋਸ਼ ਲਾਇਆ ਗਿਆ ਕਿ ਆਪ ਨੇ ਸ਼ਕ ਹੋਣ ਦੇ ਬਾਵਜੂਦ ਸਰਕਾਰ ਨੂੰ ਇਤਲਾਹ ਨਹੀਂ ਸੀ ਦਿੱਤੀ। ਪਰ ਦੂਜੇ ਪਾਸੇ ਹੀਰਾ ਸਿੰਘ, ਲਹਿਣਾ ਸਿੰਘ ਦੇ ਸ਼ਹੀਦੀ ਜੱਥੇ ਦੀ, ਸਤਿਗੁਰਾਂ ਵਲੋਂ ਸੂਬਾ ਲੱਖਾ ਸਿੰਘ ਹੱਥ, ਲੁਧਿਆਣੇ ਭੇਜੀ ਇਤਲਾਹ ਤੇ ਕੀ ਕਾਰਵਾਈ ਕੀਤੀ? ਸਗੋਂ ਸੂਬਾ ਲੱਖਾ ਸਿੰਘ ਨੂੰ ਹਿਰਾਸਤ ਵਿੱਚ ਲੈ ਲਿਆ। ਜੇ ਸਰਕਾਰ ਸਤਿਗੁਰੂ ਜੀ ਦੀ ਇਤਲਾਹ ਨੂੰ ਨਜ਼ਰਅੰਦਾਜ਼ ਨਾ ਕਰਦੀ, ਡੀ. ਸੀ. ਕਾਵਨ ਨੇ ਕੋਈ ਠੋਸ ਕਦਮ ਚੁਕਿਆ ਹੁੰਦਾ ਤਾਂ ਸਆਲ ਹੀ ਪੈਦਾ ਨਹੀਂ ਸੀ ਹੁੰਦਾ ਕਿ ਉਹ ਸਾਕਾ ਨਾ ਟਾਲਿਆ ਜਾ ਸਕਦਾ।

ਖੂਨ ਖਰਾਬਾ ਵੀ ਬਿਲਕੁਲ ਨਾ ਹੁੰਦਾ। ਨਾਮਧਾਰੀਆਂ ਨੂੰ ਤਾਂ ਅੰਗਰੇਜ਼ ਆਪਣਾ ਦੁਸ਼ਮਨ ਸਮਝਦੇ ਹੀ ਸਨ। ਮਲੌਂਧ ਦੇ ਸਰਦਾਰਾਂ ਅਤੇ ਮਲੇਰ ਕੋਟਲਾ ਦੇ ਮੁਸਲਮਾਨਾਂ ਦੇ ਵੀ ਉਹ ਸੱਕੇ ਨਹੀਂ ਸਨ। ਸੋ ਉਨ੍ਹਾਂ ਨੂੰ ਪੀੜ ਕਿਸ ਦੀ ਹੋਣੀ ਸੀ? ਉਹ ਕਿਹੜਾ ਉਨ੍ਹਾਂ ਦਾ ਆਪਣਾ ਖ਼ੂਨ ਸੀ? ਫੋਰਸਿਥ ਨੇ ਵੀ ਇਸ ਬਾਰੇ ਜਾਣਕਾਰੀ ਦੇਣ ਉੱਤੇ ਸਤਿਗੁਰਾਂ ਦੀ ਪ੍ਰਸੰਸਾ ਵੀ ਨਹੀਂ ਕੀਤੀ। ਬਸ ਇੱਕ ਬਹਾਨਾ ਸੀ, ਬੇ ਬੁਨਿਆਦ ਬਹਾਨਾ, ਸਤਿਗੁਰੂ ਜੀ ਨੂੰ ਨਜ਼ਰਬੰਦ ਕਰਨ ਦਾ।

ਉਂਜ ਬਰਤਾਨਵੀ ਸਲਤਨਤ ਦੀਆਂ ਨਜ਼ਰਾਂ ਵਿੱਚ ਗੁਰੂ ਰਾਮ ਸਿੰਘ ਜੀ ਦਾ ਬੜਾ ਭਾਰੀ ਕਸੂਰ ਸੀ। ਉਹ ਕਸੂਰ ਸੀ ਲੋਕਾਂ ਨੂੰ ਆਪਣਾ ਮੂਲ ਪਛਾਨਣ ਲਈ ਤਿਆਰ ਕਰਨਾ। ਲੋਕਾਂ ਨੂੰ ਜਾਗਰੂਕ ਕਰਨਾ ਤਾਂਕਿ ਉਹ ਆਪਣੇ ਰਾਜ ਭਾਗ ਲਈ ਜੂਝ ਸੱਕਣ।

ਸਤਿਗੁਰੂ ਸੱਚੇ ਪਾਤਸ਼ਾਹ ਉਨ੍ਹਾਂ ਦੇ ਨਿਜੀ ਸੇਵਕ ਨਾਨੂੰ ਸਿੰਘ, ਸੂਬਾ ਲੱਖਾ ਸਿੰਘ, ਸਾਹਿਬ ਸਿੰਘ ਅਤੇ ਜਵਾਹਰ ਸਿੰਘ ਨੂੰ 18 ਜਨਵਰੀ 1872 ਈ. ਨੂੰ ਅੰਮ੍ਰਿਤ ਵੇਲੇ 4 ਵਜੇ ਲੁਧਿਆਣਿਓਂ ਅਲਾਹਬਾਦ ਲਈ ਇੱਕ ਸਪੈਸ਼ਲ ਰੇਲ ਗੱਡੀ ਵਿੱਚ ਬਿਠਾਇਆ ਗਿਆ। ਯੂਰਪੀਅਨ ਅਫਸਰ ਜੈਕਸਨ ਅਤੇ 12 ਡੋਗਰਿਆਂ ਦੀ ਗਾਰਦ ਆਪ ਜੀ ਦੀ ਨਿਗਰਾਨੀ ਲਈ ਨਾਲ ਹੀ ਭੇਜੀ ਗਈ।

ਭੈਣੀ ਸਾਹਿਬ ਦੇ ਨਾਮਧਾਰੀ ਕੇਂਦਰ ਦੇ ਮਨੁਖ, ਕੀ ਪਸ਼ੂ ਪੰਛੀ ਅਤੇ ਕੀ ਰੁੱਖ ਸਭ ਬੇਚੈਨ ਸਨ। ਸਾਰੇ ਲੋਕ ਗ਼ਮਗੀਨ ਤੇ ਦਿਲਗੀਰ ਸਨ। ਪਰ ਅੰਗਰੇਜ਼ ਅਫਸਰਾਂ ਨੂੰ ਅਜੇ ਤੱਸਲੀ ਅਤੇ ਚੈਨ ਕਿੱਥੇ। ਉਹ ਤਾਂ ਭੈਣੀ ਸਾਹਿਬ ਦੀ ਧਰਤੀਂ ਨੂੰ ਵੀ ਵਿੰਨ੍ਹਣਾ ਚਾਹੁੰਦੇ ਸਨ। ਅਜੇ ਲੈਫਟੀਨੈਂਟ ਕਰਨਲ ਬੇਲੀ ਸਾਹਨੇਵਾਲ ਬੈਠਾ ਸੀ। ਉਸਦੇ ਇਸ਼ਾਰਿਆਂ ਦੀ ਉਡੀਕ ਕਰ ਰਹੇ ਸਨ, 40 ਗੋਰਖੇ 12 ਸਿਪਾਹੀ ਅਤੇ ਥਾਣੇ ਦਾ ਹੋਰ ਅਮਲਾ ਫੈਲਾ। ਇਹ ਸਭੇ ਸਤਿਗੁਰਾਂ ਵਾਲੀ ਗੱਡੀ ਤੋਰਨ ਤੋਂ ਫੌਰਨ ਬਾਅਦ 4-30 ਵਜੇ ਹੀ ਲੁਧਿਆਣਿਓਂ ਭੇਜੇ ਗਏ ਸਨ ਤਾਂਕਿ ਉਨ੍ਹਾਂ ਦੀ ਮਦਦ ਨਾਲ ਬੇਲੀ ਭੈਣੀ ਸਾਹਿਬ ਜਾ ਕੇ ਦਲ ਬਲ ਨਾਲ ਹੋਰ ਸੂਬਿਆਂ ਨੂੰ ਹਿਰਾਸਤ ਵਿੱਚ ਲੈ ਸਕੇ ਅਤੇ ਵਿਚਾਰੇ ਸਿੱਧੇ ਸਾਦੇ, ਭੋਲੇ ਭਾਲੇ ਨਾਮਧਾਰੀ ਸਿੱਖਾਂ ਵਿੱਚ ਦਹਿਸ਼ਤ ਪੈਦਾ ਕਰ ਸੱਕੇ।

ਉਸ ਨੇ ਪਹਿਲਾਂ ਤਾਂ ਸੂਬਿਆਂ ਨੂੰ ਗਿਰਫ਼ਤਾਰ ਕਰਨ ਲਈ ਇੱਕ ਡਿਪਟੀ ਇਨਸਪੈਕਟਰ ਅਤੇ ਕੁਝ ਸਿਪਾਹੀ ਭੇਜੇ ਪਰ ਬਾਅਦ ਵਿੱਚ ਗਾਰਦ ਪਹੁੰਚਣ ਉੱਤੇ ਉਹ ਆਪ ਵੀ ਭੈਣੀ ਸਾਹਿਬ ਲਈ ਤੁਰਨ ਲੱਗਾ, ਉਦੋਂ ਹੀ ਪਹਿਲਾਂ ਭੇਜੇ ਪੁਲਿਸੀਏ ਅਤੇ ਫੌਜੀ ਦਸਤੇ ਸੂਬਾ ਕਾਹਨ ਸਿੰਘ, ਬ੍ਰਹਮਾ ਸਿੰਘ, ਹੁਕਮਾ ਸਿੰਘ, ਪਹਾੜਾ ਸਿੰਘ, ਗੋਪਾਲ ਸਿੰਘ ਅਤੇ ਸੁਜਾਨ ਸਿੰਘ ਨੂੰ ਲੈ ਕੇ ਸਾਹਨੇਵਾਲ ਥਾਣੇਂ ਪਹੁੰਚੇ। ਕਰਨਲ ਬੇਲੀ ਨੇ ਉਨ੍ਹਾਂ ਨੂੰ ਥਾਣੇ ਦੇ ਮੁਨਸ਼ੀ, ਸਾਰਜੰਟ ਦੀ

ਨਿਗਰਾਨੀ ਹੇਠ ਲੁਧਿਆਣੇ ਭੇਜ ਦਿੱਤਾ।

ਸੂਬਾ ਕਾਹਨ ਸਿੰਘ ਨਿਹੰਗ ਨੂੰ ਹਿਰਾਸਤ ਵਿੱਚ ਲੈਣ ਲਈ ਫੌਜੀ ਦਸਤਾ ਉਨ੍ਹਾਂ ਦੇ ਪਿੰਡ ਮੁਲ੍ਹਪੁਰ (ਚੱਕ) ਗਿਆ। ਉਸਨੂੰ ਉਥੋਂ ਫੜ ਕੇ ਭੈਣੀ ਸਾਹਿਬ ਲਿਆਂਦਾ ਗਿਆ। ਡੀ. ਐਸ. ਪੀ. ਪਰਕਿਨਜ਼ ਉਸਨੂੰ ਸਤਿਗੁਰਾਂ ਦਾ ਗੁਪਤ ਸਲਾਹਕਾਰ ਅਤੇ ਬੜਾ ਹੀ ਖ਼ਤਰਨਾਕ ਸੂਬਾ ਸਮਝਦਾ ਸੀ।

ਸਮਿੱਥ ਨੂੰ ਲਾਹੌਰੋਂ ਸਦਿਆ ਗਿਆ ਉਸਦੀ ਹਿਫ਼ਾਜ਼ਤ ਵਿੱਚ ਬਾਬਾ ਬ੍ਰਹਮਾ ਸਿੰਘ, ਪਹਾੜਾ ਸਿੰਘ, ਹੁਕਮਾ ਸਿੰਘ ਅਤੇ ਕਾਹਨ ਸਿੰਘ ਨੂੰ ਇੱਕ ਗੋਰਖਾ ਗਾਰਦ ਦੀ ਨਿਗਰਾਨੀ ਹੇਠ 19 ਜਨਵਰੀ 1872 ਈ. ਨੂੰ ਅਲਾਹਾਬਾਦ ਭੇਜ ਦਿੱਤਾ ਗਿਆ। ਬਾਅਦ ਵਿੱਚ ਸੂਬਾ ਰੂੜ ਸਿੰਘ, ਮਲੂਕ ਸਿੰਘ ਅਤੇ ਮਾਨ ਸਿੰਘ ਨੂੰ ਵੀ ਅਲਾਹਾਬਾਦ ਹੀ ਭੇਜ ਦਿੱਤਾ ਗਿਆ।

ਸੂਬਾ ਗੁਪਾਲ ਸਿੰਘ ਅਤੇ ਸੂਬਾ ਸੁਜਾਨ ਸਿੰਘ ਨੂੰ ਸਰਕਾਰ ਨੇ ਬਹੁਤਾ ਖ਼ਤਰਨਾਕ ਨਹੀਂ ਸਮਝਿਆ। ਉਨ੍ਹਾਂ ਨੂੰ ਲੁਧਿਆਣੇ ਤੋਂ ਹੀ ਵਾਪਸ ਭੇਜਿਆ ਗਿਆ।

ਕਾਨੂੰਨ ਇਸ ਗਲ ਦੀ ਵੀ ਮੰਗ ਕਰਦਾ ਸੀ ਕਿ ਜਿਨਾਂ ਚਿਰ ਕਿਸੇ ਦੇ ਵਰੰਟ ਨਾ ਨਿਕਲੇ ਹੋਣ ਉਸਨੂੰ ਗਿਰਫ਼ਤਾਰ ਨਹੀਂ ਸੀ ਕੀਤਾ ਜਾ ਸਕਦਾ। ਪਰ ਇਹ ਕਾਨੂੰਨ ਤਾਂ ਉਦੋਂ ਹੀ ਲਾਗੂ ਹੁੰਦਾ ਹੈ ਜਦ ਲੋਕਾਂ ਦਾ ਆਪਸ ਵਿਚ ਲੜਾਈ ਝਗੜਾ ਹੋਵੇ। ਜਦੋਂ ਇੱਕ ਧਿਰ ਸਰਕਾਰ ਹੋਵੇ ਤਾਂ ਕਾਨੂੰਨ ਤਾਂ ਮੋਮ ਦੀ ਨੱਕ ਵਰਗਾ ਹੁੰਦਾ ਹੈ। ਏਸੇ ਤਰ੍ਹਾਂ ਦਾ ਕਾਨੂੰਨ ਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਗਿਰਫ਼ਤਾਰ ਕਰਨ ਲਈ ਵਰਤਿਆ ਗਿਆ। ਆਪ ਸਭ ਨੂੰ 18 ਜਨਵਰੀ 1872 ਈ. ਅਤੇ 19 ਜਨਵਰੀ 1872 ਈ. ਨੂੰ ਅਲਾਹਾਬਾਦ ਦੇ ਕਿਲ੍ਹੇ ਵਿੱਚ ਨਜਰਬੰਦ ਕਰਨ ਲਈ ਭੇਜ ਦਿੱਤਾ ਗਿਆ ਪਰ ਕੋਈ ਵਰੰਟ ਨਹੀਂ, ਡਾਢੇ, ਦਾ ਸਤੀਂ ਵੀਹੀਂ ਸੌ।

ਵਾਰੰਟ ਤਾਂ ਭੇਜੇ ਗਏ ਪਰ ਸਿਧੇ ਅਲਾਹਾਬਾਦ ਦੇ ਮਜਿਸਟ੍ਰੇਟ ਨੂੰ ਉਹ ਵੀ 22 ਜਨਵਰੀ 1872 ਈ. ਨੂੰ। ਇਸ ਦੀ ਜਾਣਕਾਰੀ ਈ. ਸੀ. ਬੇਲੀ ਸਕਤਰ ਭਾਰਤ ਸਰਕਾਰ ਨੂੰ ਐਲ. ਐਚ. ਗ੍ਰਿਫਤਾਰ, ਸਕੱਤਰ ਪੰਜਾਬ ਸਰਕਾਰ ਨੇ ਆਪਣੀ 22 ਜਨਵਰੀ 1872 ਈ. ਦੀ ਚਿੱਠੀ ਵਿੱਚ ਦੇ ਦਿੱਤੀ।

ਭਾਵੇਂ ਸਤਿਗੁਰੂ ਸੱਚੇ ਪਾਤਸ਼ਾਹ ਅਤੇ ਸੂਬਿਆਂ ਦਾ ਕਸੂਰ ਸਰਕਾਰ ਨੇ ਇਹ ਮਿਥਿਆ ਕਿ ਉਹ ਬਗ਼ਾਵਤ ਫੈਲਾਉਣ ਅਤੇ ਖ਼ੂਨ ਖ਼ਰਾਬਾ ਕਰਵਾਉਣ ਲਈ ਗੁਨਾਹਗਾਰ ਸਨ। ਉਹ ਗੁਨਾਹ ਵੀ ਬਿਨਾ ਕਿਸੇ ਉਚਿਤ ਸਬੂਤ ਦੇ, ਮੜ੍ਹਿਆ ਗਿਆ। ਈ. ਸੀ. ਬੇਲੀ ਨੇ 13 ਮਾਰਚ 1872 ਨੂੰ ਆਪ, ਗ੍ਰਿਫਿਨ ਨੂੰ ਆਪ ਦੇ ਬਾਰੇ ਲਿਖਿਆ ਕਿ ਅਜੇ ਭਾਰਤ ਸਰਕਾਰ ਕੋਲ ਇਸ ਗਲ ਦੀ ਕਾਫੀ ਮਾਤਰਾ

ਵਿੱਚ ਉਗਾਹੀ ਨਹੀਂ ਕਿ ਉਹ ਸੱਚੀ ਮੁੱਚੀ ਖਤਰਨਾਕ ਚਾਲ ਚਲਣ ਵਾਲੇ ਮੱਨੁਖ ਹਨ।

ਆਪਣੀ ਮਨਮਰਜ਼ੀ ਜਾਂ ਕਿਸੇ 'ਰਾਜ ਭਗਤ' ਹਿੰਦੁਸਤਾਨ ਮਹਾਰਾਜੇ ਦੀ ਹਉਮੈਂ ਨੂੰ ਪੱਠੇ ਪਾਉਣ ਲਈ, ਜਾਂ ਉਸ ਦਾ ਰੋਹਬ ਦਾਬ ਕਾਇਮ ਕਰਨ ਲਈ ਵੀ ਸਰਕਾਰ ਕੂਕਿਆਂ ਨੂੰ ਬੰਦੀ ਬਣਾ ਸਕਦੀ ਸੀ। ਇਸ ਗੱਲ ਦਾ ਸਬੂਤ ਮੰਗਲ ਸਿੰਘ ਬਿਸ਼ਨ ਪੁਰੀਏ ਦੀ ਗਿਰਫ਼ਤਾਰੀ ਤੋਂ ਮਿਲਦਾ ਸੀ।

ਮੰਗਲ ਸਿੰਘ ਬਿਸ਼ਨ ਪੁਰੇ ਦਾ ਇੱਕ ਸਰਦਾ ਪੁਜਦਾ ਜ਼ਿਮੀਂਦਾਰ ਸੀ। ਸਤਿਗੁਰੂ ਰਾਮ ਸਿੰਘ ਜੀ ਦਾ ਚਰਨ ਸੇਵਕ ਸੀ। ਨਾ ਉਹ ਕੋਈ ਸੂਬਾ ਸੀ ਨਾ ਜਥੇਦਾਰ। ਬੱਸ ਇਕ ਸਾਧਾਰਨ ਸ਼ਰਧਾਵਾਨ ਨਾਮਧਾਰੀ ਸੀ। ਉਹ ਮਹਾਰਾਜਾ ਪਟਿਆਲਾ, ਮਹਿੰਦਰ ਸਿੰਘ, ਦੀਆਂ ਅੱਖਾਂ ਵਿੱਚ ਰੜਕਦਾ ਸੀ। ਸੋ ਉਸਦੀ ਸ਼ਿਕਾਇਤ ਉੱਤੇ ਮੰਗਲ ਸਿੰਘ ਨੂੰ ਪੰਜਾਬੋਂ ਬਾਹਰ ਕਢਣਾ ਜ਼ਰੂਰੀ ਸਮਝਿਆ ਗਿਆ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਉਨ੍ਹੰ ਰੰਗੂਨ ਜਾਂ ਕਿਸੇ ਹੋਰ ਥਾਂ ਦੇਸ ਨਿਕਾਲਾ ਦੇਣ ਦੀ ਸਲਾਹ ਦਿੱਤੀ।

ਉਹ ਸਾਰੇ ਹੀ ਰਾਜਸੀ ਕੈਦੀ ਸਨ। ਰਾਜਸੀ ਕੈਦੀਆਂ ਲਈ ਬੰਗਾਲ ਕੌਂਸਲ ਦੇ ਵਾਈਸ ਪ੍ਰੈਜ਼ੀਡੈਂਟ ਨੇ 7 ਅਪਰੈਲ 1818 ਈ: ਨੂੰ ਇੱਕ ਕਾਨੂੰਨ ਪਾਸ ਕੀਤਾ ਹੋਇਆ ਸੀ ਜਿਸ ਦਾ ਨਾਂ 1818 ਦਾ ਬੰਗਾਲ ਕਾਨੂੰਨ ਸੀ। ਇਸ ਕਾਨੂੰਨ ਅਨੁਸਾਰ ਜਦ ਸਰਕਾਰ ਅਮਨ ਚੈਨ ਨੂੰ ਖ਼ਤਰਾ ਸਮਝੇ ਤਾਂ:

"...ਉਨ੍ਹਾਂ ਵਿਅਕਤੀਆਂ ਨੂੰ ਆਪਣੀ ਨਿਜੀ ਹਿਰਾਸਤ ਹੇਠ ਰੱਖ ਸਕਦੀ ਹੈ ਜਿਨ੍ਹਾਂ ਵਿਅਕਤੀਆਂ ਖ਼ਿਲਾਫ਼ ਅਦਾਲਤੀ ਕਾਰਵਾਈ ਕਰਨ ਲਈ ਕੋਈ ਸਹੀ ਆਧਾਰ ਨਾ ਹੋਵੇ ਜਾਂ ਜਦੋਂ ਉਸ ਤਰ੍ਹਾਂ ਦੀ ਕਾਰਵਾਈ ਅਨੁਸਾਰ ਮੁਕੱਦਮਾ ਨਾ ਚਲਾਇਆ ਜਾ ਸਕਦਾ ਹੋਵੇ ਜਾਂ ਕਿਸੇ ਹੋਰ ਕਾਰਨ ਕਰਕੇ ਕੁਝ ਕਰਨਾ ਅਯੋਗ ਜਾਂ ਅਣਉਚਿਤ ਹੋਵੇ ਅਤੇ ਜਿੱਥੇ ਵੀ ਇਹ ਠੀਕ ਲੱਗੇ।"

ਜਿਸ ਅਫ਼ਸਰ ਦੀ ਨਿਗਰਾਨੀ ਹੇਠ ਵੀ ਰਾਜਸੀ ਕੈਦੀ ਰੱਖਿਆ ਗਿਆ ਹੋਵੇ ਉਸ ਨੇ ਉਸ ਦੀ ਸਿਹਤ, ਸੁਖ ਆਰਾਮ ਦਾ ਪੂਰਾ ਧਿਆਨ ਰਖਣਾ ਹੁੰਦਾ ਸੀ। ਅਤੇ ਗਵਰਨਰ ਜਨਰਲ ਨੂੰ ਛਿਮਾਹੀ ਰਿਪੋਰਟ ਦੇਣੀ ਹੁੰਦੀ ਸੀ।

ਸੋ ਸਤਿਗੁਰੂ ਰਾਮ ਸਿੰਘ ਜੀ ਉੱਤੇ ਵੀ ਇਹ ਕਾਨੂੰਨ ਹੀ ਲਾਗੂ ਕੀਤਾ ਗਿਆ। ਸੂਬੇ ਵੀ ਇਸੇ ਕਾਨੂੰਨ ਦੀ ਹੀ ਗਰਿਫ਼ਤ ਵਿੱਚ ਆਏ।

ਸ਼ੁਰੂ ਵਿੱਚ ਸਤਿਗੁਰਾਂ ਨੂੰ ਅਤੇ ਸੂਬਿਆਂ ਨੂੰ ਅਲਾਹਾਬਾਦ ਦੀ ਸੈਂਟਰਲ ਜੇਲ੍ਹ ਵਿੱਚ ਰੱਖਣ ਦਾ ਵਿਚਾਰ ਬਣਿਆਂ ਤਾਂ ਜੇਲ੍ਹ ਸੁਪਰਇੰਨਟੈਂਡੈਂਟ ਨੇ 25 ਜਨਵਰੀ 1872 ਈ: ਨੂੰ ਮਜਿਸਟ੍ਰੇਟ ਜੇ. ਸੀ. ਰੋਬਰਟਸਨ ਨੂੰ ਲਿਖਿਆ ਕਿ

ਜੇਲ੍ਹ ਵਿੱਚ ਸੁਰਖਿਅਤਾ ਨਹੀਂ ਸੀ। ਜੇਲ੍ਹ ਦੀ ਕੰਧ ਟੁਟੀ ਹੋਈ ਸੀ। ਪਹਿਰਾ ਦੇਣ ਵਾਲਾ ਸੰਤਰੀ ਇੱਕ ਹੀ ਸੀ। ਜਿਸ ਦੇ ਸਿਰ ਵਿੱਚ ਕੁਝ ਵੀ ਮਾਰਕੇ ਬੇਹੋਸ਼ ਕਰਕੇ ਸੌ ਬੰਦੇ ਜੇਲ੍ਹ ਵਿੱਚ ਵੜ ਸਕਦੇ ਸਨ। ਕੈਦੀਆਂ ਦੇ ਭੱਜਣ ਵਿੱਚ ਵੀ ਕੋਈ ਔਖ ਨਹੀਂ ਸੀ। ਸੋ ਕੈਦੀ ਜੇਲ੍ਹ ਨਾ ਭੇਜੇ ਜਾਣ। ਮਜਿਸਟ੍ਰੇਟ ਨੇ ਜੱਜ ਰੈਂਕੈਟੱਸ ਨਾਲ ਜਾ ਕੇ ਜੇਲ੍ਹ ਦਾ ਮੁਆਇਨਾ ਕੀਤਾ ਅਤੇ ਸਭ ਨੂੰ ਕਿਲ੍ਹੇ ਵਿੱਚ ਹੀ ਆਪਣੀ ਜ਼ੁੰਮੇਵਾਰੀ ਉੱਤੇ ਰਖਣ ਦਾ ਫੈਸਲਾ ਕੀਤਾ।

ਇਸ ਦੌਰਾਨ ਕਮਿਸ਼ਨਰ ਅੰਬਾਲਾ ਨੇ ਕੂਕਿਆਂ ਨਾਲ ਸੰਬੰਧਤ ਵਾਪਰੀਆਂ ਘਟਨਾਵਾਂ ਬਾਰੇ ਦਸਤਾਵੇਜ਼ ਇੱਕਠੇ ਕੀਤੇ, ਗੁਆਹੀਆਂ ਵੀ ਇਕੱਠੀਆਂ ਕੀਤੀਆਂ ਜਿਨ੍ਹਾਂ ਵਿੱਚ ਸਤਿਗੁਰੂ ਰਾਮ ਸਿੰਘ, ਗਿਆਨੀ ਸਿੰਘ, ਭਗਵਾਨ ਸਿੰਘ, ਬੀਮਣ ਸਿੰਘ, ਮਿਹਰ ਸਿੰਘ, ਅਲਬੇਲਾ ਸਿੰਘ, ਭਗਤ ਸਿੰਘ ਆਦਿ ਵਿਅਕਤੀਆਂ ਦੀਆਂ ਵੀ ਗਵਾਹੀਆਂ ਸਨ। ਕਮਿਸ਼ਨਰ ਤੋਂ ਬਿਨਾ ਡੀ. ਸੀ. ਲੁਧਿਆਣਾ ਅਤੇ ਸਕੱਤਰ ਪੰਜਾਬ ਸਰਕਾਰ ਨੇ ਵੀ ਮਲੇਰ ਕੋਟਲੇ ਦੇ ਨਿਜ਼ਾਮ, ਮਹਾਰਾਜਾ ਮਹਿੰਦਰ ਸਿੰਘ, ਅਤੇ ਹੋਰ ਕਈ ਸਰਕਾਰ ਭਗਤਾਂ, ਸਰਦਾਰਾਂ, ਅਹਿਲਕਾਰਾਂ ਕੋਲੋਂ ਗੁਆਹੀਆਂ ਲਈਆਂ ਸਨ। ਨੰਬਰਦਾਰਾਂ ਨੇ ਵੀ ਆਪਣੀਆਂ ਨੰਬਰਦਾਰੀਆਂ ਬਰਕਰਾਰ ਰਖਣ ਲਈ ਗੁਆਹੀਆਂ ਦਿੱਤੀਆਂ। ਡੇਰਿਆਂ ਦੇ ਮਹੰਤਾਂ ਅਤੇ ਰਜਵਾੜਿਆ ਦੇ ਬਿਆਨ ਵੀ ਕੂਕਿਆਂ ਦੇ ਖ਼ਿਲਾਫ਼ ਹੀ ਜਾਂਦੇ ਸਨ। ਇਨ੍ਹਾਂ ਸਾਰੇ ਬਿਆਨਾਂ ਦੇ ਅਧਾਰ ਉੱਤੇ ਬਰਤਾਨਵੀ ਸਰਕਾਰ ਨੇ ਗੰਢ ਬੰਨ੍ਹ ਲਈ ਕਿ ਅੰਮ੍ਰਿਤਸਰ, ਰਾਇਕੋਟ, ਮਲੋਧ ਅਤੇ ਮਲੇਰ ਕੋਟਲੇ ਹੋਈਆਂ ਘਟਨਾਵਾਂ ਲਈ ਪੂਰੀ ਜ਼ੁੰਮੇਵਾਰੀ ਸਤਿਗੁਰੂ ਰਾਮ ਸਿੰਘ ਜੀ ਦੀ ਸੀ।

ਇਸ ਬਾਰੇ ਭਾਰਤ ਸ੍ਰਕਾਰ ਦੇ ਸਕਤਰ ਬੇਲੀ ਨੇ ਵੀ ਗ੍ਰਿਫਿਨ, ਸਕਤਰ, ਪੰਜਾਬ ਨੂੰ 13 ਮਾਰਚ 1872 ਈ: ਨੂੰ ਹੀ ਲਿਖਿਆ :

"ਮੈਂ ਤੈਨੂੰ ਸਪਸ਼ਟ ਕਰਨਾ ਹੈ ਕਿ ਕੌਂਸਲ ਵਿੱਚ ਗਵਰਨਰ ਜਨਰਲ ਸਮਝਦਾ ਹੈ ਕਿ ਰਿਕਾਰਡ ਵਿੱਚ ਇਸ ਗਲ ਦੀਆਂ ਉਚਿਤ ਗਵਾਹੀਆਂ ਹਨ ਜੋ ਰਾਮ ਸਿੰਘ ਦੀ ਨਜ਼ਰਬੰਦੀ ਜਾਰੀ ਰਖਣ ਦਾ ਅਧਿਕਾਰ ਦੇਂਦੀਆਂ ਹਨ ਅਤੇ ਇਹ ਦਰਸਾਉਂਦੀਆਂ ਹਨ ਕਿ ਉਸ ਨੂੰ ਛਡਣਾ ਦੇਸ਼ ਦੇ ਅਮਨ ਚੈਨ ਅਤੇ ਸ਼ਾਂਤੀ ਲਈ ਖ਼ਤਰਨਾਕ ਹੋਵੇਗਾ।

ਆਦਰ ਯੋਗ ਨੇ ਕੌਂਸਲ ਵਿੱਚ ਹੁਕਮ ਦਿੱਤਾ ਹੈ ਕਿ "ਉਸ ਨੂੰ ਬ੍ਰਿਟਿਸ਼ ਬ੍ਰਹਮਾ ਵਿੱਚ ਨਜ਼ਰਬੰਦ ਰੱਖਿਆ ਜਾਵੇ।"

ਇਸ ਸੰਬੰਧੀ ਚੀਫ਼ ਕਮਿਸ਼ਨਰ ਬ੍ਰਾਹਮਾ ਨੂੰ ਵੀ ਲਿਖਿਆ ਗਿਆ। 10 ਮਾਰਚ 1872 ਈ: ਨੂੰ, ਸਤਿਗੁਰਾਂ ਨੂੰ, ਇਨਸਪੈਕਟਰ ਹੈਨਰੀ ਦੀ ਨਿਗਰਾਨੀ ਹੇਠ, ਗਡੀ ਰਾਹੀਂ ਹਾਵੜਾ ਪਹੁੰਚਾਇਆ ਗਿਆ। ਆਪ ਦੇ ਨਾਲ ਗੜਵਈ

ਭਾਈ ਨਾਨੂੰ ਸਿੰਘ ਵੀ ਸੀ। ਫਿਰ ਕਲਕਤਿਓਂ ਸਮੁੰਦਰੀ ਜਹਾਜ਼ ਰਾਹੀਂ ਆਪ ਨੂੰ ਰੰਗੂਨ ਭੇਜਿਆ ਗਿਆ।

ਸਤਿਗੁਰਾਂ ਨੂੰ ਜਲਾਵਤਨ ਕਰਨ ਪਿਛੋਂ ਸੂਬਿਆਂ ਬਾਰੇ ਕਾਰਵਾਈ ਕਰਨ ਲਈ ਸਰਕਾਰੀ ਮਸ਼ੀਨਰੀ ਹਰਕਤ ਵਿੱਚ ਆਈ।

ਜਿਸ ਜ਼ਿਲ੍ਹੇ ਵਿੱਚ ਵੀ ਕੋਈ ਸੂਬਾ ਰਹਿੰਦਾ ਸੀ ਜਾਂ ਜਿਹੜਾ ਵੀ ਉਸ ਦਾ ਕਾਰਜ ਖੇਤਰ ਸੀ। ਉਸ ਜ਼ਿਲ੍ਹੇ ਦੇ ਸੁਪਰਇੰਨਟੈਂਡੈਂਟ ਪੁਲਿਸ ਕੋਲੋਂ ਡੀ. ਆਈ. ਜੀ. ਪੁਲਿਸ ਪੰਜਾਬ ਨੇ ਉਸ ਸੂਬੇ ਬਾਰੇ ਰਿਪੋਰਟ ਮੰਗੀ। ਜੇ. ਡਬਲਿਊ ਮੈਕਨਬ ਕਮਿਸ਼ਨਰ ਅੰਬਾਲਾ ਨੇ ਖ਼ੁਦ ਆਪ 23 ਤੋਂ 25 ਅਪ੍ਰੈਲ 1872 ਈ: ਨੂੰ ਅਲਾਹਾਬਾਦ ਜਾ ਕੇ ਸਾਰੇ ਸੂਬਿਆਂ ਦੀ ਉਗਾਹੀ ਲਈ ਅਤੇ ਹਰ ਸੂਬੇ ਬਾਰੇ ਆਪਣੀ ਰਿਪੋਰਟ ਤਿਆਰ ਕੀਤੀ, ਨਾਲ ਆਪਣੀ ਰਾਇ ਵੀ ਹਰ ਰਿਪੋਰਟ ਵਿੱਚ ਦਿੱਤੀ। ਉਸ ਰਿਪੋਰਟ ਦੇ ਆਧਾਰ ਉੱਤੇ ਉਨ੍ਹਾਂ ਵਿਰੁਧ ਕੇਸ ਤਿਆਰ ਕੀਤਾ ਗਿਆ। ਗਵਰਨਰ ਜਨਰਲ ਦੀ ਕੌਂਸਲ ਵਿੱਚ ਪੇਸ਼ ਕੀਤਾ ਗਿਆ। ਕੌਂਸਲ ਵਿੱਚ ਹੋਏ ਨਿਰਨੇ ਅਨੁਸਾਰ ਸੂਬਿਆਂ ਨੂੰ ਅਡੋ ਅੱਡ ਥਾਵਾਂ ਉੱਤੇ ਨਜ਼ਰਬੰਦ ਕਰਨ ਦਾ ਹੁਕਮ ਐਚ. ਐਲ. ਡੈਮਪਾਇਰ ਕਾਰਜਕਾਰੀ ਸਕੱਤਰ ਭਾਰਤ ਸਰਕਾਰ ਨੇ ਦਿੱਤੇ। ਇਨ੍ਹਾਂ ਹੁਕਮਾਂ ਦੀ ਪਾਲਣਾ ਹੇਠ ਲਿਖੇ ਅਨੁਸਾਰ ਹੋਈ:

1. ਸੂਬਾ ਰੂੜ ਸਿੰਘ, ਮਲੂਕ ਸਿੰਘ ਅਤੇ ਪਹਾੜਾ ਸਿੰਘ ਨੂੰ 15 ਦਸੰਬਰ 1872 ਈ: ਨੂੰ ਅਸੀਰ ਗੜ੍ਹ ਭੇਜ ਦਿੱਤਾ ਗਿਆ। ਉਨ੍ਹਾਂ ਨੂੰ ਕੁਝ ਪਤਾ ਨਹੀਂ ਸੀ ਕਿ ਕਿੰਨਾ ਚਿਰ ਨਜ਼ਰਬੰਦ ਰਖਣਾ ਸੀ। ਉਥੇ ਉਨ੍ਹਾਂ ਨੂੰ ਕਿਲ੍ਹੇ ਵਿੱਚ ਮਿਲਟਰੀ ਦੀ ਨਿਗਰਾਨੀ ਹੇਠ ਰੱਖਿਆ ਗਿਆ।
2. ਸੂਬਾ ਮਾਨ ਸਿੰਘ ਅਤੇ ਹੁਕਮ ਸਿੰਘ 1 ਦਸੰਬਰ 1872 ਈ: ਨੂੰ ਚੁਨੌਰ ਦੇ ਕਿਲ੍ਹੇ ਵਿੱਚ ਅਣਮਿਥੇ ਸਮੇਂ ਲਈ ਪਹੁੰਚਾਏ ਗਏ।
3. ਸੂਬਾ ਜਵਾਹਰ ਸਿੰਘ, ਲਖਾ ਸਿੰਘ ਅਤੇ ਬ੍ਰਹਮਾ ਸਿੰਘ 30 ਦਸੰਬਰ 1872 ਈ: ਨੂੰ ਕਲੱਕਤੇ ਰਾਹੀਂ ਮੌਲਮੀਨ ਪਹੁੰਚਾਏ ਗਏ ਇੱਕ ਲੰਮੇ ਅਰਸੇ ਲਈ।
4. ਸੂਬਾ ਸਾਹਿਬ ਸਿੰਘ ਅਤੇ ਕਾਹਨ ਸਿੰਘ ਨਿਹੰਗ ਨੂੰ ਪਹਿਲਾਂ ਅਲਾਹਾਬਾਦ ਹੀ ਰੱਖਿਆ ਗਿਆ ਅਤੇ ਫਿਰ 12 ਫਰਵਰੀ 1873 ਈ: ਨੂੰ ਅਦਨ ਭੇਜਿਆ ਗਿਆ।
5. ਮਹਿੰਦਰ ਸਿੰਘ ਮਹਾਰਾਜਾ ਪਟਿਆਲਾ ਦੀ ਸਿਫਾਰਸ਼ ਪਹੁੰਚ ਜਾਣ ਕਰਕੇ ਸ੍ਰ. ਮੰਗਲ ਸਿੰਘ ਬਿਸ਼ਨਪੁਰੀਏ ਨੂੰ 3 ਮਾਰਚ 1873 ਈ: ਨੂੰ ਛੱਡ ਦਿੱਤਾ ਗਿਆ।

ਭਾਰਤ ਰਾਜ ਲਈ ਇੰਗਲੈਂਡ ਵਿੱਚ ਸਕੱਤਰ ਡਿਊਕ ਆਫ ਐਂਜਲ

ਚਾਹੁੰਦਾ ਸੀ ਕਿ ਨਾਮਧਾਰੀ ਸੂਬਿਆਂ ਉੱਤੇ ਮੁਕੱਦਮਾ ਚਲਾਇਆ ਜਾਵੇ ਅਤੇ ਉਸ ਦੇ ਫ਼ੈਸਲੇ ਤੋਂ ਬਾਅਦ ਉਚਿਤ ਸਜ਼ਾ ਦਿੱਤੀ ਜਾਵੇ। ਪਰ ਭਾਰਤ ਸਰਕਾਰ ਇਸ ਗੱਲ ਤੇ ਉੱਤੇ ਤੁਰਨ ਨੂੰ ਤਿਆਰ ਹੀ ਨਹੀਂ ਸੀ ਕਿਉਂਕਿ ਉਸ ਨੂੰ ਪਤਾ ਸੀ ਕਿ ਸੂਬੇ ਨਿਰਦੋਸ਼ ਸਨ ਇਸ ਕਰਕੇ ਉਹ ਉਨ੍ਹਾਂ ਨੂੰ ਰਾਜਨੀਤਕ ਕੈਦੀਆਂ ਵਾਂਗ ਨਜ਼ਰਬੰਦ ਕਰੀ ਰਖਣਾ ਚਾਹੁੰਦੀ ਸੀ। ਡਿਊਕ ਨੇ ਵੀ ਹਥਿਆਰ ਸੁਟ ਦਿੱਤੇ ਅਤੇ ਭਾਰਤ ਸਰਕਾਰ ਦੀ ਕਾਰਵਾਈ ਨੂੰ ਪ੍ਰਵਾਨਗੀ ਦੇ ਦਿੱਤੀ।

ਇਸ ਤਰ੍ਹਾਂ ਧਰਮ, ਦੇਸ਼ ਅਤੇ ਕੌਮ ਲਈ ਜਦੋਂ ਜਹਿਦ ਕਰਨ ਵਾਲੇ ਜੁਝਾਰੂ ਦੇਸ਼ ਭਗਤਾਂ ਨੂੰ ਜਲਾਵਤਨ ਕਰਕੇ ਅੰਗਰੇਜ਼ ਹਾਕਮ ਨੇ ਸਮਝ ਲਿਆ ਕਿ ਉਸ ਨੇ ਭਾਰਤੀਆਂ ਦੀ ਆਜ਼ਾਦੀ ਚਾਹੁਣ ਵਾਲੀ ਜ਼ਬਾਨ ਸਦਾ ਲਈ ਬੰਦ ਕਰ ਦਿੱਤੀ ਸੀ। ਪਰ ਭਾਰਤ ਦੀ ਮਿੱਟੀ ਵਿਚੋਂ ਸਦਾ ਹੀ ਵੰਗਾਰ ਦਾ ਸਾਹਮਣਾ ਕਰਨ ਵਾਲੇ, ਆਪਣੇ ਹੱਕ ਲਈ ਖੜਨ, ਲੜਨ ਅਤੇ ਮਰਨ ਵਾਲੇ ਸੂਰਬੀਰ ਪੈਦਾ ਹੋਏ ਹਨ ਜਿਹੜੇ ਟੁੱਟ ਭਾਵੇਂ ਗਏ ਹੋਣ ਪਰ ਝੁਕੇ ਕਦੀ ਨਹੀਂ। ਜ਼ੁਲਮ, ਜ਼ਬਰ ਤੇ ਤਸ਼ੱਦਦ ਉਨ੍ਹਾਂ ਵਿੱਚ ਨਵੀਂ ਰੂਹ ਫੂਕਦਾ ਰਿਹਾ ਹੈ। "ਜਬੈ ਬਾਣ ਲਾਗਯੋ ਤਬੈ ਰੋਸ ਜਾਗਯੋ।"

# ਰਾਜਸੀ ਕੈਦੀ

ਲੁਧਿਆਣੇ ਤੋਂ ਇੱਕ ਸਪੈਸ਼ਲ ਗੱਡੀ ਰਾਹੀਂ ਗੁਰੂ ਰਾਮ ਸਿੰਘ ਨੂੰ 18 ਜਨਵਰੀ 1872 ਈ: ਨੂੰ, ਅਲਾਹਾਬਾਦ ਭੇਜ ਦਿੱਤਾ ਗਿਆ ਸੀ। ਲੈਫਟੀਨੈਂਟ ਗਵਰਨਰ ਪੰਜਾਬ ਸੁਚੇਤ ਤੌਰ ਤੇ ਧਿਆਨ ਨਾਲ ਨਿਗਰਾਨੀ ਰੱਖ ਰਿਹਾ ਸੀ ਕਿ ਕੋਈ ਪੰਜਾਬੀ, ਗੁਰੂ ਰਾਮ ਸਿੰਘ ਜੀ ਨੂੰ ਨਾ ਮਿਲੇ। ਉਸ ਦੇ ਅਫ਼ਸਰਾਂ ਨੇ ਉਸ ਨੂੰ ਦੱਸਿਆ ਸੀ ਕਿ ਆਪ ਦੇ ਸੁਨੇਹੇ ਅਲਾਹਾਬਾਦ ਤੋਂ ਪੰਜਾਬ ਆਉਂਦੇ ਸਨ। ਲੈਫ਼ਟੀਨੈਂਟ ਗਵਰਨਰ ਵਲੋਂ, ਈ.ਸੀ. ਬੇਲੀ, ਸਕੱਤਰ ਭਾਰਤ ਸਰਕਾਰ ਨੂੰ ਪੰਜਾਬ ਦੇ ਸਕੱਤਰ ਐਲ. ਐਚ. ਗ੍ਰਿਫਨ ਨੇ 16 ਮਾਰਚ 1872 ਈ: ਦੀ ਚਿੱਠੀ ਵਿੱਚ ਲਿਖਿਆ,

"ਗੁਰੂ ਰਾਮ ਸਿੰਘ ਅਤੇ ਉਸ ਦੇ ਸਾਥੀ, ਦੋ ਨੌਕਰਾਂ ਅਤੇ ਇੱਕ ਬਾਣੀਏ ਰਾਹੀਂ ਜਿਸ ਤੋਂ ਉਹ ਰਸਦ ਲੈਂਦੇ ਹਨ, ਪੰਜਾਬ ਨਾਲ ਪੱਤਰ ਵਿਹਾਰ ਰਖਦੇ ਹਨ।"

ਇਹ ਲਿਖਦਿਆਂ ਉਸ ਆਪ ਨੂੰ ਮਿਲਣ ਵਾਲਿਆਂ ਉੱਤੇ ਕਰੜੀ ਨਿਗਰਾਨੀ ਰੱਖਣ ਦੀ ਸਲਾਹ ਦਿੱਤੀ।

ਸਖ਼ਤ ਨਿਗਰਾਨੀ ਰੱਖਣ ਲਈ ਸਰਕਾਰ ਨੇ ਇਹ ਹੀ ਉਚਿਤ ਸਮਝਿਆ ਕਿ ਆਪ ਨੂੰ ਸਮੁੰਦਰੋਂ ਪਾਰ ਭੇਜ ਦਿੱਤਾ ਜਾਵੇ। ਸੋ ਆਪ ਨੂੰ 16 ਮਾਰਚ 1872 ਈ. ਨੂੰ ਹੀ ਰੰਗੂਨ ਭੇਜ ਦਿੱਤਾ ਗਿਆ ਕਲਕੱਤਿਓਂ, ਇਕ ਸਮੁੰਦਰੀ ਜਹਾਜ਼ ਰਾਹੀਂ।

ਰੰਗੂਨ ਆਪ ਨੂੰ ਸੈਂਟਰਲ ਜੇਲ੍ਹ ਵਿੱਚ, ਇੱਕ ਰਾਜਸੀ ਕੈਦੀ ਦੀਆਂ ਸਾਰੀਆਂ ਸਹੂਲਤਾਂ ਦੇ ਕੇ ਰੱਖਿਆ ਗਿਆ। ਆਪ ਵਾਸਤੇ ਸੁਖ ਆਰਾਮ ਨੂੰ ਧਿਆਨ ਵਿੱਚ ਰਖਦੇ ਹੋਏ ਜੇਲ੍ਹ ਵਿਚ ਇੱਕ ਵੱਖਰਾ ਵਾਰਡ ਵਲਿਆ ਗਿਆ। ਇਹ ਵਾਰਡ ਜੇਲ੍ਹ ਵਿੱਚ ਪਉੜੀਆਂ ਚੜ੍ਹਕੇ ਆਉਂਦਾ ਸੀ। ਇਹ ਵਾਰਡ ਜ਼ਨਾਨਾ ਜੇਲ੍ਹ ਦੇ ਰੂਪ ਵਿਚ ਵਰਤਿਆ ਜਾਂਦਾ ਰਿਹਾ ਸੀ। ਦੱਖਣ ਵਾਲੇ ਪਾਸੇ ਫੱਟੀਆਂ ਦੀ ਵਾੜ ਕਰਕੇ ਉਸ ਵਾਰਡ ਨੂੰ ਯੂਰਪੀਨ ਕੈਦੀਆਂ ਦੇ ਵਾਰਡ ਤੋਂ

ਅੱਡ ਕੀਤਾ ਗਿਆ ਸੀ। ਇਸ ਵਾਰਡ ਵਿੱਚ ਇੱਕ ਖੂਹ, ਇੱਕ ਰਸੋਈ ਅਤੇ ਇੱਕ ਪਖਾਨਾ ਅੱਡ ਹੀ ਸੀ। ਆਪ ਜੀ ਦੇ ਕਮਰੇ ਵਿੱਚ ਇੱਕ ਮੰਜਾ, ਮੇਜ਼ ਅਤੇ ਕੁਰਸੀਆਂ ਸਨ। ਉਹ ਵਾਰਡ ਦੇ ਘੇਰੇ ਵਿੱਚ ਆਪ ਨੂੰ ਫਿਰਨ ਤੁਰਨ, ਬਹਿਣ ਖਲੋਣ ਦੀ ਖੁਲ੍ਹੀ ਛੁੱਟੀ ਸੀ। ਰਾਤੀਂ ਵੀ ਕਮਰੇ ਨੂੰ ਜੰਦਰਾ ਨਹੀਂ ਸੀ ਮਾਰਿਆ ਜਾਂਦਾ ਤਾਂਕਿ ਆਪ ਆਪਣੀ ਇੱਛਾ ਅਨੁਸਾਰ ਅੰਦਰ ਬਾਹਰ, ਜਿਥੇ ਚਾਹੁਣ ਸੌਂ ਸੱਕਣ। ਪਰ ਬਾਹਰ ਦੀ ਦੁਨੀਆਂ ਨਾਲ ਸਾਂਝ ਰੱਖਣ ਦੀ ਆਪ ਨੂੰ ਪੂਰੀ ਮਨਾਹੀ ਅਤੇ ਰੁਕਾਵਟ ਸੀ।

ਉਸ ਸਿਆਸੀ ਕੈਦੀ ਦੀ ਸੇਵਾ ਲਈ ਤਿੰਨ ਉੱਚੀ ਜ਼ਾਤ ਦੇ ਹਿੰਦੂ ਸਦਾ ਹਾਜ਼ਰ ਸਨ। ਚੌਥਾ ਭੈਣੀ ਸਾਹਿਬੋਂ ਆਇਆ, ਆਪ ਦਾ ਨਿਜੀ ਸੇਵਕ, ਨਾਨੂੰ ਸਿੰਘ ਸੀ।

ਨਾਨੂੰ ਸਿੰਘ ਬਾਰੇ ਕਈ ਲੋਕ ਦੰਦ ਕਥਾ ਕਰਦੇ ਰਹੇ ਕਿ ਉਹ ਸਰਕਾਰ ਦੇ ਗੁਪਤਚਾਰ ਵਿਭਾਗ ਦਾ ਬੰਦਾ ਸੀ। ਉਹ ਸਤਿਗੁਰਾਂ ਨੂੰ ਸਮੁੰਦਰੀ ਜਹਾਜ਼ ਉੱਤੇ ਬਿਠਾ ਕੇ ਕਲਕਤਿਓਂ ਹੀ ਵਾਪਸ ਚਲਾ ਗਿਆ ਸੀ। ਪਰ ਤਾਰੀਖੀ ਗੁਆਹੀ ਇਹ ਸੀ ਕਿ ਉਹ ਵੀ 10 ਮਾਰਚ 1872 ਈ: ਨੂੰ ਕਲਕਤਿਓਂ, ਸਤਿਗੁਰਾਂ ਨਾਲ ਜਹਾਜ਼ ਉੱਤੇ ਬੈਠਾ ਕਿਉਂਕਿ ਉਹ ਘਰ ਦੇ ਸੁਖ ਆਰਾਮ ਨੂੰ ਛੱਡ ਕੇ ਆਪਣੇ ਅਧਿਆਤਮ ਰਾਹਨੁਮਾ ਸਤਿਗੁਰੂ ਸੱਚੇ ਪਾਤਸ਼ਾਹ ਦੀ ਹਜ਼ੂਰੀ ਵਿੱਚ ਰਹਿ ਕੇ ਹੀ ਸੇਵਾ ਕਰਨਾ ਚਾਹੁੰਦਾ ਸੀ। ਉਸ ਨੂੰ ਯਾਰੜੇ ਦਾ ਸੱਥਰ ਚੰਗਾ ਸੀ। ਉਹ ਵੀ 16 ਮਾਰਚ 1872 ਈ: ਨੂੰ ਹੀ ਰੰਗੂਨ ਪਹੁੰਚਿਆ।

ਰੰਗੂਨ ਜੇਲ੍ਹ ਦੇ ਕਾਰਜਕਾਰੀ ਸੁਪਰਇੰਨਟੈਂਡੈਂਟ ਨੇ ਨਾਨੂੰ ਸਿੰਘ ਕੋਲੋਂ ਇਕਰਾਰਨਾਮਾ ਲਿਖਵਾ ਲਿਆ ਕਿ ਉਹ ਜਿੱਥੇ ਅਤੇ ਜਿਸ ਹਾਲਤ ਵਿੱਚ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਰਖਿਆ ਜਾਵੇਗਾ ਨਾਲ ਰਹੇਗਾ। ਇਕਰਾਰਨਾਮੇ ਦੀ ਇਬਾਰਤ ਸੀ:

"ਨਾਨੂੰ ਸਿੰਘ ਦਾ ਇਕਰਾਰ-ਨਾਮਾ।

ਮੈਂ ਨਾਨੂੰ ਸਿੰਘ ਪੰਜਾਬ ਇਲਾਕਾ ਪਟਿਆਲਾ ਗਾਂਵ ਰੁੜਕੀ ਕਾ ਰਹਿਣੇ ਵਾਲਾ ਹਾਲ ਮੁਕਾਮ ਰੰਗੂਨ ਜੇਲ੍ਹ ਯਹ ਇਕਰਾਰ ਕਰਤਾ ਹੂੰ ਔਰ ਸੰਨਦ ਨਾਮਾ ਭੀ ਲਿਖ ਦੇਤਾ ਹੂੰ। ਕਿਸ ਵਾਸਤੇ ਤੋਂ ਯਹ ਜੇਲ੍ਹ ਮੇਂ ਆਪਣੀ ਖੁਸ਼ੀ ਸੇ ਰਾਜ਼ੀ-ਓ-ਰਜ਼ਾਮੰਦੀ ਕੇ ਸਾਥ ਯਹੀਂ ਰਹੂੰਗਾ। ਔਰ ਖਿਦਮਤ ਤੋਂ ਰਾਜਾ ਸਾਹਿਬ ਆਪਨੇ ਗੁਰੂ ਕੇ ਹਮਰਾਹ ਬਿਲਾ ਉਜ਼ਰ ਬਤੌਰ ਕੈਦ ਕੇ ਰਹੂੰਗਾ। ਕਭੀ ਕੋਈ ਬਾਤ ਕਾ ਉਜ਼ਰ ਕਰੂੰ ਤੋਂ ਬਾਤਲ ਹੈ! ਇਸੇ ਵਾਸਤੇ ਯਹ ਸੰਨਦਨਾਮਾ ਲਿਖ ਦੇਤਾ ਹੂੰ। ਲਿਹਾਜਾ ਸਰਕਾਰ ਕੇ ਕਾਮ ਆਵੇ।

ਮਾਰਚ 1872

ਨਾਨੂੰ ਸਿੰਘ ਦੇ ਅੰਗੂਠੇ ਦਾ ਨਿਸ਼ਾਨ ਨਾਨੂੰ ਸਿੰਘ ਸਿੱਖ ਨੇ ਮੇਰੀ ਹਾਜ਼ਰੀ ਵਿਚ ਦਸਖ਼ਤ ਕੀਤੇ।
ਦਸਖ਼ਤ ਕਾਰਜਕਾਰ ਸੁਪਰਇੰਨਟੈਂਡੈਂਟ

ਜੇ ਨਾਨੂੰ ਸਿੰਘ ਸਰਕਾਰੀ ਖੁਫ਼ੀਆ ਵਿਭਾਗ ਦਾ ਬੰਦਾ ਹੁੰਦਾ ਤਾਂ ਸਰਕਾਰ ਨੂੰ ਉਸ ਕੋਲੋਂ ਇਕਰਾਰ ਕਰਾਉਣ ਦੀ ਕੋਈ ਲੋੜ ਨਹੀਂ ਸੀ। ਪਰਵਾਰ ਤੋਂ ਨਿਖੜ ਕੇ ਉਮਰ ਕੈਦ ਭੋਗਣ ਦੀ ਉਸਨੂੰ ਕੀ ਲੋੜ ਸੀ ਸੋ ਇਹ ਮਨਘੜਤ ਕਹਾਣੀ ਸਤਿਗੁਰੂ ਜੀ ਤੇ ਉਸ ਨੂੰ ਛੁਟਿਆਉਣ ਲਈ ਅਤੇ ਕੂਕਾ ਲਹਿਰ ਨੂੰ ਬਦਨਾਮ ਕਰਨ ਲਈ ਘੜੀ ਗਈ ਸੀ ਜੋ ਤੱਤਹੀਣ ਅਤੇ ਅਰਥਹੀਣ ਸੀ।

ਸਤਿਗੁਰੂ ਜੀ ਦੀ ਖਾਧ ਖੁਰਾਕ ਦਾ ਵੀ ਪੂਰਾ ਧਿਆਨ ਰੱਖਿਆ ਜਾ ਰਿਹਾ ਸੀ। ਸਰਕਾਰ ਨੇ ਆਪ ਦੇ ਦੁੱਧ ਦਹੀਂ ਦੀ ਲੋੜ ਨੂੰ ਪੂਰਾ ਕਰਨ ਲਈ ਆਪ ਦੇ ਵਾਰਡ ਵਿਚ 75 ਰੁਪਏ ਦੀ ਇੱਕ ਗਾਂ ਵੀ ਬੰਨ੍ਹ ਦਿੱਤੀ ਸੀ। ਬਦਾਮ ਤਕ ਆਪ ਨੂੰ ਮਿਲਦੇ ਸਨ। ਹੋਰ ਵੀ ਮਨ ਭਾਉਂਦਾ ਖਾਣਾ, ਖੁਰਾਕ ਫਲ ਆਦਿ ਆਪ ਨੂੰ ਮਿਲ ਸਕਦੇ ਸਨ ਪਰ ਆਪ ਸਬਰ ਸੰਤੋਖ ਵਾਲੇ ਪਰਮ ਪੁਰਖ ਸਨ ਸੋ ਆਪ ਨੇ ਆਪਣੀਆਂ ਜ਼ਰੂਰਤਾਂ ਨੂੰ ਸੀਮਤ ਰੱਖਿਆ ਅਤੇ ਕਦੀ ਕੁਝ ਨਹੀਂ ਸੀ ਮੰਗਿਆ।

ਫਿਰ ਵੀ ਉਸ ਸਮੇਂ 40-ਰੁਪਏ ਮਹੀਨਾ, ਸਰਕਾਰ ਦਾ ਆਪ ਦੀ ਅਤੇ ਆਪਦੇ ਸੇਵਕਾਂ ਦੀ ਰੋਟੀ ਦਾ ਖਰਚਾ ਆਉਂਦਾ ਸੀ। 40-ਰੁਪਏ ਦੇ ਕਪੜੇ ਅਤੇ ਜੋੜੇ ਲੈ ਕੇ ਦਿੱਤੇ ਗਏ। ਕੁਰਸੀਆਂ ਮੇਜ ਮੰਜਾ ਆਦਿ 50-ਰੁਪਏ ਦਾ ਲਿਆਂਦਾ ਗਿਆ।

ਸਤਿਗੁਰਾਂ ਨੂੰ ਇੱਕ ਸਿਆਸੀ ਕੈਦੀ ਵਾਲੇ ਸਾਰੇ ਸ਼ਹਾਨਾ ਸੁਖ ਮਿਲੇ ਹੋਏ ਸਨ। ਫਿਰ ਵੀ ਆਪ ਦਾ ਮਨ ਡੋਲਦਾ, ਹਮਵਤਨਾਂ ਨੂੰ ਮਿਲਣ ਲਈ ਤਾਂਘਦਾ, ਵਤਨ ਪਰਸਤੀ ਬੇਚੈਨ ਕਰਦੀ ਤੇ ਆਪ ਉਦਾਸ ਰਹਿਣ ਲੱਗੇ, ਆਪ ਵਿਆਕੁਲਤਾ ਅਤੇ ਬੇਚੈਨੀ ਮਹਿਸੂਸ ਕਰਦੇ। ਦਿਨੇ ਤਾਂ ਕੀ ਰਾਤੀ ਵੀ ਆਪ ਨੂੰ ਬਹੁਤ ਗਰਮੀ ਮਹਿਸੂਸ ਹੁੰਦੀ।

ਸਰਕਾਰ ਆਪ ਨੂੰ ਕੋਈ ਸਰੀਰਕ ਤਕਲੀਫ ਨਹੀਂ ਸੀ ਦੇਣਾ ਚਾਹੁੰਦੀ। ਏਸੇ ਕਰਕੇ ਜਦ ਆਪ ਨੇ ਰਾਤ ਨੂੰ ਗਰਮੀ ਲੱਗਣ ਦੀ ਗੱਲ ਅਧਿਕਾਰੀਆਂ ਨੂੰ ਦੱਸੀ ਤਾਂ ਬ੍ਰਿਟਿਸ਼ ਬ੍ਰਹਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ ਟਾਲ ਬੁਆਇਜ਼ ਵੀਲ੍ਹਰ ਨੇ ਭਾਰਤ ਸਰਕਾਰ ਦੇ ਸਕੱਤਰ ਨੂੰ 15 ਅਪਰੈਲ 1872 ਈ. ਨੂੰ ਆਪ ਦੀ ਤਕਲੀਫ ਬਾਰੇ ਲਿਖਿਆ। ਉਸ ਲਿਖਿਆ ਕਿ ਡਬਲਿਊ. ਪੀ. ਕੇਲੀ, ਇਨਸਪੈਕਟਰ ਜਨਰਲ ਜੇਲ੍ਹ ਬ੍ਰਿਟਿਸ਼ ਬ੍ਰਹਮਾ ਦਾ ਡਰ ਸੀ ਕਿ ਜੇਲ੍ਹ ਵਿੱਚ ਆਪ ਜੀ ਦੀ ਸਿਹਤ ਖਰਾਬ ਹੋ ਸਕਦੀ ਸੀ। ਜੇ ਹਾਲਾਤ ਇਜਾਜ਼ਤ ਦੇਣ ਤਾਂ ਆਪ

ਛਾਉਣੀ ਡਾਕ ਘਰ ਵਾਲੀ ਇਮਾਰਤ ਵਿੱਚ ਰੱਖਿਆ ਜਾਵੇ, ਜਿੱਥੇ ਪਹਿਲਾਂ ਦਿੱਲੀ ਦੇ ਮਹਾਰਾਜਾ ਬਹਾਦਰ ਸ਼ਾਹ ਨੂੰ ਰੱਖਿਆ ਗਿਆ ਸੀ। ਉਨ੍ਹਾਂ ਨੂੰ ਹਫਤੇ ਵਿੱਚ ਤਿੰਨ ਵਾਰ ਪੁਲਿਸ ਇਨਸਪੈਕਟਰ ਦੀ ਨਿਗਰਾਨੀ ਹੇਠ ਬਘੀ ਉੱਤੇ ਸੈਰ ਕਰਨ ਲਈ ਭੇਜਿਆ ਜਾਵੇ।

ਉਸ ਨੇ ਇਹ ਵੀ ਦੱਸਿਆ ਕਿ ਗੁਰੂ ਰਾਮ ਸਿੰਘ ਜੀ ਦਾ ਜੇਲ੍ਹ ਵਿੱਚ ਰੱਖਣਾ ਖਤਰੇ ਤੋਂ ਖਾਲੀ ਨਹੀਂ ਸੀ ਕਿਉਂਕਿ ਉਸਨੂੰ ਡਰ ਸੀ ਕਿ ਆਪ ਜੇਲ੍ਹ ਦੇ ਦੂਜੇ ਕੈਦੀਆਂ ਨਾਲ ਰੀਢ-ਤ੍ਰਪ ਕਰ ਸਕਦੇ ਸਨ ਅਤੇ ਵਤਨੋ ਦੂਰ ਬੈਠੇ, ਜੇਲ੍ਹ ਦੇ ਵਾਰਡ ਵਿਚੋਂ ਵੀ ਸੁਤੰਤਰਤਾ ਦੀ ਲੜਾਈ ਲੜ ਸਕਦੇ ਸਨ।

ਉਤਲੀਆਂ ਸਾਰੀਆਂ ਗੱਲਾਂ ਅਤੇ ਡਰਾਂ ਨੂੰ ਧਿਆਨ ਵਿੱਚ ਰਖਦਿਆਂ ਆਪ ਜੀ ਨੂੰ ਰੰਗੂਨ ਛਾਉਣੀ, ਡਾਕਖਾਨੇ ਵਾਲੀ ਇਮਾਰਤ ਵਿੱਚ ਰਖਣ ਦੀ ਮਨਜ਼ੂਰੀ ਮਿਲ ਗਈ।

ਸਤਿਗੁਰੂ ਜੀ ਸੰਗਤਾਂ ਨੂੰ ਪੂਜਾ ਪਾਠ, ਭਜਨ ਬੰਦਗੀ ਕਰਨ ਦਾ ਉਪਦੇਸ਼ ਦੇਂਦੇ ਰਹਿੰਦੇ ਸਨ ਤਾਂਕਿ ਆਤਮਕ ਬਲ ਸਦਾ ਚੜ੍ਹਦੀ ਕਲਾ ਵਿੱਚ ਰਹੇ। ਆਪ ਵੀ ਸਦਾ ਪੂਰਾ ਨਿਤਨੇਮ ਕਰਦੇ ਸਨ। ਜਦੋਂ ਦੇ ਭੈਣੀ ਸਾਹਿਬ ਤੋਂ ਤੁਰੇ ਸਨ ਇੱਕ ਚਿੱਤ ਹੋ ਕੇ ਭਜਨ ਬੰਦਗੀ ਤਾਂ ਕਰ ਲੈਂਦੇ ਸਨ। ਆਪ ਦਾ ਪਾਠ ਕਰਨ ਦਾ ਨਿਤਨੇਮ ਵੀ ਕਾਇਮ ਸੀ ਪਰ ਚੋਣਵੀਆਂ ਬਾਣੀਆਂ ਦਾ ਪਾਠ ਕਰਨ ਦੀ ਲੋੜ ਮਹਿਸੂਸ ਕਰਦੇ ਹੋਏ ਆਪ ਨੇ ਸਰਕਾਰ ਕੋਲੋਂ ਦੋ ਪੋਥੀਆਂ ਦੀ ਮੰਗ ਕੀਤੀ।

ਪਹਿਲੀ ਪੋਥੀ ਪੰਜ ਗ੍ਰੰਥੀ ਸੀ ਜਿਸ ਵਿੱਚ i ਜਪੁਜੀ ii ਬਾਣੀ ਰਹਿਰਾਸ iii ਕੀਰਤਨ ਸੋਹਿਲਾ iv ਦਖਣੀ ਓਅੰਕਾਰ v ਬਾਵਨ ਅੱਖਰੀ vi ਸੁਖਮਨੀ vii ਆਸਾ ਦੀ ਵਾਰ viii ਨਾਵੇਂ ਗੁਰੂ ਦੇ ਸ਼ਬਦ ਤੇ ਸ਼ਲੋਕ ਬਾਣੀਆਂ ਹੋਣ। ਪੰਜ ਗ੍ਰੰਥੀ ਵੀ ਆਪ ਨੇ ਹੱਥਾਂ ਦੀ ਲਿਖੀ ਹੋਈ ਮੰਗੀ ਜਿਸ ਵਿੱਚ ਕੋਈ ਗ਼ਲਤੀ ਨਾ ਹੋਵੇ।

ਦੂਜੀ ਪੋਥੀ ਦਸਮ ਗੁਰੂ ਦੀਆਂ ਬਾਣੀਆਂ ਦਾ ਸੰਗ੍ਰਹਿ ਸੀ। ਜਿਸ ਵਿੱਚ i ਜਾਪ ii ਅਕਾਲ ਉਸਤਤ iii ਚੰਡੀ ਦੀ ਵਾਰ iv ਚੰਡੀ ਚਰਿਤਰ v ਸਵਈਏ vi ਬਿਚਿਤ੍ਰ ਨਾਟਕ vii ਗਿਆਨ ਪ੍ਰਬੋਧ ਆਦਿ ਬਾਣੀਆਂ ਸਨ।

ਬ੍ਰਿਟਿਸ਼ ਬ੍ਰਹਮਾ ਦੇ ਚੀਫ ਕਮਿਸ਼ਨਰ ਦੇ ਇਹ ਪੋਥੀਆਂ ਜਿਵੇਂ ਵੀ ਜਿੱਥੋਂ ਵੀ ਲੱਭਣ, ਲੈ ਕੇ ਭੇਜਣ ਲਈ 11 ਮਈ 1872 ਈ: ਨੂੰ ਹੋਮ ਸਕਤਰ ਭਾਰਤ ਸਰਕਾਰ ਨੂੰ ਲਿਖਿਆ। ਉਥੋਂ ਚਿਠੀ ਪੰਜਾਬ ਭੇਜੀ ਗਈ ਅਤੇ ਲੈਫਟੀਨੈਂਟ ਗਵਰਨਰ ਨੂੰ ਪੁਛਿਆ ਗਿਆ ਕਿ ਉਸਨੂੰ ਉਹਨਾਂ ਪੋਥੀਆਂ ਦੇ ਭੇਜਣ ਉੱਤੇ ਕੋਈ ਇਤਰਾਜ਼ ਤਾਂ ਨਹੀਂ। ਅੰਡਰ ਸੈਕਟਰੀ ਪੰਜਾਬ ਨੇ 28 ਜੂਨ 1872 ਈ: ਨੂੰ ਭਾਰਤ

ਸਰਕਾਰ ਨੂੰ ਜੁਆਬ ਦਿੱਤਾ ਕਿ ਬਿਚਿੱਤ੍ਰ ਨਾਟਕ ਤੋਂ ਬਿਨਾ ਹੋਰ ਕਿਸੇ ਬਾਣੀ ਦੇ ਭੇਜਣ ਤੇ ਪੰਜਾਬ ਸਰਕਾਰ ਨੂੰ ਕੋਈ ਇਤਰਾਜ਼ ਨਹੀਂ।

ਇਸ ਤਰ੍ਹਾਂ ਕਾਟ ਛਾਂਟ ਕਰ ਕੇ ਉਹ ਪੋਥੀਆਂ ਸਤਿਗੁਰਾਂ ਨੂੰ ਭੇਜੀਆਂ ਗਈਆਂ।

ਸਿਆਸੀ ਕੈਦੀ ਹੋਣ ਕਰ ਕੇ ਸਤਿਗੁਰਾਂ ਦੀ ਸਿਹਤ ਦਾ ਨਿੱਕੀ ਤੋਂ ਨਿੱਕੀ ਗੱਲ ਦਾ ਵੀ ਪੂਰਾ ਖਿਆਲ ਰੱਖਿਆ ਜਾਂਦਾ। ਜੋ ਆਪ ਨੂੰ, ਖਾਧ ਖੁਰਾਕ, ਹਵਾ ਪਾਣੀ, ਵਾਤਾਵਰਣ ਬਦਲਣ ਕਰਕੇ ਮਰੋੜ ਆਦਿ ਲੱਗਣ ਦੀ ਸ਼ਿਕਾਇਤ ਵੀ ਹੋ ਗਈ ਤਾਂ ਸਿਵਲ ਸਰਜਨ ਐਚ. ਗ੍ਰਿਫਿਥਸ ਨੂੰ ਆਪ ਇਲਾਜ ਕਰਕੇ, ਅਰੋਗ ਕਰਕੇ, ਸਰਕਾਰ ਨੂੰ ਰਿਪੋਰਟ ਭੇਜਣੀ ਪਈ। ਸੁਖ ਆਰਾਮ, ਸੈਰ ਸਪਾਟਾ ਵੀ ਉਸਦੀ ਸਲਾਹ ਨਾਲ ਹੀ ਕਰਵਾਇਆ ਜਾਂਦਾ।

ਸਰੀਰਕ ਰੂਪ ਵਿੱਚ ਭਾਵੇਂ ਸਤਿਗੁਰੂ ਜੀ ਕੈਦ ਭੁਗਤ ਰਹੇ ਸਨ। ਪਰ ਮਾਨਸਕ ਤੌਰ ਉੱਤੇ ਉਹ ਸੋਚ ਉਡਾਰੀ ਰਾਹੀਂ ਆਪਣੇ ਘਰ, ਪਰਵਾਰ, ਪੰਥ ਦੇਸ਼ ਅਤੇ ਕੌਮ ਨਾਲ ਹੀ ਜੁੜੇ ਰਹੇ। ਆਪ ਦਾ ਅਤੇ ਨਾਨੂੰ ਸਿੰਘ ਦਾ ਜੀਅ ਕੀਤਾ ਕਿ ਆਪ ਘਰ ਚਿੱਠੀ ਲਿਖ ਕੇ ਸੁਖਸਾਂਦ ਪੁਛਣ ਅਤੇ ਆਪਣਾ ਹਾਲ ਚਾਲ ਦੱਸਣ। ਉਨ੍ਹਾਂ ਨੇ 24 ਜੂਨ 1872 ਈ. ਮੁਤਾਬਕ ਹਾੜ ਵਦੀ ਚੌਥ ਸੰਮਤ 1929 ਬਿਕਰਮੀ ਨੂੰ ਗੁਪਾਲ ਸਿੰਘ ਅਤੇ ਆਪਣੇ ਛੋਟੇ ਵੀਰ ਬੁਧ ਸਿੰਘ (ਗੁਰੂ ਹਰੀ ਸਿੰਘ) ਨੂੰ ਇੱਕ ਚਿੱਠੀ ਲਿਖੀ। ਇਸ ਚਿੱਠੀ ਦਾ ਅੰਗਰੇਜ਼ੀ ਅਨੁਵਾਦ ਨਾਹਰ ਸਿੰਘ ਐਮ. ਏ. ਨੇ ਸਰਕਾਰੀ ਦਸਤਾਵੇਜ਼ਾਂ ਦੀ ਤੀਜੀ ਪੋਥੀ ਵਿੱਚ ਦਿਤਾ ਹੈ। ਜਿਸ ਦਾ ਖੁਲ੍ਹਾ ਪੰਜਾਬੀ ਉਲਥਾ ਹੇਠ ਲਿਖਿਆ ਹੈ:

ਲਿਖਤੁਮ ਰਾਮ ਸਿੰਘ ਨਾਨੂੰ ਸਿੰਘ ਅਗੇ ਭਾਈ ਗੋਪਾਲ ਸਿੰਘ ਅਤੇ ਬੁਧ ਸਿੰਘ ਜੀ। ਸਮੂਹ ਖਾਲਸੇ ਕੋ ਵਾਹਿਗੁਰੂ ਜੀ ਦੀ ਫਤਹ ਬੁਲਾਉਣੀ ਅਤੇ ਬੀਬੀ ਨੰਦਾਂ ਕੋ ਰਾਮ ਸੱਤ।

ਸਰੀਰਕ ਤੌਰ ਉੱਤੇ ਮੈਂ ਠੀਕ ਠਾਕ ਹਾਂ। ਸਰਕਾਰ ਸਾਨੂੰ ਅੰਨ ਤੇ ਕਪੜੇ ਦੇਂਦੀ ਹੈ। ਪਰ ਬਿਰਹੋਂ ਦੀ ਅੱਗ ਮੈਨੂੰ ਬੜਾ ਸਾੜਦੀ ਹੈ। ਸਾਨੂੰ ਕਲਕਤਿਓਂ ਸਾਢੇ ਚਾਰ ਦਿਨ ਯਾਤਰਾ ਕਰਨੀ ਪਈ। ਨਗਰ ਨੂੰ ਰੰਗੂਨ ਕਹਿੰਦੇ ਹਨ। ਇਹ ਬੰਦਰ ਗਾਹ ਹੈ। ਮੈਨੂੰ ਲਿਖੋ ਵੱਡੇ ਬਾਬਾ ਜੀ (ਬਾਬਾ ਜਸਾ ਸਿੰਘ) ਦਾ ਕੀ ਹਾਲ ਹੈ। ਕੀ ਗੁਜਰ ਤਾਂ ਨਹੀਂ ਗਏ? ਸਾਨੂੰ ਇਕੋ ਗੁਰੂ ਤੇ ਭਰੋਸਾ ਹੈ। ਜਿਸ ਨੇ ਸਾਡੀ ਅੱਜ ਵਾਲੀ ਬਦਕਿਸਮਤੀ ਭਾਗਾਂ ਵਿੱਚ ਲਿਖੀ ਹੈ, ਸਾਨੂੰ ਸਾਰਾ ਕੁਝ ਆਪਣੇ ਆਪ ਦੱਸੋ। ਇਹ ਵੀ ਦੱਸੋ ਕਿ ਸਰਕਾਰ ਨੇ ਸਾਰੀ ਜਾਇਦਾਦ, ਜਿਸ ਨੂੰ ਉਸ ਨੇ ਜ਼ਬਤ ਕਰ ਲਿਆ ਸੀ ਵਾਪਸ ਦੇ ਦਿੱਤੀ ਹੈ ਜਾਂ ਉਸ ਦਾ ਕੁਝ ਹਿੱਸਾ ਰੱਖਿਆ ਹੈ?

ਕੀ ਰਾਇਪੁਰ ਤੇ ਸਢੌਰੇ ਦੇ ਲੋਕਾਂ ਅਤੇ ਕਾਹਨ ਸਿੰਘ ਵਿਚੋਂ ਕਿਸੇ ਨੂੰ ਰਿਹਾ ਕਰ ਦਿੱਤਾ ਹੈ? ਅਤੇ ਉਹ ਕਿਥੇ ਹਨ?

ਤੁਹਾਨੂੰ ਦੋਹਾਂ (ਗੁਪਾਲ ਸਿੰਘ ਤੇ ਬੁਧ ਸ਼ਿੰਘ) ਨੂੰ ਮਿਤਰਤਾ ਪੂਰਬਕ ਰਹਿਣਾ ਚਾਹੀਦਾ ਹੈ। ਨਾਸ਼ਵਾਨ ਆਤਮਾਵਾਂ ਦਾ ਮਿਲਣਾ ਤੇ ਵਿਛੜਨਾ ਤਾਂ ਕਰਮਾਂ ਦੇ ਵੱਸ ਹੈ।

ਜਿਹੜੀਆਂ ਵੀ ਮਝਾਂ, ਬਲਦ ਜਾਂ ਗਾਵਾਂ ਤੁਹਾਨੂੰ ਦਾਨ ਦੇ ਰੂਪ ਵਿੱਚ ਮਿਲਣ ਉਨ੍ਹਾਂ ਨੂੰ ਗੁਰੂ ਦੇ ਨਾਂ ਤੇ ਲਾ ਦੇਣਾ ਉਨ੍ਹਾਂ ਨੂੰ ਨਾ ਰੱਖਣਾ। ਨੰਦਾਂ ਨੂੰ ਸੁਖੀ ਰੱਖਣਾ।

ਆਪਣੀ ਚਿਠੀ ਮੈਨੂੰ ਇਸ ਤਰ੍ਹਾਂ ਲਿਖਣਾ—

ਸੇਵਾ ਵਿਖੇ

ਰਾਮ ਸਿੰਘ ਰੰਗੂਨ,
ਜੇਲ੍ਹ ਦਫਤਰ
ਮਾਰਫਤ ਸੁਪਰਇੰਨਟੈਂਡੈਂਟ।

ਪਤਾ ਗੁਰਮੁਖੀ ਅਤੇ ਅੰਗਰੇਜ਼ੀ ਦੋਹਾਂ ਵਿੱਚ ਲਿਖਣਾ।

ਨਾਨੂੰ ਸਿੰਘ ਦੇ ਪਰਵਾਰ ਬਾਰੇ ਵੀ ਲਿਖਣਾ। ਆਪਣੀ ਚਿਠੀ ਨਾਲ ਰੁੜਕੀ ਤੋਂ ਨਾਨੂੰ ਸਿੰਘ ਦੇ ਚਾਚੇ ਦੇ ਹਥਾਂ ਦੀ ਲਿਖੀ ਚਿੱਠੀ ਵੀ ਭੇਜਣੀ। ਉਸ ਵਿੱਚ ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਵੀ ਲਿਖਣਾ। ਸਤਿਗੁਰੂ ਬਾਬਤ ਵੀ ਲਿਖਣਾ ਕਿ ਹਜ਼ੂਰੋ ਸਭ ਠੀਕ ਠਾਕ ਹੈ ਜਾਂ ਨਹੀਂ। ਸਭ ਕੁਝ ਬਾਰੇ ਪੂਰੀ ਤਰ੍ਹਾਂ ਲਿਖਣਾ।

ਮੇਰੇ ਭਲੇ ਲਈ ਗ੍ਰੰਥ ਸਾਹਿਬ ਦੇ ਪਾਠ ਕਰੋ। ਮੇਰੇ ਫਾਇਦੇ ਲਈ ਦਾਨ ਕਰੋ, ਅਕਾਲ ਪੁਰਖ ਅੱਗੇ ਅਰਦਾਸ ਕਰੋ।

ਭੋਲੀ ਨੂੰ ਦੱਸ ਦੇਣਾ ਕਿ ਚੰਦੋ ਕੋਲੋਂ ਉਸ ਦੇ ਰੁਪਏ ਵਾਪਸ ਮਿਲਣ ਦੀ ਕੋਈ ਆਸ ਨਹੀਂ। ਉਹ ਸਮਝ ਲਵੇ ਕਿ ਉਸ ਨੇ ਆਪਣੇ ਭਲੇ ਲਈ ਚੰਦੋ ਨੂੰ ਪੈਸੇ ਪੁੰਨਦਾਨ ਲਈ ਦਿੱਤੇ ਸਨ।

ਬੁਧ ਸਿੰਘ ਅਤੇ ਨੰਦਾਂ ਮੇਰੇ ਵਾਲੇ ਕਮਰੇ ਵਿੱਚ ਰਹਿਣ, ਜਿਹੜਾ ਕਦੀ ਖਾਲੀ ਨਾ ਛੱਡਿਆ ਜਾਵੇ।

ਸਭ ਅਕਾਲ ਪੁਰਖ ਦੇ ਹੁਕਮ ਵਿੱਚ ਹੋਇਆ ਹੈ।

ਚਿੱਠੀ ਦਾ ਜੁਆਬ ਜ਼ਰੂਰ ਦੇਣਾ। ਨਾਨੂੰ ਸਿੰਘ ਦੇ ਪਰਵਾਰ ਦਾ ਹਾਲ ਲਿਖਣਾ ਨਾ ਭੁਲਣਾ।

ਹਾੜ ਵਦੀ ਚੌਥ ਸੰਮਤ 1929 ਬਿਕਰਮੀ।

ਉੱਤੇ ਦਿਤੀ ਚਿੱਠੀ ਮੁਹਰਬੰਦ ਕਰਕੇ, ਬ੍ਰਿਟਿਸ਼ ਬ੍ਰਹਮਾ ਦੇ ਚੀਫ ਕਮਿਸ਼ਨਰ ਦੇ ਸਕੱਤਰ ਨੇ, ਭਾਰਤ ਸਰਕਾਰ ਦੇ ਵਿਦੇਸ਼ ਵਿਭਾਗ ਦੇ ਸਕੱਤਰ, ਸੀ. ਯੂ.

ਐਚੀਮਨ ਨੂੰ, 15 ਜੁਲਾਈ 1872 ਈ. ਨੂੰ ਭੇਜੀ ਤਾਂਕਿ ਸਰਕਾਰ ਇਸ ਚਿਠੀ ਨੂੰ ਵੇਖ ਪਰਖ ਕੇ ਨਿਰਨਾ ਦੇਵੇ ਕਿ ਇਹ ਭੈਣੀ ਸਾਹਿਬ ਪਹੁੰਚਾਈ ਜਾਵੇ ਜਾਂ ਨਾ। ਭਾਰਤ ਸਰਕਾਰ ਦੇ ਅੰਡਰ ਸੈਕਟਰੀ ਨੇ, 29 ਅਗਸਤ 1872 ਈ. ਨੂੰ, ਇਹ ਚਿੱਠੀ ਭੈਣੀ ਸਾਹਿਬ ਪਹੁੰਚਾਉਣ ਬਾਰੇ, ਪੰਜਾਬ ਸਰਕਾਰ ਦੇ ਸੈਕਟਰੀ ਨੂੰ ਪੁੱਛਿਆ। 4 ਸਿਤੰਬਰ 1872 ਈ. ਨੂੰ ਪੰਜਾਬ ਸਰਕਾਰ ਵਲੋਂ ਲੈਫਟੀਨੈਂਟ ਗਵਰਨਰ ਦੇ ਹੁਕਮ ਅਨੁਸਾਰ ਇਹ ਜੁਆਬ ਗਿਆ ਕਿ ਉਸ ਨੂੰ ਮੁਹਰਬੰਦ ਚਿੱਠੀ ਮੰਜ਼ਲ ਤਕ ਪਹੁੰਚਾਉਣ ਉੱਤੇ ਬਹੁਤ ਇਤਰਾਜ਼ ਸੀ। ਜੇ ਚਿੱਠੀ ਮੁਹਰਬੰਦ ਹੋਣ ਦੀ ਥਾਂ ਖੁਲ੍ਹੀ ਹੁੰਦੀ ਤਾਂ ਵੀ ਕੂਕਿਆਂ ਦੇ ਰਾਹਨੁਮਾ ਅਤੇ ਪੰਜਾਬ ਵਿੱਚ ਵਸਦੇ ਆਗੂਆਂ ਵਿਚਕਾਰ ਪੱਤਰ ਵਿਹਾਰ ਹੋਣਾ ਅਯੋਗ ਸੀ। ਇਹ ਜੁਆਬ ਗਵਰਨਰ ਜਨਰਲ ਵਲੋਂ ਬ੍ਰਹਮਾ ਦੇ ਚੀਫ ਕਮਿਸ਼ਨਰ ਨੂੰ ਵੀ 17 ਸਤੰਬਰ 1872 ਈ. ਨੂੰ ਭੇਜ ਦਿੱਤਾ ਗਿਆ।

ਚਿੱਠੀ ਨੂੰ ਵਾਚਿਆਂ ਪਤਾ ਲਖਦਾ ਹੈ ਕਿ ਇਸ ਵਿੱਚ ਕੁਝ ਵੀ ਉਕਸਾਊ ਜਾਂ ਭੜਕਾਊ ਨਹੀਂ ਸੀ। ਇਹ ਇੱਕ ਸਰਵ ਸਾਧਾਰਨ ਪਰਵਾਰਕ ਤੇ ਭਾਈਚਾਰਕ ਚਿੱਠੀ ਸੀ। ਅੰਗਰੇਜ਼ ਤਾਂ ਗੁਰੂ ਰਾਮ ਸਿੰਘ ਦੇ ਅੱਖਰਾਂ ਤੋਂ ਵੀ ਤ੍ਰਹਿੰਦਾ ਸੀ। ਮਤੇ ਉਹ ਲੋਕਾਂ ਦੀ ਨਜ਼ਰੇ ਚੜ੍ਹ ਕੇ ਕੋਈ ਵਿਸਫੋਟਕ ਸਥਿਤੀ ਨਾ ਪੈਦਾ ਕਰ ਦੇਣ। ਸੋ ਉਸ ਨੇ ਚਿੱਠੀ ਕਿਉਂ ਪਹੁੰਚਾਉਣੀ ਸੀ?

ਉਂਜ ਇਹ ਗੱਲ ਸੱਚ ਵੀ ਸੀ ਕਿ ਜੇ ਸਤਿਗੁਰੂ ਰਾਮ ਸਿੰਘ ਜੀ ਦਾ ਆਪਣੇ ਸ਼ਰਧਾਲੂ ਸਿੱਖਾਂ ਨਾਲ ਪੱਤਰ ਵਿਹਾਰ ਹੋ ਜਾਂਦਾ ਤਾਂ ਕੁਦਰਤੀ ਤੌਰ ਉੱਤੇ ਆਪ ਨੇ ਉਨ੍ਹਾਂ ਨੂੰ ਅਧਿਆਤਮਕ ਸੂਝ ਅਤੇ ਰਾਜਨੀਤਕ ਅਗਵਾਈ ਵੀ ਦੇਂਦੇ ਰਹਿਣਾ ਸੀ। ਬਰਤਾਨਵੀ ਸਰਕਾਰ ਦੇ ਭਾ ਦੀ ਬਣ ਜਾਣੀ ਸੀ। ਕੋਈ ਵੀ ਸਿਆਣਾ ਹਾਕਮ ਖ਼ਤਰਾ ਮੁਲ ਨਹੀਂ ਲੈਣਾ ਚਾਹੁੰਦਾ। ਸੋ ਸਰਕਾਰ ਦੇ ਪੱਖੋਂ ਤਾਂ ਇਹ ਪੱਤਰ ਵਿਹਾਰ ਦੀ ਪਾਬੰਦੀ ਵਾਜ਼ਿਬ ਹੀ ਸੀ।

ਸਤਿਗੁਰੂ ਰਾਮ ਸਿੰਘ ਜੀ ਨੇ ਇੱਕ ਵਾਰ ਸਰਕਾਰ ਕੋਲੋਂ ਇੱਕ ਸੌ ਰੁਪਈਆ ਉਧਾਰਾ ਮੰਗਿਆ। ਜੋ ਮਿਲ ਗਿਆ। ਡੀ. ਸੀ. ਲੁਧਿਆਣਾ ਨੇ ਲੁਧਿਆਣੇ ਪਈ ਗੁਰੂ ਰਾਮ ਸਿੰਘ ਜੀ ਦੀ ਰਕਮ ਵਿਚੋਂ ਪੈਸੇ ਕੱਟ ਕੇ, ਪੈਸੇ ਬ੍ਰਹਮਾ ਸਰਕਾਰ ਨੂੰ ਭੇਜ ਦਿੱਤੇ।

ਸਤਿਗੁਰੂ ਜੀ ਦਰਸ਼ਨ ਭੇਟ, ਤੋਹਫਿਆਂ ਦੇ ਰੂਪ ਵਿੱਚ ਅਤੇ ਖਰੀਦੀਆਂ ਹੋਈਆਂ ਸਾਰੀਆਂ ਚੀਜ਼ਾਂ ਅਤੇ ਪਸ਼ੂ ਡੇਰੇ ਹੀ ਰਖੇ ਸਨ। ਉਸ ਸਭ ਕੁਝ ਦੇ ਮਾਲਕ ਆਪ ਹੀ ਸਨ। ਸੋ ਰੰਗੂਨ ਕੈਦ ਵਿੱਚ ਆਪ ਨੂੰ ਪੁੱਛਿਆ ਗਿਆ ਕਿ ਉਨ੍ਹਾਂ ਦੀ ਗੈਰ ਮੌਜੂਦਗੀ ਵਿੱਚ ਸਾਰੇ ਹੀਰੇ, ਜਵਾਹਾਰਾਤ, ਨਕਦੀ, ਗਹਿਣੇ, ਊਠਾਂ, ਘੋੜਿਆਂ, ਮੱਝਾਂ, ਗਾਵਾਂ, ਬਲਦਾਂ, ਘਰ, ਜ਼ਮੀਨ ਜਾਇਦਾਦ ਦਾ ਮਾਲਕ ਕੌਣ ਹੋਵੇਗਾ, ਆਪ

ਨੇ ਆਪਣੇ ਛੋਟੇ ਵੀਰ ਬੁਧ ਸਿੰਘ (ਜੋ ਬਾਅਦ ਵਿੱਚ ਗੁਰੂ ਹਰੀ ਸਿੰਘ ਦੇ ਨਾਂ ਨਾਲ ਸਤਿਕਾਰੇ ਜਾਂਦੇ ਰਹੇ) ਦਾ ਨਾਂ ਲਿਆ। ਸਰਕਾਰ ਨੇ ਕਾਗਜ਼ੀ ਕਾਰਵਾਈ ਪੂਰੀ ਕੀਤੀ, ਸਤਿਗੁਰਾਂ ਦੇ ਦਸਖ਼ਤ ਕਰਵਾਏ, ਉਗਾਹੀਆਂ ਪਈਆਂ ਅਤੇ ਸਾਰੀ ਮਨਕੂਲਾ ਅਤੇ ਗ਼ੈਰ-ਮਨਕੂਲਾ ਜਾਇਦਾਦ ਉਨ੍ਹਾਂ ਦੇ ਵੀਰ ਦੇ ਨਾਂ ਕਰ ਦਿੱਤੀ। ਇਸ ਸੰਬੰਧੀ ਤਿਆਰ ਕੀਤੇ ਲੋੜੀਂਦੇ ਦਸਤਾਵੇਜ਼ ਉੱਤੇ ੧੬ ਰੁਪਏ ਖਰਚ ਆਇਆ ਜੋ ਖਜ਼ਾਨੇ ਪਈ ਸਤਿਗੁਰਾਂ ਦੀ ਰਕਮ ਵਿਚੋਂ ਲੈ ਲਿਆ ਗਿਆ।

ਉਂਜ ਤਾਂ ਆਪਣਾ ਰਾਜ ਭਾਗ ਬਚਾਉਣ ਲਈ ਬ੍ਰਿਟਿਸ਼ ਗੌਰਮਿੰਟ ਨੇ ਸਤਿਗੁਰਾਂ ਨੂੰ ਨਜ਼ਰ ਬੰਦ ਕੀਤਾ ਹੋਇਆ ਸੀ ਪਰ ਸਰਕਾਰ ਆਪ ਦੀ ਦੇਖ ਭਾਲ ਇਸ ਤਰ੍ਹਾਂ ਕਰਦੀ ਸੀ ਜਿਵੇਂ ਕਿਸੇ ਬਾਦਸ਼ਾਹ ਦੀ ਕੀਤੀ ਜਾਂਦੀ ਸੀ।

ਸਤਿਗੁਰੂ ਰਾਮ ਸਿੰਘ ਅਤੇ ਉਸਨੂੰ ਦਿੱਤੇ ਚਾਰ ਨੌਕਰਾਂ ਉੱਤੇ ਸਰਕਾਰ ਦਾ ਸਭ ਪ੍ਰਕਾਰ ਦਾ ਖਰਚਾ ਉਸ ਸਮੇਂ 98 ਰੁਪਏ 12 ਆਨੇ ਮਹੀਨਾ ਆਉਂਦਾ ਸੀ। ਸਤਿਗੁਰਾਂ ਨੂੰ ਚੌਲ, ਸਬਜ਼ੀ, ਲੂਣ, ਤੇਲ, ਦਾਲ, ਆਟਾ, ਘਿਉ, ਖੰਡ, ਕਾਲੀ ਮਿਰਚ, ਮਿਸ਼ਰੀ ਇਲਾਇਚੀ, ਮਸਾਲਾ, ਬਦਾਮ, ਆਦਿ ਰੋਜ਼ਾਨਾ ਦੇ ਅਹਾਰ ਵਿੱਚ ਦਿੱਤੇ ਜਾਂਦੇ ਸਨ। 1873 ਈ. ਦੇ ਸਾਲ ਵਿੱਚ ਸਤਿਗੁਰੂ ਜੀ ਅਤੇ ਨਾਨੂੰ ਸਿੰਘ ਦੀ ਖੁਰਾਕ ਦਾ ਔਸਤਨ ਖਰਚਾ 31 ਰੁਪਏ 1 ਆਨਾ 4 ਪਾਈ ਪ੍ਰਤੀ ਮਹੀਨਾ ਮਿਥਿਆ ਗਿਆ।

ਸਤਿਗੁਰੂ ਰਾਮ ਸਿੰਘ ਜੀ ਨੂੰ ਕੈਦ ਕੀਤਿਆਂ ਭਾਵੇਂ ਸਰਕਾਰ ਨੂੰ 3 ਕੁ ਸਾਲ ਹੋ ਗਏ ਸਨ ਫਿਰ ਵੀ ਸਰਕਾਰ ਕਿਸੇ ਪੰਜਾਬੀ ਨੂੰ ਆਪ ਨੂੰ ਮਿਲਣ ਦੀ ਇਜਾਜ਼ਤ ਨਹੀਂ ਸੀ ਦੇਂਦੀ ਕਿਉਂਕਿ ਉਸ ਨੂੰ ਡਰ ਸੀ ਕਿ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਜਿਹੜਾ ਵੀ ਅਜ਼ਾਦੀ ਦੀ ਕੋਈ ਚਿਣਗ ਲੈ ਕੇ ਜਾਵੇਗਾ ਉਹ ਭਾਂਬੜ ਬਣ ਕੇ ਮੱਚੇਗੀ ਅਤੇ ਅੰਗਰੇਜ਼ਾਂ ਦਾ ਰਾਜ ਭਾਗ ਸਾੜ ਕੇ ਸੁਆਹ ਕਰ ਦੇਵੇਗੀ। ਇਸ ਡਰ ਕਾਰਨ ਹੀ, 13 ਜਨਵਰੀ 1873 ਈ: ਦੀ ਗੁਰੂ ਹਰੀ ਸਿੰਘ ਦੀ ਸਤਿਗੁਰੂ ਰਾਮ ਸਿੰਘ ਨੂੰ ਮਿਲਣ ਦੀ ਅਰਜ਼ੀ ਰੱਦ ਕਰ ਦਿੱਤੀ ਗਈ। ਅਤੇ ਕਿਸੇ ਕੂਕੇ ਨੂੰ ਸੂਹ ਤਕ ਨਾ ਦਿੱਤੀ ਕਿ ਆਪ ਕਿੱਥੇ ਕੈਦ ਸਨ?

ਸਤਿਗੁਰੂ ਰਾਮ ਸਿੰਘ ਜੀ ਦੇ ਚਰਨਾਂ ਦੇ ਭੌਰੇ ਆਪ ਜੀ ਦਾ ਦਰਸ਼ਨ ਕਰਨ ਲਈ ਤਰਲੋ ਮੱਛੀ ਹੋ ਰਹੇ ਸਨ। 1874 ਈ: ਦੇ ਅਖੀਰ, ਦਰਬਾਰਾ ਸਿੰਘ ਜਹੇਦਾਰ ਰਾਇਪੁਰ ਵਾਸੀ ਪੁਲਿਸ ਸੁਪਰਿੰਟੈਂਡੈਂਟ ਲੁਧਿਆਣਾ ਵਾਰ ਬਰਟਨ ਕੋਲ ਚਲਾ ਗਿਆ। ਦਰਬਾਰਾ ਸਿੰਘ ਦੇ ਸਤਿਗੁਰੂ ਜੀ ਦਾ ਪਤਾ ਦੱਸਣ ਬਾਰੇ ਕੀਤੇ ਤਰਲਿਆਂ ਉੱਤੇ ਪਸੀਜ ਕੇ ਵਾਰ ਬਟਨ ਦੀ ਮੇਮ ਨੇ ਆਪਣੇ ਪਤੀ ਤੋਂ ਚੋਰੀ ਉਸ ਨੂੰ ਪਤਾ ਦੱਸ ਦਿੱਤਾ।

ਦਰਬਾਰਾ ਸਿੰਘ ਨੇ ਸਤਿਗੁਰਾਂ ਦਾ ਦਰਸ਼ਨ ਪਰਸਨ ਲਈ ਕਮਰ ਕੱਸਾ

ਕਰ ਲਿਆ। ਭੇਸ ਵਟਾ ਲਿਆ। ਪਟਿਆਲਾ ਸ਼ਾਹੀ ਦਾੜ੍ਹੀ ਚੜ੍ਹਾ ਲਈ। ਠੋਕਵੀਂ ਪੱਗ ਬੰਨ ਲਈ। ਗਲ ਰੇਸ਼ਮੀ ਕੁੜਤਾ ਅਤੇ ਤੇੜ ਰੇਬ ਪਜਾਮਾ ਪਾ ਲਿਆ ਹੱਥ ਵਿੱਚ ਮੀਆਂ ਵਾਲੀ ਡਾਂਗ ਫੜ ਲਈ। ਅੰਬਾਲਿਓਂ ਗੱਡੀ ਉੱਤੇ ਬੈਠ ਕੇ ਕਲਕੱਤੇ ਪਹੁੰਚਿਆ। ਫਿਰ ਸਮੁੰਦਰੀ ਜਹਾਜ਼ ਵਿੱਚ ਸਵਾਰ ਹੋ ਕੇ ਰੰਗੂਨ ਅੱਪੜ ਗਿਆ ਅਤੇ ਲੱਗਾ ਸਤਿਗੁਰਾਂ ਦੀ ਸੂਹ ਲੈਣ ਅਤੇ ਉਨ੍ਹਾਂ ਦੇ ਟਿਕਾਣੇ ਦੀ ਭਾਲ ਕਰਨ।

ਤੁਰ ਫਿਰ ਕੇ, ਕਈ ਦਿਨ ਖੁਰੀਂ ਘੱਟਾ ਪੁਆ ਕੇ ਸਤਿਗੁਰਾਂ ਵਾਲਾ ਬੰਗਲਾ ਤਾਂ ਉਸ ਨੇ ਲਭ ਲਿਆ। ਪਰ ਸੰਗੀਨ ਪਹਿਰੇ ਵਿੱਚ ਅੰਦਰ ਕਿਵੇਂ ਜਾਵੇ? ਇੱਕ ਰਾਤ ਵੇਲਾ ਤਕ ਕੇ, ਸਤਿਗੁਰੂ ਜੀ ਕੋਲ ਪਹੁੰਚ ਗਿਆ। ਗੁਰੂ ਅਤੇ ਸਿੱਖ ਦੋਵੇਂ ਚਿਰੀ ਵਿਛੁੰਨੇ, ਮਿਲਾਪ ਹੋਣ ਉੱਤੇ ਪੰਘਰ ਗਏ ਪਰ ਕੁਝ ਵੀ ਕਹਿਣ ਤੋਂ ਪਹਿਲਾਂ ਸਤਿਗੁਰੂ ਜੀ ਉਸ ਨੂੰ ਕਮਰੇ ਦੇ ਅੰਦਰ ਲੈ ਗਏ। ਪਹਿਰੇਦਾਰਾਂ ਦੇ ਵੇਖ ਲੈਣ ਦੇ ਡਰ ਤੋਂ ਬੂਹਾ ਬੰਦ ਕਰਕੇ ਉਸ ਨਾਲ ਹੌਲੀ ਹੌਲੀ ਗੱਲਾਂ ਕਰਨ ਲੱਗੇ।

ਸਤਿਗੁਰਾਂ ਨੇ ਗਿਲਾ ਕੀਤਾ ਕਿ ਨਾਮਧਾਰੀਆਂ ਨੇ ਉਨ੍ਹਾਂ ਦਾ ਗੁਆਚੀ ਵੱਛੀ ਜਿੰਨਾ ਵੀ ਮੁੱਲ ਨਹੀਂ ਪਾਇਆ ਤਾਂ ਦਰਬਾਰਾ ਸਿੰਘ ਨੇ ਸਤਿਗੁਰੂ ਜੀ ਦੇ ਆਉਣ ਤੋਂ ਬਾਅਦ ਭੈਣੀ ਸਾਹਿਬ ਅਤੇ ਨਾਮਧਾਰੀਆਂ ਉੱਤੇ ਜੋ ਕਹਿਰ ਦਾ ਪਹਾੜ ਟੁੱਟਾ ਉਸ ਦਾ ਵਰਨਣ ਕੀਤਾ। ਉਸ ਨੇ ਭੈਣੀ ਸਾਹਿਬ ਪੁਲਿਸ ਚੌਕੀ ਬੈਠੇ ਹੋਣ, ਪੰਜ ਸਿੰਘਾਂ ਦੇ ਇਕਠੇ ਹੋਣ ਤੇ ਪਾਬੰਦੀ ਲਗਣ, ਭੈਣੀ ਸਾਹਿਬ ਨੂੰ ਪਾਣੀ ਹਾੜੇ ਤੱਕ ਪੁਟਣ, ਪੰਥਕ ਜ਼ਾਇਦਾਦ ਜ਼ਬਤ ਕਰਨ ਅਤੇ ਨਾਮਧਾਰੀਆਂ ਨੂੰ ਤਸੀਹੇ ਦੇਣ ਦੀ ਵਾਰਤਾ ਸੁਣਾਈ ਤਾਂ ਸਤਿਗੁਰੂ ਜੀ ਵੀ ਪਤੀਜ ਗਏ।

ਦਰਸ਼ਨ ਪਿਆਸ ਬੁਝਾਉਣ ਬਾਅਦ ਦਰਬਾਰਾ ਸਿੰਘ ਵਾਪਸ ਤੁਰਿਆ ਤਾਂ ਸਤਿਗੁਰਾਂ ਉਸ ਨੂੰ ਇੱਕ ਹੁਕਮਨਾਮਾ ਦਿੱਤਾ ਜਿਸ ਵਿੱਚ ਲਿਖਿਆ ਕਿ ਭਾਈ ਬੁਧ ਸਿੰਘ ਅਗੋਂ ਤੋਂ ਸਿੱਖੀ ਦੀ ਸੰਭਾਲ ਕਰੇਗਾ ਅਤੇ ਉਸ ਦਾ ਨਾਂ ਗੁਰੂ ਹਰੀ ਸਿੰਘ ਹੋਏਗਾ। ਸਤਿਗੁਰੂ ਜੀ ਨੇ ਉਹ ਹੁਕਮ ਨਾਮਾ ਪੜ੍ਹ ਕੇ, ਹਾਜ਼ਰ ਸਿੱਖਾਂ ਨੂੰ ਸੁਣਾ ਕੇ, ਪਾੜ ਕੇ, ਸਾੜ ਦੇਣ ਦਾ ਹੁਕਮ ਕੀਤਾ, ਜੋ ਮੰਨਿਆ ਗਿਆ।

ਸਤਿਗੁਰੂ ਜੀ ਦੇ ਅੰਗਰੇਜ਼ ਦੀ ਕੈਦ ਵਿੱਚ ਰੰਗੂਨ ਹੋਣ ਦੀ ਖ਼ਬਰ ਕੂਕਿਆਂ ਵਿੱਚ ਖੁਸ਼ਬੂ ਵਾਂਗ ਫੈਲ ਗਈ। ਨਾਮਧਾਰੀ ਤਾਂ ਆਪ ਨੂੰ ਸਤਿਗੁਰੂ ਸੱਚੇ ਪਾਤਸ਼ਾਹ, ਪੀਰ ਪੈਗੰਬਰ ਅਤੇ ਅਕਾਲ ਪੁਰਖ ਮੰਨਦੇ ਸਨ। ਉਨ੍ਹਾਂ ਦੀ ਆਪ ਨਾਲ ਜਜ਼ਬਾਤੀ ਸਾਂਝ ਸੀ। ਸਤਿਗੁਰੂ ਜੀ ਦੇ ਦਰਸ਼ਨ ਨਾਲ ਹੀ ਉਨ੍ਹਾਂ ਦੇ ਜਨਮਾਂ ਜਨਮਾਂਤਰਾਂ ਦੇ ਪਾਪਾਂ ਦਾ ਨਾਸ ਹੁੰਦਾ ਸੀ, ਦੁਖ ਕੱਟੇ ਜਾਂਦੇ ਸਨ ਅਤੇ ਪਰਮ ਆਨੰਦ ਪ੍ਰਾਪਤ ਹੁੰਦਾ ਸੀ। ਉਨ੍ਹਾਂ ਦੀਦ ਦੇ ਪਿਆਸਿਆਂ ਨੇ ਦਰਸ਼ਨ ਪਰਸਨ ਦਾ ਪ੍ਰੋਗਰਾਮ ਬਣਾਇਆ।

ਇਨ੍ਹਾਂ ਦਰਸ਼ਨ ਅਭਿਲਾਸ਼ੀਆਂ ਵਿਚੋਂ ਹਰਨਾਮ ਸਿੰਘ ਅਤੇ ਉਸਦੀ ਪਤਨੀ ਚੰਦੋ ਵੀ ਸੀ। ਉਨ੍ਹਾਂ ਦੋਹਾਂ ਦੇ ਦਸੰਬਰ 1874 ਈ. ਨੂੰ ਲੈਫਟੀਨੈਂਟ ਗਵਰਨਰ ਪੰਜਾਬ ਨੂੰ ਇੱਕ ਚਿੱਠੀ ਲਿਖ ਕੇ ਸਤਿਗੁਰਾਂ ਦੇ ਦੀਦਾਰੇ ਕਰਨ ਦੀ ਇਜਾਜ਼ਤ ਮੰਗੀ। ਉਸ ਨੂੰ ਜੁਆਬ ਆਇਆ ਕਿ ਉਹ ਰੰਗੂਨ ਜਾ ਕੇ ਦਰਸ਼ਨ ਕਰਨ ਦੀ ਇਜਾਜ਼ਤ ਲੈ ਸਕਦੇ ਸੀ। ਉਨ੍ਹਾਂ ਦੋਹਾਂ ਨੇ ਚਾਈਂ ਚਾਈਂ ਕਮਰਕੱਸੇ ਕਰ ਲਏ। ਉਨ੍ਹਾਂ ਨੇ ਸਤਿਗੁਰਾਂ ਨੂੰ ਮੱਥਾ ਟੇਕਣ ਲਈ 300-ਰੁਪਏ, ਮਣਕਿਆਂ ਦੀ ਇੱਕ ਮਾਲਾ, ਉਨ੍ਹਾਂ ਦੇ ਚਰਨਾਂ ਲਈ ਜੋੜਾ ਅਤੇ ਹੋਰ ਕਈ ਨਿਕ-ਸ਼ੁਕ ਪੱਲੇ ਬੰਨ੍ਹ ਲਿਆ, ਅਤੇ ਮਾਰਚ 1875 ਈ: ਨੂੰ ਆਪਣੇ ਨਗਰ ਫਰੀਦਕੋਟੋਂ ਚਲ ਪਏ। ਗਡੀ ਰਾਹੀਂ ਕਲਕੱਤੇ ਪਹੁੰਚੇ। ਉਥੋਂ ਸਟੀਮਰ ਫੜ ਕੇ 16 ਅਪਰੈਲ 1875 ਈ. ਨੂੰ ਰੰਗੂਨ ਅੱਪੜੇ।

ਰੰਗੂਨ ਜਾ ਕੇ ਦੋਵੇਂ ਜੀਅ ਚੀਫ ਕਮਿਸ਼ਨਰ ਦੇ ਦਫਤਰ ਵਿੱਚ ਮਿਲੇ। ਪੰਜਾਬ ਸਰਕਾਰ ਦੀ ਚਿੱਠੀ ਵਿਖਾ ਕੇ ਸਤਿਗੁਰੂ ਜੀ ਨਾਲ ਮੁਲਾਕਾਤ ਕਰਨ ਦੀ ਇਜਾਜ਼ਤ ਮੰਗੀ। ਅਧਿਕਾਰੀਆਂ ਨੇ ਉਨ੍ਹਾਂ ਦੋਹਾਂ ਨੂੰ ਹਿਰਾਸਤ ਵਿਚ ਲੈ ਲਿਆ। 25 ਅਪਰੈਲ 1875 ਈ: ਨੂੰ, ਇੱਕ ਸਿਪਾਹੀ ਮੁਹੰਮਦ ਸਾਹਿਬ ਦੀ ਨਿਗਰਾਨੀ ਹੇਠ, ਸਟੀਮਰ ਵਿੱਚ ਬਿਠਾ ਕੇ ਵਾਪਸ, ਕਲੱਕਤੇ ਮੋੜ ਦਿੱਤਾ।

ਇਸ ਤਰ੍ਹਾਂ ਸਰਕਾਰ ਨੇ ਉਨ੍ਹਾਂ ਨੂੰ ਇੱਕ ਵਾਰ ਇਜਾਜ਼ਤ ਦੇਣ ਦੀ ਹਾਂ ਕਰ ਕੇ ਅਤੇ ਫਿਰ ਸਾਫ ਇਨਕਾਰ ਕਰਕੇ ਖਜਲ ਖ਼ੁਆਰ ਕੀਤਾ।

ਦੋਹਾਂ ਭੈਣੀ ਸਾਹਿਬ ਆ ਕੇ ਆਪਣੀ ਵਾਰਤਾ ਸੁਣਾਈ ਤਾਂ ਅੱਗੋਂ ਲਈ ਕਿਸੇ ਵੀ ਨਾਮਧਾਰੀ ਦਾ ਇਜਾਜ਼ਤ ਲੈ ਕੇ ਜਾਣ ਦਾ ਰਾਹ ਬੰਦ ਸਮਝਿਆ ਗਿਆ। ਪਰ ਇਸ ਦਾ ਇਹ ਮਤਲਬ ਨਹੀਂ ਕਿ ਨਾਮਧਾਰੀ ਰੰਗੂਨ ਗਏ ਹੀ ਨਹੀਂ। ਉਹ ਭੇਸ ਬਦਲ ਕੇ ਰੰਗੂਨ ਜਾਣ ਲਈ ਮੌਕੇ ਲਭਣ ਲੱਗੇ।

ਫਲੌਰ ਦਾ ਨਾਰਾਇਣ ਸਿੰਘ ਹਿੰਗ ਮਸਾਲੇ ਵੇਚਣ ਵਾਲਾ ਬਣ ਕੇ ਗਿਆ। ਅੰਮ੍ਰਿਤਸਰ ਦਾ ਸੌਦਾ ਸਿੰਘ ਤਿਲਕ ਧਾਰੀ ਮਥਰਾ ਦੇ ਪਾਂਡੇ ਦਾ ਭੇਸ ਧਾਰ ਕੇ ਗਿਆ। ਉਹ ਬ੍ਰਹਮੀ ਲੋਗਾਂ ਦੇ ਟੇਵੇ ਅਤੇ ਜੋਤਸ਼ ਲਾਉਣ ਲੱਗਾ।

ਬਹੁਤੀ ਵਾਰ ਨਾਮਧਾਰੀ ਸਿਖਾਂ ਨੂੰ ਸਤਿਗੁਰੂ ਰਾਮ ਸਿੰਘ ਜੀ ਨਾਲ ਬਚਨ ਬਿਲਾਸ ਕਰਨ ਦਾ ਮੌਕਾ ਨਾ ਮਿਲਦਾ। ਉਹ ਦੂਰੋਂ ਹੀ ਦਰਸ਼ਨ ਕਰਕੇ ਹੀ ਨਿਹਾਲ ਹੋ ਜਾਂਦੇ। ਪਰ ਹੁਣ ਉਨ੍ਹਾਂ ਨੇ ਆਪ ਦੇ ਹੁਕਮਨਾਮਿਆਂ ਨੂੰ ਆਧਾਰ ਬਣਾ ਲਿਆ ਸੀ। ਹੁਕਮ ਨਾਮੇ ਪ੍ਰਾਪਤ ਕਰਨ ਦਾ ਵਸੀਲਾ ਵੀ ਬਣ ਗਿਆ ਸੀ।

ਜਿਸ ਬੰਗਲੇ ਵਿੱਚ ਆਪ ਨੂੰ ਨਜ਼ਰਬੰਦ ਕੀਤਾ ਹੋਇਆ ਸੀ ਉਸ ਦੇ ਲਾਗੇ ਹੀ ਇੱਕ ਵੈਰਾਗੀ ਸਾਧੂ ਦਾ ਡੇਰਾ ਸੀ। ਨਾਮਧਾਰੀ ਉਸ ਵੈਰਾਗੀ ਸਾਧੂ ਨੂੰ ਮਿਲੇ। ਸਤਿਗੁਰੂ ਰਾਮ ਸਿੰਘ ਅਤੇ ਆਪ ਦੇ ਮਿਸ਼ਨ ਬਾਬਤ ਦੱਸਿਆ।

ਅਗਰੇਜ਼ਾਂ ਦੇ ਕੀਤੇ ਗਏ ਜ਼ੁਲਮ ਜ਼ਬਰ ਬਾਰੇ ਵੀ ਦੱਸਿਆ। ਉਹ ਕੂਕਿਆਂ ਦਾ ਹਮਦਰਦ ਬਣ ਗਿਆ।

ਨਾਮਧਾਰੀ, ਸਤਿਗੁਰੂ ਹਰੀ ਸਿੰਘ ਜੀ ਦਾ ਭੈਣੀ ਸਾਹਿਬੋਂ ਆਇਆ, ਸਤਿਗੁਰੂ ਰਾਮ ਸਿੰਘ ਦੇ ਨਾਮ ਪੱਤਰ ਉਸਨੂੰ ਦੇਂਦੇ। ਉਹ ਮੌਕੇ ਦੀ ਤਾੜ ਵਿੱਚ ਰਹਿੰਦਾ, ਜਦੋਂ ਵੀ ਪਹਿਰੇਦਾਰ ਨੂੰ ਅੱਗੇ ਪਿੱਛੇ ਹੋਇਆ ਸਮਝਦਾ ਡਲੇ ਵਿੱਚ ਬੰਨ੍ਹ ਕੇ ਚਿਠੀ ਬੰਗਲੇ ਵਿੱਚ ਸੁੱਟ ਦੇਂਦਾ। ਸਤਿਗੁਰੂ ਰਾਮ ਸਿੰਘ ਜੀ ਉਹ ਪੱਤਰ ਪੜ੍ਹਦੇ, ਵਿਚਾਰਦੇ ਫਿਰ ਇਕਾਂਤ ਸਮੇਂ ਉਹਲੇ ਬੈਠ ਕੇ ਹੁਕਮਨਾਮਾ ਲਿਖਦੇ, ਕਿਸੇ ਵੱਟੇ ਵਿੱਚ ਵਲ੍ਹੇਟ ਕੇ ਵੈਰਾਗੀ ਸਾਧੂ ਦੇ ਡੇਰੇ ਵਿੱਚ ਸੁੱਟ ਦੇਂਦੇ। ਉਥੋਂ ਨਾਮਧਾਰੀ ਸਿੰਘ ਉਸ ਨੂੰ ਭੈਣੀ ਸਾਹਿਬ ਪਹੁੰਚਾ ਦੇਂਦੇ। ਇਨ੍ਹਾਂ ਹੁਕਮਨਾਮਿਆਂ ਵਿੱਚ ਆਪ ਆਪਣਾ ਗੁਪਤ ਨਾਮ, ਦਿਆਲ ਸਿੰਘ, ਲਿਖਦੇ ਦੂਜੇ ਪਾਸੇ ਗੁਰੂ ਹਰੀ ਸਿੰਘ ਦਾ ਨਾਂ ਵੀ ਅੰਗਰੇਜ਼ਾਂ ਦੇ ਰਿਕਾਰਡ ਵਿਚ ਬੁਧ ਸਿੰਘ ਹੀ ਸੀ ਸੋ ਦੋਵੇਂ ਨਾਂ ਹੀ ਸੰਕੇਤਕ ਸਨ ਤਾਂਕਿ ਜੇ ਰਾਹ ਵਿੱਚ ਕਿਤੇ ਹੁਕਮਨਾਮਾ ਨਾਮਧਾਰੀਆਂ ਦੀ ਜਾਮਾ ਤਲਾਸ਼ੀ ਲੈਣ ਕਰਕੇ ਫੜਿਆ ਵੀ ਜਾਵੇ ਤਾਂ ਪਤਾ ਨਾ ਲੱਗ ਸੱਕੇ ਕਿ ਕੌਣ, ਕਿਸ ਨੂੰ ਲਿਖ ਰਿਹਾ ਸੀ।

ਇਕ ਹੁਕਮਨਾਮੇ ਦੀ ਇਬਾਰਤ ਹੇਠ ਦਿੱਤੀ ਜਾ ਰਹੀ ਹੈ:-

੧ੴ ਸਤਿਗੁਰ ਪ੍ਰਸਾਦ।।

ਲਿਖਤੋਮ ਦਿਆਲ ਸਿੰਘ ਜੋਗ ਉਪਮਾ ਭਾਈ ਹਰੀ ਸਿੰਘ ਜੀ ਤੇ ਹੋਰ ਸੰਬੂਹ ਸੰਤ ਖਾਲਸੇ ਜੀ ਕੋ ਸ੍ਰੀ ਵਾਹਿਗੁਰੂ ਜੀ ਦੀ ਫਤੇ ਬੁਲਾਈ ਪ੍ਰਵਾਨ ਕਰਨੀ।

ਹੋਰ ਏਥੇ ਸਾਡੇ ਸੁਖ ਅਨੰਦ ਹੈ ਆਪ ਜੀ ਦੀ ਸੁਖ ਸਤਿਗੁਰੂ ਪਾਸੋਂ ਮੰਗਦੇ ਹਾਂ।

ਇੱਕ ਵਿਛੋੜੇ ਦਾ ਦੁਖ ਹੈ ਹੋਰ ਅਸੀਂ ਬਹੁਤ ਰਾਜੀ ਹਾਂ। ਖਾਣ ਪੈਨਣ ਦਾ ਕੁਝ ਘਾਟਾ ਨਹੀਂ ਜਗਾ ਬੀ ਬੱਡਾ ਸਾਰਾ ਬੰਗੁਲਾ ਹੈ ਏਸ ਮੇਂ ਅਗੇ ਦਿੱਲੀ ਵਾਲਾ ਬਾਦਸ਼ਾਹੁ ਰਹਿੰਦਾ ਸੀ।

ਹੋਰ ਤੇ ਤੁਸਾਂ ਲਿਖਾ ਹੈ ਤੇ ਏਹੁ ਨਹੀਂ ਲਿਖਾ ਲਹਨਾ ਲੋਕਾਂ ਤੇ ਲਿਆ ਹੈ ਕਿ ਨਹੀਂ ਦਿਤਾ। ਅਰ ਮੈਂ ਲਿਖਿਆ ਮਖਣਾ ਕਿਉਂ ਨਿਕਲਾ। ਇਹ ਬੀ ਨਹੀਂ ਲਿਖਾ। ਅਰ ਮਨੀ ਸਿੰਘ ਨੂੰ ਕਾਗਜ਼ ਦੇ ਦੇਣੇ ਸੋ ਭੀ ਨਹੀਂ ਲਿਖਾ, ਦਿਤਾ ਹੈ ਕਿ ਨਹੀਂ।

ਹੋਰ ਲਿਖਾ ਥਾ ਸੁੰਦ੍ਰ ਸਿੰਘ ਦੇ ਭਤੀਜੇ ਨੂੰ ਦੁਸ਼ਾਲਾ ਦੇਣਾ ਸੋ ਭੀ ਨਹੀਂ ਲਿਖਾ, ਦਿਤਾ ਹੈ ਕਿ ਨਹੀਂ। ਕਿਸੇ ਦੇ ਕਹੇ ਕਹਾਇ ਤੂੰ ਕਿਤੇ ਅਤਰੀ ਨੂੰ ਗਲ ਨਾ ਪਾ ਲਈਂ। ਭਜਨ ਬਾਣੀ ਨਹੀਂ ਹੋਊ ਜੇ ਗਲ ਪਾ ਲਈ। ਹੁਣ ਭਜਨ ਬਾਣੀ ਦਾ ਵੇਲਾ ਹੈ।

ਅਰ ਘੋੜਾ ਬੀ ਕੋਈ ਇਕੁ ਅਧਾ ਰੱਖੁ ਹੋਰ ਨਾ ਰੱਖੁ। ਸਮਾ ਅਗੇ ਦੇਖੋ ਕੀ ਜਾਪੇ ਕੀ ਹੁੰਦਾ ਹੈ ਤਾਂ ਘੋੜੇ ਨਹੀਂ ਰਹਿੰਦੇ। ਲੰਡਾ ਉਚਕਾ ਉਠ ਖੜਾ ਹੁੰਦਾ ਹੈ ਥਾਨਾ ਉਤੋ ਖੋਲ੍ਹ ਕੇ ਲੈ ਜਾਂਦੇ ਹਨ।

ਇਕ ਕੰਮ ਇਹ ਬੀ ਕਰੀਂ ਭਾਈ ਇਕ ਤਾਂ ਕਿਸੇ ਨੂੰ ਭਜਨ ਨਾ ਦਸੀਂ। ਇਕ ਕਿਸੇ ਨੂੰ ਜੂਠਾ ਨਾ ਦਈਂ। ਇਕੁ ਗੱਦੀ ਲਾ ਕੇ ਨਾ ਬੈਠੀਂ। ਇਕ ਕਿਸੇ ਤੇ ਲਤਾਂ ਨਾ ਦਬਾਈਂ। ਜੇ ਦਬਵਾਵੇਂ ਤਾਂ ਕਿਸੇ ਜਨਾਨੇ ਤੇ ਨਾ ਦਬਵਾਈਂ। ਏਹ ਬਾਤਾਂ ਮੇਰੀਆਂ ਮੰਨਣੀਆਂ। ਮੇਰੀਆਂ ਚਿਠੀਆਂ ਨੂੰ ਦਸੀਂ ਬੀਹੀਂ ਦਿਨੀ ਦੇਖ ਲਿਆ ਕਰੀਂ।

ਹੋਰ ਭਾਈ ਕੁੜੀ ਨੰਦਾਂ ਦਾ ਬੀ ਆਦਰ ਰਖੀਂ।

ਹੋਰ ਮੇਰੇ ਕੜੇ ਬੀ, ਗਹਿਣੇ ਬੀ ਜਨਾਨਾ ਮਰਦਾਨਾ ਸਭ ਬੇਚ ਕੇ ਹਰਿ ਕੇ ਲੇਖੇ ਲਾ ਦੇ। ਏ ਸਾਡੇ ਨਾਂ ਖਰਾ ਸੌਦਾ ਕਰ ਦੇਈਂ।

ਜਿਸ ਨੇ ਰੁਪਈਏ ਦਿਤੇ ਨਹੀਂ, ਉਸ ਤੋਂ ਲੈ ਲੈਣੇ, ਕਾਗਤ ਦੇਖ ਕੇ। ਮਾਝੇ ਤੋਂ ਲੈ ਲੈਣੇ ਅਗੇ ਮੈਂ ਲਿਖਾ ਹੈ ਜਿਸ ਤੇ ਲੈਣੇ ਹੈ। ਉਹ ਚਿਠੀ ਦੇਖ ਕੇ ਲੈ ਲੈਣੇ।

ਹੋਰ ਤਾਂ ਭੋਗ ਬਹੁਤ ਪਾਏ ਹਨ ਪਰ ਕੋਈ ਭੋਗ ਬੇਬੇ ਦੇ ਨਮਿਤ ਹੀ ਪਾਇਆ ਹੈ ਸੋ ਤੈਂ ਏਹੁ ਬੀ ਕੰਮ ਕਰਨਾ। ਮਾਈ ਦੇ ਨਮਿਤ ਪੰਜ ਭੋਗ ਪਾ ਦੇਣੇ ਕੁਝ ਲੀੜਾ ਕਪੜਾ ਬੀ ਦੇਣਾ। ਸਾਡੀ ਤਿਆਰੀ ਥੀਂ ਵਿਚੇ ਹੀ ਇਹ ਭਾਣਾ ਵਰਤ ਗਿਆ।

ਮੰਗਤੇ ਲੋਕਾਂ ਨੂੰ ਯਥਾ ਸ਼ਕਤਿ ਜੋ ਬਣ ਆਵੈ ਸੋ ਦੇਣਾ। ਇਹੁ ਪ੍ਰਿਥੀ ਤਾਂ ਪ੍ਰਮੇਸ਼ਰ ਦੇ ਰਜਾਉਣ ਦੀ ਹੈ। ਮਨੁਖ ਦੇ ਰਜਾਉਣ ਦੀ ਨਹੀਂ ਹੈ। ਤੂ ਯਥਾ ਸ਼ਕਤ ਵਰਤੀਂ ਜੋ ਪੁਜਿ ਆਵੈ।

ਹੋਰ ਘੁਮੰਡਾ ਤਾਂ ਥਾ ਈ ਬੇਈਮਾਨ ਕਾਨ੍ਹੋ ਬੀ ਹੁਣ ਚੁਗਲੀਆਂ ਕਰਨ ਲਗ ਪਈ ਤਾਂ ਪਈ ਝਖ ਮਾਰੇ। ਜਿਥੇ ਹੋਰ ਲੋਕਾਂ ਨੇ ਖੇਹ ਖਾਧੀ ਹੈ ਇਹ ਬੀ ਪਈ ਬਿਚੇ ਖਾਵੇ, ਮੂੰਹ ਕਾਲਾ ਕਰਾਵੇ।

ਹੋਰ ਮਨੀ ਸਿੰਘ ਨੂੰ ਏਥੇ ਕੁਝ ਪਦਾਰਥ ਦਿਤਾ ਸੀ 160-ਰੁਪਏ ਬਾਬੇ ਜਵਾਹਰ ਸਿੰਘ ਹੁਰਾਂ ਤਿਹਾਂ ਨੇ ਬਾਸਤੇ ਭੋਗਾਂ ਦੇ। ਸੋ ਮਨੀ ਸਿੰਘ ਭੋਗ ਪੁਆਏ ਹੈ ਕਿ ਨਹੀਂ। ਹੋਰ ਮੈਂ ਲਿਖਾ ਸੀ ਜੋ ਸਭ ਨੇ ਬਾਣੀ ਕੰਠ ਕਰਨੀ ਹੋਰ ਤੁਸਾਂ ਕੁਛ ਨਹੀਂ ਲਿਖਾ, ਕੰਠ ਕਰਨ ਲਗੇ ਹੈ ਕਿ ਨਹੀਂ। ਹੋਰ ਤੁਸੀਂ ਹੁਣੇ ਛੇਤੀ ਸਿੰਘ ਨਾ ਭੇਜ ਦਿਓ, ਕੁਛ ਸਰੂਪ ਸਿੰਘ (ਰੂਸ) ਦਾ ਮੇਲ ਦੇਖ ਕੇ ਆਵੇ, ਬਰਸ ਤਾਈ ਇਸ ਆਊ ਜੈਸਾ ਹੋਊ।

ਇਸ ਚਿਠੀ ਵਿੱਚ ਇੱਕ ਪਾਸੇ ਦੁਨਿਆਵੀ ਲੈਣ ਦੇਣ ਦਾ ਜ਼ਿਕਰ ਸੀ।

ਗੁਰੂ ਹਰੀ ਸਿੰਘ ਜੀ ਨੂੰ ਉੱਚਾ ਸੁੱਚਾ ਚਾਲਚਲਣ ਰਖਣ ਲਈ ਆਦੇਸ਼ ਸੀ, ਪੁੰਨਦਾਨ, ਭਜਨ ਬੰਦਗੀ ਪੂਜਾ ਪਾਠ ਕਰਨ ਲਈ ਸੁਮੱਤ ਸੀ, ਸਭ ਕੁਝ ਦੁਨੀਆਂਦਾਰੀ ਅਤੇ ਰੂਹਾਨੀਅਤ ਨਾਲ ਸੰਬੰਧਤ, ਦੂਜੇ ਪਾਸੇ ਸਰੂਪ ਸਿੰਘ ਭਾਵ ਰੂਸ ਦੇ ਪੰਜਾਬ ਆਉਣ ਦਾ ਸੰਕੇਤ ਹੈ, ਰਾਜਨੀਤਕ ਪਖ-ਕਿਉਂਕਿ ਬਾਬਾ ਬਿਸ਼ਨ ਸਿੰਘ ਅਤੇ ਗੁਰਚਰਨ ਸਿੰਘ ਆਦਿ ਕੂਕੇ ਆਗੂ ਰੂਸ ਤੱਕ ਪਹੁੰਚ ਚੁਕੇ ਸਨ। ਉਨ੍ਹਾਂ ਨੇ ਭਾਰਤ ਨੂੰ ਅੰਗ੍ਰੇਜ਼ਾਂ ਦੇ ਪੰਜੇ ਵਿਚੋਂ ਛੁਡਾਉਣ ਲਈ ਜੋੜ ਤੋੜ ਸ਼ੁਰੂ ਕਰ ਦਿੱਤੀ ਸੀ। ਰੂਸ ਨੂੰ ਰਾਜਨੀਤਕ ਉਦੇਸ਼ ਦੀ ਪ੍ਰਾਪਤੀ ਲਈ ਭਰਪੂਰ ਮਦਦ ਕਰਨ ਲਈ ਪ੍ਰੇਰਿਆ ਜਾ ਰਿਹਾ ਸੀ।

ਸਤਿਗੁਰੂ ਰਾਮ ਸਿੰਘ ਜੀ ਦੂਰਦਰਸ਼ੀ ਸਨ। ਆਪ ਧਰਮ ਅਤੇ ਰਾਜਨੀਤੀ ਦੋਹਾਂ ਪੱਖਾਂ ਤੋਂ ਸੁਚੇਤ ਸਨ।

ਭਾਵੇਂ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਨੂੰ ਰੰਗੂਨ ਜਾਣੋ ਮਨ੍ਹਾ ਕੀਤਾ ਪਰ ਦਰਸ ਪਿਆਸੇ ਸਿੱਖਾਂ ਨੂੰ ਚੈਨ ਕਿੱਥੋਂ। ਉਹ ਦੁਖੜੇ ਝਾਗ ਕੇ ਵੀ ਜ਼ਰੂਰ ਰੰਗੂਨ ਅਪੜਦੇ। ਜਾਂਦੇ ਹੋਏ ਸਤਿਗੁਰੂ ਹਰੀ ਸਿੰਘ ਜੀ ਨੂੰ ਮਿਲ ਕੇ ਸਦ ਸੁਨੇਹੇ ਵੀ ਲੈ ਜਾਂਦੇ। ਵਾਪਸ ਆ ਕੇ ਵੀ ਹੁਕਮਨਾਮਾ ਦੇ ਦੇਂਦੇ।

ਸੰਤ ਬਿਸ਼ਨ ਸਿੰਘ ਹਿਸਟੋਰੀਅਨ ਦੀ ਖੋਜ ਦੇ ਸਿੱਟੇ ਅਨੁਸਾਰ ਹੇਠ ਲਿਖੇ 80 ਸਿੰਘ ਸਤਿਗੁਰਾਂ ਦੇ ਦਰਸ਼ਨ ਕਰਨ ਲਈ ਰੰਗੂਨ ਗਏ: 1. ਦਰਬਾਰਾ ਸਿੰਘ ਰਾਇਪੁਰ 2. ਨੈਣਾ ਸਿੰਘ ਮੁਹਾਣਾ 3. ਮੀਹਾਂ ਸਿੰਘ ਸਰਹਾਲੀ 4. ਭਗਵਾਨ ਸਿੰਘ ਅੰਮ੍ਰਿਤਸਰ 5. ਨਾਰਾਇਣ ਸਿੰਘ 6. ਜੀਉਣ ਸਿੰਘ ਸਰਹਾਲੀ 7. ਸੁਬੇਗ ਸਿੰਘ ਸਰਹਾਲੀ 8. ਕਿਰਪਾਲ ਸਿੰਘ ਮਜ਼ਬੀ 9. ਸਰਮੁਖ ਸਿੰਘ ਲਾਖਾ 10. ਹਰਨਾਮ ਸਿੰਘ ਭਾਣਾ 11. ਚੰਦ ਕੌਰ ਭਾਣਾ ਰਿਆਸਤ ਫਰੀਦ ਕੋਟ 12. ਟਹਿਲ ਸਿੰਘ ਸੇਖਵਾਂ 13. ਸੁਬੇਗ ਸਿੰਘ ਮੁਹਾਣਾ 14. ਬਘੇਲ ਸਿੰਘ ਨਾਰਲੀ 15. ਲਾਲ ਸਿੰਘ ਲਤਾਣਾ 16. ਬਿਹਾਰੀ ਸਿੰਘ ਘੁੰਗਰਾਲੀ 17. ਲੁਹਾਰਾ ਸਿੰਘ ਘੁੰਗਰਾਲੀ 18. ਸੁੰਦਰ ਸਿੰਘ ਘੁੰਗਰਾਲੀ 19. ਹਰਨਾਮ ਸਿੰਘ ਨਥਾਣਾ 20. ਸੁੰਦਰ ਸਿੰਘ ਕਲਾਰੀ 21. ਖੁਸ਼ਹਾਲ ਸਿੰਘ ਨਾਰੰਗਵਾਲ 22. ਮਸਤਾਨ ਸਿੰਘ 23. ਹਰੀ ਸਿੰਘ 24. ਸਾਹਿਬ ਸਿੰਘ 25. ਗੋਦਾ ਸਿੰਘ ਅਬਲੂ 26. ਗੁਰਦਿਤ ਸਿੰਘ ਅੰਮ੍ਰਿਤਸਰ 27. ਕਿਰਪਾਲ ਸਿੰਘ ਅੰਮ੍ਰਿਤਸਰ 28. ਸਦਾ ਸਿੰਘ ਅੰਮ੍ਰਿਤਸਰ 29. ਮਿਹਰ ਸਿੰਘ ਉਬਾ ਪਟਿਆਲਾ 30. ਰਤਨ ਸਿੰਘ ਉਬਾ ਪਟਿਆਲਾ 31. ਦਇਆ ਸਿੰਘ ਉਬਾ 32. ਵਸਾਵਾ ਸਿੰਘ ਸੰਤੂ ਨੰਗਲ 33. ਆਲਾ ਸਿੰਘ ਸੰਤੂ ਨੰਗਲ 34. ਮਤਾਬ ਸਿੰਘ ਸੰਤੂ ਨੰਗਰ 35. ਸੁੰਦਰ ਸਿੰਘ ਚੀਮਾ 36. ਭਗਵਾਨ ਸਿੰਘ ਸਕਰੌਦੀ 37. ਮਤਾਬ ਸਿੰਘ ਸੇਖਵਾਂ 38. ਹੀਰਾ ਸਿੰਘ ਮੰਦੌਰ 39. ਰਾਮ ਸਿੰਘ ਲੰਘਿਆ 40. ਮਿਹਰ ਸਿੰਘ ਲੰਘਿਆ 41. ਤਖਤ ਸਿੰਘ ਘੁੰਗਿਆਰੀ 42. ਮਾਨ ਸਿੰਘ ਮੰਦੌਰ

43. ਈਸ਼ਰ ਸਿੰਘ ਮੰਢੌਰ 44. ਨਾਰਾਇਣ ਸਿੰਘ ਫਿਲੌਰ 45. ਉਤਮ ਸਿੰਘ ਖਾੜਮਾੜੀ 46. ਅਤਰ ਸਿੰਘ ਨਾਰਲੀ 47. ਫੂਲਾ ਸਿੰਘ ਨਾਰਲੀ 48. ਗੁਲਾਬ ਸਿੰਘ ਹੋਲਾ ਵਾਲੀ 49. ਹਰਨਾਮ ਸਿੰਘ ਮੋਰੋਂ 50. ਕਾਹਨ ਸਿੰਘ ਬੁਰਜ 51. ਨੱਥਾ ਸਿੰਘ ਗਕੜੀ 52. ਸੋਭਾ ਸਿੰਘ ਖੁਦਖੁਰ 53. ਹੀਰਾ ਸਿੰਘ ਬੜਰੁੱਖਾ ਜ਼ਿਲ੍ਹਾ ਸੰਗਰੂਰ 54. ਧੰਨ ਸਿੰਘ ਗੁਮਟੀ 55. ਪ੍ਰਤਾਪ ਕੌਰ ਗੁਮਟੀ 56. ਲਾਲ ਸਿੰਘ ਗੁਮਟੀ 57. ਸ਼ਾਮ ਸਿੰਘ ਸਰਹਾਲੀ 58. ਨੈਣਾ ਸਿੰਘ ਵਰਿਆਹ 59. ਜੀਵਨ ਸਿੰਘ ਸਰਹਾਲੀ 60. ਆਲਾ ਸਿੰਘ ਉਬੋ 61. ਬਹਾਦਰ ਸਿੰਘ ਉਬੋ 62. ਜਗਤ ਸਿੰਘ ਨਾਰਲੀ 63. ਕਾਹਨ ਸਿੰਘ ਠੱਟਾ 64. ਸਮੁੰਦਰ ਸਿੰਘ ਖੋਟੇ 65. ਸ਼ਰਮ ਸਿੰਘ ਲਾਲੂਆਣਾ 66. ਨਾਰਾਇਣ ਸਿੰਘ ਰੋੜੇ 67. ਮਨੀ ਸਿੰਘ ਮਈਸਰ ਖਾਨਾ 68. ਗੁਰਦਿਤ ਸਿੰਘ ਭਸੌੜ 69. ਅਰੂੜ ਸਿੰਘ ਅੰਮ੍ਰਿਤਸਰ 70. ਬਾਬਾ ਵਸਾਖਾ ਸਿੰਘ ਭੋਮਾ ਵਡਾਲਾ 71. ਭਗਵਾਨ ਸਿੰਘ ਅੜਬੰਗੀ 72. ਹਰਨਾਮ ਸਿੰਘ ਮੰਡੀ 73. ਕਾਕਾ ਸਿੰਘ ਫਤੇ ਵਾਲਾ 74. ਮੂਲਾ ਸਿੰਘ ਫਤੇ ਵਾਲਾ 75. ਮਸਤਾਨ ਸਿੰਘ ਰਾਈਆਂ 76. ਕਾਹਨ ਸਿੰਘ ਚੁੰਨੀ 77. ਬਾਬਾ ਜੋਧ ਸਿੰਘ ਚੁੰਨੀ 78. ਰਾਮ ਸਿੰਘ ਚੁੰਨੀ 79. ਸ਼ੇਰ ਸਿੰਘ ਚੁੰਨੀ 80. ਨਾਰਾਇਣ ਸਿੰਘ ਚੁੰਨੀ।

ਇਸ ਫਹਿਰਿਸਤ ਤੋਂ ਬੜਾ ਸਪਸ਼ਟ ਹੈ ਕਿ ਇੱਕ ਇੱਕ ਪਿੰਡ ਦੇ ਕਈ ਕਈ ਨਾਮਧਾਰੀ, ਖਾਰੇ ਸਮੁੰਦਰ ਨੂੰ ਲੰਘ ਕੇ ਆਪਣੇ ਗੁਰੂ ਨੂੰ ਮਿਲਣ ਗਏ। ਇਹ ਸਾਰਾ ਸਫਰ ਗੁਰੂ ਰਾਮ ਸਿੰਘ ਦੇ ਸ਼ਰਧਾਲੂ ਮੁਸੀਬਤਾਂ ਝਾਗ ਦੇ ਭੇਸ ਬਦਲ ਕੇ, ਸਰਕਾਰ ਦੇ ਅਖੀਂ ਘਟਾ ਪਾ ਕੇ ਹੀ ਪੂਰਾ ਕਰਦੇ ਰਹੇ।

ਕਈ ਵਾਰ ਸਰਕਾਰੀ ਅਧਿਕਾਰੀਆਂ ਨੂੰ ਜੇ ਕਿੱਸੇ ਉੱਤੇ ਸ਼ੱਕ ਵੀ ਹੋ ਗਿਆ ਤਾਂ ਸੰਦੇਹ ਜਨਕ ਅਵਸਥਾ ਵਿੱਚ ਕੂਕਾ ਸਮਝ ਕੇ ਉਸ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਉਸ ਦੀ ਤਲਾਸ਼ੀ ਲਿਆਂ ਜੇ ਉਸ ਕੋਲੋਂ ਸਤਿਗੁਰਾਂ ਦੀ ਚਿਠੀ ਨਿਕਲੀ ਤਾਂ ਅਫਸਰਾਂ ਨੇ ਪੱਕਾ ਭਰੋਸਾ ਕਰ ਲਿਆ ਕਿ ਗੁਰੂ ਰਾਮ ਸਿੰਘ ਜੀ ਦਾ ਪੰਜਾਬ ਨਾਲ ਤਾਲ ਮੇਲ ਕਾਇਮ ਸੀ। ਇਸ ਤਰ੍ਹਾਂ ਦੇ ਕੁਝ ਕੇਸ ਪੰਜਾਬ ਦੇ ਲੈਫਟੀਨੈਂਟ ਗਵਰਨਰ ਸਾਹਮਣੇ ਆਏ ਤਾਂ ਉਹ ਬਹੁਤ ਚਿੰਤਾਤੁਰ ਹੋਇਆ। ਪਰ ਕਈ ਸਿੱਖਾਂ ਨੂੰ ਹਾਕਮਾਂ ਨੇ ਸਮੁੰਦਰ ਵਿੱਚ ਡੋਬ੍ਹ ਕੇ ਮਾਰ ਦਿੱਤਾ।

12 ਨਵੰਬਰ 1877 ਈ: ਨੂੰ ਕਾਰਜਕਾਰੀ ਸਕਤਰ ਪੰਜਾਬ ਨੇ ਗ੍ਰਹਿ ਵਿਭਾਗ, ਭਾਰਤ ਸਰਕਾਰ ਦੇ ਸਕੱਤਰ ਨੂੰ ਲਿਖਿਆ ਕਿ ਰੰਗੂਨ ਵਿੱਚ ਰਾਜਸੀ ਕੈਦੀ, ਗੁਰੂ ਰਾਮ ਸਿੰਘ ਐਨਾ 'ਬਦਨਾਮ' ਸੀ ਕਿ ਉਨ੍ਹਾਂ ਦੇ ਰੋਕਣ ਦੇ ਬਾਵਜੂਦ ਅਤੇ ਸਰਕਾਰੀ ਹੁਕਮ ਦੇ ਬਾਵਜੂਦ ਆਮ ਤੌਰ ਉੱਤੇ ਪੰਜਾਬ ਨਾਲ ਪੱਤਰ ਵਿਹਾਰ ਰੱਖਦਾ ਸੀ। ਉਸ ਦੀਆਂ ਕੁਝ ਚਿੱਠੀਆਂ ਗੁਪਤ ਰੂਪ ਵਿੱਚ ਗਵਰਨਰ ਜਨਰਲ ਕੋਲ ਵੀ ਪਹੁੰਚ ਗਈਆਂ ਸਨ। ਉਸ ਦਾ ਅਸਰ ਇਹ ਹੋਇਆ ਕਿ

ਬਹੁਤ ਸਾਰੇ ਸਿੱਖਾਂ ਵਲੋਂ ਗੁਰੂ ਰਾਮ ਸਿੰਘ ਜੀ ਨੂੰ ਛੁਡਾਉਣ ਬਾਰੇ ਸਰਕਾਰੇ ਦਰਬਾਰੇ ਦਰਖ਼ਾਸਤਾਂ ਦਿੱਤੀਆਂ ਗਈਆਂ। ਕੂਕਿਆਂ ਵਿੱਚ ਫਿਰ ਜਾਣ ਪਈ ਲਗਦੀ ਸੀ। ਜਿਸ ਕਰਕੇ ਲੈਫਟੀਨੈਂਟ ਗਵਰਨਰ ਨੇ ਸਲਾਹ ਦਿੱਤੀ ਸੀ ਕਿ ਗੁਰੂ ਰਾਮ ਸਿੰਘ ਨੂੰ ਅਦਨ ਵਰਗੀ ਕਿਸੇ ਹੋਰ ਥਾਂ ਉਤੇ ਭੇਜਿਆ ਜਾਵੇ ਜਿਥੇ ਨਿਗਰਾਨੀ ਹੋਰ ਵੱਧ ਰੱਖੀ ਜਾ ਸਕੇ।

ਉਂਜ ਸਰਕਾਰ ਨੇ ਰੰਗੂਨ ਵੀ ਨਿਗਰਾਨੀ ਵਲੋਂ ਪੱਕਾ ਪਰਬੰਧ ਕੀਤਾ ਹੋਇਆ ਸੀ। ਸਤਿਗੁਰਾਂ ਵਾਲੇ ਬੰਗਲੇ ਦੇ ਦੁਆਲੇ 8,1/2 ਫੁਟ ਉੱਚਾ ਜੰਗਲਾ ਸੀ। ਚਾਰ ਚੁਫੇਰੇ ਡੂੰਘੀ ਖਾਈ ਸੀ। ਦੋ ਸਿਪਾਹੀ ਦਿਨ ਰਾਤ ਪਹਿਰੇ ਉੱਤੇ ਰਹਿੰਦੇ ਸਨ। ਫਿਰ ਵੀ ਬੰਗਲੇ ਦੀ ਕੁਰਸੀ ਬਹੁਤ ਉਚੀ ਹੋਣ ਕਰ ਕੇ ਜਦੋਂ ਸਤਿਗੁਰੂ ਜੀ ਬਰਾਂਡੇ ਵਿੱਚ ਹੁੰਦੇ ਤਾਂ ਰੰਗੂਨ ਪੁੱਜੇ ਸਿੱਖਾਂ ਨੂੰ ਸੌਖਿਆਂ ਹੀ ਆਪ ਦੇ ਦਰਸ਼ਨ ਹੋ ਜਾਂਦੇ। ਕਈ ਵਾਰ ਸਿਪਾਹੀ ਵੀ ਰਹਿਮ ਦਿਲ ਹੋਣ ਕਰਕੇ ਕੂਕਿਆਂ ਨੂੰ ਤੰਗ ਕਰਨ ਜਾਂ ਸਤਿਗੁਰਾਂ ਨੂੰ ਬਾਹਰ ਬੈਠਣੋ ਵਰਜਨ ਦੀ ਲੋੜ ਘਟ ਹੀ ਮਹਿਸੂਸ ਕਰਦੇ।

ਚੀਫ਼ ਕਮਿਸ਼ਨਰ ਦਾ ਇੱਕ ਹੋਰ ਵਿਚਾਰ ਸੀ ਕਿ ਚਾਰ ਚੁਫੇਰੇ ਦਾ ਜੰਗਲਾ ਹੋਰ ਉੱਚਾ ਕੀਤਾ ਜਾਵੇ। ਦੂਜਾ ਵਿਚਾਰ ਇਹ ਵੀ ਸੀ ਕਿ ਆਪ ਨੂੰ ਵਾਪਸ ਸੈਂਟਰਲ ਜੇਲ੍ਹ ਹੀ ਭੇਜ ਦਿੱਤਾ ਜਾਵੇ ਜਾਂ ਤਵਾਇ ਜਾਂ ਮਰਗੋਈ ਭੇਜ ਦਿੱਤਾ ਜਾਵੇ ਤਾਂਕਿ ਗੁਰੂ ਰਾਮ ਸਿੰਘ ਅਤੇ ਪੰਜਾਬ ਦੇ ਤਾਲ ਮੇਲ ਅਤੇ ਸੰਚਾਰ ਦਾ ਸਿਲਸਲਾ ਟੁਟ ਜਾਵੇ।

ਸਤਿਗੁਰੂ ਰਾਮ ਸਿੰਘ ਜੀ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਰਾਇ ਚੀਫ ਕਮਿਸ਼ਨਰ ਨੇ 28 ਦਸੰਬਰ 1877 ਈਃ ਚਿਠੀ ਵਿੱਚ, ਭਾਰਤ ਸਰਕਾਰ ਨੂੰ ਕਲਕੱਤੇ ਭੇਜੀ। ਕੌਂਸਲ ਦੇ ਗਵਰਨਰ ਜਨਰਲ ਨੇ ਆਪ ਨੂੰ ਤਵਾਇ ਜਾਂ ਮਰਗੋਈ ਭੇਜਣ ਦੀ ਮਨਜ਼ੂਰੀ ਦੇ ਦਿੱਤੀ।

ਹਿੰਦੁਸਤਾਨ ਵਿੱਚ ਬਗ਼ਾਵਤ ਦਾ ਤੌਖਲਾ ਖਤਮ ਕਰਨ ਲਈ, ਸਤਿਗੁਰਾਂ ਦਾ ਪੰਜਾਬ ਨਾਲੋਂ ਸੰਬੰਧ ਤੋੜਨ ਲਈ, ਆਪ ਨੂੰ ਮਰਗੋਈ ਜਾਂ ਤਵਾਇ ਭੇਜਣ ਲਈ ਲੋੜੀਂਦਾ ਪ੍ਰਬੰਧ ਕਰਨ ਲਈ ਮੌਲਮੀਨ ਦੇ ਕਮਿਸ਼ਨਰ ਨੂੰ ਲਿਖਿਆ ਗਿਆ। ਉਸ ਨੇ ਤਵਾਇ ਦੇ ਡੀ. ਸੀ., ਕਰਨਲ ਸਲਿੰਬਰੀ ਅਤੇ ਮਰਗੋਈ ਦੇ ਡੀ. ਸੀ. ਕਰਨਲ ਮੰਟੋ ਨਾਲ ਸਲਾਹ ਮਸ਼ਵਰਾ ਕਰ ਕੇ ਆਪ ਨੂੰ ਮਰਗੋਈ ਦੀ ਜੇਲ੍ਹ ਵਿੱਚ ਰਖਣ ਦਾ ਨਿਰਨਾ ਕੀਤਾ।

ਮਰਗੋਈ ਜੇਲ੍ਹ ਦੇ ਇੱਕ ਪਾਸੇ ਬਾਗਵਾਲੀ ਥਾਂ ਆਪ ਲਈ ਰਿਹਾਇਸ਼ ਦਾ ਪ੍ਰਬੰਧ ਕੀਤਾ ਗਿਆ। ਉਚੇਚਾ 30' ਲੰਮੀ 10' ਚੌੜੀ ਥਾਂ ਛਤੀ ਗਈ, ਜਿਸ ਵਿੱਚ ਇੱਕ ਕਮਰਾ, ਬਰਾਂਡਾ, ਰਸੋਈ, ਪਖਾਨਾ ਗੁਸਲਖਾਨਾ ਆਦਿ ਅਤੇ ਦੁਆਲੇ ਉੱਚਾ

ਜੰਗਲਾ ਬਣਾਏ ਗਏ। ਇਸ ਉੱਤੇ ਉਸ ਸਮੇਂ ਦੀ ਸਰਕਾਰ ਦੇ 3783 ਰੁਪਏ ਖਰਚ ਆਏ।

ਸਤਿਗੁਰਾਂ ਦੀ ਨਿਗਰਾਨੀ ਲਈ 7 ਸਿਪਾਹੀ ਤਾਇਨਾਤ ਕੀਤੇ ਗਏ ਉਨ੍ਹਾਂ ਦਾ ਸਲਾਨਾ ਖਰਚ ਉਸ ਸਮੇਂ 1052 ਰੁਪਏ ਸੀ।

ਮਰਗੋਈ ਵਿੱਚ ਸਤਿਗੁਰਾਂ ਨੂੰ ਰੱਖਣ ਦੀ ਤਿਆਰੀ 31 ਅਕਤੂਬਰ 1878 ਈ: ਤਕ ਮੁਕੰਮਲ ਹੋ ਗਈ। ਪਰ ਫਿਰ ਚੀਫ਼ ਕਮਿਸ਼ਨਰ ਨੂੰ ਸ਼ਕ ਹੋ ਗਿਆ ਕਿ ਮਰਗੋਈ ਦੀ ਸਰਕਾਰ ਆਪ ਨੂੰ ਆਪ ਦੇ ਪੈਰੋਕਾਰਾਂ ਨਾਲੋ ਨਹੀਂ ਤੋੜ ਸਕੇਗੀ। ਸੋ ਉਸ ਦਾ ਵਿਚਾਰ ਬਣਿਆਂ ਕਿ ਆਪ ਨੂੰ ਜਾਂ ਤਾਂ ਰੰਗੂਨ ਹੀ ਰਖਿਆ ਜਾਵੇ, ਉਥੇ ਪੁਲਿਸ ਦੀ ਥਾਂ ਫੌਜੀ ਨਿਗਰਾਨੀ ਰਖੀ ਜਾਵੇ ਕਿਉਂਕਿ ਫੌਜੀਆਂ ਦੀ ਛੇਤੀ ਛੇਤੀ ਤਬਦੀਲੀ ਹੋਣ ਕਰ ਕੇ ਭਰਸ਼ਟਾਚਾਰ ਦੀ ਸੰਭਾਵਨਾ ਬੜੀ ਘੱਟ ਸੀ। ਉਸ ਦਾ ਦੂਜਾ ਵਿਚਾਰ ਸੀ ਕਿ ਆਪ ਨੂੰ ਨਿਕੋਬਾਰ ਦੀਪ ਸਮੂਹ ਵਿੱਚ ਕਾਰਮੋਤਰਾ ਭੇਜਿਆ ਜਾਵੇ। ਤੀਸਰਾ ਵਿਚਾਰ ਇਹ ਵੀ ਸੀ ਕਿ ਕਿਸੇ ਉਚੇਚੀ ਥਾਂ ਰੱਖਣ ਦੀ ਥਾਂ ਤੇ ਆਪ ਨੂੰ ਜੇਲ੍ਹ ਵਿੱਚ ਹੀ ਰਖਿਆ ਜਾਵੇ।

ਇਨ੍ਹਾਂ ਤਿੰਨਾਂ ਥਾਵਾਂ ਵਿਚੋਂ ਕੋਈ ਥਾਂ ਪਰਵਾਨ ਕਰਨ ਬਾਰੇ ਪੰਜਾਬ ਦਾ ਪ੍ਰਤੀਕਰਮ ਪੁਛਿਆ ਗਿਆ ਅਤੇ ਫਿਰ ਗਵਰਨਰ ਜਨਰਲ ਕੋਲੋਂ ਵੀ ਸਲਾਹ ਲਈ ਗਈ। ਇਸ ਸੰਬੰਧੀ ਪੱਤਰ ਵਿਹਾਰ ਪੌਣੇ ਦੋ ਸਾਲ ਚਲਿਆ ਅਤੇ ਨਿਰਨਾ ਹੋਇਆ ਕਿ ਹਾਲ ਦੀ ਘੜੀ ਮਰਗੋਈ ਵਾਲੀ ਥਾਂ ਹੀ ਉਚਿਤ ਸੀ। ਜੇ ਏਥੇ ਵੀ ਸਤਿਗੁਰੂ ਰਾਮ ਸਿੰਘ ਜੀ ਨੂੰ ਉਤਰੀ ਭਾਰਤ ਨਾਲ ਸੰਬੰਧ ਕਾਇਮ ਰੱਖਣੋ ਨਾ ਰੋਕਿਆ ਜਾ ਸੱਕਿਆ ਤਾਂ ਦੁਬਾਰਾ ਵਿਚਾਰ ਕੀਤੀ ਜਾ ਸਕੇਗੀ।

18 ਸਤੰਬਰ 1880 ਈ. ਨੂੰ ਆਪ ਨੂੰ ਆਨੰਦ ਨਾਂ ਦੇ ਜਹਾਜ਼ ਵਿੱਚ ਬਿਠਾਇਆ ਗਿਆ। ਆਪ ਨਾਲ ਆਪ ਦਾ ਨਿਜੀ ਸੇਵਕ ਨਾਨੂੰ ਸਿੰਘ ਵੀ ਸੀ। 21 ਸਤੰਬਰ 1880 ਈ. ਨੂੰ ਆਪ ਮਰਗੋਈ ਜੇਲ੍ਹ ਵਿੱਚ ਪਹੁੰਚਾਏ ਗਏ। ਬੰਦੀਖਾਨੇ ਦੇ ਅਧਿਕਾਰੀ ਨੂੰ ਗਵਰਨਰ ਜਨਰਲ ਦੇ ਹੁਕਮ ਨਾਲ, ਵਰੰਟ ਵੀ 27 ਅਕਤੂਬਰ 1880 ਈ: ਨੂੰ ਪਹੁੰਚਾ ਦਿੱਤੇ ਗਏ।

ਸਰਕਾਰ ਨੇ ਸਤਿਗੁਰੂ ਜੀ ਨੂੰ ਮਰਗੋਈ ਭੇਜਣ ਦਾ ਉਹਲਾ ਰਖਿਆ। ਕਿਸੈ ਛੋਟੇ ਅਫਸਰ ਨੂੰ ਵੀ ਪੱਤਾ ਨਹੀਂ ਸੀ ਕਿ ਆਪ ਨੂੰ ਕਿਸ ਕੈਦਖ਼ਾਨੇ ਵਿੱਚ ਰੱਖਿਆ ਗਿਆ ਸੀ। ਪਰ ਖੋਜ ਕਾਢ ਦੀ ਮਾਂ ਹੈ। ਕੂਕਿਆਂ ਨੂੰ ਤਾਂ ਆਪਣੇ ਰਹਿਬਰ ਨਾ ਜੁੜੇ ਰਹਿਣ ਦੀ ਲੋੜ ਸੀ। ਉਨ੍ਹਾਂ ਸੂਹ ਕਢ ਹੀ ਲਈ। ਉਹੀ ਮੇਲ ਜੋਲ ਦਾ ਸਿਲ-ਸਿਲਾ ਚੱਲ ਪਿਆ। ਜਿਹੜੇ ਹੁਕਮ ਨਾਮੇਂ ਰੰਗੂਨ ਦੇ ਬੰਗਲੇ ਵਿੱਚੋਂ ਜਾਰੀ ਹੁੰਦੇ ਸਨ ਹੁਣ ਮਰਗੋਈ ਦੇ ਕੈਦਖ਼ਾਨੇ ਵਿਚੋਂ ਜਾਣ ਲੱਗੇ। ਕੂਕੇ ਭੇਸ ਬਦਲ ਕੇ, ਤਕਲੀਫਾਂ ਸਹਿ ਕੇ, ਸਰਕਾਰ ਦੇ ਅਖੀਂ ਘਟਾ ਪਾ ਕੇ ਮਰਗੋਈ ਵੀ ਪਹੁੰਚ

ਜਾਂਦੇ।

ਦੂਜੇ ਪਾਸੇ ਸਰਕਾਰ ਵੀ ਹੁਣ ਪਹਿਲਾਂ ਨਾਲੋਂ ਜਿਆਦਾ ਚੁਸਤ ਅਤੇ ਚੇਤੰਨ ਸੀ। ਉਹ ਵੀ ਪਰਛਾਵੇਂ ਵਾਂਗ ਕੂਕਿਆਂ ਦੀਆਂ ਕਾਰਵਾਈਆਂ ਦੀ ਗੁਪਤ ਨਿਗਰਾਨੀ ਰਖਦੀ ਸੀ। ਦਬੇ ਪੈਰੀਂ ਪਿੱਛਾ ਕਰਦੇ ਠੀਕ ਸਮੇਂ ਉਤੇ ਝਪਟ ਪੈਂਦੀ ਸੀ। 1880 ਈ. ਵਿੱਚ ਹੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲ ਕੇ ਆਉਂਦੇ, ਧੰਨ ਸਿੰਘ ਗੁਮਟੀ ਵਾਲੇ ਨੂੰ ਹਿਰਾਸਤ ਵਿੱਚ ਲੈ ਲਿਆ। ਉਸਦੀ ਜਾਮਾ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ ਸਤਿਗੁਰਾਂ ਦੇ ਦੋ ਪੱਤਰ ਨਿਕਲੇ।

1881 ਈ. ਵਿੱਚ ਮੀਹਾਂ ਸਿੰਘ ਜੀ ਸਰਹਾਲੀ ਵਾਲੇ ਅਤੇ ਸਮੁੰਦ ਸਿੰਘ ਨੂੰ ਸਤਿਗੁਰਾਂ ਦੇ ਦਰਸ਼ਨ ਕਰਕੇ ਮੁੜ ਰਿਹਾਂ ਨੂੰ ਅਧਿਕਾਰੀਆਂ ਨੇ ਕਾਬੂ ਕਰ ਲਿਆ ਅਤੇ ਮੌਲਮੀਨ ਜੇਲ੍ਹ ਭੇਜ ਦਿੱਤਾ। ਉਨ੍ਹਾਂ ਨੂੰ ਬਾਮੁਸ਼ਕਤ ਕੈਦ ਦੀ ਸੱਜ਼ਾ ਮਿਲੀ।

17 ਮਾਰਚ 1881 ਈ. ਨੂੰ, ਸੁਖੂ ਨੰਬਰਦਾਰ ਨੇ ਪੁਲਿਸ ਸੁਪਰਇੰਟੈਂਡੈਂਟ ਜੇ. ਪੀ. ਬਾਰਬਟਨ ਨੂੰ ਚੁਗਲੀ ਲਾਈ ਕਿ ਲਲਤੋਂ ਦੇ ਚਕ ਵਿੱਚ 150 ਕੂਕੇ ਇੱਕਠੇ ਹੋਏ ਸਨ ਅਤੇ ਸਰਕਾਰ ਦੇ ਖਿਲਾਫ ਗੋਂਦਾਂ ਗੁੰਦ ਰਹੇ ਹਨ। ਉਸ ਨੇ ਡਿਪਟੀ ਇਨਸਪੈਕਟਰ ਸਰਫਰਾਜ਼ ਖਾਂ ਨੂੰ ਤਹਿਕੀਕਾਤ ਲਈ ਭੇਜਿਆ। ਪੁਲਿਸ ਨੇ 39 ਕੂਕੇ ਫੜ ਲਏ। ਇਨ੍ਹਾਂ ਵਿੱਚ ਅਤਰੀ ਵੀ ਸੀ। ਜਿਸ ਦੀ ਪੋਥੀ ਵਿਚੋਂ, ਤਲਾਸ਼ੀ ਲੈਣ ਉੱਤੇ ਗੁਰੂ ਰਾਮ ਸਿੰਘ ਜੀ ਦੇ ਦੋ ਪੱਤਰ ਮਿਲੇ ਜਿਹੜੇ 1880 ਈ: ਵਿੱਚ ਭਗਵਾਨ ਸਿੰਘ ਅਤੇ ਸੁੰਦਰ ਸਿੰਘ ਲੈ ਕੇ ਆਏ ਸਨ।

ਵਾਰਬਟਨ ਦੀ ਰਿਪੋਰਟ ਅਨੁਸਾਰ ਉਨ੍ਹਾਂ ਚਿੱਠੀਆਂ ਵਿੱਚ ਅਫਗਾਨਿਸਤਾਨ ਦੇ ਯੁਧ ਦੀ, ਉੱਥੇ ਰੂਸ ਆਉਣ ਦੀ, ਅਫਗਾਨ ਫ਼ੌਜ ਦੀ ਅੰਗਰੇਜ਼ਾਂ ਖਿਲਾਫ਼ ਮਦਦ ਕਰਨ ਦੀ, ਉਸ ਦੇ ਜਿਤ ਜਾਂ ਹਾਰ ਦੀ, ਗੱਡੀ ਪਿਸ਼ਾਵਰ ਤੱਕ ਪਹੁੰਚਣ ਦੀ, ਸਰਹੰਦ ਨਹਿਰ ਵਿੱਚ ਪਾਣੀ ਆਉਣ ਦੀ ਅਤੇ ਹੋਰ ਪਰਵਾਰਕ ਅਤੇ ਪੰਥਕ ਗਲਾਂ ਦੀ ਪੁਛ-ਪੜਤਾਲ ਕੀਤੀ ਗਈ।

ਇਹ ਗੱਲ ਵੀ ਸਪਸ਼ਟ ਹੀ ਹੈ ਕਿ ਪੰਜਾਬ ਦੇ ਨਾਲ ਨਾਲ ਦੁਨੀਆਂ ਦੇ ਬਦਲਦੇ ਹਾਲਾਤ ਨਾਲ ਆਪ ਦੀ ਪੂਰੀ ਸਾਂਝ ਸੀ। ਆਪ ਉਨ੍ਹਾਂ ਹਾਲਾਤ ਦਾ ਫਾਇਦਾ ਉਠਾ ਕੇ ਵੀ ਦੇਸ਼ ਦੀ ਸੁਤੰਤਰਤਾ ਦੀ ਲੋੜ ਪੂਰੀ ਕਰਨਾ ਚਾਹੁੰਦੇ ਸਨ।

ਅਤਰੀ ਕੋਲੋਂ ਪ੍ਰਾਪਤ ਕੀਤੀਆਂ ਚਿੱਠੀਆਂ ਬਾਰੇ ਡਬਲਿਊ. ਐਮ. ਯੰਗ ਸਕਤਰ ਪੰਜਾਬ, ਨੇ ਭਾਰਤ ਸਰਕਾਰ ਦੇ ਗ੍ਰਹਿ ਸਕਤਰ ਨੂੰ ਲਿਖਿਆ।

"ਸਤਿਕਾਰ ਯੋਗ ਲੈਫਟੀਨੈਂਟ ਗਵਰਨਰ, ਭਾਰਤ ਸਰਕਾਰ ਦਾ ਧਿਆਨ ਇਨ੍ਹਾਂ ਚਿਠੀਆਂ ਦੀ ਖ਼ਾਸੀਅਤ ਵਲ ਦੁਆਉਣਾ ਚਾਹੁੰਦੇ ਹਨ। ਉਹ ਇਹ ਸਿੱਟਾ ਕਢਣਾ ਚਾਹੁੰਦੇ ਹਨ ਕਿ (ਗੁਰੂ) ਰਾਮ ਸਿੰਘ ਉਤੇ ਮਰਗੋਈ ਵਿੱਚ ਪਹਿਰਾ ਸਖ਼ਤ ਨਹੀਂ ਹੈ"- 4 ਅਪਰੈਲ 1881।

ਸਰਕਾਰ ਫਿਰ ਸੋਚੀਂ ਪੈ ਗਈ ਕਿ ਆਪ ਨੂੰ ਕਿੱਥੇ ਰਖਿਆ ਜਾਵੇ? ਇਕ ਵਿਚਾਰ ਇਹ ਸੀ ਕਿ ਆਪ ਨੂੰ ਟੇਬਲ ਲੈਂਡ ਟਾਪੂ ਵਿੱਚ ਭੇਜ ਦਿੱਤਾ ਜਾਵੇ। ਪਰ ਜਦ ਲਾਰਡ ਰਿਪਨ, ਵਾਇਸਰਾਇ ਨੇ, ਥੋਮਸਨ ਨੂੰ ਇਸ ਬਾਰੇ ਪੁਛਣ ਲਈ ਫਾਈਲ ਭੇਜੀ ਤਾਂ 3 ਜੂਨ 1881 ਨੂੰ ਅਗੋਂ ਜੁਆਬ ਆਇਆ ਕਿ

"ਜਿਸ ਸ਼ਿਦਤ ਅਤੇ ਹਠ ਧਰਮੀ ਨਾਲ ਗੁਰੂ ਰਾਮ ਸਿੰਘ ਦੇ ਪੈਰੋਕਾਰ ਉਸ ਨੂੰ ਲਭ ਲੈਂਦੇ ਹਨ ਅਤੇ ਉਨ੍ਹਾਂ ਦੇ ਪਰਬੰਧ ਦੇ ਤਰੀਕੇ ਇਹ ਪ੍ਰਗਟ ਕਰਦੇ ਹਨ ਕਿ ਆਪ ਨੂੰ, ਪੰਜਾਬ ਦੇ, ਆਪ ਦੇ ਮੁਰੀਦਾਂ ਨਾਲੋਂ ਟੇਬਲ ਲੈਂਡ ਵਿੱਚ ਵੀ ਆਪ ਦਾ ਪੱਤਰ ਵਿਹਾਰ ਬੰਦ ਕਰਾਉਣਾ ਔਖਾ ਹੀ ਹੈ। ਉਥੇ ਉਹ ਇਸ ਮੁਖ ਧਰਤੀ ਦੀ ਥਾਂ ਜਿਆਦਾ ਅਜ਼ਾਦ ਹੋਣਗੇ।"

ਉਸ ਨੇ ਡਰ ਪ੍ਰਗਟ ਕੀਤਾ ਕਿ ਕੂਕੇ ਸੁਨੇਹੇ ਲਿਆਉਣ ਅਤੇ ਲੈ ਜਾਣ ਲਈ ਆਪਣਾ ਸਮੁੰਦਰੀ ਜਹਾਜ਼ ਵੀ ਖਰੀਦ ਸਕਦੇ ਸਨ। ਸੋ ਸਭ ਕੁਝ ਬਾਰੇ ਸੋਚ ਵਿਚਾਰ ਪਿਛੋਂ ਸਤਿਗੁਰਾਂ ਨੂੰ ਮਰਗੋਈ ਰੱਖਣ ਦਾ ਹੀ ਨਿਹਨਾ ਹੋਇਆ।

ਨੈਣਾਂ ਸਿੰਘ ਜੱਦ ਆਪ ਨੂੰ ਮਰਗੋਈ ਮਿਲ ਕੇ ਗਿਆ ਤਾਂ ਉਸ ਸਤਿਗੁਰਾਂ ਕੋਲੋਂ ਪ੍ਰਾਪਤ ਕੀਤੇ ਹੁਕਮ ਨਾਮੇ ਦੀਆਂ ਨਕਲਾਂ ਕਰਵਾ ਲਈਆਂ ਅਤੇ ਨਾਮਧਾਰੀ ਸਿੱਖਾਂ ਵਿੱਚ ਵੰਡ ਦਿੱਤੀਆਂ। ਪੰਜਾਬ ਸਰਕਾਰ ਨੂੰ ਫਿਰ ਤੌਖਲਾ ਹੋਇਆ। ਉਸ ਮਰਗੋਈ ਦੇ ਅਧਿਕਾਰੀਆਂ ਨੂੰ ਲਿਖਿਆ। ਉਨਾਂ ਸਤਿਗੁਰੂ ਜੀ ਨੂੰ ਪੰਜਾਬ ਨਾਲ ਸਾਂਝ ਖ਼ਤਮ ਕਰਨ ਲਈ ਕਿਹਾ ਅਤੇ ਨਾਲ ਹੀ ਧਮਕੀ ਦਿੱਤੀ ਕਿ ਨਹੀਂ ਤਾਂ ਆਪ ਨੂੰ ਹੋਰ ਕਿਤੇ ਦੂਰ ਦਰਾਜ਼ ਲੈ ਜਾਣਗੇ। ਆਪ ਨੇ ਨਿਰਭੈ ਹੋ ਕੇ ਜੁਆਬ ਦਿੱਤਾ ਕਿ ਉਹ ਆਪ ਨੂੰ ਜਿਥੇ ਮਰਜ਼ੀ ਲੈ ਜਾਣ ਆਪ ਦੀ ਬਾਲੀ ਅਜ਼ਾਦੀ ਦੀ ਅੱਗ ਬੁਝਣ ਨਹੀਂ ਲੱਗੀ। ਆਪ ਨੂੰ ਮਿਲਣ ਦੇ ਚਾਹਵਾਨ ਦਿਵਾਨੇ ਆਪ ਨੂੰ ਲੱਭ ਹੀ ਲੈਣਗੇ।

ਹਾਕਮਾਂ ਨੇ ਪੰਜਾਬ ਤੋਂ ਮਰਗੋਈ ਤਕ ਦੇ ਰਾਹ ਉੱਤੇ ਸਖ਼ਤੀਆਂ ਵਧਾ ਦਿੱਤੀਆਂ। ਸਿੱਖ ਭਾਵੇਂ ਕਿਸੇ ਵੀ ਭੇਸ ਵਿਚ ਹੁੰਦਾ ਨਾਂ ਮਾਤਰ ਸ਼ਕ ਹੋਣ ਦੀ ਹਾਲਤ ਵਿੱਚ ਵੀ ਉਸ ਦੀ ਤਲਾਸ਼ੀ ਲਈ ਜਾਂਦੀ।

ਬੰਦੀ ਜੀਵਨ ਸਮੇਂ ਆਪ ਜੀ ਦੀ ਸਿਹਤ ਬਿਲਕੁਲ ਠੀਕ ਠਾਕ ਰਹੀ। ਆਪ ਨੂੰ ਕੋਈ ਗ਼ਮ ਨਹੀਂ ਸੀ। ਪੰਜਾਬ ਨਾਲ ਤਾਲਮੇਲ ਕਾਇਮ ਹੋਣ ਕਰਕੇ ਤਾਂ ਆਪ ਹੋਰ ਵੀ ਚੜ੍ਹਦੀ ਕਲਾ ਵਿੱਚ ਰਹਿੰਦੇ। ਖਾਲੀ ਸਮੇਂ ਚਿੰਤਨ ਕਰਦੇ।

ਜੇਲ੍ਹ ਦੇ ਡਾਕਟਰ ਨੂੰ ਸਮੇਂ ਸਮੇਂ ਆਪ ਦੀ ਸਿਹਤ ਦੀ ਰੀਪੋਰਟ ਭੇਜਣੀ ਪੈਂਦੀ ਸੀ। 11 ਅਗਸਤ 1884 ਈ. ਨੂੰ ਵੀ ਉਸ ਨੇ ਆਪ ਦੀ ਸਿਹਤ ਪਹਿਲਾਂ ਨਾਲੋਂ ਵੀ ਚੰਗੀ ਲਿਖੀ।

ਸਤਿਗੁਰੂ ਰਾਮ ਸਿੰਘ ਜੀ ਨੇ ਪੰਜਾਬ ਨਾਲ ਆਪਣੇ ਸੰਬੰਧ ਕਾਇਮ ਰਖਕੇ ਵਿਖਾ ਦਿੱਤਾ ਕਿ ਸਾਰੀ ਫ਼ੌਜੀ, ਗ਼ੈਰ ਫ਼ੌਜੀ ਅਤੇ ਝੋਲੀ ਚੁੱਕਾਂ ਦੀ ਤਾਕਤ ਹੋਣ ਦੇ ਬਾਵਜੂਦ ਸਰਕਾਰ ਦਾ ਉਨ੍ਹਾਂ ਉੱਤੇ ਅਧਿਕਾਰ ਨਹੀਂ। ਉਹ ਬੰਦੀ ਖਾਨੇ ਵਿੱਚ ਰਹਿ ਕੇ ਵੀ ਅਜ਼ਾਦ ਸਨ।

ਇੱਕ ਦਿਨ ਸਤਿਗੁਰੂ ਜੀ ਨੇ ਸਰਕਾਰ ਨੂੰ ਚਕਮਾ ਦੇਣ ਬਾਰੇ ਸੋਚ ਲਿਆ। ਉਹ ਆਪਣੀ ਗਿਣੀ ਮਿਥੀ ਚਾਲ ਅਨੁਸਾਰ ਰੂਪੋਸ਼ ਹੋ ਗਏ। ਜਦ ਪਹਿਰੇਦਾਰ ਨੇ ਰਿਪੋਰਟ ਕੀਤੀ ਤਾਂ ਜੇਲ੍ਹ ਅਧਿਕਾਰੀਆਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਇਹ ਤਾਂ ਉਸ ਸਰਕਾਰ ਦੀ ਹੇਠੀ ਸੀ ਜਿਸਦੇ ਰਾਜ ਵਿੱਚ ਸੂਰਜ ਨਹੀਂ ਸੀ ਡੁੱਬਦਾ, ਜਿਹੜੀ ਬੜੀ ਚਤੁਰ ਸੁਜਾਨ ਸੀ। ਕੁਝ ਦਿਨ ਜੰਗੀ ਪਧਰ ਉੱਤੇ ਆਪ ਜੀ ਦੀ ਭਾਲ ਹੁੰਦੀ ਰਹੀ। ਅੰਤ ਆਪਣੇ ਆਪ ਨੂੰ ਨਮੋਸ਼ੀ ਤੋਂ ਬਚਾਉਣ ਲਈ ਐਲਾਨ ਕਰ ਦਿੱਤਾ ਗਿਆ ਕਿ ਆਪ 29 ਨਵੰਬਰ 1885 ਈ. ਨੂੰ ਮਰਗੋਈ ਜੇਲ੍ਹ ਵਿੱਚ ਚਲਾਣਾ ਕਰ ਗਏ ਸਨ।

ਨਾਮਧਾਰੀ ਵਿਸਵਾਸ਼ ਵੀ ਇਹ ਹੈ ਕਿ ਸਤਿਗੁਰੂ ਰਾਮ ਸਿੰਘ ਜੀ 29 ਨਵੰਬਰ 1885 ਈ. ਨੂੰ ਜੋਤੀ ਜੋਤ ਨਹੀਂ ਸਮਾਏ ਸਗੋਂ ਆਪ ਜੇਲ੍ਹ ਅਧਿਕਾਰੀਆਂ ਦੇ ਅਖੀਂ ਘੱਟਾ ਪਾ ਕੇ ਗੁਪਤਵਾਸ ਵਿੱਚ ਚੱਲੇ ਗਏ ਸਨ। ਉਹ ਆਪਣੀ ਰਜ਼ਾ ਅਨੁਸਾਰ ਵਿਚਰ ਰਹੇ ਸਨ ਤੇ ਕਦੀ ਵੀ ਦੇਸ ਪਰਤ ਸਕਦੇ ਸਨ। ਇਹ ਵਿਸ਼ਵਾਸ ਅੱਜ ਵੀ ਕਾਇਮ ਹੈ।

ਆਪ ਜੀ ਦੇ ਸ਼ਰਧਾਲੂ ਤਾਂ ਜਿਸ ਦਿਨ ਤੋਂ ਅੰਗਰੇਜ ਹਾਕਮ ਆਪ ਜੀ ਨੂੰ ਪਰਦੇਸ਼ ਲੈ ਗਏ ਸਨ, ਨਿੱਤ ਨਵੇਂ ਸੂਰਜ, ਆਪ ਜੀ ਦੀ ਉਡੀਕ, ਪੰਜ ਭੂਤਕ ਸਰੀਰ ਵਿਚ ਹੀ, ਬੜੀ ਬਿਹਬਲਤਾ ਨਾਲ ਕਰਦੇ ਆ ਰਹੇ ਹਨ। ਸਰਕਾਰੀ ਰਿਕਾਰਡ 29 ਨਵੰਬਰ 1885 ਤੱਕ ਆਪ ਜੀ ਨੂੰ ਬੰਦੀ ਜੀਵਨ ਵਿਚ, ਮਰਗੋਈ ਵਿਚ ਰਖਦਾ ਹੈ। ਉਸ ਤੋਂ ਬਾਅਦ ਉਸ ਵਿਚ ਵੀ ਸੱਚ-ਝੂਠ ਦਾ ਰਲਾ ਲੁਕਿਆ ਨਹੀਂ ਰਹਿੰਦਾ!

ਸਿਵਲ ਸਰਜਨ ਮਰਗੋਈ ਦੀ ਰਿਪੋਰਟ ਅਨੁਸਾਰ ਆਪ 29 ਨਵੰਬਰ 1885 ਨੂੰ ਸ਼ਾਮੀਂ 4.30 ਵਜੇ, ਜ਼ਿਆਦਾ ਦਸਤ ਆਉਣ ਕਾਰਨ, ਕਮਜ਼ੋਰੀ ਕਰਕੇ ਅਤੇ ਬਿਰਧ ਅਵਸਥਾ ਹੋਣ ਕਾਰਨ, ਪ੍ਰਲੋਕ ਸਿਧਾਰ ਗਏ।

ਜੇਲ੍ਹ ਰਿਪੋਰਟ 1885 ਉਤਲੀ ਗੱਲ ਦੀ ਪੁਸ਼ਟੀ ਨਹੀਂ ਕਰਦੀ। ਇਹ ਰਿਪੋਰਟ ਇੱਕ ਸਟੇਟਮੈਂਟ ਹੈ, ਜਿਸ ਦਾ ਨੰਬਰ 16 ਹੈ। ਇਸ ਵਿਚ ਬ੍ਰਿਟਿਸ਼ ਬਰਮਾ ਦੀਆਂ ਮੁੱਖ ਅਤੇ ਸਹਾਇਕ ਜੇਲ੍ਹਾਂ ਵਿਚ, 1885 ਵਿਚ, ਦਾਖ਼ਲ ਹੋਏ ਅਤੇ ਮੁੱਖ ਘਾਤਕ ਰੋਗ ਨਾਲ ਚਲਾਣਾ ਕਰ ਗਏ, ਕੈਦੀਆਂ ਦੀ ਗਿਣਤੀ ਸੰਬੰਧਤ ਖਾਨਿਆਂ ਵਿਚ ਦਿੱਤੀ ਹੋਈ ਹੈ। ਪਰ ਇਸ ਰਿਪੋਰਟ ਵਿਚ ਮਰਗੋਈ ਜੇਲ੍ਹ ਵਿਚ ਜੰਗਲ ਜਾਂ ਦਸਤ ਆਦਿ ਦੇ ਕਿਸੇ ਇੱਕ ਵੀ ਰੋਗੀ ਦੀ ਗਿਣਤੀ ਨਹੀਂ ਦੱਸੀ ਗਈ। ਭਾਵ ਨਾ ਹੀ ਕੋਈ

ਉਕਤ ਰੋਗ ਦਾ ਬਿਮਾਰ 1885 ਵਿਚ ਮਰਗੋਈ ਵਿਚ ਦਾਖ਼ਲ ਹੋਇਆ ਅਤੇ ਨਾ ਹੀ ਕੋਈ ਉਸ ਰੋਗ ਨਾਲ ਪੂਰਾ ਹੋਇਆ। ਫਿਰ ਸਿਵਲ ਸਰਜਨ ਨੇ ਕਿਉਂ 1885 ਵਿਚ ਆਪ ਦੇ ਅਕਾਲ ਚਲਾਣੇ ਦੀ ਖ਼ਬਰ ਦਿੱਤੀ – ਇਹ ਸੱਚਮੁਚ ਹੀ ਇਕ ਗੁੰਝਲ ਹੈ।

ਸਰ ਚਾਰਲਸ ਬਰਨਾਰਡ, ਚੀਫ ਕਮਿਸ਼ਨਰ ਬਰਮਾ ਦੀ 23 ਅਗਸਤ 1886 ਦੀ ਸ: ਅਤਰ ਸਿੰਘ ਭਦੌੜ ਨੂੰ ਲਿਖੀ ਚਿਠੀ ਵਿਚ ਦਰਜ ਹੈ, "ਰਾਮ ਸਿੰਘ ਕੂਕੇ ਨੂੰ ਹੋਰ ਜ਼ਿਆਦਾ ਦੂਰ ਥਾਂ ਉਤੇ ਤਬਦੀਲ ਕੀਤਾ ਜਾ ਰਿਹਾ ਹੈ, ਜਿਥੇ ਉਸ ਨਾਲ ਸੰਚਾਰ ਕਾਇਮ ਰੱਖਣਾ ਘੱਟ ਸੌਖਾ ਹੋਵੇਗਾ।"

ਸੋ ਉਤੇ ਦਿਤਾ ਗਿਆ ਵੇਰਵਾ ਇਹ ਹੀ ਸਾਬਤ ਕਰਦਾ ਹੈ ਕਿ ਸਤਿਗੁਰੂ ਰਾਮ ਸਿੰਘ ਦੇ ਅਕਾਲ ਚਲਾਣੇ ਦੀ ਸਿਵਲ ਸਰਜਨ ਦੀ ਰਿਪੋਰਟ ਅਰਥ-ਹੀਣ ਸੀ। ਆਪ ਉਸਤੋਂ ਬਾਅਦ ਵੀ ਜੀਵਤ ਹਨ।

ਇਸ ਬਾਰੇ ਖੋਜੀਆਂ ਨੂੰ ਅਜੇ ਹੋਰ ਮਿਹਨਤ ਕਰਨ ਦੀ ਲੋੜ ਹੈ।

# ਦਮਨ-ਚੱਕਰ

ਕੂਕਿਆਂ ਨੂੰ ਫਾਂਸੀ ਦੇਣ, ਤੋਪਾਂ ਨਾਲ ਉਡਾਉਣ, ਸ੍ਰੀ ਸਤਿਗੁਰੂ ਰਾਮ ਸਿੰਘ ਜੀ ਅਤੇ ਸੂਬਿਆਂ ਨੂੰ ਜਲਾਵਤਨ ਕਰਨ ਦਾ ਮੰਤਵ ਸਿਰਫ ਨਾਮਧਾਰੀ ਲਹਿਰ ਨੂੰ ਹੀ ਦਬਾਉਣਾ ਨਹੀਂ ਸੀ, ਸਗੋਂ ਇਨ੍ਹਾਂ ਕਾਰਜਾਂ ਨਾਲ ਉਹ ਭਾਰਤੀਆਂ ਦੇ ਮਨਾਂ ਵਿੱਚ ਡਰ, ਭੈ ਤੇ ਖੌਫ਼ ਪੈਦਾ ਕਰੀ ਰੱਖਣਾ ਚਾਹੁੰਦੇ ਸਨ ਤਾਂਕਿ ਭਵਿਖਤ ਵਿੱਚ ਤਸੀਹਿਆਂ ਤੋਂ ਡਰਦਾ ਕਦੇ ਕੋਈ ਅਜ਼ਾਦੀ ਦਾ ਨਾਂ ਨਾ ਲੈ ਸਕੇ। ਕਿਸੇ ਦੇ ਅੰਦਰ ਸੁੱਤੀ ਹੋਈ ਦੇਸ਼ ਭਗਤੀ ਅੰਗੜਾਈ ਨਾ ਲੈ ਸੱਕੇਂ।

ਕੂਕਿਆਂ ਉੱਤੇ ਵੀ ਬਰਤਾਨਵੀ ਹਕੂਮਤ ਦੇ ਤਸ਼ੱਦਦ ਦਾ ਅੰਤ ਨਹੀਂ ਸੀ ਹੋਇਆ ਅਜੇ ਹੋਰ ਵੀ ਕਹਿਰ ਦੇ ਪਹਾੜ ਟੁੱਟਣੇ ਸਨ।

ਬਰਤਾਨਵੀ ਅਫਸਰਾਂ ਦੇ ਮਨਾਂ ਵਿੱਚ, ਕੰਨ ਭਰ ਭਰ ਕੇ ਬਿਠਾ ਦਿੱਤਾ ਗਿਆ ਸੀ ਕਿ ਭੈਣੀ ਸਾਹਿਬ ਵਿੱਚ ਬਗ਼ਾਵਤ ਕਰਨ ਲਈ ਬਹੁਤ ਸਾਰੇ ਮਾਰੂ ਹਥਿਆਰ ਇਕੱਠੇ ਕੀਤੇ ਸਨ। ਡੇਰੇ ਵਿੱਚ ਦੋ ਲੱਖ ਦਾ ਖਜ਼ਾਨਾ ਦੱਬਿਆ ਪਿਆ ਸੀ, ਗੁਪਤ ਅਤੇ ਮਹੱਤਵ ਪੂਰਨ ਦਸਤਾਵੇਜ਼ਾਂ ਸਨ। ਬਰਤਾਨੀ ਸਾਮਰਾਜ ਨੂੰ ਬਹੁਤ ਭਾਰੀ ਖ਼ਤਰਾ ਸੀ।

ਸੋ 18 ਜਨਵਰੀ 1872 ਈ. ਨੂੰ ਹੀ ਸਵੇਰੇ ਸਵੇਰੇ ਲੈਫਟੀਨੈਂਟ ਕਰਨਲ ਬੇਲੀ ਭੈਣੀ ਸਾਹਿਬ ਦੀ ਤਲਾਸ਼ੀ ਲੈਣ ਲਈ 25 ਘੁੜ ਸਵਾਰ ਨਾਲ ਲੈ ਕੇ ਪਹੁੰਚ ਗਿਆ।

ਉਸ ਨੇ ਡੇਰੇ ਨੂੰ ਘੇਰਾ ਪਾ ਲਿਆ। ਸਤਿਗੁਰਾਂ ਦੇ ਬਜ਼ੁਰਗ ਪਿਤਾ ਬਾਬਾ ਜੱਸਾਂ ਸਿੰਘ, ਭਰਾ ਬੁਧ ਸਿੰਘ, (ਗੁਰੂ ਹਰੀ ਸਿੰਘ) ਲੜਕੀ ਨੰਦਾਂ, ਹੱਟੀ ਦਾ ਮੈਨੇਜਰ ਵਰਿਆਮ ਸਿੰਘ, ਆਪ ਦੇ ਨਿਜੀ ਸੇਵਕ ਮਖਣ ਸਿੰਘ ਅਤੇ ਹੋਰ ਸਿੱਖ ਸ਼ਰਧਾਲੂ, ਸੇਵਾਦਾਰਾਂ ਨੂੰ ਡੇਰਿਓਂ ਬਾਹਰ ਕੱਢ ਕੇ ਰਾਹ ਤੇ ਖੜ੍ਹਾ ਕਰ ਦਿੱਤਾ ਗਿਆ। ਸਭ ਭੁਖੇ-ਭਾਣੇ ਸਨ। ਠੰਢ ਵਿੱਚ ਕਿਸੇ ਨੂੰ ਕੋਈ ਭਾਰਾ ਕੱਪੜਾ ਚੁਕਣ ਦੀ ਵੀ ਇਜਾਜ਼ਤ ਨਹੀਂ ਦਿੱਤੀ ਗਈ। ਸਤਿਗੁਰਾਂ ਦੇ ਵਿਛੋੜੇ ਨੇ ਪਹਿਲਾਂ ਹੀ ਉਨ੍ਹਾਂ ਨੂੰ ਬੇਹਾਲ ਕੀਤਾ ਹੋਇਆ ਸੀ।

ਨੇੜੇ ਦੇ ਪਿੰਡਾਂ ਦੇ ਤਿੰਨ ਨੰਬਰਦਾਰਾਂ ਨੂੰ ਸੱਦ ਕੇ ਉਨ੍ਹਾਂ ਦੇ ਸਾਹਮਣੇ ਡੇਹੇ ਦੀ ਤਲਾਸ਼ੀ ਸ਼ੁਰੂ ਕੀਤੀ ਗਈ। ਡੇਰੇ ਦਾ ਹਰ ਖੂੰਜਾ-ਖਰਲਾ, ਆਲਾ ਅਲਮਾਰੀ, ਪੜਛਤੀ ਸਬਾਤ ਨੂੰ ਫੋਲਿਆ ਗਿਆ। ਧਰਤੀ ਨੂੰ ਵੀ ਥਾਂ ਥਾਂ ਤੋਂ ਪੁਟਿਆ ਗਿਆ। ਦਾਣਿਆਂ ਦੇ ਭੜੋਲਿਆਂ ਨੂੰ ਵੀ ਸੇਲ੍ਹੇ ਮਾਰ ਮਾਰ ਕੇ ਵੇਖਿਆ ਗਿਆ। ਇੱਕ ਦਿਨ ਵਿੱਚ ਤਸਲੀ ਨਾ ਹੋਣ ਕਰਕੇ ਦੂਜੇ ਦਿਨ ਫਿਰ ਤਲਾਸ਼ੀ ਜ਼ਾਰੀ ਰਖੀ ਗਈ। ਜਿੱਥੇ ਬਹੁਤ ਸ਼ਕ ਹੋਇਆ ਧਰਤੀ ਨੂੰ ਪਾਣੀ ਹਾਂਡੇ ਤੱਕ ਵੀ ਪੁੱਟਿਆ ਗਿਆ। ਸਾਰੇ ਮਾਲ ਖਜ਼ਾਨੇ ਅਤੇ ਹਥਿਆਰਾਂ ਦੀ ਫਹਿਰਿਸਤ ਤਿਆਰ ਕੀਤੀ ਗਈ। ਉਸ ਵਿਚ 36 ਕੁਹਾੜੀਆਂ 6 ਗੰਡਾਸੇ, 2 ਖੋਖਰੀਆਂ, ਬਹੁਤ ਸਾਰੇ ਚੱਕਰ ਕਈ ਸਫਾਜੰਗ ਅਤੇ ਡਾਂਗਾਂ ਆਦਿ ਸਨ।

ਖ਼ਜ਼ਾਨੇ ਦੇ ਰੂਪ ਵਿੱਚ 1828 ਰੁਪਏ 8 ਆਨੇ ਸਨ। ਇਸ ਤੋਂ ਇਲਾਵਾ ਕੁਝ ਸੋਨਾ, ਚਾਂਦੀ, ਹੋਰ ਕੀਮਤੀ ਗਹਿਣੇ, ਲੋਈਆਂ ਸ਼ਾਲਾਂ, ਇੱਕ ਕਢਾਈ ਕੀਤਾ ਹੋਇਆ ਬਹੁਮੁੱਲਾ ਚੋਗਾ ਅਤੇ ਨਾਪਿਆਂ ਦੀ ਮਾਲਾ ਸੀ। ਇਹ ਸਾਰਾ ਸਾਮਾਨ ਇੱਕ ਮਜਬੂਤ ਟਰੰਕ ਵਿੱਚ ਬੰਦ ਕਰਕੇ, ਜੰਦਰਾ ਮਾਰ ਕੇ, ਸਾਮਾਨ ਦੀ ਸੂਚੀ ਤਿਆਰ ਕੀਤੀ ਗਈ ਅਤੇ ਉਹ ਲਗਭਗ 5400 ਰੁਪਏ ਦਾ ਸਾਰਾ ਸਾਮਾਨ ਲੁਧਿਆਣੇ ਖਜ਼ਾਨੇ ਭੇਜ ਦਿੱਤਾ ਗਿਆ।

ਸ੍ਰੀ ਭੈਣੀ ਸਾਹਿਬ ਡੇਰੇ ਰਹਿਣ ਵਾਲੇ ਕੂਕੇ 172 ਸਨ। ਇਨ੍ਹਾਂ ਵਿਚੋ 50 ਬਿਹੰਗਮ ਸਨ।

ਡੇਰੇ ਵਿੱਚ ਗਊਆਂ, ਮਝਾਂ, ਊਠ, ਘੋੜੇ ਆਦਿ 82 ਪਸ਼ੂ ਵੀ ਸਨ। ਇਹਨਾਂ ਪਸ਼ੂਆਂ ਦੀ ਸੰਭਾਲ ਲਈ 11 ਵਿਅਕਤੀਆਂ ਨੂੰ ਭੈਣੀ ਸਾਹਿਬ ਰਹਿਣ ਲਈ ਕਿਹਾ ਗਿਆ।

ਬਾਬਾ ਜਸਾ ਸਿੰਘ, ਭਾਈ ਬੁਧ ਸਿੰਘ (ਗੁਰੂ ਹਰੀ ਸਿੰਘ) ਬੀਬੀ ਨੰਦਾਂ ਦੇ ਪਰਵਾਰਾਂ ਦੀ ਦੇਖ ਭਾਲ ਲਈ ਅਤੇ ਸੇਵਾ ਸੰਭਾਲ ਲਈ ਵੀ 3 ਪੁਰਸ਼ ਅਤੇ 2 ਇਸਤਰੀਆਂ ਨੂੰ ਡੇਰੇ ਰਹਿਣ ਦੀ ਇਜਾਜ਼ਤ ਮਿਲੀ। ਉਨ੍ਹਾਂ ਤੋਂ ਬਿਨਾਂ ਵਰਿਆਮ ਸਿੰਘ ਅਤੇ ਮਖਣ ਸਿੰਘ ਨੂੰ ਵੀ ਡੇਰੇ ਹੀ ਰਹਿ ਜਾਣ ਲਈ ਕਿਹਾ ਗਿਆ। ਉਹ ਸਾਰੇ ਡੇਰੇ ਅੰਦਰ ਚਲੇ ਗਏ।

ਬਾਕੀ ਸਾਰਿਆਂ ਨੂੰ ਲੁਧਿਆਣੇ, ਪੈਦਲ ਤੁਰਨ ਦਾ ਹੁਕਮ ਦੇ ਦਿੱਤਾ। ਉਹ ਭੁਖੇ-ਭਾਣੇ ਠੰਢ ਵਿੱਚ ਠੁਰ ਠੁਰ ਕਰਦੇ, 15-20 ਮੀਲ ਦੇ ਸਫ਼ਰ ਵਿਚ ਥੱਕ ਕੇ ਚੂਰ ਹੋ ਗਏ। ਉਨ੍ਹਾਂ ਨੂੰ ਲੁਧਿਆਣੇ ਡੀ. ਸੀ. ਦੇ ਸਾਹਮਣੇ ਪੇਸ਼ ਕੀਤਾ ਗਿਆ ਡੀ. ਸੀ. ਕਾਵਨ ਨੇ ਉਨ੍ਹਾਂ ਨੂੰ ਕੋਈ 'ਬਾਗ਼ੀਅਨਾ ਹਰਕਤ ਨਾ ਕਰਨ ਦੀ ਚੇਤਾਵਨੀ ਦੇ ਕੇ ਆਪੋ ਆਪਣੇ ਜ਼ਿਲਿਆਂ ਨੂੰ ਤੋਰ ਦਿੱਤਾ।

ਸ੍ਰੀ ਭੈਣੀ ਸਾਹਿਬ ਸਤਿਗੁਰਾਂ ਦੇ ਡੇਰੇ ਅੱਗੇ ਡਿਉਢੀ ਵਿੱਚ ਪੁਲਿਸ ਚੌਕੀ

ਬਿਠਾ ਦਿੱਤੀ ਗਈ। 20 ਸਿਪਾਹੀਆਂ ਅਤੇ ਇਨਸਪੈਕਟਰ ਉਮਰਾਉ ਅਲੀ ਸ਼ਾਹ ਨੂੰ ਤਾਇਨਾਤ ਕੀਤਾ ਗਿਆ।

ਸਤਿਗੁਰਾਂ ਦਾ ਡੇਰਾ ਕੈਦਖਾਨਾ ਬਣ ਗਿਆ। ਨਾ ਕੋਈ ਬਾਹਰੋਂ ਕਿਸੇ ਨੂੰ ਅੰਦਰ ਮਿਲਣ ਜਾ ਸਕਦਾ ਸੀ, ਨਾ ਹੀ ਡੇਰੇ ਦੇ ਅੰਦਰ ਰਹਿਣ ਵਾਲੇ ਕਿਸੇ ਨੂੰ ਮਿਲਣ ਜਾ ਸਕਦੇ ਸਨ।

ਪੰਜਾਬ ਦੇ ਲੈਫਟੀਨੈਂਟ ਗਵਰਨਰ ਨੇ ਇੱਕ ਗਸ਼ਤੀ ਚਿਠੀ ਰਾਹੀਂ ਅਧਿਕਾਰੀਆਂ ਨੂੰ ਆਦੇਸ਼ ਦੇ ਦਿੱਤੇ ਸਨ ਕਿ ਜਿੱਥੇ ਵੀ ਪੰਜ ਕੂਕੇ ਇੱਕਠੇ ਹੋਣ ਉਨ੍ਹਾਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ।

ਅੰਗਰੇਜ਼ ਹਾਕਮਾਂ ਨਾਲੋਂ ਵੀ ਵਧ ਦੁੱਸ਼ਮਨ ਸਨ, ਉਨ੍ਹਾਂ ਪ੍ਰਤੀ ਵਫਾਦਾਰੀ ਦਾ ਸਬੂਤ ਦੇਣ ਵਾਲੇ ਹਿੰਦੁਸਤਾਨੀ ਮੁਖ਼ਬਰ। ਘਮੰਡਾ ਤੇ ਸੁਖੂ ਨੰਬਰਦਾਰ ਮਨਘੜਤ ਖ਼ਬਰਾਂ ਸਾਹਨੇਵਾਲ ਥਾਣੇ ਪਹੁੰਚਾਉਂਦੇ ਸਨ ਕਿ ਕੂਕੇ ਚੋਰੀ ਰਾਤ-ਬਰਾਤੇਂ ਭੈਣੀ ਸਾਹਿਬ ਆਉਂਦੇ ਸਨ, ਗੁਰੂ ਪਰਵਾਰ ਨੂੰ ਮਿਲਦੇ ਸਨ।

ਸਾਰੇ ਪੰਜਾਬ ਦੇ ਸਿੱਖ ਸਰਦਾਰਾਂ, ਮਹੰਤਾਂ, ਰਾਜਿਆਂ ਮਹਾਰਾਜਿਆਂ ਨੇ ਸਰਕਾਰ ਦੀਆਂ ਸਖ਼ਤੀਆਂ ਦੀ ਪ੍ਰੋੜਤਾ ਕੀਤੀ। ਉਨ੍ਹਾਂ ਆਪਣੇ ਰਾਜਾਂ ਵਿੱਚ ਵੀ ਕੂਕਿਆਂ ਖ਼ਿਲਾਫ ਸਖ਼ਤੀਆਂ ਸ਼ੁਰੂ ਕੀਤੀਆਂ।

ਮਹਾਰਾਜਾ ਮਹਿੰਦਰ ਸਿੰਘ ਪਟਿਆਲਾ ਨੇ 20 ਜਨਵਰੀ 1872 ਈ: ਦੀ ਚਿੱਠੀ ਵਿੱਚ ਆਪਣੇ ਰਾਜ ਵਿੱਚ ਵਸਦੇ ਕੂਕਿਆਂ ਉੱਤੇ ਸਖ਼ਤੀਆਂ ਕਰਨ, ਉਨ੍ਹਾਂ ਦੀ ਜ਼ਮੀਨ ਜਾਇਦਾਦ ਜ਼ਬਤ ਕਰਨ ਦਾ ਐਲਾਨ ਕੀਤਾ। ਉਸ ਨੇ 15 ਫਰਵਰੀ 1872 ਈ: ਨੂੰ ਸਰਕਾਰ ਨੂੰ ਚਿਠੀ ਲਿਖ ਕੇ ਕਿਹਾ :

"ਧਾਰਮਿਕ ਬਹਾਨੇ ਪਿਛੇ (ਗੁਰੂ) ਰਾਮ ਸਿੰਘ ਦਾ ਮੰਤਵ ਤੇ ਇੱਛਾ ਦੁਬਾਰਾ ਰਾਜ ਪ੍ਰਾਪਤ ਕਰਨਾ ਹੈ।"

22 ਮਾਰਚ 1872 ਈ: ਨੂੰ ਦਿਆਲ ਸਿੰਘ ਮਜੀਠੀਏ ਨੇ ਗ੍ਰੰਥੀਆਂ ਮਹੰਤਾਂ ਅਤੇ ਸਿੱਖ ਸਰਦਾਰਾਂ ਦੇ ਪ੍ਰਤੀਨਿਧਾਂ ਦੀ, ਅੰਮ੍ਰਿਤਸਰ, ਬੁਲਾਈ ਮੀਟਿੰਗ ਵਿੱਚ ਇੱਕ ਮਤਾ ਪੇਸ਼ ਕਰਕੇ ਕਿਹਾ ਕਿ ਕੂਕਿਆਂ ਨਾਲੋਂ ਉਨ੍ਹਾਂ ਦੀ ਮਰਿਆਦਾ ਵੱਖਰੀ ਸੀ, ਉਨ੍ਹਾਂ ਨਾਲ ਉਨ੍ਹਾਂ ਦੀ ਕੋਈ ਹਮਦਰਦੀ ਨਹੀਂ ਸੀ, ਕੂਕਿਆਂ ਨੇ ਉਨ੍ਹਾਂ ਦੇ ਸਨਮਾਨ ਨੂੰ ਧੱਕਾ ਲਾਇਆ ਸੀ। 1857 ਵਿੱਚ ਅੰਗਰੇਜ਼ਾਂ ਪ੍ਰਤੀ ਵਿਖਾਈ ਵਫਾਦਾਰੀ ਨੂੰ ਘੱਟੇ ਰੋਲਿਆ ਸੀ। ਉਨ੍ਹਾਂ ਸਰਕਾਰ ਦੀ ਕੂਕਿਆਂ ਖ਼ਿਲਾਫ਼ ਕੀਤੀ ਕਾਰਵਾਈ ਉੱਤੇ ਸਰਕਾਰ ਦਾ ਧੰਨਵਾਦ ਕੀਤਾ। ਇਸ ਮਤੇ ਉੱਤੇ 14 ਪ੍ਰਤੀਨਿਧਾਂ ਦੇ ਦਸਖ਼ਤ ਕੀਤੇ ਅਤੇ ਗਵਰਨਰ ਨੂੰ ਭੇਜ ਦਿੱਤਾ।

ਮਈ 1872 ਈ: ਵਿੱਚ ਜਲੰਧਰ ਦੇ, 28 ਜੂਨ 1872 ਈ: ਨੂੰ ਕਰਨਾਲ, ਜਗਾਧਰੀ, ਬਿਲਾਸਪੁਰ, ਮੁਸਤਫਾਬਾਦ, ਬੁਰੀਆ, ਅੰਬਾਲਾ ਜ਼ਿਲਾ ਦੇ ਨਵਾਬਾਂ

ਸ਼ਾਹੂਕਾਰਾਂ, ਨਗਰ ਪਾਲਿਕਾ ਦੇ 147 ਮੈਂਬਰਾਂ ਨੇ ਸਰਕਾਰੀ ਕਾਰਵਾਈ ਦੀ ਪੁਸ਼ਟੀ ਕੀਤੀ।

ਜ਼ਿਲਾ ਹੁਸ਼ਿਆਰਪੁਰ ਦੇ 140 ਪਤਵੰਤੇ ਵੀ ਸਰਕਾਰ ਭਗਤੀ ਦਾ ਸਬੂਤ ਦੇਣ ਲਈ ਇਕੱਠੇ ਹੋਏ। ਭਲਾ ਆਨੰਦਪੁਰ ਸਾਹਿਬ ਦੇ 500 ਸੋਢੀ, ਬੇਦੀ, ਰਾਇ ਪਿਛੇ ਕਿਉਂ ਰਹਿੰਦੇ? ਉਨ੍ਹਾਂ ਵੀ ਆਪਣੇ ਸਰਕਾਰ ਪ੍ਰਸਤ ਹੋਣ ਦਾ ਸਬੂਤ ਦਿੱਤਾ।

ਸੰਗਰੂਰ ਦੇ ਮਹਾਰਾਜਾ ਰਘਬੀਰ ਸਿੰਘ ਨੇ ਵੀ ਆਪਣੇ ਇਲਾਕੇ ਦੇ ਕੂਕਿਆਂ ਨੂੰ ਨਾਮਧਾਰੀਪੁਨਾ ਛੱਡਣ ਦਾ ਹੁਕਮ ਸੁਣਾ ਦਿੱਤਾ। ਆਪਣੀ ਈਨ, ਮਨਾਉਣ ਲਈ ਬਦੋਮਲੀ ਦੇ ਸਰਦਾਰ ਸਾਹਿਬ ਸਿੰਘ ਅਤੇ ਉਸ ਦੀ ਪਤਨੀ ਨੂੰ ਜੇਲ੍ਹ ਡੱਕ ਦਿੱਤਾ। ਉਸ ਦੀ 120 ਏਕੜ ਜ਼ਮੀਨ ਜ਼ਬਤ ਕਰ ਲਈ।

ਮਹਾਰਾਜਾ ਫਰੀਦਕੋਟ ਵੀ ਕੂਕਿਆਂ ਨੂੰ ਜਮ ਹੋ ਕੇ ਚੰਬੜਿਆ। ਉਸ ਕੂਕਿਆਂ ਨੂੰ ਮਾਰਿਆ ਕੁੱਟਿਆ, ਰੁੱਖਾਂ ਨਾਲ ਪੁਠਾ ਲਟਕਾਇਆ ਤੇ ਹੋਰ ਵੀ ਭਾਂਤ ਭਾਂਤ ਦੇ ਤਸੀਹੇ ਦਿੱਤੇ।

ਉਸ ਸਮੇਂ ਦੀਆਂ ਅਖਬਾਰਾਂ, 'ਦੀ ਇੰਗਲਿਸ ਮੈਨ', "ਦੀ ਹਿੰਦੂ ਪੈਟਰੀਆਟ", 'ਇੰਡੀਅਨ ਸਟੇਟਸ ਮੈਨ', 'ਦੀ ਫਰੈਂਡ ਆਫ ਇੰਡੀਆਂ', ਦਾ ਰਵਈਆਂ ਵੀ ਕੂਕਿਆਂ ਪ੍ਰਤੀ ਹਮਦਰਦੀ ਪੂਰਨ ਨਹੀਂ ਸੀ।

ਜੇ ਕੂਕਿਆਂ ਕਿਤੇ ਅਖੰਡ ਪਾਠ ਕੀਤਾ ਸਰਕਾਰ ਨੂੰ ਖ਼ਬਰ ਪਹੁੰਚਾਈ ਗਈ ਤਾਂ ਉਹ ਪਾਠੀ ਤੇ ਧੂਪੀਏ ਆਦਿ ਸਜਾ ਅਤੇ ਜੁਰਮਾਨੇ ਦੇ ਭਾਗੀ ਬਣੇ।

ਜੇ ਕੂਕਿਆਂ ਨਾਲ ਹਮਦਰਦੀ ਰੱਖਣ ਵਾਲਾ ਕੋਈ ਸਿਪਾਹੀ ਨਜ਼ਰ ਆਇਆ ਤਾਂ ਉਸਨੂੰ ਵੀ ਨੌਕਰੀਓ ਕੱਢ ਦਿੱਤਾ ਗਿਆ।

ਗਲ ਕੀ ਪੱਤਾ ਪੱਤਾ ਕੂਕਿਆਂ ਦਾ ਵੈਰੀ ਸੀ। ਉਹ ਮਿਲ ਕੇ ਬੈਠ ਕੇ ਨਾ ਸ਼ਬਦ ਕੀਰਤਨ ਕਰ ਸਕਦੇ ਸਨ ਨਾ ਦੁਖ ਸੁਖ ਸਾਂਝਾ ਕਰ ਸਕਦੇ ਸਨ।

ਸਖ਼ਤੀਆਂ ਦਾ ਇਹ ਝਖੜ ਇੱਕ ਦੋ ਦਿਨ ਜਾਂ ਇੱਕ ਦੋ ਸਾਲ ਨਹੀਂ ਸਗੋਂ ਪੂਰੇ 51 ਸਾਲ ਝੁਲਿਆ। ਫਿਰ ਵੀ ਸਤਿਗੁਰੂ ਰਾਮ ਸਿੰਘ ਦੀ ਬਾਲੀ ਆਜ਼ਾਦੀ ਦੀ ਸ਼ਮ੍ਹਾ ਨਾ ਬੁਝ ਸੱਕੀ।

# ਸਭਹਨ ਕੇ ਸਿਰਮੌਰ

1957 ਈ: ਤੱਕ, ਸਾਰਾ ਹਿੰਦੁਸਤਾਨ ਰਾਜਨੀਤਕ ਤੌਰ ਤੇ ਅੰਗਰੇਜ਼ਾਂ ਦਾ ਗੁਲਾਮ ਹੋ ਚੁਕਾ ਸੀ। ਧਾਰਮਕ ਤੌਰ ਤੇ ਵੀ ਇਸਾਈ ਮਿਸ਼ਨਰੀਆਂ ਦਾ ਪ੍ਰਚਾਰ ਭਾਰਤੀਆਂ ਨੂੰ ਇਸਾਈ ਬਨਾਉਣ ਵਿੱਚ ਕਾਮਯਾਬ ਹੋ ਰਿਹਾ ਸੀ। ਲੋਕ ਆਪਣੇ ਅਮੀਰ ਵਿਰਸੇ, ਸਦਾਚਾਰਕ, ਸਮਾਜਕ ਅਤੇ ਧਾਰਮਕ ਕਦਰਾਂ ਕੀਮਤਾਂ ਤੋਂ ਦੂਰ ਜਾ ਰਹੇ ਸਨ। ਆਪਣੀ ਮਾਣ ਮਰਿਆਦਾ ਤੇ ਜੀਵਨ ਚੱਜ ਪ੍ਰਤੀ ਵੀ ਸੁਹਿਰਦਤਾ ਨਹੀਂ ਸੀ ਰਹੀ। ਨਿਰਾਸ ਅਤੇ ਹਤਾਸ਼ ਹੋਏ ਲੋਕਾਂ ਵਿੱਚ ਸਿਥਲਤਾ ਆ ਚੁਕੀ ਸੀ। ਇਸ ਦੌਰ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਨੇ ਲੋਕਾਂ ਵਿੱਚ ਨਵੀਂ ਰੂਹ ਫੂਕਣ ਲਈ ਕਮਰਕੱਸਾ ਕੀਤਾ।

ਆਪ ਨੇ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ। ਇਸ ਪੰਥ ਦਾ ਘਰ ਪੰਜਾਬ ਸੀ ਅਤੇ ਜੜ੍ਹਾਂ ਸਿੱਖੀ ਵਿੱਚ ਸਨ। ਸਿੱਖ ਆਪਣੀ ਰਹਿਤ ਮਰਿਆਦਾ ਭੁਲ ਕੇ, ਧਰਮ ਕਰਮ ਤਿਆਗ ਕੇ ਪੂਜਾ ਪਾਠ ਤੋਂ ਮੂੰਹ ਮੋੜ ਕੇ, ਸ਼ਰਾਬੀ ਕਬਾਬੀ ਹੋ ਕੇ, ਵਿਸ਼ੇ ਵਿਕਾਰਾਂ ਵਿੱਚ ਖੁਭ ਕੇ, ਨਾਮ ਦਾਨ ਇਸ਼ਨਾਨ ਤੋਂ ਦੂਰ ਜਾ ਕੇ ਸਿੱਖੀ ਸਰੂਪ ਤੋਂ ਵੀ ਪਤਤ ਹੋ ਗਏ। ਮਹਾਰਾਜ ਬੀਰ ਸਿੰਘ ਜੀ ਦੇ ਸ਼ਬਦਾਂ ਵਿੱਚ:

"ਉਹ ਅੰਗਰੇਜ਼ ਜਿਨ੍ਹਾਂ ਨੇ ਇਸਾਈ ਮੱਤ ਦਾ ਅਸਰ ਸਿੱਖਾਂ ਤੇ ਅਤੇ ਉਨ੍ਹਾਂ ਦੇ ਬੱਚਿਆਂ ਤੇ ਐਸਾ ਪਾਇਆ ਜੋ ਸਿੱਖੀ ਤੋਂ ਪੱਤਤ ਹੋ ਗਏ। ਸਿੱਖੀ ਦਾ ਉਹ ਸਰੂਪ ਜੋ ਗੁਰੂ ਗੋਬਿੰਦ ਸਿੰਘ ਨੇ ਬਖਸ਼ਿਆ ਸੀ ਉਹ ਬਦਲ ਕੇ ਹੋਰ ਦਾ ਹੋਰ ਕਰ ਦਿੱਤਾ।"

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਮੁੜ ਉਨ੍ਹਾਂ ਨੂੰ ਮਨਮਤ ਅਤੇ ਅੰਧਵਿਸ਼ਵਾਸ਼ ਤਿਆਗ ਕੇ ਗੁਰਮਤ ਅਪਨਾਉਣ ਲਈ ਪ੍ਰੇਰਿਆ। ਮਹਾਰਾਜ ਗੁਰਦਿਆਲ ਸਿੰਘ ਜੀ ਨੇ ਲਿਖਿਆ,

"ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਨੀਆਂ ਦੇ ਮਹਾਨ ਰੂਹਾਨੀ ਆਗੂਆਂ ਦੀ ਗੁਰ-ਗਦੀ ਤੇ ਬਿਰਾਜ ਮਾਨ ਹੋਏ ਆਪ ਦੀ ਗਿਣਤੀ ਦੁਨੀਆਂ ਦੇ ਮਹਾਨ ਰੂਹਾਨੀ ਪੇਸ਼ਵਾਵਾਂ ਵਿੱਚ ਹੁੰਦੀ ਹੈ ਤੇ ਆਪਣੀ ਆਤਮਕ ਸ਼ਕਤੀ, ਆਪ ਦੇ ਕਰਮ

ਯੋਗ (ਅਮਲੀ ਜੀਵਨ) ਅਤੇ ਬਲੀਦਾਨ ਸਦਕਾ ਮੂਰਤੀਮਾਨ ਹੋਈ। ਸਿੱਖਰਾਜ ਦੇ ਪਤਨ ਤੋਂ ਬਾਅਦ ਜਦੋਂ ਸਿੱਖਾਂ ਵਿੱਚ ਮੁਕੰਮਲ ਗਿਰਾਵਟ ਤੇ ਬਦਇਖ਼ਲਾਕੀ ਆ ਚੁਕੀ ਸੀ ਤਾਂ ਉਸ ਸਮੇਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖਾਂ ਵਿੱਚ ਗੁਰੂ ਨਾਨਕ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦੀ ਲਾਸਾਨੀ ਸਿਪਿਰਟ ਭਰੀ।"

ਆਪ ਨੇ ਲੋਕਾਂ ਨੂੰ ਇਨਸਾਨੀਅਤ ਦੇ ਗੁਣਾਂ ਨਾਲ ਭਰਪੂਰ, ਚੰਗੇ ਚਾਲਚਲਣ ਵਾਲੇ ਮਨੁੱਖ ਬਣਾਇਆ ਕਿਉਂਕਿ ਮਨੁੱਖੀ ਕਦਰਾਂ ਕੀਮਤਾਂ ਵਾਲਾ ਮਨੁੱਖ ਹੀ ਕਿਸੇ ਲਈ ਕੁਰਬਾਨੀ ਦੇ ਸਕੱਦਾ ਹੈ, ਧਰਮਯੁੱਧ ਕਰ ਸਕਦਾ ਹੈ। ਹੁਮਾਯੂੰ ਕਬੀਰ ਦੇ ਸ਼ਬਦਾਂ ਵਿੱਚ:

"ਮੱਨੁਖੀ ਚਾਲ ਚਲਨ ਦੇ ਧੁਰ ਅੰਦਰ ਦੀਆਂ ਡੂੰਘਾਈਆਂ ਵਿੱਚ ਝਾਕਣ ਪਿੱਛੋਂ ਉਸ ਨੇ ਮਹਿਸੂਸ ਕੀਤਾ ਕਿ ਮਨੁੱਖ ਦੇ ਸ਼ਖਸੀ ਗੁਣਾਂ ਦੀ ਬਿਹਤਰੀ ਤੋਂ ਬਿਨਾ ਨਾ ਹੀ ਰਾਜਨੀਤਕ ਮੁਕਤੀ ਤੇ ਨਾ ਹੀ ਸਮਾਜਕ ਤੇ ਪਦਾਰਥਕ ਉੱਨਤੀ ਸੰਭਵ ਹੋਵੇਗੀ। ਇਸ ਕਰ ਕੇ ਉਸ ਨੇ ਇਖ਼ਲਾਕੀ ਖ਼ੂਬੀਆਂ ਤੇ ਬਹੁਤ ਜ਼ੋਰ ਦਿੱਤਾ ਅਤੇ ਆਪਣੇ ਸੇਵਕਾਂ ਵਿੱਚ ਧਾਰਮਕ ਤੌਰ ਉੱਤੇ ਉਪਾਸ਼ਨਾ ਅਤੇ ਸੇਵਾ ਦੀ ਭਾਵਨਾ ਭਰੀ।"

ਸਿੱਖਾਂ ਵਿੱਚ ਬਹੁਤ ਸਾਰੇ ਰਾਜੇ ਮਹਾਰਾਜੇ, ਸੋਢੀ, ਬੇਦੀ, ਗੁਰਦੁਆਰਿਆਂ ਦੇ ਮਹੰਤ ਆਦਿ ਜਨ ਸਾਧਾਰਨ ਨੂੰ ਆਪਣੇ ਮਗਰ ਲਾਈ ਫਿਰਦੇ ਸਨ ਪਰ ਕਿਸੇ ਨੇ ਉਨ੍ਹਾਂ ਅੰਦਰਲੇ ਮਨੁੱਖ ਨੂੰ ਨਹੀਂ ਟੁੰਬਿਆ। ਉਨ੍ਹਾਂ ਅੰਦਰ ਸੁੱਤੀ ਅਣਖ ਜਗਾਉਣ ਦਾ ਸਿਹਰਾ ਸਤਿਗੁਰੂ ਰਾਮ ਸਿੰਘ ਜੀ ਸਿਰ ਹੀ ਸੀ।

ਸਤਿਗੁਰਾਂ ਦੀ ਕੂਕਾ ਲਹਿਰ ਕੇਵਲ ਧਾਰਮਕ ਲਹਿਰ ਹੀ ਨਹੀਂ ਸੀ ਸਗੋਂ ਸਮਾਜ ਸੁਧਾਰਕ ਅਤੇ ਇਸ ਤੋਂ ਵੀ ਵੱਧ ਰਾਜਨੀਤਕ ਜਥੇਬੰਦੀ ਸੀ। ਉਸ ਸਮੇਂ ਹੀ, ਬ੍ਰਹਮ ਸਮਾਜ, ਪ੍ਰਾਰਥਨਾ ਸਮਾਜ, ਰਾਮ ਕਿਸ਼ਨ ਮਿਸ਼ਨ, ਥਿਓਸੋਫੀਕਲ ਮੂਵਮੈਂਟ, ਰਾਧਾ ਸੁਆਮੀ, ਨਿਰੰਕਾਰੀ ਆਦਿ ਲਹਿਰਾਂ ਚਲੀਆਂ ਪਰ ਇਨ੍ਹਾਂ ਦਾ ਕਾਰਜ ਖੇਤਰ ਕੁਝ ਧਾਰਮਕ ਤੇ ਸਮਾਜਕ ਹੀ ਸੀ ਰਾਜਨੀਤਕ ਬਿਲਕੁਲ ਨਹੀਂ ਸੀ। ਦੂਜੇ ਪਾਸੇ ਵਹਾਬੀ ਮੁਸਲਮਾਨਾਂ ਦੀ ਇੱਕ ਜਮਾਤ ਸੀ ਜੋ 1849 ਈ: ਤੱਕ ਸਿੱਖ ਰਾਜ ਦੇ ਖਿਲਾਫ਼ ਅਤੇ ਬਾਅਦ ਵਿੱਚ ਬਰਤਾਨਵੀ ਸ਼ਾਸਨ ਦੇ ਖ਼ਾਤਮੇ ਲਈ ਅਤੇ ਮੁਸਲਮਾਨ ਰਾਜ ਦੀਆਂ ਜੜ੍ਹਾਂ ਲਾਉਣ ਲਈ ਲੜਦੀ ਰਹੀ। ਇਸ ਸਮੇਂ ਹੀ ਮਹਾਰਾਸ਼ਟਰ ਵਿੱਚ ਵਾਸਦੇਵ ਬਲਵੰਤ ਨੇ ਵੀ ਅਜ਼ਾਦੀ ਦਾ ਝੰਡਾ ਚੁਕਿਆ ਅਤੇ ਨਾਅਰਾ ਦਿੱਤਾ, "ਹਥਿਆਰ ਬੰਦ ਲੜਾਈ ਬਿਨਾ ਆਜ਼ਾਦੀ ਨਹੀਂ।" ਇਨ੍ਹਾਂ ਵਿਚੋਂ ਕਿਸੇ ਨੇ ਵੀ ਬਹੁਪੱਖੀ ਉਦੇਸ਼ ਨਾਲ ਲੋਕਾਂ ਨੂੰ ਜਥੇਬੰਦ ਨਹੀਂ ਕੀਤਾ ਜੋ ਸਤਿਗੁਰੂ ਜੀ ਨੇ ਕੀਤਾ। ਆਪ ਬਾਰੇ ਸ਼ਯਦ ਮੁਹੰਮਦ ਲਤੀਫ ਨੇ ਵੀ ਲਿਖਿਆ,

"(ਗੁਰੂ) ਰਾਮ ਸਿੰਘ ਅਤੇ ਉਸ ਦੇ ਮੁਰੀਦਾਂ ਦੇ ਮੁਦੇ ਮਹਿਜ਼ ਧਾਰਮਕ ਹੀ ਨਹੀਂ ਸਨ ਸਗੋਂ ਇੱਕ ਧਾਰਮਕ, ਸੁਧਾਰਕ ਅਤੇ ਸਦਾਚਾਰਕ ਨਸੀਹਤਾਂ ਦੇ ਬਾਣੇ ਵਿੱਚ

ਉਸ ਨੇ ਡੂੰਘੇ ਰਾਜਨੀਤਕ ਮਨਸੂਬੇ ਬਣਾਏ।"

ਇਸ ਗਲ ਦੀ ਹੀ ਪ੍ਰੋੜਤਾ ਡਾਕਟਰ ਗੁਪਾਲ ਸਿੰਘ ਨੇ ਇਨ੍ਹਾਂ ਸ਼ਬਦਾਂ ਵਿੱਚ ਕੀਤੀ।

"ਪਰ ਉਸ ਦੀ ਅਕਾਲ ਪੁਰਖ ਨਾਲ ਅਡੋਲ ਲਿਵ; ਉਸ ਦੀ ਜਹਾਦ ਦੀ ਦਲੇਰੀ ਅਤੇ ਉਸ ਦੇ ਪੈਰੋਕਾਰਾਂ ਦੀ ਸੂਰਮਿਆਂ ਵਾਲੀ ਕੁਰਬਾਨੀ (ਭਾਵੇਂ ਕਿਸੇ ਸਬਬ) ਨੇ ਉਨ੍ਹੀ ਦਿਨੀਂ ਆਪ ਦੀ ਮੂਲ ਰੂਪ ਵਿੱਚ ਸਮਾਜਕ-ਧਾਰਮਕ ਲਹਿਰ ਨੂੰ ਇੱਕ ਬਲਕਾਰੀ ਰਾਜਨੀਤਕ ਸ਼ਕਤੀ ਬਣਾਇਆ।"

ਆਪਣੇ ਧਰਮ ਵਿੱਚ ਪਰਪਕ ਵਿਅਕਤੀ ਹੀ ਸੱਚਾ ਸੁੱਚਾ ਦੇਸ਼ ਭਗਤ ਹੋ ਸਕਦਾ ਹੈ। ਬੈਂਕਿਮ ਚੰਦਰ ਚੈਟਰਜੀ, ਵਿਵੇਕਾ ਨੰਦ, ਅਰਬਿੰਦੂ ਘੋਸ਼ ਅਤੇ ਲੋਕ ਮਾਨਿਆ ਤਿਲਕ ਨੇ ਧਰਮ ਦਾ ਆਸਰਾ ਲੈ ਕੇ ਆਜ਼ਾਦੀ ਦੀ ਲੜਾਈ ਲੜੀ।

ਨਿਸਸੰਦੇਹ ਧਰਮ ਦੇ ਆਸਰੇ ਅਜ਼ਾਦੀ ਦੀ ਲੜਾਈ ਲੜਨ ਦੀ ਪਹਿਲ ਸਤਿਗੁਰੂ ਰਾਮ ਸਿੰਘ ਜੀ ਨੇ ਹੀ ਕੀਤੀ।

ਆਪ ਭਾਰਤੀ ਸੁਤੰਤਰਤਾ ਸੰਗਰਾਮ ਦੇ ਮੋਢੀ ਤਾਂ ਸਨ ਹੀ, ਇਸ ਤੋਂ ਇਲਾਵਾ ਆਪ ਆਜ਼ਾਦੀ ਦੀ ਲੜਾਈ ਲਈ ਨਵੀਂ ਪੈਂਤੜੇ ਬਾਜ਼ੀ ਦੇ ਵੀ ਪਥ ਪ੍ਰਦਰਸ਼ਕ ਸਨ। ਆਪ ਨੂੰ ਪਤਾ ਸੀ ਕਿ ਅੰਗਰੇਜ਼ਾਂ ਨਾਲ ਜੰਗੀ ਹਥਿਆਰਾਂ ਦੀ ਵਰਤੋਂ ਨਾਲ ਲੜਨ ਲਈ ਹਿੰਦੀਆਂ ਦਾ ਛੇਤੀ ਤਿਆਰ ਹੋਣਾ ਔਖਾ ਸੀ। ਆਪ ਨੇ ਲੜਾਈ ਦਾ ਢੰਗ ਹੀ ਬਦਲ ਦਿੱਤਾ। ਆਪ ਨੇ, ਬਰਤਾਨਵੀ ਸਰਕਾਰ ਅਤੇ ਵਪਾਰ ਨੂੰ ਢਾਹ ਲਾਉਣ ਲਈ, ਨਾਮਿਲਵਰਤਨ ਅਤੇ ਬਾਈਕਾਟ ਦਾ ਮਾਰੂ ਹਥਿਆਰ ਆਪਣੇ ਪੈਰੋਕਾਰਾਂ ਨੂੰ ਫੜਾ ਦਿੱਤਾ। ਐਨਸਾਈਕਲੋਪੀਡੀਆ ਬ੍ਰਿਟੇਨਿਕਾ ਵਿੱਚ ਵੀ ਲਿਖਿਆ ਹੈ,

"(ਗੁਰੂ) ਰਾਮ ਸਿੰਘ ਸਿੱਖ ਫਿਲਾਸਫਰ ਤੇ ਸੁਧਾਰਕ ਅਤੇ ਅੰਗਰੇਜ਼ੀ ਵਪਾਰੀ ਮਾਲ ਅਤੇ ਨੌਕਰੀਆਂ ਪ੍ਰਤੀ ਨਾ-ਮਿਲਵਰਤਨ ਤੇ ਬਾਈਕਾਟ ਨੂੰ ਰਾਜਨੀਤਕ ਸ਼ਕਤੀ ਦਾ ਹਥਿਆਰ ਬਣਾ ਕੇ ਵਰਤਨ ਵਾਲਾ ਪਹਿਲਾ ਭਾਰਤੀ ਹੈ।"

ਡਾਕਟਰ ਰਾਜਿੰਦਰ ਪ੍ਰਸ਼ਾਦ ਦੇ ਵਿਚਾਰ ਵੀ ਇਸ ਤੋਂ ਭਿੰਨ ਨਹੀਂ, "ਹਮਾਰੇ ਦੇਸ਼ ਮੇਂ ਮਹਾਤਮਾ ਗਾਂਧੀ ਨੇ ਜੋ ਅਸਹਿਯੋਗ ਇਤਨੇ ਜ਼ੋਰ ਸੇ ਚਲਾਇਆ ਉਸ ਕਾ ਗੁਰੂ ਰਾਮ ਸਿੰਘ ਨੇ ਪ੍ਰਾਯ ਪਚਾਸ ਵਰਸ਼ ਪੂਰਵ ਹੀ ਨਾਮਧਾਰੀਓਂ ਮੇਂ ਪ੍ਰਚਾਰ ਕੀਆ ਥਾ ਉਨ ਕੇ ਸਿਧਾਂਤ ਮੇਂ ਪਾਂਚ ਚੀਜ਼ੇਂ ਹੈਂ 1. ਸਰਕਾਰੀ ਨੌਕਰੀ ਕਾ ਬਹਿਸ਼ਕਾਰ 2. ਸਰਕਾਰੀ ਅਦਾਲਤੋਂ ਕਾ ਬਹਿਸ਼ਕਾਰ 3. ਸਰਕਾਰੀ ਸਕੂਲੋਂ ਕਾ ਬਹਿਸ਼ਕਾਰ 4. ਬਦੇਸ਼ੀ ਵਸਤਰੋਂ ਕਾ ਬਹਿਸ਼ਕਾਰ 5. ਐਸੇ ਕਾਨੂੰਨ ਮਾਨਨੇ ਸੇ ਇਨਕਾਰ ਜੋ ਆਪਣੀ ਆਤਮਾ ਕੇ ਵਿਰੁਧ ਹੈਂ।"

ਇਸ ਤੋਂ ਇਲਾਵਾ ਸਤਿਗੁਰੂ ਜੀ ਨੇ ਕੂਕਿਆਂ ਨੂੰ ਗੱਡੀ ਵਿੱਚ ਚੜ੍ਹਨੋਂ ਅਤੇ

ਆਪ ਨੇ ਸਵਦੇਸ਼ੀ ਦਾ ਭਰਪੂਰ ਪਰਚਾਰ ਕੀਤਾ।

ਆਪ ਪਹਿਲੇ ਭਾਰਤੀ ਸਨ ਜਿਨ੍ਹਾਂ ਨੇ ਸਮਾਨਾਂਤਰ ਸਰਕਾਰ ਕਾਇਮ ਕੀਤੀ। ਅੰਗਰੇਜ਼ ਰਾਜ ਵਿੱਚ ਵੀ ਆਪਦਾ ਆਪਣਾ ਰਾਜਪ੍ਰਬੰਧ ਸੀ ਜਿਸ ਦਾ ਰਾਜਨੀਤਕ, ਧਾਰਮਕ, ਸਮਾਜਕ, ਸਦਾਚਾਰਕ ਅਤੇ ਆਰਥਕ ਮੂਲ ਸੀ।

ਇਹ ਰਾਜ ਪ੍ਰਬੰਧ ਆਪ ਨੇ 22 ਸੂਬਿਆਂ ਦੇ ਹੱਥ ਸੌਂਪ ਰੱਖਿਆ ਸੀ। ਇਹ ਸਾਰੇ ਸੂਬੇ ਉੱਚੇ ਸੁੱਚੇ ਚਾਲਚਲਣ ਵਾਲੇ ਸਨ, ਸੁਘੜ ਸੁਜਾਨ ਸਨ। ਉਨ੍ਹਾਂ ਨੂੰ ਇਲਾਕੇ ਵੰਡੇ ਹੋਏ ਸਨ। ਉਨ੍ਹਾਂ ਦੇ ਨਾਲ ਨਾਇਬ ਸੂਬੇ ਅਤੇ ਜਥੇਦਾਰ ਵੀ ਸਨ। ਉਹ ਕੂਕਿਆਂ ਦੇ ਗੁਣਾਤਮਕ ਅਤੇ ਗਿਣਾਤਮਕ ਵਾਧੇ ਲਈ ਪ੍ਰਚਾਰ ਕਰਦੇ ਸਨ।

ਆਪ ਦਾ ਨਿਆਂ ਪ੍ਰਬੰਧ ਵੱਖਰਾ ਸੀ ਜਿਸ ਦਾ ਮੁੱਖੀ ਸੂਬਾ ਰਤਨ ਸਿੰਘ ਸੀ ਜੇ ਕੋਈ ਲੜਾਈ ਝਗੜਾ, ਪਰ੍ਹੇ ਪੰਚਾਇਤ ਵਿੱਚ ਜਾਂ ਇਲਾਕੇ ਦੇ ਮੁੱਖੀ ਕੋਲੋਂ ਨਾ ਨਿਬੜਦਾ ਤਾਂ ਸੂਬਾ ਦੋਹਾਂ ਧਿਰਾਂ ਦੀ ਗਲ ਸੁਣ ਕੇ ਆਪਣਾ ਫੈਸਲਾ ਸੁਣਾ ਦੇਂਦਾ ਜਿਹੜਾ ਮੰਨਿਆ ਜਾਂਦਾ।

ਆਪ ਦੇ ਵਿਦੇਸ਼ਾਂ ਨਾਲ ਵੀ ਸੰਬੰਧ ਸਨ, ਨੈਪਾਲ ਵਿੱਚ ਸੂਬਾ ਸਾਹਿਬ ਸਿੰਘ ਅਤੇ ਸੂਬਾ ਕਾਹਨ ਸਿੰਘ, ਅਫ਼ਗਾਨਿਸਤਾਨ, ਕਾਬਲ ਵਿੱਚ ਬਿਸ਼ਨ ਸਿੰਘ, ਰੂਸ ਵਿੱਚ ਗੁਰਚਰਨ ਸਿੰਘ ਕਸ਼ਮੀਰ ਵਿੱਚ ਹੇਮਾ ਸਿੰਘ, ਮਿਤਰਤਾ ਭਰੇ ਸੰਬੰਧ ਕਾਇਮ ਕਰ ਰਹੇ ਸਨ। ਉਹ ਤੋਹਫਿਆਂ ਦਾ ਅਦਾਨ ਪ੍ਰਦਾਨ ਕਰ ਰਹੇ ਸਨ ਅਤੇ ਦੇਸ਼ ਆਜ਼ਾਦ ਕਰਾਉਣ ਲਈ ਮਦਦ ਮੰਗ ਰਹੇ ਸਨ। ਪੰਜਾਬ ਤੋਂ ਬਾਹਰ ਗਵਾਲੀਅਰ ਵਿੱਚ ਨਾਰਾਇਣ ਸਿੰਘ ਅਤੇ ਬਨਾਰਸ ਵਿੱਚ ਕਾਨ੍ਹ ਸਿੰਘ ਸਤਿਗੁਰਾਂ ਦੇ ਹੁਕਮ ਅਨੁਸਾਰ ਕੰਮ ਕਰਦੇ ਸਨ।

ਆਪ ਦਾ ਗੁਪਤਚਰ ਵਿਭਾਗ ਵੀ ਆਪਣਾ ਹੀ ਸੀ। ਜਿਹੜਾ ਵੀ ਸੁਨੇਹਾ ਕਿਤੇ ਪਹੁੰਚਾਉਣਾ ਹੁੰਦਾ, ਬਿਨਾ ਕਿਸੇ ਨੂੰ ਸੂਹ ਲੱਗੇ ਪਹੁੰਚ ਜਾਂਦਾ। ਇਹ ਸੁਨੇਹੇ ਕਈ ਵਾਰ ਸੰਕੇਤਾਂ ਵਿੱਚ, ਜ਼ਬਾਨੀ ਜਾਂ ਲਿਖਤੀ ਭੇਜੇ ਜਾਂਦੇ। ਇਹ ਵਿਭਾਗ ਡਾਕ ਪ੍ਰਬੰਧ ਨਾਲ ਜੁੜਿਆ ਹੋਇਆ ਸੀ ਜਿਸ ਦਾ ਮੁਖੀ ਸੂਬਾ ਸਾਹਿਬ ਸਿੰਘ ਸੀ।

ਉਂਜ ਤਾਂ ਅਕਬਰ ਨੇ ਵੀ ਆਪਣਾ ਰਾਜ ਪ੍ਰਬੰਧ 22 ਸੂਬਿਆਂ ਵਿੱਚ ਵੰਡਿਆ ਹੋਇਆ ਸੀ ਅਤੇ ਗੁਰੂ ਅਮਰਦਾਸ ਜੀ ਨੇ ਵੀ 22 ਮੰਜੀਆਂ ਸਥਾਪਤ ਕੀਤੀਆਂ ਹੋਈਆਂ ਸਨ। ਪਰ ਪਹਿਲੀ ਵੰਡ ਰਾਜਨੀਤਕ ਸੀ ਤੇ ਦੂਜੀ ਨਿਰੋਲ ਧਾਰਮਕ, ਧਰਮ ਅਤੇ ਰਾਜਨੀਤੀ ਦੋਹਾਂ ਖੇਤਰਾਂ ਵਿੱਚ ਸਾਂਝੇ ਤੌਰ ਤੇ ਕੰਮ ਕਰਨ ਦੀ ਜਾਚ ਆਪ ਨੇ ਹੀ ਦੱਸੀ।

ਇਸਾਈ ਮਿਸ਼ਨਰੀ ਦਾ ਕੇਂਦਰ ਲੁਧਿਆਣੇ ਸੀ। ਆਪ ਉਸ ਦੇ ਪ੍ਰਭਾਵ ਤੋਂ ਬਿਲਕੁਲ ਅਣਭਿੱਜ ਰਹੇ ਹਾਲਾਂਕਿ ਲੁਧਿਆਣਾ ਭੈਣੀ ਸਾਹਿਬ ਤੋਂ ਮਸਾਂ ਵੀਹ ਕੁ ਮੀਲ ਹੀ ਦੂਰ ਸੀ। ਕਈ ਸਰਦੇ ਪੁਜਦੇ ਸਿੰਘ ਵੀ ਸੁਰਾ ਸੁੰਦਰੀ ਦੇ ਸ਼ੈਦਾਈ ਹੋ ਕੇ,

ਪੱਛਮੀ ਤੜਕ ਭੜਕ ਤੋਂ ਪ੍ਰਭਾਵਤ ਹੋ ਕੇ ਇਸਾਈ ਬਣੇ। ਆਪ ਨੇ ਇਸਾਈ ਧਰਮ ਦੀ ਥਾਂ ਹਿੰਦੀਆਂ ਦਾ ਮੂੰਹ ਆਪਣੇ ਧਰਮ ਵਲ ਮੋੜਨ ਦਾ ਯਤਨ ਕੀਤਾ।

ਸਭ ਤੋਂ ਪਹਿਲੋ ਸਤਿਆਗ੍ਰਹਿ ਦਾ ਮਾਰਗ ਵੀ ਆਪ ਨੇ ਹੀ ਅਪਨਾਇਆ। 1863 ਈ: ਵਿੱਚ ਆਪ ਨੂੰ ਭੈਣੀ ਸਾਹਿਬ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ, ਅਣਮਿਥੇ ਸਮੇਂ ਲਈ। ਪਰ ਆਪ 1867 ਈ: ਵਿੱਚ ਸਰਕਾਰੀ ਹੁਕਮ ਦੀ ਉਲੰਘਣਾ ਕਰਕੇ ਸਤਿਆਗ੍ਰਹਿ ਕਰਦੇ ਹੋਏ ਹੋਲਾ ਮਨਾਉਣ ਲਈ ਸ੍ਰੀ ਆਨੰਦਪੁਰ ਸਾਹਿਬ ਪਹੁੰਚੇ। ਏਸੇ ਸਾਲ ਦੀ ਦਿਵਾਲੀ ਉੱਤੇ ਅੰਮ੍ਰਿਤਸਰ ਵੀ ਆਪ ਬਿਨਾ ਸਰਕਾਰ ਦੀ ਇਜਾਜ਼ਤ ਲਿਆਂ ਹੀ ਗਏ। ਦੋਹਾਂ ਥਾਵਾਂ ਤੇ ਆਪ ਨੇ ਨਾਮਧਾਰੀ ਲਹਿਰ ਦਾ ਪ੍ਰਭਾਵਸ਼ਾਲੀ ਪ੍ਰਚਾਰ ਵੀ ਕੀਤਾ।

ਆਪ ਪਹਿਲੇ ਰਾਹਨੁਮਾ ਸਨ ਜਿਨ੍ਹਾਂ ਸੁਤੰਤਰਤਾ ਸੰਗ੍ਰਾਮ ਦਾ ਮੁੱਢ ਪਿੰਡਾਂ ਵਿੱਚ ਬੱਧਾ। ਆਪ ਨੇ ਨਾਮਧਾਰੀ ਲਹਿਰ ਦਾ ਕੇਂਦਰ ਵੀ ਪਿੰਡ ਨੂੰ ਹੀ ਬਣਾਇਆ। ਪਿੰਡਾਂ ਦੇ ਲੋਕਾਂ ਵਲੋਂ ਵੀ ਆਪ ਨੂੰ ਭਰਪੂਰ ਹੁੰਗਾਰਾ ਮਿਲਿਆ। ਗ਼ੁਲਾਮ ਭੀਖ ਜਲੰਧਰੀ ਨੇ ਤਾਰਖੀ ਵਾਕਰੀ ਵਿੱਚ ਲਿਖਿਆ,

"ਗਾਓਂ ਕੇ ਗਾਓਂ ਔਰ ਮੌਜ਼ਿਆਂ ਕੇ ਮੌਜ਼ਿਆਂ ਕੂਕੇ ਹੋ ਗਏ । ਜਿਸ ਵਕਤ ਗੁਰੂ ਨਾਨਕ ਜੀ ਜੋ ਮੁਜਕ ਥੇ ਨੇ ਸਿਲਸਿਲਾ ਇਰਸ਼ਾਦ ਸ਼ੁਰੂ ਕੀਆ ਥਾ ਉਸਕੋ ਯਹ ਨਸੀਬ ਨਾ ਹੂਆ ਕਿ ਦਸ ਬਰਸ ਮੇਂ ਭੀ ਏਕ ਹਜ਼ਾਰ ਆਦਮੀ ਉਨਕੇ ਚੇਲੇਂ ਮੇਂ ਹੋਤਾ। ਉਨਕੇ ਮਜ਼ਬ ਕਾ ਅਰੂਜ਼ ਪਿਛਲੇ ਮਨਸਦ ਨਸ਼ੀਨ ਕੇ ਵਕਤ ਮੈਂ ਹੂਆ ਥਾ। ਇਸ ਮੁਜਕ ਕੀ ਜ਼ਿੰਦਗੀ ਮੇਂ ਲਾਖੋਂ ਕੂਕਾ ਹੋ ਗਿਆ।"

ਆਪ ਨੇ ਇਨ੍ਹਾਂ ਸਾਦ ਮੁਰਾਦੇ ਪੇਂਡੂ ਲੋਕਾਂ ਦੇ ਦਿਲਾਂ ਦੀ ਕੋਰੀ ਸਲੇਟ ਉਤੇ ਜੋ ਵੀ ਲਿਖਿਆ ਵਾਚਿਆ ਗਿਆ। ਇਨ੍ਹਾਂ ਲੋਕਾਂ ਨੇ ਹੀ ਰਹਿਤ ਮਰਿਆਦਾ ਨੂੰ ਵੀ ਅਪਨਾਇਆ, ਕੁਰਬਾਨੀਆਂ ਵੀ ਦਿੱਤੀਆਂ ਅਤੇ ਆਪ ਦੇ ਦਰਸ਼ਨ ਪਰਸਨ ਲਈ ਖਾਰਾ ਸਮੁੰਦਰ ਪਾਰ ਕਰਕੇ ਰੰਗੂਨ ਅਤੇ ਮਰਗੋਈ ਵੀ ਗਏ।

ਕੂਕਾ ਲਹਿਰ ਦੀਆਂ ਜੜ੍ਹਾਂ ਪਿੰਡਾਂ ਵਿੱਚ ਹੋਣ ਕਰਕੇ ਹੀ ਚਤੁਰ ਬਰਤਾਨਵੀ ਹਾਕਮ ਵੀ ਇਸ ਦੀ ਰਾਜਨੀਤਕ ਚਾਲ ਨੂੰ ਕਈ ਸਾਲਾਂ ਬਾਅਦ ਹੀ ਸਮਝ ਸਕਿਆ।

ਸਤਿਗੁਰੂ ਰਾਮ ਸਿੰਘ ਜੀ ਨੇ ਮਾਂ-ਬੋਲੀ ਪੰਜਾਬੀ ਦੀ ਸਿੱਖਿਆ ਦੀ ਤਾਕੀਦ ਕੀਤੀ। ਹਰ ਕੂਕੇ ਲਈ ਆਪਣੇ ਬੱਚੇ, ਬੱਚੀ ਨੂੰ ਗੁਰਮੁਖੀ ਅੱਖਰ ਪੜ੍ਹਾਉਣੇ ਲਾਜ਼ਮੀ ਸਿਖਾਇਆ ਅਤੇ ਪੁਰਸ਼ਾਂ ਜਿੰਨੀ ਉੱਚੀ ਸੁੱਚੀ ਮਰਿਆਦਾ ਦਿੱਤੀ। ਆਪ ਨੇ ਕੁੜੀਆਂ ਮਾਰਨ, ਵੇਚਣ ਜਾਂ ਵੱਟਾ ਕਰਨ ਤੋਂ ਵਰਜਿਆ, ਵਿਧਵਾ ਵਿਆਹ ਦੀ ਖੁਲ੍ਹ ਦਿੱਤੀ ਅਤੇ ਘੁੰਡ ਕਢਣ ਦੀ ਮਨਾਹੀ ਕੀਤਾਂ। ਆਪ ਨੇ ਸਮਾਜ ਵਿਚ ਔਰਤ ਦਾ ਸਨਮਾਨ ਵਧਾਇਆ।

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਇੱਕ ਅਦੁਤੀ ਸ਼ਖ਼ਸੀਅਤ ਵਾਲੇ, ਵਿਲਖਣ ਸ਼ਕਤੀਆਂ ਦੇ ਮਾਲਕ ਤੀਖਣ ਬੁਧ, ਜ਼ਹੀਨ ਵਿਅਕਤੀ ਸਨ। ਕੂਕਿਆਂ ਦੀ ਤਾਂ ਉਨ੍ਹਾਂ ਉੱਤੇ ਅਸੀਮ ਸ਼ਰਧਾ ਸੀ ਹੀ, ਗ਼ੈਰ ਨਾਮਧਾਰੀ ਅਤੇ ਖਾਸ ਕਰਕੇ ਨਾਮਧਾਰੀਆਂ ਦੇ ਵਿਰੋਧੀ ਵੀ ਮੂੰਹ ਵਿੱਚ ਉਂਗਲਾਂ ਪਾਉਂਦੇ ਸਨ ਕਿ ਕਿਸੇ ਅਮੀਰ ਵਜ਼ੀਰ, ਸਰਦਾਰ ਸ਼ਾਹੂਕਾਰ ਜਾਂ ਰਾਜੇ ਮਹਾਰਾਜੇ ਦੇ ਘਰ ਨਹੀਂ ਸਗੋਂ ਇੱਕ ਸਰਬ ਸਾਧਾਰਨ ਸਾਊ, ਸੁਹਿਰਦ ਪੇਂਡੂ, ਕਿਰਤੀ ਘਰ ਜਨਮ ਲੈ ਕੇ ਵੱਡੇ ਸਾਧਨ ਨਾ ਹੋਣ ਦੇ ਬਾਵਜੂਦ ਵੀ ਅਸਾਧਾਰਣ ਰੂਪ ਵਿੱਚ ਲੱਖਾਂ ਡਰੇ ਸਹਿਮੇ ਲੋਕਾਂ ਨੂੰ ਜਥੇਬੰਦ ਕਰਨਾ, ਉਨ੍ਹਾਂ ਨੂੰ ਸੇਧ ਦੇ ਕੇ ਬਰਤਾਨਵੀ ਸਾਮਰਾਜ ਦੇ ਟਾਕਰੇ ਤੇ ਖੜ੍ਹਾ ਕਰਨਾ, ਅਤੇ ਸਰਕਾਰ ਨੂੰ ਵਖਤ ਪਾ ਦੇਣਾ, ਕਿਸੇ ਦਿਭ ਦ੍ਰਿਸ਼ਟੀ ਵਾਲੇ ਦੀ ਸੰਗਠਨਾਤਮਕ ਸੂਝ ਦਾ ਹੀ ਸਿੱਟਾ ਹੋ ਸਕਦਾ ਸੀ। ਇਹ ਜ਼ਾਹਰਾ ਕਰਾਮਾਤ ਸੀ।

# ਸਤਿਗੁਰੂ ਜੀ ਦੇ ਬਾਈ ਸੂਬੇ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਿੱਖ ਰਾਜ ਦੀ ਢਹਿੰਦੀ ਕਲਾ, ਸਿੱਖੀ ਰਹਿਤ ਮਰਯਾਦਾ ਦਾ ਹਰਨ ਹੋਣਾ ਤੇ ਭਾਰਤ ਦਾ ਗੁਲਾਮ ਹੋਣਾ ਵੇਖ-ਘੋਖ ਕੇ ਭਾਰਤੀਆਂ ਵਿੱਚ ਨਵੀਂ ਰੂਹ ਫੂਕਣ ਦਾ ਨਿਰਨਾ ਲਿਆ। ਆਪ ਜਨ ਸਧਾਰਨ ਨੂੰ ਆਪਣੀ ਅਮੀਰ ਭਾਰਤੀ ਅਧਿਆਤਮਕ ਪ੍ਰੰਪਰਾ ਨਾਲ ਜੋੜਨਾ ਚਾਹੁੰਦੇ ਸਨ। ਉਨ੍ਹਾਂ ਨੂੰ ਭਜਨ ਬੰਦਗੀ, ਸੁੱਚ-ਸੋਧ, ਦੇਸ਼-ਭਗਤੀ ਤੇ ਸਵਦੇਸੀ ਦੀ ਪਾਨ ਚੜ੍ਹਾਉਣਾ ਚਾਹੁੰਦੇ ਸਨ। ਇਸ ਦਾ ਮੁੱਢ ਆਪਨੇ 12 ਅਪਰੈਲ 1857 ਈ. ਨੂੰ ਵਸਾਖੀ ਵਾਲੇ ਦਿਨ, ਸ੍ਰੀ ਭੈਣੀ ਸਾਹਿਬ, ਪੰਜਾਬ ਵਿੱਚ ਪੰਜ ਪਿਆਰਿਆਂ ਨੂੰ, ਖੰਡੇ ਬਾਟੇ ਦਾ ਅੰਮ੍ਰਿਤ ਛਕਾ ਕੇ ਬੱਧਾ ਅਤੇ ਨਾਮਧਾਰੀ ਪੰਥ ਦੀ ਸਥਾਪਨਾ ਕੀਤੀ, ਨਾਮਧਾਰੀ ਸਿੱਖਾਂ ਨੂੰ ਉੱਚੀ ਸੁਰ ਵਿੱਚ ਸ਼ਬਦ ਪੜ੍ਹਨ ਅਤੇ ਦੇਸ਼ ਅਜ਼ਾਦੀ ਦੀ ਕੂਕ ਮਾਰਨ ਕਰਕੇ, ਕੂਕੇ ਵੀ ਕਿਹਾ ਜਾਣ ਲੱਗਾ।

ਭਾਰਤੀਆਂ ਤੇ ਖਾਸ ਕਰਕੇ ਪੰਜਾਬੀ-ਸਿੱਖਾਂ ਦਾ ਸਤਿਗੁਰੂ ਜੀ ਵਿੱਚ ਬੜੀ ਤੇਜ਼ੀ ਨਾਲ ਵਿਸ਼ਵ·ਸ ਪੈਦਾ ਹੋਣ ਲੱਗਾ। ਪੰਜਾਬ ਦੇ ਪਿੰਡਾਂ ਦੇ ਪਿੰਡ ਅੰਮ੍ਰਿਤ ਛਕ ਕੇ, ਗੁਰਮੁਖੀ ਬਾਣਾ ਪਹਿਨ ਕੇ, ਉੱਨ ਦੀ ਮਾਲਾ ਧਾਰਨ ਕਰਕੇ, ਨਾਮਧਾਰੀ ਬਣ ਕੇ ਸਤਿਗੁਰੂ ਜੀ ਦੇ ਧਾਰਮਿਕ, ਸਮਾਜਿਕ, ਆਰਥਿਕ ਤੇ ਰਾਜਨੀਤਿਕ ਕਾਰਜ-ਕ੍ਰਮ ਨੂੰ ਅਪਣਾਉਣ ਲੱਗੇ। ਆਪ ਜੀ ਵਿੱਚ, ਸਿੱਖਾਂ ਦੀ ਵਧਦੀ ਹੋਈ ਸਰਧਾ ਨੂੰ ਵੇਖਕੇ, ਦੋਖੀ ਈਰਖਾ ਕਰਨ ਲੱਗੇ ਤੇ ਬਰਤਾਨਵੀਂ ਹਕੂਮਕ ਇਸਨੂੰ ਠਲ ਪਾਉਣ ਬਾਰੇ ਗੰਭੀਰਤਾ ਨਾਲ ਸੋਚਣ ਲੱਗੀ। ਉਸ ਨੇ ਸੱਚੇ ਪਾਤਸ਼ਾਹ ਜੀ ਨੂੰ 14 ਜੂਨ 1863 ਈ: ਨੂੰ ਸ੍ਰੀ ਭੈਣੀ ਸਾਹਿਬ ਵਿਖੇ ਨਜ਼ਰ ਬੰਦ ਕਰ ਦਿੱਤਾ।

ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਸਿੱਖੀ, ਸਵਦੇਸੀ ਤੇ ਦੇਸ਼ ਭਗਤੀ ਤੇ ਪ੍ਰਚਾਰ ਲਈ ਜਥੇਬੰਦਕ ਸ਼ਕਤੀ ਦਾ ਵਿਕੇਂਦਰੀਕਰਨ ਕੀਤਾ। ਆਪ ਨੇ ਬਾਈ ਸੂਬਿਆਂ ਦੀ ਸਥਾਪਨਾ ਕੀਤੀ। ਆਪ ਨੇ ਉਹ ਖਾਸ ਗੁਰਸਿੱਖ, ਸੂਬੇ ਬਣਾਏ ਜਿਹੜੇ ਆਪ ਜੀ ਦੀ ਚਲਾਈ ਲਹਿਰ ਦੀ ਆਤਮਾ ਨੂੰ ਸਮਝਦੇ ਸਨ। ਜਿਨ੍ਹਾਂ ਦੀ ਜ਼ਬਾਨ ਵਿੱਚ ਤਾਸੀਰ ਸੀ, ਉਪਦੇਸ਼ ਅਸਰ ਭਰਪੂਰ ਸੀ, ਜੋ ਕਥਨੀ ਤੇ ਕਰਨੀ

ਦੇ ਪੂਰੇ ਸਨ, ਸਮਝ, ਸੂਝ, ਗਿਆਨ, ਧਿਆਨ, ਯੋਗਤਾ, ਦ੍ਰਿੜਤਾ ਦੀ ਘਸਵੱਟੀ ਉੱਤੇ ਵੇਖੇ ਪਰਖੇ ਹੋਏ ਸਨ। ਉਹ ਸਤਿਗੁਰੂ ਜੀ ਦੇ ਸਭ ਤੋਂ ਵੱਧ ਵਿਸ਼ਵਾਸ ਪਾਤਰ ਸਨ। ਉਹ ਅਮੀਰ ਵਿਰਸੇ ਦੇ ਮਾਲਕ ਸਨ। ਜੇ ਉਹਨਾਂ ਵਿਚੋਂ ਕੁਝ ਸਤਿਗੁਰੂ ਬਾਲਕ ਸਿੰਘ ਜੀ ਦੇ ਸਮੇਂ ਦੇ ਸਿੱਖ ਸਨ ਤਾਂ ਕੁਝ ਹੋਰ ਸਾਧ ਮੰਡਲੀਆਂ ਵਿੱਚੋਂ ਸਨ, ਕੁਝ ਕੁ ਤਾਂ ਸਿੱਖ ਫੌਜ ਜਾਂ ਹੋਰ ਭਾਰਤੀ ਸੈਨਾ ਵਿੱਚ ਵੀ ਰਹੇ ਸਨ ਜੋ ਦੇਸ ਦੀ ਸਾਰੀ ਸਥਿਤੀ ਨੂੰ ਸਮਝਦੇ ਸਨ। ਗਿਆਨੀ ਗਿਆਨ ਸਿੰਘ ਜੀ ਇਹਨਾਂ ਸੂਬਿਆਂ ਬਾਰੇ ਲਿਖਦੇ ਹਨ:

ਸੂਬੇ ਕੀਨੇ ਬਾਈ ਤਿਨ ਅਕਬਰ ਸ਼ਾਹਿ ਨਿਆਈਂ,
ਉਨਕੀ ਜ਼ੁਬਾਨ ਮੈਂ ਤਾਸੀਰ ਥਾਈ ਵੈਸ ਵੀ। (ਪੰਥ ਪ੍ਰਕਾਸ਼)

ਇਹਨਾਂ ਸੂਬਿਆਂ ਰਾਹੀਂ ਸਤਿਗੁਰੂ ਜੀ ਨੇ ਸਮਾਨਾਂਤਰ ਸਰਕਾਰ ਵਾਲੀ ਵਿਵਸਥਾ ਪੈਦਾ ਕੀਤੀ। ਹਰ ਇੱਕ ਸੂਬੇ ਨੂੰ ਪ੍ਰਚਾਰ ਕਰਨ ਤੇ ਸਰਗਰਮੀਆਂ ਵਧਾਉਣ ਲਈ ਖ਼ਾਸ ਖ਼ਾਸ ਇਲਾਕੇ ਵੰਡੇ ਗਏ। ਕੁਝ ਸੂਬਿਆਂ ਨੂੰ ਨਿਆਂ ਪਾਲਕਾ, ਡਾਕ ਪ੍ਰਬੰਧ, ਸ੍ਰੀ ਭੈਣੀ ਸਾਹਿਬ ਦੇ ਡੇਰੇ ਤੇ ਪ੍ਰਦੇਸਾਂ ਜਾਂ ਵਿਦੇਸਾਂ ਨਾਲ ਸੰਬੰਧ ਸਥਾਪਤ ਕਰਨ ਦੀ ਜ਼ੁੰਮੇਵਾਰੀ ਸੌਂਪੀ ਗਈ।

ਇਹਨਾਂ ਸੂਬਿਆਂ ਦੇ ਜੀਵਨ ਬਾਰੇ ਇਤਿਹਾਸ ਦੇ ਪੰਨਿਆਂ ਵਿੱਚ ਜਾਂ ਸਰਕਾਰੀ ਰਿਪੋਰਟਾਂ ਵਿੱਚ ਖਿਲਰੀ ਪਈ ਸਮੱਗਰੀ ਨੂੰ ਇੱਕਠਾ ਕਰਨ ਦਾ ਯਤਨ ਕੀਤਾ ਗਿਆ ਹੈ। ਸੂਬਿਆਂ ਦੇ ਨਾਵਾਂ ਦੀ ਤਰਤੀਬ ਦੇਣ ਵੇਲੇ ਮਹਾਰਾਜ ਗੁਰਦਿਆਲ ਸਿੰਘ ਜੀ ਦੀ ਸਾਹਿਤ ਤੇ ਇਤਿਹਾਸ ਰਚਨਾ ਤੋਂ ਮਦਦ ਲਈ ਗਈ ਹੈ ਅਤੇ ਉਹ ਹੀ ਤਰਤੀਬ ਰੱਖੀ ਗਈ ਹੈ।

**੧. ਸੂਬਾ ਜਵਾਹਰ ਸਿੰਘ**

ਉਹਨਾਂ ਦਾ ਜਨਮ 1822 ਈ: ਵਿੱਚ ਭਾਈ ਕੀ ਡਰੌਲੀ ਜ਼ਿਲ੍ਹਾ ਫ਼ਿਰੋਜ਼ਪੁਰ ਵਿਚ ਹੋਇਆ। ਉਹਨਾਂ ਦੇ ਪਿਤਾ ਦਾ ਨਾਂ ਸ. ਦਲ ਸਿੰਘ ਸੀ। ਉਹ ਅਜੇ ਪੰਜ ਵਰ੍ਹਿਆਂ ਦੇ ਹੀ ਹੋਏ ਸਨ ਕਿ ਉਹਨਾਂ ਦੇ ਪਿਤਾ ਜੀ ਰੱਬ ਨੂੰ ਪਿਆਰੇ ਹੋ ਗਏ। ਉਹਨਾਂ ਦੀ ਮਾਤਾ ਨੇ ਹੀ ਉਹਨਾਂ ਦਾ ਪਾਲਣ-ਪੋਸਣ ਕੀਤਾ। ਛੋਟੀ ਹੀ ਉਹਨਾਂ ਨੂੰ ਹਲ ਦੀ ਜੰਘੀ ਫੜਨੀ ਪੈ ਗਈ। ਕੁਝ ਸਾਲ ਉਹਨਾਂ ਨੇ ਵਾਹੀ ਕੀਤੀ। ਜੁਆਨੀ ਚੜ੍ਹਦੇ ਹੀ ਉਹਨਾਂ ਨੇ ਸਿੱਖ ਫੌਜ ਦੀ ਘੋੜਸਵਾਰ ਪਲਟਨ ਵਿੱਚ ਨੌਕਰੀ ਕਰ ਲਈ। ਸਿੱਖ ਰਾਜ ਦੀ ਢਹਿੰਦੀ ਕਲਾ ਵੇਖ ਕੇ ਉਹਨਾਂ ਦਾ ਮਨ ਉਪਰਾਮ ਹੋ ਗਿਆ। 1848 ਈ. ਵਿੱਚ ਮਨ ਦੀ ਭਟਕਣਾ ਦੂਰ ਕਰਨ ਲਈ ਉਹ ਨਿਰਮਲੇ ਸਾਧੂ ਬਣ ਗਏ। ਉਹ ਚਾਰ ਸਾਲ ਬਨਾਰਸ ਰਹੇ ਅਤੇ ਵੇਦਾਂ ਸ਼ਸਤਰਾਂ ਦਾ ਅਧਿਐਨ ਕੀਤਾ।

ਬਨਾਰਸ ਤੋਂ ਵਾਪਸ ਆ ਕੇ ਕੁਝ ਚਿਰ ਲਈ ਉਹਨਾਂ ਨੇ ਬਿਲਾਸਪੁਰ ਜ਼ਿਲ੍ਹਾ

ਫ਼ਿਰੋਜ਼ਪੁਰ ਦੇ ਬਾਹਰ, ਖੂਹ ਉੱਤੇ ਡੇਰਾ ਲਾ ਲਿਆ। ਫਿਰ ਉਹਨਾਂ ਨੇ ਲੋਪੋਬਧਣੀ ਡੇਰਾ ਕੀਤਾ ਪਰ ਉਹਨਾਂ ਦੇ ਮਨ ਦੀ ਉਪਰਾਮਤਾ ਬਿਲਕੁਲ ਦੂਰ ਨ ਹੋਈ। ਅਸਲ ਵਿੱਚ ਉਹਨਾਂ ਦੀ ਬੇਚੈਨੀ ਦਾ ਇਲਾਜ ਸੰਸਾਰ ਛੱਡਣਾ ਨਹੀਂ ਸੀ। ਸਗੋਂ ਦੁਨੀਆਂ ਵਿੱਚ ਰਹਿ ਕੇ ਲੋਕਾਂ ਨੂੰ ਧਰਮ ਅਤੇ ਰਾਜਨੀਤੀ ਦੀ ਸਿੱਖਿਆ ਦੇਣਾ ਸੀ। 1860 ਈ. ਵਿੱਚ ਉਹਨਾਂ ਨੇ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਵਧਦੇ ਪ੍ਰਭਾਵ ਦੀ ਸੋ ਸੁਣੀ। ਉਹ ਆਪ ਜੀ ਦੀ ਅੰਤਰਯਾਤਮਾ ਪਰਖਣ ਲਈ ਸ੍ਰੀ ਭੈਣੀ ਸਾਹਿਬ ਵੱਲ ਚਲ ਪਏ। ਸਤਿਗੁਰੂ ਰਾਮ ਸਿੰਘ ਜੀ ਉਹਨਾਂ ਨੂੰ ਅਗਲਵਾਂਢੀ ਮਿਲੇ ਤਾਂ ਆਪੇ, ਮਨ ਦੀ ਇੱਛਾ ਪੂਰੀ ਹੋਈ ਜਾਣ ਲਟ ੌਰੇ ਹੋ ਗਏ। ਅਤੇ ਉੱਥੋਂ ਜੋਗੇ ਹੀ ਹੋ ਗਏ। ਸਤਿਗੁਰਾਂ ਨੇ 1865 ਈ. ਵਿੱਚ ਉਹਨਾਂ ਨੂੰ ਸੂਬਾ ਬਣਾਇਆ।

ਉਹ ਬਿਹੰਗਮ ਸਾਧ ਸਨ। ਸਤਿਗੁਰਾਂ ਦੇ ਹੁਕਮ ਅਨੁਸਾਰ ਉਹਨਾਂ ਨੇ ਤਖ਼ਤੂਪੁਰੇ ਜਾ ਡੇਰਾ ਲਾਇਆ ਅਤੇ ਫ਼ਿਰੋਜ਼ਪਰ ਜ਼ਿਲ੍ਹੇ ਵਿੱਚ ਪਰਚਾਰ ਕਰਨ ਲੱਗੇ। ਉਹਨਾਂ ਨੇ ਬਹੁਤ ਸਾਰੇ ਕੂਕੇ ਬਣਾਏ। ਉਹ ਦਿਵਾਲੀ, ਵਸਾਖੀ, ਅਰਧਕੁੰਭੀ ਦੇ ਮੇਲਿਆਂ ਉੱਤੇ ਸਤਿਗੁਰੂ ਜੀ ਦੇ ਨਾਲ ਹੁੰਦੇ ਸਨ। ਅਨੰਦਪੁਰ ਦੇ ਹੋਲੇ ਸਮੇਂ 1867 ਈ. ਵਿੱਚ ਵੀ ਉਹ ਆਪ ਜੀ ਦੇ ਨਾਲ ਹੀ ਸਨ। ਉਹਨਾਂ ਦਾ ਫਰੀਦਕੋਟ ਦੇ ਇਲਾਕੇ ਵਿਚ ਬੜਾ ਪ੍ਰਭਾਵ ਸੀ।

18 ਜਨਵਰੀ 1872 ਈ. ਨੂੰ ਮਲੇਰ ਕੋਟਲੇ ਦੇ ਸਾਕੇ ਨੂੰ ਬਹਾਨਾ ਬਣਾ ਕੇ ਸਰਕਾਰ ਨੇ ਉਹਨਾਂ ਨੂੰ, ਸਤਿਗੁਰੂ ਜੀ ਅਤੇ ਹੋਰ ਸੂਬਿਆਂ ਨਾਲ ਹਿਰਾਸਤ ਵਿੱਚ ਲੈ ਕੇ, ਲੁਧਿਆਣਿਓਂ ਰੇਲ ਗੱਡੀ ਰਾਹੀਂ, ਅਲਾਹਾਬਾਦ ਭੇਜ ਦਿੱਤਾ ਅਤੇ ਕਿਲੇ ਵਿੱਚ ਬੰਦ ਕਰ ਦਿੱਤਾ।

ਜੇ. ਡਬਲਿਉ. ਮੈਕਨਬ, ਡੀ.ਸੀ. ਅੰਬਾਲਾ ਨੇ ਆਪਣੀ ਰਿਪੋਰਟ ਵਿੱਚ, ਭਾਵੇਂ ਉਹਨਾਂ ਨੂੰ ਸਹੀ ਅਰਥਾਂ ਵਿੱਚ ਸੰਤ-ਫ਼ਕੀਰ ਸਮਝਿਆ ਅਤੇ ਖ਼ਤਰਨਾਕ ਵੀ ਨਹੀਂ ਸਮਝਿਆ, ਫਿਰ ਵੀ ਉਸਨੇ ਦੇਸ਼ ਨਿਕਾਲੇ ਦੀ ਸਿਫ਼ਾਰਸ਼ ਕੀਤੀ। ਏਸੇ ਕਰਕੇ 14 ਦਸੰਬਰ 1872 ਈ. ਨੂੰ ਉਹਨਾਂ ਨੂੰ ਮੌਲਮੀਨ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉੱਥੇ ਹੀ ਉਹ, 29 ਨਵੰਬਰ, 1882 ਨੂੰ ਪ੍ਰਲੋਕ ਸਿਧਾਰ ਗਏ।

੨. ਸੂਬਾ ਕਾਹਨ ਸਿੰਘ

ਉਹਨਾਂ ਦਾ ਨਾਮ ਨਿਹੰਗ ਸਿੰਘ, ਕਾਹਨ ਸਿੰਘ ਨਿਹੰਗ ਜਾਂ ਬਾਬਾ ਕਾਹਨ ਸਿੰਘ ਨਿਹੰਗ ਵੀ ਪ੍ਰਚਲਤ ਹੈ। ਉਹ ਨਾਮਧਾਰੀ ਮਰਯਾਦਾ ਅਪਣਾਉਣ ਦੇ ਬਾਅਦ ਵੀ ਆਪਣਾ ਨਿਹੰਗਾਂ ਵਾਲਾ, ਉੱਚ ਦੁਮਾਲਾ ਹੀ ਰੱਖਦੇ ਰਹੇ, ਜਿਸਨੂੰ ਸਤਿਗੁਰੂ ਜੀ ਨੇ ਪ੍ਰਵਾਨ ਕੀਤਾ।

ਉਹਨਾਂ ਦਾ ਜਨਮ 1812 ਈ. ਵਿੱਚ ਵੱਡਾ ਚੱਕ ਰਿਆਸਤ ਮਲੇਰ ਕੋਟਲਾ ਵਿਖੇ ਹੋਇਆ। ਉਹਨਾਂ ਦੇ ਪਿਤਾ ਦਾ ਨਾਮ ਸ੍ਰ. ਨੱਥਾ ਸਿੰਘ ਸੀ। ਕੁਝ ਚਿਰ

ਪਿਤਾ ਨਾਲ ਵਾਹੀ ਵਿਚ ਹੱਥ ਵਟਾਉਣ ਤੋਂ ਬਾਅਦ, ਉਹ ਖ਼ਾਲਸਾ ਫ਼ੌਜ ਵਿੱਚ ਭਰਤੀ ਹੋ ਗਏ। ਉਹ ਕੰਵਰ ਨੌ-ਨਿਹਾਲ ਸਿੰਘ ਦੀ ਰਜਮੈਂਟ ਵਿੱਚ ਹਵਾਲਦਾਰ ਸਨ। ਇਸ ਰਜਮੈਂਟ ਵਿੱਚ ਹੀ 1837 ਈ: ਵਿੱਚ, ਗੁਰੂ ਰਾਮ ਸਿੰਘ ਜੀ ਭਰਤੀ ਹੋਏ। ਹਵਾਲਦਾਰ ਕਾਹਨ ਸਿੰਘ ਆਮ ਤੌਰ ਉੱਤੇ ਬ੍ਰਿਗੇਡੀਅਰ ਮੇਜਰ, ਮੈਕਸਨ ਨਾਲ ਡਿਊਟੀ ਉੱਤੇ ਰਹਿੰਦੇ ਸਨ।

ਉਹ 1841 ਈ. ਵਿੱਚ ਮਹਾਰਾਜਾ ਸ਼ੇਰ ਸਿੰਘ ਦੇ ਰਾਜ ਸਮੇਂ ਗੁਰੂ ਬਾਲਕ ਸਿੰਘ ਦੇ ਦਰਸ਼ਨ ਕਰਨ ਹਜ਼ਰੋ ਗਏ ਅਤੇ ਗੁਰਮੰਤਰ ਲਿਆ। ਬਾਅਦ ਵਿੱਚ ਉਹਨਾਂ ਨੇ ਨੌਕਰੀ ਛੱਡ ਦਿੱਤੀ। ਮਲੋਡ ਜ਼ਿਲ੍ਹਾ ਕਾਂਗੜਾ ਵਿੱਚ ਆਸ਼ਰਮ ਬਣਾ ਕੇ ਸਿਮਰਨ ਕਰਨ ਲੱਗੇ। ਬਾਅਦ ਵਿੱਚ ਆਪ, ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆ ਗਏ।

ਜਦ ਸਤਿਗੁਰੂ ਜੀ ਨੂੰ, ਸ੍ਰੀ ਭੈਣੀ ਸਾਹਿਬ, ਨਜ਼ਰਬੰਦ ਕਰ ਦਿੱਤਾ ਗਿਆ ਤਾਂ ਬਾਬਾ ਜੀ ਲੈਫਟੀਨੈਂਟ ਗਵਰਨਰ, ਮੈਕਲਡ, ਨੂੰ ਵੀ ਮਿਲੇ ਅਤੇ ਉਸਨੂੰ ਸਤਿਗੁਰਾਂ ਦੀ ਗੈਰ ਹਾਜ਼ਰੀ ਵਿੱਚ ਅਨੰਦ ਕਾਰਜ ਕਰਨ ਦੀ ਅਤੇ ਧਾਰਮਿਕ ਕਾਰਜ ਕਰਨ ਦੀ ਸੰਗਤ ਦੀ ਕਠਿਨਾਈ ਦੱਸ ਕੇ ਨਜ਼ਰਬੰਦੀ ਹਟਾ ਦੇਣ ਲਈ ਕਿਹਾ।

ਉਹਨਾਂ ਨੂੰ ਸਤਿਗੁਰੂ ਜੀ ਨੇ ਸੂਬਾ ਥਾਪ ਦਿੱਤਾ। ਉਹ ਹੁਸ਼ਿਆਰਪੁਰ, ਅੰਬਾਲੇ ਅਤੇ ਮਾਲਵੇ ਦੇ ਇਲਾਕੇ ਵਿੱਚ ਪ੍ਰਚਾਰ ਕਰਦੇ ਰਹੇ। ਬਹੁਤਾ ਚਿਰ ਉਹਨਾਂ ਨੇ ਬਲੋਲ ਜ਼ਿਲ੍ਹਾ ਹੁਸ਼ਿਆਰਪੁਰ ਹੀ ਡੇਰਾ ਰੱਖਿਆ। ਉਹਨਾਂ ਦੇ ਪ੍ਰਭਾਵ ਨਾਲ ਹੁਸ਼ਿਆਰਪੁਰ ਦਾ ਇਕ ਹਵਾਲਦਾਰ ਅਤੇ 15 ਸਿਪਾਹੀ ਵੀ ਨਾਮਧਾਰੀ ਬਣੇ।

1871 ਈ. ਦੇ ਅੰਮ੍ਰਿਤਸਰ, ਗਊ ਰੱਖਿਆ ਕਾਂਡ ਸਮੇਂ, ਉਹ ਹੁਸ਼ਿਆਰਪੁਰ ਹੀ ਸਨ, ਪਰ ਉਹਨਾਂ ਉੱਤੇ ਕੜੀ ਨਿਗਰਾਨੀ ਰੱਖੀ ਗਈ। ਰਾਇਕੋਟ ਕੂਕਾ ਕੇਸ ਸਮੇਂ ਉਹਨਾਂ ਨੂੰ ਹੁਸ਼ਿਆਰਪੁਰ ਫਿਰਨ ਦੀ ਮਨਾਹੀ ਕੀਤੀ ਗਈ। ਭਾਵੇਂ ਉਹਨਾਂ ਦਾ ਮਲੇਰ ਕੋਟਲੇ ਦੇ ਸਾਕੇ ਨਾਲ ਕੋਈ ਸੰਬੰਧ ਨਹੀਂ ਸੀ ਅਤੇ ਉਹਨਾਂ ਨੇ ਇਸ ਸੰਬੰਧੀ ਬਿਆਨ ਵੀ ਦਿੱਤਾ ਫਿਰ ਵੀ ਸਰਕਾਰ ਨੇ ਉਹਨਾਂ ਨੂੰ ਤੀਜੇ ਨੰਬਰ ਦਾ ਮਹੱਤਵਪੂਰਨ ਚਤੁਰ ਚਲਾਕ ਤੇ ਸ਼ਰਾਰਤੀ ਸੂਬਾ ਸਮਝ ਕੇ, ਦੇਸ਼ ਨਿਕਾਲੇ ਦੀ ਸਜਾ ਸੁਣਾ ਦਿੱਤੀ। 18 ਜਨਵਰੀ, 1872 ਈ. ਨੂੰ ਸੂਬਾ ਜੀ ਨੂੰ ਅਲਾਹਾਬਾਦ ਦੇ ਕਿਲੇ ਵਿਚ ਕੈਦ ਕਰਨ ਲਈ ਲੁਧਿਆਣਿਓਂ ਗੱਡੀ ਉੱਤੇ ਭੇਜਿਆ ਗਿਆ।

24 ਮਾਰਚ, 1873 ਨੂੰ ਉਹਨਾਂ ਨੂੰ ਅਦਨ ਜੇਲ੍ਹ ਪਹੁੰਚਾਇਆ ਗਿਆ। ਉੱਥੇ ਉਹ ਬਿਮਾਰ ਹੋ ਗਏ। ਉਹਨਾਂ ਨੂੰ ਦਸਤ ਲੱਗ ਗਏ ਅਤੇ ਫਿਰ ਹਰਨੀਆਂ ਦੀ

ਸ਼ਕਾਇਤ ਹੋ ਗਈ। ਉਥੋਂ ਦਾ ਹਵਾ ਪਾਣੀ ਵੀ ਉਹਨਾਂ ਦੇ ਅਨੁਕੂਲ ਨਹੀਂ ਸੀ। ਜੇਲ੍ਹ ਸੁਪਰਡੰਟ ਨੇ, 2 ਜਨਵਰੀ, 1875 ਨੂੰ ਫਸਟ ਅਸਿਸਟੈਂਟ ਪੁਲਿਸ ਰੈਜ਼ੀਡੈਂਟ ਨੂੰ ਲਿਖਿਆ ਕਿ ਇਨ੍ਹਾਂ ਨੂੰ ਕਿਸੇ ਹੋਰ ਥਾਂ ਤਬਦੀਲ ਕਰ ਦਿੱਤਾ ਜਾਵੇ। ਸੋ ਇਨ੍ਹਾਂ ਨੂੰ, ਹਜ਼ਾਰੀ ਬਾਗ. ਭੇਜਣ ਲਈ ਅਫਸਰ ਤਿਆਰ ਹੋ ਗਏ। 24 ਅਪਰੈਲ, 1875 ਨੂੰ ਆਪ ਨੂੰ ਹਜ਼ਾਰੀ ਬਾਗ ਭੇਜਿਆ ਗਿਆ। ਇਥੇ 10 ਜੂਨ 1879 ਨੂੰ ਆਪ ਦੇ ਸਾਥੀ ਸੂਬਾ ਸਾਹਿਬ ਸਿੰਘ ਜੀ ਅਕਾਲ ਚਲਾਣਾ ਕਰ ਗਏ। ਸੋ ਸਰਕਾਰ ਨੇ ਇੱਕਲੇਪਨ ਅਤੇ ਸਦਮੇ ਦੇ ਅਹਿਸਾਸ ਤੋਂ ਬਚਾਉਣ ਲਈ ਉਹਨਾਂ ਨੂੰ 25 ਮਈ, 1880 ਨੂੰ ਚੁਨਾਰ ਦੇ ਕਿਲ੍ਹੇ ਵਿੱਚ ਭੇਜ ਦਿੱਤਾ। ਉਹਨਾਂ ਦੀ ਵਡੇਰੀ ਉਮਰ ਕਰਕੇ, ਤੇ ਉਹਨਾਂ ਤੋਂ ਭਵਿਖਤ ਵਿੱਚ ਸਰਕਾਰ ਨੂੰ ਕੋਈ ਖਤਰਾ ਨਾ ਸਮਝਦੇ ਹੋਏ, ਉਹਨਾਂ ਨੂੰ 30 ਮਾਰਚ 1888 ਨੂੰ ਰਿਹਾ ਕਰ ਦਿੱਤਾ ਗਿਆ। ਉਹ ਵਾਪਸ ਆਕੇ ਕੁਝ ਸਾਲ ਸ੍ਰੀ ਭੈਣੀ ਸਾਹਿਬ ਰਹੇ ਅਤੇ ਫਿਰ ਅੰਮ੍ਰਿਤਸਰ ਚਲੇ ਗਏ ਅਤੇ ਓੱਥੇ ਹੀ 1897 ਈ: ਵਿੱਚ ਆਪ ਨੇ ਪ੍ਰਾਣ ਤਿਆਗੇ।

**ੲ. ਸੂਬਾ ਸਾਹਿਬ ਸਿੰਘ**

ਉਹਨਾਂ ਦਾ ਜਨਮ 1834 ਈ. ਵਿੱਚ ਬੰਗਾਲੀਪੁਰ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ. ਦਿਆਲ ਸਿੰਘ ਦੇ ਘਰ ਹੋਇਆ। 1843 ਈ. ਵਿੱਚ ਉਹ ਬੰਗਾਲੀਪੁਰ ਠਹਿਰੇ ਹੋਏ ਉਦਾਸੀ ਸਾਧੂਆਂ ਦੇ ਟੋਲੇ ਨਾਲ ਜਾ ਰਲੇ। 11 ਵਰ੍ਹੇ ਉਹ ਨਾਗੇ ਸਾਧੂਆਂ ਦੇ ਟੋਲੇ ਵਿੱਚ ਵੀ ਰਹੇ। 1859 ਈ. ਵਿੱਚ ਉਹ ਸਤਿਗੁਰੂ ਬਾਲਕ ਸਿੰਘ ਦੇ ਚਰਨਾਂ ਵਿੱਚ ਆਏ। ਫਿਰ ਉਹ ਨਾਮਧਾਰੀ ਲਹਿਰ ਵਿੱਚ ਸ਼ਾਮਲ ਹੋ ਗਏ।

1866 ਈ. ਵਿੱਚ ਸਤਿਗੁਰੂ ਰਾਮ ਸਿੰਘ ਜੀ ਨੇ ਉਹਨਾਂ ਨੂੰ ਸੂਬਾ ਥਾਪਿਆ। ਉਹਨਾਂ ਨੂੰ ਡਾਕ ਪ੍ਰਬੰਧ ਸੌਂਪਿਆ ਗਿਆ। ਉਹ ਸਤਿਗੁਰੂ ਜੀ ਦੇ ਨਿਜੀ ਸੂਬੇ ਸਨ, ਪ੍ਰਮੁੱਖ ਸਲਾਹਕਾਰ। ਅੰਗਰੇਜ਼ ਉਹਨਾਂ ਨੂੰ ਸਤਿਗੁਰੂ ਜੀ ਤੋਂ ਬਾਅਦ ਪ੍ਰਮੁੱਖ ਨਾਮਧਾਰੀ ਆਗੂ ਸਮਝਦੇ-ਰਹੇ। ਉਹਨਾਂ ਨੂੰ ਆਪ ਜੀ ਨੂੰ ਸਤਿਗੁਰੂ ਜੀ ਦਾ ਜਾਨਸ਼ੀਨ ਵੀ ਗਰਦਾਨਿਆ। ਭੈਣੀ ਸਾਹਿਬ ਦੀ ਘੁੜਸਾਲ ਦੀ ਦੇਖ ਭਾਲ ਵੀ ਉਹ ਕਰਦੇ ਰਹੇ। ਉਹ ਘੋੜਿਆਂ ਦਾ ਵਿਉਪਾਰ ਵੀ ਕਰਦੇ ਪਰ ਨਫ਼ਾ ਲੰਗਰ ਵਿੱਚ ਹੀ ਪਾ ਦੇਂਦੇ।

ਪਰਚਾਰ ਦੌਰਿਆਂ ਜਾਂ ਵਿਦੇਸ਼ੀ ਮਿਸ਼ਨ ਸਮੇਂ ਕਈ ਵਾਰ ਉਹਨਾਂ ਨਾਲ ਸੂਬਾ ਕਾਹਨ ਸਿੰਘ ਤੇ ਸ੍ਰ. ਮੰਗਲ ਸਿੰਘ ਜੀ ਵੀ ਹੁੰਦੇ। ਕਈ ਲੇਖਕਾਂ ਦਾ ਇਹ ਕਹਿਣਾ ਹੈ ਕਿ ਉਹਨਾਂ ਨੇ ਹੀ ਨਾਮਧਾਰੀ ਲਹਿਰ ਦਾ ਰਾਜਨੀਤੀਕਰਨ ਕੀਤਾ। ਪਰ ਸੱਚ ਇਹ ਹੈ ਕਿ ਉਹ ਸਤਿਗੁਰੂ ਜੀ ਦੇ ਧਰਮ ਤੇ ਰਾਜਨੀਤੀ ਦੇ ਪਸਾਰੇ ਨੂੰ ਪੂਰੀ ਤਰਾਂ ਸਮਝਦੇ ਸਨ।

1870 ਈ. ਵਿੱਚ ਉਹਨਾਂ ਨੂੰ ਦੋ ਵਧੀਆ ਖੱਚਰਾਂ, ਦੋ ਵਧੀਆ ਮੱਝਾਂ ਤੇ

ਹੋਰ ਤੋਹਫੇ ਦੇ ਕੇ, ਮਹਾਰਾਜਾ ਨੇਪਾਲ ਨੂੰ ਦੇਣ ਲਈ, ਰਾਜਦੂਤ ਵਜੋਂ, ਸੂਬਾ ਕਾਹਨ ਸਿੰਘ ਨਾਲ ਕਾਠਮੰਡੂ ਭੇਜਿਆ ਗਿਆ। ਆਪ ਸਦਾ ਹੀ ਦੌਰਿਆਂ ਸਮੇਂ ਸਤਿਗੁਰੂ ਜੀ ਨਾਲ ਜਾਂਦੇ ਸਨ। ਆਪ ਜਨ ਸਧਾਰਨ ਨੂੰ ਨਾਮਧਾਰੀ ਰਹਿਤ ਮਰਯਾਦਾ ਅਪਨਾਉਣ ਲਈ ਪ੍ਰੇਰਦੇ ਸਨ।

18 ਜਨਵਰੀ 1872 ਨੂੰ ਮਲੇਰ ਕੋਟਲੇ ਦੇ ਸਾਕੇ ਦੀ ਆੜ ਵਿੱਚ, ਉਹਨਾਂ ਨੂੰ ਵੀ ਸ੍ਰੀ ਭੈਣੀ ਸਾਹਿਬ ਤੋਂ ਅਲਾਹਾਬਾਦ ਭੇਜ ਦਿੱਤਾ ਗਿਆ। ਉੱਥੋਂ 23 ਮਾਰਚ, 1873 ਨੂੰ ਆਪ ਨੂੰ ਅਦਨ ਭੇਜਿਆ ਗਿਆ। ਅਦਨ ਦਾ ਹਵਾ ਪਾਣੀ ਮਾਫਕ ਨਾ ਆਉਣ ਕਰਕੇ ਉਹਨਾਂ ਦੀ ਸਿਹਤ ਖ਼ਰਾਬ ਹੋ ਗਈ। ਉਹਨਾਂ ਨੂੰ ਸ਼ੂਗਰ ਦੀ ਨਾਮੁਰਾਦ ਬੀਮਾਰੀ ਲੱਗ ਗਈ। ਉਹਨਾ ਦੀ ਸਿਹਤ ਦਾ ਧਿਆਨ ਰੱਖਦੇ ਹੋਏ 23 ਅਪਰੈਲ 1875 ਨੂੰ ਉਹਨਾਂ ਨੂੰ ਹਜ਼ਾਰੀ ਬਾਗ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਏਥੇ ਹੀ 10 ਜੂਨ 1879 ਨੂੰ ਇਸ ਦੇਸ਼ ਭਗਤ, ਸੂਝਵਾਨ, ਦ੍ਰਿੜ ਵਿਸ਼ਵਾਸੀ, ਸੂਬੇ ਦੇ ਪ੍ਰਾਣ ਪੰਖੇਰੂ ਉੱਡ ਗਏ।

### ੪. ਸੂਬਾ ਲੱਖਾ ਸਿੰਘ

ਉਹਨਾਂ ਦਾ ਜਨਮ ਮਲੌਦ ਜ਼ਿਲ੍ਹਾ ਲੁਧਿਆਣਾ ਵਿਖੇ ਸ੍ਰ. ਰਣ ਸਿੰਘ ਦੇ ਘਰ, 1836 ਈ. ਨੂੰ ਹੋਇਆ। ਜੁਆਨੀ ਚੜ੍ਹਦਿਆਂ ਹੀ ਉਹ ਸ਼ੇਰ ਦਿਲ ਰਜਮੈਂਟ ਵਿੱਚ ਡ੍ਰਿੱਲ ਇੰਸਟਰੈਕਟਰ ਜਾ ਬਣੇ। ਜਦੋਂ ਰਜਮੈਂਟ ਤੋੜ ਦਿੱਤੀ ਗਈ ਤਾਂ ਉਹ ਜਲੰਧਰ ਪੁਲਿਸ ਵਿੱਚ ਭਰਤੀ ਹੋ ਗਏ। 1860 ਈ. ਵਿੱਚ, ਉਹ ਸਤਿਗੁਰੂ ਰਾਮ ਸਿੰਘ ਜੀ ਦੇ ਝੰਡੇ ਹੇਠ ਆਏ। ਫਿਰ ਅੱਖਾਂ ਖੁਲ੍ਹ ਗਈਆਂ। ਉਹਨਾਂ ਨੇ 1861 ਈ. ਵਿੱਚ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ ਅਤੇ ਸਿੱਧੇ ਸ੍ਰੀ ਭੈਣੀ ਸਾਹਿਬ ਪੁੱਜੇ ਅਤੇ ਸੇਵਾ ਵਿੱਚ ਲੱਗ ਗਏ।

ਉਹਨਾਂ ਦੇ ਜ਼ੁੰਮੇ, ਲੰਗਰ ਦਾ ਪ੍ਰਬੰਧ ਤੇ ਡੰਗਰ-ਵੱਛੇ ਲਈ, ਸੇਵਾ ਸੰਭਾਲ ਦੀ ਜ਼ੁੰਮੇਵਾਰੀ ਲਾਈ। ਉਹ ਕਈ ਵਾਰ, ਹੁਕਮ ਮੰਨ ਕੇ, ਸਤਿਗੁਰਾਂ ਨਾਲ ਦੌਰੇ ਤੇ ਵੀ ਗਏ। ਜਦੋਂ ਸਤਿਗੁਰੂ ਰਾਮ ਸਿੰਘ ਜੀ ਨੇ, ਉਹਨਾਂ ਨੂੰ ਸੂਬਾ ਥਾਪਿਆ ਤਾਂ ਉਹ ਜਲੰਧਰ ਅਤੇ ਹੁਸ਼ਿਆਰਪੁਰ ਦੇ ਜ਼ਿਲ੍ਹਿਆਂ ਦਾ ਦੌਰਾਂ ਕਰਦੇ ਰਹੇ।

ਕੂਕੇ ਮਸਤਾਨੇ, 13 ਜਨਵਰੀ 1872 ਨੂੰ ਸ੍ਰੀ ਭੈਣੀ ਸਾਹਿਬ ਤੋਂ ਮਲੇਰ ਕੋਟਲੇ ਵੱਲ ਚੱਲ ਗਏ, ਤਾਂ ਸਤਿਗੁਰਾਂ ਨੇ, ਸੂਬਾ ਜੀ ਨੂੰ, ਉਹਨਾਂ ਮਸਤਾਨਿਆਂ ਬਾਰੇ ਡੀ. ਸੀ. ਨੂੰ ਜਾਣਕਾਰੀ ਦੇਣ ਲਈ ਲੁਧਿਆਣੇ ਭੇਜਿਆ। ਸਰਕਾਰ ਨੇ ਕੋਈ ਹੋਰ ਕਾਰਵਾਈ ਕਰਨ ਦੀ ਥਾਂ ਸੂਬਾ ਲੱਖਾ ਸਿੰਘ ਜੀ ਨੂੰ ਹੀ ਲੁਧਿਆਣੇ ਰੋਕ ਲਿਆ ਅਤੇ 18 ਜਨਵਰੀ 1872 ਨੂੰ ਉਨ੍ਹਾਂ ਨੂੰ ਅਲਾਹਾਬਾਦ ਭੇਜਿਆ ਗਿਆ, ਜਿੱਥੋਂ 30 ਦਸੰਬਰ 1872 ਨੂੰ ਉਹਨਾਂ ਨੂੰ ਮੌਲਮੀਨ, ਕਾਇਉਟਕਾਂ ਆਉਟ ਪੋਸਟ ਜੇਲ੍ਹ ਭੇਜ ਦਿੱਤਾ ਗਿਆ। 1892 ਵਿੱਚ ਉਹਨਾਂ ਦੀ ਸਿਹਤ ਖ਼ਰਾਬ ਰਹਿਣ ਲੱਗੀ ਤਾਂ

ਜੇਲ੍ਹ ਅਫ਼ਸਰ ਨੇ ਸਰਕਾਰ ਨੂੰ ਨਜ਼ਰਬੰਦੀ ਤੋਂ ਮੁਕਤ ਮੌਲਮੀਨ ਰਹਿਣ ਦੀ ਇਜਾਜ਼ਤ ਮੰਗੀ। ਸੂਬਾ ਜੀ ਬਾਰੇ ਇਜ਼ਾਜ਼ਤ ਮਿਲਣ ਤੇ ਉਹ ਸ਼ਹਿਰ ਵਿੱਚ ਰਹਿਣ ਲੱਗੇ। ਉਹਨਾਂ ਦੀ ਪੈਨਸ਼ਨ ਵੀ ਲੱਗ ਗਈ। ਉਹਨੇ ਇੱਕ ਬਰਮੀ ਔਰਤ ਨਾਲ ਵਿਆਹ ਕਰ ਲਿਆ ਜਿਸ ਤੋਂ ਦੋ ਬੱਚੀਆਂ ਹੋਈਆਂ। ਮੌਲਮੀਨ ਵਿੱਚ ਹੀ ਉਹ ਫਰਵਰੀ 1903 ਈ: ਨੂੰ ਚੜ੍ਹਾਈ ਕਰ ਗਏ। ਉਹਨਾਂ ਨੂੰ ਉਪ-ਮੁੱਖ ਸੂਬਾ ਸਮਝਿਆ ਜਾਂਦਾ ਸੀ।

**੫. (ੳ) ਸੂਬਾ ਦਰਬਾਰਾ ਸਿੰਘ**

ਉਹਨਾਂ ਦਾ ਜਨਮ 1823 ਈ. ਵਿੱਚ ਸਰਦਾਰ ਮਹਿਤਾਬ ਸਿੰਘ ਦੇ ਘਰ ਰਾਏਪੁਰ ਵਿੱਚ ਹੋਇਆ। ਖਾਨਦਾਨੀ ਸਰਦਾਰ ਅਤੇ ਪਿੰਡ ਦੇ ਨੰਬਰਦਾਰ ਹੋਣ ਕਰਕੇ ਸਰਦੇ ਪੁੱਜਦੇ ਸਨ ਜੋ ਸਰਦਾਰਾਂ ਵਾਲੀਆਂ ਭੈੜੀਆਂ ਆਦਤਾਂ ਮਾਸ, ਸ਼ਰਾਬ ਅਤੇ ਅਫੀਮ ਆਦਿ ਨਸ਼ਿਆਂ ਵਿਚ ਗਲਤਾਨ ਰਹਿੰਦੇ ਸਨ। ਜਦੋਂ ਸਤਿਗੁਰੂ ਜੀ ਦੇ ਚਰਨੀਂ ਆ ਗਏ ਤਾਂ, ਨਾਮ ਸਿਮਰਨ ਅਤੇ ਦੇਸ਼ ਭਗਤੀ ਦੇ ਨਸ਼ੇ ਬਿਨਾਂ, ਸਭ ਨਸ਼ੇ ਕਾਫੂਰ ਹੋ ਗਏ। ਉਹਨਾਂ ਨੇ ਜ਼ਮੀਨ ਜਾਇਦਾਦ ਆਦਿ ਦਾ ਆਪਣੇ ਮਿਸ਼ਨ ਲਈ ਤਿਆਗ ਕੀਤਾ। ਉਹ ਸ੍ਰੀ ਭੈਣੀ ਸਾਹਿਬ ਹੀ ਰਹਿਣਾ ਲੱਗੇ। ਉਹਨਾਂ ਦਾ ਸ਼ਿਆਮ ਰੰਗ, ਲੰਮਾ ਦਾਹੜਾ, ਭਰਵਾਂ ਸਰੀਰ ਅਤੇ ਸਾਧਾਰਨ ਕੱਦ-ਕਾਠ ਸੀ। ਸਰਕਾਰੀ ਰਿਕਾਰਡ ਨੇ ਉਹਨਾਂ ਨੂੰ ਪ੍ਰਭਾਵਸ਼ਾਲੀ ਕੂਕਾ ਮੰਨਿਆ ਹੈ। ਸਰਕਾਰ ਨੇ, ਸਤੰਬਰ 1873, ਵਿੱਚ ਉਹਨਾਂ ਉੱਤੇ ਮੁਕੱਦਮਾ ਚਲਾਇਆ ਅਤੇ 1875 ਵਿੱਚ ਉਹਨਾਂ ਉੱਤੇ ਇੱਕ ਹਜ਼ਾਰ ਰੁਪੈ ਜੁਰਮਾਨਾ ਕੀਤਾ ਅਤੇ ਮੁਚਲਕੇ ਤੇ ਛੱਡਿਆ। ਉਹ ਭੈਣੀ ਸਾਹਿਬ ਉੱਨ ਦੀ ਮਾਲਾ ਬਣਾਉਣ ਦੀ ਸੇਵਾ ਕਰਦੇ ਰਹੇ। ਆਪ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਕਰਨ ਲਈ ਰੰਗੂਨ ਵੀ ਗਏ ਅਤੇ ਹੁਕਮਨਾਮੇ ਲੈ ਕੇ ਆਏ।

ਮਹਾਰਾਜ ਗੁਰਦਿਆਲ ਸਿੰਘ ਜੀ ਬਿਨਾਂ ਕਿਸੇ ਵੀ ਨਾਮਧਾਰੀ ਜਾਂ ਗੈਰਨਾਮਧਾਰੀ ਲੇਖਕ ਨੇ ਇਨ੍ਹਾਂ ਨੂੰ 22 ਸੂਬਿਆਂ ਵਿਚ ਸ਼ਾਮਲ ਨਹੀਂ ਕੀਤਾ। ਉਹਨਾਂ ਦੀ ਥਾਂ ਉੱਤੇ ਸੂਬਾ ਸੁਧ ਸਿੰਘ ਦਾ ਨਾਂ ਆਉਂਦਾ ਹੈ। ਏਥੋਂ ਤੱਕ ਕਿ ਸੂਬਾ ਸਾਹਿਬ ਸਿੰਘ ਨੇ 23 ਅਪਰੈਲ, 1873 ਨੂੰ ਬਰਤਾਨਵੀਂ ਸਰਕਾਰ ਨੂੰ ਦਿੱਤੇ ਬਿਆਨਾਂ ਵਿੱਚ ਬਾਬਾ ਕਾਹਨ ਸਿੰਘ, ਸੁਧ ਸਿੰਘ, ਜਵਾਹਰ ਸਿੰਘ ਪਹਿਲੇ ਸੂਬੇ ਗਿਣੇ ਹਨ। ਸੋ ਇਸ ਤੋਂ ਅਗੇ ਸੂਬਾ ਸੁਧ ਸਿੰਘ ਬਾਰੇ ਵੀ ਪ੍ਰਾਪਤ ਜਾਣਕਾਰੀ ਦਿੱਤੀ ਜਾ ਰਹੀ ਹੈ।

**(ਅ) ਸੂਬਾ ਸੁਧ ਸਿੰਘ**

ਇਨ੍ਹਾਂ ਦਾ ਜਨਮ 1822 ਈ. ਨੂੰ ਸ: ਰਾਮ ਸਿੰਘ ਦੇ ਘਰ ਸਮਰੀ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਹੋਇਆ। ਉਹ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਸ਼ਰਧਾਲੂ

ਸਨ। ਸਤਿਗੁਰੂ ਰਾਮ ਸਿੰਘ ਜੀ ਦੇ ਭਜਨ ਪੁੱਛਣ ਸਮੇਂ 1841 ਈ. ਵਿੱਚ ਹੀ ਉਹਨਾਂ ਨੇ ਸਤਿਗੁਰੂ ਬਾਲਕ ਸਿੰਘ ਜੀ ਤੋਂ ਭਜਨ ਪੁੱਛਿਆ ਸੀ। ਬਾਅਦ ਵਿੱਚ ਉਹ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੀ ਸ਼ਰਨ ਆ ਗਏ। ਉਹ ਚੁੱਪ ਰਹਿੰਦੇ ਸਨ, ਸ਼ਾਂਤ ਸੁਭਾ ਸਨ ਅਤੇ ਆਏ ਗਏ ਦਾ ਬੜਾ ਆਦਰ ਕਰਦੇ ਸਨ। ਸੂਬਾ ਥਾਪੇ ਜਾਣ ਬਾਅਦ ਉਹਨਾਂ ਨੇ ਜ਼ਿਲ੍ਹਾ ਅੰਬਾਲਾ ਅਤੇ ਮਾਝੇ, ਮਾਲਵੇ ਦੇ ਦੌਰੇ ਕੀਤੇ। ਮੁੱਢਲੇ ਤੌਰ ਉੱਤੇ ਉਹ ਸਾਗਰੀ ਜ਼ਿਲਾ ਅੰਮ੍ਰਿਤਸਰ ਰਹੇ ਅਤੇ 1872 ਵਿੱਚ ਆਪਣੇ ਜੱਦੀ ਪਿੰਡ ਮਦੌਰ ਡੇਰਾ ਲਾ ਲਿਆ। ਉਹਨਾਂ ਦਾ ਨਾਮਧਾਰੀ ਸਿੱਖ ਬੜਾ ਆਦਰ ਕਰਦੇ ਸਨ ਅਤੇ ਪ੍ਰਭਾਵ ਵੀ ਕਬੂਲਦੇ ਸਨ। ਉਹਨਾਂ ਦਾ ਰੰਗ ਸੌਲਾ, ਪਹਿਲਾਂ ਦਾੜ੍ਹੇ ਤੇ ਮੁੱਛਾਂ ਦੇ ਵਾਲ ਕਾਲੇ ਤੇ ਕੱਦ 5 ਫੁੱਟ 4 ਇੰਚ ਸੀ। ਆਪਣੇ ਪਿੰਡ ਵਿੱਚ ਹੀ ਉਹ 1892 ਈ: ਵਿੱਚ ਇਸ ਆਸਾਰ ਸੰਸਾਰ ਨੂੰ ਅਲਵਿਦਾ ਆਖ ਗਏ।

### ੬. ਸੂਬਾ ਅਰੂੜ ਸਿੰਘ

ਉਹਨਾਂ ਦਾ ਨਾਂ ਰੂੜ ਸਿੰਘ ਕਰਕੇ ਵੀ ਲਿਆ ਜਾਂਦਾ ਸੀ। ਉਹਨਾਂ ਦਾ ਜਨਮ 1831 ਈ. ਵਿੱਚ ਬੰਗਾਲੀਪੁਰ ਜ਼ਿਲ੍ਹਾ ਅੰਮ੍ਰਿਤਸਰ ਵਿੱਚ ਸ੍ਰ. ਦਿਆਲ ਸਿੰਘ ਦੇ ਘਰ ਹੋਇਆ। ਸਿੱਖ ਰਾਜ ਦੀ ਢਲਦੀ ਸ਼ਾਮ ਸਮੇਂ ਕੁਝ ਸਮਾਂ ਉਹਨਾਂ ਨੇ ਫੌਜ ਵਿੱਚ ਘੋੜਸਵਾਰ ਦੇ ਤੌਰ ਤੇ ਨੌਕਰੀ ਕੀਤੀ। ਉਹ 1860 ਈ. ਵਿੱਚ ਨਾਮਧਾਰੀ ਬਣੇ ਬਾਅਦ ਵਿੱਚ ਉਹਨਾਂ ਨੂੰ ਸੂਬਾ ਬਣਾਇਆ ਗਿਆ। ਉਹ 1867 ਈ. ਦੇ ਅਨੰਦਪੁਰ ਸਾਹਿਬ ਦੇ ਹੋਲੇ ਸਮੇਂ ਸਤਿਗੁਰਾਂ ਦੇ ਨਾਲ ਹੀ ਸਨ ਉਦੋਂ ਹੀ ਉਹਨਾਂ ਨੂੰ ਭਜਨ ਦੇਣ ਦੀ ਇਜ਼ਾਜਤ ਮਿਲੀ। ਉਹਨਾਂ ਨੂੰ ਅੰਮ੍ਰਿਤਸਰ ਦੇ ਜ਼ਿਲ੍ਹੇ ਦਾ ਪਰਚਾਰ ਕਰਨ ਦਾ ਕਾਰਜ ਸੌਂਪਿਆ ਗਿਆ। ਸੂਬਾ ਸਾਹਿਬ ਸਿੰਘ ਦੇ ਵੱਡੇ ਵੀਰ ਹੋਣ ਕਰਕੇ ਵੀ ਸੰਗਤ ਉਹਨਾਂ ਦਾ ਉਚੇਚਾ ਆਦਰ ਕਰਦੀ ਸੀ। 19 ਜਨਵਰੀ 1972 ਨੂੰ ਆਪ ਨੂੰ ਵੀ ਬੰਬਈ ਰਾਜ ਵਿੱਚ ਅਸੀਰਗੜ੍ਹ ਕਿਲ੍ਹੇ ਵਿੱਚ ਭੇਜਿਆ ਗਿਆ। ਰਾਜਸੀ ਕੈਦੀ ਹੋਣ ਕਰਕੇ ਉਹਨਾਂ ਨੂੰ ਸੈਕਿੰਡ ਕਲਾਸ ਦਿੱਤੀ ਗਈ।

ਕੈਦ ਵਿੱਚ ਹੀ 1884 ਈ. ਵਿੱਚ ਆਪ ਦੀ ਜੀਵਨ ਖੇਡ ਮੁੱਕ ਗਈ।

### ੭. ਸੂਬਾ ਮਾਨ ਸਿੰਘ

ਉਹਨਾਂ ਦਾ ਜਨਮ 1822 ਈ. ਵਿੱਚ ਸੈਦੋਕੀ, ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੋਇਆ। ਉਹਨਾਂ ਦੇ ਪਿਤਾ ਸ੍ਰ. ਮੱਖਣ ਸਿੰਘ ਸਨ। ਉਹਨਾਂ ਨੇ 1865 ਈ: ਵਿੱਚ ਸਤਿਗੁਰੂ ਰਾਮ ਸਿੰਘ ਜੀ ਕੋਲੋਂ ਭਜਨ ਪੁੱਛਿਆ। ਬਾਅਦ ਵਿੱਚ ਸੱਚੇ ਪਾਤਸ਼ਾਹ ਨੇ ਉਹਨਾਂ ਨੂੰ ਸੂਬਾ ਥਾਪਿਆ। ਪਰ ਸਰਕਾਰੀ ਰਿਕਾਰਡ ਅਨੁਸਾਰ ਉਹ ਆਪਣੇ ਆਪ ਨੂੰ ਸੂਬਾ ਜਾਂ ਗੁਰਮੰਤਰ ਦੇਣ ਵਾਲਾ ਮੰਨਣ ਤੋਂ ਇਨਕਾਰੀ ਸਨ।

1869 ਈ ਨੂੰ ਸਰਕਾਰ ਨੇ, ਜ਼ਿਲ੍ਹਾ ਹਿਸਾਰ ਅਤੇ ਫ਼ਿਰੋਜ਼ਪੁਰ ਦੇ, ਸ੍ਰੀ ਭੈਣੀ ਸਾਹਿਬ, ਆ ਰਹੇ ਕੂਕਿਆ ਦੇ ਜੱਥੇ ਨੂੰ ਉਕਸਾ ਕੇ, ਬਾਗੀ ਕਰਾਰ ਦੇ ਕੇ ਹਿਰਾਸਤ ਵਿੱਚ ਲੈ ਲਿਆ। ਸਰਕਾਰ ਉਸ ਘਟਨਾ ਨਾਲ ਆਪ ਨੂੰ ਵੀ ਜੋੜਦੀ ਹੈ। ਉਹ ਸਭ ਮੇਲਿਆਂ ਵਿੱਚ ਜਾਂਦੇ ਅਤੇ ਸਭ ਜਾਤਾਂ ਦੇ ਲੋਕਾਂ ਨੂੰ ਕੂਕਾ ਬਣਾਉਂਦੇ ਸਨ। 1872 ਈ. ਨੂੰ ਉਹਨਾਂ ਨੂੰ ਵੀ ਬਾਕੀ ਸੂਬਿਆਂ ਨਾਲ ਅਲਾਹਾਬਾਦ ਭੇਜ ਦਿੱਤਾ ਗਿਆ। 31 ਅਕਤੂਬਰ 1872 ਨੂੰ ਉਹਨਾਂ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਭੇਜਣ ਦਾ ਸਰਕਾਰੀ ਹੁਕਮ ਹੋਇਆ ਅਤੇ 1 ਦਸੰਬਰ 1872 ਨੂੰ ਉਹਨਾਂ ਨੂੰ ਚੁਨਾਰ ਦੇ ਕਿਲ੍ਹੇ ਵਿੱਚ ਪਹੁੰਚਾਇਆ ਗਿਆ।

ਜੁਲਾਈ 1875 ਵਿੱਚ ਪੰਜਾਬ ਸਰਕਾਰ ਕੋਲੋਂ ਇਜ਼ਾਜਤ ਲੈ ਕੇ ਉਹਨਾਂ ਦੀ ਸੁਪਤਨੀ ਜੀਵਨੀ ਉਹਨਾਂ ਨੂੰ ਮਿਲਣ ਲਈ ਚੁਨਾਰ ਪਹੁੰਚੀ। ਪਰ ਮਿਲਾਉਣਾ ਤਾਂ ਕਿਤੇ ਰਿਹਾ ਉਥੋਂ ਦੇ ਅਧਿਕਾਰੀਆਂ ਨੇ ਉਸਦਾ ਰੁੱਕਾ ਤੱਕ ਉਹਨਾਂ ਨੂੰ ਨਾ ਪਹੁੰਚਾਇਆ।

17 ਫਰਵਰੀ 1887 ਨੂੰ ਉਹਨਾਂ ਦੀ ਪੂਰੀ ਪੜਤਾਲ ਕਰਕੇ ਉਹਨਾਂ ਨੂੰ ਰਿਹਾ ਕੀਤਾ ਗਿਆ। ਉਹਨਾਂ ਨੇ 1909 ਵਿੱਚ ਚੜ੍ਹਾਈ ਕੀਤੀ। ਉਹ 5 ਫੁੱਟ 9 ਇੰਚ ਲੰਮੇ ਕੱਦ ਕਾਠ ਦੇ ਸਨ।

**੮. ਸੂਬਾ ਭਗਵਾਨ ਸਿੰਘ**

ਉਹਨਾਂ ਦਾ ਪਰਵਾਰ ਫੱਤੇ ਵਾਲ, ਜ਼ਿਲ੍ਹਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ। ਉਹ ਆਹਲੂਵਾਲੀਆ ਖਾਨਦਾਨ ਵਿੱਚੋਂ ਸਨ। ਸੂਬਾ ਬਣਾਏ ਜਾਣ ਬਾਅਦ ਉਹਨਾਂ ਨੇ ਨਾਮਧਾਰੀ ਲਹਿਰ ਦੇ ਪ੍ਰਚਾਰ ਵਿੱਚ ਮਹੱਤਵ ਪੂਰਨ ਹਿੱਸਾ ਪਾਇਆ। ਉਹਨਾਂ ਦਾ ਜਨਮ 1823 ਈ: ਦੇ ਲਗਭਗ ਦਾ ਹੈ। ਉਹਨਾਂ ਨੇ 1905 ਈ. ਨੂੰ ਦੇਹ ਤਿਆਗੀ।

**੯. ਸੂਬਾ ਸੁਰਮੁਖ ਸਿੰਘ**

ਉਹਨਾਂ ਦਾ ਜਨਮ 1834 ਈ. ਦਾ, ਢਿਲਵਾਂ ਰਿਆਸਤ ਨਾਭਾ ਦਾ ਹੈ। ਉਹਨਾਂ ਦੇ ਪਿਤਾ ਸ੍ਰ. ਵਧਾਵਾ ਸਿੰਘ ਸਨ। ਉਹਨਾਂ ਨੂੰ ਸੂਬਾ ਥਾਪਕੇ ਸਤਿਗੁਰੂ ਜੀ ਨੇ ਪਟਿਆਲਾ ਰਿਆਸਤ ਵਿਚ ਪ੍ਰਚਾਰ ਦਾ ਕੰਮ ਸੌਂਪਿਆ। ਉਹ ਲਲੂਵਾਲ ਰਿਆਸਤ ਪਟਿਆਲਾ ਵਿੱਚ ਰਹੇ। ਆਪ ਜੀਵਨ ਭਰ ਤਰਖਾਣਾ ਕਾਰ ਵਿਹਾਰ ਕਰਦੇ ਰਹੇ।

ਆਪ ਨੇ 1898 ਈ. ਨੂੰ ਸੁਆਸ ਦਿੱਤੇ।

**੧੦. ਸੂਬਾ ਗਿਆਨੀ ਰਤਨ ਸਿੰਘ**

ਉਹ ਮੰਡੀ ਕਲਾਂ ਰਿਆਸਤ ਸੰਗਰੂਰ ਦੇ ਰਹਿਣ ਵਾਲੇ ਸਨ। ਉਹਨਾ ਦੇ ਪਿਤਾ ਸ੍ਰੀ ਰਾਮ ਕ੍ਰਿਸ਼ਨ ਸਨ। ਉਹਨਾਂ ਨੂੰ ਸੂਬਾ ਥਾਪਣ ਉਪਰੰਤ ਸਤਿਗੁਰਾਂ ਨੇ

ਉਹਨਾਂ ਨੂੰ ਨਾਮਧਾਰੀ ਪੰਥ ਵਿੱਚ ਹੁੰਦੇ ਆਪਸੀ ਝਗੜਿਆਂ ਦੇ ਨਿਪਟਾਰੇ ਦੀ ਜ਼ੁੰਮੇਵਾਰੀ ਸੌਂਪੀ। ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਬਰਤਾਨਵੀਂ ਅਦਾਲਤਾਂ ਦਾ ਬਾਈਕਾਟ ਕਰਨ ਦੇ ਆਦੇਸ਼ ਦਿੱਤੇ ਹੋਏ ਸਨ। ਸੋ ਸੂਬਾ ਗਿਆਨੀ ਸਿੰਘ ਉਰਫ ਗਿਆਨੀ ਰਤਨ ਸਿੰਘ ਦੀ ਹੈਸੀਅਤ ਹੋਰ ਵੀ ਮਹੱਤਵਪੂਰਨ ਸੀ, ਇਕ ਨਿਆਂਕਾਰੀ ਪ੍ਰਬੰਧਕ ਦੇ ਰੂਪ ਵਿੱਚ, ਨਾਮਧਾਰੀ ਸਿੱਖ ਉਹਨਾਂ ਦੇ ਕੀਤੇ ਫੈਸਲੇ ਨੂੰ ਖਿੜੇ ਮੱਥੇ ਪ੍ਰਵਾਨ ਕਰਦੇ ਸਨ।

15 ਜੁਲਾਈ, 1871 ਨੂੰ ਤਿੰਨ ਨਾਮਧਾਰੀਆਂ ਨੇ ਰਾਇਕੋਟ ਗਊ ਘਾਤ ਤੋਂ ਤੰਗ ਆ ਕੇ ਬੁੱਚੜਖਾਨੇ ਤੇ ਹਮਲਾ ਬੋਲ ਦਿੱਤਾ। ਲੜਾਈ ਝਗੜੇ ਵਿਚ ਕੁਝ ਬੁੱਚੜ ਕਤਲ ਹੋ ਗਏ। ਮੁਖਬਰਾਂ ਇਸ ਕੇਸ ਵਿਚ ਰਤਨ ਸਿੰਘ ਅਤੇ ਸੂਬਾ ਗਿਆਨੀ ਸਿੰਘ ਉਰਫ ਗਿਆਨੀ ਰਤਨ ਸਿੰਘ ਨੂੰ ਵੀ ਗ੍ਰਿਫਤਾਰ ਕਰਵਾ ਦਿੱਤਾ। ਪਰ ਉਹ ਬਿਲਕੁਲ ਨਿਰਦੋਸ਼ ਸਨ, ਫਿਰ ਵੀ ਅਦਾਲਤੀ ਫੈਸਲੇ ਨੇ ਉਹਨਾਂ ਨੂੰ 26 ਦਸੰਬਰ, 1871 ਨੂੰ ਡਿਸਟ੍ਰਿਕਟ ਜੇਲ੍ਹ ਲੁਧਿਆਣੇ ਵਿੱਚ ਫਾਂਸੀ ਲੁਆ ਦਿੱਤਾ। ਉਹਨਾਂ ਨੂੰ ਬੇਦੋਸ਼ਿਆਂ ਨੂੰ ਫਾਂਸੀ ਦੀ ਸਜਾ ਮਿਲਣ ਦਾ ਹਰ ਕੂਕੇ ਨੂੰ ਬੜਾ ਦੁਖ ਲੱਗਾ। ਮਲੇਰ ਕੋਟਲੇ ਦੀ, ਬੁੱਚੜਾਂ ਦੀ ਮੁਦਈ ਰਿਆਸਤ ਤੇ ਹਮਲੇ ਦਾ ਇਹ ਵੀ ਇੱਕ ਕਾਰਨ ਸੀ।

### ੧੧. ਸੂਬਾ ਰਾਜਾ ਸਿੰਘ

ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਜੱਸਾ ਸਿੰਘ ਸੀ। ਉਹ ਤ੍ਰਾਂਡੀ ਜ਼ਿਲ੍ਹਾ ਸਿਆਲਕੋਟ ਵਿੱਚ 1835 ਈ. ਵਿੱਚ ਪੈਦਾ ਹੋਏ। ਸੂਬਾ ਥਾਪੇ ਜਾਣ ਬਾਅਦ ਉਹਨਾਂ ਨੂੰ ਗੁਜਰਾਂਵਾਲਾ ਅਤੇ ਸਿਆਲਕੋਟ ਦੇ ਇਲਾਕੇ ਵਿੱਚ ਪ੍ਰਚਾਰ ਕਰਨ ਲਈ ਭੇਜਿਆ ਗਿਆ। ਉਹ ਆਪਣੇ ਪ੍ਰਚਾਰ ਦੌਰਿਆਂ ਸਮੇਂ ਇੱਕ ਸਾਲ ਸਮਾਇਕੇ ਵਾਲੀ ਜ਼ਿਲ੍ਹਾ ਗੁਜਰਾਂਵਾਲੇ ਹੀ ਰਹੇ। ਅਤੇ 20 ਜੂਨ 1879 ਨੂੰ ਤ੍ਰਾਂਡੀ ਵਾਪਸ ਆ ਗਏ। ਆਪ ਦੁਬਾਰਾ ਫਿਹ 20 ਜੂਨ 1879 ਵਿੱਚ ਸਮਾਇਕੇ ਵਾਲੀ ਗਏ। ਆਪ ਦੇ ਪ੍ਰਭਾਵ ਅਤੇ ਸਤਿਗੁਰਾਂ ਦੇ ਦੌਰਿਆਂ ਨਾਲ ਇਹ ਜ਼ਿਲ੍ਹੇ ਕੂਕਿਆਂ ਦੇ ਗੜ੍ਹ ਬਣ ਗਏ।

### ੧੨. ਸੂਬਾ ਜਮੀਅਤ ਸਿੰਘ

ਉਹਨਾਂ ਦਾ ਜਨਮ 1821 ਈ. ਵਿੱਚ ਸ੍ਰ. ਚੰਦਾ ਸਿੰਘ ਦੇ ਘਰ ਗਿੱਲ ਜ਼ਿਲ੍ਹਾ ਸਿਆਲਕੋਟ ਵਿਖੇ ਹੋਇਆ। ਉਹਨਾਂ ਦਾ ਪ੍ਰਚਾਰ ਖੇਤਰ ਵੀ ਸਿਆਲਕੋਟ ਦਾ ਹੀ ਸੀ। ਉਹ ਭਜਨ ਬੰਦਗੀ ਵਾਲੇ ਸਾਧੂ ਸਨ। ਉਹ ਲੰਬੇ ਕੱਦ ਕਾਠ, ਲੰਮੇ ਦਾਹੜੇ ਤੇ ਇਕਹਿਰੇ ਸਰੀਰ ਵਾਲੇ ਵਿਅਕਤੀ ਸਨ। ਉਹਨਾਂ ਦਾ ਸਾਰੇ ਪੰਜਾਬ ਦੇ ਕੂਕਿਆਂ ਦੇ ਮਨਾਂ ਵਿੱਚ ਸਨਮਾਨ ਸੀ।

ਉਹ 1909 ਈ ਵਿੱਚ ਚਲਾਣਾ ਕਰ ਗਏ।

## ੧੩. ਸੂਬਾ ਬ੍ਰਹਮਾ ਸਿੰਘ

ਉਹਨਾਂ ਦਾ ਜਨਮ 1822 ਈ. ਦਰਿਆਪੁਰ ਜ਼ਿਲ੍ਹਾ ਕਰਨਾਲ ਦਾ ਹੈ। ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਗੁਲਾਬ ਸਿੰਘ ਸੀ। ਉਹ ਅਜੇ ਅਬੋਧ ਅਨਜਾਣ ਹੀ ਸਨ ਕਿ ਹਲ ਦੀ ਜੰਘੀ ਛੱਡ ਕੇ, ਉਦਾਸੀ ਸਾਧੂ ਬਣ ਗਏ। ਸਮਾਂ ਪਾਕੇ ਉਹਨਾਂ ਨੂੰ ਬ੍ਰਹਮ ਬੂਟੇ ਅਖਾੜੇ ਦਾ ਮਹੰਤ ਬਣਾਇਆ ਗਿਆ। ਉੱਥੇ ਵੀ ਉਹ ਬਹੁਤਾ ਚਿਰ ਨਾ ਟਿੱਕ ਸਕੇ ਅਤੇ ਫੌਜ ਵਿੱਚ ਭਰਤੀ ਹੋ ਗਏ। 1857 ਦੀ ਆਜ਼ਾਦੀ ਦੀ ਲੜਾਈ ਸਮੇਂ ਉਹ ਫੌਜੀ ਸਿਪਾਹੀ ਸਨ ਪਰ ਭਾਰਤੀ ਫੌਜਾਂ ਦੀ ਹਾਰ ਵੇਖ ਕੇ ਉਹਨਾਂ ਦਾ ਦਿਲ ਟੁੱਟ ਗਿਆ। ਉਹ ਕਸ਼ਮੀਰ ਵੱਲ ਨੂੰ ਨਿਕਲ ਗਏ। ਰਮਤੇ ਸਾਧੂ ਬਣ ਗਏ। 1859 ਈ. ਵਿੱਚ ਉਹਨਾਂ ਦਾ ਸਤਿਗੁਰੂ ਬਾਲਕ ਸਿੰਘ ਜੀ ਨਾਲ ਮੇਲ ਹੋਇਆ। ਆਪਜੀ ਨੇ ਇਹਨਾਂ ਨੂੰ ਸ੍ਰੀ ਭੈਣੀ ਸਾਹਿਬ ਵੱਲ ਤੋਰ ਦਿਤਾ। ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲਕੇ ਉਹ ਜ਼ਿਲ੍ਹਾ ਸਿਆਲਕੋਟ ਚਲੇ ਗਏ ਅਤੇ ਗਿੱਲੀਂ ਰਹਿਣ ਲੱਗੇ। 1864 ਈ. ਵਿੱਚ ਉਹ ਏਥੋਂ ਫਿਰ ਸ੍ਰੀ ਭੈਣੀ ਸਾਹਿਬ ਆ ਗਏ ਅਤੇ ਏਥੇ ਹੀ ਟਿੱਕ ਗਏ। ਸਤਿਗੁਰਾਂ ਨੇ ਉਹਨਾਂ ਨੂੰ ਸੂਬਾ ਥਾਪ ਦਿੱਤਾ ਅਤੇ ਜਲੰਧਰ, ਲਾਹੌਰ, ਸਿਆਲਕੋਟ ਤੇ ਗੁਜਰਾਂ ਵਾਲੇ ਦੇ ਇਲਾਕੇ ਵਿੱਚ ਕੂਕਾ ਜੱਥੇ ਬੰਦੀ ਦਾ ਪ੍ਰਚਾਰ ਕਰਨ ਦਾ ਹੁਕਮ ਕੀਤਾ। ਉਹ ਸ਼ਾਂਤ ਰਹਿਕੇ, ਟਿਕ ਕੇ, ਸਿਮਰਨ ਕਰਨਾ ਚਾਹੁੰਦੇ ਸਨ, ਪਰ ਸਤਿਗੁਰਾਂ ਦਾ ਹੁਕਮ ਮੰਨ ਕੇ ਚਾਲੇ ਪਾ ਦਿੱਤੇ। ਉਹ ਸਾਧ ਸੰਗਤ ਦੇ ਸੱਦੇ ਤੇ ਹਰ ਥਾਂ ਜਾਂਦੇ। ਕਈ ਵਾਰ ਉਹਨਾਂ ਦੇ ਨਾਲ ਸੂਬਾ ਜੋਤਾ ਸਿੰਘ ਜੀ ਵੀ ਹੁੰਦੇ ਸਨ। 1871 ਈ: ਵਿੱਚ ਉਹਨਾਂ ਨੇ ਕਈ ਤੂਫਾਨੀ ਦੌਰੇ ਕੀਤੇ। ਉਹਨਾਂ ਨੇ ਪਿੰਡਾਂ ਦੇ ਪਿੰਡ ਨਾਮਧਾਰੀ ਸਜਾਏ। ਉਹ ਖੁੱਲਮ-ਖੁਲ੍ਹਾ ਜੁਗ ਪਲਟਣ ਦੀ ਗੱਲ ਕਰਦੇ। ਉਹ ਨੇਪਾਲ ਨਾਲ ਸੰਬੰਧਾਂ ਬਾਰੇ, ਸਿੱਖ ਰਾਜ ਦੀ ਮੁੜ ਬਹਾਲੀ ਬਾਰੇ ਅਤੇ ਅੰਗਰੇਜ਼ ਹਾਕਮ ਖ਼ਿਲਾਫ਼ ਬਗਾਵਤ ਕਰਨ ਲਈ, ਤਿਆਰ ਬਰਤਿਆਰ ਰਹਿਣ ਬਾਰੇ, ਜੋਸ਼ੀਲੇ ਭਾਸ਼ਨ ਦੇਂਦੇ। ਉਹ 1871 ਈ. ਵਿੱਚ ਹੀ, 17 ਜੁਲਾਈ ਨੂੰ ਵਰਨ, 19 ਜੁਲਾਈ ਨੂੰ ਡਸਕਾ ਤੇ ਗਲੋਟੀਆਂ ਪਿੰਡਾਂ ਵਿੱਚ ਗਏ। ਅੰਗਰੇਜ਼ਾਂ ਨੇ 22 ਜੁਲਾਈ 1871 ਤੋਂ ਉਹਨਾਂ ਦੀ ਪੂਰੀ ਨਿਗਰਾਨੀ ਕਰਨੀ ਸ਼ੁਰੂ ਕੀਤੀ ਤੇ ਵੱਡੇ ਅਫਸਰਾਂ ਨੂੰ ਰਿਪੋਰਟਾਂ ਵੀ ਭੇਜੀਆਂ ਜਾਣ ਲੱਗੀਆਂ। ਆਪ ਨੇ 8 ਅਗਸਤ ਨੂੰ ਡਸਕੇ, ਚੂੜਕਾਣਾ, ਵਰਨ ਅਤੇ ਬਾਰ, 2 ਸਤੰਬਰ ਨੂੰ ਕਾਮੋਕੀ, 19 ਸਤੰਬਰ ਨੂੰ ਗਦੋਂਵਾਲ ਦੇ ਦੌਰੇ ਕੀਤੇ। ਉਹ ਉਗੂ ਚੱਕ ਤੇ ਗਿੱਲੀਂ ਵੀ ਗਏ। ਇਹਨਾਂ ਪਿੰਡਾਂ ਤੋਂ ਇਲਾਵਾ ਜੰਡਿਆਲਾ, ਖਾਰਾ, ਕਾਲੇ ਕੇ, ਸੈਸਰਾਂ ਆਦਿ ਦੇ ਨੰਬਰਦਾਰਾਂ ਨੇ ਵੀ ਸਰਕਾਰ ਨੂੰ ਰਿਪੋਰਟ ਕੀਤੀ ਕਿ ਉਹ ਲੋਕਾਂ ਨੂੰ, ਕੂਕੇ ਬਣਾਉਂਦੇ ਸਨ ਅਤੇ ਬਾਗੀਆਨਾ ਪ੍ਰਚਾਰ ਕਰਦੇ ਸਨ।

19 ਜਨਵਰੀ, 1872 ਨੂੰ ਉਹਨਾਂ ਨੂੰ ਵੀ ਅਲਾਹਾਬਾਦ ਦੇ ਕਿਲੇ ਵਿੱਚ ਨਜ਼ਰਬੰਦ ਕਰ ਦਿੱਤਾ ਗਿਆ। ਉਥੋਂ ਉਹਨਾਂ ਨੂੰ ਬ੍ਰਿਟਿਸ਼, ਬ੍ਰਹਮਾ, ਮੌਲਮੀਨ ਦੀ ਜੇਲ੍ਹ ਵਿੱਚ ਭੇਜ ਦਿੱਤਾ ਗਿਆ। ਉਹਨਾਂ ਨੂੰ 25 ਫਰਵਰੀ 1887 ਨੂੰ ਕੈਦ ਤੋਂ ਰਿਹਾ ਕੀਤਾ ਗਿਆ।

### ੧੪. ਸੂਬਾ ਹੁਕਮਾ ਸਿੰਘ

ਸਰਦਾਰ ਮਿਹਰ ਸਿੰਘ ਮਾਨ ਦੇ ਸਪੁੱਤਰ ਸੂਬਾ ਹੁਕਮਾ ਸਿੰਘ ਦਾ ਜਨਮ 1837 ਵਿੱਚ ਪਿੱਥੋ ਰਿਆਸਤ ਨਾਭਾ ਵਿੱਚ ਹੋਇਆ। ਉਹ 1857 ਵਿੱਚ ਨਾਮਧਾਰੀ ਸਜੇ। 1866 ਈ. ਵਿੱਚ ਉਹਨਾਂ ਨੂੰ ਸੂਬਾ ਬਣਾਇਆ ਗਿਆ। ਉਹ ਬਿਹੰਗਮ ਸਨ ਅਤੇ ਨਾਮਧਾਰੀ ਬਣਨ ਤੋਂ ਪਹਿਲਾਂ ਆਪ ਨਿਰਮਲੇ ਸਾਧੂ ਸਨ। ਉਹਨਾਂ ਨੂੰ ਭੈਣੀ ਸਾਹਿਬ ਰਹਿ ਕੇ ਹੀ, ਸ੍ਰੀ ਆਦਿ ਗ੍ਰੰਥ ਸਾਹਿਬ ਦਾ ਉਤਾਰਾ ਕਰਦੇ ਰਹਿੰਦੇ। ਉਹਨਾਂ ਦੀ ਲਿਖਾਈ ਮੋਤੀਆਂ ਵਰਗੀ ਸੀ। ਉਹ ਸਤਿਗੁਰੂ ਜੀ ਦੇ ਗੜਵਈ ਸਨ। ਉਹ ਭਜਨ ਵੀ ਦੱਸਦੇ ਸਨ। ਉਹ ਲੁਧਿਆਣੇ ਸਾਂਝੇ ਅਤੇ ਕੇਂਦਰੀ ਪੰਜਾਬ ਦੇ ਹੋਰ ਇਲਾਕਿਆਂ ਦਾ ਪ੍ਰਚਾਰ ਦੌਰਾ ਵੀ ਕਰਦੇ ਰਹੇ।

19 ਜਨਵਰੀ 1872 ਨੂੰ ਉਹਨਾਂ ਨੂੰ ਵੀ ਅਲਾਹਾਬਾਦ ਦੇ ਕਿਲ੍ਹੇ ਵਿੱਚ ਕੈਦ ਕਰ ਲਿਆ ਗਿਆ। ਉਥੋਂ ਉਹਨਾਂ ਨੂੰ ਸੂਬਾ ਮਾਨ ਸਿੰਘ ਨਾਲ 9 ਦਸਬੰਰ, 1872 ਨੂੰ ਚੁਨਾਰ ਦੇ ਕਿਲ੍ਹ ਵਿੱਚ ਭੇਜ ਦਿੱਤਾ ਗਿਆ। 17 ਫਰਵਰੀ 1881 ਨੂੰ ਉਹਨਾਂ ਨੂੰ ਰਿਹਾ ਕੀਤਾ ਗਿਆ। ਉਹ ਪੰਜਾਬ ਵਾਪਸ ਆ ਕੇ ਪੁੰਨੂ ਰਿਆਸਤ ਨਾਭਾ ਵਿੱਚ ਰਹੇ। 1907 ਈ. ਵਿੱਚ ਉਹ ਪ੍ਰਲੋਕ ਗਮਨ ਕਰ ਗਏ।

### ੧੫. ਸੂਬਾ ਮਲੂਕ ਸਿੰਘ

ਉਹਨਾਂ ਦਾ ਜਨਮ 1833 ਈ. ਵਿੱਚ ਅਬਲੂ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੋਇਆ। ਬਾਅਦ ਵਿੱਚ ਉਹਨਾਂ ਦਾ ਪਰਵਾਰ ਫੂਲੇਵਾਲ ਜਿਲਾ ਫ਼ਿਰੋਜ਼ਪੁਰ ਵਿੱਚ ਆ ਗਿਆ। ਉਹ ਰੱਜੇ ਪੁੱਜੇ ਜ਼ਿਮੀਦਾਰ ਸਨ। ਉਹ ਜੋਤਸ਼ ਵਿਦਿਆ ਜਾਣਦੇ ਸਨ ਅਤੇ ਕਿਸਮਤ ਦਸਦੇ ਤੇ ਭਵਿਖਤ ਬਾਣੀ ਵੀ ਕਰਦੇ ਸਨ। 1857-58 ਵਿੱਚ ਉਹਨਾਂ ਦੇ ਫੌਜ ਵਿੱਚ ਰਹਿਣ ਬਾਰੇ ਵੀ ਜਾਣਕਾਰੀ ਮਿਲੀ ਹੈ। 1864 ਈ. ਵਿੱਚ ਆਪ ਨੇ ਭਜਨ ਪੁੱਛਿਆ ਅਤੇ 1866 ਈ. ਵਿੱਚ ਸੂਬੇ ਸਥਾਪਤ ਕੀਤੇ ਗਏ। ਫ਼ਿਰੋਜ਼ਪੁਰ ਦਾ ਇਲਾਕਾ ਆਪ ਦਾ ਪ੍ਰਚਾਰ ਖੇਤਰ ਸੀ।

ਫਰਵਰੀ 1869 ਵਿੱਚ ਫ਼ਿਰੋਜ਼ਪੁਰ ਤੇ ਹਿਸਾਰ ਜ਼ਿਲ੍ਹਿਆਂ ਦੇ 44 ਨਾਮਧਾਰੀ ਇਹਨਾਂ ਨਾਲ ਸ੍ਰੀ ਭੈਣੀ ਸਾਹਿਬ ਆ ਰਹੇ ਸਨ। ਉਹਨਾਂ ਨੂੰ ਉਕਸਾਇਆ ਗਿਆ। ਫਿਰ ਹਿਰਾਸਤ ਵਿੱਚ ਲੈ ਲਿਆ ਗਿਆ। ਸਾਰਿਆਂ ਤੇ ਸਰਕਾਰ ਦੀ ਜ਼ਿਆਦਤੀ ਤੇ ਉਹ ਦੁਖੀ ਸਨ। ਸੋ ਉਹਨਾਂ ਦਾ ਸਰਕਾਰ ਵਿਰੁਧ ਸੁਰ ਹੋਰ ਤੇਜ਼ ਹੋ ਗਿਆ।

ਅਗਸਤ 1871 ਵਿੱਚ, ਜ਼ਮੀਨ-ਜਾਇਦਾਦ, ਆਪਣੇ ਭਰਾਵਾਂ ਦੇ ਹਵਾਲੇ

ਕਰਕੇ ਕੇਵਲ ਦੁਧਾਰੂ ਪਸ਼ੂ ਨਾਲ ਲੈ ਕੇ, ਘਰੋਂ ਤੁਰ ਪਏ ਅਤੇ ਰੋਪੜ ਨਹਿਰ ਦੇ ਕੰਢੇ ਆ ਡੇਰਾ ਕੀਤਾ। ਉਥੇ ਆਲੇ ਦੁਆਲੇ ਦੇ ਇਲਾਕੇ ਦੇ ਲੋਕਾਂ ਨੂੰ ਨਾਮਧਾਰੀ ਬਣਾਇਆ। ਹਰ ਛਿਮਾਹੀ ਉਹ ਸ੍ਰੀ ਭੈਣੀ ਸਾਹਿਬ ਜਾਂਦੇ ਅਤੇ ਸਤਿਗੁਰੂ ਜੀ ਨਾਲ ਸਲਾਹ-ਮਸ਼ਵਰਾ ਕਰਦੇ ਪਰਤਦੇ।

19 ਜਨਵਰੀ, 1872 ਨੂੰ ਉਹਨਾਂ ਨੂੰ ਵੀ ਅਲਾਹਾਬਾਦ ਕਿਲ੍ਹੇ ਵਿੱਚ ਕੈਦ ਕਰ ਦਿੱਤਾ ਉਥੋਂ ਉਹਨਾਂ ਨੂੰ 15 ਦਸੰਬਰ 1872 ਨੂੰ ਅਸੀਰਗੜ੍ਹ ਕਿਲ੍ਹੇ ਵਿੱਚ ਭੇਜ ਦਿੱਤਾ ਗਿਆ।

17 ਦਸੰਬਰ 1887 ਨੂੰ ਉਹਨਾਂ ਨੂੰ ਰਿਹਾ ਕੀਤਾ ਗਿਆ। ਉਹ ਪੰਜਾਬ ਪਰਤ ਆਏ। 1920 ਈ. ਵਿੱਚ ਉਹਨਾਂ ਰੋਹੀ ਦੀ ਢਾਬ ਵਿਖੇ ਚੜ੍ਹਾਈ ਕੀਤੀ।

**੧੬. ਸੂਬਾ ਨਾਰਾਇਣ ਸਿੰਘ**

ਉਹਨਾਂ ਦਾ ਜਨਮ ਸੰਨ 1835 ਈ: ਦੇ ਨੇੜੇ ਤੇੜੇ ਦਾ ਹੈ। ਇਹਨਾਂ ਦੇ ਪਿਤਾ ਦਾ ਨਾਂ ਸ੍ਰ. ਸੰਗਤ ਸਿੰਘ ਅਤੇ ਪਿੰਡ ਕਟੜਾ ਸ਼ਰਮੀ ਜ਼ਿਲ੍ਹਾ ਲੁਧਿਆਣਾ ਸੀ। ਸੂਬਾ ਥਾਪੇ ਜਾਣ ਉਪਰੰਤ ਉਹ ਮੁਕਤਸਰ ਅਤੇ ਫ਼ਿਰੋਜ਼ਪੁਰ ਦੇ ਇਲਾਕੇ ਵਿੱਚ ਪ੍ਰਚਾਰ ਕਰਦੇ ਰਹੇ। ਆਪ ਦੀ ਸੁਰ ਸਦਾ ਹੀ ਬਾਗੀਆਨਾ ਰਹੀ। ਆਪ ਸਦਾ ਹੀ ਘਰੋਂ ਦੂਰ ਰਹੇ ਸੋ ਸਰਕਾਰ ਆਪਦੇ ਟਿਕਾਣੇ ਨਾ ਲਭ ਸਕੀ।

1875-76 ਵਿੱਚ ਉਹ ਸਦਾ ਲਈ ਪਿੰਡੋਂ ਪਾਸੇ ਚਲੇ ਗਏ ਅਤੇ ਰੂਹ ਪੋਸ਼ ਹੋ ਗਏ। ਬਾਅਦ ਵਿੱਚ ਵੀ ਉਹਨਾਂ ਦੇ ਥਹੁ ਟਿਕਾਣੇ ਦਾ ਕੋਈ ਪਤਾ ਨਹੀਂ ਲੱਗਾ।

**੧੭. ਸੂਬਾ ਪਹਾੜਾ ਸਿੰਘ**

ਉਹਨਾਂ ਦਾ ਜਨਮ 1824 ਈ: ਨੂੰ ਸ੍ਰੀ ਹੇਮਾ ਦੇ ਘਰ ਮਲੌਦ ਵਿਖੇ ਹੋਇਆ। ਉਹਨਾਂ ਦੇ ਪਿਤਾ ਖਾਂਦੇ ਪੀਂਦੇ ਜ਼ਿਮੀਂਦਾਰ ਸਨ। ਉਹਨਾਂ ਨੇ ਮਲੌਦ ਦੇ ਸ੍ਰ. ਮਿੱਤ ਸਿੰਘ ਕੋਲ ਨੌਕਰੀ ਕੀਤੀ ਪਰ 1857 ਵਿੱਚ ਉਸਦਾ ਸਰਕਾਰ ਪੱਖੀ ਝੁਕਾ ਵੇਖਕੇ ਇਹਨਾਂ ਨੇ ਉਸਦੀ ਨੌਕਰੀ ਛੱਡ ਦਿੱਤੀ, ਉਹ ਨਿਰਮਲੇ ਸਾਧੂ ਬਣ ਗਏ ਪਰ 1860 ਵਿੱਚ ਉਹ ਸਤਿਗੁਰੂ ਰਾਮ ਸਿੰਘ ਜੀ ਦੀ ਚਰਨੀਂ ਲੱਗੇ ਅਤੇ ਭਜਨ ਪੁੱਛਿਆ। 1865 ਈ. ਵਿੱਚ ਉਹਨਾਂ ਨੂੰ ਸੂਬਾ ਥਾਪਿਆ ਗਿਆ।

ਉਹਨਾਂ ਨੇ ਆਪਣਾ ਡੇਰਾ ਸਿਆੜ ਲਾ ਲਿਆ। ਉਹ ਸਮੇਂ ਸਮੇਂ ਸਤਿਗੁਰੂ ਜੀ ਨਾਲ ਦੌਰਿਆਂ ਤੇ ਵੀ ਜਾਂਦੇ ਰਹੇ।

ਸਰਕਾਰ ਨੇ ਅੰਮ੍ਰਿਤਸਰ, ਗਊ ਰੱਖਿਆ ਦੀ ਘਟਨਾ ਵਿੱਚ ਆਪ ਦੀ ਪੂਰੀ ਰਾਇ ਸਮਝੀ ਸੀ।

19 ਜਨਵਰੀ, 1872 ਈ. ਨੂੰ ਉਹਨਾਂ ਨੂੰ ਵੀ ਅਲਾਹਾਬਾਦ ਪ੍ਰਯਾਗ ਰਾਜ ਦੇ ਕਿਲ੍ਹੇ ਵਿੱਚ ਕੈਦ ਕੀਤਾ ਗਿਆ। 15 ਸਤੰਬਰ 1872 ਨੂੰ ਉਹਨਾਂ ਨੂੰ

ਅਸੀਰਗੜ੍ਹ ਕਿਲ੍ਹੇ ਵਿੱਚ ਪਹੁੰਚਾਇਆ ਗਿਆ। ਜਿੱਥੋਂ ਵਾਪਸ ਪੰਜਾਬ ਨਹੀਂ ਪਰਤਣ ਦਿੱਤਾ। ਉਥੇ ਹੀ 2 ਮਾਰਚ, 1882 ਨੂੰ ਆਪਦੇ ਪ੍ਰਾਣ ਪੰਖੇਰੂ ਹੋ ਗਏ।

**੧੮. ਸੂਬਾ ਜੋਤਾ ਸਿੰਘ**

ਉਹਨਾਂ 1830 ਈ. ਸ੍ਰ. ਰਤਨ ਸਿੰਘ ਦੇ ਘਰ ਢਪਈ ਜ਼ਿਲ੍ਹਾ ਸਿਆਲਕੋਟ ਵਿਖੇ ਜਨਮ ਲਿਆ। ਉਹਨਾਂ ਨੂੰ 1865 ਈ. ਵਿੱਚ ਸੂਬਾ ਬਣਾਇਆ ਗਿਆ ਅਤੇ ਪ੍ਰਚਾਰ ਲਈ ਸਿਆਲਕੋਟ, ਲਾਹੌਰ, ਗੁਜਰਾਂਵਾਲੇ ਦਾ ਇਲਾਕਾ ਆਪ ਦੇ ਸਪੁਰਦ ਕੀਤਾ ਗਿਆ। ਆਪ ਨੇ ਬਹੁਤ ਸਾਰੇ ਲੋਕਾਂ ਨੂੰ ਨਾਮਧਾਰੀ ਬਣਾਇਆ।

ਉਹ 1914 ਈ. ਵਿੱਚ ਢਪਈ ਵਿਖੇ ਹੀ ਪੂਰੇ ਹੋ ਗਏ।

**੧੯. ਸੂਬਾ ਖੁਸ਼ਹਾਲ ਸਿੰਘ**

ਉਹਨਾਂ ਦੇ ਪਿਤਾ ਦਾ ਨਾਂ ਸ੍ਰ. ਕਰਮ ਸਿੰਘ ਸੀ। ਉਹ ਥਰਾਜ ਜ਼ਿਲ੍ਹਾ ਹਿਸਾਰ ਦੇ ਰਹਿਣ ਵਾਲੇ ਸਨ। ਉਂਜ ਤਾਂ ਉਹ ਜ਼ਿਲ੍ਹਾ ਹਿਸਾਰ ਵਿੱਚ ਹੀ ਸੂਬਾ ਬਣਨ ਉਪਰੰਤ ਪਰਚਾਰ ਕਰਦੇ ਰਹੇ ਪਰ ਨਾਭਾ ਅਤੇ ਪਟਿਆਲਾ ਰਿਆਸਤਾਂ ਵਿੱਚ ਵੀ ਉਹਨਾਂ ਦਾ ਬੜਾ ਰਸੂਖ ਸੀ। ਉਹ ਉੱਚੇ ਲੰਮੇ ਦਰਸ਼ਨੀ ਸਿੱਖ ਸਨ। 1872 ਈ. ਵਿੱਚ ਲਲਤੋਂ ਵਿੱਚ ਫੜੇ ਗਏ 39 ਕੂਕਿਆਂ ਵਿੱਚ ਉਹ ਆਪ ਵੀ ਸਨ। ਉਹ ਸਤਿਗੁਰੂ ਰਾਮ ਸਿੰਘ ਜੀ ਦੇ ਭਰੋਸੇਮੰਦ, ਪ੍ਰਭਾਵਸ਼ਾਲੀ, ਸਮਰਪਤ ਗੁਰਸਿੱਖ ਸਨ। ਉਹ ਚੁਸਤ ਤੇ ਬਲਵਾਨ ਵੀ ਸਨ। ਉਹਨਾਂ ਨੂੰ ਜਗਤ ਮਾਤਾ ਜੀਵਨ ਕੌਰ ਅਤੇ ਫਤਹਿ ਕੌਰ ਦੇ ਪਿਤਾ ਹੋਣ ਦਾ ਵੀ ਸੁਭਾਗ ਪ੍ਰਾਪਤ ਹੈ।

ਉਹ 1890 ਈ. ਵਿੱਚ ਥਰਾਜ ਵਿੱਚ ਹੀ ਪ੍ਰਲੋਕ ਸਿਧਾਰ ਗਏ। ਉਸ ਸਮੇਂ ਉਹਨਾਂ ਦੀ ਉਮਰ 60-70 ਸਾਲ ਸੀ।

**੨੦. ਸੂਬਾ ਸਮੁੰਦ ਸਿੰਘ**

ਉਹਨਾਂ ਦਾ ਜਨਮ 1830 ਈ. ਵਿੱਚ ਸ: ਵਸਾਵਾ ਸਿੰਘ ਸਿੱਧੂ (ਕੁਝ ਲਿਖਤਾਂ ਵਿੱਚ ਸੱਦਾ ਸਿੰਘ) ਦੇ ਘਰ ਖੋਟੇ ਜ਼ਿਲ੍ਹਾ ਫ਼ਿਰੋਜ਼ਪੁਰ ਵਿੱਚ ਹੋਇਆ। ਉਹ ਵੀ ਸਰਦੇ ਪੁਜਦੇ ਜ਼ਿਮੀਂਦਾਰ ਸਨ। ਉਹਨਾਂ ਦੀ ਸਪੁਤਰੀ ਅਤੇ ਪੋਤਰੀ ਦਾ ਅਨੰਦ ਕਾਰਜ 3 ਜੂਨ 1863 ਈ. ਨੂੰ ਖੋਟਿਆਂ ਦੇ ਮੇਲੇ ਵਿਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਹੋਇਆ। ਇਸ ਕਰਕੇ ਅਨੰਦ ਮਰਿਯਾਦਾ ਸ਼ੁਰੂ ਕਰਨ ਵਿੱਚ ਆਪਦਾ ਮਹੱਤਵਪੂਰਨ ਯੋਗਦਾਨ ਸੀ। ਸੂਬਾ ਬਣਨ ਪਿੱਛੋਂ ਉਹ ਨਾਮਧਾਰੀ ਲਹਿਰ ਦੇ ਪ੍ਰਚਾਰ ਵਿੱਚ ਹੋਰ ਵੀ ਤਨ ਦੇਹੀ ਨਾਲ ਜੁੱਟ ਗਏ। ਉਹ ਸਤਿਗੁਰੂ ਜੀ ਦੇ ਦਰਸ਼ਨ ਕਰਨ ਲਈ ਕਈ ਵਾਰ ਰੰਗੂਨ ਗਏ। ਉਹ ਦਰਸ਼ਨੀ ਜੁਆਨ ਸਨ। ਉਹ ਹਿੰਦੀ, ਪੰਜਾਬੀ ਪੜ੍ਹ ਅਤੇ ਲਿਖ ਸਕਦੇ ਸਨ। ਉਹਨਾਂ ਦਾ ਚੌੜਾ ਮੁੱਖੜਾ ਲੰਮਾ ਚਿੱਟਾ ਦਾੜ੍ਹਾ ਦੈਵੀ ਪ੍ਰਭਾਵ ਸੀ।

**੨੧. ਸੂਬਾ ਖਜ਼ਾਨ ਸਿੰਘ**

ਉਹਨਾਂ ਦਾ ਜਨਮ 1832 ਈ. ਵਿੱਚ ਸ੍ਰ. ਮਨੀ ਸਿੰਘ ਦੇ ਘਰ ਲਿਧਾਣਾ ਜਿਲ੍ਹਾ ਜਲੰਧਰ ਵਿੱਚ ਹੋਇਆ। ਉਹ ਲੁਹਾਰਾ ਕੰਮ ਕਰਦੇ ਸਨ। ਉਹ ਲਾਹੌਰ, ਅੰਮ੍ਰਿਤਸਰ ਅਤੇ ਕੇਂਦਰੀ ਪੰਜਾਬ ਵਿੱਚ ਪ੍ਰਚਾਰ ਕਰਦੇ ਰਹੇ। ਉਹਨਾਂ ਦਾ ਕੱਦ ਸਾਢੇ ਪੰਜ ਫੁੱਟ ਸੀ।

**੨੨. ਸੂਬਾ ਗੁਪਾਲ ਸਿੰਘ**

ਉਹਨਾਂ ਦਾ ਜਨਮ 1837 ਈ. ਵਿੱਚ ਸ੍ਰ. ਸਾਹਿਬ ਸਿੰਘ ਦੇ ਘਰ ਰਖੜ ਮਹੋੜ ਰਿਆਸਤ ਪਟਿਆਲਾ ਵਿੱਚ ਹੋਇਆ। ਉਹਨਾਂ ਨੂੰ ਸ੍ਰੀ ਭੈਣੀ ਸਾਹਿਬ ਵਿੱਚ ਦੁਕਾਨ ਦਾ ਕੰਮ ਸੌਂਪਿਆ ਗਿਆ। ਸੂਬਾ ਬਣਨ ਪਿੱਛੋਂ ਆਪ ਕਈ ਵਾਰ ਲੁਧਿਆਣੇ ਦੇ ਪਿੰਡਾਂ 'ਚ ਪ੍ਰਚਾਰ ਕਰਨ ਲਈ ਵੀ ਜਾਂਦੇ ਰਹੇ।

ਸੂਬਿਆਂ ਬਾਰੇ ਦਿੱਤੀ ਜਾਣਕਾਰੀ ਤੋਂ ਇੱਕ ਗੱਲ ਬੜੀ ਸਾਫ ਨਜ਼ਰ ਆਉਂਦੀ ਹੈ ਕਿ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਬਹੁਤੇ ਸੂਬੇ ਨੌਜਵਾਨ ਹੀ ਬਣਾਏ ਜੋ ਜਿਧਰ ਵੀ ਜਾਂਦੇ ਨਵਾਂ ਜੋਸ਼ ਲੈ ਕੇ ਜਾਂਦੇ ਅਤੇ ਨਵੀਂ ਰੂਹ ਫੂਕਦੇ। ਉਹਨਾਂ ਵਿੱਚ ਹੌਸਲਾ, ਦਲੇਰੀ ਤੇ ਹਿੰਮਤ ਸੀ। ਭਜਨ ਬਾਣੀ ਕਰਨ ਕਰਕੇ, ਚਿਹਰਿਆਂ ਤੇ ਨੂਰ ਸੀ। ਉਹ ਸਿਦਕ ਭਰੋਸੇ ਵਾਲੇ ਸਨ। ਉਹ ਗੁਰਸਿੱਖੀ ਦੇ ਪਰਚਾਰ ਦੀ ਲਗਨ ਤੇ ਦੇਸ਼ ਅਜ਼ਾਦੀ ਦੀ ਤੜਪ ਰੱਖਦੇ ਸਨ। ਸਤਿਗੁਰੂ ਜੀ ਦੁਆਰਾ ਉਸਾਰੇ ਜਾ ਰਹੇ ਸੁਤੰਤਰਤਾ ਦੇ ਕਿਲ੍ਹੇ ਦੇ ਥੰਮ੍ਹ ਸਨ।

ਐਮ. ਐਮ. ਆਹਲੂਵਾਲੀਏ ਦੇ ਸ਼ਬਦਾਂ ਵਿੱਚ:-

"ਸੂਬੇ ਉਸ ਦੀਆਂ ਅੱਖਾਂ ਤੇ ਕੰਨ ਹੀ ਨਹੀਂ ਸਨ ਜਿਹੜੇ ਸਾਰੇ ਪੰਜਾਬ ਦੀ ਲੰਬਾਈ ਅਤੇ ਚੌੜਾਈ ਵਿੱਚ ਫੈਲਾਏ ਹੋਏ ਸਨ। ਸਗੋਂ ਉਸਦੇ ਬੁਲਾਰੇ ਸਨ, ਪ੍ਰਤੀਨਿਧ ਸਨ ਜੋ ਇਹੋ ਜਿਹੀ ਲਹਿਰ ਦੇ ਲਗਾਤਾਰ ਸੰਬੰਧ ਰੱਖਣ ਲਈ ਜ਼ਰੂਰੀ ਸੀ।"

ਕੂਕਾਜ਼।

ਬਰਤਾਨਵੀਂ ਸਰਕਾਰ ਦਾ ਰਿਕਾਰਡ ਉੱਤੇ ਦਿੱਤੇ 22 ਸੂਬਿਆਂ ਤੋਂ ਇਲਾਵਾ 12 ਹੋਰ ਸੂਬਿਆਂ ਦਾ ਵੀ ਹਵਾਲਾ ਦੇਂਦਾ ਹੈ, ਪਰ ਇੰਜ ਲਗਦਾ ਹੈ ਕਿ ਹਾਕਮਾਂ ਨੇ ਹਰ ਸਰਗਰਮ ਜੱਥੇਦਾਰ ਅਤੇ ਪ੍ਰਚਾਰਕ ਨੂੰ ਹੀ ਸੂਬਾ ਸਮਝਿਆ। ਲਗਭਗ ਸਵਾ ਸਦੀ ਪੁਰਾਣਾ ਨਾਮਧਾਰੀ ਇਤਿਹਾਸ ਸਿੱਧਾ ਹੀ ਸੁਣ ਕੇ, ਸਮਝ ਕੇ, ਸਰਕਾਰੀ ਰਿਕਾਰਡ ਵੇਖਕੇ ਕਮਲਬੰਦ ਕੀਤਾ ਜਾ ਰਿਹਾ ਹੈ। ਸੋ ਸਰਕਾਰ ਦੀ ਜਾਣਕਾਰੀ ਨਾਲੋਂ ਗੁਰੂ ਘਰ ਦੀ ਇਹ ਜਾਣਕਾਰੀ ਵਧ ਭਰੋਸੇਯੋਗ ਹੈ।

# ਸਹਾਇਕ ਪੁਸਤਕਾਂ ਤੇ ਪੱਤ੍ਰਿਕਾਵਾਂ


1. ਸ੍ਰੀ ਆਦਿ ਗ੍ਰੰਥ ਸਾਹਿਬ — ਗੁਰੂ ਆਰਜਨ
2. ਸ੍ਰੀ ਦਸਮ ਗ੍ਰੰਥ — ਗੁਰੂ ਗ ਬਿੰਦ
3. ਹੁਕਮਨਾਮੇ — ਸਤਿਗੁਰੂ ਰਾਮ
4. ਗ੍ਰੰਥ ਗੁਰੂ ਵਿਚਾਰ — ਮਹਾਰਾਜ ਬੀਰ
5. ਮਹਾਨ ਕੋਸ਼ — ਕਾਨ੍ਹ
6. ਤਾਰੀਖ਼-ਇ-ਪੰਜਾਬ — ਕਨ੍ਹਈਆ
7. ਜੰਗਨਾਮਾ ਸਿੰਘਾਂ ਤੇ ਫ਼ਿਰੰਗੀਆਂ — ਸ਼ਾਹ ਮੁ
8. ਪੰਥ ਪ੍ਰਕਾਸ਼ — ਗਿਆਨੀ ਗਿਆਨ
9. ਜੁਗ ਪਲਟਾਊ ਸਤਿਗੁਰੂ — ਨਿਧਾਨ ਸਿੰਘ ਅ
10. ਸਤਿਗੁਰੂ ਬਿਲਾਸ — ਸੰਤ ਸੰਤੋਖ ਸਿੰਘ ਸਾ
11. ਸ੍ਰੀ ਸਤਿਗੁਰੂ ਬਿਲਾਸ — ਸੰਤ ਧਿਆਨ ਸਿੰਘ ਮਿੰਟ
12. ਨਾਮਧਾਰੀ ਸਿੰਘਾਂ ਦਾ ਪੰਥ ਪ੍ਰਕਾਸ਼ — ਗਿਆਨੀ ਕਾਹਲਾ
13. ਕੂਕੇ ਸਿਖ ਤੇ ਅੰਗਰੇਜ਼ ਰਾਜ — ਗਿਆਨੀ ਕਾਹਲਾ
14. ਸੰਤ ਖਾਲਸਾ ਅਰਥਾਤ ਤਵਾਰੀਖ ਨਾਮਧਾਰੀ — ਸੰਤ ਹਰਨਾਮ
15. ਸਿਖ ਇਤਿਹਾਸ ਤੇ ਕੂਕੇ-ਤੁਲਨਾਤਮਕ ਅਧਿਐਨ — ਅਮਰ ਭ
16. ਸਤਿਗੁਰ ਤਿਸ ਕਾ ਨਾਉਂ — ਅਮਰ ਭ
17. ਨਾਮਧਾਰੀ ਇਤਿਹਾਸ — ਨਾਹਰ
18. ਨਾਮਧਾਰੀ ਇਤਿਹਾਸ-ਹਿੱਸਾ ਪਹਿਲਾ — ਸੰਤ ਇਦਰ ਸਿੰਘ ਚਕ੍ਰ
19. ਮਾਲਵੇਂਦਰ — ਸੰਤ ਇੰਦਰ ਸਿੰਘ ਚਕ੍ਰ
20. ਕੂਕਿਆਂ ਬਾਰੇ — ਸੰਤ ਇੰਦਰ ਸਿੰਘ ਚਕ੍ਰ
21. ਆਜ਼ਾਦੀ ਦੀ ਲਹਿਰ ਤੇ ਨਾਮਧਾਰੀ ਦੇਵੀਆਂ — ਬਿਸ਼ਨ ਸਿੰਘ ਹਿਸਟੋਰ
22. ਬਾਗ਼ੀ ਕੂਕਾ — ਬਿਸ਼ਨ ਸਿੰਘ ਹਿਸਟੋਰ
23. ਸੀਤਲਤਾ ਦਾ ਸ੍ਰੋਤ — ਨਿਹਾਲ

24. ਸਪਤ ਸ੍ਰਿੰਗ ਕਪੂਰ ਸਿੰਘ
25 ਬਾਬਾ ਰਾਮ ਸਿੰਘ ਨਾਮਧਾਰੀ ਜਸਵੰਤ ਸਿੰਘ ਜੱਸ
26. ਦੇਸ਼ ਭਗਤ ਬਾਬੇ ਜਸਵੰਤ ਸਿੰਘ ਜੱਸ
27. ਕੂਕਿਆਂ ਦੀ ਵਿਥਿਆ ਡਾ: ਗੰਡਾ ਸਿੰਘ
28. ਭਾਈ ਜੋਧ ਸਿੰਘ ਅਭਿਨੰਦਨ ਗ੍ਰੰਥ-ਪੰਜਾਬ ਡਾ: ਗੰਡਾ ਸਿੰਘ
29. ਦੁੱਖ ਸੋਹਨ ਸਿੰਘ ਭਕਨਾ
30. ਸੰਖੇਪ ਸਿੱਖ ਇਤਿਹਾਸ ਪਿਆਰਾ ਸਿੰਘ ਪਦਮ
31. ਪੰਜਾਬ ਦੀਆਂ ਲਹਿਰਾਂ ਸ਼ਮਸ਼ੇਰ ਸਿੰਘ ਅਸ਼ੋਕ
32. ਭਾਰਤੀ ਆਜ਼ਾਦੀ ਦਾ ਅੰਦੋਲਨ ਗੁਰਚਰਨ ਸਿੰਘ ਬਹਾੜਾ
33. ਸਿਖ ਇਤਿਹਾਸ-ਭਾਗ ਦੂਜਾ ਕਰਤਾਰ ਸਿੰਘ

1. Encyclopaedia Britannica vol. VII & VIII.
2. A History of the Sikhs - J.D. Cunninghum
3. History of the Punjab -Syed Mohammad Latif
4. Guru Ram Singh & Kuka Sikhs vol. I, II & III
Government documents compiled by Nahar Singh.
5. Kukas-The Freedom Fighters of the Punjab
-M.M. Ahluwalia
6. Kuka Movement -Dr. Fauja Singh
7. A History of Sikhs vol. I & II -Khushwant Singh
8. History of Freedom movement in India -R.C. Majumdar
9. A History of Sikh People -Dr. Gopal Singh
10. Armed Struggle for Freedom movement -S.S. Apte
11. Heritage of the Sikhs -Harbans Singh
12. Advanced study in the History of India vol II -G.S. Chhabra
13. An advance book of religious studies -G.S. Talib
14. Eminent Freedom Fighters of Punjab -Dr. Fauja Singh
15. Who is who Punjab Freedom Fighter -Dr. Fauja Singh
16. Kuka Movement -Jaswinder Singh
-Freedom Struggle in Punjab
17. Kuka of Note in the Punjab -Jaswinder Singh

1. सिख इतिहास —देश राज ठाकुर

2. श्री भैणी साहिब —प्रीतम सिंह कवि

3. गुरू राम सिंह और कूका विद्रोह —राम सरण विद्यार्थी

## ਅਖ਼ਬਾਰ ਰਸਾਲੇ

| | |
|---|---|
| ਸਤਿਜੁਗ ਦੇ ਅੰਕ | 22 ਮਾਘ ਸੰਮਤ 1986 |
| | 29 ਮਾਘ ਸੰਮਤ 1988 |
| | 8 ਮਾਘ ਸੰਮਤ 2009 |
| | 27 ਫਗਣ ਸੰਮਤ 2022 |
| | 25 ਭਾਦਰ ਸੰਮਤ 2022 |
| ਵਰਿਆਮ | ਸਤਿਗੁਰੂ ਜਗਜੀਤ ਸਿੰਘ ਅੰਕ |